# ੴ ☬ ਸਤਿਗੁਰ ਪ੍ਰਸਾਦਿ ॥

## ਬਿੱਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ (ਦਸਵਾਂ ਭਾਗ)

## (Part 3)

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਵੱਟੀ ਤੇ ਸ੍ਰੀ ਦਸਮ ਗ੍ਰੰਥ ਜੀ

## ਅੱਡਰੀ ਪੁਸਤਕ ਲਿਖਣ ਦੀ ਲੋੜ ਦਾ ਪਿਛੋਕੜ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ--ਦਸਾਂ ਸਤਿਗੁਰਾਂ ਦੀ ਜੋਤਿ* ਦੇ ਮਾਲਕ--ਕਹਿਣ ਤੋਂ ਕੀ, ਸਾਡਾ ਭਾਵ ਇਹ ਹੈ ਕਿ, ਦਸਾਂ ਸਤਿਗੁਰਾਂ ਦੀਆਂ ਦਸੇ ਜੋਤਾਂ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਹਨ ? ਪਰ ਸਾਡਾ ਗੁਰਮਤਿ ਵਿਸ਼ਵਾਸ਼ ਤਾਂ ਇਹ ਹੈ ਕਿ, ਬਾਕੀ ੯ ਗੁਰੂ ਸਾਹਿਬਾਨ ਦੇ ਸਰੀਰ ਹੀ ਕੇਵਲ ਅੱਡ ਅੱਡ ਸਨ, ਜੋਤਿ ਅਤੇ ਜੁਗਤਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਹੀ ਵਿਚਰਦੀ ਆ ਰਹੀ ਸੀ--**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ** ॥[੯੬੬] ਦਾਸ ਦੇ ਵਿਚਾਰ ਅਨੁਸਾਰ **ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ** ਕਹਿਣ ਦੀ ਥਾਂ--ʺ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ **ਸਦੀਵੀ ਪ੍ਰਕਾਸ਼-ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ** ਕਹਿਣਾ ਸਚਾਈ ਦੇ ਬਹੁਤਾ ਨੇੜੇ ਹੈ। ਭਾਵੇਂ **ਅਸੀਂ ਆਪਣੇ ਮਨ ਦੀਆਂ ਸਹਸ ਸਿਆਣਪਾਂ** ਦੇ ਆਸਰੇ ਸਿੱਧ ਕਰ ਲਈਏ ਕਿ, ਅਰਦਾਸ ਵਿਚ ਕੇਵਲ ਇੱਕ ਜੋਤਿ ਦੀ ਹੀ ਗੱਲ ਕੀਤੀ ਜਾ ਰਹੀ ਹੁੰਦੀ ਹੈ ʺ- ਪਰ, ਇਸ ਅਸਲੀਅਤ ਤੋਂ ਪੂਰੀ ਤਰ੍ਹਾਂ ਮੁੱਕਰਿਆ ਨਹੀਂ ਜਾ ਸਕਦਾ ਕਿ ਪੰਥਕ ਅਰਦਾਸ ਵਿਚ ਨੌ ਗੁਰੂ ਸਾਹਿਬਾਨ ਦਾ ਅੱਡ ਅੱਡ ਜ਼ਿਕਰ ਕਰਨ ਉਪ੍ਰੰਤ--**ਸਭ ਥਾਈ ਹੋਇ ਸਹਾਇ** । ਕਹਿ ਕੇ ਫਿਰ-ʺ ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ! **ਸਭ ਥਾਈਂ ਹੋਇ ਸਹਾਇ**। ਅਤੇ ਇਸ ਤੋਂ ਅੱਗੇ-- **ਦਸਾਂ ਪਾਤਸ਼ਾਹੀਆਂ ਦੀ ਜੋਤ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀਦਾਰ--ਦੀ ਨਿਖੇੜਵੀ ਗੱਲ** - ਕਹਿਣ ਨਾਲ, ਅਸੀਂ ਅਛੋਪਲੇ ਹੀ ਏਕਤਾ ਤੋਂ ਅਨੇਕਤਾ ਦੇ ਪੁਜਾਰੀ ਬਣਨ ਦੀ ਰੁਚੀ ਕਬੂਲ ਕਰ ਰਹੇ ਹੁੰਦੇ ਹਾਂ।

[* **Foot note:--ਪੁਸਤਕ ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ** ʺ ਦੇ ਸਤਵੇਂ ਭਾਗ ਦੇ ਸਤਵੇਂ ਕਾਂਡ ਵਿਚ ਜੀਵ ਆਤਮਾ ਅਥਵਾ ਜਤਿ ਦੇ ਕਈ ਰੂਪਾਂ ਬਾਰੇ ਗੁਰਮਤਿ ਵਿਚਾਰ ਲਿਖੇ ਹੋਏ ਹਨ- ਜਿਵੇ:-- (੧) **ਸਭ ਮਹਿ ਜੋਤਿ ਜੋਤਿ ਹੈ ਸੋਇ** ।।[੬੬੩] (੨) **ਪਰਮ ਜੋਤਿ ਪਰਖੋਤਮੋ ਜਾ ਕੇ ਰੇਖ ਨ ਰੂਪ** ॥ [੮੫੭] (੩) **ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ ॥[੬੩੮] (੪) ਮੈ ਅੰਧੁਲੇ ਨਾਵੈ ਕੀ ਜੋਤਿ ॥[੧੨੭੫] (੫) ਜਜੈ ਜੋਤਿ ਹਿਰਿ ਲਈ ਤੇਰੀ, ਅੰਤਿ ਗਇਆ ਪਛੁਤਾਵਹਿਗਾ** ॥[੪੩੪] (੬) **ਦਾਤ ਜੋਤਿ ਸਭ ਸੂਰਤਿ ਤੇਰੀ** ॥ [੧੨੫੧] (੭) **ਨਾਨਕ ਏਕੁ ਜੋਤਿ ਦੋਇ ਮੂਰਤੀ ਸਬਦਿ ਮਿਲਾਵਾ ਹੋਇ** ॥ [੩੦] (੮) **ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ** ॥[੬੫੫] (੯) **ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ** ॥ [੧੧੯੯] (੧੦) **ਤਤ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ** ॥ [੫੯੯] ਅੱਡ ਅੱਡ ੧੧ ਲੇਖਾਂ ਵਿਚ ਗੁਰਬਾਣੀ ਦੇ ੬੫ ਪਰਮਾਣਾ ਦੇ ਅਧਾਰ ਤੇ ਬੜੀ ਖੋਹਲ ਕੇ ਗੁਰਮਤਿ ਵਿਚਾਰ ਅੰਕਿਤ ਹੈ]

ਇਤਿਹਾਸਕ ਸਚਾਈ ਹੈ ਕਿ, ਹਿੰਦੂ ਧਰਮ ਦੀ ਰਸਮ ਅਨੁਸਾਰ, ਜਦ ਬੇਦੀ ਕੁਲ ਦਾ ਪ੍ਰੋਹਿਤ, ਕਰੀਬ ੯ ਸਾਲ ਦੀ ਉਮਰ ਦੇ ਗੁਰੂ ਨਾਨਕ ਸਾਹਿਬ ਜੀ ਦੇ ਗਲ ਵਿਚ, ਜਨੇਊ ਪਾਉਣ ਲੱਗਾ ਸੀ ਤਾਂ ਸਤਿਗੁਰਾਂ ਨੇ,-- ਹੋਇ **ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥ ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥੨॥**{੪੭੧} ਪੁਰਾਣਾ ਹੋ ਕੇ ਟੁੱਟ ਜਾਣ ਵਾਲੇ ਸੂਤਰ ਦੇ ਜਨੇਊ ਦੀ ਥਾਂ ਪਾਂਡੇ ਕੋਲੋਂ ਸਦਾ ਹੀ ਮਨੁੱਖ ਦੇ ਨਾਲ ਨਿਭਨ ਵਾਲੇ ਸੱਚੇ ਜਨੇਊ ਦੀ ਮੰਗ ਕਰਦਿਆਂ ਜਦ ਇਉਂ ਫ਼ੁਰਮਾਨ ਕੀਤਾ--

੧- **ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥ ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥ ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥੧॥** {੩੭੧}-ਵਾਰ-੨

ਇਹ ਗੁਰੂ ਫ਼ੁਰਮਾਨ ਸੁਣਦੇ ਸਾਰ, ਹਜ਼ਾਰਾਂ ਸਾਲਾਂ ਤੋਂ ਹਿੰਦੂ ਜਗਤ ਦੇ ਗੁਰੂ (**ਕਬੀਰ ਬਾਮਨੁ ਗੁਰੂ ਹੈ ਜਗਤ ਕਾ** .....) [੧੩੭੭] ਬਣੀ ਬੈਠੇ ਪ੍ਰੋਹਿਤ ਨੂੰ, ਆਪਣੇ ਹੇਠੋਂ ਗੁਰਿਆਈ ਦੀ ਗੱਦੀ ਸਰਕਦੀ ਅਨੁਭਵ ਹੋਈ। ਸਾਰਾ ਬ੍ਰਾਹਮਣ ਵਰਗ ਗੁਰੂ ਨਾਨਕ ਸਾਹਿਬ ਜੀ ਦੇ ਗਿਆਨ ਦਾ ਕੱਟੜ ਵਿਰੋਧੀ ਬਣ ਖਲੋਤਾ। ਕੇਵਲ ਇੱਕ ਅਕਾਲ ਦੇ ਉਪਾਸ਼ਕ ਬਣ ਰਹੇ ਸਤਿਗੁਰੂ ਜੀ ਦੇ ਖ਼ਾਲਸਾ ਜੀ ਨੂੰ ਮੁੜ ਅਨੇਕਤਾ ਦਾ ਪੁਜਾਰੀ ਬਨਾਉਣ ਲਈ, ਬ੍ਰਾਹਮਣ, ਕਈ ਪ੍ਰਕਾਰ ਦੀਆਂ ਵਿਉਂਤਾ ਬਨਾਉਣ ਲੱਗ ਪਿਆ ਸੀ (=ਪੁਸਤਕ ਦੇ ਪਿਛਲੇ ਭਾਗਾਂ ਵਿਚ ਪ੍ਰੋਹਿਤਵਾਦੀ ਉਨ੍ਹਾਂ ਕੁਟਲ ਯੋਜਨਾਵਾਂ ਦਾ ਜ਼ਿਕਰ ਨਾਲੋ ਨਾਲ ਕੀਤਾ ਜਾਂਦਾ ਰਿਹਾ ਹੈ) ਸੰਨ-੧੭੦੮ ਵਿਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਸੌਂਪ ਕੇ ਦਸ਼ਮੇਸ਼ ਜੀ ਨਿਜ-ਧਾਮ ਨੂੰ ਪਿਆਣਾ ਕਰ ਗਏ। ਖ਼ਾਲਸਾ ਜੀ ਨੂੰ ਜਾਨ-ਲੇਵਾ, ਬੜੇ ਭਇਨਕ ਖ਼ਤਰਿਆਂ ਦਾ ਟਾਕਰਾ ਕਰਦਿਆਂ ਪਹਾੜਾਂ, ਜੰਗਲਾਂ ਮਰੂ ਥਲਾਂ ਵਿਚ ਰਹਿਣਾ ਪਿਆ। ਸਮਾਂ ਤਾੜ ਕੇ ਉਦਾਸੀ-ਨਿਰਮਲੇ- ਸੰਪ੍ਰਦਾਈ- ਡੇਰੇਦਾਰ-ਮਹੰਤ-ਰੂਪ **ਪ੍ਰੋਹਿਤ** ਸਾਡੇ ਧਰਮ ਅਸਥਾਨਾ ਦਾ ਸੰਚਾਲਕ ਅਥਵਾ ਸਾਡਾ **ਧਾਰਮਿਕ ਆਗੂ** ਆ ਬਣਿਆਂ, ਜਿਸ ਨੇ ਆਉਂਦਿਆਂ ਹੀ ਇਹ ਮਸ਼ਹੂਰ ਕਰੀ ਜਾਣ ਵਿਚ ਜ਼ਰਾ ਢਿੱਲ ਨਹੀਂ ਸੀ ਲਾਈ ਕਿ ਜੇ ਉਹ ਖ਼ਾਲਸਾ ਜੀ ਦੇ ਧਰਮ ਅਸਥਾਨਾ

ਦੀ ਸੰਭਾਲ ਕਰਕੇ ਸਿੱਖੀ ਦਾ ਪਰਚਾਰ ਨਾ ਕਰੀ ਰੱਖਦੇ ਤਾਂ ਸਤਿਗੁਰਾਂ ਦੀ ਸਿੱਖੀ ਖ਼ਤਮ ਹੋ ਜਾਣੀ ਸੀ। ਆਪੇ ਆ ਬਣਿਆ ਇਹ ਕੁਟਲ ਧਰਮ-ਆਗੂ, ਫਿਰ, ਨਿਝੱਕ ਹੋ ਕੇ ਖ਼ਾਲਸਾ ਪੰਥ ਵਿਚ ਅਜੇਹੀ ਮਰਯਾਦਾ ਨੂੰ ਗੁਰਮਤਿ-ਮਰਯਾਦਾ ਬਣਾਉਂਦਾ ਗਿਆ ਜਿਸ ਤੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਪ੍ਰਤੀ ਬਣਿਆਂ ਅਟੱਲ ਵਿਸ਼ਵਾਸ਼ ਢਿੱਲਾ ਪੈਣ ਦੇ ਨਾਲ ਸਾਡੇ ਅੰਦਰ ਅਨੇਕਤਾ ਦੀ ਪੂਜਾ ਦੇ ਸੰਸਕਾਰ ਮੁੜ ਸੁਰਜੀਤ ਹੁੰਦੇ ਗਏ। (ਸ੍ਰੀ ਦਰਬਾਰ ਸਾਹਿਬ ਜੀ ਦੀਆਂ ਪ੍ਰਕਰਮਾਂ ਤੋਂ ਅਰੰਭ ਹੋ ਕੇ ਕਈ ਗੁਰੂ ਦੁਆਰਿਆਂ ਵਿਚ ਮੂਰਤੀਆਂ ਦੀ ਪੂਜਾ ਹੁੰਦੀ ਰਹੀ ?--ਹਰਿਮੰਦਰ ਸਾਹਿਬ ਵਿਚ ਰੁਖ ਦੀ, ਜਲ ਦੀ ਅਥਵਾ ਪੱਥਰ ਦੀ ਪੂਜਾ ਹੁੰਦੀ ਅੱਜ ਵੀ ਵੇਖੀ ਜਾ ਸਕਦੀ ਹੈ)

ਅਸੀਂ ਕਈ ਤਰ੍ਹਾਂ ਦੇ ਤਸੀਹੇ ਝੱਲਦਿਆਂ ਕਈ ਕੁਰਬਾਨੀਆਂ ਦਿੱਤੀਆਂ, ਸਿਆਸੀ ਪੈਂਤੜੇ ਬਾਜ਼ੀ ਵਾਲੇ ਵੀ ਬਥੇਰੇ ਪਾਪੜ ਵੇਲੇ, ਪਰ ਜਿਸ ਪ੍ਰੋਹਿਤ ਜੀ ਨੇ ਸਾਨੂੰ ਮੁੜ ਮੰਦਰਾਂ ਵਿਚ ਹੀ ਟੱਲ ਖੜਕਾਉਂਦੇ ਵੇਖਣ ਦੀ ਉਡੀਕ ਲਾਈ ਹੋਈ ਹੈ ਉਹ ਭਲਾ ਸਾਨੂੰ ਤੀਜੀ ਕੌਮ ਮੰਨਣ ਲਈ ਤਿਆਰ ਕਿਵੇਂ ਹੋ ਸਕਦਾ ਸੀ? ਸਾਡੇ ਹੀ ਧਰਮ ਅਸਥਾਨਾਂ ਵਿਚ ਬੈਠ ਕੇ ਸਾਡੀ ਨਿਆਰੀ ਆਭਾ ਨੂੰ ਨਸ਼ਟ ਕਰਨ ਦੇ ਮਨਸੂਬੇ ਘੜਦੇ ਰਹਿਣ ਵਾਲੇ, (ਨਿਰਮਲੇ, ਉਦਾਸੀ, ਮਹੰਤ ਆਦਿ ਭੇਖਾਂ ਵਾਲੇ ਸਿੱਖੀ ਦੇ ਕਥਿਤ ਪਰਚਾਰਕ ਅਤੇ ਸਾਧ-ਭੇਖਾਂ ਵਾਲੇ ਡੇਰੇਦਾਰ-ਰੂਪ) ਇਸ ਬਹੁਰੂਪੀਏ ਪ੍ਰੋਹਿਤ ਨੂੰ ਅਸੀਂ ਸਿੱਖੀ ਦਾ ਸੱਚਾ ਪਰਚਾਰਕ ਆਪਣਾ ਅੰਗ ਮੰਨ ਬੈਠੇ। ਪ੍ਰੋਹਿਤ-ਵਾਦੀ ਪਰਚਾਰ ਵਿਧੀ ਦੀ ਹੀ ਕਰਾਮਾਤ ਹੈ ਕਿ, ਅਸੀਂ ਇਸ ਸਚਾਈ ਨੂੰ ਲਗ ਪਗ ਭੁੱਲ ਹੀ ਗਏ ਹਾਂ ਕਿ, ਖ਼ਾਲਸਾ ਪੰਥ ਦੀ ਰੂਪਰੇਖਾ ਤਿਆਰ ਕਰ ਕੇ, ਇਸ ਦੀ ਸਿਰਜਣਾ ਦਾ ਅਰੰਭ ਕਰਨਾ, **ਸਤਿਗੁਰੂ ਨਾਨਕ ਸਾਹਿਬ ਜੀ ਦੀ ਹੀ ਕਰਾਮਾਤ ਹੈ**। ਅੱਜ ਅਸੀਂ ਭਾਈ ਗੁਰਦਾਸ ਜੀ ਦੇ ਇਨ੍ਹਾਂ ਬਚਨਾਂ ਨੂੰ---**ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ**--ਸੁਣਨਾ ਵੀ ਸ਼ਾਇਦ ਪਸੰਦ ਨਾ ਕਰਦੇ ਹੋਈਏ ? ਹਾਏ ! ਜੇ ਕਿਤੇ ਅਸਾਂ ਭਾਈ ਗੁਰਦਾਸ ਜੀ ਦੀ ਇਹ ਸੱਚੀ ਗੱਲ ਸੁਣ ਲਈ ਤਾਂ ਖ਼ਾਲਸਾ ਜੀ ਦੇ ੧੬੯੯ ਦੀ ਵੈਸਾਖੀ ਵਾਲੇ **ਜਨਮ ਦਿਨ ਦਾ** ਕੀ ਬਣੇਗਾ ? ਹੁਣ ਤਾਂ ਸਚੁ ਵਲੋਂ ਅੱਖੀਆਂ ਮੀਟੀ ਰੱਖਣ ਵਿਚ ਹੀ ਭਲਾਈ ਹੈ। ਭਾਵੇਂ ਉਨ੍ਹਾਂ ਰੱਸਿਆਂ ਦਾ ਪਤਾ ਲੱਗ਼ ਵੀ ਜਾਵੇ ਜਿਹੜੇ ਸਾਡੇ ਬੇੜੇ ਨੂੰ ਮੰਜਧਾਰ ਵਿਚ ਬੰਨ੍ਹੀ ਖਲੋਤੇ ਹਨ, ਫਿਰ ਵੀ ਅੱਜ ਉਨ੍ਹਾਂ (ਰੱਸਿਆਂ) ਨੂੰ ਵੱਢ ਕੇ ਪਰ੍ਹਾਂ ਵਗਾਹ ਮਾਰਨ ਨਾਲੋਂ ਮੰਜਧਾਰ ਵਿਚ ਡੁੱਬ ਮਰਨਾ ਹੀ ਸਾਡੇ ਲਈ **.......?** ਅੱਜ (ਸੰਨ ੧੯੯੮-੯੯) ਵਿਚ SGPC ਦੇ ਪ੍ਰਧਾਨ ਸਾਹਿਬ ਸ੍ਰੀ ਗੁਰਚਰਨ ਸਿੰਘ ਜੀ ਟੋਹੜਾ ਅਤੇ ਉਨ੍ਹਾਂ ਦੇ ਥਾਪੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਰਣਜੀਤ ਸਿੰਘ ਜੀ--ਅਥਵਾ ਸ੍ਰੀ ਪ੍ਰਕਾਸ਼ ਸਿੰਘ ਬਾਦਲ ਦੀ (ਚੀਫ਼ ਮਿਨਿਸਟਰੀ ਅਤੇ ਸ੍ਰੋਮਣੀ ਅਕਾਲੀ ਦਲ ਦੀ) ਜਥੇਦਾਰੀ ਵਿਚ ਇਉਂ ਅਨੁਭਵ ਹੋਣ ਲੱਗ ਪਿਆ ਹੈ ਕਿ ਅਸੀਂ ਸਾਰਾ ਸਾਹ-ਸਤ ਗੁਆ ਕੇ ਆਪਣੀ ਸ਼ਕਲ ਸੂਰਤ ਗੁਆਉਣ ਵਾਲੇ ਰਸਤੇ ਪੈ ਜਾਣ ਵਿਚ ਪੰਥ ਦੀ ਭਲਾਈ ਮੰਨਣ ਲੱਗ ਪਏ ਹਾਂ। (ਪੜ੍ਹੋ--ਇਸ ਪੁਸਤਕ ਦੇ ਨੌਵੇਂ ਭਾਗ ਦਾ ਛੇਵਾ ਕਾਂਡ--**ਚਿੱਠੀਆਂ**--)

**ਭਾਵੇਂ ਇਸ** ਸਚਾਈ ਨੂੰ ਕਿਸੇ ਵੀ ਦਲੀਲ ਨਾਲ ਝੁਠਲਾਇਆ ਨਹੀਂ ਜਾ ਸਕਦਾ ਕਿ ਗੁਰੂ ਨਾਨਕ ਸਾਹਿਬ ਜੀ ਦੇ ਦਸਾਂ ਸਰੂਪਾਂ ਦੀ ਘਾਲਣਾ ਦਾ ਸਦਕਾ ਹੀ, **ਉਸ** ਪੂਰਨ ਮਨੁੱਖ ਸੰਤ-ਸੂਰਮੇ ਦੀ ਸਿਰਜਨਾ ਸੰਭਵ ਹੋ ਸਕੀ ਸੀ, **ਜਿਸ ਸੰਤ-ਸੂਰਮੇ ਖ਼ਾਲਸੇ ਨੂੰ** ਸੰਬੋਧਨ ਕਰਕੇ ਦਸਮ ਗੁਰੂ ਨਾਨਕ ਸਾਹਿਬ ਸ੍ਰੀ ਦਸ਼ਮੇਸ਼ ਜੀ ਨੇ **ਸੱਜਣ ਸੂਰਾ--ਇਸ਼ਟ ਸੁਹਿਰਦ-ਸਤਿਗੁਰ ਪੂਰਾ**, ਫ਼ੁਰਮਾਨ ਕੀਤਾ ਸੀ। ਫਿਰ ਵੀ ਅਸੀ ਖ਼ਾਲਸਾ ਪੰਥ ਦਾ ਜਨਮ ੧੬੯੯ ਵਾਲੀ ਬਿਸਾਖੀ ਨੂੰ ਅਤੇ ਖ਼ਾਲਸਾ ਪੰਥ ਦੇ ਜਨਮ ਦਾਤਾ ਕੇਵਲ ਦਸ਼ਮੇਸ਼ ਜੀ ਨੂੰ ਹੀ ਸਿੱਧ ਕਰਨ ਲਈ ਟਿੱਲ ਲਾਈ ਤੁਰੇ ਜਾਣਾ ਹੈ। ਜਦ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਸਥਾਪਤ ਕੀਤੇ ਪਿਤਾ ਪੁੱਤਰ ਵਾਲੇ ਨਾਤੇ ਦੀ ਪਛਾਣ ਹੀ ਭੁੱਲ ਚੁੱਕੇ ਹਾਂ ਤਾਂ ਅਸੀਂ ਭਾਈ ਗੁਰਦਾਸ (ਜੀ) ਦੇ ਬਚਨਾਂ ਨੂੰ--ਅਥਵਾ ਇਸ ਪੁਸਤਕ ਦੇ (ਪੰਜਵੇ ਭਾਗ ਦੇ ਦੂਜੇ ਕਾਂਡ ਦੇ ਅੱਠਵੇਂ) ਲੇਖ--**ਜਨਮਿਆ ਕਿ ਪ੍ਰਗਟਿਆ ?** ਨੂੰ ਕੀ ਜਾਣੀਏ?

ਆਉ ਸੁਹਿਰਦਤਾ ਨਾਲ ਵਿਚਾਰ ਕੇ ਨਿਰਣਾ ਕਰੀਏ--ਕੀ ਭਲਾ, ਸਾਨੂੰ ਆਪਣੇ ਸਤਿਗੁਰਾਂ ਨਾਲ ਕਰੀਬ ੨੦੦ ਸਾਲ ਪਹਿਲਾਂ ਤੋਂ ਬਣ ਚੁੱਕੇ ਇਸ ਰਿਸ਼ਤੇ ਦਾ ਕਦੇ ਚੇਤਾ ਵੀ ਆਇਆ ?-- (੧) **ਜਨ ਨਾਨਕ ਕੇ ਗੁਰਸਿਖ ਪੁਤਹਹੁ ਹਰਿ ਜਪਿਅਹੁ ਹਰਿ ਨਿਸਤਾਰਿਆ ॥ ੨ ॥** [੩੧੨]-ਵਾ-੨੦ (੨) **ਪਿਤਾ ਜਾਤਿ ਤਾ ਹੋਈਐ, ਗੁਰੁ ਤੁਠਾ ਕਰੇ ਪਸਾਉ ॥** [੮੨] (੩) **ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ਖਾਇ ਜੀਵਹੁ ਸਿਖ ਪਰਵਾਰ ॥ ੧ ॥** [੬੧੮] **(੪) ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ ॥ ੨ ॥** [੧੩੧੦] (੫) **ਸਿਰ ਊਪਰਿ ਮਾਤ ਪਿਤਾ ਗੁਰਦੇਵ ॥ ਸਫਲ ਮੂਰਤਿ ਜਾ ਕੀ ਨਿਰਮਲ ਸੇਵ ॥** [੬੭੭] ਅਤੇ ਫਿਰ ਆਪਣੇ ਗੁਰਸਿਖ ਸਪੁੱਤਰਾਂ ਲਈ ਸਤਿਗੁਰਾਂ ਦੀਆਂ ਡੂੰਘੀਆਂ ਸੱਧਰਾਂ ਭਰਪੂਰ ਇਸ ਫ਼ੁਰਮਾਨ ਤੋਂ ਕੀ ਸਾਡੇ ਹਿਰਦੇ ਕਦੇ ਦਰੱਵੇ ਹਨ ? ਕੀ, ਸਾਡੇ ਹਿਰਦਿਆਂ ਵਿਚ ਕਦੇ ਆਪਣੇ ਗੁਰਦੇਵ ਪਿਤਾ ਜੀ ਲਈ ਆਪਣੇ ਸਕੇ ਗੁਰੂ-ਪਿਤਾ ਵਾਲਾ ਸਨੇਹ ਜਾਗਿਆ ?--

੨- **ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ॥ ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ ॥ ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ ॥੧॥ ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥ ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥੧॥ ਰਹਾਉ ॥ ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ ॥ ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ ॥ ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ ਗੁਰੁ ਸਿਖ ਰਖੈ ਜੀਅ ਨਾਲੀ ॥੨॥** {੧੬੮} -੭-੧੩-੫੧

**ਅਰਥ**:--ਜਿਵੇਂ ਮਾਂ ਪੁੱਤਰ ਨੂੰ ਜਨਮ ਦੇ ਕੇ ਉਸ ਨੂੰ ਆਪਣੀ ਨਜ਼ਰ ਹੇਠ ਰੱਖਦੀ ਹੈ ਤੇ ਪਾਲਦੀ ਹੈ (ਘਰ ਵਿਚ) ਅੰਦਰ ਬਾਹਰ ਕੰਮ ਕਰਦੀ ਹੋਈ ਖਿਨ ਖਿਨ ਪਿਆਰ ਕਰ ਕੇ ਉਸ ਪੁੱਤਰ ਦੇ ਮੂੰਹ ਵਿਚ ਗਿਰਾਹੀ ਦਿੰਦੀ ਰਹਿੰਦੀ ਹੈ । ਏਸੇ ਤਰ੍ਹਾਂ ਸਤਿਗੁਰੂ ਸਿੱਖਾਂ ਨੂੰ ਪਰਮਾਤਮਾ ਦੀ ਪ੍ਰੀਤਿ (ਦੀ ਆਤਮਕ ਖ਼ੁਰਾਕ) ਦੇ ਕੇ ਪਿਆਰ ਨਾਲ ਸੰਭਾਲਦਾ ਹੈ । ੧ । ਹੇ ਮੇਰੇ ਰਾਮ ! ਹੇ ਵਾਹਿਗੁਰੂ ਜੀ ! ਅਸੀਂ ਤੇਰੇ ਅੰਞਾਣ ਬੱਚੇ ਹਾਂ । ਸ਼ਾਬਾਸ਼ੇ ਉਪਦੇਸ਼ ਦਾਤੇ ਗੁਰੂ ਸਤਿਗੁਰੂ ਨੂੰ, ਜਿਸ ਨੇ ਹਰਿ-ਨਾਮ ਦਾ ਉਪਦੇਸ਼ ਦੇ ਕੇ ਸਾਨੂੰ ਸਿਆਣੇ ਬਣਾ ਦਿੱਤਾ ਹੈ । ੧ । ਰਹਾਉ । ਜਿਵੇਂ ਚਿੱਟੇ ਖੰਭਾਂ ਵਾਲੀ (ਕੂੰਜ)

ਆਸਮਾਨ ਵਿਚ ਉੱਡਦੀ ਫਿਰਦੀ ਹੈ, ਪਰ ਉਹ ਪਿੱਛੇ ਰਹੇ ਹੋਏ ਆਪਣੇ ਨਿੱਕੇ ਨਿੱਕੇ ਬੱਚਿਆਂ ਵਿਚ ਆਪਣਾ ਚਿੱਤ ਰੱਖਦੀ ਹੈ, ਸਦਾ ਉਨ੍ਹਾਂ ਨੂੰ ਆਪਣੇ ਹਿਰਦੇ ਵਿਚ ਸਾਂਭਦੀ ਹੈ ਸੰਭਾਲਦੀ ਹੈ, ਇਸੇ **ਤਰ੍ਹਾਂ ਗੁਰੂ ਤੇ ਸਿੱਖ ਦੀ ਪ੍ਰੀਤਿ ਹੈ, ਗੁਰੂ ਆਪਣੇ ਸਿੱਖਾਂ ਨੂੰ ਹਰੀ ਦੀ ਪ੍ਰੀਤਿ ਦੇ ਕੇ ਉਨ੍ਹਾਂ ਨੂੰ ਆਪਣੀ ਜਿੰਦ ਦੇ ਨਾਲ ਰੱਖਦਾ ਹੈ । ੨ ।**

**ਗੁਰੂ-ਬਾਣੀ ਦੇ ਅਜੇਹੇ ਬਚਨਾਂ** ਦੀ ਕੋਈ ਪਰਵਾਹ ਕਰਨੀ ਹੁੰਦੀ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਸਾਂ ਸਰੂਪਾਂ ਦੇ ਸੁਮਿੱਲਤ ਯਤਾਨਾ ਦੀ ਸੱਚੀ ਗੱਲ ਭੁੱਲ ਭੁਲਾ ਕੇ ਅਸਾਂ ਖ਼ਾਲਸਾ ਜੀ ਦੇ ਜਨਮ ਦਾਤਾ ਕੇਵਲ ਦਸ਼ਮੇਸ਼ ਜੀ ਨੂੰ ਹੀ ਪ੍ਰਸਿੱਧ ਕਰਨ ਲਈ ਉਹੀ ਢੰਗ ਕਿਉਂ ਵਰਤਣਾ ਸੀ ਜੋ ਬ੍ਰਾਹਮਣ ਨੇ ਆਪਣੇ ਅੱਡੋ ਅੱਡਰੇ ਅਵਤਾਰਾਂ ਦੀ ਅੱਡ ਅੱਡ ਜੈ-ਜੈਕਾਰ ਬੁਲਾਉਣ ਲਈ ਵਰਤਿਆ ਹੋਇਆ ਹੈ ? ਭਾਵ--ਸੰਸਾਰ ਵਿਚ ਕਈ ਰਾਮਚੰਦ੍ਰ ਹਨ। ਇੱਕ ਰਾਮ ਉਹ ਵੀ ਹੈ ਜਿਹੜਾ ਸ੍ਰਿਸ਼ਟੀ ਦੇ ਕਣ ਕਣ ਵਿਚ ਰਮਿਆਂ ਹੋਇਆ ਹੈ। ਪਰ ਬ੍ਰਾਹਮਣ ਅਤੇ ਉਸ ਦੇ ਚੇਲੇ--**ਸੀਆ ਪਤੀ ਰਾਮਚੰਦ੍ਰ ਦੀ ਜੈ** -- ਪੁਕਾਰਦੇ ਹਨ। ਭਾਵ, **ਜੈ** ਕੇਵਲ ਉਸੇ ਰਾਮ ਦੀ, ਜਿਹੜਾ ਸੀਤਾ ਜੀ ਦਾ ਪਤੀ ਸੀ--ਏਵੇਂ ਹੀ **ਜੈ** ਰਾਧੇ ਕ੍ਰਿਸ਼ਨ--ਕੁਆਰੀ ਰਾਧਾ ਦੇ ਪ੍ਰੇਮੀ ਕ੍ਰਿਸ਼ਨ ਜੀ ਤੋਂ ਬਿਨਾਂ ਕਿਸੇ ਦੂਜੇ ਕ੍ਰਿਸ਼ਨ ਦੀ ਜੈ, ਕ੍ਰਿਸ਼ਨ-ਭਗਤ ਹਿੰਦੂ ਵੀਰ ਕਿਉਂ ਬੋਲੇ ? ਅਸੀਂ ਵੀ ਦਸਾਂ ਸਤਿਗੁਰਾਂ ਵਿਚੋਂ ਦਸ਼ਮੇਸ਼ ਜੀ ਦਾ ਸਰੂਪ ਅੱਡਰਾ ਕਰਨ ਲਈ, ਖ਼ਾਲਸਾ ਜੀ ਦੀ ਮਾਤਾ ਸਾਹਿਬ (ਦੇਵਾਂ ਕਿ ਕੌਰ ?) ਜੀ ਨੂੰ ਮੰਨਦੇ ਹਾਂ । ਭਾਵ, ਅਸੀਂ ਵੀ ਕੇਵਲ ਉਸੇ ਦਸਮ ਸਤਿਗੁਰੂ ਨਾਨਕ ਸਾਹਿਬ ਜੀ ਦੇ ਬੇਟੇ ਹੋਣ ਦਾ ਐਲਾਨ ਕਰ ਰਹੇ ਹੁੰਦੇ ਹਾਂ, ਜਿਹੜੇ ਮਾਤਾ ਸਾਹਿਬ ਕੌਰ ਜੀ ਦੇ ਪਤੀ ਹਨ ? ਸ੍ਰੀ ਰਾਮ ਚੰਦਰ ਜੀ ਦੀ ਪਛਾਣ ਜਿਵੇਂ **ਸੀਆ ਜੀ** ਦੇ ਨਾਲ ਨੱਥੀ ਹੋਣ ਕਰਕੇ, ਦਸ਼ਰਥ ਪੁੱਤਰ ਰਾਮ ਜੀ ਦੀ ਹੀ ਜੈ ਬੋਲਦੇ ਹੋਏ, ਉਸ ਰਮੇ ਹੋਏ ਰਾਮ ਤੋਂ ਅੱਡਰੇ ਹੋ ਦਿੱਸਦੇ ਹਨ। ਏਵੇਂ ਹੀ ਅਸੀਂ ਇਸ ਸਚਾਈ ਨੂੰ ਕਿਸੇ ਅਕੱਟ ਦਲੀਲ ਨਾਲ ਰੱਦ ਨਹੀਂ ਕਰ ਸਕਦੇ ਕਿ, ਦਸਮ ਸ੍ਰੀ ਗੁਰੂ ਨਾਨਕ ਜੀ ਦੇ ਸਰੂਪ ਦੀ ਪਛਾਣ ਸਾਹਿਬ ਕੌਰ ਜੀ ਨਾਲ ਜੋੜ ਕੇ, ਅਸੀਂ ਵੀ ਮਾਤਾ ਸੁਲੱਖਣੀ ਜੀ ਦੇ ਪਤੀ, ਸਤਿਗੁਰੂ ਨਾਨਕ ਸਾਹਿਬ ਜੀ ਨਾਲੋਂ ਉਪ੍ਰੋਕਤ ਵਰਣਨ ਗੁਰੂ ਬਾਣੀ ਵਿਚਲਾ ਰਿਸ਼ਤਾ ਤੋੜ ਰਹੇ ਹੁੰਦੇ ਹਾਂ। ਦਸ਼ਮੇਸ਼ ਜੀ ਦੇ ਨਾਮ ਨਾਲ ਉਚੇਚੇ ਤੌਰ ਤੇ ਉਨ੍ਹਾਂ ਦੀ ਪਤਨੀ ਨੂੰ ਆਪਣੀ ਮਾਤਾ ਮੰਨ ਕੇ ਅਸੀਂ ਦਸ਼ਮੇਸ਼ ਜੀ ਨੂੰ ਦਸਮ ਗੁਰੂ ਨਾਨਕ ਜੀ ਕਹਿਣ ਦਾ ਹੱਕ ਵੀ ਗੁਆ ਲੈਂਦੇ ਹਾਂ। ਗੁਰਿਆਈ ਤੋਂ ਪਹਿਲਾਂ, ਸਤਿਗੁਰਾਂ ਦੇ ਪਰਵਾਰ ਦੇ ਸਾਰੇ ਜੀਆਂ ਸਮੇਤ, ਸਾਰੇ ਹੀ ਸਤਿਗੁਰਾਂ ਦੇ ਸਿੱਖ ਗੁਰੂਭਾਈ, ਸਤਿਸੰਗੀ ਭੈਣ-ਭਰਾ ਹੀ ਹੁੰਦੇ ਰਹੇ ਹਨ। ਗੁਰੂ ਭਾਈਆਂ ਦੇ ਰਿਸ਼ਤੇ ਵਿਚੋਂ ਕੇਵਲ ਉਹੀ ਗੁਰ ਸਿੱਖ ਨਿਖੜਦੇ ਰਹੇ ਹਨ, ਜਿਹੜੇ ਗੁਰੂ ਪਦਵੀ ਦੇ ਮਾਲਕ ਥਾਪੇ ਜਾਂਦੇ ਸਨ। ਉਂਜ, ਗੁਰਮਤਿ ਵਿਚ ਛੋਟੇ ਨੂੰ ਪੁਤਰੀ ਪੁੱਤਰ, ਬਰਾਬਰ ਦੇ ਨੂੰ ਭੈਣ ਭਾਈ ਅਤੇ ਵਡੇ ਨੂੰ ਮਾਤਾ ਪਿਤਾ ਤੁੱਲ ਸਤਕਾਰ ਕਰਨ ਦਾ ਵਿਧਾਨ ਪ੍ਰਚਲਤ ਸੀ। ਬਿੰਦੀ ਮਾਤਾ ਪਿਤਾ ਕੇਵਲ ਕੁਦਰਤ ਹੀ ਬਣਾ ਸਕਦੀ ਹੈ। ' **ਗ੍ਰੰਥ ਲਿਖਣ ਦੀ ਲੋੜ ਦਾ ਪਿਛੋਕੜ** ' ਲੇਖ ਨੂੰ ਅੱਗੇ ਤੋਰਨ ਤੋਂ ਪਹਿਲਾਂ, ਆਉ ਸਤਿਗੁਰੂ ਦੀਆਂ ਇੱਕ ਤੋਂ ਵੱਧ ਸ਼ਾਦੀਆਂ ਬਾਰੇ ਅਤੇ ਮਾਤਾ ਸਾਹਿਬ ਕੌਰ ਜੀ ਦੀ ਦਸ਼ਮੇਸ਼ ਜੀ ਨਾਲ ਸ਼ਾਦੀ ਬਾਰੇ ਗੁਰਮਤਿ ਵਿਚਾਰਾਂ ਕਰ ਲਈਏ:--

## ਸਤਿਗੁਰਾਂ ਦੀਆਂ ਵਾਧੂ ਸ਼ਾਦੀਆਂ ਦਾ ਝਮੇਲਾ ?---

ਭਾਸ਼ਾ ਵਿਭਾਗ ਪੰਜਾਬ ਵਲੋਂ ਛਪਵਾਏ **ਮਹਾਨ ਕੋਸ਼ ਗ੍ਰੰਥ** ਅਨੁਸਾਰ--ਨਵੀਨ ਅਤੇ ਪੁਰਾਤਨ ਗੁਰੂ ਇਤਿਹਾਸ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਵਿਚੋਂ ਕਿਸੇ ਦੀਆਂ ਵੀ ਇੱਕ ਤੋਂ ਵੱਧ ਪਤਨੀਆਂ ਹੋਣ ਬਾਰੇ ਕਿਸੇ ਪੁਸਤਕ ਵਿਚ ਕੋਈ ਜ਼ਿਕਰ ਨਹੀਂ ਮਿਲਦਾ ਹੈ। ਪਰ ਜਦੋਂ ਹੀ ਸਤਿਗੁਰਾਂ ਨੇ ਪੀਰੀ ਦੇ ਨਾਲ ਮੀਰੀ ਦੀ ਕਿਰਪਾਨ ਪਾ ਕੇ ਲਿਬਾਸ ਅਤੇ ਰਹਿਣ ਬਹਿਣ ਸ਼ਾਹਾਨਾ ਕਰ ਲਿਆ, ਤਾਂ ਅਚਨਚੇਤ ਸ਼ਾਦੀਆਂ ਦੀ ਗਿਣਤੀ ਵਧਣੀ ਅਰੰਭ ਹੋ ਗਈ ? ਉਦਾਹਰਣ ਵਜੋਂ, ਸ੍ਰੀ ਮਾਨ ਪੰਥ ਰਤਨ ਵਿਦਯਾਮਾਰਤੰਡ ਸੰਤ ਗਯਾਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੇ --ਬਿਨਾ ਕੋਈ ਕਾਰਨ ਲਿਖਿਆਂ ਕਿ ਛੇਵੇਂ ਸਤਿਗੁਰਾਂ ਤੋਂ ਇੱਕ ਤੋਂ ਵੱਧ ਸ਼ਾਦੀਆਂ ਕਰਨ ਦੀ ਲੋੜ ਕਿਸ ਕਾਰਨ ਆ ਪਈ ਸੀ--- ਆਪਣੀ ਪੁਸਤਕ ' ਗੁਰਬਾਣੀ ਪਾਠ ਦਰਸ਼ਨ ( ਸ਼ਫਾ ੧੮ ਅਤੇ ੧੯) ਵਿਚ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਤਿੰਨ, ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀਆਂ ਅੱਠ (੮) ਸ਼ਾਦੀਆਂ ? ਅਤੇ ਫਿਰ ਉਸੇ ਪੁਸਤਕ ਦੇ ੨੨ ਸਫ਼ੇ ਤੇ ਦਸਮ ਸਤਿਗੁਰੂ ਗੋਬਿੰਦ ਸਿੰਘ ਜੀ ਦੀਆਂ ਤਿੰਨ ਸ਼ਾਦੀਆਂ ਲਿਖੀਆਂ ਹਨ।

ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਅੱਠ ਸਾਲ ਦੀ ਅਵਸਥਾ ਵਿਚ ਹੀ ਨਿਜ ਧਾਮ ਨੂੰ ਸਿਧਾਰ ਗਏ ਸਨ-- ਸ਼ਾਇਦ ਇਸ ਕਾਰਨ ਉਨ੍ਹਾਂ ਦੇ ਨਾਮ ਨਾਲ ਕੋਈ ਸ਼ਾਦੀ ਨਾ ਮੜ੍ਹੀ ਜਾ ਸਕੀ। ਗੁਰੂਬਾਣੀ ਦੇ ਸਿਧਾਂਤ ਨੂੰ ਵਿਗਾੜਨ ਵਾਲੇ ਕੋਝੇ ਰਲੇ, ਪਹਿਲਾਂ ਗੁਰਬਾਣੀ ਵਿਚ ਅਤੇ ਫਿਰ ਗੁਰੂ ਇਤਿਹਾਸ ਵਿਚ, ਨਿਰੰਤਰ ਪਾਈ ਆ ਰਹੇ (ਗੁਰਮਤਿ ਸਿਧਾਂਤ ਦੇ ਮੁੱਢਲੇ ਪੱਕੇ ਵੈਰੀ) **ਬਿੱਪ੍ਰ ਜੀ** ਨੇ ਗੁਰੂ ਤੇਗ਼ ਬਹਾਦਰ ਜੀ ਦੇ ਘਰ ਦੂਜੀ ਇਸਤ੍ਰੀ ਸ਼ਾਇਦ ਇਸ ਕਰਕੇ ਵਿਖਾਉਣ ਦੀ ਲੋੜ ਨਹੀਂ ਸਮਝੀ, ਕਿਉਂਕਿ ਕੁਟਲ ਅਤੇ ਪਰਲੇ ਦਰਜੇ ਦੇ ਚਲਾਕ ਪ੍ਰੋਹਿਤ ਜੀ ਨੇ, ਇਨ੍ਹਾਂ ਦੀ ਪਾਵਨ ਪਵਿੱਤਰ ਅਤੇ ਜੀਵਨ-ਮੁਕਤਿ ਤਿਆਗੀ ਸ਼ਖ਼ਸ਼ੀਅਤ ਨੂੰ ਵਰਤ ਕੇ ਗੁਰਮਤਿ ਵਿਰੋਧੀ, ਬ੍ਰਾਹਮਣੀ ਜਪ-ਤਪ ਵਾਲੀ ਮਰਯਾਦਾ ਤੇ ਗੁਰੂ-ਨਾਨਕ-ਪਦਵੀ ਦੀ ਮੋਹਰ ਲੁਆ ਲਈ ਸੀ। ਭਾਵ, ਉਨ੍ਹਾਂ ਕੁਟਲ ਲਿਖਤਾਂ ਦੇ ਅਧਾਰ ਤੇ ਅਸਾਂ ਯਕੀਨ ਬਣਾ ਲਿਆ ਸੀ ਕਿ, ਸ੍ਰੀ ਗੁਰੂ ਤੇਗ਼ ਬਹਾਦੁਰ ਜੀ ੨੭/੨੮ ਸਾਲ ਤੱਕ ਭੋਰੇ ਵਿਚ ਬੈਠੇ ਤਪ ਸਾਧਦੇ ਰਹੇ ਸਨ। ਪਰ ਅਸਾਂ ਇਹ ਕਦੇ ਨਾ ਵਿਚਾਰਿਆ ਕਿ, ਬ੍ਰਾਹਮਣ ਤਪੀਸਰਾਂ ਵਾਂਗ ਹੀ ਇਨ੍ਹਾਂ ਦੇ ਇਸ਼ਨਾਨ ਪਾਣੀ, ਖਾਣ ਪੀਣ, ਟੱਟੀ ਪਿਸ਼ਾਬ ਆਦਿ ਬਾਰੇ ਕਿਤੇ ਕੋਈ ਜ਼ਿਕਰ ਕਿਸ ਕਾਰਨ ਨਹੀਂ ਲਿਖਿਆ ਮਿਲਦਾ ? ਪਿਤਾ ਨੂੰ ਏਸੇ ਜਨਮ ਵਿਚ ਮਹਾਨ ਤਪੱਸਵੀ ਵਿਖਾ ਲੈਣ ਦੀ ਸਫ਼ਲਤਾ ਨੇ, ਉਨ੍ਹਾਂ ਦੇ ਸਪੁੱਤਰ ਦਸ਼ਮੇਸ਼ ਨੂੰ ਕਥਿਤ ਪਿਛਲੇ ਜਨਮ ਵਿਚ ਲਖਾਂ-ਕ੍ਰੋੜਾਂ ਵਰ੍ਹੇ ਤਪ ਸਾਧਦੇ ਹੋਇਆਂ ਵਿਖਾ ਲੈਣ ਉਪ੍ਰੰਤ ਰੱਬ ਨਾਲ ਸਾਖਸ਼ਾਤ ਮੁਲਾਕਾਤ ਹੋਣ ਵਾਲੀ ਅਣਹੋਣੀ ਗੱਲ, ਸੱਚ ਬਣਾ ਲਈ । ਦਸ਼ਮੇਸ਼ ਜੀ ਨੂੰ ਧੁਰੋਂ ਹੀ ਰੱਬੀ ਸ਼ਕਤੀਆਂ ਨਾਲ ਮਾਲਾ ਮਾਲ ਹੋ ਕੇ ਆਏ, ਜਨਮ ਤੋਂ ਹੀ ਕ੍ਰਿਸ਼ਨ ਜੀ ਵਰਗੇ ਕੌਤਕ ਅਤੇ ਕਰਾਮਾਤਾਂ ਕਰਦੇ ਵਿਖਾ ਕੇ, ਜਨਮ-ਸਿੱਧ ਵਿਸ਼ਨੂੰ ਦੇ ਅਵਤਾਰ * ਸਿੱਧ ਕਰਕੇ ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤ ਤੋਂ ਬੇਮੁਥਾਜ ਕਰ ਵਖਾਇਆ। ਫਿਰ, ਇਸ ਜਨਮ ਵਿਚ ਉਨ੍ਹਾਂ ਦੀਆਂ ਸ਼ਾਦੀਆਂ ਵੀ ਤਿੰਨ ਲਿਖ ਦੇਣੀਆਂ ਕਿਹੜੀ ਔਖੀ ਗੱਲ ਸੀ ?

[* Foot note:--ਪੜ੍ਹੋ' (੧) ਸ੍ਰੀ ਮ;ਨ ਪੰਤ ਰਟਨ ਵਿਦੇ; ਮ;ਰਟੰਧ ਸੰਟ ਗੇ;ਨੀ ਗੁਰਬਚਨ ਸਿੰਥ ਜੀ ੧ੳ ;ਲਸ; ਭਿੰਧਰ" ਵ;ਲਿਓ" ਦਏ ਲਿਖਏ **ਗੁਰਬ;ੀ ਪ;ਾਂ ਦਰਸ਼ਨ** ਗ੍ਰੰਤ ਦ; -੪੭--ਸਢ;, ਵਿਸ਼ਨੂਙ ਦ; ਚਟੁਰਭੁ.ਲਜੀ ੳਵਟ;ਰ, ਕਲਜੁਗ ਵਿਚ ਦਸਮ ਸਰੂਪ ';ਰਨ ਕਰਕਏ ਅਫੁਂ ਦ; ਬਚਨ ਕਰ ਰਹਏ ਹਨ. ੳਟਏ (੨) ਗਿਅਨੀ ਯੀਸ਼ਰ ਸਿੰਥ ਨ;ਰ; ਦੀ ਲਿਖੀ ਪੁਸਟਕ--' **ਕ੍ਰਿਸ਼ਨ ਭਗਵ;ਨ ੳਟਏ ਕਲਘੀਰ** ' ਪੁਸਟਕ]

# ਗੰਭੀਰ ਸ਼ੰਕੇ

ਛੇਵੇ ਪਾਤਿਸ਼ਾਹ ਜੀ ਤੋਂ ਅਰੰਭ ਹੋ ਕੇ--" ਏਕਾ ਨਾਰੀ ਜਤੀ ਬਖਾਨੈ "--ਗੁਰਮਤਿ ਦੇ ਅਨਕੂਲ ਕਥਨ ਤੋਂ ਉਲਟ, ਸਤਿਗੁਰਾਂ ਨੂੰ ਵੱਧ ਇਸਤ੍ਰੀਆਂ ਨਾਲ ਸ਼ਾਦੀਆਂ ਕਰਵਾਉਣ ਦੀ ਲੋੜ ਕਿਸ ਕਾਰਨ ਪਈ ? ਭਰਮਾ ਭੁਲੇਖਿਆ ਅਤੇ ਅਗਿਆਨਤਾ ਦੇ ਆਸਰੇ ਹੀ ਪੂਜਨੀਕ ਬਣੇ, ਚੜ੍ਹਤ ਚੜ੍ਹਾਵੇ ਦੀ ਮਾਇਆ ਦੀ ਲੁੱਟ ਤੇ ਮੌਜਾਂ ਮਾਣ ਰਹੇ ਡੇਰਾਵਾਦੀਏ ਲਿਖਾਰੀਆਂ ਨੇ, ਸੰਗਤਾਂ ਨੂੰ ਗੁਰਮਤਿ ਦੀ ਠੀਕ ਜਾਣਕਾਰੀ ਦੇ ਕੇ ਸਿੱਖ ਜਗਤ ਵਿਚ ਪਏ ਭਰਮ ਦੂਰ ਕਰਨ ਦੀ ਤਾਂ ਲੋੜ ਹੀ ਮੁਕਾਈ ਹੋਈ ਹੈ । ਮਹਾਨ ਕੋਸ਼ ਵਿਚੋਂ ਵੀ ਛੇਵੇਂ ਪਾਤਸ਼ਾਹ ਜੀ ਤੋਂ ਅਚਨਚੇਤ ਇੱਕ ਤੋਂ ਵੱਧ ਸ਼ਾਦੀਆਂ ਕਰਨ ਦੀ ਉਚੇਚੀ ਲੋੜ ਵਧ ਜਾਣ ਦੇ ਕਾਰਨਾਂ ਬਾਰੇ ਕੋਈ ਟੋਹ ਨਹੀਂ ਮਿਲੀ। ਹਰ ਪੱਖੋਂ ਬ੍ਰਾਹਮਣੀ ਰੀਤਾਂ ਵਾਲੇ ਪਏ ਰਲਿਆਂ ਦੀ ਪੜਤਾਲ ਦੀ ਸੇਵਾ ਅਰੰਭ ਕਰੀ ਬੈਠੇ ਇਸ **ਨਿਮਾਣੇ ਅਤੇ ਨਾਚੀਜ਼, ਦਾਸਰੇ ਦੇ ਮਨ-ਚਿਤ ਨੇ,** ਹੇਠ ਲਿਖੇ ਗੰਭੀਰ ਸ਼ੰਕੇ ਕਬੂਲ ਕੀਤੇ ਹੋਏ ਹਨ:--

ਕਾਮ ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਵਿਕਾਰਾਂ ਲਈ ਮਰ ਜਾਣ ਵਾਲੀ, ਨਿਰਲੇਪਤਾ ਨੂੰ, ਸਤਿਗੁਰੂ ਜੀ ਨੇ ਗੁਰਬਾਣੀ ਵਿਚ " **ਜੀਵਤ ਮਰਨਾਂ** ' ਬੇਅੰਤ ਵਾਰੀ ਫ਼ੁਰਮਾਨ ਕੀਤਾ ਹੈ। ਏਸੇ **ਜੀਵਤ ਮਰਨ** ਨੂੰ ਅਕਾਲ ਪੁਰਖ ਵਿਚ ਸਮਾਉਣਾ ਮੰਨਿਆਂ ਹੈ। ਕਈ ਗੁਰੂ ਸ਼ਬਦਾਂ ਵਿਚੋਂ, ਉਦਾਹਰਣ ਵਜੋਂ ਕੇਵਲ ਪੰਜ ਮੁਖਵਾਕ ਇਸ ਪ੍ਰਕਾਰ ਹਨ:--(੧)---**ਜੀਵਤ ਮਰੈ ਬੁਝੈ ਪ੍ਰਭੁ ਸੋਇ ॥ ਤਿਸੁ ਜਨ ਕਰਮਿ ਪਰਾਪਤਿ ਹੋਇ ॥ ੧ ॥** [੭੪੧[--(੨)-- ਜੀਵਤ **ਮਰੈ ਤਾ ਮੁਕਤਿ ਪਾਏ, ਸਚੈ ਨਾਇ ਸਮਾਇਆ ॥ ੧੪ ॥**[੧੦੬੭]-- (੩)-- **ਜਿਹ ਬਾਝੁ ਨ ਜੀਆ ਜਾਈ ॥ ਜਉ ਮਿਲੈ ਤ ਘਾਲ ਅਘਾਈ ॥ ਸਦ ਜੀਵਨੁ ਭਲੋ ਕਹਾਂਹੀ ॥ ਮੂਏ ਬਿਨੁ ਜੀਵਨੁ ਨਾਹੀ ॥ ੧ ॥**[੬੫੫]--(੪)-- **ਜੀਵਤ ਮਰੈ, ਮਰਿ ਮਰਣੁ ਸਵਾਰੈ ॥ ਗੁਰ ਕੈ ਸਬਦਿ ਸਾਚੁ ਉਰਧਾਰੈ ॥ ੧ ॥ ਰਹਾਉ ॥** [੧੧੭੪]-੯

**੩-** **ਮਃ ੩ ॥ ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ ॥ ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ ॥ ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ ॥ ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ ॥ ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ ॥੨॥** {੫੫੫}-ਵਾ-੧੭

**ਅਰਥ:**--ਮੈਨੂੰ ਤਾਂ ਇਹ ਵੀ ਪਤਾ ਨਹੀਂ ਕਿ (ਸੱਚਾ) ਮਰਨਾ ਕੀ ਹੁੰਦਾ ਹੈ ਤੇ ਸਾਨੂੰ ਕਿਵੇਂ ਮਰਨਾ ਚਾਹੀਦਾ ਹੈ, ਜੇ ਮਾਲਕ ਮਨੋਂ ਨਾ ਵਿਸਾਰੇ, ਤਾਂ ਸੁਖਾਲਾ ਮਰਨਾ ਹੁੰਦਾ ਹੈ (ਭਾਵ, ਮਨੁੱਖ ਸੌਖਾ ਹੀ ਮਾਇਆ ਦੇ ਪ੍ਰਭਾਵ ਤੋਂ ਬਚ ਜਾਂਦਾ ਹੈ--ਹਿਰਦੇ ਵਿਚ ਪ੍ਰਭੂ ਦੀ ਸਦੀਵੀ ਯਾਦ ਟਿਕਾਈ ਰੱਖਣ ਨਾਲ ਵਿਕਾਰਾਂ ਲਈ ਮਨੁੱਖ ਮੁਰਦਾ ਹੋ ਜਾਂਦਾ ਹੈ) । ਮਰਨ ਤੋਂ ਸਾਰਾ ਸੰਸਾਰ ਡਰਦਾ ਹੈ, ਹਰ ਕੋਈ ਜੀਊਣਾ ਚਾਹੁੰਦਾ ਹੈ, ਗੁਰੂ ਦੀ ਕਿਰਪਾ ਨਾਲ ਜੋ ਮਨੁੱਖ ਜੀਊਂਦਾ ਹੀ ਮਰਦਾ ਹੈ, ਉਹੀ ਪਰਮਾਤਮਾ ਦੀ ਰਜ਼ਾ ਨੂੰ ਸਮਝਦਾ ਹੈ, (ਪ੍ਰਭੂ ਦੀ ਰਜ਼ਾ ਵਿਚ ਰਹਿਣ ਵਾਲਾ ਜੀਉਂਦਾ ਹੀ ਵਿਕਾਰਾਂ ਵਲੋਂ ਮਰ ਚੁੱਕਾ ਹੁੰਦਾ ਹੈ--ਏਹੀ ਹੈ ਉਹ ਮਨੁੱਖ ਜਿਸ ਨੂੰ ਸਤਿਗੁਰਾਂ ਨੇ ਜੀਵਨ-ਮੁਕਤਿ ਕਿਹਾ ਹੈ) । ਹੇ ਨਾਨਕ ! ਇਸ ਤਰ੍ਹਾਂ ਦੀ ਮੌਤ ਜੋ ਮਰਦਾ ਹੈ, (ਭਾਵ, ਜੋ ਮਨੁੱਖ ਪ੍ਰਭੂ ਦੀ ਰਜ਼ਾ ਵਿਚ ਤੁਰਦਾ ਹੈ) ਉਸ ਨੂੰ ਅਟੱਲ ਜੀਵਨ ਮਿਲ ਜਾਂਦਾ ਹੈ । ੨ ।

ਸਦੀਵੀ ਜੀਵਨ ਜੀਊਣ ਦਾ ਸਬਕ ਸਿਖਾਉਣ ਆਏ **ਸਦ-ਜੀਵੇ ਸਤਿਗੁਰਾਂ ਬਾਰੇ** ਇਹ ਵਿਚਾਰ ਬਣ ਲੈਣਾ ਕਿ, ਉਨ੍ਹਾਂ ਨੇ ਰਾਜਿਆਂ ਮਹਾਰਾਜਿਆਂ ਵਾਂਗ ਵਾਧੂ ਵਿਆਹ ਕਾਮ ਵਾਸਨਾ ਦੀ ਪੂਰਤੀ ਲਈ ਕਰਾਏ ਸਨ, ਇੱਕ ਅਜੇਹਾ ਪਾਪ ਹੋਵੇਗਾ ਜੋ ਕਦੇ ਵੀ ਮਾਫ਼ ਨਹੀਂ ਹੋ ਸਕਦਾ । ਫਿਰ ਕੀ, ਇਹ ਸ਼ਾਦੀਆਂ ਔਲਾਦ ਦੀ ਥੁੜ ਕਾਰਨ ਸਨ ? ਆਉ ਇਸ ਪੱਖ ਨੂੰ ਇਤਿਹਾਸਕ ਤੱਥਾਂ ਦੀ ਸਹਾਇਤਾ ਨਾਲ ਵਿਚਾਰ ਵੇਖਦੇ ਹਾਂ।

ਸੰਤ ਗਯਾਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਦੇ ਲਿਖੇ ' ਗੁਰਬਾਣੀ ਪਾਠ ਦਰਸ਼ਨ ' ਗ੍ਰੰਥ ਦੇ ੧੭ ਸਫ਼ੇ ਅਨੁਸਾਰ **ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹਾਦਤ ੧੬੬੩ ਬਿ: ਜੇਠ ਸੁਦੀ ਚੌਥ, ੨੫ ਮਈ ੧੬੦੬ ਈ ਨੂੰ ਹੋਈ** । ਮਹਾਨ ਕੋਸ਼ ਦੇ ੮੦ ਸਫ਼ੇ ਤੇ ਵੀ ਸਤਿਗੁਰਾਂ ਦੀ ਸ਼ਹਾਦਤ ਦੀ ਏਹੀ ਤਾਰੀਖ਼ ਲਿਖੀ ਹੋਈ ਹੈ।

**(ੳ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ-- ਮਹਾਨ ਕੋਸ਼ ਦੇ** ਸਫ਼ਾ ੨੬੫ ਅਨੁਸਾਰ **ਜੀ**---ਜਨਮ ੨੧ ਹਾੜ (ਵੁਦੀ ੬) ਸੰਮਤ ੧੬੫੨ (੧੪ ਜੂਨ ਸਨ ੧੫੯੫)--ਸ਼ਾਦੀਆਂ---(੧) ਡਲਾ ਨਿਵਾਸੀ ਨਾਰਾਇਣਦਾਸ ਦੀ ਸੁਪੁਤ੍ਰੀ ਦਮੋਦਰੀ ਜੀ ਨਾਲ **੧੨ ਭਾਦੋਂ ਸੰਮਤ ੧੬੬੧** (ਕਰੀਬ ਨੌ ਸਾਲ ਦੀ ਉਮਰ?) (੨) ਬਕਾਲਾ ਨਿਵਾਸੀ ਹਰੀ ਚੰਦ ਦੀ ਸੁਪੁਤ੍ਰੀ **ਨਾਨਕੀ ਜੀ** ਨਾਲ **੮ ਵੈਸਾਖ ਸੰਮਤ ੧੬੭੦** । (੩)-- ਮੰਡਿਆਲੀ ਨਿਵਾਸੀ ਹਰੀ ਚੰਦ ਦੀ ਸੁਪੁਤ੍ਰੀ **ਮਹਾਂਦੇਵੀ ੧੧ ਸਾਉਣ ੧੫੭੨** ਵਿਚ। ਗੁਰਬਾਣੀ ਪਾਠ ਦਰਸ਼ਨ ਵਿਚ ਸਤਿਗੁਰੂ ਜੀ ਦੀਆਂ ਕਥਿਤ ਸ਼ਾਦੀਆਂ ਦੀ ਤਾਰੀਖ ਨਹੀਂ ਲਿਖੀ ਹੋਈ ।

ਸਤਿ ਗੁਰੂ ਅਰਜਨ ਦੇਵ ਜੀ ਦੀ ਆਪਣੀ ਸ਼ਾਦੀ ਕਰੀਬ ੧੭ ਸਾਲ ਦੀ ਉਮਰ ਵਿਚ ਹੋਈ ਸੀ ਫਿਰ ਆਪਣੇ ਇਕਲੋਤੇ ਸਪੁੱਤਰ ਸਾਹਿਬਜ਼ਾਦਾ ਹਰਿਗੋਬਿੰਦ ਸਾਹਿਬ ਦੀ ਸ਼ਾਦੀ ੯ ਸਾਲ ਦੀ ਛੋਟੀ ਉਮਰ ਵਿਚ ਹੀ ਕਰ ਦੇਣ ਦੀ ਕਾਹਲ, ਵਡੇ ਗੰਭੀਰ ਅਤੇ ਪਰਮ-ਧੀਰਜਵਾਨ ਪੰਚਮ ਸਤਿਗੁਰਾਂ ਜੀ ਨੂੰ ਕਿਸ ਮਜਬੂਰੀ ਕਾਰਨ ਆ ਪਈ ? ਗੁਰੂ ਇਤਿਹਾਸ ਲਿਖਣ ਵਾਲਿਆਂ ਨੇ ਤਕੜੀ ਹੇਰਾ-ਫੇਰੀ ਤੋਂ ਕੰਮ ਲਿਆ ਲੱਗਦਾ ਹੈ।

**(ਅ) ਛੱਟਮ ਪੀਰ ਛੇਵੇਂ ਸਤਿਗੁਰੂ ਨਾਨਕ, ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੰਤਾਨ**

ਗੁਰਬਾਣੀ ਪਾਠ ਦਰਸ਼ਨ ਗ੍ਰੰਥ ਦੇ ਸਫ਼ਾ ੧੮ ਅਨੁਸਾਰ:-- -ਸਪੁੱਤਰ--(ਬਾਬਾ ਗੁਰਦਿੱਤਾ ਜੀ, (੨) ਬੀਬੀ ਵੀਰੋ ਜੀ (ਦੋਨੋ ਮਾਤਾ ਦਮੋਦਰੀ ਜੀ ਦੇ)। (੩) ਅਣੀ ਰਾਏ ਜੀ । (੪) ਸ੍ਰੀ ਗੁਰੂ ਤੇਗ਼ ਬਹਾਦਰ ਜੀ। (੫) ਬਾਬਾ ਅਟੱਲ ਰਾਏ ਜੀ (ਤਿੰਨੇਂ ਮਾਤਾ ਨਾਨਕੀ ਜੀ ਦੇ) । (੬) ਸੂਰਜ ਮੱਲ ਜੀ ਮਾਤਾ ਮਰਵਾਹੀ ਜੀ ਦੇ ।

੧) ਬਾਬਾ ਗੁਰਦਿੱਤਾ ਜੀ--(ਮਾਤਾ-ਦਾਮੋਦਰੀ ਤੋਂ) ਕਤਕ ਸੁਦੀ ੧੫ ਸਮੰਤ ੧੬੭੦- ਡਰੌਲੀ --(ਮਹਾਨ ਕੋਸ਼ ਸਫ਼ਾ-੪੧੬)

(੨) ਬੀਬੀ ਵੀਰੋ ਜੀ ( " " " " " ) ਸੰਮਤ ੧੬੭੨- ਅੰਮ੍ਰਿਤਸਰ---(ਮ: ਕੋ: ਸਫ਼ਾ-੮੭੯)
(੩) ਬਾਬਾ ਸੂਰਜ ਮੱਲ ਜੀ (ਮਾਤਾ ਮਹਾਂਦੇਵੀ ਤੋਂ) ਸੰਮਤ ੧੬੭੪- ਅੰਮ੍ਰਿਸਰ---(ਮ: ਕੋ: ਸਫ਼ਾ-੨੨੫)
(੪) ਬਾਬਾ ਅਣੀਰਾਇ ਜੀ (ਮਾਤਾ ਦਮੋਦਰੀ ਤੋਂ) ੨੬ ਮਾਘ ਸੰਮਤ ੧੬੭੫- ਅੰਮ੍ਰਿਤਸਰ---(ਮ: ਕੋ: ਸਫ਼ਾ-੫੧)
(੫) ਬਾਬਾ ਅਟੱਲ ਜੀ (ਮਾਤਾ ਮਹਾਂਦੇਵੀ) ਫ਼ੱਗਣ ਸੁਦੀ ੪ ਸੰਮਤ ੧੬੭੬- ਅੰਮ੍ਰਿਤਸਰ---(ਮ: ਕੋ: ਸਫ਼ਾ ੪੯)

ਮਹਾਨ ਕੋਸ਼ ਅਨੁਸਾਰ ਇਨ੍ਹਾਂ ਦੀ ਮਾਤਾ ਦਾ ਅਤੇ ਸੂਰਜ ਮੱਲ ਜੀ ਦੀ ਮਾਤਾ ਦਾ ਨਾਮ **ਮਹਾਂਦੇਵੀ** ਹੈ ਪਰ ਸੂਰਜ ਪ੍ਰਕਾਸ਼ ਵਿਚ ਮਾਤਾ ਦਾ ਨਾਮ ਨਾਨਕੀ ਲਿਖਿਆ ਹੈ । ਜਿਸ ਦਾ ਜੋ ਜੀ ਕਰੇ ਕਿਸੇ ਵੀ ਇਸਤ੍ਰੀ ਦਾ ਨਾਮ ਅਤੇ ਪਤਾ ਲਿਖ ਦੇਵੇ ਖ਼ਾਲਸਾ ਜੀ ਨੇ ਸੱਚ ਮੰਨ ਕੇ ਉਸ ਪਿੰਡ ਗੁਰਦੁਆਰਾ ਝਟ ਬਣਾ ਲੈਣਾ ਹੋਇਆ ?

(੬) **ਸਤਿਗੁਰੂ ਤੇਗ਼ ਬਹਾਦੁਰ ਜੀ ਦਾ ਜਨਮ**--੫ ਵੈਸਾਖ--ਸੰਮਤ ੧੬੭੮ ਅੰਮ੍ਰਿਤ ਸਰ ਵਿਖੇ----**ਸ਼ਾਦੀ**-- ੧੫ ਅੱਸੂ ੧੬੮੯ -- ੧੧ ਸਾਲ ੭ ਮਹੀਨੇ ਦੀ ਉਮਰ) **ਗੁਰਿਆਈ**-- ੨੪ ਚੇਤ ਸੰਮਤ ੧੭੨੨ (੨੦ ਮਾਰਚ ਸਨ ੧੬੬੫) ਅਤੇ **ਸ਼ਹਾਦਤ**--੧੨ ਮਘਰ ਸੰਮਤ ੧੭੩੨-- ੧੧ ਨਵੰਬਰ ਸੰਨ ੧੬੭੫] [ਮ: ਕੋ ਸਫ਼ਾ-੬੦੦]

ਛੇ ਬਚਿਆਂ ਦੇ ਜਨਮ ਦੇ ਉਪ੍ਰੋਕਤ ਵੇਰਵੇ ਤੋਂ ਯਕੀਨ ਨਾਲ ਇਹ ਨਹੀਂ ਕਿਹਾ ਜਾ ਸਕਦਾ ਕਿ ਏਨੇ ਏਨੇ ਫ਼ਰਕ ਨਾਲ ਸਾਰੇ ਬੱਚੇ ਇਕੋ ਮਾਤਾ ਜੀ ਦੇ ਪੇਟੋਂ ਪੈਦਾ ਹੋਣੇ ਸੰਭਵ ਨਹੀਂ ਸਨ। ਉਪ੍ਰੋਕਤ ਲਿਖਤ ਅਨੁਸਾਰ ਸਤਿਗੁਰਾਂ ਦੀ ਉਮਰ ਅਜੇ ਮਸਾਂ ੧੬ ਸਾਲ ਦੀ ਹੋਈ ਸੀ ਕਿ ਔਲਾਦ ਪੈਦਾ ਹੋਣੀ ਅਰੰਭ ਹੋ ਗਈ। ਸੋ ਔਲਾਦ ਦੀ ਥੁੜ ਕਾਰਨ ਵੀ ਹੋਰ ਸ਼ਾਦੀਆਂ ਕਰਨ ਦੀ ਸਤਿਗੁਰਾਂ ਨੂੰ ਕੋਈ ਲੋੜ ਨਹੀਂ ਸੀ। ਉਂਜ ਵੀ ਮਨੁੱਖ ਨੂੰ ਅਕਾਲਪੁਰਖ ਦੀ ਰਜ਼ਾ ਵਿਚ ਰਹਿਣ ਜੋਗ ਬਣਾ ਰਹੇ ਸਤਿਗੁਰਾਂ ਦੇ ਪਿਤਾ ਗੁਰਦੇਵ, ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਉਮਰ ਕਰੀਬ ੩੨ ਸਾਲ ਹੋ ਗਏ ਸੀ ਜਦ ਇਕਲੋਤੇ ਸਾਹਿਬਜ਼ਾਦਾ, ਸਾਹਿਬ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ ਸੀ। ਵਿਰੋਧੀਆਂ ਦੀਆਂ ਲਿਖਤਾਂ ਤੋਂ ਵੀ ਉਨ੍ਹਾਂ ਦੇ ਮਨ ਵਿਚ ਦੂਜੀ ਸ਼ਾਦੀ ਦਾ ਸੰਕਲਪ ਤੱਕ ਆਇਆ ਵੀ ਸਿੱਧ ਨਹੀਂ ਹੁੰਦਾ। ਫਿਰ ਛੇਵੇਂ ਥਾਂ ਆ ਕੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਹੀ ਜੋਤਿ ਨੂੰ ਇੱਕ ਤੋਂ ਵੱਧ ਸ਼ਾਦੀਆਂ ਦੀ ਲੋੜ ? ਇਹ ਅਨਰਥ ਅਸਾਂ ਕਵੇਂ ਮੰਨ ਲਿਆ ? ਜੋਤਿ ਦੇ ਨਾਲ ਜੀਵਨ-ਜੁਗਤਿ ਵੀ **ਸਾਇ** ਰੱਖਣ ਦੀ ਪਾਬੰਦੀ ਦਾ ਕੀ ਬਣਿਆਂ ? (੧) " **ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ** ॥[੯੬੬] " ਅਤੇ ਸਾਧ ਦੇ ਬਚਨ ਦੀ ਅਟੱਲਤਾ ਬਾਰੇ ਸਤਿਗੁਰਾਂ ਦਾ ਇਹ ਸਪੱਸ਼ਟ ਫ਼ੁਰਮਾਨ--

੪- **ਸਾਰਗ ਮਹਲਾ ੫ ॥ ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥ ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ ॥੧॥ ਰਹਾਉ ॥ ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥ ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥੧॥ ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥ ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥੨॥ ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥ ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥੩॥ ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ ॥ ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥੪॥੬॥**{੧੨●੪}

ਜਤਿ ਅਤੇ ਜੁਗਤਿ ਉਹੀ ਰਹਿਣ ਵਾਲਾ ਸਾਧ ਬਚਨ ਕਦੇ ਨਹੀਂ ਸੀ ਖਿਸਕ ਸਕਦਾ। ਸਤਿਗੁਰੂ ਜੀ ਦੀਆਂ ਸ਼ਾਦੀਆਂ ਇਕਿ ਤੋਂ ਵੱਧ ਮੰਨਣ ਵਾਲੇ ਅਸੀਂ, ਕੀ ਆਪਣੇ ਸਤਿਗੁਰਾਂ ਦੇ ਉਪ੍ਰੋਕਤ ਮੁਖ ਵਾਕਾਂ ਦੀ ਖਿਲੀ ਆਪ ਹੀ ਨਹੀਂ ਉਡਾ ਰਹੇ ? **ਅਸੰਭਵ ਨੂੰ ਸੰਭਵ ਮੰਨੀ ਜਾ ਰਹੇ ਮਾਇਆ-ਮਦ ਦੀ ਘੂਕੀ ਵਿਚ ਸੁੱਤੇ ਹੇ ਖ਼ਾਲਸਾ ਜੀਓ !** ਆਓ, ਜਾਗ੍ਰਤ ਅਵਸਥਾ ਵਿਚ ਆਈਏ, ਅਤੇ ਬਿਬੇਕ ਬੁਧੀ ਨਾਲ ਗੁਰਮਤਿ ਵਿਚਾਰ ਨਾਲ ਜੁੜ ਕੇ, ਉਸ ਅਨੁਸਾਰ ਗੁਰੂ ਇਤਹਾਸ ਵਿਚ ਦਰੁਸੱਤੀ ਕਰ ਲਈਏ ।

(ਅ) **ਸਤਿਗੁਰੂ ਹਰਿ ਰਾਇ ਜੀ**-- ਮਹਾਨ ਕੋਸ਼ ਦੇ ੨੬੭ ਸਫ਼ੇ ਤੇ ਸਤਿਗੁਰਾਂ ਦੇ ਜਨਮ ਦੀ ਤਾਰੀਖ਼ **੨੦ ਮਾਘ (ਸੁਦੀ ੧੨) ਸੰਮਤ ੧੬੮੬**-- (੨੬ ਫ਼ਰਵਰੀ ਸੰਨ ੧੬੩੦ ਲਿਖੀ ਹੈ।

ਸ਼ਾਇਦ ਸੀਸ ਤੇ ਸ਼ਾਹੀ ਕਲਗੀ ਹੋਣ ਦੇ ਕਾਰਨ ਭਿੰਡਰਾਂ ਵਾਲੇ ਮਹਾਂਪੁਰਖਾਂ ਨੇ ਸਤਿਗੁਰੂ ਜੀ ਦੀਆਂ ਕਥਿਤ ਅੱਠ ਸ਼ਾਦੀਆਂ ਦਾ ਵੇਰਵਾ ਇਸ ਪ੍ਰਕਾਰ ਲਿਖਿਆ ਹੈ--੧- ਮਾਤਾ ਕ੍ਰਿਸ਼ਨ ਕੌਰ ਜੀ । ੨- ਚੰਦ ਕੌਰ ਜੀ । ੩- ਰਾਮ ਕੌਰ ਜੀ। ੪- ਕੋਟ ਕਲਿਆਣੀ ਜੀ । ੫ ਤੋਖੀ ਜੀ । ੬- ਅਣੋਖੀ ਜੀ । ੭- ਲਾਡੋ ਜੀ । ੮- ਪਰੇਮ ਕੌਰ ਜੀ । ਮਹਾਨ ਕੋਸ਼ ਦੇ ੨੬੭ ਸਫ਼ੇ ਤੇ ਸਤਿਗੁਰਾਂ ਦੀਆਂ ਸ਼ਾਦੀਆਂ ਬਾਰੇ ਕੇਵਲ ਏਨਾ ਹੀ ਲਿਖਿਆ ਹੈ--**ਹਾੜ ਸੁਦੀ ੩ ਸੰਮਤ ੧੬੯੭** ਨੂੰ ਅਨੂਪ ਸ਼ਹਿਰ (ਜ਼ਿਲਾ ਬੁਲੰਦ ਸ਼ਹਿਰ ਯੂ ਪੀ) ਨਿਵਾਸੀ **ਦਯਾ ਰਾਮ** ਦੀਆਂ ਪੁਤ੍ਰੀਆਂ ਨਾਲ ਹੋਇਆ । ੨੦ ਮਾਘ ੧੬੮੬ ਨੂੰ ਸਤਿਗੁਰਾਂ ਦਾ ਜਨਮ ਅਤੇ ਹਾੜ ਸੁਦੀ ੩ ੧੬੯੭ ਨੂੰ ਲਗਪਗ ੧੧ ਸਾਲ ਦੀ ਉਮਰ ਵਿਚ ਸ਼ਾਦੀ ? ਭਾਈ ਦਯਾ ਰਾਮ ਕੋਈ ਰਜਵਾੜਾ ਤਾਂ ਹੈ ਹੀ ਨਹੀਂ ਸੀ ਜੋ ਉਸ ਦੀਆਂ ਬੇਅੰਤ ਰਾਣੀਆਂ ਵਿਚੋਂ ਅੱਠ ਕੁੜੀਆਂ ਦੀ ਉਮਰ ਕਰੀਬ ੧੧ ਸਾਲ ਦੇ ਹੀ ਲਗ ਪਗ ਪੁੱਜ ਚੁੱਕੀ ਸੀ। ਇਕ ਮਾਤਾ ਪਿਤਾ ਤੋਂ ਜਨਮੀਆ ਅੱਠ ਬੀਬੀਆਂ ? ਜੇ ਪਹਿਲੀ ਬੀਬੀ ਦੀ ਉਮਰ ਸਤਿਗੁਰਾਂ ਦੇ ਬਰਾਬਰ ੧੧ ਸਾਲ ਹੀ ਮਿਥ ਲਈਏ ਅਤੇ ਸਾਲ ਸਾਲ ਦੇ ਫਰਕ ਨਾਲ ਬਾਕੀ ੭ ਬੀਬੀਆਂ ਜਨਮਦੀਆਂ ਰਹੀਆਂ ਹੋਣ ਤਾਂ ਸ਼ਾਦੀ ਸਮੇਂ ਅਠਵੀ ਬੀਬੀ ਮਸਾਂ ੩/੪ ਸਾਲ ਦੀ ਹੋਣੀ ਹੈ। ਉਂਜ ਆਮ ਹਾਲਤਾਂ ਵਿਚ ਬਚਿਆਂ ਦੀ ਪਾਲਣਾ ਵਾਲੇ ਨਿਯਮ ਨੂੰ ਮੁੱਖ ਰੱਖ ਕੇ ਦੋ ਬਚਿਆਂ ਦੀ ਪੈਦਾਇਸ਼ ਦਾ ਦਰਮਿਆਨੀ ਫਰਕ ਸਾਲ ਤੋਂ ਵਧ ਹੋਣਾ ਕੁਦਰਤੀ ਨਿਯਮ ਹੈ। ਏਡੀਆਂ ਛੋਟੀਆਂ ਛੋਟੀਆਂ ਸਾਰੀਆਂ ਬਚੀਆਂ ਨੂੰ ਘਰੋਂ ਕੱਢ ਕੇ ੧੧ ਸਾਲ ਦੇ ਨੀਂਗਰ ਜੀ ਦੇ ਹਵਾਲੇ ਕਰ ਦੇਣੀਆਂ--ਕਿਸ ਮਜਬੂਰੀ ਦੇ ਕਾਰਨ ? ਗੱਲ ਮੰਨਣ ਜੋਗ ਨਹੀਂ ਬਣਦੀ। (ਧਿਆਨ ਰਹੇ ਕਿ ਆਤਮਕ ਬਜ਼ੁਰਗੀ ਦੇ ਨਾਲ ਸਰੀਰਕ ਕਿਰਿਆ ਵੀ ਅਸਮਾਨੀ ਚੜ੍ਹ ਜਾਣੀ ਜ਼ਰੂਰੀ ਸ਼ਰਤ ਨਹੀਂ ਹੈ) ਪਰ ਜਿਸ

ਖ਼ਾਲਸਾ ਜੀ ਨੇ ਗੁਰਮਤਿ ਦੇ ਸਾਰੇ ਸਿਧਾਂਤ ਛਿੱਕੇ ਤੇ ਰੱਖ ਦਿੱਤੇ ਹੋਣ, ਅਤੇ ਦਸ਼ਮੇਸ਼ ਜੀ ਨੂੰ ਅਜੇਹੇ ਥਾਂ ਲੱਖਾ-ਕ੍ਰੋੜਾਂ ਵਰ੍ਹੇ ਤਪ ਸਾਧਦੇ ਮੰਨ ਕੇ ਗੁਰਦੁਆਰਾ ਜਾ ਬਣਾਇਆ ਜਿਸ ਥਾਂ ਆਕਸੀਜਨ ਦੀ ਘਾਟ ਦੇ ਕਾਰਨ ਲਗਾਤਾਰ ਛੇ ਮਹੀਨੇ ਰਹਿਣਾ ਵੀ ਕਠਨ ਹੈ, ਉਸ ਖ਼ਾਲਸਾ ਜੀ ਨੂੰ ਅਜੇਹੀਆਂ ਵਿਚਾਰਾਂ ਵਿਚ ਪੈਣ ਦੀ ਕੀ ਲੋੜ। ਜਿਧੱਰ ਵੀ ਕੁਟਲ ਇਤਿਹਾਸਕਾਰ ਨੇ ਉਂਗਲ ਕਰ ਦਿੱਤੀ, ਗੁਰਮਤਿ ਨੂੰ ਪਿੱਠ ਦੇਣ ਗਿੱਝੇ ਸ਼ਰਧਾਵਾਨ (ਅਸ਼ਰਧਕ-) ਖ਼ਾਲਸਾ ਜੀ ਨੇ ਝਟ ਪਟ ਯਾਦਗਾਰ ਬਣਾ ਦੇਣੀ ਸਤਿਗੁਰਾਂ ਦੀ ਉਚੇਚੀ ਸੇਵਾ ਮੰਨ ਲਈ ?

" ਪਰ ਸਾਡਾ ਵੀ ਕੀ ਵੱਸ। ਹਜ਼ਾਰਾਂ ਸਾਲ, ਪੀਹੜੀ-ਦਰ-ਪੀਹੜੀ ਅਸੀਂ ਬ੍ਰਾਹਮਣੀ ਪੁਰਾਣਾ ਵਿਚਲੀਆਂ ਝੂਠ ਅਤੇ ਨਿਰਮੂਲ ਕਹਾਣੀਆਂ ਦੇ ਅਧਾਰ ਤੇ ਬੇਸ਼ੁਮਾਰ ਤੀਰਥ ਸਿਰਜ ਕੇ ਉਨ੍ਹਾਂ ਦੀ ਯਾਤਰਾ ਤੋਂ ਆਪਣਾ ਲੋਕ ਅਤੇ ਪਰਲੋਕ ਸੁਆਰਦੇ ਰਹਿਣ ਵਾਲੇ ਸੰਸਕਾਰ ਲਈ ਫਿਰਦੇ ਅਸੀਂ ਅੱਜ ਆਪਣੇ ਸਤਿਗੁਰਾਂ ਦੇ ਇਤਿਹਾਸ ਵਿਚ ਪਏ ਵਡੇ ਤੋਂ ਵਡੇ ਰਲੇ ਬਾਰੇ ਸੱਚ-ਝੂਠ ਦੀ ਪਰਖ ਦੇ ਝਮੇਲੇ ਵਿਚ ਕਿਉਂ ਪਈਏ? ਭਾਵੇਂ, ਝੂਠ ਲਿਖਤਾਂ ਦੇ ਅਧਾਰ ਤੇ ਹੀ ਸਹੀ, ਪਰ ਜਿਹੜੇ ਤੀਰਥ ਅਸੀਂ ਬਣਾ ਰਹੇ ਹਾਂ ਸਾਡਾ ਲੋਕ ਪਰਲੋਕ ਤਾਂ ਉਹ ਵੀ ਬਿਨਾ ਕਿਸੇ ਹੀਲ-ਹੁੱਜਤ ਤੋਂ ਸੁਆਰੀ ਜਾ ਰਹੇ ਹਨ। ਅਸੀਂ ਭਲਾ ਇਸ ਸੁਖਾਵੇਂ ਭਰਮ-ਜਾਲ ਵਿਚੋਂ ਕਿਉਂ ਨਿਕਲੀਏ ? ਧੁਰ ਕੀ ਬਾਣੀ ਦਾ ਫ਼ੁਰਮਾਨ ਕੀ ਹੈ? ਇਹ ਜਾਣਨ ਵਾਲੇ ਝੰਜਟ ਵਿਚ ਅਸੀਂ ਭਲਾ ਕਿਉਂ ਪਈਏ ?" ਵਾਹ ਖ਼ਾਲਸਾ ਜੀ ਵਾਹ ਤੁਸੀਂ ਅਤੇ ਵਾਹ-ਵਾ ਤੁਹਾਡਾ ਸਿੱਖੀ ਸਿਦਕ। (ਭਾਗਾਂ ਵਾਲੇ ਸੂਝਵਾਨ ਵਿਰਲੇ ਗੁਰਮੁਖਿ ਪਿਆਰੇ ਖਿਮਾ ਕਰਨ ਜੀ)

ਮਹਾਨ ਕੋਸ਼ ਦੇ ੧੦੩੫ ਸਫ਼ੇ ਅਨੁਸਾਰ ਬਾਬਾ ਰਾਮ ਰਾਇ ਜੀ ਦਾ ਜਨਮ ਸੰਮਤ ੧੭੦੩ ਵਿਚ ਕੀਰਤ ਪੁਰ ਹੋਇਆ । ਅਤੇ ਮ:ਕੋ: ਸਫ਼ਾ ੨੬੫ ਅਨੁਸਾਰ ਗੁਰੂ ਹਰਿ ਕ੍ਰਿਸ਼ਨ ਜੀ ਦਾ ਜਨਮ ਮਾਤਾ ਕ੍ਰਿਸ਼ਨ ਕੌਰ ਤੋਂ ਸੋਮਵਾਰ ੮ ਸਾਵਣ (ਬਦੀ ੧੦) ਸੰਮਤ ੧੭੧੩ (੭ ਜੁਲਾਈ ਸਨ ੧੬੫੬) ਨੂੰ ਕੀਰਤ ਪੁਰ ਵਿਖੇ ਹੋਇਆ । ਭਾਵ ਰਾਮ ਰਾਏ ਜੀ ਤੋਂ ਕਰੀਬ ੧੦ ਸਾਲ ਬਾਅਦ ਗੁਰੂ ਹਰਿਕ੍ਰਿਸ਼ਣ ਜੀ ਦਾ ਆਗਮਨ ਹੋਇਆ। ਜੇ ਸਾਡੀ ਸ਼ਰਧਾ ਇਸ ਤੱਥ ਤੇ ਆ ਟਿਕੇ ਕਿ, ਅਸਲ ਵਿਚ **ਗੁਰਦੇਵ ਜੀ ਦੀ ਸ਼ਾਦੀ ਕੇਵਲ ਇੱਕ ਹੀ ਸੀ, ਜੋ, (ਮਾਤਾ) ਹਰਿਕ੍ਰਿਸ਼ਨ ਕੌਰ ਜੀ** ਹੀ ਦੋਹਾਂ ਸਾਹਿਜ਼ਾਦਿਆਂ ਦੇ ਜਨਮ ਦਾਤੇ ਮੰਨ ਲਈਏ ਤਾਂ, ਗੁਰਮਤਿ ਦੇ ਅਨਕੂਲ ਬਣੇ ਇਸ ਭਰੋਸੇ ਨੂੰ ਰੱਦ ਕਰਨ ਲਈ ਕੋਈ ਅਕੱਟ ਗੁਰਮਤਿ-ਦਲੀਲ ਲੱਭਣੀ ਅਸੰਭਵ ਹੈ ।

**ਸ੍ਰੀ ਗੁਰੂ ਗੋਬਿੰਦ ਸਿੰਘ ਜੀ**--ਪੋਹ ਸੁਦੀ ਸਤਵੀ ਸੰਮਤ ੧੭੨੩ ਮੁਤਾਬਕ ੧ ਜਨਵਰੀ ੧੬੬੬-- ਆਗਮਨ (ਗੁਰਬਾਣੀ ਪਾਠ ਦਰਸ਼ਨ ਸਫ਼ਾ ੨੨)

ਗੁਰੂ ਤੇਗਬਹਾਦਰ ਸਾਹਿਬ ਜੀ ਦੇ ਘਰ ਮਾਤਾ ਗੁਜਰੀ ਜੀ ਤੋਂ ਪਟਨੇ ਸ਼ਹਿਰ (ਬਿਹਾਰ) ਵਿਖੇ ਪੋਹ ਸੁਦੀ ੭ (੨੨ ਪੋਹ) ਛਨਿਛਰਵਾਰ ਸੰਮਤ ੧੭੨੩ (੨੨ ਦਿਸੰਬਰ ੧੬੬੬) ਨੂੰ [ਮਹਾਨ ਕੋਸ਼ ਸਫ਼ਾ ੪੨੯]

ਸਪੁੱਤਰ-- ੧- ਬਾਬਾ ਅਜੀਤ ਸਿੰਘ ਜੀ-- ਜਨਮ ਸੰਮਤ ੧੭੪੬ ਮਾਤਾ ਸੁੰਦਰੀ (ਮ: ਕੋ: ਸਫ਼ਾ- ੪੮) । ਪਰ ਗੁਰਬਾਣੀ ਪਾਠ ਦਰਸ਼ਨ ਵਿਚ ਭਿੰਡਰਾਂ ਵਾਲੇ ਸੰਤਾਂ ਨੇ ਮਾਤਾ ਸੁੰਦਰ ਕੌਰ ਅਤੇ ਸੰਮਤ ੧੭੪੬ ਹੀ ਲਿਖਿਆ ਹੈ । ਮਹੀਨਾ ਤਾਰੀਖ਼ ਦੋਹੀਂ ਥਾਈਂ ਚੁੱਪ ?

੨- ਬਾਬਾ ਜੁਝਾਰ ਸਿੰਘ ਜੀ-- ਜਨਮ ਮ: ਕੋ: ੫੨੭ - ਸੰਮਤ ੧੭੪੭ ਹੈ-ਪਰ ਗੁਰਬਾਣੀ ਪਾਠ ਦਰਸ਼ਨ ਗ੍ਰੰਥ ਸਫ਼ਾ ੨੨ **ਜਨਮ ਦਾ ਸੰਮਤ ੧੭੪੯** ਹੈ। ਮਿਤੀ ਅਥਵਾ ਮਹੀਨਾ ਦੋਹੀ ਥਾਈਂ ਨਹੀਂ ਹੈ।

੩- ਬਾ: ਜੋਰਾਵਰ ਸਿੰਘ ਜੀ- ਜਨਮ ਮਘਰ ਸੁਦੀ ੩ ਸੰਮਤ ੧੭੫੩ ਮਾਤਾ ਜੀਤੋ ਜੀ ਤੋਂ। ਸ਼ਹੀਦੀ- ੧੩ ਪੋਹ ੧੭੬੧ (ਮ:ਕੋ: ਸਫ਼ਾ ੫੩੭) ਗੁਰਬਾਣੀ ਪਾਠ ਦਰਸ਼ਨ ਵਿਚ ਜਨਮ ਦਾ ਸੰਮਤ ੧੭੫੨ ਲਿਖਿਆ ਹੈ।

੪- ਬ: ਫ਼ਤਹਿ ਸਿੰਘ ਜੀ--ਜਨਮ ਫੱਗਣ ਸੁਦੀ ੭ ਸੰਮਤ ੧੭੫੫ ਮਾਤਾ ਜੀਤੋ ਜੀ ਤੋਂ । ਸ਼ਹੀਦੀ ੧੩ ਪੋਹ ੧੭੬੧ (ਮ:ਕੋ: ਸਫ਼ਾ-੮੦੮) ਗੁਰਬਾਣੀ ਪਾਠ ਦਰਸ਼ਨ ਅਨੁਸਾਰ ਜਨਮ ਦਾ ਸੰਮਤ ੧੭੫੪ ਹੈ । ਦੋਹਾਂ ਗ੍ਰੰਥਾਂ ਦਾ ਕਈ ਥਾਂਈ ਮਤਭੇਤ ਹੈ। ਕੁਝ ਵੀ ਹੋਵੇ ਤਾਰੀਖ਼ਾਂ ਤੋਂ ਸਪੱਸ਼ਟ ਹੈ ਕਿ ਸ੍ਰੀ ਰਾਮ ਚੰਦਰ ਅਤੇ ਉਨ੍ਹਾਂ ਦੇ ਤਿੰਨ ਭਾਈਆਂ ਦੇ ਜਨਮ ਸਮੇ ਜਿਹਾ ਕੌਤਕ, ਗੁਰੂ ਘਰ ਵਿਚ ਕਦੇ ਨਹੀਂ ਵਰਤਿਆ। ਜੇ ਏਥੇ ਵੀ ਇਹ ਭਰੋਸਾ ਬਣਾ ਲਈਏ ਕਿ ਚਾਰੇ ਸਾਹਿਬਜ਼ਾਦਿਆਂ ਦਾ ਜਨਮ ਇਕੋ ਇੱਕ ਮਾਤਾ ਜੀਤੋ ਜੀ ਉਰਫ਼ ਸੁੰਦਰੀ ਜੀ ਦੀ ਕੁਖੋਂ ਹੀ ਹੋਇਆ ਸੀ ਤਾਂ ਗੁਰਮਤਿ ਅਨੁਸਾਰ ਬਣੇ ਇਸ ਭਰੋਸੇ ਨੂੰ ਰੱਦ ਕਰਨ ਵਾਲੀ ਅਕੱਟ ਗੁਰਮਤਿ-ਦਲੀਲ ਕਿਸੇ ਨੂੰ ਨਹੀਂ ਲੱਭ ਸਕੇਗੀ। ਉਂਜ ਵੀ ਜੀਤੋ ਜੀ ਅਤੇ ਸੁੰਦਰੀ ਜੀ ਦੇ ਜਨਮ ਅਤੇ ਸ਼ਾਦੀਆਂ ਦਾ ਹਾਲ ਮਹਾਨ ਕੋਸ਼ ਵਿਚੋਂ ਧਿਆਨ ਨਾਲ ਪੜ੍ਹਿਆਂ (ਗੁਰੂ ਮਤਿ ਦੇ ਵਿਰੋਧੀ ਕੁਟਲ ਮਨਮੁੱਖ, ਜਾਂ ਗੁਰਮਤਿ ਤੋਂ ਅਗਿਆਨੀ ਲਿਖਾਰੀ-) ਇਤਿਹਾਸਕਾਰਾਂ ਵਲੋਂ ਗੁਰੂ ਇਤਿਹਾਸ ਵਿਚ ਰਲਾਏ ਖੋਟ ਦੀ ਸਮਝ ਆ ਜਾਂਦੀ ਹੈ ।-

**ਬਿਬੇਕ ਵਿਚਾਰਾਂ:--**

(੧) ਮਹਾਨ ਕੋਸ਼ ਸਫ਼ਾ--੫੨੫-- **ਜੀਤੋ ਮਾਤਾ**--ਲਾਹੌਰ ਨਿਵਾਸੀ ਹਰਿਦਾਸ ਸੁਭਿਖੀਏ ਖੱਤਰੀ ਦੀ ਸਪੁਤ੍ਰੀ, ਜਿਸ ਦਾ ਵਿਆਹ ੨੩ ਹਾੜ ਸੰਮਤ ੧੭੩੪ ਨੂੰ ਗੁਰੂ ਗੋਬਿੰਦ ਸਿੰਘ ਜੀ ਨਾਲ ਆਨੰਦਪੁਰ ਦੇ ਨੇੜੇ **ਗੁਰੂ ਕੇ ਲਹੌਰ** ਹੋਇਆ । (ਉਸ ਸਮੇ ਸਤਿਗੁਰੂ ਜੀ ਕਰੀਬ ੧੧ ਸਾਲ ਦੇ ਸਨ। ਗੁਰੂ ਤੇਗ਼ ਬਹਾਦੁਰ ਜੀ ਦੀ ਸ਼ਹਾਦਤ ੧੨ ਮੱਘਰ ੧੭੩੨--ਸ਼ਾਦੀ ਤੋਂ ੨ ਸਾਲ ਪਹਿਲਾਂ ਹੋ ਚੁੱਕੀ ਸੀ।)

(੨) ਮਹਾਨ ਕੋਸ਼ ਸਫ਼ਾ--੨੧੩ ਅਨੁਸਾਰ-- **ਸੁੰਦਰੀ ਮਾਤਾ**---" ਲਹੌਰ ਨਿਵਾਸੀ ਰਾਮਸਰਨ **ਕੁਮਾਰਵ** ਖਤ੍ਰੀ ਦੀ ਸਪੁਤ੍ਰੀ ਜਿਸ ਦਾ ਅਨੰਦ ੭ ਵੈਸਾਖ ਸੰਮਤ ੧੭੪੧ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਇਆ"।

**ਸ਼ੰਕਿਆਂ ਦਾ ਵੇਰਵਾ--**

(੧) ਧਿਆਨ ਦੇਣ ਵਾਲੀ ਪਹਿਲੀ ਗੱਲ ਇਹ ਹੈ ਕਿ, ਮਾਤਾ ਸੁੰਦਰੀ ਜੀ ਵੀ ਮਾਤਾ ਜੀਤੋ ਜੀ ਵਾਂਗ ਲਾਹੌਰ ਦੇ ਹੀ ਵਾਸੀ ਮਾਪਿਆਂ ਦੀ ਸਪੁੱਤ੍ਰੀ ਸਨ । ਜਦ ਜੀਤੋ ਜੀ ਦੇ ਵਿਆਹ ਲਈ ਉਚੇਚੇ ਤੌਰ ਤੇ ਗੁਰੂ ਕੇ ਲਾਹੌਰ ਦੀ ਸਿਰਜਣਾ ਕਰਨੀ ਪਈ ਸੀ ਤਾਂ ਸੁੰਦਰੀ ਜੀ ਦਾ ਅਨੰਦਕਾਰਜ ਕਿਸ ਥਾਂ ਹੋਇਆ ਸੀ ? (ੳ) ਕੀ ਇਨ੍ਹਾਂ ਦੇ ਮਾਪਿਆਂ ਦੀ ਬ੍ਰਾਦਰੀ ਨੇ ਸਤਿਗੁਰਾਂ ਨੂੰ ਵਿਆਹ ਲਈ ਲਾਹੌਰ ਆਉਣ

ਲਈ ਨਹੀਂ ਸੀ ਆਖਿਆ ? (ਅ) ਕੀ, ੧੭੪੧ ਤੱਕ ਕੋਈ ਹੋਰ ਹਾਲਾਤ ਬਦਲ ਗਏ ਸਨ ? (ੲ) ਅਜੇਹੇ ਸੰਕਿਆਂ ਦੀ ਨਿਵਰਤੀ ਲਈ ਕਿਸੇ ਲਿਖਾਰੀ ਨੇ ਵੀ ਕੋਈ ਠੋਸ ਜਾਣਕਾਰੀ ਕਿਸ ਕਾਰਨ ਨਹੀਂ ਲਿਖੀ ?

(੨) ਜਿਸ ਮਾਤਾ ਜੀਤੋ ਜੀ ਦਾ ਵਿਆਹ ੧੭੩੪ ਵਿਚ ਹੋਇਆ ਉਸ ਦੀ ਕੁੱਖੋਂ ਨਹੀਂ, ਸਗੋਂ ਵਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਦਾ ਜਨਮ, ਉਸ ਮਾਤਾ ਵਿਚੋਂ ਹੋਇਆ ਦਰਸਾਇਆ ਹੈ ਜਿਸ ਦਾ ਵਿਆਹ ਸੰਮਤ ੧੭੪੧ ਵਿਚ, ਭਾਵ, ਮਾਤਾ ਜੀਤੋ ਜੀ ਦੇ ਵਿਆਹ ਦੇ ਕਰੀਬ ਸਤ (੭) ਸਾਲ ਮਗਰੋਂ ਹੋਇਆ ਸੀ।

(੩) ਫਿਰ ਉਹ ਕਿਹੜੀ ਕਰਾਮਾਤ ਕੀ ਵਰਤ ਗਈ ਕਿ, ੧੭੪੭ ਤੋਂ ਲੈ ਕੇ ੧੭੫੫ ਤੱਕ ਮਾਤਾ ਜੀਤੋ ਜੀ ਦੀ ਕੁੱਖ ਤੋਂ ਤਾਂ ਤਿੰਨ ਸਾਹਿਬਜ਼ਾਦਿਆਂ ਨੇ ਜਨਮ ਲਿਆ, ਪਰ ਮਾਤਾ ਸੁੰਦਰੀ ਜੀ ਜਿਨ੍ਹਾਂ ੧੭੪੧ ਵਿਚ ਆ ਕੇ ਸਪੁੱਤ੍ਰ ਨੂੰ ਜਨਮ ਦੇਣ ਵਿਚ ਪਹਿਲ ਕੀਤੀ ਸੀ, ਉਨ੍ਹਾਂ ਦੇ ਕੋਈ ਹੋਰ ਔਲਾਦ ਜਨਮ ਨਾ ਲੈ ਸਕੀ ?

(੪) ਮਾਤਾ ਜੀਤੋ ਜੀ ਦਾ ਦਿਹਾਂਤ ਸੰਮਤ ੧੭੫੭ ਵਿਚ ਹੋਇਆ ਲਿਖਿਆ ਹੈ ਜਦ ਕਿ ਮਹਾਨ ਕੋਸ਼ ਦੇ ੨੧੩ ਸਫ਼ੇ ਤੇ ਮਾਤਾ ਸੁੰਦਰੀ ਜੀ ਦਾ ਦਿਹਾਂਤ ਦਿੱਲੀ ਵਿਖੇ ੧੮੦੪ ਵਿਚ ਹੋਇਆ ਲਿਖਿਆ ਹੈ। ਮਾਤਾ ਜੀਤੋ ਜੀ ਦੇ ਹੁੰਦਿਆਂ (੧੭੪੧ ਵਿਚ) ਮਾਤਾ ਸੁੰਦਰੀ ਜੀ ਨਾਲ ਦੂਜੀ ਸ਼ਾਦੀ ਦਾ ਕੀ ਅਰਥ ? ਕਿਆ ਅਜੀਬ ਝਮੇਲਾ ਹੈ ?

(੫) ਜੇ ਅਸੀਂ ਸੱਚੇ ਹਿਰਦੇ ਤੋਂ ਦਸ਼ਮੇਸ਼ ਜੀ ਨੂੰ ਵੀ ਦਸਮ ਗੁਰੂ ਨਾਨਕ ਹੀ ਮੰਨਦੇ ਹਾਂ ਤਾਂ, ਫਿਰ ਉਨ੍ਹਾਂ ਦੀ ਦੂਜੀ ਸ਼ਾਦੀ ਦਾ ਖ਼ਿਆਲ ਮਨ ਵਿਚ ਲਿਆਉਣ ਵਾਲੇ ਅਸੀ--**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ**--ਗੁਰੂ ਫ਼ੁਰਮਾਨ ਦੀ ਖੰਡਨਾ ਦਾ ਦੋਸ਼, ਅਭੁੱਲ ਦਸ਼ਮੇਸ਼ ਜੀ ਦੇ ਸਿਰ ਮੜ੍ਹਨ ਦੇ ਘੋਰ ਪਾਪ ਤੋਂ ਕਿਸ ਦਲੀਲ ਨਾਲ ਬਚ ਸਕਦੇ ਹਾਂ ?

ਦਾਸ ਦਾ ਅਟੱਲ ਵਿਸ਼ਵਾਸ਼ ਹੈ ਕਿ, ਦਸ਼ਮੇਸ਼ ਜੀ ਦੇ ਮਹਿਲ ਕੇਵਲ ਇੱਕ ਮਾਤਾ ਜੀਤੋ ਜੀ ਉਰਫ਼ ਮਾਤਾ ਸੁੰਦਰੀ ਅਥਵਾ **ਸੁੰਦਰ ਕੌਰ** ਜੀ ਹੀ ਸਨ। ਸਤਿਗੁਰੂ ਨਾਨਕ ਜੀ ਦੀ ਹੀ ਜੋਤਿ ਅਤੇ ਜੁਗਤਿ ਦੀ ਮਾਲਕੀ ਦੀ ਨਿਰੰਤਰ ਪਾਬੰਦੀ ਲਾ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਪੱਸ਼ਟ ਬਚਨਾਂ ਦੇ ਹੁੰਦਿਆਂ, ਕਿਸੇ ਵੀ ਗੁਰੂ ਸਾਹਿਬ ਦੀ ਦੂਜੀ ਸ਼ਾਦੀ ਨੂੰ ਸੱਚ ਮੰਨ ਲੈਣ ਵਾਲੇ ਨੂੰ, ਗੁਰ ਕਾ ਸਿੱਖ ਕਿਵੇਂ ਮੰਨਿਆਂ ਜਾ ਸਕਦਾ ਹੈ ?

**ਭਾਈ ਵੀਰ ਸਿੰਘ ਜੀ** ਦਾ ਇਹ ਲਿਖਣਾ ਬਿਲਕੁੱਲ ਸੱਚ ਸਿੱਧ ਹੋ ਰਿਹਾ ਹੈ ਕਿ, ਆਪਣੀ ਨੋਂਹ ਰਾਣੀ (ਸਾਡੇ ਮਾਤਾ) ਜੀਤੋ ਜੀ ਦੀ ਸੁੰਦਰਤਾ ਵੇਖ ਕੇ ਮਾਤਾ ਗੁਜਰੀ ਜੀ ਨੇ ਉਨ੍ਹਾਂ ਦਾ ਨਾਮ **ਸੁੰਦਰੀ** ਰੱਖ ਦਿੱਤਾ ਸੀ। ਅੱਜ ਤੱਕ ਵੀ ਰਿਵਾਜ ਤੁਰਿਆ ਆ ਰਿਹਾ ਹੈ ਕਿ ਸੱਸਾਂ ਆਪਣੀ ਨੋਂਹ ਦਾ ਨਾਮ ਆਪਣੀ ਮਰਜ਼ੀ ਦਾ ਰੱਖ ਲਿਆ ਕਰਦੀਆਂ ਹਨ। ਦਾਸ ਦੀ ਸੁਪੱਤਨੀ ਦਾ ਪੇਕਾ ਨਾਮ, ਪ੍ਰਕਾਸ਼ ਕੌਰ ਹੈ, ਪਰ ਦਾਸ ਦੇ ਮਾਤਾ ਜੀ ਨੇ ਪਹਿਲੇ ਦਿਨ ਆਉਂਦੀ ਨੂੰ ਸਤਿਗੁਰਾਂ ਦੀ ਹਜ਼ੂਰੀ ਵਿਚ ਲੈ ਜਾ ਕੇ, ਮੁੱਖਵਾਕ ਦੇ ਪਹਿਲੇ ਅੱਖਰ ਤੋਂ ਦਾਸ ਦੀ ਸਿੰਘਣੀ ਦਾ ਨਾਮ ਜਗਜੀਤ ਕੌਰ ਰਖ ਲਿਆ ਸੀ। ਏਕਾ ਨਾਰੀ ਵਾਲੇ ਆਪਣੇ ਉਪਦੇਸ਼ ਦੀ ਆਪ ਹੀ ਉਲੰਙਣਾ ਕਰਨ ਵਾਲੀ ਭੁੱਲ, ਅਭੁੱਲ ਸਤਿਗੁਰੂ ਸਾਹਿਬਾਨ ਦੇ ਨਿਰਮਲ ਆਚਰਨ ਨਾਲ ਜੋੜਨੀ ਅਸਿੱਖੀ ਹੈ ।

ਵਡਾ ਦੁੱਖ ਤਾਂ ਇਹ ਬਣ ਰਿਹਾ ਹੈ ਕਿ, ਵੈਰੀਆਂ ਦੇ ਜਾਲ ਵਿਚ ਫਸੇ ਹੋਏ ਅਸੀਂ, ਉਸੇ ਬ੍ਰਾਹਮਣੀ ਝੂਠ ਨੂੰ ਸਤਿਗੁਰਾਂ ਦੀ ਪਾਵਨ ਪਵਿੱਤ੍ਰ ਜੀਵਨੀ ਦਾ ਹਿੱਸਾ ਬਣਾਈ ਜਾਣ ਵਿਚ ਸਿੱਖੀ ਦੀ ਸੇਵਾ ਮੰਨ ਬੈਠੇ ਹੋਏ ਹਾਂ, ਜਿਹੜਾ ਕੁਫ਼ਰ ਗੁਰਮਤਿ ਦੇ ਅਨੂਪਮ ਸਿਧਾਂਤ ਨੂੰ ਦੂਸ਼ਤ ਕਰਕੇ ਖ਼ਾਲਸਈ ਆਨ ਬਾਨ ਸ਼ਾਨ ਦਾ ਖ਼ਾਤਮਾ ਕਰਨ ਲਈ ਵੈਰੀਆਂ ਨੇ ਪਾਵਨ ਪਵਿੱਤਰ ਗੁਰੂ ਇਤਿਹਾਸ ਵਿਚ ਰਲਾਇਆ ਸੀ। ਆਉ ਗੁਰਮੁਖਾਂ ਵਾਲੀ ਜਾਗ੍ਰਤ ਅਤੇ ਸਾਵਧਾਨ ਅਵਸਥਾ ਵਿਚ ਵਿਚਰਦਿਆਂ ਇਕਾਗਰ ਚਿਤ ਹੋ ਕੇ ਸਤਿਗੁਰਾਂ ਦੇ ਸਬਦ ਦੀ ਵਿਚਾਰ ਨਾਲ ਜੁੜੀਏ:--

੫- **ਗੁਰਮੁਖਿ ਜਾਗਿ ਰਹੇ ਦਿਨ ਰਾਤੀ ॥ ਸਾਚੇ ਕੀ ਲਿਵ ਗੁਰਮਤਿ ਜਾਤੀ ॥ ਮਨਮੁਖ ਸੋਇ ਰਹੇ ਸੇ ਲੂਟੇ ਗੁਰਮੁਖਿ ਸਾਬਤੁ ਭਾਈ ਹੇ ॥੪॥ ਕੂੜੇ ਆਵੈ ਕੂੜੇ ਜਾਵੈ ॥ ਕੂੜੇ ਰਾਤੀ ਕੂੜੁ ਕਮਾਵੈ ॥ ਸਬਦਿ ਮਿਲੇ ਸੇ ਦਰਗਹ ਪੈਧੇ ਗੁਰਮੁਖਿ ਸੁਰਤਿ ਸਮਾਈ ਹੇ ॥੫॥ ਕੂੜਿ ਮੁਠੀ ਠਗੀ ਠਗਵਾੜੀ ॥ ਜਿਉ ਵਾੜੀ ਓਜਾੜਿ ਉਜਾੜੀ ॥ ਨਾਮ ਬਿਨਾ ਕਿਛੁ ਸਾਦਿ ਨ ਲਾਗੈ ਹਰਿ ਬਿਸਰਿਐ ਦੁਖੁ ਪਾਈ ਹੇ ॥੬॥ ਭੋਜਨੁ ਸਾਚੁ ਮਿਲੈ ਆਘਾਈ ॥ ਨਾਮ ਰਤਨੁ ਸਾਚੀ ਵਡਿਆਈ ॥ ਚੀਨੈ ਆਪੁ ਪਛਾਣੈ ਸੋਈ ਜੋਤੀ ਜੋਤਿ ਮਿਲਾਈ ਹੇ ॥੭॥ ਨਾਵਹੁ ਭੁਲੀ ਚੋਟਾ ਖਾਏ ॥ ਬਹੁਤੁ ਸਿਆਣਪ ਭਰਮੁ ਨ ਜਾਏ ॥ ਪਚਿ ਪਚਿ ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ ਲਦਾਈ ਹੇ ॥੮॥ ਬਿਨੁ ਬਾਦ ਬਿਰੋਧਹਿ ਕੋਈ ਨਾਹੀ ॥ ਮੈ ਦੇਖਾਲਿਹੁ ਤਿਸੁ ਸਾਲਾਹੀ ॥ ਮਨੁ ਤਨੁ ਅਰਪਿ ਮਿਲੈ ਜਗਜੀਵਨੁ ਹਰਿ ਸਿਉ ਬਣਤ ਬਣਾਈ ਹੇ ॥੯॥ {੧੦੨੪}-੫**

## ਮਾਤਾ ਸਾਹਿਬ ਦੇਵਾਂ (ਕੌਰ) ਜੀ ਨਾਲ ਅਨੰਦ ਕਾਰਜ ?--

ਮਹਾਨਕੋਸ਼ ਦੇ ੧੭੮ ਸਫ਼ੇ ਦੀ ਲਿਖਤ ਇਸ ਪ੍ਰਕਾਰ ਹੈ--**ਸਾਹਿਬ ਕੌਰ ਮਾਤਾ**--ਰੁਹਤਾਸ ਨਿਵਾਸੀ ਭਾਈ ਰਾਮੂ-ਬਸੀ ਖਤ੍ਰੀ ਦੀ ਸਪੁੱਤ੍ਰੀ, ਜਿਸ ਦਾ **ਅਨੰਦ ੧੮ ਵੈਸਾਖ ਸੰਮਤ ੧੭੫੭** ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਹੋਇਆ। **ਕਿਸ ਥਾਂ ਤੇ ਕਿਸ ਲੋੜ ਕਾਰਨ ਅਨੰਦ ਹੋਇਆ ? ਹਰ ਪਾਸੇ ਚੁੱਪ ਕਿਉਂ ਵਰਤੀ ਹੋਈ ਹੈ ?**

ਪਰ ਏਧਰ ਸਾਹਿਬ ਕੌਰ ਜੀ ਬਾਰੇ ਰਾਗੀਆਂ, ਢਾਡੀਆਂ ਅਤੇ ਮਾਨ ਸਿੰਘ ਝੌਰ ਵਰਗੇ ਪੰਥ ਵਿਚ ਮੰਨੇ ਹੋਏ ਆਲਮ ਫ਼ਾਜ਼ਿਲ ਪਰਚਾਰਕ ਤੋਂ ਅਤੇ ਪੰਥ ਵਿਚ ਮਹਾਂਨ ਵਿਦਵਾਨ ਮੰਨੇ ਗਏ ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲਿਆਂ ਦੀ ਜ਼ਬਾਨੀ ਛੋਟੇ ਹੁੰਦਿਆਂ ਤੋਂ ਸਾਹਿਬ ਕੌਰ ਜੀ ਦਾ ਦਸ਼ਮੇਸ਼ ਜੀ ਨਾਲ ਰਿਸ਼ਤਾ ਹੋਣ ਬਾਰੇ ਜੋ ਸੁਣਦੇ ਆਏ ਹਾਂ ਉਹ ਦੋ ਭਾਗਾਂ ਵਿਚ ਇਸ ਪ੍ਰਕਾਰ ਹੈ:--

**(੧)** ਕਗ਼ੀਧਰ ਜੀ ਦੇ ਦਰਸ਼ਨਾਂ: ਨੂੰ ਰੁਹਤਾਸ ਜ਼ਿਲਾ ਜੇਹਲਮ (ਪਕਿਸਤਾਨ) ਤੋਂ ਆਈ ਸੰਗਤ ਨਾਲ ਆਏ **ਰਾਮੂ ਖਤਰੀ** ਦੇ ਪਰਵਾਰ ਨਾਲ ਉਨ੍ਹਾਂ ਦੀ ਪੁੱਤ੍ਰੀ ਬੀਬੀ ਸਾਹਿਬ ਦੇਵਾਂ ਜੀ ਵੀ ਸ੍ਰੀ ਅਨੰਦਪੁਰ ਪੁੱਜੇ ਸਨ। ਸੰਗਤ ਨੇ ਦਸ਼ਮੇਸ਼ ਜੀ ਦੀ ਸੇਵਾ ਵਿਚ ਬੇਨਤੀ ਕੀਤੀ ਕਿ, " ਇਸ ਬੀਬੀ ਦੇ ਸੁਪਨੇ ਵਿਚ ਤੁਹਾਡਾ ਵਿਆਹ ਇਸ ਨਾਲ ਹੋ ਜਾਣ ਤੇ ਇਸ ਬੀਬੀ ਜੀ ਦੀ ਲਗਨ ਤੁਹਾਡੇ ਚਰਨਾ ਵਿਚ ਲੱਗ ਗਈ। ਸਾਰੀ ਸੰਗਤ ਇਸ ਨੂੰ ਮਾਤਾ ਜੀ ਕਹਿਣ ਲੱਗ ਪਈ ਹੈ । ਹੁਣ ਤੁਹਾਡੇ ਬਿਨਾ ਇਸ ਨੂੰ ਕੌਣ ਕਬੂਲੇ ? " ਸਤਿਗੁਰਾਂ ਨੇ ਕਿਹਾ ਕਿ, ਉਹ ਗ੍ਰਿਹਸਤ ਦਾ (ਭਾਵ, ਭੋਗ ਵਿਲਾਸ ਦਾ) ਤਿਆਗ ਕਰ ਚੁੱਕੇ ਹਨ। ਫਿਰ ਵੀ ਜੇ ਇਹ ਬੀਬੀ ਸੇਵਾ ਵਿਚ ਰਹਿਣਾ ਚਾਹੇ ਤਾਂ ਸ਼ਾਦੀ ਹੋ ਸਕਦੀ ਹੈ।

ਭੋਗ ਵਿਲਾਸ ਦੀ ਲਾਲਸਾ ਛੱਡ ਦੇਵੇ ਤਾਂ ਬਾਕੀ ਹਰ ਤਰ੍ਹਾਂ ਨਾਲ ਦਸ਼ਮੇਸ਼ ਜੀ ਪਤੀ ਬਣ ਸਕਦੇ ਸਨ, ਨਹੀਂ ਤਾਂ ਬੀਬੀ ਜੱਥੇ ਮਰਜ਼ੀ ਹੈ ਚਲੀ ਜਾਵੇ ? ਵਿਚਾਰੇ ਅਲ੍ਹੜ ਨੌਜਵਾਨ ਬੀਬੀ ਜੀ ਲਈ ਬੜੀ ਕਰੜੀ ਚਣੌਤੀ ਦੀ ਘੜੀ ਬਣ ਗਈ। ਅਖੇ, ਕੁਦਰਤੀ ਨੇਮਾਂ ਦੀ ਉਲੰਘਣਾ ਵਾਲੀ ਇਸ ਨਿਆਰੀ ਸ਼ਰਤ ਨੂੰ ਉਨ੍ਹਾਂ ਨੇ ਮੰਨ ਲਿਆ ਤੇ ਸਤਿਗੁਰਾਂ ਨੇ ਸਾਹਿਬ ਦੇਵਾਂ ਜੀ ਨਾਲ ਸ਼ਾਦੀ ਕਰ ਲਈ।

{ਨੋਟ:-- ਸਾਹਿਬ ਦੇਵਾਂ (ਕੌਰ) ਜੀ ਨੇ ਅੰਮ੍ਰਿਤ ਛਕਿਆ ਸੀ ਕਿ ਨਹੀਂ, ਇਸ ਦਾ ਜ਼ਿਕਰ ਕਿਸੇ ਵੀ ਪੁਰਾਤਨ ਇਤਿਹਾਸਕ ਪੁਸਤਕ ਵਿਚ ਨਹੀਂ ਮਿਲਦਾ । ਸਾਰੇ ਲਿਖਾਰੀ ਮਾਤਾ ਸਾਹਿਬਦੇਵਾਂ ਹੀ ਲਿਖਦੇ ਆ ਰਹੇ ਸਨ। ਭਾਈ ਵੀਰ ਸਿੰਘ ਜੀ ਨੇ ਤਾਂ ਸ੍ਰੀ ਕਲਗ਼ੀਧਰ ਚਮਤਕਾਰ ਵਿਚ ਖੰਡੇ ਬਾਟੇ ਦੇ ਅੰਮ੍ਰਿਤ ਦਾ ਜ਼ਿਕਰ ਤੱਕ ਨਹੀਂ ਕੀਤਾ। ]

**(੨)** ਇੱਕ ਦਿਨ ਮਾਤਾ ਸਹਿਬ ਕੌਰ ਜੀ ਨੇ ਸਤਿਗੁਰਾਂ ਦੀ ਸੇਵਾ ਕਰਦਿਆਂ ਯੋਗ ਸਮਾਂ ਤਾੜ ਕੇ, ਪੁੱਤਰ ਦੀ ਇਛਿਆ ਪ੍ਰਗਟ ਕੀਤੀ। ਸਤਿਗੁਰਾਂ ਨੇ ਆਖਿਆ ਕਿ ਸਮਾ ਆਉਣ ਤੇ **ਸਦ-ਜੀਵਾ ਸੰਤ-ਸੂਰਮਾ** ਖ਼ਾਲਸਾ ਸਪੁੱਤਰ ਤੁਹਾਡੀ ਝੋਲੀ ਵਿਚ ਪਾ ਦਿਆਂਗੇ।

ਗੁਰਬਾਣੀ ਪਾਠ ਦਰਸ਼ਨ ਦੇ ਸਫ਼ਾ ੨੨ ਅਨੁਸਾਰ--ਖ਼ਾਲਸਾ ਪੰਥ ੧੭੫੬ ਬਿ: ਨੂੰ ਮਾਤਾ ਸਾਹਿਬ ਕੌਰ ਜੀ ਦੇ ਝੋਲੀ ਪਾਇਆ ਗਿਆ ਸੀ। ਕਿਆ ਵਚਿੱਤਰ ਖੇਡ ਹੈ ਮਹਾਨ ਕੋਸ਼ ਅਨੁਸਾਰ ਬੀਬੀ ਜੀ ਦਾ ਅਨੰਦ ਸੰਮਤ ੧੭੫੭ ਵਿਚ ਹੋ ਰਿਹਾ ਹੈ ਪਰ ਬ੍ਰਹਮ ਗਿਆਨੀ ਸੰਤ ਮਹਾਂਪੁਰਖ ਸੰਤ ਗਯਾਨੀ ਗੁਰਬਚਨ ਸਿੰਘ ਜੀ ਖ਼ਾਲਸਾ ਅਨੁਸਾਰ ਸੰਮਤ ੧੭੫੬ (ਦਸ਼ਮੇਸ਼ ਜੀ ਨਾਲ ਸ਼ਾਦੀ ਹੋਣ ਤੋਂ ਇੱਕ ਸਾਲ ਪਹਿਲਾਂ ਹੀ ?) ਖ਼ਾਲਸਾ ਜੀ ਸਾਹਿਬਕੌਰ ਜੀ ਦੀ ਝੋਲੀ ਵਿਚ ਪਾ ਦਿੱਤੇ ਗਏ ? ਏਡਾ ਸੱਖ਼ਤ ਇਤ੍ਰਾਜ਼ ਜਣਕ ਭਾਣਾ ? ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਮੜ੍ਹੀਆਂ ਹੋਈਆਂ ਲਗਪਗ ਸਾਰੀਆਂ ਗੱਲਾਂ ਬ੍ਰਾਹਮਣ ਦੇ ਲਿਖੇ ਪੁਰਾਣਾ ਵਿਚਲੇ ਕੁਫ਼ਰ ਨੂੰ ਵੀ ਮਾਤ ਪਾਉਂਦੀਆਂ ਨਜ਼ਰ ਆ ਰਹੀਆਂ ਹਨ। ਝੂਠਾ ਕਿਸ ਨੂੰ ਮੰਨੀਏ ? ਇੱਕ ਪਾਸੇ ਭਾਸ਼ਾ ਵਿਭਾਗ ਵਲੋਂ ਛਪਵਾਇਆ ਹੋਇਆ ਸੁਲਝੇ ਹੋਏ ਉੱਚ ਕੋਟੀ ਦੇ ਵਿਦਵਾਨ ਅਤੇ ਸੂਝਵਾਨ ਗੁਰਸਿੱਖ ਭਾਈ ਸਾਹਿਬ ਕਾਨ੍ਹ ਸਿੰਘ ਜੀ ਦਾ ਲਿਖਿਆ ਵਿਸ਼ਾਲ ਗ੍ਰੰਥ, **ਮਹਾਨ ਕੋਸ਼**, ਅਤੇ ਦੂਜੇ ਪਾਸੇ ਬੜੀ ਪੰਥ-ਸਨਮਾਨਤ ਧਾਰਮਿਕ ਹਸਤੀ, ਸ੍ਰੀ ਮਾਨ ਪੰਥ ਰਤਨ ਵਿਦਯਾਮਾਰਤੰਡ, ਸੰਤ ਗਯਾਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲੀ ਟਕਸਾਲ ਦੇ ਮੁਖੀ ਦਾ ਲਿਖਿਆ ਗੁਰਬਾਣੀ **ਪਾਠ ਦਰਸ਼ਨ ਗ੍ਰੰਥ** ? ਅਜੇਹੇ ਗੰਭੀਰ ਭੁਲੇਖੇ ਦਾ ਜਾਂ ਬੜੀ ਵੱਡੀ ਉਕਾਈ ਦਾ ਕੀ ਕਾਰਨ ? ਆਉ ਪਹਿਲਾਂ ਹੋਰ ਗੁਰਮਤਿ ਸ਼ੰਕਿਆਂ ਬਾਰੇ ਵਿਚਾਰ ਕਰ ਲਈਏ, ਸ਼ਾਇਦ ਇਸ ਗੰਭੀਰ ਭੁਲੇਖੇ ਦੇ ਅਸਲ ਕਾਰਨ ਦਾ ਵੀ ਠੀਕ ਥਹੁ-ਪਤਾ ਚੱਲ ਹੀ ਜਾਵੇ:--

## ਸ਼ੰਕੇ:--

**(੧) ਸਤਿਗੁਰਾਂ ਨਾਲ ਅਨੰਦ, ਇਸ ਸ਼ਰਤ ਤੇ ਹੋਇਆ ਕਿ ਸਾਹਿਬ ਕੌਰ ਜੀ ਸਾਰੀ ਉਮਰ ਜਤੀ ਰਹਿਣਗੇ।**

**(ੳ)** ਸਭਿਅਤਾ ਦੀ ਸਿਖ਼ਰ ਦੇ ਪੁੱਜਣ ਦਾ ਮਾਣ ਕਰ ਰਿਹਾ ਅੱਜ ਦਾ ਮਨੁੱਖ ਵੀ ਕਦੇ, ਜੰਗਲੀ ਜਾਨਵਰਾਂ ਵਾਂਗ ਮਾਤਾ, ਪਿਤਾ, ਧੀ ਭੈਣ ਆਦਿ ਰਿਸ਼ਤਿਆਂ ਤੋਂ ਅਣਜਾਣ ਜੰਗਲੀ ਪਸ਼ੂਆਂ ਵਾਂਗ ਵਡੇ ਵਡੇ ਵੱਗਾਂ ਦੇ ਵਸੇਬੇ ਵਾਲੀ ਜ਼ਿੰਦਗੀ ਗੁਜ਼ਾਰਦਾ ਰਿਹਾ ਹੈ। ਹੋਲੀ ਹੋਲੀ ਵਿਕਾਸ ਕਰੀ ਆਇਆ ਫਿਰ ਸਮਾਜੀ ਜ਼ਿੰਦਗੀ ਨੂੰ ਪਵਿੱਤਰ ਬਣਾਈ ਰੱਖਣ ਲਈ ਸ਼ਾਦੀ ਦਾ ਰਿਵਾਜ ਤੁਰਿਆ। ਅਰੰਭ ਤੋਂ ਹੀ ਸ਼ਾਦੀ ਦਾ ਮੁੱਖ ਮੰਤਵ, ਕਾਮ ਤ੍ਰਿਪਤੀ ਦਾ **ਸਨਮਾਨਜੋਗ ਸਾਧਨ** ਮਿਥਿਆ ਜਣਾ ਹੀ ਸੀ। ਸਨਤਾਨ ਦੀ ਲਾਲਸਾ ਦੀ ਗੱਲ ਦੂਜੇ ਨੰਬਰ ਤੇ ਸੀ। ਇਸਤ੍ਰੀਆਂ ਨੂੰ ਮਰਦ ਦੀ ਕਾਮ ਤ੍ਰਿਪਤੀ ਲਈ ਸਹੇੜਿਆ ਇੱਕ ਯੰਤਰ ਹੀ ਮੰਨਿਆਂ ਜਾਂਦਾ ਰਿਹਾ ਹੈ। ਇੱਕ ਮਰਦ ਸੈਂਕੜੇ ਇਸਤ੍ਰੀਆਂ ਨੂੰ ਵਿਆਹ ਸਕਦਾ ਸੀ। ਪੁਸਤਕ ਦੇ ਪਹਿਲੇ ਭਾਗ ਵਿਚ ਅਸਾਂ ਹਿੰਦੂਆਂ ਦੇ ਧਰਮ ਗ੍ਰੰਥਾਂ ਦੇ ਹਵਾਲੇ ਨਾਲ ਪੜ੍ਹਿਆ ਹੈ ਕਿ, ਇੱਕ ਮਰਦ ਦੇ ਘਰ ਸੈਂਕੜੇ ਇਸਤ੍ਰੀਆਂ ਹੋਇਆ ਕਰਦੀਆਂ ਸਨ। ਸ੍ਰੀ ਕ੍ਰਿਸ਼ਨ ਜੀ ਦੇ ਘਰ ਤਾਂ ਸੋਲਾਂ ਹਜ਼ਾਰ ਇੱਕ ਸੌ ਅੱਠ (੧੬੧੦੮) ਰਾਣੀਆਂ ਪਟਰਾਣੀਆਂ ਸਨ। ਅਤੇ ਭਾਗਵਤ ਪੁਰਾਣ ਵਿਚ ਸਾਰੀਆਂ ਦੇ ਪੇਟੋਂ ਦਸ-ਦਸ ਕਾਕੇ ਅਤੇ ਇੱਕ ਇੱਕ ਕਾਕੀ ਦਾ ਜਨਮ ਹੋਇਆ ਵੀ ਲਿਖਿਆ ਹੋਇਆ ਹੈ। ਅੱਜ ਵੀ ਖੁਸਰੇ ਮਰਦ ਨਾਲ ਕੋਈ ਇਸਤਰੀ ਅਤੇ ਖੁਸਰੀ ਬੀਬੀ ਨਾਲ ਕੋਈ ਮਰਦ ਸ਼ਾਦੀ ਨਹੀਂ ਕਰਦਾ । ਹੌਲੀ ਹੌਲੀ ਪਤੀ ਪਤਨੀ ਦਾ ਪ੍ਰੇਮ, ਧਰਮ ਦਾ ਅੰਗ ਬਣ ਗਿਆ ਅਤੇ ਪਰਿਵਾਰਕ ਜੀਵਨ ਦੇ ਹੋਰ ਕਈ ਗੁਣਾ ਦੇ ਕਾਰਨ ਗ੍ਰਿਹਸਤ- ਆਸਰਮ ਦੀ ਪ੍ਰਧਾਨਗੀ ਮੰਨੀ ਜਾਣ ਲੱਗ ਪਈ।

ਜੇ ਪਤੀ ਪਤਨੀ ਦੋਹਾਂ ਵਿਚੋਂ ਇੱਕ ਧਿਰ ਦੂਜੇ ਦੀ ਕਾਮ ਤ੍ਰਿਪਤੀ ਕਰਨ ਦੇ ਅਸਮਰਥ ਹੋਵੇ ਤਾਂ ਗ੍ਰਿਹਸਤੀ ਜੀਵਨ ਵੱਡਾ ਬੇ-ਰਸਾ ਹੋ ਜਾਂਦਾ ਹੈ । ਕੇਵਲ ਕਾਮ ਤ੍ਰਿਪਤੀ ਦੇ ਚਸਕੇ ਦੀ ਅਸੰਤੁਸ਼ਟਤਾ ਦੇ ਕਾਰਨ ਕਈ ਸ਼ਾਦੀਆਂ ਖ਼ਤਮ ਹੋਈਆਂ । ਸੰਸਾਰ ਵਿਚ ਕੇਵਲ ਕਾਮ ਅਗਨੀ ਦੀ ਤ੍ਰਿਪਤੀ ਦੀ ਖ਼ਾਤਰ ਬੜੇ ਘਿਨਾਵਣੇ ਪਾਪ ਕਰਕੇ ਮਨੁੱਖ (ਇਸਤ੍ਰੀ-ਮਰਦ ) ਫਾਸੀਆਂ ਦੇ ਤਖ਼ਤੇ ਤੇ ਨਿਰੰਤਰ ਪੁੱਜਦੇ ਆ ਰਹੇ ਹਨ। ਕਿਸੇ ਦੂਜੇ ਧਰਮ ਦਾ, ਜੋਗੀ, ਜਪੀ ਤਪੀ ਅਤੇ ਚਿਲੇ ਕੱਟਣ ਦੇ ਪਖੰਡ ਰਚਾ ਬੈਠਣ ਵਾਲਾ ਕੋਈ ਫ਼ਕੀਰ ਤਾਂ ਭਾਵੇ ਅਜੇਹੀ ਨਿਰਦਾਇਤਾ ਵਾਲੀ ਸ਼ਰਤ ਕਿਸੇ ਬੀਬੀ ਤੇ ਲਾ ਸਕਦਾ ਹੋਵ ਪਰ ਕਿਸੇ ਨੌਜਵਾਨ ਇਸਤ੍ਰੀ ਨਾਲ ਸ਼ਾਦੀ ਕਰਨ ਤੋਂ ਪਹਿਲਾਂ ਅਨੂਪਮ ਸਤਿਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ ਮਾਲਕ ਮਰਦ ਅਗੰਮੜੇ, ਦਸ਼ਮੇਸ਼ ਜੀ, ਅਜੇਹੇ ਬਚਨ ਆਪਣੀ ਮੁਬਾਰਕ ਜਬਾਨ ਤੋਂ ਕਦੇ ਕਿਸੇ ਵੀ ਹਾਲਤ ਨਹੀਂ ਸਨ ਕਹਿ ਸਕਦੇ।

**(ਅ)** ਗ੍ਰਿਹਸਤ ਦੇ ਤਿਆਗੀ ਬਣੇ ਵਡੇ ਜਪੀਆਂ ਤਪੀਆਂ ਨਾਲ ਹੋਏ ਸਤਿਗੁਰਾਂ ਦੇ ਬਚਨ ਅਥਵਾ ਉਨ੍ਹਾਂ ਪ੍ਰਤੀ ਉਚਾਰੇ ਹੋਏ ਗੁਰੂ ਬਾਣੀ ਦੇ ਪਾਵਨ ਸ਼ਬਦ, ਜੇ ਧਿਆਨ ਨਾਲ ਪੜ੍ਹੇ ਹੋਣ, ਜੇ ਕਾਮ ਬਾਰੇ ਗੁਰਮਤਿ ਸਿਧਾਂਤ ਸਮਝਿਆ ਹੋਵੇ ਤਾਂ ਉਪ੍ਰੋਕਤ ਲਿਖਿਆ ਸਭ ਕੁਝ ਗੁਰਮਤਿ ਦੇ ਅਨਕੂਲ ਹੋ ਦਿੱਸਣਾ ਹੈ। ਘਰ ਘਾਟ ਛੱਡ ਕੇ ਸੰਨਿਆਸੀ ਹੋਏ ਫਿਰਦਿਆਂ ਦੇ ਅੱਡ ਅੱਡ ਭੇਖਾਂ ਦੀ, ਉਨ੍ਹਾਂ ਦੇ ਜਪਾਂ ਤਪਾਂ ਦੇ ਅਤੇ ਵਿਖਾਵੇ ਦੇ ਹੋਰ ਧਰਮ ਕਰਮਾਂ ਦੇ ਜ਼ਿਕਰ ਨਾਲ, ਅਥਵਾ ਨੰਗੇ ਸਰੀਰ ਤੇ ਸੁਆਹ ਮਲ ਕੇ ਪੂਰਨ ਤਿਆਗੀ ਬਣ ਕੇ ਲੋਕਾਂ ਲਈ ਪੂਜਨੀਕ ਬਣੇ ਫਿਰਦਿਆਂ ਦੀ ਅੰਦਰੂਨੀ ਹਾਲਤ, ਸਾਰੀਆਂ ਕਾਮਨਾਵਾਂ ਅਤੇ ਵਿਕਾਰਾਂ ਨੂੰ ਮਾਰ ਲੈਣ ਦਾ ਪਖੰਡ ਰਚਾਈ ਫਿਰਦੇ ਸੰਨਿਆਸੀਆਂ ਦੀ ਅਸਲੀਯਤ ਨੰਗੀ ਕਰ ਰਹੇ ਗੁਰੂ ਸ਼ਬਦ-- ਮਾਰੂ ਮ: ੧ ॥ ਵਿਚ ਸਤਿਗੁਰੂ ਨਾਨਕ ਜੀ ਦੇ (ਚਾਰ ਚਾਰ ਪੰਗਤੀਆਂ ਦੇ) ੯ ਤੁਕਾਂ ਵਾਲੇ ਅਨਮੋਲ ਫ਼ੁਰਮਾਨ ਵਿਚਲਾ ਸਪੱਸ਼ਟ ਸੰਕੇਤ -- **ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥ {੧੦੧੩}-੭** ਅਤੇ ਫਿਰ ਪ੍ਰਭਾਤੀ ਰਾਗ ਵਿਚ ਵੀ ਅਜੇਹੇ ਤਿਆਗੀ ਜਪੀ ਤਪੀ ਬਾਰੇ ਸਤਿਗੁਰਾਂ ਦਾ ਫ਼ੁਰਮਾਨ--

੬- **ਪੂੰਅਰ ਤਾਪ ਗੇਰੀ ਕੇ ਬਸਤ੍ਰਾ ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥ ਦੇਸੁ ਛੋਡਿ ਪਰਦੇਸਹਿ ਧਾਇਆ ॥ ਪੰਚ ਚੰਡਾਲ ਨਾਲੇ ਲੈ ਆਇਆ ॥੪॥ ਕਾਨ ਫਰਾਇ ਹਿਰਾਏ ਟੂਕਾ ॥ ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ ॥ ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥ ਵੇਸਿ ਨ ਪਾਈਐ ਮਹਾ ਦੁਖਿਆਰੀ ॥੫॥{੧੩੪੯}-੨**

**ਅਰਥ**:-(ਵਡਾ ਤਪੀ ਬਣਿਆ) ਜਿਹੜਾ ਮਨੁੱਖ ਧੂਣੀਆਂ ਤਪਦਾ ਹੈ, ਗੇਰੀ-ਰੰਗੇ ਕੱਪੜੇ ਪਾਉਂਦਾ ਹੈ, (ਭਾਵ ਵਡਾ ਧਰਮੀ ਬਣਿਆ ਹੋਇਆ ਹੈ ਪਰ, ਉਂਵ ਕਿਸੇ ) ਬਿਪਤਾ ਦਾ ਮਾਰਿਆ (ਆਪਣੇ) ਘਰੋਂ ਭੱਜਾ ਫਿਰਦਾ ਹੈ, ਆਪਣਾ ਵਤਨ ਛੱਡ ਕੇ ਹੋਰ ਹੋਰ ਦੇਸਾਂ ਵਿਚ ਭਟਕਦਾ ਫਿਰਦਾ ਹੈ (ਅਜਿਹਾ ਮਨੁੱਖ ਕਾਮਾਦਿਕ) ਪੰਜ ਚੰਡਾਲ ਤਾਂ (ਅਪਣੇ ਨਾਲ ਹੀ ਲਈ ਫਿਰਦਾ ਹੈ । ੪ । (ਜਿਹੜਾ ਮਨੁੱਖ ਆਪਣੇ ਵਲੋਂ ਸ਼ਾਂਤੀ ਦੀ ਖ਼ਾਤਰ) ਕੰਨ ਪੜਵਾ ਕੇ (ਜੋਗੀ ਬਣ ਜਾਂਦਾ ਹੈ, ਪਰ ਪੇਟ ਦੀ ਭੁੱਖ ਮਿਟਾਉਣ ਲਈ ਹੋਰਨਾਂ ਦੇ) ਟੁੱਕਰ ਤੱਕਦਾ ਫਿਰਦਾ ਹੈ, ਹਰੇਕ ਘਰ (ਦੇ ਬੈਹੇ) ਤੇ ਮੰਗਦਾ ਫਿਰਾ ਹੈ, ਉਹ (ਸਗੋਂ) ਤ੍ਰਿਪਤੀ ਤੋਂ ਵਾਂਜਿਆ ਰਹਿੰਦਾ ਹੈ। (ਉਹ ਮਨੁੱਖ ਆਪਣੀ) ਇਸਤ੍ਰੀ ਛੱਡ ਕੇ ਪਰਾਈ ਇਸਤ੍ਰੀ ਵਲ ਭੈੜੀ ਨਿਗਾਹ ਰੱਖਦਾ ਹੈ। ਹੇ ਭਾਈ ਨਿਰੇ ਧਾਰਮਿਕ ਪਹਿਰਾਵੇ ਨਾਲ (ਪਰਮਾਤਮਾ) ਨਹੀਂ ਮਿਲਦਾ। (ਇਸ ਤਰ੍ਹਾਂ ਸਗੋਂ ਜਿੰਦ) ਬਹੁਤ ਦੁਖੀ ਹੁੰਦੀ ਹੈ । ੫ ॥ ---

ਏਥੇ ਹੀ ਬੱਸ ਨਹੀਂ ਰਾਮਕਲੀ ਰਾਗ ਵਿਚ ਕਈ }ਜਪੀਆਂ ਤਪੀਆਂ, ਗਿਆਨੀਆਂ ਧਿਆਨੀਆਂ ਦਾ ਜਿੰਨ੍ਹਾਂ ਨੇ ਮਨ ਦੀਆਂ ਸਾਰੀਆਂ ਕਾਮਨਾਵਾਂ ਮਾਰ ਲੈਣ ਦਾ ਢੋਲ ਵਜਾਇਆ ਹੋਇਆ ਸੀ, ਵਡੇ ਤਿਆਗੀ ਸਿਧ ਸਾਧਕਾਂ, ਮੁਨੀਆਂ ਅਤੇ ਕਈ ਦੇਵਤਿਆਂ ਦਾ ਜ਼ਿਕਰ ਕਰਕੇ ਸਤਿਗੁਰਾਂ ਨੇ ਫ਼ੁਰਮਾਨ ਕੀਤਾ ਕਿ, ਕੋਈ ਜਿੰਨਾ ਮਰਜ਼ੀ ਹੈ ਯਤਨ ਕਰ ਲਵੇ ਪਰ ਕਾਮ ਵਾਸਨਾਂ ਨੂੰ ਨਹੀਂ ਮੁਕਾ ਸਕਦਾ। ਸਗੋਂ, ਕਾਮ ਵੱਸ ਹੋਇਆ ਮਨੁੱਖ, ਨਰਕੀ ਕੀੜਾ ਬਣਨੋ ਵੀ ਨਹੀਂ ਝਿਜਕਦਾ---**ਜਤਨ ਕਰੈ ਬਿੰਦੁ ਕਿਵੈ ਨ ਰਹਾਈ ॥ ਮਨੂਆ ਡੋਲੈ ਨਰਕੇ ਪਾਈ ॥ {੯੦੫}-੬** ਕਿਸੇ ਨੌਜਵਾਨ ਬੀਬੀ ਕੋਲੋਂ ਸ਼ਾਦੀ ਦਾ ਅਰਥ ਕਾਮਯਾਬ ਅਤੇ ਅਨੰਦਮਈ ਸੁਹਾਗ-ਰਾਤ ਦੇ ਥਾਂ ਕੁਦਰਤ ਦੇ ਨਿਯਮਾਂ ਦੀ ਖੰਡਨਾ ਵਾਲਾ ਬਚਨ, ਕੇਵਲ ਤਿਆਗੀ ਹੋਣ ਦਾ ਵਿਖਾਵਾ ਰਚਾ ਕੇ ਲੋਕਾਂ ਨੂੰ ਲੁੱਟਦੇ ਫਿਰਦੇ ਪਖੰਡੀ, ਹੀ ਲੈ ਸਕਦੇ ਹਨ। ਘਟ ਘਟ ਦੀ ਜਾਣਨਹਾਰ, ਸਰਬੱਤ ਦੇ ਸੱਚੇ ਸੱਜਣ, ਵਡ-ਪਰਉਪਕਾਰੀ, ਮਹਾਂ ਬਲੀ ਮੇਰੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਮੱਥੇ, ਏਡੇ ਨਿਰਦਈਆ ਵਾਲਾ ਦੂਸ਼ਨ ? ਜ਼ਬਾਨਾ ਅਥਵਾ ਕਲਮਾਂ ਕਿਉਂ ਨਾ ਸੜ ਜਾਣ ਅਜੇਹੇ ਪਰਚਾਰਕਾਂ ਲਿਖਾਰੀਆਂ ਦੀਆਂ ।

**(ੲ)** ਸਤਿਗੁਰਾਂ ਦਾ ਫ਼ਤਵਾ ਹੈ ਕਿ ਸੰਸਾਰ ਵਿਚ ਅਜੇਹਾ ਮਹਾਂਪੁਰਖ, ਅਵਤਾਰ, ਪੇਗੰਬਰ ਅਥਵਾ ਕੋਈ ਵੀ ਮਨੁੱਖ (-ਜੀਵ) ਪੈਦਾ ਕਦੇ ਨਾ ਹੋਇਆ ਹੈ ਨਾ ਕਦੇ ਸੰਸਾਰ ਤੇ ਜਨਮ ਹੀ ਲੈ ਸਕੇਗਾ, ਜਿਸ ਨੇ ਸਰੀਰ ਵਿਚੋਂ ਖ਼ਾਰਜ ਹੁੰਦੇ ਕਾਮ ਦਾ ਰਸ (ਯੋਗ ਜਾਂ ਅਯੋਗ ਢੰਗ ਨਾਲ) ਸਾਰੀ ਉਮਰ ਕਦੇ ਸੁਪਨੇ ਵਿਚ ਵੀ ਨਾ ਮਾਣਿਆਂ ਹੋਵੇ। ਜਿਹੜੇ ਲੋਕ ਦਸਮ ਗ੍ਰੰਥ ਦਾ ਚ੍ਰਿਤਰੋ ਪਾਖਿਯਾਨ ਭਾਗ, ਦਸ਼ਮੇਸ਼ ਜੀ ਦਾ ਹੀ ਲਿਖਿਆ ਹੋਣ ਦੀ ਵਕਾਲਤ ਕਰਦੇ ਥੱਕਦੇ ਨਹੀਂ, ਉਹ ਭਲੀ-ਭਾਂਤੀ ਜਾਣਦੇ ਹਨ ਕਿ, ਉਸ ਗ੍ਰੰਥ ਵਿਚ ਅਜੇਹੀਆਂ ਕਈ ਇਸਤ੍ਰੀਆਂ ਦੀਆਂ ਗਾਥਾਵਾਂ ਹਨ ਜਿੰਨ੍ਹਾਂ ਨੇ ਕੇਵਲ ਕਾਮ ਵੱਸ ਹੋ ਕੇ ਆਪਣੇ ਪਤੀ ਭਗਵਾਨਾਂ ਨਾਲ ਧਰੋਹ ਕੀਤਾ ਅਥਵਾ ਉਨ੍ਹਾਂ ਨੂੰ ਬੁਰੇ ਹਾਲੀਂ ਕੋਹ ਕੋਹ ਕੇ ਕਤਲ ਕੀਤਾ। **ਪਹਿਲੇ ਸਰੂਪਾ ਵਿਚ ਦਸਮ ਗੁਰੂ ਨਾਨਕ ਸਾਹਿਬ ਜੀ ਦੇ ਲਿਖੇ** (ਪੜ੍ਹੋ ਅਠਵੇਂ ਭਾਗ ਦਾ ਪੰਜਵਾਂ ਕਾਂਡ) **ਕਾਮ ਬਾਰੇ ਬੇਅੰਤ ਗੁਰੂ ਬਾਣੀ ਸ਼ਬਦ। ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਕਾਮ ਦਾ ਵੇਗ ਮਨੁੱਖ ਦੀ ਅਕਲ ਮਾਰ ਲੈਂਦਾ ਹੈ**--' ਕਾਮ ' ਦੇ ਵੱਸ ਪਿਆ ਮਨੁੱਖ ਅਜੇਹੇ ਕਾਰੇ ਕਰ ਬੈਠਦਾ ਹੈ ਜਿਨ੍ਹਾਂ ਦਾ ਪਛਤਾਵਾ ਸਾਰੀ ਉਮਰ ਪਿੱਛਾ ਨਹੀਂ ਛੱਡਦਾ। ਗੁਰੂ-ਬਾਣੀ ਦਾ ਫ਼ੁਰਮਾਨ ਹੈ ਕਿ ਕਾਮ ਦਾ ਵੇਗ ਅਜੇਹਾ ਜ਼ਬਰਦਸਤ ਚੋਰ ਹੈ ਜੋ ਗਿਆਨਵਾਨ ਮਨੁੱਖ ਦਾ ਗਿਆਨ-ਰਤਨ ਚੋਰੀ ਕਰ ਲੈਂਦਾ ਹੈ:---

੭- **ਇਸੁ ਤਨ ਮਨ ਮਧੇ ਮਦਨ ਚੋਰ ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥ ਮੈ ਅਨਾਥੁ ਪ੍ਰਭ ਕਹਉ ਕਾਹਿ ॥ ਕੋ ਕੋ ਨ ਬਿਗੂਤੋ ਮੈ ਕੋ ਆਹਿ ॥੧॥ ਮਾਧਉ ਦਾਰੁਨ ਦੁਖੁ ਸਹਿਓ ਨ ਜਾਇ ॥ ਮੇਰੋ ਚਪਲ ਬੁਧਿ ਸਿਉ ਕਹਾ ਬਸਾਇ ॥੧॥ ਰਹਾਉ ॥ ਸਨਕ ਸਨੰਦਨ ਸਿਵ ਸੁਕਾਦਿ ॥ ਨਾਭਿ ਕਮਲ ਜਾਨੇ ਬ੍ਰਹਮਾਦਿ ॥ ਕਬਿ ਜਨ ਜੋਗੀ ਜਟਾਧਾਰਿ ॥ ਸਭ ਆਪਨ ਅਉਸਰ ਚਲੇ ਸਾਰਿ ॥੨॥ ਤੂ ਅਥਾਹੁ ਮੋਹਿ ਥਾਹ ਨਾਹਿ ॥ ਪ੍ਰਭ ਦੀਨਾ ਨਾਥ ਦੁਖੁ ਕਹਉ ਕਾਹਿ ॥ ਮੋਰੋ ਜਨਮ ਮਰਨ ਦੁਖੁ ਆਥਿ ਧੀਰ ॥ ਸੁਖ ਸਾਗਰ ਗੁਨ ਰਉ ਕਬੀਰ ॥੩॥੫॥** {੧੧੯੪}

**ਅਰਥ**:--ਹੇ ਮੇਰੇ ਮਾਧੋ ! ਆਪਣੀ ਚੰਚਲ ਮੱਤ ਅੱਗੇ ਮੇਰੀ ਕੋਈ ਪੇਸ਼ ਨਹੀਂ ਜਾਂਦੀ । ਇਹ ਡਾਢਾ ਭਿਆਨਕ ਦੁੱਖ ਹੁਣ ਮੈਥੋਂ ਸਹਾਰਿਆ ਨਹੀਂ ਜਾਂਦਾ । ੧ । **ਰਹਾਉ** । ਮੇਰੇ ਇਸ ਤਨ ਮਨ ਵਿਚਲੇ ਕਾਮਦੇਵ ਚੋਰ ਗਿਆਨ-ਰੂਪ ਮੇਰਾ ਰਤਨ (ਮੇਰੇ ਅੰਦਰੋਂ) ਚੁਰਾ ਲਿਆ ਹੈ (ਭਾਵ, ਜਿਸ ਨੇ ਮੇਰੀ ਸਮਝ ਵਿਗਾੜ ਦਿੱਤੀ ਹੈ) । ਹੇ ਪ੍ਰਭੂ ! ਮੈਂ ਬੜਾ ਆਜਜ਼ ਹੋ ਗਿਆ ਹਾਂ, (ਆਪਣਾ ਦੁੱਖ ਤੈਥੋਂ ਬਿਨਾ ਮੈਂ ਹੋਰ) ਕਿਸ ਨੂੰ ਦੱਸਾਂ ? (ਇਸ ਕਾਮ ਦੇ ਹੱਥੋਂ) ਕੌਣ ਕੌਣ ਖ਼ੁਆਰ ਨਹੀਂ ਹੋਇਆ ? ਮੇਰੀ ਗ਼ਰੀਬ ਦੀ ਕੀ ਪਾਇਆਂ ਹੈ ? । ੧ । ਸਨਕ,

ਸਨੰਦਨ, (=ਦੋਵੇਂ ਕਥਿਤ ਬ੍ਰਹਮਾ ਦੇ ਕਥਿਤ ਪੁੱਤਰ), ਸ਼ਿਵ, ਸੁਕਦੇਵ ਵਰਗੇ (ਵੱਡੇ ਵੱਡੇ ਰਿਸ਼ੀ ਤਪੀ) ਕਮਲ ਦੀ ਨਾਭੀ ਤੋਂ ਜਨਮੇ ਹੋਏ ਬ੍ਰਹਮਾ ਆਦਿਕ, ਕਵੀ ਲੋਕ, ਜੋਗੀ ਜਟਾਧਾਰੀ ਸਾਧੂ--ਇਹ ਸਭ (ਕਾਮ ਤੋਂ ਡਰਦੇ) ਆਪੋ ਆਪਣੇ ਵੇਲੇ ਦਿਨ-ਕਟੀ ਕਰ ਕੇ ਚਲੇ ਗਏ **। ੨ ।** ਕਬੀਰ ਸਾਹਿਬ ਦਾ ਫ਼ੁਰਮਾਨ--(ਕਾਮ ਆਦਿਕ ਤੋਂ ਬਚਨ ਲਈ ਇੱਕੋ ਪ੍ਰਭੂ ਹੀ ਆਸਰਾ ਹੈ, ਉਸ ਅੱਗੇ ਇਉਂ ਅਰਜ਼ੋਈ ਕਰ--) ਹੇ ਸੁਖਾਂ ਦੇ ਪ੍ਰਭੂ ! ਹੇ ਦੀਨਾਨਾਥ ਪਰਮੇਸ਼ਵਰ ! ਤੂੰ ਡੂੰਘੇ ਜਿਗਰੇ ਵਾਲਾ ਹੈਂ, ਮੈਂ (ਤੇਰੇ ਗੰਭੀਰ ਸਮੁੰਦਰ ਵਰਗੇ ਦਿਲ ਦੀ) ਹਾਥ ਨਹੀਂ ਪਾ ਸਕਦਾ । ਮੈਂ ਹੋਰ ਕਿਸ ਅੱਗੇ ਅਰਜ਼ੋਈ ਕਰਾਂ ? ਮਾਇਆ ਤੋਂ ਪੈਦਾ ਹੋਇਆ ਇਹ ਮੇਰਾ ਸਾਰੀ ਉਮਰ ਦਾ ਦੁੱਖ ਦੂਰ ਕਰ, ਤਾਂ ਜੁ ਮੈਂ ਤੇਰੇ ਗੁਣ ਚੇਤੇ ਕਰ ਸਕਾਂ । ੩ ।

੮- **ਇਸਤਰੀ ਪੁਰਖ ਕਾਮਿ ਵਿਆਪੇ ਜੀਉ ਰਾਮ ਨਾਮ ਕੀ ਬਿਧਿ ਨਹੀ ਜਾਣੀ ॥**
**ਮਾਤ ਪਿਤਾ ਸੁਤ ਭਾਈ ਖਰੇ ਪਿਆਰੇ ਜੀਉ ਡੂਬਿ ਮੁਏ ਬਿਨੁ ਪਾਣੀ ॥.....੨ ॥** {੨੪੬}-੪

**ਅਰਥ**:--(ਮਾਇਆ ਦੇ ਮੋਹ ਦੇ ਪ੍ਰਭਾਵ ਹੇਠ ਆਏ) ਇਸਤ੍ਰੀ ਅਤੇ ਮਰਦ ਕਾਮ-ਵਾਸਨਾ ਵਿਚ ਫਸੇ ਰਹਿੰਦੇ ਹਨ, ਪਰਮਾਤਮਾ ਦਾ ਨਾਮ ਸਿਮਰਨ ਦੀ ਜਾਚ ਨਹੀਂ ਸਿੱਖਦੇ । ਮਾਂ ਪਿਉ ਪੁੱਤਰ, ਭਰਾ ਹੀ ਬਹੁਤ ਪਿਆਰੇ ਲੱਗਦੇ ਹਨ, (ਪਰਵਾਰ-ਰੂਪ ਮਾਇਆ ਦੇ ਸਰੋਵਰ ਵਿਚ) ਪਾਣੀ ਨਹੀਂ, (ਪਾਣੀ ਦੇ ਥਾਂ ਮੋਹ ਹੈ ਉਸ ਵਿਚ) ਡੁੱਬ ਕੇ (ਨਕਾ-ਨਕ ਫਸ ਕੇ) ਆਤਮਕ ਮੌਤ ਸਹੇੜਦੇ ਹਨ ।

ਬਸੰਤ ਰਾਗ ਵਿਚ ਨੌਵੇ ਸਤਿਗੁਰੂ ਨਾਨਕ ਗੁਰੂ ਤੇਗ਼ਬਹਾਦਰ ਜੀ ਦਾ ਫ਼ੁਰਮਾਨ:--

੯- **ਪਾਪੀ ਹੀਐ ਮੈ ਕਾਮੁ ਬਸਾਇ ॥ ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥੧॥ ਰਹਾਉ ॥**
**ਜੋਗੀ ਜੰਗਮ ਅਰੁ ਸੰਨਿਆਸ ॥ ਸਭ ਹੀ ਪਰਿ ਡਾਰੀ ਇਹ ਫਾਸ ॥੧॥** {੧੧੮੬}-੨

**ਅਰਥ**::-ਪਧਪਠ ਵਿਚ ਫਸਾਉਣ ਵਾਲੀ ਕਾਮ-ਵਾਸਨਾ (ਮਨੁੱਖ ਦੇ) ਹਿਰਦੇ ਵਿਚ ਟਿਕੀ ਰਹਿੰਦੀ ਹੈ।, ਇਸ ਵਾਸਤੇ(ਮਨੱਖ ਦਾ) ਚੰਚਲ ਮਨ ਕਾਬੂ ਨਹੀ' ਆ ਸਕਦਾ । ੧ । ਰਹਾਉ ।ਜੋਗੀ ਜੰਗਮ ਅਤੇ ਸੰਨਿਆਸੀ ਇਨ੍ਹਾਂ ਸਭਨਾਂ ਉੱਤੇ (ਕਾਮ ਵਾਸਨਾ ਦੀ) ਇਹ ਫਤਹੀ ਪਈ ਹੋਈ ਹੈ । ੧ ।

ਜਿਸ ਕਾਮ ਬਾਰੇ ਦਸ਼ਮੇਸ਼ ਜੀ ਦੇ ਪਿਤਾਮਾ ਗੁਰਦੇਵ, ਪੰਚਮ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਇਹ ਫ਼ੁਰਮਾਨ:--

੧●- **ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥ ਚਿਤ ਹਰਣੰ ਤ੍ਰੈ ਲੋਕ ਗੰਮੵੰ ਜਪ**
**ਤਪ ਸੀਲ ਬਿਦਾਰਣਹ ॥ ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ ॥**
**ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ ॥੪੬॥**{੧੩੫੮}

ਅਰਥ:--ਹੇ ਕਾਮ ! ਤੂੰ (ਜੀਵਾਂ ਨੂੰ ਆਪਣੇ ਵੱਸ ਵਿਚ ਕਰ ਕੇ) ਨਰਕ ਵਿਚ ਅਪੜਾਉਣ ਵਾਲਾ ਹੈਂ, ਅਤੇ ਕਈ ਜੂਨਾਂ ਵਿਚ ਭਟਕਾਉਣ ਵਾਲਾ ਹੈ । ਤੂੰ ਜੀਵਾਂ ਦੇ ਮਨ ਭਰਮਾ ਲੈਂਦਾ ਹੈਂ, ਤਿੰਨਾਂ ਹੀ ਲੋਕਾਂ ਵਿਚ ਤੇਰੀ ਪਹੁੰਚ ਹੈ, ਤੂੰ ਜੀਵਾਂ ਦੇ ਜਪ ਤਪ ਤੇ ਸੁੱਧ ਆਚਰਨ ਨਾਸ ਕਰ ਦਿੰਦਾ ਹੈਂ ।

ਹੇ ਚੰਚਲ ਕਾਮ ! ਤੂੰ ਸੁਖ ਤਾਂ ਥੋੜਾ ਹੀ ਦਿੰਦਾ ਹੈਂ, ਪਰ ਇਸੇ ਨਾਲ ਤੂੰ ਜੀਵਾਂ ਨੂੰ (ਸੁੱਧ ਆਚਰਨ ਦੇ) ਧਨ ਤੋਂ ਸੱਖਣਾ ਕਰ ਦਿੰਦਾ ਹੈਂ । ਜੀਵ ਉੱਚੇ ਹੋਣ, ਨੀਵੇਂ ਹੋਣ, ਸਭਨਾਂ ਵਿਚ ਤੂੰ ਪਹੁੰਚ ਜਾਂਦਾ ਹੈ । ਸਾਧ (-ਗੁਰੂ ਗ੍ਰੰਥ ਸਾਹਿਬ ਦੀ) ਸੰਗਤਿ ਵਿਚ ਪਹੁੰਚਿਆਂ ਤੇਰੇ ਡਰ ਤੋਂ ਖ਼ਲਾਸੀ ਹੈ । ਗੁਰਦੇਵ ਜੀ ਦਾ ਫ਼ੁਰਮਾਨ-- (ਸਾਧ ਗੁਰੂ ਗ੍ਰੰਥ ਸਾਹਿਬ ਦੇ ਸੰਗ ਵਿਚ ਜਾ ਕੇ) ਪ੍ਰਭੂ ਦੀ ਸਰਨ ਲੈ । ੪੬ । * [**Foot note:--**ਰਮਾਇਣ ਦੀ Video Documentary ਵਿਚ, **ਵਿਸ਼ਵਾਮਿਤ੍ਰ** ਨਾਮੀ ਬੜਾ ਪ੍ਰਸਿੱਧ ਰਿਖੀ, ਇਕ ਸੁੰਦਰ ਅਪੱਛਰਾ ਦੇ ਪ੍ਰੇਮ-ਜਾਲ ਵਿਚ ਫਸ ਕੇ, ਆਪਣਾ ਕਈ ਸਾਲਾਂ ਦਾ ਤਪ, ਨਸ਼ਟ ਕਰਦਾ ਦਰਸਾਇਆ ਹੋਇਆ ਹੈ । (੨) ਸਿੱਖ ਇਤਿਹਾਸ ਵਿਚ ਵੀ ਢਾਂਡੀਆਂ, ਰਾਗੀਆਂ ਪਰਚਾਰਕਾਂ ਆਦਿ ਨੇ ਇੱਕ ਸਾਖੀ ਵਿਚ ਦਸ਼ਮੇਸ਼ ਜੀ ਦੇ ਨਿਕਟਵਰਤੀ, ਭਾਈ ਜੋਗਾ ਸਿੰਘ ਨਾਮਕ ਸਿਦਕੀ ਸਿੱਖ ਨੂੰ, ਹੁਸ਼ਿਆਪੁਰ ਦੀ ਕਿਸੇ ਵੇਸਵਾ ਨੂੰ ਵੇਖ ਕੇ ਸਿਦਕ ਤੋਂ ਡੋਲਿਆਂ ਹੋਇਆ ਦਰਸਾ ਕੇ ਸੰਗਤਿ ਕੋਲੋਂ ਮਾਇਆ ਠੱਗ ਖਾਣ ਦਾ ਪਰਪੰਚ ਰਚਾਇਆ ਹੋਇਆ ਹੈ । ਭਾਂਵੇਂ ਇਸ ਕਹਾਣੀ ਨੂੰ ਪੰਥ ਵਿਰੋਧੀਆਂ ਨੇ ਹੀ ਕਿਸੇ ਕਿਤਾਬ ਵਿਚ ਲਿਖ ਦਿੱਤਾ ਹੋਵੇ ਪਰ ਇਹ ਗਥਾ ਇੱਕ ਸਾਖੀ ਦੇ ਰੂਪ ਵਿਚ ਗੁਰੂ ਦਰਬਾਰਾਂ ਦਾ ਸਿੰਗਾਰ ਬਣ ਰਹੀ ਹੁੰਦੀ ਹੈ। ਕੁਦਰਤ ਦੇ ਇਸ ਨਿਯਮ ਦੀ ਅਟੱਲਤਾ ਸਪੱਸ਼ਟ ਹੈ ਕਿ, ਸੰਸਾਰ ਵਿਚ ਕੋਈ ਜੀਵ ਕਾਮ-ਰਸ ਤੋਂ ਅਣਜਾਣ ਨਹੀਂ ਰਹਿ ਸਕਦਾ ]

ਜਵਾਨੀ ਚੜ੍ਹ ਰਹੀ ਬੀਬੀ ਜੀ ਤੋਂ ਕਾਦਰ ਦਾ ਮੂੰਹ ਚਿੜਾਉਣ ਵਾਲਾ ਬਚਨ (Promise) ਲੈਣ ਦੀ ਗੱਲ, ਉਸ ਸੁਜਾਨ ਸਤਿਗੁਰੂ ਜੀ ਦੇ ਪਾਵਨ ਨਾਮਣੇ ਨਾਲ ਮੜ੍ਹਨੀ, ਜੋ ਆਏ ਹੀ ਗ੍ਰਿਹਸਤ ਵਿਚ ਸੱਚਾ ਉਦਾਸੀ ਜੀਵਨ ਬਿਤਾਉਣ ਦੀ ਜਾਚ ਸਿਖਾਉਣ ਸਨ ? ਸ਼ਾਦੀ ਕਰਨ ਲਈ ਕਾਦਰ ਦੇ ਅਟੱਲ ਨਿਯੱਮ ਦੀ ਖੰਡਨਾ ਵਾਲੀ ਸ਼ਰਤ ? ਰਾਤ ਦਿਨ ਆਪਣੇ ਪਤੀ ਦੀ ਸੇਵਾ ਕਰਦਿਆਂ ਹੋਇਆਂ " ਕਾਮ ਭੋਗ ਦਾ ਪੂਰਾ ਤਿਆਗ " ? ਅੱਗ ਕੋਲ ਵੱਸਦੀ ਮੋਮ ਨੂੰ ਕਦੇ ਵੀ ਨਰਮ ਨਾ ਹੋਣ ਦਾ ਆਦੇਸ਼ ? ਅਜੇਹੀ ਅਣਹੋਣੀ ਗੱਲ ਦੀ ਆਸ ਇੱਕ ਜਵਾਨੀ ਚੜ੍ਹ ਰਹੀ ਅਲ੍ਹੜ ਬਾਲੜੀ ਕੋਲੋਂ " ?

**(ਸ) ਇਸ ਗੱਲ ਨੂੰ ਵੀ ਝਟ ਪਟ ਰੱਦ ਨਹੀਂ ਕੀਤਾ ਜਾ ਸਕਦਾ ਕਿ, ਇਸ ਦੇਸ਼ ਵਿਚ ਪੱਥਰ-ਰੂਪੀ ਭਗਵਾਨ ਨਾਲ ਸ਼ਾਦੀ ਦੀ ਗੱਲ ਚੱਲੀ ਸੀ ਤਾਂ ਹਜ਼ਾਰਾਂ ਬੀਬੀਆਂ ਨੇ ਰਾਮਜਣੀਆਂ ਦਾ ਰੂਪ ਧਾਰ ਲੈਣ ਵਿਚ ਕੀ ਪੁੰਨ ਅਤੇ ਫਲੀਆਂ ਵਾਲਾ ਅਨੰਦ ਨਹੀਂ ਮਾਣਿਆਂ ? ਕੇਵਲ ਸੁਪਨਾ ਆਉਣ ਨਾਲ ਕੋਈ ਬੀਬੀ ਸੰਗਤ ਦੀ ਮਾਤਾ ਅਤੇ ਫਿਰ ਦਸ਼ਮੇਸ਼ ਜੀ ਵਰਗੇ ਮਹਾਂਬਲੀ ਗੁਰੂ-ਪਰਮੇਸ਼ਰ ਦੀ ਪਤਨੀ ਬਣ ਸਕਦੀ ਹੁੰਦੀ ਤਾਂ ਕਈ ਬੀਬੀਆਂ ਨੂੰ ਅਜੇਹੇ ਸੁਪਨੇ ਵੀ ਆਉਣੇ ਅਰੰਭ ਹੋ ਜਾਣੇ ਸਨ ਕਿ, ਦਸ਼ਮੇਸ਼ ਜੀ ਬਿਨਾ ਕਿਸੇ ਸ਼ਰਤ ਦੇ ਉਸ ਦੇ ਪਤੀ ਬਣਨ ਲਈ ਮਜਬੂਰ ਹੋ ਜਾਇਆ ਕਰਦੇ । ਜਿਵੇਂ, (ਕਥਿਤ ਤੌਰ ਤੇ) ਪੰਚਮ ਪਾਤਸ਼ਾਹ ਜੀ ਦੇ ਦਰਸ਼ਨਾਂ ਨੂੰ ਆਇਆ ਮੰਡੀ ਦਾ ਰਾਜਾ--" ਲੇਖ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥ " ਪੰਗਤੀ ਸੁਣ ਦੇ ਮੁੜ ਗਿਆ ਅਤੇ ਸੁਪਨੇ ਵਿਚ ਚੂੜ੍ਹਿਆਂ ਦੇ ਘਰ ਜਾ ਪੈਦਾ ਹੋਇਆ ਅਤੇ ਸਾਰੀ ਉਮਰ ਜ਼ਿਮੀਦਾਰਾ ਦੀ ਨੌਕਰੀ ਕਰਦਾ, ਧੀਆਂ ਪੁੱਤਰਾਂ ਵਾਲਾ ਹੋ ਕੇ ਮਰਿਆ--ਗੁਰੂ ਦਰਬਾਰਾਂ ਵਿਚ ਹੀ ਦਰਸਾਇਆ ਜਾ ਰਿਹਾ ਹੁੰਦਾ ਹੈ । ਸੁਪਨੇ ਦੀ ਉਸ ਗੱਲ ਵਾਂਗ ਕੀ, ਕੋਈ ਬੀਬੀ ਏਥੋਂ ਤੱਕ ਨਹੀਂ ਸੀ ਪੁੱਜ ਸਕਣੀ ਕਿ ਸੁਪਨੇ ਵਿਚ ਸਤਿਗੁਰੂ ਜੀ ਤੋਂ ਮੇਰੀ ਕੁਖੋਂ ਇੱਕ ਜਾਂ ਵੱਧ ਕਾਕਿਆਂ ਨੇ ਜਨਮ ਲਿਆ ਸੀ ? ਸਾਧਾਰਨ ਮਨੁੱਖ ਦੇ ਅਚਰਨ ਵਿਚ ਅਜੇਹੀਆਂ ਕਮਜ਼ੋਰਿਆਂ ਦੇ ਆ ਜਾਣ ਦਾ ਸਤਿਗੁਰਾਂ ਨੂੰ ਪੂਰਨ ਗਿਆਨ ਸੀ। ਇਸ ਲਈ ਇਸ ਨਿਰਮੂਲ ਕਹਾਣੀ ਨਾਲ ਸਤਿਗੁਰਾਂ ਦਾ ਦੂਰ ਦਾ ਵੀ ਵਸਤਾ ਨਹੀਂ ਮੰਨਿਆਂ ਜਾ ਸਕਦਾ। ਅਜੇਹੀ ਘਟਨਾ ਕਦੇ ਦਸ਼ਮੇਸ਼ ਪਿਤਾ ਜੀ ਦੇ ਦਰਬਾਰ ਵਿਚ ਵਰਤੀ ਸੀ--ਇਤਿਹਾਸ ਵਿਚ ਅਜੇਹਾ ਲਿਖਿਆ ਜਾਣਾ, ਨਿਰੰਦੇਹ ਗੰਭੀਰ ਸਾਜ਼ਸ਼ ਅਤੇ ਕੁਟਲਤਾ ਦੀ ਦੇਣ ਹੈ ।**

੧੧– **ਸਜਣ ਮੁਖੁ ਅਨੂਪੁ ਅਠੇ ਪਹਰ ਨਿਹਾਲਸਾ ॥**
**ਸੁਤੜੀ ਸੋ ਸਹੁ ਡਿਠੁ ਤੈ ਸੁਪਨੇ ਹਉ ਖੰਨੀਐ ॥੨॥** {੧੧●●}-੧੭

**(ਹ) ਇਹ ਦਲੀਲ ਕਿ** ਸਤਿਗੁਰਾਂ ਦੀ ਮਿਹਰ ਹੋਵੇ ਤਾਂ ਕਾਮ ਕਦੇ ਤੰਗ ਨਹੀਂ ਕਰਦਾ---ਗੁਰਮਤਿ ਵਿਰੋਧੀ ਭਰਮ ਪੈਦਾ ਕਰਨ ਵਾਲਾ ਬੇ-ਦਲੀਲਾ ਢੁੱਚਰ ਹੈ। ਕਾਦਰ ਦੇ ਨਿੱਯਮਾਂ ਦੀ ਖੰਡਨਾਂ ਵਾਲਾ ਬਚਨ ਮਿਹਰ ਨਹੀਂ, ਸਗੋਂ ਕਹਿਰ ਹੋ ਨਿਬੜਦਾ ਹੈ। ਫਿਰ ਸਤਿਗੁਰੂ ਨਾਨਕ ਸਾਹਿਬ ਤਾਂ ਆਏ ਹੀ ਕਾਦਰ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਹੋਇਆ ਗ੍ਰਿਹਸਤ ਦੇ ਫ਼ਰਜ ਨਿਭਾਉਣ ਦਾ ਸਿਧਾਂਤ ਸਿਖਾਉਣ ਸਨ। ਸਤਿਗੁਰਾਂ ਦਾ ਦਿਲੋਂ ਸੰਗ ਪ੍ਰਾਪਤ ਹੋ ਜਾਣ ਵਾਲਿਆਂ ਵਡਭਾਗੀਆਂ ਨੂੰ ਤਾਂ ਸਗੋਂ--**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ ੨ ॥**[੫੨੨] ਹਿਰਦੇ ਤੋਂ ਦਸ਼ਮੇਸ਼ ਜੀ ਦੇ ਸੰਗੀਆਂ ਨੂੰ ਤਾਂ ਸਗੋਂ ਜੀਵਨ ਦੇ ਸਾਰੇ ਰਸ ਮਾਣਦਿਆਂ, ਕਾਦਰ ਦੇ ਸਾਰੇ ਨਿੱਯਮ-ਰੂਪ ਹੁਕਮਾਂ ਦੀ ਪਾਲਣਾ ਕਰਦਿਆਂ ਨਿਰਬਾਣ-ਪਦ ਅਥਵਾ ਗੁਰਮੁਖ-ਪਦ ਦੀ ਪ੍ਰਾਪਤੀ ਕਰ ਸਕਣ ਦੀ ਸਮਰਥਾ ਪ੍ਰਾਪਤ ਹੁੰਦੀ ਹੈ। ਸਤਿਗੁਰਾਂ ਦੀ ਮਨੋ ਨੇੜਤਾ ਪ੍ਰਾਪਤ ਕਰ ਲੈਣ ਵਾਲਿਆਂ ਨੂੰ ਸਗੋਂ ਗ੍ਰਹਸਤੀ ਜੀਵਨ ਦੇ ਸਾਰੇ ਨਿੱਯਮ ਨਿਭਾਉਂਦਿਆਂ, ਦੁਰਲੱਭ ਮਨੁੱਖਾ ਦੇਹੀ ਦਾ ਹਰ ਰਸ ਸੰਜਮ ਵਿਚ ਰਹਿ ਕੇ ਮਾਣਦਿਆਂ ਹੱਸਦਿਆਂ ਖੇਡਦਿਆਂ ਅਤੇ ਦੂਜਿਆਂ ਨੂੰ ਖੁਸ਼ੀ ਰੱਖਣ ਲਈ ਸਦਾ ਯਤਨ-ਸ਼ੀਲ ਰਹਿੰਦਿਆਂ, ਹਰ ਪੱਖੋਂ ਨਿਰਲੇਪਤਾ ਦਾ ਜੀਵਨ ਗੁਜ਼ਾਰਦਿਆਂ ਪ੍ਰਭੂ ਦੇ ਦਰਬਾਰ ਵਿਚ ਮਾਣ ਪ੍ਰਾਪਤ ਕਰ ਸਕਣ ਦੀ ਜੀਵਨ-ਜਾਚ ਆਉਂਣੀ ਹੁੰਦੀ ਹੈ। ਸ਼ਾਦੀ ਕਰਨ ਸਮੇ ਜਵਾਨੀ ਚੜ੍ਹ ਰਹੇ ਸਾਥੀ ਤੋਂ ਕਾਮ-ਇਛਿਆ ਨੂੰ ਮਾਰੀ ਰੱਖਣ ਪ੍ਰਣ ਲੈ ਕੇ ਗੁਰਮਤਿ ਦੀ ਖੰਡਨਾਂ ਵਾਲਾ ਕਰਮ ਪਰਮ-ਗਿਆਨੀ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਮੜ੍ਹਨਾ, ਸਿੱਖੀ ਦੇ ਵਿਰੋਧੀਆਂ ਦੀ ਚਾਲ ਤੋਂ ਛੁੱਟ ਹੋਰ ਦੂਜੀ ਗੱਲ ਹੋ ਹੀ ਨਹੀਂ ਸਕਦੀ। [ਨੋਟ:--ਇਹ ਵੀ ਨਾ ਭੁੱਲੀਏ--**ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥ ਨਾਨਕ ਸਤਿਗੁਰੁ ਤਾ ਮਿਲੈ ਜਾ ਮਨੁ ਰਹੈ ਹਦੂਰਿ ॥ ੨ ॥**[੮੪] ਸਰੀਰ ਕਰਕੇ ਨੇੜਤਾ ਉਨ੍ਹਾਂ ਦੋ ਪਠਾਣ ਭਰਾਵਾਂ ਨੂੰ ਵੀ ਪ੍ਰਾਪਤ ਸੀ ਜਿਨ੍ਹਾਂ ਨੇ ਸਤਿਗੁਰਾਂ ਤੇ ਜਾਨ ਲੇਵਾ ਵਾਰ ਕਰਨ ਲਈ ਸਤਿਗੁਰਾਂ ਦਾ ਅਤੇ ਸੰਗਤਿ ਦਾ ਵਿਸ਼ਵਾਸ਼ ਜਿੱਤਣਾ ਸੀ। ਉਹ ਵੀ ਕਈ ਮਹੀਨੇ ਸਤਿਗੁਰਾਂ ਦੀ ਬੜੀ ਸੇਵਾ ਕਰਦੇ ਰਹੇ ਸਨ। ਸਤਿਗੁਰਾਂ ਨੇ ਉਨ੍ਹਾਂ ਦੇ ਹੱਥੋਂ ਜ਼ਖਮੀ ਹੋ ਕੇ ਪ੍ਰਲੋਕ ਸਿਧਾਰਨ ਦਾ ਕੌਤਕ ਕੀ ਆਪਣੀ ਖੁਸ਼ੀ ਨਾਲ ਵਰਤਾਇਆ ਸੀ ? ਕੀ, ਸਤਿਗੁਰਾਂ ਨੇ ਆਤਮ ਹੱਤਿਆ ਕਰਨ ਦਾ ਇਹ ਨਿਆਰਾ ਢੰਗ ਵਰਤਿਆ ਸੀ ? ਕੀ, ਸਤਿਗੁਰੂ ਨਾਨਕ ਜੀ (ਪੁਹਲਾਂ ਸਰੂਪ ਵਾਂਗ) ਗੁਰਮਖਿ ਸਵੈ ਇਛਿਆ ਨਾਲ ਆਪਣੇ ਨਿਜ ਧਾਮ ਵਲ ਨੂੰ ਨਹੀਂ ਸੀ ਪਰਤ ਸਕਦਾ ? ਯਥਾ--**ਗੁਰਮਖਿ ਆਵੈ ਜਾਇ ਨਿਸੰਗੁ ॥ ਪਰਹਰਿ ਮੈਲੁ ਜਲਾਇ ਕਲੰਕੁ ॥**[੯੩੨] ਝੂਠ ਦਾ ਆਸਰਾ ਲੈਣ ਦੀ ਗੱਲ ਬਿੱਪ੍ਰੀ ਮਤਿ ਹੈ। ਜਵਾਨੀ ਚੜ੍ਹ ਰਹੀ ਅਲ੍ਹੜ ਬੀਬੀ ਨਾਲ ਗ਼ੈਰ-ਕੁਦਰਤੀ ਆਤਮਕ ਵਿਆਹ ? ਮਨ-ਹਿਰਦੇ ਤੋਂ ਅਜੇਹੇ ਵਿਆਹ ਨੂੰ ਸੱਚ ਮੰਨ ਲੈਣਾ, ਕਾਦਰ ਦੇ ਅਟੱਲ ਨਿਯਮ ਨਾਲ ਠੱਠਾ ਹੈ ।............

**(੨) ਕਹਾਣੀ ਦਾ ਦੂਜਾ ਪੱਖ**--ਪੁੱਤਰ ਪ੍ਰਾਪਤੀ ਦੀ ਇਛਿਆ ਦਾ ਪ੍ਰਗਟਾਵਾ ਅਤੇ ਦਸ਼ਮੇਸ਼ ਜੀ ਦਾ ਬਚਨ--

ਇਸਤ੍ਰੀ ਮਰਦ ਦੇ ਸੰਬੰਧਾਂ ਦੇ ਅਨੁਭਵ ਨੂੰ ਜੇ, ਬਿਬੇਕ ਬੁੱਧੀ ਦੇ ਨੇੜੇ ਢੁੱਕ ਲੈਣ ਦੇਈਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ, ਕਥਿਤ ਸਾਹਿਬ ਕੌਰ ਜੀ ਵਰਗੇ ਵਿਆਹੁਤਾ ਪਤਨੀ, ਵਲੋਂ ਆਪਣੇ ਪਤੀ ਕੋਲੋਂ ਪੁੱਤਰ ਦੀ ਮੰਗ ਦਾ ਸਪੱਸ਼ਟ ਅਰਥ ਉਸ ਕਾਮ ਭੋਗ ਦੀ ਮੰਗ ਹੀ ਬਣਦਾ ਹੈ ਜਿਸ ਤੋਂ ਉਨ੍ਹਾਂ ਨੂੰ ਵਾਂਜਿਆਂ ਰਖਿਆ ਗਿਆ ਸੀ। (ਮਾਤਾ) ਸਾਹਿਬ ਕੌਰ ਜੇਹੇ ਪਤੀ-ਬ੍ਰਤਾ ਅਤੇ ਸ਼ਰਮ ਹਯਾ ਦੇ ਪੁਤਲੇ ਸੁਪੱਤਨੀ ਜੀ, ਦਰਬਾਰ ਵਿਚ ਬੈਠੇ , ਜਾਂ ਕਿਸੇ ਵੀ ਦੂਜੇ ਦੀ ਹਾਜ਼ਰੀ ਸਮੇ, ਆਪਣੇ ਪਤੀ-ਗੁਰਦੇਵ ਜੀ ਤੋਂ, ਅਜੇਹੀ ਮੰਗ ਕਿਸੇ ਹਾਲਤ ਵਿਚ ਵੀ ਨਹੀਂ ਸਨ ਕਰ ਸਕਦੇ। ਸਪੱਸ਼ਟ ਹੈ ਕਿ ਅਜੇਹੀ ਮੰਗ ਇਕਾਂਤ ਵਿਚ, ਪਤੀ ਦੀ ਮੁੱਠੀ ਚਾਪੀ ਆਦਿ ਦੀ ਸੇਵਾ ਨਿਭਾਉਂਦਿਆਂ ਸਮੇ ਹੀ ਕੀਤੀ ਜਾਣੀ ਸੀ। ਫਿਰ ਹੈਰਾਨੀ ਹੈ ਕਿ, ਪਤੀ ਪਤਨੀ ਦੀ ਪਰਦੇ ਵਾਲੀ ਅਜੇਹੀ ਗੱਲ ਲਿਖਾਰੀਆਂ ਕੋਲ ਕਿਵੇ ਪੁੱਜੀ ? ਕੀ, ਦਸ਼ਮੇਸ਼ ਜੀ ਨੇ ਆਪ ਹੀ ਸੰਗਤ ਨੂੰ ਆ ਦਸਿਆ ਸੀ ਕਿ, ਅੱਜ ਰਾਤੀਂ ਸਾਹਿਬ ਕੌਰ ਆਪਣੇ ਬਚਨਾਂ ਤੋਂ ਥਿੜਕੀ ਫਿਰਦੀ, ਭਾਂਪ ਕੇ ਅਸਾਂ ਝੱਟ ਇਸ ਦੀ ਝੋਲੀ ਖ਼ਾਲਸਾ ਜੀ ਨੂੰ ਪਾ ਦਿੱਤਾ ਹੈ ? ਕਿੱਡੀ ਹਾਸੋ ਹੀਣੀ ਅਤੇ ਨਾ ਮੰਨਣ ਜੋਗ ਹੁੱਜਤ ਅਥਵਾ ਅਲੋਕਾਰ ਗੱਲ ਹੈ ? ਸਿੱਖ ਦਾ ਰੂਹਾਨੀ ਰਿਸ਼ਤਾ ਕੇਵਲ ਆਪਣੇ ਸਤਿਗੁਰੂ ਜੀ ਨਾਲ ਹੈ। ਅਤੇ ਬਿੰਦੀ ਔਲਾਦ ਕੇਵਲ ਜਨਮ ਦਾਤੀ ਮਾਤਾ ਦੀ ਹੀ ਮੰਨੀ ਜਾ ਸਕਦੀ ਹੈ। ਅਤੇ ਸੱਚੇ ਸਤਿਗੁਰੂ ਜੀ ਨਾਨਕ ਸਾਹਿਬ ਜੀ ਵਿਚ ਸਮਾਏ ਬਾਕੀ ਦਸੋਂ ਸਰੂਪ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੱਕ) ਸਾਡੇ ਮਾਤਾ-ਪਿਤਾ-ਪਰਮੇਸ਼ਰ ਸਭ ਕੁਝ ਸਤਿਗੁਰੂ ਜੀ ਹੀ ਹਨ--

੧੨– **ਮਧੁਸੂਦਨ ਮੇਰੇ ਮਨ ਤਨ ਪ੍ਰਾਨਾ ॥ ਹਉ ਹਰਿ ਬਿਨੁ ਦੂਜਾ ਅਵਰੁ ਨ ਜਾਨਾ ॥ ਕੋਈ ਸਜਣੁ ਸੰਤੁ ਮਿਲੈ ਵਡਭਾਗੀ ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ ॥੧॥ ਹਉ ਮਨੁ ਤਨੁ ਖੋਜੀ ਭਾਲਿ ਭਾਲਾਈ ॥ ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ ॥ ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥੨॥ ਮੇਰਾ ਪਿਆਰਾ ਪ੍ਰੀਤਮੁ ਸਤਿਗੁਰੁ ਰਖਵਾਲਾ ॥ ਹਮ ਬਾਰਿਕ ਦੀਨ ਕਰਹੁ ਪ੍ਰਤਿਪਾਲਾ ॥ ਮੇਰਾ ਮਾਤ ਪਿਤਾ ਗੁਰੁ ਸਤਿਗੁਰੁ ਪੂਰਾ ਗੁਰ ਜਲ ਮਿਲਿ ਕਮਲੁ ਵਿਗਸੈ ਜੀਉ ॥੩॥ ਮੈ ਬਿਨੁ ਗੁਰ ਦੇਖੇ ਨੀਦ ਨ ਆਵੈ ॥ ਮੇਰੇ ਮਨ ਤਨਿ ਵੇਦਨ ਗੁਰ ਬਿਰਹੁ ਲਗਾਵੈ ॥ ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ ਜਨ ਨਾਨਕ ਗੁਰ ਮਿਲਿ ਰਹਸੈ ਜੀਉ ॥੪॥੨॥** {੯੪}

ਸਾਰੇ ਤੱਥ ਵਿਚਾਰੇ ਬਿਨਾ ਖ਼ਾਲਸਾ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਕੇਵਲ ਉਸੇ ਪਾਵਨ ਸਰੂਪ ਨੂੰ ਖ਼ਾਲਸਾ ਜੀ ਦਾ ਜਨਮ ਦਾਤਾ ਮੰਨ ਲਿਆ ਜਿਨ੍ਹਾਂ ਨੇ ਮਾਤਾ ਸਾਹਿਬ ਦੇਵਾਂ ਜੀ ਨਾਲ (ਸਿਰਜਣਹਾਰ ਦੀ ਅਟੱਲ ਮਰਯਾਦਾ ਅਤੇ ਸਮਾਜ ਦੇ ਨੇਮਾ ਦੇ ਵਿਰੋਧ ਵਾਲਾ) ਕਥਿਤ ਆਤਮਕ ਵਿਆਹ ਕੀਤਾ ਹੋਇਆ ਸੀ ? ਫਿਰ ਸਾਡਾ ਰਿਸ਼ਤਾ ਮਾਤਾ ਸੁਲੱਖਣੀ ਜੀ ਦੇ ਪਤੀ--ਸ੍ਰੀ ਗੁਰੂ ਨਾਨਕ ਸਾਹਿਬ ਜੀ, (ਜਿਨ੍ਹਾਂ ਨੇ ਗੁਰੂ ਬਾਣੀ ਵਿਚ ਸਾਨੂੰ ਕਈ ਵਾਰੀ ਪੁਤਰੋ ਕਹਿ ਕੇ ਸਕੀ ਔਲਾਦ ਨਾਲੋਂ ਵੱਧ ਪਿਆਰਿਆ ਹੋਇਆ ਹੈ), ਦੇ ਨਾਲ ਕੀ ਰਿਹਾ ? ਹੈਰਾਨੀ ਹੈ ਕਿ, ਨਾਲ ਹੀ ਅਸੀਂ ਇਹ ਗੱਲ ਵੀ ਕਹੀ

ਜਾਂਦੇ ਹਾਂ, ਕਿ, ਕੇਵਲ ਕਾਇਆਂ ਹੀ ਪਲਟਦੀ ਰਹੀ ਸੀ ਉਂਜ ਦਸਾਂ ਸਤਿਗੁਰਾਂ ਵਿਚ **ਜੋਤਿ** ਅਤੇ **ਜੁਗਤਿ** (ਪ੍ਰਥਮ) ਸਤਿਗੁਰੂ ਨਾਨਕ ਸਾਹਿਬ ਜੀ ਵਾਲੀ ਹੀ ਸੀ। । ਪਰ ਜੇ ਪੁੱਛ ਬੈਠੀਏ ਕਿ, ਧਾਰਮਿਕ ਤੌਰ ਤੇ ਪਤਨੀ ਦੀ ਪਛਾਣ ਜੁੜ ਜਾਣ ਨਾਲ ਵੀ ਕੀ, ਮਰਯਾਦਾ ਉਹੀ ਰਹਿ ਗਈ ? ਕੀ, ਇਸ ਤਰ੍ਹਾਂ ਪਤਨੀ ਦੀ ਭਾਈਵਾਲੀ ਦੇ ਕਾਰਨ **ਜੁਗਤਿ** ਵਿਚ ਸਪੱਸ਼ਟ ਫ਼ਰਕ ਤਾਂ ਨਹੀਂ ਪੈ ਰਿਹਾ ? ਕੀ ਸਤਿਗੁਰਾਂ ਦੇ ਇਸ ਪਾਵਨ ਬਚਨ---**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥ ਦੀ ਕਿਸੇ ਪੱਖੋਂ ਖੰਡਨਾ ਤਾਂ ਨਹੀਂ ਸੀ ਹੋ ਰਹੀ ? ਫਿਰ ਕੀ** ਅਸੀਂ **ਜੋਤਿ** ਦਾ ਅਰਥ ਵੀ ਸਤਿਗੁਰਾਂ ਤੋਂ ਸਮਝਿਆ ਹੈ ? ਉਹ ਕਿਹੜੀ ਜੋਤਿ ਹੈ ਜੋ ਇੱਕ ਤੋਂ ਮਗਰੋਂ ਦੂਜੇ ਸਰੂਪ ਵਿਚ ਪ੍ਰਵੇਸ਼ ਕਰਦੀ ਆ ਰਹੀ ਹੈ ? ਕੀ ਇਹ ਜੋਤਿ ਉਹੀ ਨਹੀਂ ਹੈ ਜੋ---**ਸਭ ਮਹਿ ਜੋਤਿ ਜੋਤਿ ਹੈ ਸੋਇ**----ਹੈ ? ਕਥਿਤ ਤੌਰ ਤੇ ਸਮੁੱਚੇ ਪੰਥ ਵਲੋਂ ਤਿਆਰ ਕੀਤੀ ਸਿੱਖ ਰਹਿਤ ਮਰਯਾਦਾ ਦੇ ਖਰੜੇ ੩- (ੳ) ਅਰਦਾਸ ਵਿਚ ਲਫ਼ਜ਼ **ਜੋਤ** ਹੈ **ਜੋਤਿ** ਨਹੀਂ **।** ਯਾਦ ਰਹੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ **ਸਿਆਰੀ** ਤੋਂ ਬਿਨਾ **ਜੋਤ** ਪਦ, ਕੇਵਲ ਇੱਕ ਥਾਂ ਮਿਲ ਸਕਿਆ ਹੈ, ਉਹ ਵੀ ਬਲਦ ਨੂੰ ਜੋਤਨ ਦੇ ਅਰਥਾਂ ਵਿਚ--**ਆਠ ਪਹਰ ਮਹਾ ਸ੍ਰਮੁ ਪਾਇਆ ਜੈਸੇ ਬਿਰਖ ਜੰਤੀ ਜੋਤ ॥ ੧ ॥**[੧੧੨੧] ਸਾਡੇ ਜਥੇਦਾਰ ਜੀ ਜਾਣਨ ਕਿ, ਅਰਦਾਸ ਦੇ ਨਮੂਨੇ ਵਿਚਲੀ **ਜੋਤ** ਕਿਥੋਂ ਅਤੇ ਕਿਵੇਂ ਆਈ? ਹਰ ਪਾਸੇ ਘਪਲੇ ਬਾਜ਼ੀ ? ਸੱਚ ਦੇ ਲੜ ਲਾਉਣ ਆਏ ਸਤਿਗੁਰਾਂ ਦਾ ਖ਼ਾਲਸਾ ਹਰ ਪਾਸਿਓਂ ਗੰਭੀਰ ਝੂਠ ਵਿਚ ਜਾ ਅਟਕਿਆ ?

ਪੰਥ ਨੂੰ ਝਟ-ਪਟ ਮਾਤਾ ਸਾਹਿਬ ਕੌਰ ਜੀ ਦੀ ਝੋਲੀ ਪਾਈ ਜਾਣ ਵਾਲੇ ਸੱਜਣ ਇਹ ਤਾਂ ਦੱਸ ਲਣੈ ਕਿ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪ ਗੁਰਿਆਂਈ ਸੌਂਪਣ ਵਾਲੇ ਦਸਮ ਸਤਗੁਰੂ ਨਾਨਕ ਜੀ ਸਾਹਿਬ ਕਲਗੀਧਰ ਪਿਤਾ ਜੀ ਨੇ ਗੁਰੂ ਬਾਣੀ ਦੇ ਇਸ ਗੁਰੂ ਫ਼ੁਰਮਾਨ ਨੂੰ ਕਿਸ ਮਜਬੂਰੀ ਕਾਰਨ ਬੇਲੋੜਾ ਮੰਨ ਲਿਆ ?--**ਤੂੰ ਗੁਰੁ ਪਿਤਾ ਤੂੰ ਹੈ ਗੁਰੁ ਮਾਤਾ ਤੂੰ ਗੁਰ ਬੰਧਪੁ ਮੇਰਾ ਸਖਾ ਸਖਾਇ ॥ ੩ ॥** [੧੬੯] [ਬਾਬਾ ਲਹਿਣਾ ਜੀ ਦੇ ਥਾਂ, ਸਤਿਗੁਰੂ ਨਾਨਕ ਸਾਹਿਬ ਜੀ ਦੀ ਚੋਣ ਵਿਚ ਜੇ ਕੋਈ ਭਾਗਾਂ ਵਾਲੀ ਇਸਤ੍ਰੀ ਆ ਗਈ ਹੁੰਦੀ ਤਾਂ ਸਰਬੱਤ ਵਿਚ ਬ੍ਰਹਮ ਵੇਖਣ ਵਾਲੇ ਸੱਚੇ ਪਾਤਸ਼ਾਹ ਜੀ ਨੇ ਆਪਣੀ ਜੋਤਿ ਜੁਗਤਿ ਦੀ ਮਾਲਕੀ ਉਸ ਨੂੰ ਸੌਂਪਣ ਲੱਗਿਆਂ ਵੀ ਕਦੇ ਢਿੱਲ ਨਹੀਂ ਸੀ ਲਾਉਣੀ । ਉਸ ਹਾਲਤ ਵਿਚ ਫਿਰ ਸਾਡੇ **ਪਿਤਾ, ਮਾਤਾ, ਸਖਾ, ਬੰਧਪ ਸਾਡੇ ਰਾਖੇ** ਉਨ੍ਹਾਂ ਨੇ ਹੀ ਹੋਣਾ ਸੀ ਉਂਜ) ਇਸਤ੍ਰੀ-ਮਾਤਾ ਦੀ ਲੋੜ, ਬਿੰਦੀ ਔਲਾਦ ਬਣਨ ਲਈ ਪੈਂਦੀ ਹੈ।

ਉੱਚੀ ਜੀਵਨ ਜੁਗਤਿ ਬਨਾਉਣ ਦੇ ਪਾਂਧੀਆਂ ਲਈ ਅਥਵਾ ਅਧਿਆਤਮਕ-ਮੰਡਲਾਂ ਵਿਚ ਸਾਰੀਆਂ ਰਿਸ਼ਤੇਦਾਰੀਆਂ ਕੇਵਲ ਗਿਆਨ ਦਾਤਾ ਸਤਿਗੁਤਰੂ ਜੀ ਨਾਲ ਹੀ ਬਣਦੀਆਂ ਹਨ। ਜੋ ਬਿੰਦੀ ਔਲਾਦ ਬਣਨਾ ਹੈ ਸਤਿਗੁਰਾਂ ਦੀ ਧਰਮ ਮਤਨੀ ਦੇ ਪੇਟੋਂ ਜਨਮ ਲੈਣਾ ਹੋਵੇਗਾ । ਮੁਤਬੰਨਾਂ ਮਾਤਾ ਪਿਤਾ ਮਾਇਆਕ ਸੰਸਾਰ ਦਾ ਰਿਸ਼ਤਾ ਹੈ । ਉਂਜ ਸਾਡੇ ਲਈ ਦਸੋਂ ਹੀ ਗੁਰੂ ਸਾਹਿਬਾਨ ਦੇ ਪਰਵਾਰ, ਸਾਡੇ ਲਈ ਇਕੋ ਜਿਹੇ ਅਥਵਾ ਸਾਂਵੇਂ ਸਤਿਕਾਰ-ਜੋਗ ਹੀ ਹੋਣੇ ਚਾਹੀਦੇ ਹਨ।

## ਸਾਹਿਬ ਕੌਰ ਜੀ ਦੀ ਝੋਲੀ ਪੈਣ ਨਾਲ ਖ਼ਾਲਸਾ ਪੰਥ ਨੂੰ ਲਾਭ ਹੋਇਆ ਕਿ ਹਾਨੀ ?

ਇਸ ਵਿਚ ਜ਼ਰਾ ਸ਼ੱਕ ਨਹੀਂ ਕਿ, ਕਿ ਸੰਸਾਰ ਵਿਚ ਸਿੱਖੀ ਸਿਧਾਂਤ ਦਾ ਪ੍ਰਗਟ ਹੋਣਾ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਹੀ ਕਰੜੀ ਘਾਲਣਾ ਦਾ ਚਮਤਕਾਰ ਹੈ। ਇਸ ਸਚਾਈ ਨੂੰ ਵੀ ਕਿਸੇ ਦਲੀਲ ਨਾਲ ਝੁਠਲਾਇਆ ਨਹੀਂ ਜਾ ਸਕਦਾ ਕਿ ਸੰਸਾਰ ਵਿਚ ਅਜੇਹਾ ਪਹਿਲੇ ਅਤੇ (ਸ਼ਾਇਦ) ਆਖ਼ਰੀ ਸੁਧਾਰਕ ਸਨ ਜਿਨ੍ਹਾਂ ਨੇ--ਕੇਵਲ ਸੱਚ ਦਾ ਸੁਨੇਹਾ ਦੇਣ ਲਈ, ਜਾਨ ਲੇਵਾ ਬਿਖੜੇ ਰਸਤਿਆਂ ਥਾਣੀਂ ਸੰਸਾਰ ਦੇ ਏਡੇ ਵਿਸ਼ਾਲ ਭਾਗ (ਅਜੋਕੇ ਪਾਕਿਸਤਾਨ, ਬੰਗਲਾ ਦੇਸ਼, ਬ੍ਰਹਮਾ ਅਤੇ ਲੰਕਾ ਸਮੇਤ ਸਾਰਾ ਭਾਰਤ ਦੇਸ਼, ਜੰਮੂ ਕਸ਼ਮੀਰ ਸਮੇ ਨੈਪਾਲ, ਲੱਦਾਖ, ਗੜਵਾਲ ਆਦਿ ਪਹਾੜੀ ਰਿਆਸਤਾਂ, ਅਫ਼ਗਾਨਿਸਤਾਨ ਈਰਾਨ, ਮੱਕਾ, ਬਗ਼ਦਾਦ, ਲਗ-ਪਗ ਸਾਰੇ ਅਰਬ ਦੇਸ਼ ਆਦਿ) ਵਿਚ ਹਜ਼ਾਰਾਂ ਮੀਲ ਪੈਦਲ ਸਫ਼ਰ ਕੀਤਾ ਸੀ। ਇਸ ਸਚਾਈ ਤੋਂ ਵੀ ਅਸੀਂ ਸਿਰ ਨਹੀਂ ਫੇਰ ਸਕਦੇ ਕਿ, ਮਨੁੱਖਤਾ ਦੀ ਭਲਾਈ ਲਈ ਜਿਹੜਾ ਦੈਵੀ ਗਿਆਨ ਉਨ੍ਹਾਂ ਨੇ ਲਿਖਿਆ, ਬਾਕੀ ਨੌਂ ਗੁਰੂ ਸਾਹਿਬਨ ਨੇ ਉਸੇ ਦੀ ਵਿਆਖਿਆ ਸਮਝਾਈ ਅਤੇ ਉਸੇ ਗਿਆਨ ਨੂੰ ਸਾਖ਼ਸ਼ਾਤ ਰੂਪ ਦੇਣ ਲਈ ਕੁਬਾਨੀਆਂ ਦੇ ਪੂਰਨੇ ਪਾਏ । ਇਹ ਸਭ ਕੁਝ ਮੰਨਦਿਆਂ ਹੋਇਆਂ ਵੀ ਅਸੀਂ ਮੂੰਹ ਨਾਲ ਭਾਵੇਂ ਕੁੱਝ ਵੀ ਕਹੀ ਜਾਈਏ ਪਰ ਘੋੜੇ ਚੜ੍ਹੀ ਅਸਲੀਯਤ ਇਹ ਹੈ ਕਿ ਅਸਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਵੱਲ (ਪੰਥਕ ਤੌਰ ਤੇ) ਪਿੱਠ ਕਰ ਲਈ ਹੋਈ ਹੈ। ਸਿੱਖੀ ਦੇ ਅਸਲ ਜਨਮਦਾਤੇ--ਨਾਨਕਾਣਾ ਸਾਹਿਬ ਵਿਖੇ ਆਉਣ ਵਾਲੇ, ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਅਸੀਂ ਦੂਰ ਤੋਂ ਦੂਰ ਹੀ ਹੁੰਦੇ ਤੁਰੇ ਗਏ। ਇਸ ਕਥਨ ਵਿਚ ਜੇ ਕੋਈ ਭੁਲੇਖਾ ਹੈ ਤਾਂ ਆਉ ਆਪਣੇ ਅੰਦਰ ਝਾਤੀ ਮਾਰ ਵੇਖੀਏ ?

ਮਨੁੱਖਤਾ ਨੂੰ ਜਿਸ ਵਡਮੁੱਲੇ ਲਾਭ ਦੇ ਮਿਲਦੇ ਰਹਿਣ ਦੀ ਸੱਧਰ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ, ਛੱਟਮ ਪੀਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਕਰਕੰਵਲਾਂ ਨਾਲ ਕੀਤੀ ਸੀ, (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਤੋਂ ਅਣਜਾਣ ਰਹਿਣ ਦੇ ਕਾਰਨ) ਭਾਵੇਂ ਅਸੀਂ ਉਨ੍ਹਾਂ ਸ਼ੁੱਭ ਬਰਕਤਾਂ ਤੋਂ ਵਾਂਜੇ ਰਹਿ ਕੇ ਅਸੀਂ ਨਿਤ ਨਵੀਆਂ ਔਕੜਾ ਵਿਚ ਫਸਦੇ ਤੁਰੇ ਜਾ ਰਹੇ ਹਾਂ, ਪਰ ਨਿਰੰਦੇਹ ਇਹ ਪਾਵਨ ਅਕਾਲ-ਤਖ਼ਤ ਸਾਹਿਬ, ਸਤਿਗੁਰਾਂ ਦੀ ਬੜੀ ਅਰਥ ਭਰਪੂਰ ਅਨੂਪਮ ਦੇਣ ਹੈ । ਵੇਖਣ ਵਾਲੀ ਗੱਲ ਇਹ ਹੈ ਕਿ, ਇਸ ਇੱਕ ਤੋਂ ਵੱਧ ਹੋਰ ਤਖ਼ਤ, ਕਿਸ ਨੇ, ਕਦੋਂ ਅਤੇ ਕਿਸ ਸਿਧਾਂਤ ਨੂੰ ਮੁੱਖ ਰੱਖ ਕੇ ਸਿਰਜਣੇ ਅਰੰਭ ਕੀਤੇ ? {ਨੋਟ:--ਪੰਥ ਦੇ ਕੇਂਦਰੀ ਜਥੇਦਾਰ ਸਾਹਿਬਾਨ ਦੀ ਸੇਵਾ ਵਿਚ ਜੋਦੜੀ ਪੱਤਰ ਲਿਖ ਭੇਜੇ ਪਰ ਇਨ੍ਹਾਂ ਸ਼ੰਕਿਆਂ ਨੂੰ ਸਦਾ ਲਈ ਦੂਰ ਕਰਨ ਜੋਗ , ਗੁਰਮਤਿ ਦੀ ਕਸਵੱਟੀ ਤੇ ਪੂਰਾ ਉਤਰਦਾ ਸੋਧ ਪੱਤਰ, ਕਿਤੋਂ ਨਹੀਂ ਮਿਲਿਆ। ]) ਵਿਚਾਰ ਕੋਚਰੀਆਂ ਗੱਲਾਂ ਦਾ ਵੇਰਵਾ:--

੧) ਬਠਿੰਡੇ ਦੇ ਡਾਕਟਰ (ਸ: ਜੁਗਰਾਜ ਸਿੰਘ ਜੀ) ਦੇ ਨਾਲ ਦਾਸ ਉਨ੍ਹਾਂ ਦਿਨਾਂ ਵਿਚ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾਂ ਲਈ ਪੁੱਜਾ ਸੀ ਜਦ ਅਜੇ ਗੁਰਦੁਆਰਾ ਸਾਹਿਬ ਦੇ ਹਾਲ ਦੇ ਅੰਦਰ ਹੀ ਛੋਟੇ ਰੂਪ ਵਾਲਾ (ਵੇਲਾ-ਟਪਾਊ ?) ਪਾਵਨ ਤਖ਼ਤ ਸਿਰਜਿਆ ਹੋਇਆ ਸੀ। ਓਥੋਂ ਦੇ ਸੇਵਾਦਾਰ ਜੀ ਨੇ ਸਾਨੂੰ ਇਕ ਮੋਹਰ **(Stamp)** ਦੇ ਦਰਸ਼ਨ ਕਰਾ ਕੇ ਸਮਝਾਇਆ ਕਿ--" ਇਸ ਮੋਹਰ ਦਾ ਏਥੋਂ ਪ੍ਰਾਪਤ ਹੋਣਾ ਸਿੱਧ ਕਰਦਾ ਹੈ ਕਿ ਦਸ਼ਮੇਸ਼ ਜੀ ਇਸ ਥਾਂ ਤੇ ਹੁਕਮਨਾਮੇ ਲਿਖਿਆ ਕਰਦੇ ਸਨ। ਸੋ, ਜਿਥੋਂ ਵੀ ਸਤਿਗੁਰੂ ਪਾਤਸ਼ਾਹ ਜੀ ਦਾ ਹੁਕਮ ਜਾਰੀ ਕੀਤਾ ਜਾਣਾ ਸਿੱਧ ਹੋਵੇ, ਖ਼ਾਲਸਾ ਪੰਥ ਨੇ ਉਸ ਥਾਂ ਨੂੰ ਤਖ਼ਤ ਮੰਨਿਆਂ ਹੈ " । ਸੇਵਾਦਾਰ ਜੀ ਨੇ ਤਖ਼ਤ ਸਾਹਿਬ ਦੀ ਜੋ ਵਿਆਖਿਆ ਸਮਝਾਈ ਉਸ ਤੋਂ ਉਪਜਦੇ ਸ਼ੰਕੇ:--

(ੳ) ਕੀ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਦੀ ਸਿਰਜਣਾ ਕੇਵਲ ਫੁਰਮਾਨ ਜਾਰੀ ਕਰਨ ਦੀ ਸਹੂਲਤ ਲਈ ਕੀਤੀ ਸੀ ? ਫਿਰ ਕੀ, ਕੀਰਤ ਪੁਰ ਸਾਹਿਬ ਵਿਖੇ ਵਿਚਰਦੇ ਸਮੇ, ਸਤਿਗੁਰਾਂ ਨੇ ਕੋਈ ਵੀ ਫੁਰਮਾਨ ਨਹੀਂ ਸੀ ਲਿਖਿਆ ? ਕੀ, ਸਤਿਗੁਰਾਂ ਦੀ ਸਿਖਿਆ ਅਥਵਾ, ਉਨ੍ਹਾਂ ਦਾ ਉਪਦੇਸ਼ ਸਾਡੇ ਲਈ ਹੁਕਮ ਨਹੀਂ ਸੀ ਸਮਝਿਆ ਜਾਂਦਾ ?

(ਅ) ਜੇ ਹੁਕਮ ਜਾਰੀ ਹੋਣ ਵਾਲੇ ਥਾਂ ਤੇ ਤਖ਼ਤ ਬਣਾਏ ਜਾਣੇ ਹੁੰਦੇ ਤਾਂ, **ਕੀ,** ਜੰਗ ਦੇ ਮੈਦਾਨ ਵਿਚ ਫੌਜਾਂ ਦੀ ਅਗਵਾਈ ਕਰਦੇ ਸਮੇਂ-- ਸ਼ਾਹੀ ਰਥਾਂ ਤੋਂ, ਹਾਥੀਆਂ ਦੀ ਪਿੱਠਾਂ ਤੋ ਅਥਵਾਂ ਘੋੜਿਆਂ ਦੀਆਂ ਕਾਠੀਆਂ ਤੋਂ-- ਰਾਜੇ, ਮਹਾਰਾਜੇ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਥਵਾ ਸ਼ਾਹਿਨ- ਸ਼ੈਹਨ-ਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ--ਕਈ ਬੜੇ ਜ਼ਰੂਰੀ ਫੁਰਮਾਨ ਜਾਰੀ ਨਹੀਂ ਸਨ ਕਰਦੇ ਰਹੇ ?

(ੲ) ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ--ਸਭ ਤੋਂ ਸ੍ਰੇਸ਼ਟ **ਹੁਕਮ** ਨਹੀਂ ਹਨ ?--**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥** ਫਿਰ ਕੀ, **ਰਾਮਸਰ ਸੋਰਟਵਰ** ਜਿੱਥੇ ਪੰਚਮ ਪਾਤਿਸ਼ਾਹ ਜੀ ਨੇ ਗੁਰੂ ਗ੍ਰੰਥ ਸਾਹਿਬ -ਰੂਪ--**ਹੁਕਮਾਉ** ਦੀ ਸਿਰਜਣਾ ਸੰਪਾਦਨਾ--ਕੀਤੀ ਸੀ, ਉਸ ਥਾਂ ਤੇ ਕਿਸ ਦਲੀਲ ਨਾਲ ਮਹਾਨ ਤਖ਼ਤ ਸਾਹਿਬ ਦੀ ਸਿਰਜਣਾ ਨਾ ਕੀਤੀ ਚਈ ?

(ਸ) ਇਤਿਹਾਸਕ ਤੱਥਾਂ ਤੋਂ ਸਪੱਸ਼ਟ ਹੈ, ਕਿ ਪਟਨਾ ਸਾਹਿਬ ਵਿਖੇ ਜਿਸ ਥਾਂ ਪਾਵਨ ਤਖ਼ਤ ਸਾਹਿਬ ਸਸ਼ੋਬਤ ਹਨ, ਉਸ ਪਾਵਨ ਥਾਂ ਤੇ ਸ੍ਰੀ ਗੁਰੂ ਨਾਨਕ ਸਾਹਿਬ ਦੀ ਜੋਤਿ ਜੁਗਤਿ ਦਾ ਮਾਲਕ (ਬਣਨ ਉਪ੍ਰੰਤ), ਕਿਸੇ ਵੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਕੋਈ ਫੁਰਮਾਨ ਨਹੀਂ ਸੀ ਲਿਖਿਆ। **ਏਥੇ ਤਖ਼ਤ ਸਾਹਿਬ ਦੀ ਸਿਰਜਣਾ ਤੋਂ ਹੁਕਮ ਲਿਖੇ ਜਾਣ ਵਾਲੇ ਨਿੱਯਮ ਦੀ ਗੱਲ ਸੱਚ ਕਿਵੇਂ ਰਹੀ?**

(ਹ) ਅਤੇ ਜੇ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ ਮਾਲਕ ਸਤਿਗੁਰੂ ਜੀ ਦੇ ਜਨਮ ਅਸਥਾਨ ਨੂੰ ਤਖ਼ਤ ਬਣਾਏ ਜਾਣ ਦਾ ਸਿਧਾਂਤ ਮੰਨ ਲਿਆ ਜਾਵੇ, ਤਾਂ ਅਜੇਹਾ ਪਰਮ ਪਾਵਨ ਅਸਥਾਨ ਕੇਵਲ ਅਤੇ ਕੇਵਲ ਨਨਕਾਣਾ ਸਾਹਿਬ ਹੀ ਹੈ। [ਨੋਟ--ਸ੍ਰੀਮਾਨ ਪੰਥ ਰਤਨ ਵਿਦਿਆਮਾਰਤੰਡ ਸੰਤ ਗਯਾਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੇ ਗੁਰਬਾਣੀ ਪਾਠ ਦਰਸ਼ਨ ਗ੍ਰੰਥ ਦੇ ੧੩ ਸਫ਼ੇ ਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਬਾਰੇ =**ਗੱਦੀ ਸਮਾਂ---ਆਦਿ ਤੋਂ ਹੀ ਗੁਰੂ ਸਰੂਪ ਪ੍ਰਗਟੇ**--ਲਿਖਿਆ ਹੈ। ੧੪ ਤੋ ੨੨ ਸਫ਼ੇ ਤੱਕਾਂ ਤੱਕ ਗੁਰੂ ਸਾਹਿਬਾਨ ਨੂੰ ਗੁਰਿਆਈ ਮਿਲਣ ਦਾ ਬਾਕਾਇਦਾ ਸੰਮਤ ਅਤੇ ਤਾਰੀਖ਼ ਲਿਖੀ ਹੋਈ ਹੈ ] ਲਗ-ਪਗ ਸਾਰੇ ਇਤਿਹਾਸ-ਕਾਰਾਂ ਨੇ ਦਸ ਸਤਿਗੁਰਾਂ ਵਿਚੋਂ ਕੇਵਲ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਹੀ ਜਨਮ-ਸਿੱਧ ਗੁਰੂ ਲਿਖਿਆ ਹੈ। ਬਾਕੀ ਸਰੇ (ਬਾਬਾ ਲਹਿਣਾ ਜੀ ਦੇਵੀ ਦੀ ਪੂਜਾ ਤਿਆਗ ਕੇ ਅਤੇ ਬਾਬਾ ਅਮਰਦਾਸ ਜੀ ਗੰਗਾ-ਮੱਯਾ ਦੀ ਪੂਜਾ ਭੁੱਲ ਕੇ) ਗੁਰੂ ਨਾਨਕ ਸਾਹਿਬ ਜੀ ਦੇ ਘਰ ਦੇ ਟਹਿਲੂਏ ਸਿਦਕੀ ਸਿੱਖ ਬਣੇ ਸਨ। ਭਾਵ ਦਸ਼ਮੇਸ਼ ਜੀ ਤੱਕ ਗੁਰਿਆਈ ਪ੍ਰਾਪਤ ਹੋਣ ਦੇ ਉਪ੍ਰੰਤ ਹੀ ਗੁਰੂ ਨਾਨਕ ਸਾਹਿਬ ਦੀ ਜੋਤਿ ਜੁਗਤਿ ਦੇ ਮਾਲਕ ਪੂਰਨ ਸਤਿਗੁਰੂ ਬਣਦੇ ਰਹੇ ਸਨ। ਪਹਿਲਾਂ ਸਾਹਿਬਜ਼ਾਦੇ ਵੀ ਗੁਰੂ ਸਿੱਖਾਂ ਦੇ ਗੁਰੂ-ਭਾਈ ਹੀ ਸਨ । ਸਪੱਸ਼ਟ ਹੈ ਕਿ ਪਟਨਾ ਸਾਹਿਬ ਵਿਖੇ ਬਣੇ ਪਾਵਨ ਤਖ਼ਤ ਤੋਂ ਇਹ ਦੂਜਾ ਸਿਧਾਂਤ ਵੀ ਗ਼ਲਤ ਸਿੱਧ ਹੁੰਦਾ ਹੈ।

(ਕ) ਜੇ ਗੁਰੂ ਪੰਥ ਨੇ, ਗੁਰਿਆਈ ਪ੍ਰਪਤ ਸਤਿਗੁਰਾਂ ਦੇ **ਜੋਤੀ ਜੋਤਿ ਸਮਾਉਣ** ਵਾਲੀ ਥਾਂ ਤਖ਼ਤ ਬਨਾਉਣ ਦਾ ਸਿਧਾਂਤ ਮੰਨਿਆਂ ਹੁੰਦਾ ਤਾਂ ਨਾਦੇੜ ਵਿਖੇ ਸ੍ਰੀ ਹਜ਼ੂਰ ਸਾਹਿਬ ਜੀ ਦੇ ਨਾਲ--ਕਰਤਾਰ ਪੁਰ ਸਾਹਿਬ (ਪਾਕਿਸਤਾਨ)-- ਖਡੂਰ ਸਾਹਿਬ, ਗੋਇੰਦਵਾਲ, ਲਾਹੌਰ (ਪਾਕਿਸਤਾਨ), ਕੀਰਤ ਪੁਰ ਅਤੇ ਚਾਂਦਨੀ ਚੌਕ ਦਿੱਲੀ--ਇਨ੍ਹੀਂ ਸਾਰੇ ਥਾਈਂ ਵੀ ਜ਼ਰੂਰ ਤਖ਼ਤ ਬਣਾਉਣੇ ਸਨ।

## ਕੇਵਲ ਦਸ਼ਮੇਸ਼ ਜੀ ਦੀ ਜੀਵਨੀ ਨਾਲ ਸੰਬੰਧਤ ਥਾਵਾਂ ਤੇ ਹੀ, ਚਾਰੇ ਤਖ਼ਤ ਬਣਾਏ ਜਾਣ ਦਾ ਅਸਲ ਕਾਰਨ:--

ਸ੍ਰੀ ਬਿਚਿੱਤਰ ਨਾਟਕ ਦੇ ਪੰਜਵੇਂ ਅਧਿਆਇ ਦੀ--" **ਸਤਵੀਂ ਚੌਪਈ ਤੋਂ ਦਸਵੀਂ ਚੌਪਈ ਤੱਕ** " ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ--**ਜੋਤਿ ਓਹਾ ਜੁਗਤਿ ਸਾਇ**--ਵਾਲੀ ਦੈਵੀ ਮਰਯਾਦਾ, ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਤੱਕ ਪੁੱਜਦੀ ਦਰਸਾ ਕੇ ਉਨ੍ਹਾਂ ਚੋਹਾਂ ਸਤਿਗੁਰਾਂ ਨੂੰ ਉਸੇ ਇੱਕ ਜੋਤਿ ਦੇ ਮਾਲਕ ਦਰਸਾਇਆ ਹੋਇਆ ਹੈ । ਕਾਰਨ ਇਹ ਹੈ ਕਿ, ਕਹਾਣੀ ਅਨੁਸਾਰ ਹਜ਼ਾਰਾਂ ਸਾਲ ਪਹਿਲਾਂ ਕਥਿਤ ਬੇਦੀ ਕੁਲ ਰਾਜੇ ਨੇ ਕਥਿਤ ਸੋਢੀ ਕੁਲ ਰਾਜੇ ਨਾਲ ਬਚਨ ਕੀਤਾ ਹੋਇਆ ਸੀ ਕਿ ਉਹ ਕਲਜੁਗ ਵਿਚ ਜਨਮ ਲੈ ਕੇ, ਸੰਸਾਰ ਤੋਂ ਜਾਣ ਤੋਂ ਪਹਿਲਾਂ ਆਪਣਾ ਗੁਰਿਆ-ਰਾਜ ਸੋਢੀ ਕੁਲ ਵਿਚ ਜਨਮੇ ਉਸੇ ਨੂੰ ਹੀ ਸੌਂਪ ਦੇਣਗੇ । ਸਤਵੀਂ ਚੌਪਈ ਵਿਚ ਗੁਰੂ ਨਾਨਕ ਸਾਹਿਬ ਜੀ ਅਥਵਾ ਗੁਰੂ ਅਗ਼ਮਦ ਸਾਹਿਬ ਜੀ ਨੂੰ ਸੰਸਾਰ ਤੋਂ ਦੇਵ ਲੋਕ ਨੂੰ ਜਾਂਦੇ ਨਹੀਂ ਦਰਸਾਇਆ। ਪਰ ਜਦੋਂ ਹੀ ਗੁਰੂ ਅਮਰਦਾਸ ਜੀ ਨੇ ਸੋਢੀ ਕੁਲ ਅਮਰਦਾਸ ਜੀ ਨੂੰ ਗੁਰਿਆਈ ਸੌਂਪ ਦਿੱਤੀ ਤਾਂ ਅਠਵੀ ਚੌਪਈ ਦੀ ਅੰਤਲੀ ਸਤਰ ਇਉਂ ਹੈ--**ਅਮਰਦਾਸ ਸੁਰਪੁਰਿ ਮਗੁ ਲੀਆ ॥** ਭਾਵ ਸ੍ਰੀ ਰਾਮਦਾਸ ਜੀ ਦੇ ਗੁਰੂ ਬਣਦਿਆਂ ਹੀ ਗੁਰੂ ਅਮਰਦਾਰ ਜੀ (ਸੁਰਪਰਿ)-ਦੇਵਪੁਰੀ ਦੇ (ਮਗੁ)-ਰਸਤੇ ਪੈ ਗਏ । **ਨੌਵੀ** ਅਤੇ **ਦਸਵੀਂ** ਚੋਪਈ ਵਿਚ ਇਨ੍ਹਾਂ ਚੌਹਾਂ ਗੁਰੂ ਸਾਹਿਬਾਨ ਨੂੰ ਕੇਵਲ ਇੱਕ (ਸ੍ਰੀ ਗੁਰੂ ਨਾਨਕ ਜੀ ਦਾ ਹੀ) ਰੂਪ ਜਾਣਨ ਦੀ ਤਾਕੀਦ ਲਿਖੀ ਹੋਈ ਹੈ।

ਅੱਗੇ ੧੧ਵੀ ੧੨ਵੀਂ ਦੋ ਚੋਪਈਆਂ ਅਨੁਸਾਰ ਪੰਚਮ ਪਾਤਸ਼ਾਹ ਜੀ ਤੋਂ ਨੌਵੇਂ ਪਾਤਸ਼ਾਹ ਜੀ ਤੱਕ, ਸਾਰੇ ਸਤਿਗੁਰੂ ਸਾਹਿਬਾਨ ਬਾਰੇ, ਗੁਰੂ ਗੱਦੀ ਤੇ ਬਿਰਾਜਮਾਨ ਹੋਣ ਤੱਕ ਦਾ ਜ਼ਿਕਰ ਤੱਕ ਨਹੀਂ ਹੈ। ਸਗੋਂ ਜਟ ਪਰਲੋਕ ਸਿਧਰਾਦੇ ਤੁਰੇ ਗਏ ਦਰਸਾਏ ਹੋਏ ਹਨ:--

**ਰਾਮਦਾਸ ਹਰਿ ਸੋ ਮਿਲ ਗਏ ॥ ਗੁਰਤਾ ਦੇਤ ਅਰਜਨਹਿ ਭਏ ॥**
**ਅਰਜਨ ਪ੍ਰਭ ਲੋਕ ਸਿਧਾਏ ॥ ਹਰਿ ਗੋਬਿੰਦ ਤਿਹਨਾਂ ਠਹਿਰਾਏ ॥ ੧੧ ॥**

[ਅੱਗੇ ਹੁਣ " ਬਪੁ ਧਰਾ " ਨਾ ਰਿਹਾ, ' ਦੀਪਕ ਤੋ ਦੀਪ ' ਵੀ ਨਾ ਜਗਿਆ ਅਤੇ ਅਰਜਨ ਦੇਵ ਜੀ ਨਹੀਂ ਸਗੋਂ " ਅਰਜਨਹਿ ਜਾ ਅਰਜਨ " ਬਣ ਗਏ?]

ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ ॥ ਹਰੀਰਾਇ ਤਿਹ ਠਾਂ ਬੈਠਾਰੇ ॥
ਰੀ ਕ੍ਰਿਸ਼ਨ ਤਿਨ ਕੇ ਸੁਤ ਵਏ ॥ ਤਿਨ ਤੇ **ਤੇਗ ਬਹਾਦਰ** ਭਏ ॥ ੧੨ ॥

ਭਾਵ ਨੌਂਵੇਂ ਸਤਿਗੁਰਾਂ ਤੱਕ ਸ੍ਰੀ ਗੁਰੂ ਨਾਨਕ ਜੀ ਦੀ ਜੋਤਿ ਜੁਗਤਿ ਤੋਂ ਬਿਨਾ ਹੀ ਵਿਚਰੇ ਦਰਸਾਏ ਹੋਏ ਹਨ। ਇਸ ਪੰਜਵੇਂ ਅਧਿਆਏ ਵਿਚ ਦਸ਼ਮੇਸ਼ ਜੀ ਦਾ ਜ਼ਿਕਰ ਕਿਸ ਕਾਰਨ ਨਹੀਂ ਹੈ ? ਇਹ ਸਮਝ ਪੁਸਤਕ ਪੜ੍ਹਨ ਤੇ ਆਵੇਗੀ । ਸ੍ਰੀ ਬਿਚਿਤ੍ਰ ਨਾਟਕ ਦੇ ਛੇਵੇਂ ਅਧਿਆਇ ਵਿਚ, ਦਸ਼ਮੇਸ਼ ਜੀ ਨੂੰ ਅਕਾਲ ਪਰਖ ਤੋਂ ਹੀ ਬਰਕਤਾਂ ਅਤੇ ਅਸੀਸਾਂ ਲੈ ਕੇ ਸੰਸਾਰ ਵਿਚ ਨਵਾਂ ਪੰਥ ਚਲਾਉਣ ਲਈ ਆਏ ਸਿੱਧ ਕੀਤਾ ਹੋਇਆ ਹੈ। ਭਾਵੇਂ ਜ਼ਬਾਨੀ ਦਸ਼ਮੇਸ਼ ਜੀ ਨੂੰ ਦਸਵੇਂ ਗੁਰੂ ਨਾਨਕ ਹੀ ਕਹਿ ਰਹੇ ਹਾਂ, ਪਰ ਇਸ ਵਿਚ ਜ਼ਰਾ ਵੀ ਅਤਿ-ਕਥਨੀ ਨਹੀਂ ਕਿ ਲਗ-ਪਗ ਸਾਰੇ ਸਿੱਖ ਜਗਤ ਨੇ ਵਾਸਤਵ ਵਿੱਚ, ਦਸ਼ਮੇਸ਼ ਜੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ ਮਾਲਕ ਹੋਣ ਦੀ ਪਾਬੰਦੀ ਤੋਂ ਮੁਕਤ ਧੁਰੋਂ ਸ਼ਕਤੀਆਂ ਦੇ ਮਾਲਕ ਬਣ ਕੇ ਅਕਾਲਪੁਰਖ ਦੀ ਨਿੱਜੀ ਅਸ਼ੀਰਵਾਦ ਲੈਣ ਉਪ੍ਰੰਤ ਨਵਾਂ ਪੰਥ ਚਲਾਉਣ ਆਏ ਮੰਨਿਆ ਹੋਇਆ ਹੈ।

ਪੰਥ ਵਲੋਂ ਬਣੇ ਚਾਰੇ ਤਖਤ ਕੇਵਲ ਦਸ਼ਮੇਸ਼ ਜੀ ਦੇ ਹੀ ਨਾਮ ਨਾਲ ਜੁੜੀਆਂ ਥਾਂਵਾਂ ਤੇ ਬਣਨ ਨਾਲ ਅਸੀਂ ਸਾਰੇ ਸਿੱਖ, ਇਸ ਇਲਜ਼ਾਮ ਤੋਂ ਕਿਵੇਂ ਬਚ ਸਕਦੇ ਹਾਂ ਕਿ--" ਸਾਰੇ ਗੁਰੂ ਸਾਹਿਬਾਨ ਨੂੰ ਇੱਕ ਹੀ ਜੋਤਿ ਜੁਗਤਿ ਦੇ ਮਾਲਕ ਹੋਣ ਦਾ ਢੰਡੋਰਾ ਦੇਣ ਵਾਲੇ ਇਨ੍ਹਾਂ ਸਿੱਖਾਂ ਨੇ-- ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਬਾਕੀ ਗੁਰੂ-ਸਰੂਪਾਂ ਦੀ ਮਹਾਨਤਾ ਵੱਲ ਵਾਸਤਵ ਵਿਚ, ਪੰਥਕ ਤੌਰ ਤੇ ਪਿੱਠ ਕਰ ਲਈ ਹੋਈ ਹੈ ? ਇਨ੍ਹਾਂ ਦੁਬਾਜਰਿਆਂ ਦਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਮੁੱਚੇ ( ੧੧ਵੇਂ ਸਰੂਪ ਤੱਕ) ਸਰੂਪ ਨਾਲ ਦਿਲੋਂ ਇਕਸਾਰ ਪਿਆਰ ਅਤੇ ਸ਼ਰਧਾ ਬਿਲਕੁਲ ਨਹੀਂ ਹੈ । ਇਨ੍ਹਾਂ ਦੇ ਮਨ ਵਿਚ ਹੋਰ ਹੈ ਅਤੇ ਕੁਹਿੰਦੇ ਕੁਝ ਹੋਰ ਹਨ। ਆਪਣੇ ਆਪ ਵਿਚ ਗੁਰੂ ਬਣੀ ਬੈਠਾ ਇਹ ਖ਼ਾਲਸਾ ਪੰਥ, ਸ੍ਰੀ ਗੁਰੂ-ਗ੍ਰੰਥ ਸਾਹਿਬ ਲਈ ਕੱਚਾ ਅਥਵਾ ਬੇਇਤਬਾਰਾ ਬਣ ਚੁੱਕਿਆ ਹੈ--**ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥ ਜਿਨ੍ ਮਨ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥** ਲੋਕ ਵਿਖਾਵੇ ਲਈ ਸਿੰਘ ਬਣੇ ਬੈਠੇ ਸਾਨੂੰ ਅੰਮ੍ਰਿਤ ਧਾਰੀਆਂ ਨੂੰ ਸਿੱਖ ਮੰਨਣਾ ਤਾਂ ਕਿਤੇ ਰਿਹਾ, ਦਸਮ ਸਤਿਗੁਰੂ ਨਾਨਕ ਸਾਹਿਬ- ਸ੍ਰੀ ਕਲਗੀਧਰ ਪਾਤਸ਼ਾਹ ਜੀ ਤਾਂ ਸਾਨੂੰ ਮਰਦ ਅਥਵਾ ਮਨੁੱਖ ਵੀ ਨਹੀਂ ਮੰਨ ਰਹੇ --**ਹਮੂੰ ਮਰਦ ਬਾਇਅਦ ਸ਼ਵਦ ਸੁਖ਼ਨਵਰ ॥ ਨਾ ਸ਼ਿਕਮੇ ਫਿਗਰ ਦਰ ਦਹਾਨੇ ਦਿਗਰ ॥**

ਅਜੇਹੇ ਭਰਮ ਭੁਲੇਖੇ ਪਾਉਣ ਵਾਲੀ **ਅਗਿਆਨਤਾ ਦੀ ਧੁੰਧ**-- ਕਿਸ ਮਘੋਰੇ ਥਾਣੀ ਪੱਸਰਦੀ ਆ ਰਹੀ ਹੈ ? ਸੁਹਿਰਦਤਾ ਨਾਲ ਅਰੰਭੀ ਡੂੰਘੀ ਖੋਜ ਦਾ ਸਦਕਾ, ਸਤਿਗੁਰਾਂ ਦੀ ਬਖ਼ਸ਼ਸ਼, ਦਾਸ ਦੀ ਮਨ-ਬੁੱਧੀ ਨੇ ਕਬੂਲ ਕਰ ਲਿਆ ਕਿ, ਅਗਿਆਨਤਾ ਨੂੰ ਗੁਰਮਤਿ-ਗਿਆਨ ਦਾ ਭਰਮ ਬਣਾ ਕੇ ਤੀਸਰਾ ਪੰਥ **ਚਲਾਉਣ ਦਾ ਸੰਕਲਪ** ਅਤੇ ਸਿਰਜਣਾਂ ਦਾ **ਕਾਰਜ**, ਉਚੇਚੇ ਤੌਰ ਤੇ ਦਸ਼ਮੇਸ਼ ਜੀ ਨਾਲ ਜਾ ਜੋੜਨ ਦਾ **ਖ਼ਿਆਲ** ਪੈਦਾ ਕਰਨ ਦਾ **ਮੂਲ ਸੋਮਾਂ** ਦਸਮ ਗ੍ਰੰਥ ਸਾਹਿਬ ਅਥਵਾ ਉਸ ਦੇ ਪ੍ਰਸਿਧ ਭਾਗ, ਸ੍ਰੀ ਬਚਿਤ੍ਰ ਨਾਟਕ, ਚਰਿਤ੍ਰੋ ਪਾਖਯਾਨ, ਚੰਡੀ ਚਰਿਤ੍ਰ ਆਦਿ ਹਨ । ਸੱਚੇ ਸੁੱਚੇ ਗੁਰਸਿਖ ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ ਯਾਰ੍ਹਵੇਂ (੧੧ਵੇਂ) **ਸਦੀਵੀ ਪ੍ਰਕਾਸ਼**, ਸਮਰੱਥ **ਸਤਿਗੁਰੂ**, ਸੱਚੇ ਹਿਰਦੇ ਤੋਂ ਮੰਨਦੇ ਅਤੇ ਸਤਿਕਾਰਦੇ ਸਨ, ਉਨ੍ਹਾਂ ਲਈ ਜ਼ਰੂਰੀ ਬਣਦਾ ਸੀ ਕਿ, ਕਿਸੇ ਪ੍ਰਕਾਰ ਦਾ ਧਾਰਮਿਕ ਨਿਰਣਾ ਕਰਨ ਤੋਂ ਪਹਿਲਾਂ, ਇਸ ਅਦਭੁਤ ਗ੍ਰੰਥ ਦੀ ਸਾਰੀ ਲਿਖਤ ਨੂੰ ਗੁਰੂ ਬਾਣੀ ਦੀ ਕਸਵੱਟੀ ਤੇ ਇਕ-ਸਾਰ ਪਰਖ ਲੈਂਦੇ। ਜੇ ਖੀਰ ਦੀ ਦੇਗ ਵਿਚ ਸੁਆਹ ਦੇ ਬੁੱਕ ਰਲ ਚੁੱਕੇ ਹੋਣ ਤਦ ਤਾਂ ਕੋਈ ਚਾਰਾ ਨਹੀਂ, ਪਰ ਡੁੱਲ੍ਹੇ ਬੇਰਾਂ ਦਾ ਕੁਝ ਨਹੀ ਵਿਗੜਿਆ ਹੁੰਦਾ । ਆਉ ਅਸੀਂ ਸਾਰੇ ਰਲ ਮਿਲ ਕੇ, ਸਤਿਗੁਰਾਂ ਦੇ ਚਰਨਾਂ ਵਿਚ ਧਿਆਨ ਧਰ ਕੇ ਅਰਦਾਸ ਕਰੀਏ ਕਿ ਉਹ ਸਾਡੇ ਨਿਤਾਣੇ ਭੁੱਲੜਾਂ ਦੇ ਸਿਰ ਤੇ ਮਿਹਰ ਦਾ ਹੱਥ ਰੱਖ ਕੇ ਸਮਰਥਾ ਬਖ਼ਸ਼ਸ਼ ਕਰਨ ਕਿ, ਅਸੀਂ, ਦਸਮ ਗ੍ਰੰਥ ਦੇ ਉਪ੍ਰੋਕਤ ਵਰਨਣ ਵਿਸ਼ੇਸ਼ ਭਾਗ ਨੂੰ, ਗੁਰੂ ਬਾਣੀ ਦੀ ਕਸਵੱਟੀ ਤੇ ਪਰਖ ਕੇ, ਸਰਬ ਪ੍ਰਵਾਣਤ ਨਿਰਣਾ ਲੱਭਣ ਵਿਚ ਸਫ਼ਲ ਹੋਈਏ:---

**੧੩- jIA kI ibrQw hoie su gur pih Ardwis kir ] Coif isAwxp**
**sgl mnu qnu Arip Dir ] pUjhu gur ky pYr durmiq jwie jir]**
**swD jnw kY sMig Bvjlu ibKmu qir ] syvhu siqgur dyv AgY n**
**mrhu fir ] iKn mih kry inhwlu aUxy suBr Bir ] mn kau hoie**
**sMqoKu iDAweIAY sdw hir ] so lgw siqgur syv jw kau**
**krmu Duir ]6]**[੫੧੯]

**੧੪- ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥**
**ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ ॥੩੩॥**{੧੩੬੬}

## ੨

# ਅਥ ਚੰਡੀ ਚਰਿਤ੍ਰ ਉਕਤਿ ਬਿਲਾਸ ॥

**ਅਰਥ:**--ਚੰਡੀ=ਚੰਡ ਦੈਂਤ ਨੂੰ ਮਾਰਣ ਕਰਕੇ ਦੁਰਗਾ ਦਾ ਨਾਮ ਚੰਡੀ ਹੋਇਆ ਹੈ।। ਚਰਿਤ੍ਰ=ਕੌਤਕ, ਜੀਵਨ ਸਮਾਚਾਰ ਵਿਚੋ ਕੋਈ ਅਨੋਖਾ ਹਾਲ। [ਯਾਦ ਰਹੇ ਕਿ ਏਸੇ ਪੰਡਤ ਨਰੈਣ ਸਿੰਘ ਜੀ ਨੇ ਚਰਿਤ੍ਰੋ ਪਖਿਯਾਨ ਵਿਚ ਚਰਿਤ੍ਰ ਦਾ ਅਰਥ-ਚਲਿਤ੍ਰ, ਛਲ ਕਪਟ--ਲਿਖਿਆ ਹੈ। ਉਥੇ ਬੇਅੰਤ ਨਾਰੀਆਂ ਦੀ ਜੜ੍ਹ ਪੁੱਟਣੀ ਸੀ ਸੋ **ਚਰਿਤ੍ਰ** ਨੂੰ **ਛਲ ਕਪਟ** ਮਿਥ ਲਿਆ। ਹੁਣ ਏਥੇ ਮਹਾਂਕਾਲ ਦੀ ਘਰਦੀ ਵੀ ਭਾਵੇਂ ਇਸਤ੍ਰੀ ਹੀ ਹੈ, ਪਰ ਏਥੇ ਕਿਉਂਕਿ ਸਾਡੇ ਮਨਾਂ ਵਿਚ ਹੋਰ ਪ੍ਰਕਾਰ ਦਾ ਭਰਮ ਵਾੜਨਾ ਸੀ, **ਚਰਿਤ੍ਰ** ਦਾ ਅਰਥ ਬਦਲ ਕੇ--ਅਨੋਖਾ ਸਾਕਾ ਬਣ ਗਿਆ]

**ਸ੍ਵੈਯਾ ॥**

**ਆਦਿ ਅਪਾਰ ਅਲੇਖ ਅਨੰਤ ਅਕਾਲ ਅਭੇਖ ਅਲੱਖ ਅਨਾਸਾ ॥**
**ਕੈ ਸਿਵ੍ਰ ਸਕਤ ਦਏ ਸ੍ਰੁਤਿ ਚਾਰ ਰਜੋ ਤਮ ਸਤ ਤਿਹੂ ਪੁਰ ਬਾਸਾ ॥**[ਸ੍ਰੁਤਿ ਚਾਰ=ਚਾਰੇ ਵੇਦ]
**ਦਿਉਸ ਨਿਸਾ ਸਸਿ ਸੂਰਿ ਕੈ ਦੀਪ ਸੁ ਸ੍ਰਿਸਟਿ ਰਚੀ ਪੰਚ ਤੱਤ ਪ੍ਰਕਾਸਾ ॥**
**ਬੈਰ ਬਢਾਇ ਲਰਾਇ ਸੁਰਾਸੁਰ ਆਪਹੁ ਦੇਖਤ ਬੈਠ ਤਮਾਸਾ ॥ ੧ ॥**

**ਅਰਥ:**--(ਜੋ ਸਭ ਦਾ) ਮੁਢ ਹੈ, (ਜਿਸ ਦਾ) ਪਾਰ ਨਹੀਂ (ਮਿਲਦਾ ਜੋ) ਲੇਖੇ ਤੋਂ ਬਾਹਰ ਤੇ ਅੰਤ ਤੋਂ ਬਿਨਾ ਹੈ, ਭਾਲ ਤੋਂ ਰਹਿਤ, ਭੇਖ ਤੋ ਬਹੀਨ, ਨਾਂ ਲਖੇ ਜਾਣ ਤੇ ਨਾਸ ਤੋਂ ਰਹਿਤ ਹੈ, (ਜਿਸ ਕਲਯਾਨ ਰੂਪ ਨੇ **(ਆਪਣੀ) ਸ਼ਕਤੀ ਨਾਲ ਚਾਰ [ਸ੍ਰੁਤਿ] ਵੇਦ (ਕੈ) ਬਨਾ ਦਿਤੇ,** ਅਤੇ ਤਿੰਨਾ ਗੁਣਾ ਤੇ ਤਿੰਨ ਲੋਕਾਂ ਵਿਚ ਵਾਸਾ ਕਰਦਾ ਹੈ। (ਜਿਸ ਨੇ) ਦਿਨ ਤੇ ਰਾਤ (ਲਈ) ਸੂਰਜ ਤੇ ਚੰਦ੍ਰਮਾ ਦੀਵੇ ਬਣਾ ਦਿੱਤੇ ਹਨ ਅਤੇ **ਪੰਜਾਂ ਤੱਤਾਂ ਦਾ ਪ੍ਰਕਾਸ਼** (ਕਰਕੇ ਉਨ੍ਹਾਂ ਦਵਾਰੇ ਜਿਸਨੇ) ਸ੍ਰਿਸ਼ਟੀ ਰਚੀ ਹੈ । ਜੋ [ਸੁਰ-ਅਸੁਰ] ਦੇਵਤੇ ਤੇ ਦੈਂਤਾਂ (ਦੇ ਹਿਰਦੇ ਵਿਚ) ਵੈਰ ਵਧਾ ਕੇ, (ਉਨਾਂ ਨੂੰ ਆਪੋ ਵਿਚ) ਲੜਾਉਂਦਾ ਹੈ ਅਤੇ ਆਪ (ਅਲੱਗ) ਬੈਠਾ ਤਮਾਸ਼ਾ ਦੇਖਦਾ ਹੈ । ੧ ।

ਇਹ ਕਿਸ ਤਰ੍ਹਾਂ ਦਾ ਸਿਰਜਣਹਾਰ-ਪਿਤਾ ਹੈ ਜੋ ਆਪਣੀ ਹੀ ਕਿਰਤ (ਦੇਵਤੇ ਅਤੇ ਦੈਂਤਾਂ ਵਿਚ) ਵੈਰ ਵਧਾ ਕੈ ਉਨ੍ਹਾਂ ਦੀ ਲੜਾਈ ਦਾ ਤਮਾਸ਼ਾ ਵੇਖਦਾ ਹੈ। ਅਜੇਹੇ ਰੱਬ ਨਾਲੋਂ ਤਾਂ ਉਹ ਸਿਆਸੀ ਹਾਕਮ ਚੰਗੇ ਹਨ ਜਿਨ੍ਹਾਂ ਨੇ ਕੁੱਕੜਾਂ ਦੀ ਲੜਾਈ ਦਾ ਤਮਾਸ਼ਾ ਵੇਖਣ ਵਾਲਿਆਂ ਤੇ ਵੀ ਜੁਰਮਾਨੇ ਕਰਨ ਦਾ ਕਾਨੂੰਨ ਬਣਾਇਆ ਹੋਇਆ ਹੈ। ਆਪਣੀ ਔਲਾਦ ਵਿਚ ਲਹੂ ਡੋਹਲਵੀ ਲੜਾਈ ਦਾ ਤਮਾਸ਼ਾ ਰਚ ਬਹਿਣਾ ? ਅਜੇਹੇ ਤਮਾਸੇ ਵੇਖਣ ਵਾਲੇ ਨੂੰ ਕਸਾਈ ਤਾਂ ਭਾਵੇਂ ਕਿਹਾ ਜਾਵੇ, ਪਰ ਰਹੀਮ ਕਰੀਮ ਦਇਆਲੂ ਸਿਰਜਣਹਾਰ ਕਿਸੇ ਵੀ ਦਲੀਲ ਨਾਲ ਨਹੀਂ ਮੰਨਿਆਂ ਜਾ ਸਕਦਾ। ਅਜੇਹੇ ਰੱਬ ਨੂੰ **ਮਾਤਾ ਪਿਤਾ ਮੰਨ ਬਹਿਣਾ ਮਾਤਾ ਪਿਤਾ ਦੇ ਪਾਵਨ ਰਿਸ਼ਤੇ ਦੀ ਬਦਨਾਮੀ ਹੈ।**

**ਗੰਭੀਰ ਸ਼ੰਕੇ**:--

(੧) ਜੇ ਚਾਰੇ ਵੇਦ ਰੱਬ ਦੀ ਗ਼ੈਬੀ ਸ਼ਕਤੀ ਨਾਲ ਪ੍ਰਗਟ ਹੋਏ ਸਨ ਤਾਂ ਕੀ, ਇਹ ਬ੍ਰਹਮਾ ਦੀ ਜਾਂ ਕਿਸੇ ਰਿਸ਼ੀ ਦੀ ਲਿਖਤ ਨਹੀਂ ਹਨ? ਝੂਠ ਦਾ ਸੱਚ ਬਨਾਉਣ ਲਈ, ਜੇ ਇਸ ਗੱਲ ਨੂੰ ਰੱਬੀ ਸ਼ਕਤੀ ਦੇ ਇਸ ਪੱਖ ਨਾਲ ਜੋੜ ਲਈਏ ਕਿ, ਰਿਸ਼ੀ ਵੀ ਤਾਂ ਰੱਬ ਦੀ ਹੀ ਸ਼ਕਤੀ ਨਾਲ ਲਿਖਦੇ ਹਨ ਅਥਵਾ ਰਿਸ਼ੀਆਂ ਵਿਚ ਬੈਠ ਕੇ ਰੱਬ ਆਪ ਹੀ ਲਿਖਦਾ ਰਿਹਾ ਹੈ। ਜੇ ਲਿਖਾਰੀ ਦੇ ਮਨ ਵਿਚ ਏਥੇ ਇਹ ਗੱਲ ਹੁੰਦੀ ਤਾਂ ਕੇਵਲ ਚਉਹਾਂ ਵੇਦਾਂ ਦਾ ਹੀ ਜ਼ਿਕਰ ਨਾ ਲਿਖਦਾ, ਸੰਸਾਰ ਵਿਚਲੀਆਂ ਸਾਰੇ ਪਰਕਾਰ ਦੀਆਂ (ਚੰਗੀਆਂ ਮੰਦੀਆਂ ਸਭ ਲਿਖਤਾ ਅਤੇ, ਇਹ ਜੋ ਦਾਸ ਲਿਖ ਰਿਹਾ ਹੈ) ਸਭ ਕੁਝ ਪਰਮਾਤਮਾ ਹੀ ਕਰ-ਕਰਵਾ ਰਿਹਾ ਹੈ ? ਸੋ ਕੱਚੀ ਅਤੇ ਅਧੂਰੀ ਗੱਲ ਜੋ ਸਦੀਵੀ ਸੱਚ ਨਾ ਹੋਵੇ ਉਹ ਅਭੁੱਲ ਸਤਿਗੁਰੂ ਜੀ ਨਹੀਂ ਸਨ ਲਿਖ ਸਕਦੇ?

## (੨) ਚੰਡੀ ਚਰਿਤ੍ਰ ਬਾਣੀ ਵਿਚਲੇ ਝੂਠ-ਨਮੂਨਿਆਂ ਦਾ ਸ੍ਰੀ ਗਣੇਸ਼ ?

ਏਥੇ ਸ੍ਰਿਸ਼ਟੀ ਦੀ ਰਚਨਾ ਪੰਜ ਤੱਤਾਂ ਨਾਲ ਰਚੀ ਲਿਖਣ ਵਾਲੇ ਲਿਖਾਰੀ ਨੇ, ਦਸ਼ਮੇਸ਼ ਜੀ ਦੇ ਜਨਮ ਨਾਲ ਸੰਬੰਧਤ **ਬਚਿਤ੍ਰ ਨਾਟਕ** ਗਾਥਾ ਵਿਚ ਆਪ ਹੀ ਇਉਂ ਲਿਖਿਆ ਹੈ---

**ਏਕ ਸ੍ਰਵਣ ਤੇ ਮੈਲ ਨਿਕਾਰਾ ॥ ਤਾਤੇ ਮਧੁ ਕੀਟਭ ਤਨ ਧਾਰਾ ॥**
**ਦੁਤੀਯ ਕਾਨ ਤੇ ਮੈਲੁ ਨਿਕਾਰੀ ॥ ਤਾਂ ਤੇ ਭਈ ਸ੍ਰਿਸਟਿ ਇਹ ਸਾਰੀ ॥ ੧੩ ॥**
**ਤਿਨ ਕੋ ਕਾਲ ਬਹੁਰ ਬਧ ਕਰਾ ॥ ਤਿਨ ਕੋ ਮੇਦ ਸਮੁੰਦ ਮੋ ਪਰਾ ॥**
**ਚਿਕਨਤਾਸ ਜਲ ਪਰ ਤਿਰ ਰਹੀ ॥ ਮੇਧਾ ਨਾਮ ਤਬਹਿ ਤੇ ਕਹੀ ॥ ੧੪ ॥** (ਦੂਜਾ ਅਧਿਆਇ)

**ਫਿਰ ਬਚਿਤ੍ਰ ਨਾਟਕ ਵਿਚ ਹੀ ਅਕਾਲਪੁਰਖ ਦੇ ਜ਼ਬਾਨੀ ਹੀ ਇਉਂ ਵੀ ਅਖਵਾਇਆ ਹੋਇਆ ਹੈ:--**

**ਅਕਾਲ-ਪੁਰਖ ' ਬਾਚ ॥**

**ਚੌਪਈ ॥**

**ਜਬ ਪਹਿਲੇ ਹਮ ਸ੍ਰਿਸਟਿ ਬਨਾਈ ॥ ਦਈਤ ਰਚੇ ਦੁਸ਼ਟ ਦੁਖ ਦਾਈ ॥**
**ਤੇ ਭੁਜ ਬਲ ਬਵਰੇ ਹਵੈ ਗਏ ॥ ਪੂਜਤ ਪਰਮ ਪੁਰਖੁ ਰਹਿ ਗਏ ॥ ੬ ॥** [ਛੇਵਾਂ ਅਧਿਆਇ)

ਏਥੇ ਸ੍ਰਿਸ਼ਟੀ ਦਾ ਅਰੰਭ ਦੈਂਤਾਂ ਦੇ ਜਨਮ ਤੋਂ ਹੋਇਆ ਲਿਖ ਕੇ, ' ਚੰਡੀ ਚਰਿਤ੍ਰ ਦੂਜਾ ' ਵਿਚ ਸਿਰਜਣਾ ਦਾ ਅਰੰਭ **ਖੰਡੇ** ਤੋਂ **?** :--

**ਖੰਡਾ ਪ੍ਰਿਥਮੈ ਸਾਜਿਕੈ ਜਿਨਿ ਸਭ ਸੈਸਾਰੁ ਉਪਾਇਆ ॥ ..... ੨॥**

ਇਸ ਅਦਭੁਤ ਗ੍ਰੰਥ ਦੇ ਅਦਭੁਤ ਲਿਖਾਰੀ ਦੇ ਸਿਰਜਣਹਾਰ ਅਸਿਧੁਜ ਜੀ ਨੇ, ਸ੍ਰਿਸ਼ਟੀ ਸਿਰਜਣਾ ਦਾ ਕੰਮ ਕੀ ਲੋਹਾਰਾਂ ਵਾਲੇ ਧੰਦੇ ਤੋਂ ਅਰੰਭਿਆ ? **[ਨੋਟ:--ਸ੍ਰਿਸ਼ਟੀ ਸਿਰਜਣਾ ਦੇ ਸੰਬੰਧ ਵਿਚ 'ਬਚਿਤ੍ਰ ਨਾਟਕ ' ਲੇਖ ਵਿਚ ਅਰਥਾਂ ਸਮੇਤ ਖੁੱਲ੍ਹੀ ਗੁਰਮਤਿ ਵਿਚਾਰ ਲਿਖੀ ਹੋਈ ਹੈ]** **ਕਿਹੜੀ ਗੱਲ ਕਿਸ ਦਲੀਲ ਨਾਲ ਸੱਚੀ ਹੈ ? ਇਸ ਬਾਰੇ, ਸਰਬ ਉਚ ਪਦਵੀਆਂ ਤੋਂ ਸਰਬ-ਸੁਖ ਮਾਣ ਰਹੇ, ਪੰਥ ਦੇ ਵਾਰਿਸ, ਜਥੇਦਾਰ ਸਾਹਿਬਾਨ ਤੋਂ ਬਿਨਾਂ, ਹੋਰ ਕੌਣ ਸਾਫ਼ ਕਰਕੇ ਸਮਝਾਏ ?**

(੩) ਜਿਸ ਗੁਰਸਿੱਖ ਨੇ ਹਰ ਰੋਜ਼ ਉਸ ਸਿਰਜਣ ਹਾਰ ਦੇ ਦਰਸ਼ਨ ਕੀਤੇ ਹੋਣ ਜੋ--**ਵੇਖੈ ਵਿਗਸੈ ਕਰਿ ਵੀਚਾਰੁ ॥** --ਅਜੇਹਾ ਪਾਲਣਹਾਰ, ਜਿਹੜਾ ਆਪਣੀ ਕਿਰਤ ਦੀ ਸੰਭਾਲ ਕਰਦਾ ਹੋਇਆ ਰੰਗਾ-ਰੰਗ ਕਲੋਲਾਂ ਕਰਦੀ ਆਪਣੀ ਸਿਰਜਣਾਂ ਨੂੰ ਵੇਖ ਵੇਖ ਕੇ ਖ਼ੁਸ਼ ਹੋ ਰਿਹਾ ਹੁੰਦਾ ਹੈ, ਉਹ ਗੁਰਮੁਖ ਅਜੇਹੇ ਸ੍ਰੀ ਅਸਿਧੁਜ-ਅਸਿਕੇਤ-ਖੜਗਧਾਰੀ-ਮਹਾਂਕਾਲ-ਕਾਲ ਆਦਿ ਨਾਵਾਂ ਵਾਲੇ, ਚਾਰ ਹੱਥਾਂ ਵਿਚ ਸ਼ਸਤਰ ਫੜੀ, ਬੱਦਲਾਂ ਵਾਂਗ ਗਰਜਦੇ, ਕ੍ਰੋਧ ਵਿਚ ਅੱਖਾਂ ਲਾਲ , ਘੋਰ ਸੰਗਰਾਮ ਵਿਚ ਜੁੜਦੇ ਹੋਏ, ਭਿਆਨਕ ਦਾਹੜਾਂ ਹੇਠ ਦੈਂਤਾਂ ਨੂੰ ਚੱਬਦੇ ਵਡੇ ਡਰਾਉਣੇ ਰੂਪ ਵਾਲੇ (**ਅਕਾਰ ਰਹਿਤ ?**) ਨਿਰੰਕਾਰ ਜੀ, ਜੋ--**ਬੈਰ ਬਢਾਇ ਲਰਾਇ ਸੁਰਾਸੁਰ ਆਪਹੁ ਦੇਖਤ ਬੈਠ ਤਮਾਸਾ ॥** ਨੂੰ ਆਪਣੇ ਧਿਆਨ ਵਿਚ ਲਿਆ ਕੇ ਕਿਵੇਂ ਪ੍ਰਸੰਨ ਚਿਤ ਰਹਿ ਸਕਦਾ ?

(੪) ਗੁਰਬਾਣੀ ਵਿਚ ਸੰਸਾਰ-ਸਿਰਜਣਾ ਨੂੰ, ਸਿਰਜਣਹਾਰ ਦਾ ਇੱਕ ਨਾਸਵੰਤ ਖੇਲ-ਅਖਾੜਾ ਮੰਨਿਆਂ ਹੈ--(੧) **ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ ॥੨॥** {੧੦੩} (੨) **ਓਅੰਕਾਰਿ ਸਭ ਸ੍ਰਿਸਟਿ ਉਪਾਈ ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥ ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ ॥੨॥** {੧੦੬੧} (੩) **ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ ॥**{੧੪੦੩} (੪) **ਪਉਣ ਪਾਣੀ ਅਗਨੀ ਇਕ ਵਾਸਾ ॥ ਆਪੇ ਕੀਤੋ ਖੇਲੁ ਤਮਾਸਾ ॥ ਬਲਦੀ ਜਲਿ ਨਿਵਰੈ ਕਿਰਪਾ ਤੇ ਆਪੇ ਜਲ ਨਿਧਿ ਪਾਇਦਾ ॥** {੧੦੩੩}(੫) **–ਨਟੂਐ ਸਾਂਗੁ ਬਣਾਇਆ ਬਾਜੀ ਸੰਸਾਰਾ ॥ ਖਿਨੁ ਪਲੁ ਬਾਜੀ ਦੇਖੀਐ ਉਝਰਤ ਨਹੀ ਬਾਰਾ ॥੪॥** {੪੨੨}

ਸ੍ਰਿਸ਼ਟੀ ਦਾ ਬਮਧਸਧ ਰੂਪ ਪਸਾਰਾ ਉਜਾੜੇ ਵੱਲ ਨੂੰ ਤੁਰਿਆ ਰਹਿਣ ਵਾਲਾ ਤਮਾਸ਼ਾ ਜ਼ਰੂਰ ਕਿਹਾ ਹੈ, ਪਰ ਇਹ ਗੱਲ ਕਿਤੇ ਲਿਖੀ ਨਹੀਂ ਮਿਲਦੀ ਕਿ, ਦੇਵਤੇ ਅਤੇ ਦੈਂਤਾਂ ਜਿਹੇ ਦੋ ਵਿਰੋਧੀ ਧੜੇ ਵੀ ਆਪ ਹੀ ਪੈਦਾ ਕਰ ਲਏ ਅਤੇ ਫਿਰ ਖ਼ੂਨ ਖ਼ਰਾਬੇ ਵਾਲੇ ਜੰਗ ਦਾ ਤਮਾਸ਼ਾ ਵੇਖਣ ਲਈ ਉਨ੍ਹਾਂ ਵਿਚ ਵੈਰ ਵਿਰੋਧ ਵੀ ਆਪ ਹੀ ਵਧਾ ਲਿਆ ਹੋਵੇ ? ਜਿਸ ਗੁਰਸਿੱਖ ਨੇ ਆਪਣੇ ਗੁਰੂ-ਪਰਮੇਸ਼ਰ ਦੀ ਬਾਣੀ ਇਕਾਗਰਤਾ ਨਾਲ ਪੜ੍ਹੀ ਹੋਵੇ, ਉਸ ਲਈ ਅਕਾਲ ਪੁਰਖ ਜੀ ਦੇ ਜ਼ਿੰਮੇ ਮੜ੍ਹੇ ਹੋਏ ਅਜੇਹੇ ਦੋਸ਼ ਬੜੇ ਘਟੀਆ ਮਨੁੱਖ ਦੀ ਕਰਤੂਤ ਬਣ ਖਲੋਂਦੀ ਹੈ। ਸਤਿਗੁਰਾਂ ਨੇ ਪਰਮਾਤਮਾ ਨੂੰ-- **'ਆਪੇ ਮਿਹਰ ਦਇਆਪਤਿ ਦਾਤਾ ਨਾ ਕਿਸੈ ਕੋ ਬੈਰਾਈ ਹੇ ॥੧੧॥** ਮਿਹਰ ਅਤੇ ਦਇਆ ਦਾ ਸੋਮਾ ਕਹਿਣ ਦੇ ਨਾਲ ਸਿਰਜਣ-ਹਾਰ ਨੂੰ ਕੇਵਲ ਨਿਰਵੈਰ ਹੀ ਨਹੀਂ ਆਖਿਆ ਸਗੋਂ ਆਪਣੀ ਸਿਰਜਣਾ ਦੀ ਮਾਤਾ ਪਿਤਾ ਵਾਂਗ ਖ਼ਬਰ ਸੁਰਤ ਰੱਖਣ ਵਾਲਾ ਵੀ ਚਿਤਵਿਆ ਹੈ-–" **ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੇ ਸਿੱਖ ਨੂੰ ਸਿਰਜਣਹਾਰ ਵਾਹਿਗੁਰੂ ਜੀ ਉਤੇ ਅਜੇਹੀ ਟੇਕ ਟਿਕਾਈ ਰੱਖਣ ਦੀ ਸਿਖਿਆ, ਹਰ ਸਮੇ ਦੇ ਰਹੇ ਹਨ:--**ਹਮ ਬਾਰਿਕ ਕਿਛੂ ਨ ਜਾਣਹੂ ਹਰਿ ਮਾਤ ਪਿਤਾ ਪ੍ਰਤਿਪਾਲਾ ॥** ਅਸੀਂ ਉਸ ਰਬ ਨਾਲ ਸੰਬਧਤ ਬਾਣੀ ਦਾ ਪਾਠ ਕਿਉਂ ਕਰੀਏ ਜਿਹੜਾ ਆਪਣੀ ਕਿਰਤ ਵਿਚ ਵੈਰ ਵਿਰੋਧ ਵਧਾ ਕੇ ਜੰਗ ਦਾ ਨਾਟਕ ਰਚਾਈ ਰਖਣ ਵਾਲਾ ਵਡਾ ਨਿਰਦਈ ਬਣਿਆਂ ਦਿੱਸ ਰਿਹਾ ਹੈ।

**ਦੋਹਰਾ**

**ਕ੍ਰਿਪਾ ਸਿੰਧ ਤੁਮਰੀ ਕ੍ਰਿਪਾ ਜੋ ਕਛੁ ਮੋ ਪਰਿ ਹੋਇ ॥ ਰਚੋ ਚੰਡਕਾ ਕੀ ਕਥਾ ਬਾਣੀ ਸੁਭ ਸਭ ਹੋਇ ॥ ੨ ॥**

**ਅਰਥ:**--ਹੇ ਕ੍ਰਿਪਾ ਦੇ ਸਮੁੰਦਰ ! ਜੇ ਮੇਰੇ ਉਤੇ ਤੇਰੀ ਕੁਝ ਕ੍ਰਿਪਾ ਹੋ ਜਾਵੈ। (ਤਾਂ ਮੈਂ) ਦੁਰਗਾ ਦੀ ਕਥਾ ਨੂੰ ਰਚਾਂਗਾ, (ਮੇਹਰ ਕਰੋ ! ਜੋ ਮੇਰੀ) ਕਵਿਤਾ ਚੰਗੀ ਬਣੇ । ੨ ।

ਜੇ ਹਿੰਦੂਆਂ ਦੇ ਕਿਸੇ ਗ੍ਰੰਥ ਦਾ ਉਲਥਾ ਕਰ ਰਹੇ ਸਨ ਤਾਂ ਦਸ਼ਮੇਸ਼ ਜੀ ਨੂੰ " ਚੰਡਕਾ-ਦੁਰਗਾ ਦੇਵੀ ਦੀ ਕਥਾ ਦੇ ਰਚੇਤਾ ਹੋਣ ਬਾਰੇ ਲਿਖਣ ਦੀ ਕੀ ਲੋੜ ਸੀ ? " **ਰਚੋ ਚੰਡਕਾ** ਕੀ ਕਥਾ " ਲਿਖਿਆ ਹੋਣ ਦੇ ਕਾਰਨ ਇਹ ਇੱਕੋ ਦੋਹਰਾ ਇਸ ਗੱਲ ਦੀ ਪੱਕੀ ਸਨਦ ਹੈ ਕਿ ਇਸ ਦਾ ਲਿਖਾਰੀ ਕਥਾ ਦਾ **ਰਚਨ ਹਾਰ** ਹੈ, ਕਿਸੇ ਦੇ ਲਿਖੇ ਦਾ ਉਲਥਾ ਨਹੀਂ ਕਰ ਰਿਹਾ। ਅਜੇਹੇ **Notarized Certificate** ਦੇ ਹੁੰਦਿਆਂ ਇਹ ਕਹਿਣਾ ਇੱਕ ਬੇਦਲੀਲਾ ਢੁੱਚਰ ਹੈ, ਕਿ ਦਸ਼ਮੇਸ਼ ਜੀ ਨੇ ਆਪਣੇ ਸਿੱਖਾਂ ਦੀ ਸਹੂਲਤ ਲਈ ਪੁਰਾਣਕ ਗ੍ਰੰਥਾਂ ਦਾ ਕੇਵਲ ਉਲੱਥਾ ਕੀਤਾ ਹੋਇਆ ਹੈ । **ਕਿਸੇ ਔਖੇ ਗ੍ਰੰਥਾਂ ਦਾ ਇਹ ਕਿਹੋ ਜਿਹਾ ਉਲੱਥਾ ਸੀ,** ਜਿਸ ਕਥਿਤ **ਉਲੱਥੇ** ਦਾ ਅੱਗੇ ਹੋਰ **ਉਲਥਾ** ਪੰਡਿਤ ਨਰੈਣ ਸਿੰਘ ਜੀ ਨੂੰ ਕਰਨਾ ਪਿਆ **?**

**ਜੋਤ ਜਗਮਗੈ ਜਗਤਿ ਮੈ ਚੰਡ ਚਮੁੰਡ ਪ੍ਰਚੰਡ ॥ ਭੁਜ ਦੰਡਨ ਦੰਡਨਿ ਅਸੁਰ ਮੰਡਨ ਭੁਇ ਨਵ ਖੰਡ ॥ ੩ ॥**

**ਪਦ ਅਰਥ:**--**ਚੰਡ**=ਤਿਖਾ ਤੇਜ, ਗਰਮ, ਡਰਾਉਣਾ , ਪ੍ਰੋਧ ਸਹਿਤ । **ਚਮੁੰਡ**=ਚਮੁੰਡਾ, ਚੰਡ ਤੇ ਮੁੰਡ ਨੂੰ ਮਾਰਨ ਵਾਲੀ ਦੇਵੀ ਜੋ ਦੁਰਗਾ ਦੇ ਮੱਥੇ ਤੋਂ ਪ੍ਰਗਟੀ। [ਹੱਦ ਹੋ ਗਈ, ਗ੍ਰਭ ਵਿਚ ਥਾਂ ਹੀ ਨਾ ਮਿਲੀ ? ਪ੍ਰਕ੍ਰਿਤਕ ਨੇਮਾ ਦੀ ਖੰਡਨਾ ? ਮੱਥੇ ਵਿਚੋਂ ਜਨਮ ? ਬੜੀ ਅਜੀਬ ਅਤੇ ਝੂਠੀ ਗੱਪ ?] **ਦੰਡਨ**=ਡੰਡੇ ਸੋਟੇ । **ਦੰਡਨਿ**=ਦੰਡ ਦੇਣਾ, ਤਾੜਨਾ ਕਰਨੀ । **ਮੰਡਨ**=ਸਿੰਘਾਸਨ, ਸਜਾਉਣਾ । **ਜਗ ਮਗੇ**=ਝਿਲਮਿਲ ਝਿਲਮਿਲ ਕਰਨੀ। --

**ਅਰਥ:**--[ਜਿਸਦੀ] ਜੋਤ ਜਗਤ ਵਿਚ ਜਗ ਮਗ ਕਰ ਰਹੀ ਹੈ, ਜੋ ਚਾਮੁੰਡਾ ਬਹੁਤ ਤੇਜ ਤੇ ਕ੍ਰੋਧ ਸਹਿਤ ਹੈ। (ਜਿਸ ਦੀਆਂ) ਬਾਹਾਂ ਰੂਪ ਦੰਡ ਦੈਂਤਾਂ ਨੂੰ ਦੰਡ ਦੇਣ ਵਾਲੇ ਹਨ, ਅਤੇ ਨੌਂ ਖੰਡਾਂ ਵਾਲੀ ਧਰਤੀ ਨੂੰ ਸਜਾਉਣ ਵਾਲੇ ਹਨ।

**ਸ੍ਵੈਯਾ ॥**

**ਤਾਰਨ ਲੋਕ ਉਧਾਰਨ ਭੂਮਹਿ, ਦੈਤ ਸੰਘਾਰਨ ਚੰਡ ਤੁਹੀ ਹੈ ॥**
**ਕਾਰਨ ਈਸ ਕਲਾ ਕਮਲਾ ਹਰ ਅਦ੍ਰਸੁਤਾ ਜਹ ਦੇਖੋ ਉਹੀ ਹੈ ॥**
**ਤਾਮਸਤਾ ਮਮਤਾ ਨਮਤਾ ਕਵਿਤਾ ਕਵਿ ਕੇ ਮਨ ਮੱਧ ਗੁਹੀ ਹੈ ॥**
**ਕੀਨੋ ਹੈ ਕੰਚਨ ਲੋਹ ਜਗਤ ਮੈ ਪਾਰਸ ਮੂਰਤ ਜਾਹਿ ਛੁਹੀ ਹੈ ॥ ੪ ॥**

**ਦੋਹਰਾ ॥**

ਪ੍ਰਮੁਦ ਕਰਨ ਸਭ ਭੈ ਹਰਨ ਨਾਮ ਚੰਡਕ ਜਾਸ ॥ ਰਚੋ ਚਰਿਤ੍ਰ ਬਚਿਤ੍ਰ ਤੁਅ ਕਰੋ ਸਬੁਧ ਪ੍ਰਕਾਸ ॥ ੫ ॥

**ਪੁਨਹਾ ॥**

**ਆਇਸ ਅਬ ਜੋ ਹੋਇ ਗ੍ਰੰਥ ਤਉ ਮੈ ਰਚੌ ॥ ਰਤਨ ਪ੍ਰਮੁਦ ਕਰ ਬਚਨ ਚੀਨ ਤਾਮੈ ਗਚੌ ॥**
**ਭਾਖਾ ਸੁਭ ਸੁਭ ਕਰਹੋ ਧਰਿ ਹੋ ਕ੍ਰਿਤ ਮੈ ॥ ਅਦਭੁਤ ਕਥਾ ਅਪਾਰ ਸਮਝ ਕਰਿ ਚਿੱਤ ਮੈ ॥ ੬ ॥**

**ਅਰਥ:**--(ਜੋ) [ਪ੍ਰਮੁਦ-] ਪ੍ਰਸੰਨ ਕਰਨ ਵਾਲੀ ਤੇ ਸਾਰੇ ਡਰ ਦੂਰ ਕਰਨ ਵਾਲੀ ਹੈ ਅਤੇ ਜਿਸਦਾ ਨਾਮ 'ਚੰਡਿਕਾ' ਹੈ । ਜੇ ਤੂੰ (ਮੇਰੀ) ਉਤਮ ਬੁਧਿ ਰੌਸ਼ਨ ਕਰ ਦੇ, ਤੇਰੇ [ਬਚਿੱਤ੍ਰ-] ਅਲੌਕਿਕ ਚਰਿਤਰਾਂ ਦੀ ਰਚਨਾ ਕਰਾਂਗਾ । ੫ । ਹੁਣ ਤੇਰੀ ਆਗਿਆ ਹੋਵੇ, ਤਾਂ ਮੈ ਤੇਰੇ ਗ੍ਰੰਥ ਦੀ ਰਚਨਾ ਕਰਦਾ ਹਾਂ। ਪ੍ਰਸੰਨ ਕਰਨ ਵਾਲੇ ਬਚਨਾਂ ਰੂਪ ਰਤਨਾਂ ਨੂੰ ਚੁਣ ਕੇ ਉਸ (ਰਚਨਾਂ) ਵਿਚ [ਗਚੇ] ਜੜਦਾ ਹਾਂ। ਉਸ ਸਾਰੀ ਕਥਾ ਨੂੰ ਸੋਹਣੇ ਬਚਨਾਂ ਵਿਚ ਰਚਦਾ ਹਾਂ ਪਰ ਲਿਖਣਾ ਉਸ ਨੂੰ ਕਵਿਤਾ ਵਿਚ ਹੈ। ਉਸ ਕਥਾ ਨੂੰ ਚਿਤ ਵਿਚ ਅਪਾਰ ਅਦਭੁਤ ਸਮਝਦਿਆਂ ਹੋਇਆਂ [ਕ੍ਰਿਤ] ਲਿਖਣਾ ਹੈ। ੬ ।

ਉਪ੍ਰੋਕਤ ਦੋਹਰੇ ਅਤੇ ਪੁਨਹੇ ਤੋਂ ਅਜੇਹੀ ਦਲੀਲ ਕਿ,--"ਕਲਗੀਧਰ ਜੀ ਨੇ ਸਾਡੀ ਜਾਣਕਾਰੀ ਲਈ ਹਿੰਦੂਆਂ ਦੇ ਗ੍ਰੰਥਾਂ ਦਾ ਕੇਵਲ ਉਲਥਾ ਹੀ ਕੀਤਾ ਹੈ" ਮੁਢੋਂ ਹੀ ਬੇਮਤਲਬੀ ਹੈ, ਅਤੇ ਗੁਰਸਿੱਖਾਂ ਦਾ ਵਿਸ਼ਵਾਸ਼ ਗੁਰੂ ਬਾਣੀ ਤੋਂ ਢਿੱਲਾ ਕਰਨ ਲਈ ਕੁਟਲ-ਨੀਤੀ ਨਾਲ ਘੜਿਆ ਢੁੱਚਰ ਹੈ। ਉਪ੍ਰੋਕਤ ਲਿਖਤ ਕਿਸੇ ਪ੍ਰਕਾਰ ਦੀ ਜਾਣਕਾਰੀ ਵਧਾਉਣ ਲਈ ਨਹੀਂ ਸਗੋਂ ਦੇਵੀ ਪ੍ਰਤੀ ਸ਼ਰਧਾ ਬਨਾਉਣ ਦਾ ਭਰਮਾਊ ਯਤਨ ਹੈ। ਗੁਰੂ ਨਾਨਕ ਸਾਹਿਬ ਜੀ ਦੇ ਸਿੱਖਾਂ ਨੂੰ ਦੇਵੀ ਭਗਤ ਬਣਾ ਲੈਣ ਦੀ ਘਿਣਾਵਣੀ ਸਾਜ਼ਸ਼ ਹੈ ਪਰ ਅਸੀਂ ਗੁਰੂ ਬਾਣੀ ਦੇ ਇਹ ਬਚਨ ਸਦਾ ਆਪਣੀ ਯਾਦ ਵਿਚ ਰੱਖੀਏ:--

੧੫- ਮੇਰੇ ਭਾਈ ਜਨਾ ਕੋਈ ਮੋ ਕਉ ਹਰਿ ਪ੍ਰਭੁ ਮੇਲਿ ਮਿਲਾਇ ॥ ਹਉ ਸਤਿਗੁਰ
ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ ਦਿਖਾਇ ॥੧॥ ਰਹਾਉ ॥
ਹੋਇ ਨਿਮਾਣੀ ਢਹਿ ਪਵਾ ਪੂਰੇ ਸਤਿਗੁਰ ਪਾਸਿ ॥ ਨਿਮਾਣਿਆ ਗੁਰੁ ਮਾਣੁ ਹੈ ਗੁਰੁ
ਸਤਿਗੁਰੁ ਕਰੇ ਸਾਬਾਸਿ ॥ ਹਉ ਗੁਰੁ ਸਾਲਾਹਿ ਨ ਰਜਊ ਮੈ ਮੇਲੇ ਹਰਿ ਪ੍ਰਭੁ ਪਾਸਿ ॥੨॥ {੪੧}-੪-੬੮

੧੬- ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ॥ ਜਿਨਿ ਕਰਿ ਉਪਦੇਸੁ ਗਿਆਨ
ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥ ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥
ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥ ਕਰਿ ਕਿਰਪਾ ਪਾਰਿ ਉਤਾਰਿਆ ॥੧੩॥
{੪੭੮}-ਵਾਰ

## ੩- ਅਦਭੁਤ ਕਥਾ ਅਥਵਾ ਝੂਠ ਪ੍ਰਸੰਗ

ਇਸ ਤੋਂ ਅੱਗੇ ਕਥਿਤ ਚੰਡਿਕਾ ਅਥਵਾ ਦੁਰਗਾ ਦੇਵੀ ਦੀ ਅਦਭੁਤ ਕਥਾ ਤੁਰਦੀ ਹੈ, ਦੂਜੇ ਸ਼ਬਦਾਂ ਵਿਚ ਅੱਗੇ (ਝੂਠ-)ਪ੍ਰਸੰਗ ਇਉਂ ਅਰੰਭ ਹੁੰਦਾ ਹੈ। ਸੁਰਥ ਨਾਮੀ ਰਾਜਾ ਗ੍ਰਹਸਤੀ ਜੀਵਨ ਤੋਂ ਦੁਖੀ ਵਡੇ ਮੁਨੀਆਂ ਵਾਲਾ ਭੇਖ ਬਣਾ ਕੇ ਜੰਗਲ ਨੂੰ ਚਲਾ ਗਿਆ। ਉਥੇ ਉਸ ਨੇ **ਮੇਧਸ ਰਿਖ** ਤੋਂ ਦੁਰਗਾ ਦੀ ਕਥਾ ਪੁੱਛੀ। ਮੁਨੀਸਰ ਨੇ ਦੱਸਿਆ ਕਿ ਜਦੋਂ ਸਮੁੰਦਰ ਦੇ ਵਿਚਕਾਰ ਵਿਸ਼ਨੂੰ ਭਗਵਾਨ ਸੁੱਤਾ ਪਿਆ ਸੀ ਤਾਂ ਉਸ ਦੀ ਧੁੰਨੀ ਵਿਚੋਂ ਕੰਵਲ ਦਾ ਫੁੱਲ ਪੈਦਾ ਹੋਇਆ, ਜਿਸ ਵਿਚੋਂ ਬਿਸ੍ਵ ਦਾ ਕਰਤਾ ਬ੍ਰਹਮਾ ਪੈਦਾ ਹੋਇਆ। ਭਗਵਾਨ ਦੀ ਕੰਨਾ ਦੀ ਮੈਲ ਤੋਂ **ਮਧੁ** ਅਤੇ **ਕੈਟਭ** ਦੋ ਦੈਂਤ ਵੀ ਨਾਲ ਹੀ ਪੈਦਾ ਹੋ ਗਏ। ਦੈਂਤਾਂ ਨੇ ਆਪਣਾ ਅਕਾਰ ਏਡਾ ਵਧਾ ਲਿਆ ਕਿ ਬ੍ਰਹਮਾ ਡਰ ਗਿਆ ਅਤੇ ਦੁਰਗਾ ਦੀ ਅਰਾਧਨਾ ਕਰਨ ਲੱਗ ਪਿਆ। ਏਨੇ ਨੂੰ ਵਿਸ਼ਨੂੰ ਭਗਵਾਨ ਦੀ ਜਾਗ ਵੀ ਖੁਲ੍ਹ ਗਈ ਅਤੇ ਉਸ ਤੇ ਇੰਦਰ ਦਾ ਰਾਜ ਸਥਾਪਤ ਕਰਨ ਲਈ ਦੈਂਤਾਂ ਨਾਲ ਜੰਗ ਵਿੱਢ ਲਿਆ।

ਉਨ੍ਹਾਂ ਦੈਂਤਾਂ ਨਾਲ **ਪੰਜ ਹਜ਼ਾਰ ਸਾਲ** ਵਿਸ਼ਨੂੰ ਰੂਪ ਰੱਬ ਜੀ ਲੜਦੇ ਰਹੇ ਪਰ ਦੈਂਤ ਰੱਬ ਨਾਲੋਂ ਤਕੜੇ ਹੀ ਬੜੇ ਸਨ ਮਰਦੇ ਕਿਵੇ ? ਆਖ਼ਰ ਵਿਸ਼ਨੂੰ ਜੀ ਦੀ ਬਹਾਦਰਾਂ ਵਾਲੀ ਲੜਾਈ ਤੇ ਖੁਸ਼ ਹੋ ਕੇ ਦੈਂਤਾਂ ਨੇ ਵਿਸ਼ਨੂੰ-ਰੱਬ ਜੀ ਨੂੰ ਵਰ ਮੰਗਣ ਲਈ ਆਖਿਆ, ਤਾਂ ਸੂਰਮੇ ਤੋਂ ਮੰਗਤਾ ਬਣਦਿਆਂ ਭਗਵਾਨ ਨੇ ਜ਼ਰਾ ਵੀ ਢਿੱਲ ਨਾ ਲਾਈ ਅਤੇ ਦਿਆਲ ਹੋਏ ਭੋਲੇ ਦੈਂਤਾਂ ਤੋਂ ਉਨ੍ਹਾਂ ਦੇ ਸਿਰ ਮੰਗ ਲਏ । ਦੋਵੇਂ ਦੈਂਤ ਆਪਣੀ ਮੂਰਖਤਾਈ ਦੇ

ਕਾਰਨ ਸਮਾਪਤ ਹੋ ਗਏ। ਇੰਦ੍ਰ ਦਾ ਰਾਜ ਸਥਾਪਤ ਕਰਕੇ ਵਿਸ਼ਨੂੰ ਜੀ ਫ਼ਤਹਿ ਦੇ ਡੰਕੇ ਵਜਾਉਂਦੇ ਬੈਕੁੰਠ ਧਾਮ ਨੂੰ ਪਰਤ ਗਏ। ਬੱਸ ਏਥੇ ਮਧ ਕੇਟਭ ਬਧ ਨਾਮਕ ਪਹਿਲਾ ਅਧਿਆਇਆ ਸਮਾਪਤ ਹੋ ਜਾਂਦਾ ਹੈ। (੭ ਤੋਂ ੧੨)

## ੪- ਸ੍ਰੀ ਅਸਿਧੁਜ ਦੀ ਗਾਥਾ-ਰੂਪ ਕੁਫ਼ਰ ?

ਫਿਰ ਝੋਟੇ ਦੇ ਸਿਰ ਵਾਲੇ ਮਹਿਖਾਸੁਰ ਦੈਂਤ ਨੇ ਭੜਥੂ ਪਾ ਦਿੱਤਾ। ਦੇਵਤਿਆਂ ਦੀ ਸਾਰੀ ਸੈਨਾ ਮਾਰ ਗਿਰਾਈ। ਲਹੂ ਵਿਚ ਭਿਜਾ ਦੈਂਤ ਮਾਨੋ ਇਉ ਲੱਗ ਰਿਹਾ ਸੀ ਜਿਵੇਂ ਖੱਤ੍ਰੀਆਂ ਦੇ **ਲਹੂ ਨਾਲ ਭਰੇ ਸਰੋਵਰ** ਵਿਚੋਂ ਨ੍ਹਾ ਕੇ ਆਇਆ ਹੋਵੇ, ਜਿਹੜਾ ਪਰਸਰਾਮ ਨੇ ਖੱਤ੍ਰੀਆਂ ਦੀ ੨੧ ਕੁਲਾਂ ਦੇ ਸਰਬਨਾਸ ਨਾਲ ਭਰਿਆ ਸੀ। (੧੩+੧੪) ਬੇਅੰਤ ਵੱਡੇ ਵੱਡੇ ਰਥ, ਘੋੜੇ, ਅਤੇ ਕਾਲੇ ਹਾਥੀ ਲਹੂ ਮਿੱਝ ਵਿਚ ਭਿੱਜੇ ਥਾਂ ਥਾਂ ਪਏ ਸਨ। ਫਿਰ ਦੇਵਤਿਆਂ ਦਾ ਰਾਜਾ ਇੰਦਰ ਵੀ ਸੈਨਾ ਲੈ ਕੇ ਗੁੱਸੇ ਵਿਚ ਸੜਦਾ ਹੋਇਆ ਜੰਗ ਦੇ ਮੈਦਾਨ ਵਿਚ ਆ ਗੱਜਿਆ। ਦੈਂਤ ਲਹੂ ਵਿਚ ਭਿੱਜੇ ਇਉਂ ਲੱਗ ਰਹੇ ਸਨ ਮਾਨੋ ਸ੍ਰੀ ਰਾਮ ਜੀ ਨੇ ਰਣ ਜਿੱਤ ਕੇ ਆਪਣੀ ਫ਼ੌਜ ਦੇ ਰਿੱਛਾਂ ਨੂੰ ਸਿਰੋ ਪਾਉ ਪਹਿਨਾਏ ਹੋਣ। (੧੫-੧੬) ਕਈ ਜ਼ਖ਼ਮੀ ਰਣ ਵਿਚ ਤੁਰੇ ਫਿਰਦੇ ਸਨ, ਕਈ **ਧਰਤੀ ਤੇ** ਡਿੱਗੇ ਪਏ ਸਨ । **ਬਿਨਾ ਸਿਰ ਤੋਂ** ਕਈ ਧੜ ਭੱਜੇ ਫਿਰਦੇ ਸਨ ਜਿੰਨ੍ਹਾਂ ਨੂੰ ਵੇਖ ਕੇ ਕਈ ਕਾਇਰ ਰਣ ਵਿਚੋਂ ਦੌੜ ਰਹੇ ਸਨ॥ ਮਹਿਖਾਸੁਰ ਨੇ ਅਜੇਹਾ ਜੰਗ ਕੀਤਾ ਕਿ **ਗਿੱਦੜ** ਅਤੇ **ਗਿਰਜਾਂ ਵੀ ਲਹੂ ਨਾਲ ਰੰਗੀਆਂ ਗਈਆਂ** । ਅਜੇਹਾ ਯੁਧ ਵੇਖ ਕੇ **ਸੂਰਜ ਆਪਣਾ ਰਸਤਾ ਭੁੱਲ** ਗਿਆ, ਲਹੂ ਵੇਖ ਕੇ **ਬ੍ਰਹਮਾ ਆਪਣੇ ਚਾਰੇ ਵੇਦ ਭੁੱਲ ਗਿਆ** ।

ਮਾਸ ਨੂੰ ਵੇਖ ਕੇ **ਗਿਰਜਾਂ ਇਉਂ ਬੋਲਦੀਆਂ ਸਨ ਜਿਵੇ ਪਾਠਸ਼ਾਲਾ ਵਿਚ ਲੜਕੇ ਸੰਥਾ ਯਾਦ ਕਰ ਰਹੇ ਹੋਣ** ? ਲੋਥਾਂ ਨੂੰ ਗਿੱਦੜ ਇਉਂ ਧੂਈ ਜਾਂਦੇ ਸਨ ਜਿਵੇ ਸਰਸਤੀ ਦੇ ਕੰਢੇ ਸਿੱਧ ਲੋਕ ਖ਼ਫਨੀ ਬਨਾਉਣ ਲਈ (ਲੀਰਾਂ ਧੂਈ ਜਾਂਦੇ ਹੋਣ ? (੧੭+੧੮) ਦੈਂਤਾਂ ਨੇ ਦੇਵਤਿਆਂ ਦਾ ਕਤਲਾਮ ਕਰਨ ਉਪ੍ਰੰਤ ਉਨ੍ਹਾਂ ਨੂੰ ਲੁਟ ਪੁੱਟ ਕੇ ਸ੍ਵਰਗ ਲੋਕ ਵਿਚੋਂ ਭਜਾ ਕੱਢਿਆ ? ਤਾਂ (ਉਨ੍ਹਾਂ ਹਮਾਲੀਆਂ ਦੇ ਕੈਲਾਸ਼ ਪਰਬਤ ਤੇ? ਬਣੀ) **ਸ਼ਿਵ ਪੁਰੀ** * ਵਿਚ ਜਾ ਡੇਰੇ ਲਾਏ। (੧੯+੨੦)* [ Foot note:--ਪਾਣੀ ਵਿਚ) ਬਲੌਰ ਦੀ ਤਰ੍ਹਾਂ ਲਸ਼ਕਣ ਵਾਲਾ, ਤਿੱਬਤ ਦੇ ਪੱਛਮ ਅਤੇ ਮਾਨਸਰੋਵਰ ਦੇ ਉੱਤਰ ਇੱਕ ਸੁੰਦਰ ਪਹਾੜ, ਜਿਸ ਨੂੰ ਚੀਨੀ " ਕਿਯੁਨਲਨ " ਆਖਦੇ ਹਨ, ਪੁਰਾਣਾ ਅਨੁਸਾਰ ਇਹ ਸ਼ਿਵ ਅਤੇ ਕੁਬੇਰ ਦੇ ਰਹਿਣ ਦਾ ਪਰਬਤ ਹੈ। ਤਿੱਬਤ, ਚੀਨ ਅਤੇ ਹਿੰਦੋਸਤਾਨ ਤੋਂ ਆਕੇ ਹਜ਼ਾਰਾਂ ਯਾਤਰੂ ਇਸ ਦੀ ਪਰਦੱਖਣਾ ਕਰਦੇ ਹਨ। (ਮਹਾਨ:ਕੋਸ਼ ਸਫ਼ਾ-੩੪੯]

(੧) ਇਹ ਕਿਹੜੀ ਧਰਤੀ ਸੀ ਜਿੱਥੇ ਇਹ ਅਜੀਬ ਕਿਸਮ ਦਾ ਜੰਗ ਹੋ ਰਿਹਾ ਸੀ ?

(੨) ਬਿਨਾ ਸਿਰ ਤੋਂ ਲੋਥਾਂ ਤੁਰੀਆਂ ਫਿਰਦੀਆਂ ਤੋਂ ਕੀ, ਸਾਡਾ ਧਿਆਨ ਬਾਬਾ ਦੀਪ ਸਿੰਘ ਜੀ ਦੇ ਵਾਪਰਨ ਵਾਲੇ ਸਾਕੇ ਵਲ ਤਾਂ ਨਹੀਂ ਦਿਵਾਇਆ ?

(੩) ਕੀ, ਸੂਰਜ ਵੀ ਕਦੇ ਆਪਣਾ ਰਸਤਾ ਭੁੱਲਿਆ ਹੈ । ਅਜੇਹੀ ਉਦਾਹਰਣ ਦੇਣ ਤੋਂ ਸਪੱਸ਼ਟ ਹੁੰਦਾ ਹੈ ਕਿ ਲਿਖਾਰੀ ਇਸ ਸਚਾਈ ਤੋਂ ਅਣਜਾਣ ਹੈ, ਕਿ, ਦਿਨ ਰਾਤ ਧਰਤੀ ਦੇ ਘੁੰਮੰਣ ਤੋਂ ਅਤੇ ਸੂਰਜ ਦੇ ਅਸਥਿਰ ਰਹਿਣ ਤੋ ਬਦਲਦੇ ਹਨ । ਅਜੇਹੀ ਅਗਿਆਨਤਾ ਦੀ ਗੱਲ ਕੀ ਦਸ਼ਮੇਸ਼ ਜੀ ਨੇ ਹੀ ਲਿਖੀ ਹੋਵੇਗੀ ਜੀ ?

### ਦੇਵਤਿਆਂ ਦੀ ਦੁਰਗਾ ਨਾਲ ਮੁਲਾਕਾਤ ਅਤੇ ਜੰਗ ਅਰੰਭ:--

**ਦੋਹਰਾ ॥**

**ਕਿਤਕਿ ਦਿਵਸ ਬੀਤੇ ਤਹਾਂ ਨਾਵਨ ਨਿਕਸੀ ਦੇਵ ॥ ਬਿਨ ਪੂਰਬ ਸਮ ਦੇਵਤਨ ਕਰੀ ਦੇਵ ਕੀ ਸੇਵ ॥ ੨੧ ॥**
**ਕੂਕਰ ਕੋ ਮਾਰਤ ਨ ਕੋਊ ਨਾਮ ਲੈ ਕੈ ਤਾਹਿ ॥ ਮਾਰਤ ਹੈ ਤਾਕੋ ਲੈ ਕੈ ਖਾਵੰਦ ਕੋ ਨਾਮ ਹੈ ॥ ੨੨ ॥**

ਕੈਲਾਸ਼ ਤੇ ਡੇਰਾ ਲਾਈ ਬੈਠੇ ਦੇਵਤਿਆਂ ਨੂੰ ਕਈ ਦਿਨ ਹੋ ਗਏ ਤਾਂ ਇਕ ਦਿਨ ਦੁਰਗਾ **ਨ੍ਹਾਵਨ** ਨੂੰ ਨਿਕਲੀ ਤਾਂ ਦੇਵਤਿਆਂ ਨੇ ਮਿਲ ਕੇ ਵਿਧੀ ਪੂਰਵਕ ਉਸ ਦੀ ਪੂਜਾ ਕੀਤੀ ਅਤੇ ਉਸ ਦੀ ਉਸਤਤਿ ਕਰਦਿਆਂ ਜਦ ਇਹ ਆਖਿਆ ਕਿ ਜਦੋਂ ਕੋਈ ਕਿਸੇ ਕੁੱਤੇ ਨੂੰ ਮਾਰਦਾ ਹੈ ਤਾਂ ਉਸ ਦੇ ਮਾਲਕ ਦਾ ਨਾਮ ਲੈ ਕੇ ਹੀ ਮਾਰਦਾ ਹੈ। ਸੋ ਹੇ ਦੁਰਗਾ ! ਤੂੰ ਸਾਡੀ, ਆਪਣੇ ਕੁਤਿਆਂ ਦੀ, ਮਹਿਖਾਸੁਰ ਦੈਂਤ ਤੋਂ ਰਖਿਆ ਕਰ। ਤਾਂ--

**ਦੈਤਨ ਕੇ ਬਧ ਕੋ ਜਬੈ ਚੰਡੀ ਕੀਓ ਪ੍ਰਕਾਸ ॥ ਸਿੰਘ ਸੰਖ ਅਉ ਅਸਤ੍ਰ ਸਭ ਸਸਤ੍ਰ ਆਇਗੈ ਪਾਸ ॥ ੨੪ ॥**

**ਦੈਤ ਸੰਘਾਰਨ ਕੇ ਨਮਿਤ ਕਾਲ ਜਨਮੁ ਇਹ ਲੀਨ ॥ ਸਿੰਘ ਚੰਡ ਬਾਹਨ ਭਇਓ ਸਤ੍ਰਨ* ਕਉ ਦੁਖੁ ਦੀਨ ॥ ੨੫ ॥**

**ਅਰਥ:**-- ਜਦੋਂ ਹੀ ਦੁਰਗਾ ਨੇ ਦੈਂਤਾਂ ਨੂੰ ਮਾਰਨ ਦਾ ਆਪਣਾ ਇਰਾਦਾ ਬਣਾਇਆ ਤਾਂ ਸ਼ੇਰ ਤੇ ਸੰਖ ਸਮੇਤ ਸਾਰੇ ਅਸਤ੍ਰ ਸ਼ਸਤ੍ਰ ਚੰਡੀ ਦੇ ਕੋਲ ਆ ਗਏ। ੨੪ ।ਦੈਂਤਾਂ ਦੇ ਨਾਸ ਕਰਨ ਲਈ (ਹੀ ਮਾਨੋਂ) ਕਾਲ ਨੇ ਇਹ ਜਨਮ ਲਿਆ ਹੈ। (ਯਾਦ ਰਹੇ ਕਿ ਲਿਖਾਰੀ ਨੇ " ਕਾਲ ' ਨੂੰ ਕਈ ਥਾਈਂ ' ਅਜਨਮਾ ' ਭਾਵ ਅਜੋਨੀ ਅਤੇ ' ਸੈਭੰ ' ਵੀ ਲਿਖਿਆ ਹੈ) (ਉਹ) ਸ਼ੇਰ ਚੰਡੀ ਦਾ [ਬਾਹਨ=] ਘੋੜਾ ਹੋਇਆ ਹੈ, (ਜੋ) ਵੈਰੀਆਂ ਨੂੰ ਦੁੱਖ ਦੇਣ ਵਾਲਾ ਹੈ । ੨੫ ।

***[Foot note:**--ਆਪਣੇ ਜਜਮਾਨਾਂ ਨਾਲ ਕਈ ਪ੍ਰਕਾਰ ਦੀਆਂ ਠੱਗੀਆਂ ਮਾਰ ਰਹੇ, ਅਤੇ ਮੰਦ੍ਹਾਂ ਵਿਚ ਹੀ ਕਈ ਤਰ੍ਹਾਂ ਦੇ ਪਾਪ ਕਰਦੇ ਆ ਰਹੇ ਬਿੱਪ੍ਰ ਲਿਖਾਰੀ ਨੂੰ ਹਰ ਪਾਸੇ ਦੁਸ਼ਮਣ ਹੀ ਦੁਸ਼ਮਣ ਦਿਸ ਰਹੇ ਸਨ। ਇਸ ਲਈ, [ਪਾਪ ਗ੍ਰਸੇ ਆਪਣੇ ਆਚਰਨ ਦੇ ਕਾਰਨ ਵਿਦਰੋਹ ਹੋ ਜਾਣ ਦੇ ਡਰ ਤੋਂ ਭੈ-ਭੀਤ ਕਿਸੇ ਪ੍ਰਕਾਰ ਦੇ ਵਿਦ੍ਰੋਹ ਦੀ ਸੰਭਾਵਣਾ ਮੁਕਾਈ ਰੱਖਣ ਦੀ ਯੋਜਨਾਂ ਅਧੀਨ--(ਪੜ੍ਹੋ ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਰਗ--ਪੁਸਤਕ ਦਾ ਪਹਿਲਾ ਭਾਗ ) ਆਪਣੇ ਚੇਲਿਆਂ ਨੂੰ ਭੈ ਭੀਤ ਕਰੀ ਰੱਖਣ ਲਈ, ਆਪਣੇ ਹੱਥੀ ਲਿਖੇ ਵੇਦ ਪੁਰਾਣਾ ਆਦਿ ਲਗ-ਪਗ ਸਾਰੇ ਧਰਮ ਗ੍ਰੰਥਾਂ ਵਿਚ ਕਈ ਥਾਂਈਂ ਦੁਸ਼ਮਣਾ ਦੁਸ਼ਟਾਂ ਦੇ ਸੰਘਾਰ ਦਾ ਰੋਣਾ ਲੈ ਬੈਠਦਾ ਹੈ। ਨਿਰਵੈਰ ਸਤਿਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ ਦਸਵੇਂ ਪ੍ਰਕਾਸ਼ ਸ਼੍ਰੀ ਦਸ਼ਮੇਸ਼ ਜੀ ਲਈ ਨਾ ਕੋਈ ਬੈਰੀ ਸੀ ਅਤੇ ਨਾ ਹੀ ਬਿਗਾਨਾ ਸੀ। ਉਨ੍ਹਾਂ ਨੂੰ ਤਾਂ ਹਰ ਪਾਸੇ ਮਿੱਤ੍ਰ ਪਿਆਰੇ ਦੇ ਹੀ ਦਰਸ਼ਨ ਹੋ ਰਹੇ ਸਨ। ਇਹ ਲਿਖਤ ਨਿਰਸੰਦੇਹ ਕਿਸੇ ਬਿੱਪ੍ਰ ਦੀ ਹੀ ਹੈ--ਦਾਸ ਦੇ ਇਸ ਵਿਸ਼ਵਾਸ਼ ਨੂੰ ਜਥੇਦਾਰ ਸਾਹਿਬਾਨ ਗੁਰੂ ਬਾਣੀ ਦੇ ਅਧਾਰ ਤੇ ਬਦਲ ਦੇਣ। ਦਾਸ ਇਸ ਨੂੰ ਉਪਕਾਰ ਇਸ ਲਈ ਸਮਝੇਗਾ ਕਿਉਂਕਿ ਅਜੇਹਾ ਹੋਣ ਤੇ ਦਾਸ ਨੂੰ ਗੁਰਬਾਣੀ ਦੇ ਉਸ ਪੱਖ ਦੀ ਸੋਝੀ ਆ ਜਾਣੀ ਜਿਸ ਤੋਂ ਅਜੇ ਤੱਕ ਅਣਜਾਣ ਹਾਂ }

**ਇਸ ਤੋਂ ਅੱਗੇ ਕੇਵਲ ਸ਼ੇਰ ਦੀ ਉਪਮਾਂ ਵਿਚ ਹੀ, ਬੜੇ ਵੱਡੇ ਵੱਡੇ ਝੂਠ ਲਿਖਣੋ ਸੰਕੋਚ ਨਹੀਂ ਕੀਤਾ, ਜਿਵੇਂ ਕਿ:--**

**ਸਵੈਯਾ ॥**

**ਦਾਰੁਨ ਦੀਰਘੁ ਦਿਗਜ * ਸੇ ਬਲ ਸਿੰਘਹਿ** ਕੇ ਬਲ ਸਿੰਘ ਧਰੇ ਹੈ ॥**
**ਰੋਮ ਮਨੋਂ ਕਾਲਹਿ ਕੇ ਜਨ, ਪਾਹਨ ਪਤਿ ਪੈ ਬ੍ਰਿਛ ਰਹੇ ਹੈ ॥**
**ਮੇਰ ਕੇ ਮੱਧ ਮਨੋ ਜਮਨਾ ਲਰ ਕੇਤਕ ਪੁੰਜ ਪੈ ਭ੍ਰਿੰਗ ਢਰੇ ਹੈ ॥**
**ਮਾਨੋ ਮਹਾ ਪ੍ਰਿਥੁ ਲੈ ਕੇ ਕਮਾਨ ਸੁ ਭੂਧਤ ਭੂਮ ਤੇ ਨਿਆਰੇ ਕਰੇ ਹੈ ॥ ੨੬ ॥**

**ਅਰਥ:**--(ਸ਼ੇਰ) ਦਿੱਗਜ (ਹਾਥੀ) ਵਰਗਾ ਭਿਆਨਕ ਤੇ ਵਡਾ ਹੈ ਅਤੇ ਸਹੰਕਾ ਦੇ ਬਲ ਜਿੰਨਾ (ਦੈਂਤਾਂ ਦੀ ਛਾਂ ਤੋਂ ਖਿੱਚ ਕੇ, ਉਨ੍ਹਾਂ ਨੂੰ ਖਾ ਜਾਣ ਦੀ) ਸ਼ਕਤੀ ਵਾਲਾ ?। ਸ਼ੇਰ ਦੇ ਰੋਮ ਮਾਨੋਂ ਕਾਲ ਦੇ ਤੀਰ ਹਨ, ਅਤੇ (ਜੋ ਉਸ ਦੇ ਉਪਰ ਕਾਲੀਆਂ ਧਾਰੀਆਂ ਹਨ, ਉਹ ਇਉਂ ਮਲੂਮ ਹੁੰਦੀਆਂ ਹਨ) ਮਾਨੋ ਪੀਲੇ ਪੱਥਰਾਂ ਤੇ (ਕਾਲੇ ਕਾਲੇ) ਬ੍ਰਿਛ ਉਗੇ ਹੋਏ ਹਨ। (ਕੰਗਰੋੜ ਉਤੇ ਜੋ ਕਾਲੇ ਵਾਲਾਂ ਦੀ ਧਾਰੀ ਹੈ, ਉਹ) ਮਾਨੋਂ ਸੁਮੇਰ ਦੇ ਵਿਚੋਂ ਜਮਨਾਂ ਦੀ ਸ਼ਾਖ਼ ਨਿਕਲੀ ਹੈ ਅਤੇ ਜੋ ਚਿੱਟੇ ਵਾਲਾਂ ਉਤੇ ਕਿਤੇ ਕਿਤੇ ਕਾਲੇ ਦਾਗ਼ ਮਲੂਮ ਹੁੰਦੇ ਹਨ, ਉਹ ਮਾਨੋ ਕੇਤਕੀ (ਦੇ ਫੁਲਾਂ ਦੇ) ਝੁੰਡ ਉਤੇ ਭੋਰੇ ਲਿਓਟੇ ਹੋਏ ਹਨ। ਜਿਹੜੇ ਸ਼ੇਰ ਦੇ ਸਰੀਰ ਤੇ ਗੋਲ ਗੋਲ ਧਬੇ ਹਨ, ਉਹ ਮਾਨੋ ਮਹਾਰਾਜ ਪ੍ਰਿਥੂ ਨੇ ਕਮਾਨ ਲੈਕੇ ਧਰਤੀ ਤੋਂ ਪਰਬਤ ਵਖਰੇ ਰਖ ਦਿਤੇ ਹਨ । ੨੬। ।

*[**Foot note:--ਦਿਗਜ**=ਪੁਰਾਣਾ ਵਿਚ ਅੱਠ ਦਿਸ਼ਾਂ ਵਿਚ ਅੱਠ ਹਾਥੀ ਮੰਨੇ ਹਨ ਜੋ (ਗੋਲ ?) ਧਰਤੀ ਨੂੰ ਥੰਮੀ ਖਲੋਤੇ ਹਨ। ਇਨ੍ਹਾਂ ਅੱਠ ਹਾਥੀਆਂ ਦੇ ਨਾਲ ਹਥਨੀਆਂ ਅਤੇ ਇੱਕ ਇੱਕ ਦੇਵਤਾ ਵੀ ਧਰਤੀ ਅਤੇ ਹਾਥੀ ਜੋੜੇ ਦੀ ਸੇਵਾ ਸੰਭਾਲ ਦੀ ਕਾਰ ਸੰਭਾਲੀ ਬੈਠਾ ਹੈ :--(੧) ਪੂਰਵ ਵਿਚ ਹਾਥੀ ਐਰਾਵਤ ਜਿਸ ਦੀ ਹਥਨੀ ਅਭ੍ਰਮੁ, ਦੇਵਤਾ ਇੰਦ੍ਰ (੨) ਪੂਰਵ ਦੱਖਣ, ਹਾਥੀ ਪੁੰਡਰੀਕ ਹਥਨੀ ਕਪਿਲਾ, ਦੇਵਤਾ ਅਗਨਿ, (੩) ਦੱਖਣ--ਹਾਥੀ ਵਾਮਨ ਹਥਨੀ ਪਿੰਗਲਾ, ਦੇਵਤਾ ਯਮ (੪) ਦੱਖਣ ਪੱਛਮ--ਹਾਥੀ ਕੁਮਦ ਹਥਨੀ ਅਨੁਪਮਾ ਦੇਵਤਾ ਸੂਰਜ (੫) ਪੱਛਮ--ਹਾਥੀ ਅੰਜਨ ਹਥਨੀ ਅੰਜਨ ਵਤੀ ਦੇਵਤਾ ਵਰਣੁ (੬) ਪੱਛਮ ਉੱਤਰ--ਹਾਥੀ ਪੁਸ਼ਪੰਦਤ ਹਥਨੀ ਸ਼ੁਭ ਦੰਤੀ ਦੇਵਤਾ ਵਾਯੂ (੭) ਉੱਤਰ--ਹਾਥੀ ਸਾਵਰਭੌਮ ਹਥਨੀ ਅੰਜਨਾ ਦੇਵਤਾ ਕੁਬੇਰ (੮) ਉੱਤਰ ਪੂਰਬ ਵਿਚ ਹਾਥੀ ਸੁਪ੍ਰਤੀਕ ਹਥਨੀ ਤਾਮ੍ਰਕਰਣੀ ਅਤੇ ਦੇਵਤਾ ਸੋਮ। ਪ੍ਰਿਰਾਣਾ ਵਿਚ ਲਿਖੇ ਦੀ ਇਹ ਜਾਣਕਾਰੀ ਲਿਖਣ ਲਈ ਦਾਸ ਨੇ ਉਚੇਚੀ ਮਿਹਨਤ ਇਸ ਲਈ ਕੀਤੀ ਹੈ ਕਿ ਪਾਠਕ ਸੱਜਣ ਵੇਖ ਸਕਣ ਕਿ ਫ਼ਰਜ਼ੀ ਨਾਮ ਰੱਖਣ ਵਿਚ ਬਿੱਪ੍ਰ ਕਿੱਡਾ ਨਿਪੁੰਨ ਹੈ । ਪੁਰਾਣਾ ਦੀ ਇਸ ਲਿਖਤ ਵਿਚ-- ਹਾਥੀ **ਅੰਜਨ** ਅਤੇ ਉਸ ਦੀ ਹਥਨੀ **ਅੰਜਨ ਕੁਮਾਰੀ** ? ਏਸੇ ਤਰ੍ਹਾਂ ਚਰਿਤ੍ਰੋ ਪਖਿਯਾਨ ਗ੍ਰੰਥ, ਜਿਸ ਨੂੰ ਹਿੰਦੂਆਂ ਦੇ ਗ੍ਰੰਥਾਂ ਦੀ ਨਕਲ ਨਹੀਂ ਸਗੋਂ ਦਸ਼ਮੇਸ਼ ਜੀ ਦੀ ਸਤੰਤਰ ਕਿਰਤ ਮੰਨਿਆਂ ਜਾ ਰਿਹਾ ਹੈ ਉਸ ਵਿਚ-- ਚੰਦ੍ਰ ਦੇਵ ਦੇ ਵੰਸ਼ ਵਿਚ ਚੰਦ੍ਰ ਸੈਨ ਰਾਜੇ ਦੀ ਚੰਦਰ ਕਲਾ ਰਾਣੀ, ਫਿਰ ਦੂਜੀ ਥਾਂ ਰਾਣੀ ਦਾ ਨਾਮ, ਜੰਤਰਕਲਾ ਅਤੇ ਧੀ ਦਾ ਨਾਮ--ਰੁਦਰਕਲਾ, ਬੀਰ ਸੈਨ ਦੀ, ਬੀਰਕਲਾ ਆਦਿ ਨਿਰਾ ਆਪਸੀ ਮੇਲ ਖਾਣ ਦੀ ਹੀ ਗੱਲ ਨਹੀਂ ਭਾਂਤ ਭਾਂਤ ਦੇ ਨਾਵਾਂ ਦੀ ਵੰਡ ਜਿਵੇ ਹਾਥੀਆਂ, ਹਥਨੀਆਂ, ਨੂੰ, ਦੇਵੀ ਦੇਵਤਿਆਂ ਨੂੰ, ਰਿਖੀਆਂ ਆਦਿ ਨੂੰ ਪੁਰਾਣਾ ਵਿਚ ਕੀਤੀ ਹੋਈ ਹੈ ਉਵੇ ਦੇ ਚਰਿਤ੍ਰੋ ਪਖਯਾਨ ਵਿਚ ਕਈ ਇਸਤ੍ਰੀ ਮਰਦਾਂ ਨੂੰ ਕਈ ਤਰ੍ਹਾਂ ਦੇ ਅਦਭੁਤ ਨਾਂਵ ਬਖ਼ਸ਼ਸ਼ ਕੀਤੇ ਹੋਏ ਹਨ,- ਤੰਦਕਲਾ, ਚਿਤਰਮਤੀ, ਦਿਜਬਰ, ਸੁਕ੍ਰਿਤ ਸਿੰਘ, ਜੋਬਨ ਕਲਾ ਆਦਿ। ਗਹੁ ਨਾਲ ਪੜ੍ਹਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬ ਦੇ ਵਾਤਾਵਰਣ ਵਿਚ ਪਲ ਕੇ ਜਵਾਨ ਹੋਏ, ਪੰਜਾਬੀ ਬੋਲੀ ਦੇ ਘਰ, ਮਾਝੇ ਵਿਚ ਵਿਆਹੇ ਗਏ, ਪੰਜਾਬੀ ਗੁਰਸਿੱਖਾਂ ਵਿਚ ਹਰ ਸਮੇ ਘਿਰੇ ਰਹਿਣ ਵਾਲੇ ਦਸ਼ਮੇਸ਼ ਜੀ, ਜੋ ਜ਼ਿੰਗਦੀ ਵਿਚ ਵ੍ਰਿੰਦਾਬਨ ਦੇ ਨੇੜੇ ਤੇੜੇ ਵੀ ਕਦੇ ਨਾ ਗਏ ਹੋਣ ਉਨ੍ਹਾਂ ਦੀ ਲਿਖਤ ਬਿਲਕੁੱਲ ਹੀ ਬਜਿਭਾਸ਼ਾ ? ਪੰਜਾਬ ਦੇ ਵਸਨੀਕ ਹੋਣ ਦਾ ਸੰਕੇਤ ਤੱਕ ਨਾ ਮਿਲੇ ? ਸਾਰੇ ਪੱਖ ਵਿਚਾਰ ਗੋਚਰੇ ਹਨ ] -

**ਝੂਠ 3- a**--**[Foot note:--ਪੁਰਾਣਾ ਅਨੁਸਾਰ--ਦਖਛਯ ਦੀ ਪੁਤਰੀ ਅਤੇ ਕਸ਼ਯਪ ਦੀ ਇਸਤ੍ਰੀ ਜੋ ਰਾਹੂ ਦੀ ਮਾਤਾ ਸੀ, ਕਈ ਪੁਰਾਣਾਂ ਵਿਚ ਇਸ ਨੂੰ " ਵਿਪ੍ਰਾਂਚਵਤੀ " ਦੀ ਇਸਤ੍ਰੀ ਲਿਖਿਆ ਹੈ। ਇਸ ਵਿਚ ਇਹ ਬਲ ਸੀ ਕਿ ਅਕਾਸ਼ ਵਿਚ ਉਡਦੇ ਜਾ ਰਹੇ ਜੀਵਾਂ ਦੀ ਛਾਯਾ ਨੂੰ ਫੜ ਕੇ ਆਪਣੀ ਵੱਲ ਖਿੱਚ ਲੈਂਦੀ ਸੀ, ਇਸ ਕਰਕੇ ਇਸ ਦਾ ਨਾਮ " ਛਾਯਾ ਗ੍ਰਹਿਣੀ " ਵੀ ਲਿਖਿਆ ਹੈ । ਸਮੁੰਦਰ ਤੋਂ ਜਾਂਦੇ ਹਨੂੰਮਾਨ ਦੀ ਛਾਯਾ ਫੜ ਕੇ ਹਨੂੰਮਾਨ ਨੂੰ ਖਿੱਚ ਕੇ ਨਿਗਲ ਗਈ ਸੀ। ਹਨੂੰਮਾਨ ਉਸ ਦਾ ਢਿੱਡ ਪਾੜ ਕੇ ਬਾਹਰ ਨਿਕਲਿਆ ਸੀ ]**

**ਦੋਹਰਾ ॥**

**ਘੰਟਾ ਗਦਾ ਤ੍ਰਿਸੂਲ ਅਸ ਸੰਖ ਸਰਾਸਨ ਬਾਨ ॥ ਚਕ੍ਰ ਬਕ੍ਰ ਕਰ ਮੈ ਲੀਏ ਜਨ ਗ੍ਰੀਖਮ ਰਿਤ ਭਾਨ ॥ ੨੮ ॥**
**ਚੰਡ ਕੋਪ ਕਰਿ ਚੰਡਕਾ ਏ ਆਯੁਧ ਕਰ ਲੀਨ ॥ ਨਿਕਟਿ ਬਿਕਟਿ ਪੁਰ ਦੈਤ ਕੇ ਘੰਟਾ ਕੀ ਧੁਨ ਕੀਨ ॥ ੨੮ ॥**

**ਅਰਥ:**--ਘੰਟਾ, ਗਦਾ, ਤ੍ਰਸੂਲ, (ਅਸਿ) ਤਲਵਾਰ, ਸੰਖ [ਸਰਾਸਨ] ਧਨਖ ਤਧ ਬਾਨ। [ਬਕ੍ਰ} ਡਰਾਉਣਾ ਚੱਕ੍ਰ (ਇਹ ਅੱਠ ਸ਼ਸਤ੍ਰ ਜੋ ਚੰਡੀ ਨੇ) ਹਥਾਂ ਵਿਚ (ਫੜ) ਲਏ ਹਨ, ਮਾਨੋਂ ਗਰਮੀ ਰੁਤ ਦਾ ਸੂਰਜ ਹਨ ( ਜਿਵੇ ਜੇਠ ਹਾੜ ਦੇ ਮਹੀਨੇ ਸੂਰਜ ਦਾ ਪਰਚੰਡ ਤੇਜ ਹੁੰਦਾ ਹੈ, ਏਂਵੇ ਹੀ ਇਨ੍ਹਾਂ ਦੀ ਚਮਕ ਦਮਕ ਹੈ] ।੨੭ । [ਚੰਡ=] ਭਿਆਨਕ ਕ੍ਰੋਧ ਕਰਕੇ [ਚੰਡਕਾ=] ਚੰਡੀ ਨੇ ਹੱਥਾਂ ਵਿਚ ਇਹ ਫੜ ਲਏ। [ਬਿਕਟ=] ਡਰਾਉਂਣੇ ਦੈਂਤ (ਮਹਿਖਾਸੁਰ] ਦੇ ਪੁਰ ਦੇ ਨੇੜੇ ਜਾ ਕੇ, ਘੰਟੇ ਦੀ ਧੁਨੀ ਕੀਤੀ, (ਅਰਥਾਤ ਚੰਡੀ ਨੇ ਮਹਿਖਾਸੁਰ ਦੇ ਸਹਿਰ ਦੇ ਕੋਲ ਜਾ ਕੇ ਘੰਟਾ ਖੜਕਾ ਦਿੱਤਾ) । ੨੮।

## ੫- ਦੈਂਤਾਂ ਦੀ ਫ਼ੋਜ ੪੫ ਪਦਮ ? ਅਸਮਾਨੀ ਛੂੰਹਦਾ ਝੂਠ ? -

ਦੇਵੀ ਦੇ ਜੰਗ ਦਾ ਬਿਗ਼ਲ ਸੁਣ ਕੇ ਦੈਂਤ ਲੜਾਈ ਲਈ ਤਿਆਰ ਹੋ ਕੇ ਆ ਗਏ । ਵੈਰੀ ਦੀ ਕਿੰਨੀ ਫੌਜ ਨੇ ਕਿਵੇਂ ਦੀ ਸਫ਼-ਬੰਦੀ ਕੀਤੀ--ਦਰਸ਼ਨ ਕਰੋ:--

**ਪੈਤਾਲੀ ਪਦਮ ਅਸੁਰ ਸਜਿਯੋ ਕਟਕ ਚਤੁਰੰਗ ॥ ਕਛੁ ਬਾਂਇ ਕਛੁ ਦਾਹਨੇ ਕਛੁ ਭਟ ਨ੍ਰਿਪ ਕੇ ਸੰਗ ॥ ੩੦ ॥**

**ਪਦ ਅਰਥ:**--ਪਦਮ=ਇਕ ਸੌ ਨੀਲ ਦਾ ਇੱਕ ਪਦਮ ਹੈ, ਏਕਾਂਗ ਦੇ ਅੱਗੇ ਪੰਦਰਾਂ ਬਿੰਦੀਆਂ ਹੋਣ ਤਾਂ ਇੱਕ ਪਦਮ ਦੀ ਗਿਣਤੀ ਹੁੰਦੀ ਹੈ। ਚਤਰੰਗ=ਚਾਰ ਤਰ੍ਹਾਂ ਦੀ-ਹਾਥੀ, ਘੋੜੇ, ਰਥ ਤੇ ਪੈਦਲ। ਭਟ=ਸੂਰਮੇ ।

**ਅਰਥ:**-- ਪੰਤਾਲੀ ਪਦਮ ਦੈਂਤਾਂ ਦੀ ਚਤੁਰੰਗੀ ਸੈਨਾਂ (ਮਹਿਖਾਸੁਰ ਨੇ) ਇਕੱਠੀ ਕੀਤੀ। (ਜੋ) ਕੁਝ ਖੱਬੇ, ਕੁਝ ਸਜੇ ਤੇ ਕੁਝ ਸੂਰਮੇ **ਰਾਜੇ ਦੇ ਨਾਲ** ਚੜ੍ਹੇ ਹਨ । ੩੦ ।

ਅੱਜ { **੪ ਅਪਰੈਲ ੧੯੯੮ ੩ ਵਜੇ ਸ਼ਾਮ ਏਥੇ ਅਮਰੀਕਾ ਦੇ ਸਿਆਟਲ ਸ਼ਹਿਰ ਵਿਖੇ International Census Program ਅਨੁਸਾਰ ਸਾਰੇ ਸੰਸਾਰ ਦੀ ਆਬਾਦੀ ਪੰਜ ਅਰਬ ਨੱਵੇ ਕਰੋੜ, ਅਠਾਸੀ ਲੱਖ ਪੈਂਹਠ ਹਜ਼ਾਰ ਪੰਜ ਸੌ ਚੌਦਾਂ**-(੫ ੯੦ ੮੮ ੬੫ ੫੧੪ ਹੈ } ਭਾਵ ਸਾਰੇ ਸੰਸਾਰ ਦੀ ਜਨ ਸੰਖਿਆ ੬ ਅਰਬ ਤੋਂ ਵੀ ਘੱਟ ਹੈ। ਫਿਰ ਵੀ ਸੰਸਾਰ ਦੀ ਵੱਸੋਂ, ਧਰਤੀ ਨੂੰ ਛੋਟੀ ਮੰਨ ਕੇ ਤੰਗੀ ਅਨੁਭਵ ਕਰ ਰਹੀ ਹੈ, ਅਤੇ ਧਰਤੀ ਦੀਆਂ ਸਾਰੀਆਂ ਸਰਕਾਰਾਂ ਆਬਾਦੀ ਘਟਾਉਂਣ ਦੇ ਢੰਗ ਸੋਚਣ ਤੇ ਮਜਬੂਰ ਹੋਈਆਂ ਨਜ਼ਰ ਆ ਰਹੀਆਂ ਹਨ। ਪਰ ਏਥੇ ਕੇਵਲ ਫ਼ੌਜੀਆਂ ਦੀ ਗਿਣਤੀ ਹੀ ੪੫ ਪਦਮ ਭਾਵ ਸੰਸਾਰ ਦੀ (ਲਗ-ਪਗ) **੬ ਅਰਬ** ਆਬਾਦੀ ਤੋਂ **੭੫ ਗੁਣਾ ਵੱਧ**। ਸੰਸਾਰ ਦੀ ਆਬਾਦੀ ਸਮੁੰਦਰ ਵਿਚਲੇ ਕਈ ਟਾਪੂਆਂ ਵਿਚ ਅਤੇ ਧਰਤੀ ਦੇ ਕਈ ਅੱਡ ਅੱਡ ਹਿਸਿਆਂ ਵਿਚ ਮਸਾਂ ਸਮਾਈ ਕਰ ਰਹੀ ਹੈ। ਹੁਣ ਤੱਕ ਜਿੰਨੀ ਕੁ ਖੋਜ ਵਗਿਆਨਕਾਂ ਨੇ ਕੀਤੀ ਹੈ ਉਸ ਦੇ ਅਧਾਰ ਤੇ ਇਸ

ਧਰਤੀ ਤੋਂ ਕ੍ਰੋੜਾਂ ਮੀਲਾਂ ਦੂਰ ਤੱਕ ਵੀ ਕਿਤੇ ਕੋਈ ਅਜੇਹੀ ਥਾਂ ਨਹੀਂ ਹੈ, ਜਿੱਥੇ ਏਨੀ ਫੌਜ ਜੰਗ ਲਈ ਕਿਸੇ ਇਕ ਥਾਂ ਤੇ ਜੁੜ ਸਕਦੀ ਹੋਵੇ। ਏਨੀ ਫੌਜ ਦਾ ਸਾਰੀ ਧਰਤੀ ਤੇ ਖਲੋ ਸਕਣਾ ਸੰਭਵ ਤਾਂ ਹੋ ਸਕਦਾ ਹੈ, ਪਰ ਇਸ ਕਹਾਣੀ ਵਿਚ ਸਾਰੀ ਫੌਜ ਜੰਗ ਦੇ ਮੈਦਾਨ ਵਿਚ ਪੁਜੀ ਸੱਜੇ ਖ਼ੱਬੇ ਸਾਹਮਣੇ ਤਿੰਨ ਹਿਸਿਆਂ ਵਿਚ ਵੰਡੀ ਜੰਗ ਲਈ ਤਿਆਰ, ਸੁਮੇਰ ਪਹਾੜ ਤੇ ਡਟੀ ਖਲੋਟੀ ਜਿਵੇਂ ਦਰਸਾਈ ਹੈ ਓਵੇਂ ਸਾਰੀ ਧਰਤੀ ਵੀ ਉਸ ਲਈ ਥੋਹੜੀ ਹੇ। ਫਿਰ ਨਿਰੇ ੪੫ ਪਦਮ ਪਿਆਦੇ ਹੀ ਨਹੀਂ, ਉਨ੍ਹਾਂ ਤੋਂ ਅੱਡ ਹਾਥੀ, ਘੋੜੇ ਅਤੇ ਰਥ ਆਦਿ ਵੀ? ਇਹ ਵਿਚਾਰ ਵੀ ਆ ਰਹੀ ਹੈ ਕਿ ਅਜੇ ਇਹ ਕੇਵਲ ਦੈਂਤਾਂ ਦੀ ਫ਼ੌਜ ਦੀ ਹੀ ਗੱਲ ਹੈ, ਦੇਵਤਿਆਂ ਦੀ ਫੌਜ ਦੀ ਗਿਣਤੀ ਦਾ ਅਜੇ ਕੋਈ ਜ਼ਿਕਰ ਨਹੀਂ ਆਇਆ। ਆਖ਼ਰ ਉਹ ਵੀ ਤਾਂ ਪਦਮਾਂ ਦੇ ਹਿਸਾਬ ਨਾਲ ਹੀ ਆਈ ਹੋਣੀ ਹੈ ?

**ਹੇ ਪਰਮ ਸਤਿਕਾਰ ਯੋਗ ਜਥੇਦਾਰ ਸਾਹਿਬ ਜੀਓ !** ਦੁਹਾਈ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਨਾਮ ਦੀ, ਵਾਸਤਾ ਹੈ ਅਕਾਲ ਪੁਰਖ ਜੀ ਦੇ ਨਾਮ ਦਾ। ਆਓ ਸੁਹਿਰਦਤਾ ਨਾਲ ਗੁਰਮੁਖਾਂ ਵਾਂਗ ਵਿਚਾਰ ਕਰੀਏ----

**(ੳ)** ਇਹ ਕਿਹਿਣਾ ਅਥਵਾ ਲਿਖਣਾ ਕਿ ਦਸ਼ਮੇਸ਼ ਜੀ ਨੇ ਹਿੰਦੂਆਂ ਦੇ ਧਰਮ ਗ੍ਰੰਥਾਂ ਦਾ ਉਲਥਾ ਕਰਕੇ ਪੰਥ ਨੂੰ ਬ੍ਰਾਹਮਣੀ ਗ੍ਰੰਥਾਂ ਵਿਚਲੇ ਝੂਠ ਤੋਂ ਸੁਚੇਤ ਕੀਤਾ ਹੈ **(ਅ)** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ਼ਾਰੇ ਮਾਤ੍ਰ ਆਏ ਮਿਥਿਹਾਸਕ ਕਹਾਣੀਆਂ ਨੂੰ ਖੋਹਲ ਕੇ ਲਿਖ ਦਿੱਤਾ ਹੈ ਤਾਂ ਜੋ ਉਨ੍ਹਾਂ ਦੀ ਅਸਲੀਯਤ ਦਾ ਪਤਾ ਲੱਗ ਜਾਵੇ--ਵੱਡੀ ਕੁਟਲਤਾ ਨਾਲ ਘੜਿਆ ਕੋਰਾ ਝੂਠ ਹੈ। ਅਜੇਹਾ ਸਿੱਟਾ ਕੱਢ ਸਕਣ ਦੇ ਕਾਰਨ ਦਾ ਕਰਮ ਵਾਰ ਵੇਰਵਾ ਇਸ ਪ੍ਰਕਾਰ ਹੈ:--

**(ੳ)** ਜੇ ਖ਼ਾਲਸਾ ਜੀ ਨੂੰ ਬ੍ਰਾਹਮਣੀ ਝੂਠ ਤੋਂ ਸੁਚੇਤ ਕਰਨਾ ਹੀ ਦਸ਼ਮੇਸ਼ ਜੀ ਦਾ ਮੰਤਵ ਹੁੰਦਾ ਤਾਂ ਫਿਰ ਝੂਠ ਲਿਖਣ ਸਮੇ ਅਜੇਹਾ ਸੰਕੇਤ ਜ਼ਰੂਰ ਕਰਦੇ। ਝੂਠ ਨੂੰ ਸੱਚ ਮੰਨਾਂ ਤੋਂ ਵਰਜਣ ਦੀ ਚਿਤਾਵਨੀ ਜ਼ਰੂਰ ਦੇਈ ਜਾਂਦੇ। ਪਰ ਹੋਇਆ ਸਗੋਂ ਉਲਟ। ਅਵੱਲ ਤਾਂ ਆਪਣੀ ਮੁਬਾਰਕ ਕਲਮ ਨਾਲ ਲਿਖਣਾ ਹੀ ਕਦੇ ਨਹੀਂ ਸੀ। ਚਲੋ ਮੰਨ ਲਈਏ ਕਿ ਹੂ-ਬਹੂ ਉਲਥਾ ਕਰਨ ਦੀ ਪਾਬੰਦੀ ਦੇ ਬੱਧੇ ਜੇ ਲਿਖਣਾ ਪੈ ਵੀ ਗਿਆ ਸੀ ਤਾਂ ਜਿੱਥੇ ਇਸ ਝੂਠ ਬਾਣੀ ਦੇ ਪਾਠ ਤੋਂ ਮਨ ਇਛੇ ਫਲ ਮਿਲ ਸਕਣ ਦੀ ਗੱਲ ਆਈ ਸੀ, ਉਥੇ ਨਾਲ ਹੀ ਆਪਣੇ ਵਲੋ **ਕਬਿਯੋ ਬਾਚ** ਲਿਖ ਕੇ, ਇਸ ਬਾਣੀ ਨੂੰ ਨਿਤ ਨੇਮ ਵਿਚ ਜਾਂ ਖੰਡੇ ਬਾਟੇ ਦੇ ਅੰਮ੍ਰਿਤ ਦੀ ਤਿਆਰੀ ਵਿਚ ਵਰਤਣ ਦੀ ਭੁੱਲ ਤੋਂ ਬਚੇ ਰਹਿਣ ਦੀ ਬੜੇ ਕਰੜੇ ਸ਼ਬਦਾਂ ਵਿਚ ਸੁਚੇਤ ਜ਼ਰੂਰ ਕਰ ਦੇਣਾ ਸੀ।

**(ਅ)** ਕਿਸੇ ਇੱਕ ਥਾਂਉਂ ਵੀ ਅਜੇਹਾ ਸੰਕੇਤ ਨਹੀਂ ਮਿਲਦਾ ਕਿ ਇਸ ਗ੍ਰੰਥ ਦੀ ਕਿਹੜੀ ਗਾਥਾ ਗੁਰੂ ਬਾਣੀ ਵਿਚ ਪ੍ਰਥਾਇ ਆਈ ਸਾਖੀ ਦੇ ਕਿਸ ਮਿਥਿਹਾਸ ਦੀ ਅਸਲੀਯਤ ਸਮਝਾ ਰਹੀ ਹੈ? ਅਜੇਹਾ ਸੰਕੇਤ ਕਿਸੇ ਥਾਂ ਨਾ ਮਿਲਣਾ ਹੀ ਕਾਫ਼ੀ ਸੀ, ਕਿ ਅਸੀਂ ਇਸ ਗ੍ਰੰਥ ਦੇ ਨੇੜੇ ਵੀ ਨਾ ਢੁੱਕਦੇ?

ਆਪਣਾ ਸਰਬੰਸ ਵਾਰ ਕੇ ਸਿੱਖੀ ਦੇ ਬੂਟੇ ਨੂੰ ' ਸੰਙਣੀ ਛਾਂ ਦੇਣ ਵਾਲੇ ਪੱਤਿਆਂ ਨਾਲ ਲਦਿਆ **ਪਤ੍ਰਾਲੀ ਛਾਉਂ** ਵਾਲਾ ਬੋਹੜ ਬਨਾਉਣ ਵਾਲੇ ਦਸ਼ਮੇਸ਼ ਜੀ, ਅਜੇਹੀਆਂ ਕਮਜ਼ੋਰੀਆਂ ਵਾਲਾ ਕੋਈ ਵੀ ਗ੍ਰੰਥ ਕਿਸੇ ਵੀ ਹਾਲਤ ਵਿਚ ਨਹੀਂ ਸਨ ਲਿਖ ਸਕਦੇ?

**ਕਹਾਣੀ ਅੱਗੇ ਤੋਰੀਏ:--**

**ਭਏ ਇਕੱਠੇ ਦਲ ਪਦਮ ਦਸ ਪੰਦ੍ਰਹ ਅਰੁ ਬੀਸ ॥ ਪੰਦ੍ਰਹ ਕੀਨੇ ਦਾਹਨੇ ਦਸ ਬਾਏਂ ਸੰਗਿ ਬੀਸ ॥ ੩੧ ॥**

**ਅਰਥ:--( ੪੫ ਪਦਮ ਗਿਣਤੀ ਵਾਲੇ) ਤਿੰਨ ਦਲ ਆ ਜੁੜੇ । ਪੰਦ੍ਹਾਂ ਪਦਮ ਸੱਜੇ ਪਾਸੇ, ਦਸ ਪਦਮ ਖਬੇ, ਵੀਹ ਪਦਮ (ਰਾਜੇ ਮਹਿਖਾਸੁਰ ਨੇ ਆਪਣੇ) ਨਾਲ ਰੱਖੇ ।**

ਚੰਡਕਾ ਏਨੀ ਕ੍ਰੋਧਵਾਨ ਹੋ ਕੇ ਪਈ ਕਿ ਜੋ ਸਾਹਮਣੇ ਆਇਆ ਮਾਰਿਆ ਗਿਆ। ਫਿਰ ਨੱਸ ਕੇ ਫੌਜ ਦੇ ਵਿਚ ਜਾ ਵੜੀ ਅਤੇ ਸਾਰੀ ਫੌਜ ਮਰੀ ਹੋਈ ਇਉਂ ਲੱਗੇ ਕਿ ਜਿਵੇਂ ਗਰੁੜ ਨੇ ਕੋਈ ਅਸਰਾਲ (Dragon) ਮਾਰ ਸੁਟਿਆ ਹੋਵੇ। ਏਨੀ ਮਾਰ ਪਈ ਕਿ ਫ਼ੌਜ ਭੱਜ ਕੇ ਆਪਣੇ ਰਾਜੇ ਦੀ ਸਰਨ ਵਿਚ ਜਾ ਵੜੀ ਅਤੇ ਆਪਣੇ ਮੋਹਰੀ ਮਹਿਖਾਸੁਰ ਨੂੰ ਦੱਸਿਆ ਕਿ ਦਸ ਪਦਮ ਸੈਨਾ ਮਾਰੀ ਗਈ ਹੈ। (੩੨ ਤੋਂ ੩੯)

**ਝੂਠ ਨੰਗਾ ਹੋ ਬੈਠਾ ?**

ਉੱਪਰ ਤਾਂ ਇਹ ਲਿਖ ਲਿਆ ਕਿ, ੧੫ ਪਦਮ ਸੱਜੇ ਅਤੇ ੧੦ ਪਦਮ ਖੱਬੇ ਦੋਹਾਂ ਬਾਹੀਆਂ ਤੋਂ ਹੱਲਾ ਕਰਨ ਲਈ ਅਤੇ ੨੦ ਪਦਮ ਸੈਨਾ ਲੈ ਕੇ ਰਾਜਾ ਮਹਿਖਾਸੁਰ ਆਪ ਸਾਹਮਣੇ ਵਿਚਕਾਰ ਹੋ ਖਲੋਤਾ ਸੀ । ਜੰਗ ਦੇ ਵਿਚਕਾਰ ਖਲੋਤੇ ਸਾਰਿਆਂ ਦੇ ਰਾਜੇ, ਜੰਗ ਦੇ ਕਮਾਂਡਰ ਨੂੰ ਇਸ ਪਤਾ ਨਹੀਂ ਕਿ ਉਸ ਦੀ ਸੈਨਾ ਦਾ ਹਾਲ ਕੀ ਹੋ ਰਿਹਾ ਹੈ। ਭਾਜ ਖਾ ਕੇ ਸੈਨਾ ਦਾ ਰਾਜੇ ਕੋਲ ਜਾਣਾ, ਇਉਂ ਸਿੱਧ ਕਰਦਾ ਹੈ ਜਿਵੇ ਰਾਜਾ ਆਪ ਅਜੇ ਆਪਣੇ ਮੌਹਿਲਾਂ ਵਿਚ ਹੀ ਬੈਠਾ ਸੀ। ਜੇ ਅਸਲ ਗ੍ਰੰਥ ਵਿਚ ਵੀ ਅਜੇਹੀ ਮੂਰਖ-ਭੁੱਲ ਵੇਖਦੇ ਤਾਂ ਹਰ ਪੱਖੋਂ ਸੁਜਾਨ ਦਸ਼ਮੇਸ਼ ਨੇ ਬੜੇ ਸੁੰਦਰ ਸ਼ਬਦਾਂ ਵਿਚ ਉਹ ਭੁੱਲ ਸੁਧਾਰ ਲੈਣੀ ਸੀ । ਪਰ, ਜਿਹੜਾ ਕਦਮ ਕਦਮ ਤੇ ਨੰਗਾ ਨਾ ਹੋ ਬਹਿੰਦਾ ਹੋਵੇ ਉਹ **ਝੂਠ** ਹੀ ਕੀ ਹੋਇਆ?

ਹਾਰ ਕੇ ਨੱਸ ਆਈ ਸੈਨਾ ਦੀ ਗੱਲ ਸੁਣ ਕੇ ਮਹਿਖਾਸੁਰ ਬੜਾ ਕ੍ਰੋਧਵਾਨ ਹੋ ਕੇ ਉਠ ਪਿਆ--" **ਸੁਨ ਮਹਿਖਾਸੁਰ ਮੂੜ ਮਤ ਮਨ ਮੈ, ਉਠਿਓ ਰਿਸਾਇ ॥ ਅਤੇ ਸਾਰਿਆਂ ਨੂੰ ਸੱਦ ਕੇ ਚੌਹਾਂ ਪਾਸਿਆਂ ਤੋਂ ਜਾ ਪੈਣ ਦਾ ਮਤਾ ਪਕਾਇਆ, ਅਤੇ ਮਾਰ ਲੌ ਮਾਰ ਲੌ ਪੁਕਾਰਦੇ ਚੰਡੀ ਦੇ ਚੌਹੀਂ ਪਾਸੀ ਘੇਰਾ ਪਾ ਖਲੋਤੇ।**

**ਝੂਠ ਦਾ ਇੱਕ ਹੋਰ ਨਮੂੰਨਾ?**----

ਚੰਡੀ ਨੇ ਸੱਜੇ ਤੇ ਖੱਬੇ ਪਾਸੇ ਵਲੋਂ ਬੜੇ ਤੀਰ ਚਲਾ ਦਿੱਤੇ। ਦੈਂਤਾਂ ਦੇ ਸਰੀਰਾਂ ਵਿਚੋਂ ਏਨਾ ਲਹੂ ਧਰਤੀ ਦੇ ਡਿੱਗਾ ਜਿਵੇਂ, ਵਿਧਾਤਾ ਨੇ ਅਠਵਾਂ (ਲਹੂ ਦਾ) **ਸਮੁੰਦਰ** ਆਪਣੇ ਢਿੱਡ ਵਿਚ ਪਾਇਆ ਹੋਇਆ ਸੀ, ਜੋ ਹੁਣ ਜੰਗ ਦੇ ਬਹਾਨੇ, ਉਗਲ ਦਿੱਤਾ ਹੈ--" **ਆਠਵੋਂ ਸਿੰਧ ਪਚਾਰਿਓ ਹੁਤੋ ਮਨੋ ਯਾ ਰਨ ਮੈ ਬਿਧਿ ਨੇ ਉਗਰਿਓ ॥ ੪੧ ॥**

ਹੁਣ ਚੰਡੀ ਹੋਰ ਵੀ ਕ੍ਰੋਧਵਾਨ ਹੋ ਕੇ ਚਕ੍ਰ ਲੈ ਕੇ ਵੈਰੀਆਂ ਦੀ ਫੌਜ ਵਿਚ ਆ ਵੜੀ (ਕੀ ਅੱਗੇ ਚੰਡੀ ਮੇਲਾ ਵੇਖਣ ਗਈ ਹੋਈ ਸੀ? ਕਦੇ ਦੀ ਫੌਜ ਦੇ ਵਿਚ ਹੀ ਤਾਂ ਹੈ)। ਫਿਰ ਸੰਖ ਬਜਾ ਕੇ ਉਭਰੀ ਅਤੇ ਏਡੇ ਰੌਲੇ ਵਾਲਾ ਯੁੱਧ ਕੀਤਾ ਕਿ ਕੈਲਾਸ਼ ਉਤੇ ਧਿਆਨ ਵਿਚ ਬੈਠੇ ਸ਼ਿਵ ਜੀ ਦਾ ਧਿਆਨ ਛੁੱਟ ਗਿਆ। ਚੱਕਰ ਵੈਰੀਆਂ ਦੇ ਸਿਰਾਂ ਨੂੰ ਇਉ ਕੱਟਦਾ ਅਤੇ ਫੌਜ ਨੂੰ ਨਾਸ ਕਰਦਾ ਤੁਰਿਆ ਗਿਆ, ਜਿਵੇਂ ਪਾਣੀ ਉਤੇ ਜ਼ੋਰ ਦੀ ਸੁੱਟੀ ਠੀਕਰੀ ਤਰਦੀ ਜਾਂਦੀ ਹੈ। (**ਜਿਵੇਂ ਦਸ਼ਮੇਸ਼ ਜੀ,** ਬਾਲ ਉਮਰ ਵਿਚ ਪਾਣੀ ਤੇ ਠੀਕਰੀਆਂ ਚਲਾਉਂਦੇ ਰਹੇ ਹੋਣ?)

ਇਕ ਦੈਤ ਭੱਜ ਕੇ ਰਾਜੇ ਕੋਲ ਗਿਆ ਅਤੇ ਦੱਸਿਆ ਹੇ ਰਾਜਨ ਤੇਰੀ ਤਾਂ ਸਾਰੀ ਸੈਨਾ ਮਾਰੀ ਜਾ ਚੁੱਕੀ ਹੈ। ਦੈਂਤ ਬੜਾ ਕ੍ਰੋਧਵਾਨ ਹੋਇਆ ਅਤੇ--**ਚੰਡ ਪ੍ਰਚੰਡ ਸਾਮੁਹਿ ਜਾਇ ਭਇਆਨਕ ਭਾਲਕ ਜਿਉ ਭਭਕਾਰਿਓ**--, ਕ੍ਰੋਧ ਭਰੀ ਚੰਡਕਾ ਦੇ ਸਾਹਮਣੇ ਜਾਕੇ ਚੰਡ ਦੈਂਤ, ਡਰਾਉਣੇ ਰਿੱਛ ਵਾਂਗ ਜਾ ਭਭਕਾਰਿਆ। ਪਹਿਲਾ ਲਿਖਿਆ-- ਜੰਗ ਦੇ ਮੈਦਾਨ ਵਿਚ ਸਾਹਮੰਣੇ ਆਪ ਹੋਇਆ--ਫਿਰ ਫੌਜ ਨੂੰ ਲੈ ਕੇ ਚੌਹਾਂ ਪਸਿਆਂ ਤੋਂ ਦੇਵੀ ਨੂੰ ਘੇਰੇ ਵਿਚ ਲੈ ਲਿਆ-- ਕੀ ਸਾਰੇ ਦਾ ਸਾਰਾ ਝੂਠ ਹੀ ਸੀ ? ਖ਼ੈਰ ਸਾਨੂੰ ਕੀ--ਜੋ ਕਰੇਗਾ ਸੋ ਭਰੇਗਾ ।

ਦੇਵੀ ਨੇ ਕ੍ਰੋਧਵਾਨ ਹੋ ਕੇ ਫੌਜ ਦਾ ਬੜਾ ਘਾਤ ਕੀਤਾ, ਫਿਰ ਜਦ ਦੁਰਗਾ ਨੇ ਵੱਡਾ ਖੰਡਾ ਹਥ ਵਿਚ ਲਿਆ ਤਾਂ ਮਹਿਖਾਸੁਰ ਦੀ ਸਾਰੀ ਸੈਨਾ ਖਿੰਡ ਪੁੰਡ ਗਈ **ਤਾਂ ਚਕ੍ਰ ਚਲਾ;** ਕੇ ਦੇਵੀ ਨੇ ਮਹਿਖਾਸੁਰ ਦਾ ਸਿਰ ਲਾਹ ਦਿੱਤਾ, ਤਾਂ ਲਹੂ ਦੀ ਧਾਰਾ ਅਕਾਸ਼ ਨੂੰ ਚਲੀ ਗਈ, ਜਾਣੋਂ ਪਰਸਰਾਮ ਨੇ ਸੂਰਜ ਨੂੰ ਜਲਾਂਜਲੀ ਦਿਤੀ ਹੈ। ੪੯।

## ਇਸ ਦੇ ਮਗਰੇ ਹੀ ਹੋਰ ਵੀ ਵਡੇ ਝੂਠ ਗ੍ਰਸੀ ਗੱਪ--

**ਸਵੈਯਾ ॥**

**ਸਬ ਸੂਰ ਸੰਘਾਰ ਦਏ ਤਿਹ ਖੇਤ ਮਹਾਂ ਬਰਬੰਡ ਪਰਾਕ੍ਰਮਕੈ ॥**
**ਸ੍ਰਉਨਤ ਸਿੰਧ ਭਇਓ ਧਰਨੀ ਪਰਿ ਪੁੰਜ ਗਿਰੇ ਅਸਿ ਕੈ ਧਮਕੈ ॥**
**ਜਗਮਾਤ ਪ੍ਰਤਾਪ ਹਨੇ ਸੁਤਾਪ ਸੁ ਦਾਨਵ ਸੈਨ ਗਈ ਜਮਕੈ ॥**
**ਬਹੁਰੋ ਅਰਿ ਸਿੰਧੁਰ ਕੇ ਦਲ ਪੈਠਕੈ ਦਾਮਨਿ ਜਿਉ ਦੁਰਗਾ ਦਮਕੇ ॥ ੫੦ ॥**

**ਅਰਥ:**--ਮਹਾਂ ਬਲਵੰਤ (ਚੰਡੀ ਨੇ) ਪਰਾਕ੍ਰਮ ਕਰਕੇ ਸਾਰੇ ਸੂਰਮੇ ਉਸ ਜੰਗ ਵਿਚ ਮਾਰ ਦਿਤੇ ॥ ਉਥੇ ਲਹੂ ਦਾ ਸਮੁੰਦਰ ਹੋ ਗਿਆ ਤੇ ਤਲਵਾਰ ਦੇ ਧਮਾਕੇ ਨਾਲ ਸਾਰੇ ਧਰਤੀ ਪਰ ਡਿੱਗ ਪਏ । ਜਗਤ ਮਾਤਾ ਦੇਵੀ ਦੇ ਪ੍ਰਤਾਪ ਨਾਲ ਦੇਵਤਿਆਂ ਦੇ ਦੁਖ ਨਾਸ ਹੋ ਗਏ ਅਤੇ ਦੈਂਤਾਂ ਦੀ ਸੈਨਾਂ ਜਮ ਦੇ (ਘਰ ਚਲੀ) ਗਈ । ਫੇਰ ਦੁਰਗਾ ਦੁਸ਼ਮਨ ਦੇ ਹਾਥੀਆਂ ਦੇ ਦਲ ਵਿਚ ਪ੍ਰਵੇਸ਼ ਕਰਕੇ ਬਿਜਲੀ ਵਾਂਗੂ ਦਮਕਨ ਲੱਗੀ। ੫੦ ।

ਸਾਰੇ (੪੫ ਪਦਮ) ਦੈਂਤਾਂ ਦਾ ਖੈ ਕਰਕੇ ਦੇਵੀ ਨੇ ਇੰਦ੍ਰ ਦਾ ਰਾਜ ਤਿਲਕ ਕੀਤਾ ਅਤੇ ਗੁਪਤ ਹੋ ਗਈ:--

**ਈਹਾਂ ਭਈ ਗੁਪਤਿ ਪ੍ਰਗਟਿ ਜਾਇ ਤਹਾ ਭਈ ॥ ਜਹਾਂ ਬੈਠੇ ਹਰਿ ਹਰਿ ਅੰਬਰ ਕੋ ਡਾਰ ਕੈ ॥ ੫੨ ॥**

ਫਿਰ ਉਥੇ ਜਾ ਪ੍ਰਗਟ ਹੋਈ ਜਿਥੇ ਸ਼ਿਵਜੀ ਸ਼ੇਰ ਦੀ ਖਲੜੀ ਵਿਛਾ ਕੇ ਬੈਠੇ ਸਨ, (ਅਰਥਾਤ ਇੰਦਰ ਨੂੰ ਰਾਜ ਤਿਲਕ ਦੇ ਕੇ ਚੰਡੀ ਸ੍ਵਰਗ ਵਿਚੋਂ ਲੋਪ ਹੋ ਗਈ ਅਤੇ ਕੈਲਸ਼ ਉਤੇ **ਸ਼ਿਵਜੀ** ਦੇ **ਖੱਬੇ ਅੰਗ ਜਾ ਬਿਰਾਜੀ** । ੫੨ । {ਪੰਡਿਤ ਨਰੈਨ ਸਿੰਘ]

ਸਪੱਸ਼ਟ ਹੋ ਗਿਆ ਕਿ ਇਹ ਚੰਡੀ ਸ਼ਿਵ ਜੀ ਦੀ ਘਰਦੀ, ਸ਼ਿਵਾ, ਗਿਰਜਾ ਅਥਵਾ ਪਾਰਬਤੀ ਹੀ ਸੀ--

## ੬- ਗਾਥਾ ਦਾ ਤੀਜਾ ਅਧਿਆਇ

ਅਗਲਾ ਅਧਿਆਇ ਵੀ ਪਿਛਲੀ ਹੋ ਮੁੱਕੀ ਵਾਰਤਾ ਦੇ ਜ਼ਿਕਰ ਤੋਂ ਹੀ ਅਰੰਭ ਹੁੰਦਾ ਹੈ, ਪਰ ਇਸ ਦੇ ਅਰੰਭ ਦੇ ਦੋਹਰੇ ਵਿਚ ਇੱਕ ਗੱਲ ਅਜੇਹੀ ਲਿਖੀ ਹੈ ਜੋ ਅਗਲੇ ਪੱਲ ਹੀ ਝੂਠ ਦਾ ਰੂਪ ਧਾਰ ਲੈਂਦੀ ਹੈ:--

**ਦੋਹਰਾ ॥**

**ਲੋਪ ਚੰਡਕਾ ਹੋਇ ਗਈ ਸੁਰਪਤਿ ਕੋ ਦੇ ਰਾਜ ॥ ਦਾਨਵ ਮਾਰ ਅਭੇਖ ਕਰਿ ਕੀਨੇ ਸੰਤਨ ਰਾਜ ॥ ੫੩ ॥**

**ਅਰਥ:**--(ਸ੍ਵਰਗ ਦਾ) ਰਾਜ ਇੰਦ੍ਰ ਨੂੰ ਦੇ ਕੇ ਦੁਰਗਾ ਲੋਪ ਹੋ ਗਈ। ਦੈਂਤਾ ਨੂੰ ਮਾਰ ਕੇ (ਉਨ੍ਹਾਂ ਦਾ) [ਅਭੇਖ=} ਮਲੀਆ-ਮੇਟ ਕਰ ਦਿੱਤਾ, ਇਸ ਤਰ੍ਹਾਂ ਦੇ ਸੰਤਾਂ ਦੇ ਕੰਮ ਕੀਤੇ ਹਨ।

ਅਭੇਖ=ਮਲੀਆ ਮੇਟ ਤੋਂ ਯਕੀਨ ਏਹੀ ਬਣਦਾ ਹੈ ਕਿ ਕਥਿਤ ਪਰਮ ਸ਼ਕਤੀ (ਕਥਿਤ) ਸ਼ਿਵ ਜੀ ਦੀ ਪਤਨੀ ਦੁਰਗਾ- ਗਿਰਜਾ-ਪਾਰਬਤੀ-ਚੰਡਕਾ ਨੇ ਦੈਂਤਾਂ ਦਾ ਬੀਜ ਨਾਸ ਕਰ ਦਿੱਤਾ ਹੋਣਾ ਹੈ। ਇਸ ਸਾਕੇ ਉਪ੍ਰੰਤ ਪੱਸਰੀ ਪ੍ਰੰਸਨਤਾ ਅਤੇ ਫਿਰ ਪੂਜਾ ਪਾਠ ਦੀ ਘਣਘੋਰ :--

**ਸ੍ਵੈਯਾ ॥**

**ਯਾਤੇ ਪ੍ਰਸੰਨਿ ਭਏ ਹੈ ਮਹਾਂ ਮੁਨਿ ਦੇਵਨ ਤੇ ਤਪ ਮੈ ਸੁਖ ਪਾਵੈਂ ॥**
**ਜੱਗਯ ਕਰੈਂ ਇਕ ਬੇਦ ਰਰੈ ਭਵ ਤਾਪ ਹਰੈ ਮਿਲਿ ਧਿਆਨਹਿ ਲਾਵੈਂ ॥**
**ਝਾਲਰ ਤਾਲ ਮ੍ਰਿਦੰਗ ਉਪੰਗ, ਰਬਾਬ ਲੀਏ ਸੁਰ ਸਾਜ ਮਿਲਾਵੈ ॥**
**ਕਿੰਨਰ ਗੰਧ੍ਰਪ ਗਾਨ ਕਰੈ ਗਨਿ ਜੱਛ ਅਪੱਛਰ ਨਿਰਤ ਦਿਖਾਵੈ ॥ ੫੪ ॥**

**[ਤਪ=**ਸੰਸਕ੍ਰਿਤ 'ਤਪਨ ' ਸ਼ਬਦ ਦਾ ਨੰਨਾ ਲੋਪ ਹੋ ਜਾਣ ਤੇ ਤਪ=(ਤੇਜ, ਪ੍ਰਭਾਵ) ਰਹਿ ਗਿਆ ਹੈ**]**

**ਅਰਥ:**--ਇਸ ਤ੍ਰਾਂ ਰਿਸ਼ੀ ਮੁਨੀ ਖੁਸ਼ ਹੋਏ, (ਕਿਉਂਕਿ) ਦੇਵਤਿਆਂ ਦੇ ਤੇਜ ਪ੍ਰਤਾਪ ਵਿਚ (ਸਾਰੇ ਸੁਖ ਪਾਉਂਦੇ ਹਨ। [ਕਈ ਇੱਕ] ਜੱਗ ਕਰਦੇ ਹਨ, (ਕਈ) ਵੇਦ [ਰਰੈ] ਰਟ ਰਹੇ ਹਨ (ਵੇਦਾਂ ਦਾ ਪਾਠ ਸੁਣਾ ਰਹੇ ਹਨ) ਅਤੇ [ਭਵ ਤਾਪ=] ਜਨਮ ਮਰਨ ਰੂਪ ਦੁਖ ਦੇ [ਹਰੈ] ਨਾਸ ਕਰਨ ਲਈ ਅਤੇ (ਹਰੀ ਨੂੰ) ਮਿਲਣ ਲਈ (ਉਸਦੇ) ਧਿਆਨ ਵਿਚ (ਮਨ ਨੂੰ)

ਲਾਉਂਦੇ ਹਨ। ਛੈਣੇ, ਕੈਂਸੀਆਂ, ਮ੍ਰਿਦੰਗ, ਢੋਲਕ ਤੇ ਰਬਾਬ ਲਏ ਹੋਏ ਦੇਵਤੇ (ਇਨ੍ਹਾਂ) ਸਾਜ਼ਾਂ ਦੀ ਸੁਰ ਨੂੰ ਮਿਲਉਂਦੇ ਹਨ । ਕਿੰਨਰ ਤੇ ਜੱਛ ਅਤੇ ਗੰਧ੍ਰਬ ਗਯਾਨ ਕਰਦੇ ਹਨ ਅਤੇ (ਅਨਿ=ਹੋਰ ਸਮੂਹ ] ਸਾਰੀਆਂ ਅਪੱਛਰਾਂ ਨਾਚ ਕਰਕੇ ਵਿਖਾਉਂਦੀਆਂ ਹਨ। ੫੫ ॥

**ਸੰਖਨ ਕੀ ਧੁਨ ਘੰਟਨਿ ਕੀ ਕਰਿ ਫੂਲਨ ਕੀ ਬਰਖਾ ਬਰਖਾਵੈਂ ॥**
**ਆਰਤੀ ਕੋਟ ਕਰੈ ਸੁਰ ਸੁੰਦਰ ਪੇਖ ਪੁਰੰਦਰ ਕੋ ਬਲਿ ਜਾਵੈਂ ॥**
**ਦਾਨਤ ਦੱਛਨ ਦੈ ਕੇ ਪ੍ਰਦੱਛਨ ਭਾਲ ਮੈ ਕੁੰਕਮ ਅਛੱਤ ਲਾਵੈਂ ॥**
**ਹੋਤ ਕਲਾਹਲ ਦੇਵ ਪੁਰੀ ਮਿਲਿ ਦੇਵਨ ਕੇ ਕੁਲ ਮੰਗਲਿ ਗਾਵੈਂ ॥੫੫॥**

**ਅਰਥ:**--ਸੰਖਾਂ ਦੀ ਤੇ ਘੰਟਿਆਂ ਦੀ [ਧੁਨ] ਗੁੰਜਾਰ ਕਰਦੇ ਹਨ ਅਤੇ ਫੁੱਲਾਂ ਦੀ ਬਰਖਾ ਬਰਖਾਉਂਦੇ ਹਨ। ਕ੍ਰੋੜਾਂ ਸੁੰਦਰ ਦੇਵਤੇ ਆਰਤੀ ਕਰਦੇ ਹਨ ਅਤੇ [ਪੁਰੰਦਰ] ਇੰਦਰ ਨੂੰ ਵੇਖ ਕੇ (ਉਸ ਤੋਂ) ਕੁਰਬਾਨ ਜਾਂਦੇ ਹਨ । ਕਈ ਸਿਰਵਾਰਨੇ ਦੇਂਦੇ ਹਨ, ਪ੍ਰਦੱਖਨਾ ਕਰਦੇ ਹਨ, ਅਤੇ ਕਈ [ਭਾਲ=] ਮੱਥੇ ਵਿਚ ਕੇਸਰ (ਦਾ ਤਿਲਕ ਕਰਕੇ ਉਪਰ) ਚੌਲ ਲਾਉਂਦੇ ਹਨ। (ਇਸ ਤਰ੍ਹਾਂ ਦਾ) ਕੁਲਹਾਲ (ਉਤਸ਼ਾਹ) ਦੇਵ ਪੁਰੀ ਵਿਚ ਹੁੰਦਾ ਹੈਅਤੇ ਦੇਵਤਿਆਂ ਦੇ ਖਾਨਦਾਨ ਮਿਲ ਕੇ ਮੰਗਲ ਦੇ (ਗੀਤ) ਗਾਉਂਦੇ ਹਨ।

ਇਹ ਆਰਤੀ ਪੂਜਾ ਕੀ, ਪਾਰਬ੍ਰਹਮ ਪਰਮੇਸ਼ਰ ਦੀ ਹੋ ਰਹੀ ਹੈ ? :---

**ਦੋਹਰਾ ॥**

**ਐਜੇ ਚੰਡ ਪ੍ਰਤਾਪ ਤੇ ਦੇਵਨ ਬਢਿਓ ਪ੍ਰਤਾਪ ॥ ਤੀਨ ਲੋਕ ਜੈ ਜੈ ਕਰੈ ਰਹੈ ਨਾਮ ਸਤਿ ਜਾਪ ॥ ੫੬ ॥**

**ਅਰਥ:**--ਇਸ ਤਰ੍ਹਾਂ ਚੰਡੀ ਦੇ ਪ੍ਰਤਾਪ ਨਾਲ ਦੇਵਤਿਆਂ ਦਾ ਪ੍ਰਤਾਪ ਵਧ ਗਿਆ ਹੈ ! ਤਿੰਨ ਲੋਕ (ਦੇਵੀ ਦਾ) ਜੈ ਕਾਰ ਕਰਦੇ ਹਨ ਅਤੇ ਸੌ ਨਾਮ ਵਾਲਾ ਸਤੋਤ੍ਰ ਪੜ੍ਹਦੇ ਹਨ, (ਅਰਥਾਤ) ਮਾਰ ਕੰਡਯ ਪੁਰਣ ਵਾਲਾ ' ਦੁਰਗਾ " ਸਪਤ ਸਈ ਦਾ ਪਾਠ ਕਰਦੇ ਹਨ ।੫੬ ।

ਇਹ ਪੂਜਾ ਵੰਦਨਾ ਆਰਤੀ ਆਦਿ ਸਭ ਕੁਝ ਉਸੇ ਦੇਵੀ ਦੇ ਧੰਨਵਾਦ ਵਿਚ ਹੋ ਰਿਹਾ ਸੀ ਜਿਸ ਖ਼ਿਆਲੀ ਦੇਵੀ ਨੇ ਕਿਸੇ ਖ਼ਿਆਲੀ ਮਹਿਖਾਸੁਰ ਨੂੰ ਮਾਰ ਕੇ ਖ਼ਿਆਲਾਂ ਦੀ ਹੀ ਉਪਜ, ਸਵਰਗ ਵਿਚ ਸੁਖ ਆਨੰਦ ਦੀ ਘੜੀ ਲਿਆਂਦੀ ਸੀ। ਪਰ ਸਾਡੇ ਧਰਮ ਆਗੂਆਂ ਨੇ ਇਸ ਉਪ੍ਰੋਕਤ ਸੈਯੇ ਨੂੰ, ਗੁਰਬਾਣੀ ਵਿਚ ਰਲਾ ਕੇ ਸਤਿਗੁਰਾਂ ਦੀ ਹਜ਼ੂਰੀ ਵਿਚ ਥਾਲੀਆਂ ਦੀਵਿਆਂ ਨਾਲ ਹੋ ਰਹੀ (ਗੁਰਮਤਿ ਵਿਰੋਧੀ) ਆਰਤੀ ਵਿਚ, ਸ਼ਾਮਲ ਕਰ ਲਿਆ। ਭਾਵ, ਐਵੇਂ ਨਾਮ ਮਾਤ੍ਰ ਹੀ ਸਿੱਖੀ ਰਹਿ ਗਈ ਹੈ ਬ੍ਰਹਮਣਵਾਦ ਦੀ ਗੁੜ੍ਹੀ ਛਾਂ ਬੜੀਆਂ ਰੌਣਕਾਂ ਖਿਲਾਰਦੀ ਪਸੱਰਦੀ ਤੁਰੀ ਜਾ ਰਹੀ ਹੈ। ਜੇ ਹਿੰਮਤ ਕਰਕੇ ਸਾਰੇ ਝੂਠ ਰਲੇ ਨੂੰ ਦੂਰ ਕਰਕੇ ਨਿਆਰੇ ਗਿਆਨ ਦੀ ਪਾਵਨਤਾ ਨਾਲ ਜੁੜ ਕੇ, ਆਪਣੇ ਮੂਲ ਦੀ ਪਛਾਣ ਕਰਦਿਆ ਆਪਣਾ ਉਹੀ ਨਿਆਰਾ ਸਿਧਾਂਤ ਨਾ ਅਪਨਾਇਆ, ਤਾਂ ਯਾਦ ਰੱਖਣਾ--ਅਗਲੇ ਸਾਲ (੧੯੯੯) ਅਗਲੀ ਅਗਲੀ ਸ਼ਤਾਬਦੀ ਕਿਸੇ ਹੋਰ ਹੀ ਸ਼ਕਲ ਸੂਰਤ ਵਿਚ ਮਨਾਈ ਜਾਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਥਾਂ ਦਸਮ ਗ੍ਰੰਥ ਹੀ ਪੂਰਨ ਤੌਰ ਤੇ ਛਾ ਚੁਕਿਆ ਹੋਣਾ ਹੈ। ਸਿੱਖੀ ਦੇ ਇਸ ਘਰ ਨੂੰ ਸਾੜ ਕੇ ਸੁਆਹ ਕਰ ਦੇਣ ਲਈ, ਪਿਆਰਾ ਸਿੰਘ ਪਦਮ ਵਰਗੇ ਕਈ ਇਸ --**ਘਰ ਕੇ ਚਰਾਗ਼**-- ਹੱਥਾਂ ਵਿਚ ਬਲਦੇ ਚੋ (=ਮੁਆਤੇ) ਫੜੀ ਘਾਤ ਲਾਈ ਬੈਠੇ ਹਨ।

੧੭- **ਸਲੋਕ ॥ ਕੁਟੰਬ ਜਤਨ ਕਰਣੰ ਮਾਇਆ ਅਨੇਕ ਉਦਮਹ ॥ ਹਰਿ ਭਗਤਿ ਭਾਵ**
**ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ ॥੧॥ ਤੁਟੜੀਆ ਸਾ ਪ੍ਰੀਤਿ ਜੋ ਲਾਈ**
**ਬਿਅੰਨ ਸਿਉ ॥ ਨਾਨਕ ਸਚੀ ਰੀਤਿ ਸਾਂਈ ਸੇਤੀ ਰਤਿਆ ॥੨॥** {੭●੬}-੪

ਕਿਆ ਅਜੀਬ ਤਮਾਸ਼ਾ ਹੈ ? ਇਸ ਕਥਿਤ ਇੰਦ੍ਰ ਦੇ ਰਾਜ ਬਾਰੇ ਕਥਾ ਕਹਾਣੀਆਂ ਅਜੇਹੀਆਂ ਹਨ ਜਿਨ੍ਹਾਂ ਤੋਂ--ਆਟੇ ਦੇ ਦੀਵਿਆਂ--ਵਾਲੀ ਕਹਾਵਤ ਯਾਦ ਆ ਜਾਂਦੀ ਹੈ। " ਅੰਦਰ ਰੱਖੋ ਤਾਂ ਚੂਹੇ ਛਕ ਜਾਂਦੇ ਹਨ ਅਤੇ ਜੇ ਇਸ ਆਟੇ ਦੇ ਦੀਵੇ ਨੂੰ ਬਾਹਰ ਰੱਖੋ ਤਾਂ ਕਾਂ ਲੈ ਉਡਦੇ ਹਨ। ਦੇਵਤਿਆਂ ਨੂੰ ਬਲਾਵਾਂ ਪਈਆਂ ਹੀ ਰਹਿੰਦੀਆਂ ਹਨ। ਜੇ ਦੇਵੀ ਨਾ ਹੁੰਦੀ ਤਾਂ ਇਨ੍ਹਾਂ ਵਿਚਾਰਿਆਂ ਦਾ ਕੀ ਬਣਦਾ ? ਜਿਨ੍ਹਾਂ ਦੈਂਤਾਂ ਦੇ ਬਾਰੇ ਅਸਾਂ ਉਪ੍ਰੋਕਤ ੫੨ ਨੰਬਰ ਸਵੈਯੇ ਵਿਚ ਇਹ ਪੜ੍ਹਿਆ ਹੈ ਕਿ ਚੰਡਕਾ ਨੇ ਉਨ੍ਹਾਂ ਨੂੰ ਕੇਵਲ ਹਰਾਇਆ ਹੀ ਨਹੀਂ ਸੀ ਸਗੋਂ ਉਨ੍ਹਾਂ ਦਾ ਮਲੀਆ ਮੇਟ ਕਰ ਦਿੱਤਾ ਸੀ--ਕੋਰਾ ਝੂਠ ਸਿੱਧ ਹੋਇਆ। ਦੈਂਤਾਂ ਨੇ ਪਹਿਲਾਂ ਨਾਲੋਂ ਸਗੋਂ ਦੂਣਾ ਜ਼ੋਰ ਫੜ ਲਿਆ। ਇੱਕ ਮਹਿਖਾਸੁਰ ਦੇ ਥਾਂ ਉਸ ਤੋਂ ਵੀ ਵੱਧ ਵਿਕਰਾਲ ਅਤੇ ਭਿਆਨਕ ਦੋ ਦੈਂਤ--**ਸੁੰਭ** ਅਤੇ **ਨੈਸੁੰਭ**--ਜ਼ੋਰ ਫੜ ਗਏ। ਉਸੇ ਤਰ੍ਹਾਂ ਦੀ ਚਤੁਰੰਗੀ ਸੈਨਾ ਉਹੀ ਰੌਲਾ ਗੌਲਾ, ਉਵੇ ਹੀ ਲੋਥਾਂ ਦੇ ਢੇਰ, ਮਾਸ ਖਾਣ ਦੀ ਅਤੇ ਮਨੁੱਖਾਂ ਦਾ ਲਹੂ ਪੀਣ ਦੀ ਖ਼ੁਸ਼ੀ ਵਿਚ ਕਿਲਕਾਰੀਆਂ ਮਾਰਦੀਆਂ ਗਿਰਝਾਂ, ਗਿੱਦੜ, ਭੂਤ, ਸ਼ਿਵ ਦੇ ਗਨ ਧਮਾਲਾ ਪਾਉਣ ਲੱਗ ਪਏ। ਕੇਵਲ ਲਹੂ ਦੀ ਨਦੀ ਵਿਚ ਤਰਦੀਆਂ ਫਿਰਦੀਆਂ ਵਸਤੂਆਂ ਵਾਲੇ ਝੂਠ ਵਿਚ ਅਲੰਕਾਰ ਦੇ ਬਹਾਨੇ, ਕੁਝ ਵਾਧੂ **ਝੂਠ-ਚਾਸ਼ਨੀ** ਆ ਰਲੀ?:-

**ਜੁਧ ਨਿਸੁੰਭ ਭਇਆਨ ਰਚਿਓ ਅਸ ਆਗੇ ਨ ਦਾਨਵ ਕਾਹੂ ਕਰਿਓ ਹੈ ॥**
**ਲੋਥਨ ਊਪਰਿ ਲੋਥਿ ਪਰੀ ਤਹ ਗੀਧ ਸ੍ਰਿਗਾਲਨਿ ਮਾਸੁ ਚਰਿਓ ਹੈ ॥**
**ਗੂਦ ਬਹੈ ਸਿਰ ਕੇਸਨ ਤੇ ਸਿਤ ਪੁੰਜ ਪ੍ਰਵਾਹ ਧਰਾਨ ਪਰਿਓ ਹੈ ॥**
**ਮਾਨੁਹ ਜਟਾਧਾਰ ਕੀ ਜਟ ਤੇ ਜਨੁ ਰੋਸ ਕੈ ਗੰਗ ਕੋ ਨੀਰ ਢਰਿਓ ਹੈ ॥ ੬੮ ॥**

**ਅਰਥ:**--ਨਿਸੁੰਭ ਨੇ [ਅਸ=] ਅਜੇਹਾ ਭਿਆਨਕ ਜੁਧ ਸ਼ੁਰੂ ਕੀਤਾ, (ਕਿ ਇਸ ਤੋਂ ਪਹਿਲੇ) ਅਗੇ ਕਿਸੇ ਦਾਨਵ ਨੇ ਅਜਿਹਾ ਜੁੱਧ ਨਹੀਂ ਸੀ ਕੀਤਾ। ਲੋਥਾਂ ਉਤੇ ਲੋਥਾ ਚੜ੍ਹ ਗਈਆਂ ਅਤੇ ਗਿਰਝਾਂ ਤੇ ਗਿੱਦੜਾਂ ਨੇ ਉਨ੍ਹਾਂ ਦੇ ਮਾਸ ਨੂੰ ਖਾਣਾਂ ਸ਼ੁਰੂ ਕੀਤਾ ਹੋਇਆ ਹੈ। (ਕਈਆਂ ਦੇ) ਸਿਰ ਦੇ ਵਾਲਾਂ ਵਿਚੋਂ[ਸਿਤ=] ਚਿੱਟੀ ਚਿੱਟੀ [ਗੂਦ] ਮਿੱਝ ਵਗ ਰਹੀ ਹੈ ਅਤੇ (ਉਸਦਾ) ਤਿੱਖਾ ਪ੍ਰਵਾਹ ਧਰਤੀ ਉਤੇ ਪੈ ਰਿਹਾ ਹੈ। (ਉਹ ਇਉਂ) [ਮਾਨਹੁ] ਪ੍ਰਤੀਤ ਹੁੰਦਾ ਹੈ ਜਾਣੋਂ [ਜਟਾਧਾਰੀ] ਸ਼ਿਵਜੀ ਦੀਆਂ ਜਟਾਂ ਵਿਚੋਂ ਗੁੱਸੇ ਨਾਲ ਗੰਗਾ ਦਾ ਪਾਣੀ ਡਿੱਗ ਰਿਹਾ ਹੈ। ੬੮]

**ਬਾਰ ਸਿਵਾਰ ਭਏ ਤਿਹ ਠਉਰ ਸੁ ਫੇਨ ਜਿਉ ਛੱਤ੍ਰ ਫਿਰੈ ਤਰਤਾ ॥**
**ਕਰ ਅੰਗੁਲਕਾ ਸਫ਼ਰੀ ਤਲਫ਼ੈ ਭੁਜ ਕਾਟ ਭੁਜੰਗ ਕਰੇ ਕਰਤਾ ॥**
**ਹਯਨੱਕ੍ਰ ਧਜਾ ਦ੍ਰੁਮ ਸ੍ਰਉਨਤ ਨੀਰ ਮੈ ਚੱਕ੍ਰ ਜਿਉ ਚੱਕ੍ਰ ਫਿਰੈ ਗਰਤਾ ॥**

**ਤਬਸੁੰਭ ਨਿਸੁੰਭ ਦੋਹੂੰ ਮਿਲਿ ਦਾਨਵ ਮਾਰ ਕਰੀਰਨ ਮੈ ਸਰਤਾ ॥ ੬੯ ॥**

**ਪਦ ਅਰਥ**:-- ਬਾਰ=ਵਾਲ, ਪਾਣੀ। ਸਿਵਾਰ=ਜਾਲਾ । ਫੇਨ=ਝੱਗ । ਛਤ੍ਰ=ਛਤ੍ਰੀਆਂ, ਰਥਾਂ ਦੀਆਂ ਚੋਟੀਆਂ। ਅੰਗੁਲਕਾ=ਅੰਗੁਲੀਆਂ । ਸਫ਼ਰੀ=ਮੱਛੀ । ਭੁਜੰਗ=ਸੱਪ । ਕਰੇ=ਕੀਤੇ, ਬਨਾਏ । ਸੁਰਤਾ=ਨਦੀ । ਹਯ=ਘੋੜੇ । ਨੱਭ=ਤੰਦੂਏ। ਚੱਕ੍ਰ=ਰਥਦਾ ਪਹੀਆ, ਚੱਕ੍ਰ ਘਨੁੰਮਨ ਘੇਰੀ। ਗਰਤਾ=ਪੈ ਰਹੀ ਹੈ।

ਦੈਂਤਾਂ ਦੀ ਜਿੱਤ ਹੋਈ। ਉਨ੍ਹਾਂ ਨੇ ਦੇਵਤਿਆਂ ਦਾ ਸਾਰਾ ਮਾਲ ਅਸਬਾਬ ਖੋਹ ਲਿਆ। ਕੁਬੇਰ ਦਾ ਖ਼ਜ਼ਾਨਾ, ਬ੍ਰਹਮਾ, ਸੂਰਜ, ਚੰਦ੍ਰਮਾ, ਗਨੇਸ਼ ਆਦਿ ਸਭ ਨੂੰ ਜਿਤ ਲਿਆ ਵਰਣ ਦੇਵਤੇ ਨੂੰ ਵੀ ਭਜਾ ਕਢਿਆ। ਸਾਰੇ ਦੈਂਤ ਦੇਵਤਿਆਂ ਦੇ ਘਰਾਂ ਵਿਚ ਜਾ ਵੱਸੇ। ਹਾਲੋਂ ਬੇਹਾਲ ਹੋਏ ਦੇਵਤੇ ਫਿਰ ਕੈਲਾਸ਼ ਪਰਬਤ ਉਤੇ ਜਾ ਲੁਕੇ ਅਤੇ ਦੁਰਗਾ ਨੂੰ ਆਪਣੇ ਦੁਖਾਂ ਦੀ ਕਹਾਣੀ ਜਾ ਸੁਣਾਈ। ਦੁਰਗਾ ਲੜਨ ਲਈ ਤਿਆਰ ਹੋ ਪਈ:--

## ੭- ਕਾਲੀ ਦੇਵੀ ਦੀ ਸੰਦਰਤਾ ਵੇਖ ਕੇ (ਕਥਿਤ) ਕਵੀ ਦਸ਼ਮੇਸ਼ ਜੀ ਦਾ ? ਕਿ ਜਾਂ ਬਿੱਪਰ ਦਾ ਆਪਣਾ-- ਮਨ ਰੀਝ ਗਿਆ-

**ਝੂਠ ਗਾਥਾ ਨੇ ਹੋ ਵੀ ਵਢਡ ਝੂਠ-ਰੰਗ ਵਟਾਇਆ-** ਜਦ ਦੇਵੀ ਬੜੇ ਕ੍ਰੋਧ ਵਿਚ ਆ ਗਈ ਤਾਂ :--

**ਭਾਲ ਕੋ ਫੋਰ ਕੈ ਕਾਲੀ ਭਈ ਲਖਿ ਤਾਂ ਛਬਿ ਕੋ ਕਬਿ ਕੋ ਮਨ ਭੀਨੋ ॥**

**ਅਰਥ:--ਦੁਰਗਾ ਦੇ ਮੱਥੇ ਨੂੰ ਪਾੜ ਕੇ ਉਸ ਵਿਚੋਂ ਕਾਲੀ ਪ੍ਰਗਟ ਹੋਈ, ਉਸ ਦੀ ਸੁੰਦਰਤਾ ਵੇਖ ਕੇ (ਮੈਂ) ਕਵੀ ਦਾ ਮਨ (ਉਪਮਾ ਦੇਣ ਨੂੰ) ]ਭੀਨੋ=] ਲਲਚਾਇਆ ਹੈ।**

**ਪਿਆਰੇ ਅਤੇ ਸਤਿਕਾਰੇ ਜਥੇਦਾਰ ਸਾਹਿਬ ਜੀਓ !---**

(੧) ਇਹ ਕਵੀ ਕੌਣ ਹੈ, ਜਿਸ ਦਾ ਜੀਅ ਦੇਵੀ ਦੀ ਸੁੰਦਰਤਾ ਵੇਖ ਕੇ ਏਡਾ ਉਛਾਲੇ ਵਿਚ ਆ ਗਿਆ ਹੈ ਕਿ ਕਈ ਤਰ੍ਹਾਂ ਦੀ ਝੂਠ-ਉਪਮਾ ਲਿਖਣ ਲਈ ਲਲਚਾ ਪਿਆ ?

(੨) **ਆਪਣੇ ਮਨ ਵਿਚ ਆਈ** ਅਜੇਹੀ ਗੱਲ, ਉਚੇਚੇ ਤੌਰ ਤੇ ਲਿਖਣ ਵਾਲਾ ਕਵੀ, ਕੀ ਕੇਵਲ ਉਲਥਾ ਕਰਨ ਵਾਲਾ ਹੀ ਹੈ ? ਜੇ ਸਭ ਕੁਝ ਹਿੰਦੂ ਗ੍ਰੰਥ ਦਾ ਹੀ ਉਲੱਥਾ ਮੰਨਿਆਂ ਜਾਣਾ ਸੀ ਤਾਂ ਕਿਸੇ ਵੀ ਕਵਿਓ ਬਾਚ--ਨੂੰ ਦਸ਼ਮੇਸ਼ ਜੀ ਦਾ ਆਪਣਾ ਬਚਨ ਕਦੇ ਨਾ ਮੰਨਿਆਂ ਜਾਂਦਾ। ਕਿਸ ਦਲੀਲ ਨਾਲ ਇਸ ਸਚਾਈ ਨੂੰ ਮੰਨਣੋ ਇਨਕਾਰ ਕੀਤਾ ਜਾ ਰਿਹਾ ਹੈ **ਕਿ, ਲਿਖਾਰੀ ਕੋਈ ਦੇਵੀ ਭਗਤ ਹੈ ?**

**ਅਗਲੀ ਪੰਗਤੀ:--**

**ਦੈਤ ਸਮੂਹਿ ਬਿਨਾਸਨ ਕੋ ਜਮ ਰਾਜ ਤੇ ਮ੍ਰਿਤ ਮਨੋ ਭਵ ਲੀਨੋ ॥ ੭੪ ॥**

**ਅਰਥ:**--ਮਾਨੋਂ, ਸਾਰੇ ਦੈਂਤਾਂ ਨੂੰ ਨਾਸ ਕਰਨ ਵਾਸਤੇ **ਜਮਰਾਜ** ਤੋਂ **ਮੌਤ** ਨੇ ਜਨਮ ਲਿਆ ਹੈ । ੪੭ ।

ਅਦਭੁਤ ਕਵੀ ਜੀ ਨੇ ਉੱਤੇ ਅਜੇ ਹੁਣੇ ਹੀ, ਕਾਲੀ-ਰੂਪ ਇਸ ਮੌਤ ਦੀ ਜਨਮ-ਭੂਮੀ ਦੁਰਗਾ ਦਾ ਮੱਥਾ ਲਿਖਿਆ ਹੈ ਪਰ ਏਥੇ ਹੁਣ, ਕਾਲੀ ਦਾ ਜਨਮ ਦਾਤਾ ਜਮਰਾਜ ਤੋਂ ਹੋਇਆ ਮੰਨਣ ਦੀ ਗੱਲ ਲਿਖ ਦਿੱਤੀ ? ਕੀ, ਦੁਰਗਾ ਨੂੰ ਜਮਰਾਜ ਬਨਾਉਣ ਵਾਲੀ ਘਟੀਆ ਉਪਮਾ ਦੇਣ ਲਈ ਹੀ, ਕਵੀ ਦਾ ਦਿਲ ਲਲਚਾਇਆ ਸੀ ?

ਕਾਲੀ ਨੇ ਤਲਵਾਰ ਫੜ ਲਈ ਅਤੇ ਕ੍ਰੋਧ ਨਾਲ ਬਿਜਲੀ ਵਾਂਗ ਕੜਕੀ ਤਾਂ--

**ਮੇਰ ਸਮੇਤ ਹਲੇ ਗਰੂਏ ਗਿਰ, ਸੇਸ ਕੇ ਸੀਸ ਧਾਰਾ ਲਰਜ਼ੀ ਹੈ ॥**

**ਬ੍ਰਹਮ ਧਨੇਸ ਦਿਨੇਸ ਡਰਿਓ ਸੁਨਕੈ ਹਰਿ ਕੀ ਛਤੀਆ ਤਰਜ਼ੀ ਹੈ ॥**

**ਸੁਮੇਰ ਪਰਬਤ ਸਮੇਤ** ਸਾਰੇ ਵਡੇ ਵਡੇ ਪਹਾੜ ਹਿੱਲ ਗਏ। (ਛੋਟੀਆਂਪਹਾੜੀਆਂ ਦਾ ਕੀ ਰਹਿਣਾ ਸੀ ?) ਏਥੋਂ ਤੱਕ ਕਿ ਸ਼ੇਸ਼ਨਾਗ ਦੇ ਸਿਰ ਉਤਲੀ ਧਰਤੀ, ਭਾਵ ਸਾਰੀ ਦੀ ਸਾਰੀ ਧਰਤੀ ਹਿੱਲ ਹਿੱਲ ਗਈ। ਕੇਵਲ ਧਰਤੀ ਹੀ ਨਹੀ, ਦੇਵੀ ਦੀ ਕੜਕ ਨੇ ਅਸਮਾਨੀ ਵੱਸਦੇ ਬ੍ਰਹਮਾ, ਕੁਬੇਰ ਤੇ ਸੂਰਜ ਵੀ ਡਰਾ ਦਿੱਤੇ। ਏਥੋਂ ਤੱਕ ਕਿ, ਦੇਵੀ ਦੇ ਪਤੀ (ਹਰਿ) ਸ਼ਿਵ ਜੀ ਦੀ ਛਾਤੀ ਵੀ ਹਿੱਲ ਗਈ. ਭਾਵ ਦੇਵੀ ਅਜੇਹੀ ਕਲਕਾਰੀ ਮਾਰੀ ਕਿ ਰੱਬ ਵੀ ਡਰ ਗਿਆ ? ਕ੍ਰੋਧ ਵਿਚ ਆਈ ਕਾਲਕਾ ਸਾਖ਼ਸ਼ਾਤ ਕਾਲ ਬਣ ਕੇ ਪ੍ਰਗਟ ਹੋਈ ਹੈ।੭੫।

ਜਦ ਚੰਡੀ-ਦੁਰਗਾ ਨੇ ਉਸ ਕਾਲੀ ਨੂੰ ਵੇਖਿਆ ਤਾਂ ਆਖਿਆ--ਹੇ ਪੁੱਤ੍ਰੀ ਤੂੰ ਮੇਰੇ ਵਿਚ ਹੀ ਲੀਨ ਹੋ ਜਾ। ਏਨਾ ਸੁਣਿਆਂ ਤੇ **ਕਾਲੀ**, ਝੱਟ **ਚੰਡਿਕਾ** ਦੇ ਸਰੀਰ ਵਿਚ ਇਉਂ ਸਮਾ ਗਈ ਜਿਵੇਂ ਗੰਗਾ ਦੇ ਪ੍ਰਵਾਹ ਵਿਚ ਜਮਨਾ ਭੱਜ ਕੇ ਜਾ ਮਿਲਦੀ ਹੈ। ੭੬+੭੭ ।

## ੮- (ਕਥਿਤ) ਪਰਮ ਸ਼ਕਤੀ ਦੁਰਗਾ ਗਿਰਾਵਟ ਦੇ ਖੂਹ ਵਿਚ ?

**ਸ੍ਵੈਯਾ ॥**

**ਬੈਠ ਤਬੈ ਗਿਰਜਾ ਅਰ ਦੇਵਨ ਬੁੱਧਿ ਇਹੈ ਮਨ ਮੱਧਿ ਬੀਚਾਰੀ ॥**
**ਜੁੱਧ ਕੀਏ ਬਿਨੁ ਫੇਰ ਫਿਰੈ ਨਹਿ ਭੂਮ ਸਭੈ ਅਪਨੀ ਅਵਧਾਰ ॥**
**ਇੰਦ੍ਰ ਕਹਿਓ ਅਬ ਢੀਲ ਬਨੇ ਨਹਿ ਮਾਤ ਸੁਨੋ ਯਹ ਬਾਤ ਹਮਾਰੀ ॥**
**ਦੈਤਨ ਕੇ ਬਧ ਕਾਜ ਚਲੀ ਰਣ ਚੰਡ ਪ੍ਰਚੰਡ ਭੁਜੰਗਨਿ ਕਾਰੀ ॥ ੭੮।**

**ਅਰਥ:**--ਤਾਂ ਫਿਰ (ਗਿਰਜਾ =) ਦੁਰਗਾ ਅਤੇ ਦੇਵਤਿਆਂ ਨੇ ਬੈਠ ਕੇ ਮਨ ਵਿਚ [ਬੁਧਿ] ਸੋਚਿਆ ਕਿ ਜੁਧ ਕੀਤੇ ਬਿਨਾਂ ਫੇਰ ਮੁੜਕੇ ਸਾਰੀ ਜ਼ਮੀਨ ਨਹੀਂ (ਮਿਲ ਸਕਦੀ, ਜਿਸ ਉਤੇ) ਆਪਣੀ (ਅਵਧਾਰੀ) ਅਪਣੱਤ ਧਾਰੀ ਹੋਈ ਹੈ। ਇੰਦ੍ਰ ਨੇ ਕਿਹਾ--ਹੇ ਮਾਤਾ ! ਹੁਣ ਢਿੱਲ ਨਹੀਂ ਕਰਨੀ ਚਾਹੀਦੀ। ੭੮ ।

**ਸ੍ਰਿੰਗ ਸੁਮੇਰ ਕੇ ਚੰਡ ਬਿਰਾਜਤ ਮਾਨੋ ਸਿੰਘਾਸਨ ਬੈਠੀ ਸਚੀ ਹੈ ॥ ੭੯ ॥**

**ਅਰਥ**:--(ਐਸੀ ਸੁੰਦਰ) ਚੰਡਕਾ ਸੁਮੇਰ ਦੀ ਟੀਸੀ ਦੇ ਉਪਰ ਬੈਠ ਰਹੀ ਹੈ, (ਇਉਂ ਸਮਝੋ) ਮਾਨੋਂ ਤਖ਼ਤ ਉਤੇ (ਇੰਦਰ ਦੀ ਇਸਤ੍ਰੀ) ' ਸਚੀ ' ਬੈਠੀ ਹੈ । ੭੯ ।

ਜੰਗ ਦੀ ਤਿਆਰੀ ਦੀ ਵਿਚਾਰ ਬਣਾ ਕੇ ਦੁਰਗਾ ਬੜੀ ਸੁੰਦਰ ਇਸਤ੍ਰੀ ਦੇ ਰੂਪ ਵਿਚ ਸੁਮੇਰ ਦੀ ਟੀਸੀ ਤੇ ਜਾ ਬੈਠੀ। ਕੋਈ ਦੈਂਤ ਕਿਸੇ ਕੰਮ ਉਥੇ ਆ ਗਿਆ। (ਦੈਂਤਾਂ ਦਾ ਭਖ਼ਸ਼ਨ ਕਰੀ ਜਾਣ ਵਾਲੇ ਸ਼ਿਵਜੀ-ਕਾਲ-ਮਹਾਂਕਾਲ ਅਤੇ ਉਸ ਦੀ ਪਤਨੀ ਗਿਰਜਾ-ਦੁਰਗਾ-ਚੰਡਕਾ-ਕਾਲੀ ਭਿਆਨਕ ਰੂਪ ਧਾਰ ਸਕਣ ਵਾਲੇ ਇਸ ਪ੍ਰਭੂ-ਜੋੜੇ ਦੇ ਵਸੇਬੇ ਵਾਲੇ ਕੈਲਾਸ਼ ਪਰਬਤ ਤੇ ਕਿਸੇ ਦੈਂਤ ਦਾ ਭਲਾ ਕੀ ਕੰਮ ? ਪਰ ਅਸਾਂ ਤਾਂ ਲਿਖਿਆ ਵਿਚਾਰਨਾ ਹੈ ਅਜੇਹੀ ਚਿੰਤਾ ਦੀ ਸਾਨੂੰ ਕੀ ਲੋੜ ? ) ਉਸ ਦੈਂਤ ਨੇ ਜਦ ਅਪਾਰ ਹੁਸੀਨ ਇਸਤ੍ਰੀ ਨੂੰ ਵੇਖਿਆ ਤਾਂ ਆਪਣੀ ਸੁਧ ਬੁਧ ਗੁਆ ਬੈਠਾ। ਜ਼ਰਾ ਸੁਰਤ ਸਾਂਭੀ ਤੇ ਹੱਥ ਜੋੜ ਕੇ ਚੰਡੀ ਨੂੰ ਇਹ ਗੱਲ ਕਹੀ--" ਮੈਂ ਰਾਜੇ ਸੁੰਭ ਦਾ ਭਾਈ ਹਾਂ ਤੇ ਸੰਗਦਾ ਹੋਇਆ ਇੱਕ ਗੱਲ ਕਹਿੰਦਾ ਹਾਂ--" ਜਿਸ ਰਾਜੇ ਸੁੰਭ ਨੇ ਆਪਣੀਆਂ ਬਾਹਾਂ ਦੀ ਸ਼ਕਤੀ ਨਾਲ ਤਿੰਨਾ ਲੋਕਾਂ ਨੂੰ ਵੱਸ ਵਿਚ ਕਰ ਲਿਆ ਹੋਇਆ ਹੈ, ਹੇ ਸੁੰਦਰ ਦੇਵੀ ਤੂੰ ਉਸ ਨੂੰ ਵਰ ਲੈ " । [੮੦ ਤੋਂ ੮੩]

**ਸੁਨਿ ਕਰ ਰਾਕਸ ਕੀ ਬਾਤ ਕੋ ਉੱਤਰ ਦੀਨ ॥ ਜੁੱਧ ਕਰੈ ਬਿਨ ਨਹਿ ਬਰੋ ਸੁਨਹੁ ਦੈਤ ਮਤ ਹੀਨ ॥ ੮੪ ॥**

**ਅਰਥ**:--ਰਾਕਸ਼ ਦੀ ਗੱਲ ਸੁਣ ਕੇ ਦੇਵੀ ਨੇ ਜਵਾਬ ਦਿੱਤਾ--ਹੇ ਬੁਧੀ ਹੀਣੇ ਦੈਂਤ ! ਸੁਣੋਂ, ਜੰਗ ਤੋਂ ਬਿਨਾਂ (ਮੈਂ ਕਿਸੇ ਤਰ੍ਹਾਂ ਵੀ) ਨਹੀਂ ਵਰਾਂਗੀ (ਅਰਥਾਤ--ਜੋ ਮੈਨੂੰ ਜੰਗ ਵਿਚ ਜਿੱਤੇਗਾ, ਉਹ ਮੇਰਾ ਪਤੀ ਹੋਵੇਗਾ । ੮੪ ।

(੧) ਅਵੱਲ ਤਾਂ ਕਿਸੇ ਵਿਆਹੁਤਾ ਇਸਤ੍ਰੀ ਨੂੰ ਅਜੇਹੀ ਗੱਲ ਕੋਈ ਕਹਿੰਦਾ ਹੀ ਨਹੀਂ, ਪਰ ਅਣਜਾਣ ਪੁਣੇ ਜੇ ਕੋਈ ਅਜੇਹੀ ਗੱਲ ਕਿਸੇ ਵਿਆਹੁਤਾ ਇਸਤ੍ਰੀ ਨੂੰ ਕਹਿ ਹੀ ਬੈਠੇ, ਤਾਂ, ਭਾਰਤੀ ਪਰੰਪਰਾਵਾਂ ਗਵਾਹੀ ਭਰਦੀਆਂ ਹਨ ਕਿ ਸੁਸ਼ੀਲ ਇਸਤ੍ਰੀ ਅਜੇਹੇ ਮਨੁੱਖ ਨੂੰ ਦੱਸ ਦੇਵੇਗੀ ਕਿ ਉਹ ਪਹਿਲਾਂ ਹੀ ਵਿਆਹੁਤਾ ਹੈ ਅਤੇ ਪਰਮੇਸ਼ਰ ਨੂੰ ਯਾਦ ਵਿਚ ਲਿਆਉਂਦੀ ਹੋਈ ਕਹੇ ਗੀ--ਵਾਹਿਗੁਰੂ, ਸੁੱਖੀ ਸਾਂਦੀ ਮੇਰੇ ਪਤੀ ਦੇਵ ਨੂੰ ਹਜ਼ਾਰਾਂ ਸਾਲ ਉਮਰ ਬਖ਼ਸ਼ੇ, ਮੈ ਕਿਸੇ ਦੂਜੇ ਦਾ ਖ਼ਿਆਲ ਆਪਣੇ ਮਨ ਵਿਚ ਕਿਉਂ ਆਉਣ ਦਿਆਂ ? । ਹੱਦ ਹੋ ਗਈ ? ਧਰਮ ਨਾਲ ਸੰਬਧਤ ਗੱਲ ? ਅਤੇ ਲਿਖਣ ਵਾਲੇ (ਕਥਿਤ ਤੌਰ ਤੇ) ਦਸਮ ਸ੍ਰੀ ਗੁਰੂ ਨਾਨਕ ਸਾਹਿਬ ਸ੍ਰੀ ਦਸ਼ਮੇਸ਼ ਜੀ ? ਹੋਵੇ ਸ਼ਿਵ ਭਗਵਾਨ ਜੀ ਦੀ ਆਪਣੀ ਧਰਮ ਪੱਤਨੀ--ਜਗਤ ਦੀ ਮਾਤਾ ਅਖਵਾਉਣ ਵਾਲੀ--ਚੰਡੀ-ਚੰਡਿਲਾ-ਦੁਰਗਾ-ਕਾਲੀ-ਕਾਲਿਕਾ-ਪਾਰਬਤੀ-ਗਿਰਜਾ-**ਸ਼ਿਵਾ,** ਆਦ ਕਰਕੇ ਜਾਣੀ ਜਾਣ ਵਾਲੀ **ਮਹਾਂ ਦੇਵੀ ?** ਉਸ ਦੇ ਮੂਹੋਂ, ਇਹ ਅਖਵਾਇਆ ਗਿਆ ਹੈ ਕਿ, ਜਿਹੜਾ ਉਸ ਨੂੰ ਯੁੱਧ ਵਿਚ ਜਿੱਤ ਲਵੇ ਉਹ ਓਸੇ ਦੀ ਹੋ ਜਾਵੇਗੀ ? ਗੱਲ ਇਹ ਨਹੀਂ ਕਿ, ਅਜਿਤ ਹੋਣ ਦੇ ਭਰੋਸੇ ਤੇ ਉਸ ਨੇ ਅਜੇਹੇ ਬਚਨ ਕਹੇ ਸਨ । ਗੱਲ ਅਸੂਲ ਦੀ ਹੈ । ਕਿਸੇ ਪਤੀ ਬਰਤਾ ਇਸਤ੍ਰੀ ਦੀ ਜ਼ਬਾਨ ਤੇ ਅਜੇਹੇ ਸ਼ਬਦ ਆਉਣ ਹੀ ਕਿਉਂ ਕਿ, ਉਹ ਅਮਕੀ ਸਿਫ਼ਤ ਵਾਲੇ ਨੀਂਗਰ ਦੀ ਰੰਨ ਬਣਨ ਲਈ ਤਿਆਰ ਹੈ ? ਵਿਸ਼ਵਾਸ਼ ਘਾਤੀ, ਵਡੀ ਬੇ-ਇਤਬਾਰੀ ਅਤੇ ਘਟੀਆ ਆਚਰਨ ਵਾਲੀ ਇਸਤ੍ਰੀ ਦੀ ਬੋਲੀ, ਪੂਜਯ ਦੇਵੀ ਦੇ ਮੂੰਹ ਵਿਚ ਕਿਸ ਨੇ ਪਾਈ ? ਅਜੇਹੇ ਗਿਰਾਵਟ ਦੇ ਖੂਹ ਵਿਚ ਦੁਰਗਾ ਨੂੰ ਕਿਸ ਦੇ ਧੱਕਾ ਦੇ ਦਿੱਤਾ ? ਆਪਣੇ ਇਸ਼ਟ ਨਾਲ ਘਟੀਆ ਕਿਸਮ ਦੇ ਮਖ਼ੌਲ ਕਰਦੇ ਆ ਰਹੇ ਆਚਰਨ ਹੀਂਣ ਕਿਸੇ ਬਿੱਪ੍ਰ ਨੇ ?, ਕਿ ਜਾਂ ਅਜੇਹੇ ਹੌਲੇ ਬਚਨ (ਨਿਰਮਲ ਆਚਰਨ ਵਾਲੇ ਸੰਤ ਸੂਰਮਿਆਂ ਦਾ ਨਿਆਰਾ ਪੰਥ ਚਲਾਉਣ ਆਏ, ਅਨੂਪਮ ਸਤਿਗੁਰੂ ਨਾਨਕ ਸਾਹਿਬ ਜੀ ਦੀ ਜੋਤਿ-ਜੁਗਤਿ ਦੇ ਦਸਵੇਂ ਪ੍ਰਕਾਸ਼-) **ਪਰਮ ਪੁਰਖ ਸ੍ਰੀ ਦਸ਼ਮੇਸ਼ ਜੀ ਨੇ ਲਿਖੇ ਸਨ** ?

**ਹੇ ਸਰਬ ਸ੍ਰੇਸ਼ਟ ਪਦਵੀ ਤੇ ਬਿਰਾਜੇ ਜਥੇਦਾਰ ਸਾਹਿਬ ਜੀਓ !** ਕੀ ਇਸ **ਅਨੋਖੇ ਪ੍ਰਕਾਰ ਦੀ ਉਪ੍ਰੋਕ ਝੂਠ-ਉਲਝਣ** ਨੂੰ, ਕਿਸੇ ਅਜੇਹੀ ਦਲੀਲ ਨਾਲ ਸੁਲਝਾਉਣ ਦੀ ਕਿਰਪਾਲਤਾ ਕਰ ਸਕੋਗੇ ਜੋ ਗੁਰਮਤਿ ਦੀ ਕਸਵੱਟੀ ਤੇ ਪੂਰੀ ਉਤਰਦੀ ਹੋਵੇ ?

(੨) ਕਥਿਤ ਤੌਰ ਤੇ ਅਪਾਰ ਸ਼ਕਤੀਆਂ ਦੀ ਮਾਲਕ **ਦੁਰਗਾ-ਸ਼ਿਵਾ ਦੇਵੀ** ਨੂੰ ਫੱਬਦਾ ਤਾਂ ਇਹ ਸੀ, ਕਿ ਉਹ ਆਪਣੇ ਦੂਤ ਰਾਹੀ ਸੁੰਭ ਅਤੇ ਅਸੁੰਭ ਦੈਂਤਾਂ ਨੂੰ ਬੜੇ ਸਪੱਸ਼ਟ ਅਤੇ ਮਜ਼ਬੂਤ ਸ਼ਬਦਾਂ ਵਿਚ ਹੁਕਮ ਲਿਖ ਭੇਜਦੀ ਕਿ, " ਇੰਦਰ ਦਾ ਰਾਜ, ਅਤੇ ਲੁੱਟੇ ਹੋਏ ਧਨ ਦੌਲਤ ਦੇ ਸਮੇਤ, ਦੇਵਤਿਆਂ ਦੇ ਘਰ ਘਾਟ ਏਨੇ ਸਮੇ ਦੇ ਅੰਦਰ ਅੰਦਰ ਛੱਡ ਛਡਾ ਕੇ ਆਪਣੇ ਦੇਸ਼ ਨੂੰ ਪਰਤ ਜਾਣ, ਨਹੀਂ ਤਾਂ ਉਨ੍ਹਾਂ ਤੇ ਹਮਲਾ ਕਰ ਦਿੱਤਾ ਜਾਵੇਗਾ ਅਤੇ ਸਾਰੇ ਖ਼ੂਨ ਖ਼ਰਾਬੇ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਸਿਰ ਹੋਵੇਗੀ। " ਕੈਲਾਸ਼ ਪਰਬਤ ਦੇ ਬਣੇ ਸਿਵ ਭਗਵਾਨ ਜੀ ਦੇ ਸ਼ਾਹੀ ਮਹੱਲਾਂ ਤੋਂ ਸ਼ਾਹੀ ਹੁਕਮ ਭੇਜਣ ਦੇ ਥਾਂ, ਆਪਣੇ ਤ੍ਰਿਯਾ-ਹੁਸਨ ਨੂੰ ਲੜਾਈ ਦਾ ਬਹਾਨਾ ਬਨਾਉਣਾ, ਕਿਸੇ ਪੱਖੋਂ ਵੀ ਸਲਾਹਣ ਜੋਗ ਨਹੀਂ ਹੈ। ਗਾਥਾ ਦੇ ਇਸ ਮੋੜ ਤੇ ਆ ਕੇ ਦਸ਼ਮੇਸ਼ ਜੀ ਦੀ ਕਲਮ ਨੇ ਲਿਖਣੋ ਜਵਾਬ ਦੇ ਦੇਣਾ ਸੀ। ਇਸ ਗਾਥਾ ਦਾ ਲਿਖਾਰੀ ਨਿਰਸੰਦੇਹ, ਕੋਈ ਹੋਛੇ ਅਤੇ ਨੀਵੇਂ ਵਾਤਾਵਰਨ ਵਿਚ ਪਲਿਆ, ਭਿਖਾਰੀ-ਸੁਭਾਅ ਬਿੱਪ੍ਰ ਹੀ ਹੈ। ਕੀ ਕਹੀਏ ਸਿੱਖ ਪੰਥ ਦੇ ਵਿਦਵਾਨਾਂ ਨੂੰ, ਜਿਨ੍ਹਾਂ ਨੇ ਗੁਰਮਤਿ ਵਿਰੋਧੀ ਅਜੇਹੀ ਵਿਅਰਥ ਦੀ ਅਤੇ ਅਜਾਈਂ ਬੋਲਾਂ ਵਾਲੀ ਕੁਫ਼ਰ ਗਾਥਾ ਨੂੰ, ਸਿੱਖੀ ਦੇ ਨਿਰਮਲ ਗਿਆਨ-ਅੰਮ੍ਰਿਤ-ਸਰੋਵਰ ਨੂੰ ਗਦਲਾ ਕਰਨ ਲਈ, ਧਰਮ ਦਾ ਅੰਗ ਬਣਨਾ ਝੱਲ ਲਿਆ? ਅਜੇਹੇ ਬੋਲਾਂ ਪ੍ਰਤੀ ਹੀ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਦੇ ਮੁਖਾਰਬਿੰਦ ਵਿਚੋਂ ਇਹ ਪਰਵਚਨ ਪ੍ਰਗਟ ਹੋਇਆ--

੧੮- **ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥ ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥੧॥ ਰਹਾਉ ॥ ਸੇਵਤ ਸੇਵਿ ਸੇਵਿ ਸਾਧ ਸੇਵਉ ਸਦਾ ਕਰਉ ਕਿਰਤਾਏ ॥ ਅਭੈ ਦਾਨੁ ਪਾਵਉ ਪੁਰਖ ਦਾਤੇ ਮਿਲਿ ਸੰਗਤਿ ਹਰਿ ਗੁਣ ਗਾਏ ॥੧॥ ਰਸਨਾ ਅਗਹ ਅਗਹ ਗੁਨ ਰਾਤੀ ਨੈਨ ਦਰਸ ਰੰਗੁ ਲਾਏ ॥ ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਮੋਹਿ ਚਰਣ ਰਿਦੈ ਵਸਾਏ ॥੨॥ ਸਭਹੂ ਤਲੈ ਤਲੈ ਸਭ ਊਪਰਿ ਏਹ ਦ੍ਰਿਸਟਿ ਦ੍ਰਿਸਟਾਏ ॥ ਅਭਿਮਾਨੁ ਖੋਇ ਖੋਇ ਖੋਇ**

**ਖੋਈ ਹਉ ਮੋ ਕਉ ਸਤਿਗੁਰ ਮੰਤ੍ਰੁ ਦ੍ਰਿੜਾਏ ॥੩॥ ਅਤੁਲੁ ਅਤੁਲੁ ਅਤੁਲੁ ਨਹ ਤੁਲੀਐ ਭਗਤਿ ਵਛਲੁ ਕਿਰਪਾਏ ॥ ਜੋ ਜੋ ਸਰਣਿ ਪਰਿਓ ਗੁਰ ਨਾਨਕ ਅਭੈ ਦਾਨੁ ਸੁਖ ਪਾਏ ॥੪॥੧॥੯੧॥** {੮੨●}

ਪਾਵਨ ਪਵਿੱਤ੍ਰ ਅਨੂਪਮ ਗੁਰਬਾਣੀ ਤੋਂ ਟੁੱਟ ਕੇ ਝੂਠ-ਬਾਣੀ ਨਾਲ ਜੁੜਨ ਦਾ ਵਿਚਾਰ ਹੀ ਢਹਿੰਦੀਆਂ ਕਲਾਂ ਵਲੋਂ ਚਾਲੇ ਪਾ ਲੈਣ ਦੀ ਨਿਸ਼ਾਨੀ ਸੀ। ਪਰ ਮਾਇਆ ਦੇ ਮੋਹ ਵਿਚ ਫਸਿਆ ਜਥੇਦਾਰ ਵਿਚਾਰਾ, ਪੰਥ ਦਾ ਕੀ ਲੱਗੇ ?

ਸੁੰਦਰ ਸਰੂਪ ਮਨਮੋਹਣੀ ਕਾਮਿਨੀ (ਦੁਰਗਾ) ਦੀ ਗੱਲ ਸੁਣ ਕੇ ਉਹ ਦੈਂਤ ਝੱਟ **ਆਪਣੇ ਰਾਜੇ ਸੁੰਭ** ਦੀ ਹਜ਼ੂਰੀ ਵਿਚ ਜਾ ਪੁੱਜਾ ਅਤੇ ਚਰਨ ਬੰਦਨਾ ਆਦਿ ਕਰਨ ਉਪ੍ਰੰਤ ਸਾਰਾ ਹਾਲ ਕਹਿ ਸੁਣਾਇਆ। ਅਤੇ ਬੋਲਿਆ--" ਹੇ ਰਾਜਨ ! ਤੇਰੇ ਕੋਲ ਹੋਰ ਕਈ ਅਨਮੋਲ ਰਤਨ ਤਾਂ ਜ਼ਰੂਰ ਹਨ ਪਰ ਇਸਤ੍ਰੀ ਰੂਪ ਰਤਨ ਤੋਂ ਤੇਰੇ ਮਹਲ ਸੁੰਞੇ ਹਨ। ਹੇ ਰਾਜਨ ! ਜੰਗਲ ਵਿਚ ਵੱਸਦੀ ਉਸ ਇਸਤ੍ਰੀ ਨੂੰ ਜਾ ਕੇ ਛੇਤੀ ਵਰ ਲੈ "। ਰਾਜੇ ਸੁੰਭ ਨੇ ਉਸ ਇਸਤ੍ਰੀ ਦੇ ਹੁਸਨ ਦੀ ਹੋਰ ਗੱਲ ਸੁਣਨੀ ਚਾਹੀ ਤਾਂ ਅਪਾਰ ਹੁਸਨ ਦਾ ਨਜ਼ਾਰਾ ਮਾਣ ਕੇ ਆਇਆ ਸੁਧ ਬੁਧ ਗਵਾਈ ਬੈਠਾ ਦੈਂਤ ਬੋਲਿਆ--" ਉਸ ਦਾ ਮੂੰਹ ਚੰਦ੍ਰਮੇ ਵਰਗਾ, ਪੈਲਾਂ ਪਾਉਂਦੀਆਂ ਨਾਗਾਂ ਜੇਹੀਆਂ ਜ਼ੁਲਫ਼ਾਂ, ਸ਼ੇਰ ਜਿਹਾ ਪਤਲਾ ਲੱਕ, ਹਾਥੀ ਜਿਹੀ ਮਸਤ ਚਾਲ ਗੱਲ ਕੀ **ਕਾਮ ਦੇਵਤੇ** ਦੀ ਇਸਤ੍ਰੀ **ਰਤੀ** ਵੀ ਉਸ ਦੇ ਸਾਹਮਣੇ ਮਾਤ ਪੈ ਜਾਂਦੀ ਹੈ। ਹੱਥ ਵਿਚ ਤਲਵਾਰ ਹੈ ਸ਼ੇਰ ਤੇ ਸਵਾਰ ਹੈ, ਸੂਰਜ ਵਰਗਾ ਤੇਜਵਾਨ ਰੂਪ ਹੈ ਐਸੀ ਹੈ **ਸ਼ਿਵਜੀ ਦੀ ਅਰਧਾਂਗਨੀ ਦੁਰਗਾ** ਦੇ ਹੁਸਨ ਦੀ ਛਬਿ। ਅਖੇ--ਅੱਖੀਆਂ ਦੀ ਚਪਲਤਾ ਵੇਖ ਕੇ ਮੱਛ ਸ਼ਰਮਿੰਦਾ ਹੁੰਦਾ ਹੈ, ਕੋਮਲਤਾ ਨੂੰ ਵੇਖਕੇ ਕਮਲ ਤੇ ਸੁੰਦਰਤਾ ਨੂੰ ਵੇਖ ਕੇ ਮਮੋਲਾ ਸ਼ਰਮਾਉਂਦਾ ਹੈ। ਉਸ ਦੇ ਮੁਖੜੇ ਨੂੰ ਹੀ ਕਮਲ ਸਮਝਕੇ ਭੰਵਰੇ ਦੀਵਾਨੇ ਹੋਏ ਫਿਰਦੇ ਹਨ, ਨੱਕ ਨੂੰ ਵੇਖ ਕੇ ਤੋਤਾ, ਅਤੇ ਗਰਦਨ ਨੂੰ ਵੇਖ ਕੇ ਕਬੂਤਰ, ਹੋਠਾਂ ਨੂੰ [ਬਿੰਬ]=ਕੰਦੂਰੀ, ਅਤੇ ਆਵਾਜ਼ ਨੂੰ ਸੁਣ ਕੇ ਕੋਇਲ, ਬਨ ਵਿਚ ਲੁੱਟੇ ਪੁੱਟੇ ਫਿਰਦੇ ਹਨ। ਉਸ ਦੇ ਦੰਦਾਂ ਦੀ ਕਤਾਰ ਵੇਖਕੇ ਅਨਾਰ ਦਾ ਕਲੇਜਾ ਫਟ ਖਲੋਂਦਾ ਹੈ, ਉਸ ਦੇ ਰੂਪ ਚੀ ਚਾਨਣੀ ਸਾਰੇ ਜਗਤ ਵਿਚ ਫੈਲ ਰਹੀ ਹੈ। (੮੫ ਤੋਂ ੮੯)

ਦੋਹਰਾ ॥

**ਬਾਤ ਦੈਤ ਕੀ ਸੁੰਭ ਸੁਨਿ ਬੋਲਿਓ ਕਛੁ ਮੁਸਕਾਤ ॥ ਚਤੁਰ ਦੂਤ ਕੋਊ ਭੇਜੀਐ ਲਖਿ ਆਵੈ ਤਿਹ ਘਾਤ ॥ ੯੦ ॥**

**ਅਰਥ:**--ਦੈਂਤ ਦੀ ਗੱਲ ਸੁਣ ਕੇ ਸੁੰਭ ਰਾਜਾ ਹੱਸ ਕੇ ਕਹਿਣ ਲੱਗਾ--ਕਿਸੇ ਸਿਆਣੇ ਦੂਤ ਨੂੰ ਭੇਜਣਾ ਚਾਹੀਦਾ ਹੈ ਜੋ ਉਸ ਦੇ ਦਾਉ ਘਾਉ ਨੂੰ ਸਮਝਕੇ ਮੁੜ ਆਵੇ ।੯੦ ।

ਸੁੰਭ ਨੇ ਸਭਾ ਵਿਚ ਆਪਣੇ ਵਿਚਾਰ ਰੱਖੇ ਤਾਂ ਇੱਕ ਧੂਮ੍ਰ ਲੋਚਨ ਦੈਂਤ ਨੇ ਉੱਠ ਕੇ ਆਖਿਆ ਕਿ ਉਹ ਜਾਂ ਤਾਂ ਉਸ ਇਸਤ੍ਰੀ ਨੂੰ ਗੱਲਾਂ ਨਾਲ ਖ਼ੁਸ਼ ਕਰਕੇ ਸੁੰਭ ਕੋਲ ਲੈ ਅਵੇਗਾ ਜਾਂ ਉਸ ਨਾਲ ਜੰਗ ਕਰੇਗਾ। ਚਤਰੰਗੀ ਸੈਨਾ ਦੇ ਕੇ ਧੂਮ੍ਰ ਦੈਂਤ ਨੂੰ ਸੁੰਭ ਨੇ ਭੇਜ ਦਿੱਤਾ। ਉਸ ਨੇ ਆਪਣੀ ਸੈਨਾ ਨਾਲ ਸੁਮੇਰ ਪਰਬਤ ਨੂੰ ਜਾ ਘੇਰਾ ਪਾਇਆ ਅਤੇ ਲਲਕਾਰ ਕੇ ਦੇਵੀ ਨੂੰ ਆਖਿਆ ਕਿ ਉਹ ਜਾਂ ਰਾਜੇ ਸੁੰਭ ਨੂੰ ਆਪਣਾ ਵਰ ਮੰਨ ਲਏ ਨਹੀਂ ਤਾਂ ਜੰਗ ਲਈ ਤਿਆਰ ਹੋ ਜਾਵੇ। ਏਹ ਲਲਕਾਰ ਸੁਣੀ ਅਤੇ ਦੁਰਗਾ ਸ਼ੇਰ ਤੇ ਸਵਾਰ ਹੋ ਕੇ ਪਹਾੜੀ ਤੋਂ ਉਤਰ ਆਈ। ਆਉਂਦਿਆਂ ਹੀ ਤੀਰਾਂ ਤਲਵਾਰਾਂ ਦੇ ਵਾਰ ਕਰਨੇ ਅਰੰਭ ਕਰ ਦਿੱਤੇ ਅਤੇ ਦੈਂਤ ਦੇ ਸੰਘ ਵਿਚ ਤ੍ਰਸੂਲ ਖੋਭ ਦਿਤੀ, ਤਾਂ ਦੈਂਤ ਦੇ ਸਰੀਰ ਵਿਚ ਲਹੂ ਇਉਂ ਚਲ ਪਿਆ ਜਿਹਵੇ ਤ੍ਰਿਬੈਣੀ ਹੋਵੇ । (੯੧ ਤੋਂ ੯੭) ਜਖਮ ਲੱਗਣ ਤੇ ਦੈਂਤ ਨੇ ਕ੍ਰੋਧ ਵਿਚ ਆ ਕੇ ਕਈ ਵਾਰ ਕੀਤੇ ਪਰ ਸ਼ੇਰ ਇੱਕ ਪੈਰ ਪਿੱਛੇ ਨਾ ਹਟਿਆ। ਦੇਵੀ ਨੇ (ਹਰਿ) ਖੰਡਾ ਫੜਿਆ ਅਤੇ ਦੈਂਤ ਦਾ ਸਿਰ ਇਉਂ ਲਾਹ ਮਾਰਿਆ ਜਿਵੇ ਹਵਾ ਦੇ ਬੁੱਲੇ ਨਾਲ ਖਜੂਰ ਦੇ ਰੁੱਖ ਤੋਂ ਛੁਹਾਰਾ ਧਰਤੀ ਤੇ ਆ ਡਿੱਗਦਾ ਹੈ, ਅਤੇ ਉਸ ਦੀ ਫ਼ੋਜ ਵਿਚ ਹਾ ਹਾਕਾਰ ਮਚ ਗਈ ।(੯੮ ਤੋਂ ੧੦੦) ਅਤੇ--ਧੂਮ੍ਰ ਨੈਨ ਬਧਹ ਨਾਮ ਤ੍ਰਿਤੀਆ ਧਿਆਇ ਦੀ ਸਮਾਪਤੀ।

੧੯- **ਹਭਿ ਰੰਗ ਮਾਣਹਿ ਜਿਸੁ ਸੰਗਿ ਤੈ ਸਿਉ ਲਾਈਐ ਨੇਹੁ ॥**
**ਸੋ ਸਹੁ ਬਿੰਦ ਨ ਵਿਸਰਉ ਨਾਨਕ ਜਿਨਿ ਸੁੰਦਰੁ ਰਚਿਆ ਦੇਹੁ ॥੨॥** {੭●੬}-ਪਫੁ-੩

## ੯- ਚੰਡ ਅਤੇ ਮੁੰਡ ਦੈਂਤਾਂ ਦੀ ਮੌਤ ?

**ਸਵੈਯਾ ॥**

**ਸੋਰ ਸੁਨਿਓ ਜਬ ਦੈਤਨ ਕੋ ਤਬ ਚੰਡ ਪ੍ਰਚੰਡ ਤਚੀ ਅਖੀਆਂ ॥**
**ਹਰ ਧਿਆਨੁ ਛੁਟਿਓ ਧੁਨਿ ਕੋ ਸੁਨਕੈ ਟੂਟਿ ਖਗੇਸ ਗਈ ਪਖੀਆਂ ॥**
**ਦ੍ਰਿਗ ਜੁਆਲ ਬਢੀ ਬੜਵਾਨਲ ਜਿਉ ਕਵਿ ਨੇ ਉਪਮਾਂ ਤਿਹ ਕੀ ਲਖੀਆਂ ॥**
**ਸਭ ਛਾਰ ਭਇਓ ਦਲੁ ਦਾਨਵ ਕੋ ਜਿਮੁ ਘੂਮ ਹਲਾਹਲ ਕੀ ਮਖੀਆਂ ॥ ੧੦੧ ॥**

**ਅਰਥ:**--ਜਦ ਦੈਂਤਾਂ ਦਾ ਰੌਲਾ ਸੁਣਿਆ, ਤਦੋਂ ਹੀ ਵਡੇ ਤੇਜ ਵਾਲੀ ਦੁਰਗਾ ਨੇ ਕ੍ਰੋਧ ਭਰੀ ਦ੍ਰਿਸ਼ਟੀ ਨਾਲ ਅੱਖਾਂ ਲਾਲੋ ਲਾਲ ਕਰ ਲਈਆਂ । (ਗੁੱਸੇ ਦੀ ਭਰੀ ਹੋਈ ਦੇਵੀ ਦੀ) ਅਵਾਜ਼ ਨੂੰ ਸੁਣ ਕਰਕੇ ਮੁਨੀ ਦਾ ਧਿਆਨ ਛੁਟ ਗਿਆ (ਅਰਥਾਤ ਸਮਾਧੀ ਖੁਲ੍ਹ ਗਈ) ਅਤੇ [ਖਗੇਸ] ਗਰੜ ਦੇ ਖੰਭ ਟੁੱਟ ਗਏ । (ਚੰਡੀ ਦੀਆਂ) ਅੱਖਾਂ ਦਾ [ਜੁਆਲ=] ਤੇਜ ਬੜਵਾ ਅੱਗ ਵਾਂਗੂ ਵਧ ਗਿਆ, ਕਵੀ ਨੇ ਉਸ ਦੀ ਉਪਮਾਂ (ਇਸ ਤਰ੍ਹਾਂ ਦੀ) ਜਾਣੀ ਹੈ। ਦੈਂਤਾਂ ਦਾ ਸਾਰਾ ਦਲ (ਇਉਂ) ਸੁਆਹ ਹੋ ਗਿਆ ਹੈ, ਜਿਵੇਂ [ਹਲਾਹਲ=] ਜ਼ਹਿਰ ਦੀ [ਘੂਮ=] ਖੁਮਾਰੀ ਨਾਲ ਅੱਖਾਂ (ਨਾਸ ਹੋ ਜਾਂਦੀਆਂ ਹਨ । ੧੦੧।

**ਦੋਹਰਾ :**

**ਅਉਰ ਸਕਲ ਸੈਨਾ ਜਰੀ ਬਚਿਓ ਸੁ ਏਕੈ ਪ੍ਰੇਤ ॥ ਚੰਡ ਬਚਾਇਓ ਜਾਨਿ ਕੈ ਅਉਰਨ ਮਾਰਨ ਹੇਤ ॥ ੧੦੨ ॥**

**ਅਰਥ:**--ਹੋਰ ਤਾਂ ਸਾਰੀ ਸੈਨਾ (ਕੇਵਲ ਕ੍ਰੋਧ ਭਰੀ ਨਜ਼ਰ ਨਾਲ ਵੇਖਿਆਂ ਹੀ?) ਸੜ ਗਈ, **ਹੋਰਨਾਂ ਨੂੰ ਮਾਰਨ ਵਾਸਤੇ** ਦੁਰਗਾ ਨੇ ਇੱਕ ਦੈਂਤ ਨੂੰ ਬਚਾ ਲਿਆ।

ਏਥੇ ਗੱਲ ਕੇਵਲ ਮਾਰਨ ਦੀ ਹੀ ਹੈ--ਸ੍ਰੀ ਗੁਰੂ ਨਾਨਕ ਸਾਹਿਬ ਜੀ ਵਾਲੀ--ਸੁਧਾਰਣ ਦੀ ਗੱਲ ਤਾਂ ਅੱਜ ਸਿੱਖਾਂ ਨੇ ਵੀ ਭੁਲਾ ਛੱਡੀ ਹੋਈ ਹੈ। ਦਸਮ ਗ੍ਰੰਥ ਵਿਚ ਇੱਕੋ ਵਾਰੀ ਚਾਰ ਚਰਿਤ੍ਰਾਂ ਵਿਚ ਲਿਖੀ ਹੋਈ ਚੰਡਕਾ ਨੇ ਅਜੇ ਕਈ ਤਰ੍ਹਾਂ ਦੇ ਹੋਰ ਚੰਦ ਚਾੜ੍ਹਨੇ ਹਨ।

ਸਾਰੀ ਸੈਨਾ ਸੜ ਕੇ ਭਸਮ ਹੋ ਗਈ। **ਦੇਵੀ ਮਾਤਾ ਜੀ** ਨੇ (ਆਪਣੇ ਹੋਰ ਸਾਰੇ ਦੈਂਤ-ਰੂਪੀ ਬੱਚੇ) ਭਸਮ ਕਰ ਦਿਤੇ, ਸੁੰਭ ਨੂੰ ਆਪਣੇ ਮੌਤ ਰੂਪ ਜਾਲ ਵਿਚ ਫਸਾਉਣ ਲਈ ਜੀਊਂਦਾ ਰਖ ਲਿਆ, ਤਾਂ ਜੋ ਉਹ ਸ਼ੁੰਭ ਨੂੰ ਧੂਮਨੈਨੀ ਦੀ ਮੌਤ ਦੀ ਖ਼ਬਰ ਸੁਣਾ ਸਕੇ। **(੧)** ਕ੍ਰੋਧ ਭਰੀਆਂ ਅੱਖੀਆਂ ਦੇ ਤੇਜ ਨਾਲ ਏਡਾ ਸਰਬ ਨਾਸ ਕਰ ਸਕਣ ਵਾਲੀ ਇਸ ਦੁਰਗਾ ਮੱਯਾ ਨੂੰ ਹਥਿਆਰਾਂ ਨਾਲ ਕਟਾਵਢੀ ਕਰਨ ਵਾਲੀ ਖੇਚਲ ਕਰਨ ਦੀ ਕੀ ਲੋੜ ? ਜਿਸ ਦੇ ਇੱਕ ਤੀਰ ਦੇ ਹਜ਼ਾਰਾਂ ਤੀਰ ਬਣ ਰਹੇ ਹੋਣ ਅਤੇ ਜਿਹੜੀ ਦੇਵੀ ਗ਼ੈਬੀ ਸ਼ਕਤੀ ਨਾਲ ਸਾਰੀ ਸੈਨਾ ਨੂੰ ਭਸਮ ਕਰ ਸਕਦੀ ਹੈ, ਉਸ ਦੀ ਅਜੇਹੀ ਗਾਥਾ ਤੋਂ ਭਾਰਤੀ ਨਾਰੀ ਨੇ ਬਹਾਦਰ ਬਣਨਾ ਹੈ ਕਿ ਜਾਂ ਭੈ-ਭੀਤ ਹੋਈ ਨੇ ਦੇਵੀ ਮਾਂ ਦੀ ਭੇਟਾਂ ਗਾ ਗਾ ਕੇ ਉਸ ਦੀ ਪ੍ਰਸੰਨਤਾ ਤੋਂ ਸੁਖਣਾ ਪੂਰੀਆਂ ਕਰਵਾਉਣ ਨੂੰ ਆਪਣਾ ਧਰਮ ਮੰਨ ਲੈਣਾ ਹੈ ? **(੨)** ਆਪਣੀ ਮਰਜ਼ੀ ਨਾਲ ਸਮੂਹਕ-ਸੰਘਾਰ ਕਰਨ ਦੀ ਸਮਰਥਾ ਵਾਲੀ ਅਤੇ ਆਪਣੀ ਮਰਜ਼ੀ ਨਾਲ ਕਿਸੇ ਇੱਕ ਅੱਧ ਨੂੰ ਜੀਵਤ ਰੱਖਣ ਵਾਲੀ--ਸ਼ੇਰ ਦੀ ਸਵਾਰ, ਵਡੇ ਅਕਾਰ ਵਾਲੀ, (ਸ਼ਿਵ ਦੀ ਪਤਨੀ ਇਹ) **ਸ਼ਿਵਾ** ਕੀ, ਉਹੀ ਪਰਮਾਤਮਾਂ ਹੈ ਜਿਸ ਨੂੰ--**ਵਰਨਾ ਚਿਹਨਾ ਬਾਹਰਾ ਲੇਖੇ ਬਾਝੁ ਅਲਖੁ ॥ ਕਿਉ ਕਥੀਐ ਕਿਉ ਆਖੀਐ ਜਾਪੈ ਸਚੋ ਸਚੁ** ॥{੧੨੮੯} ਕਹਿ ਕੇ ਫਿਰ--

੨੦- **ਆਦਿ ਨਿਰੰਜਨੁ ਪ੍ਰਭੁ ਨਿਰੰਕਾਰਾ ॥ ਸਭ ਮਹਿ ਵਰਤੈ ਆਪਿ ਨਿਰਾਰਾ ॥**
**ਵਰਨੁ ਜਾਤਿ ਚਿਹਨੁ ਨਹੀ ਕੋਈ, ਸਭ ਹੁਕਮੇ ਸ੍ਰਿਸਟਿ ਉਪਾਇਦਾ ॥੧॥ {੧੦੭੫}-੧-੫**

**ਅਰਥ**:--ਉਹ ਪ੍ਰਮਾਤਮਾ, ਜੋ ਸਭ ਦਾ ਮੂਲ ਹੈ ਜੋ ਮਾਇਆ ਦੇ ਪ੍ਰਭਾਵ ਤੋਂ ਰਹਿਤ ਹੈ ਤੇ ਜਿਸ ਦਾ ਕੋਈ ਖ਼ਾਸ ਸਰੂਪ ਦੱਸਿਆ ਨਹੀਂ ਜਾ ਸਕਦਾ, ਸਭ ਜੀਵਾਂ ਵਿਚ ਮੌਜੂਦ ਹੈ, ਤੇ ਫਿਰ ਨਿਰਲੇਪ ਰਹਿੰਦਾ ਹੈ। ਉਸ ਦਾ ਕੋਈ (ਬ੍ਰਾਹਮਣ ਖਤ੍ਰੀ ਆਦਿਕ) ਵਰਨ ਨਹੀਂ, ਕੋਈ ਜਾਤਿ ਨਹੀਂ, ਕੋਈ ਚਿਹਨ ਨਹੀਂ । ਉਹ ਆਪਣੇ ਹੁਕਮ ਅਨੁਸਾਰ ਹੀ ਸਾਰੀ ਸ੍ਰਿਸ਼ਟੀ ਪੈਦਾ ਕਰਦਾ ਹੈ ।੧।

ਉਸ ਅਕਾਲ ਪੁਰਖ ਨੂੰ ਅਕਾਰ ਰਹਿਤ ਕਹਿਣ ਦੇ ਨਾਲ, ਜੀਵਾਂ ਨੂੰ ਮਾਰਨ ਜੀਵਾਲਣ ਵਾਲੀ ਸ਼ਕਤੀ ਦੇ ਸੰਬੰਧ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ੁਰਮਾਨ ਇਸ ਪ੍ਰਕਾਰ ਹਨ:--

੨੧- **ਜਬ ਇਹੁ ਨ ਸੋ ਤਬ ਕਿਨਹਿ ਉਪਾਇਆ ॥ ਕਵਨ ਮੂਲ ਤੇ ਕਿਆ ਪ੍ਰਗਟਾਇਆ ॥ ਆਪਹਿ ਮਾਰਿ ਆਪਿ ਜੀਵਾਲੈ ॥ ਅਪਨੇ ਭਗਤ ਕਉ ਸਦਾ ਪ੍ਰਤਿਪਾਲੈ ॥੨॥ ਸਭ ਕਿਛੁ ਜਾਣਹੁ ਤਿਸ ਕੈ ਹਾਥ ॥ ਪ੍ਰਭੁ ਮੇਰੋ ਅਨਾਥ ਕੋ ਨਾਥ ॥ ਦੁਖ ਭੰਜਨੁ ਤਾ ਕਾ ਹੈ ਨਾਉ ॥ ਸੁਖ ਪਾਵਹਿ ਤਿਸ ਕੇ ਗੁਣ ਗਾਉ ॥੩॥ ਸੁਣਿ ਸੁਆਮੀ ਸੰਤਨ ਅਰਦਾਸਿ ॥ ਜੀਉ ਪ੍ਰਾਨ ਧਨੁ ਤੁਮ੍ਹਰੈ ਪਾਸਿ ॥ ਇਹੁ ਜਗੁ ਤੇਰਾ ਸਭ ਤੁਝਹਿ ਧਿਆਏ ॥ ਕਰਿ ਕਿਰਪਾ ਨਾਨਕ ਸੁਖੁ ਪਾਏ ॥੪॥੨੫॥੩੮॥** {੧੧੪੯}

੨੨- **ਨੀਕੀ ਕੀਰੀ ਮਹਿ ਕਲ ਰਾਖੈ ॥ ਭਸਮ ਕਰੈ ਲਸਕਰ ਕੋਟਿ ਲਾਖੈ ॥ ਜਿਸ ਕਾ ਸਾਸੁ ਨ ਕਾਢਤ ਆਪਿ ॥ ਤਾ ਕਉ ਰਾਖਤ ਦੇ ਕਰਿ ਹਾਥ ॥ ਮਾਨਸ ਜਤਨ ਕਰਤ ਬਹੁ ਭਾਤਿ ॥ ਤਿਸ ਕੇ ਕਰਤਬ ਬਿਰਥੇ ਜਾਤਿ ॥ ਮਾਰੈ ਨ ਰਾਖੈ ਅਵਰੁ ਨ ਕੋਇ ॥ ਸਰਬ ਜੀਆ ਕਾ ਰਾਖਾ ਸੋਇ ॥ ਕਾਹੇ ਸੋਚ ਕਰਹਿ ਰੇ ਪ੍ਰਾਣੀ ॥ ਜਪਿ ਨਾਨਕ ਪ੍ਰਭ ਅਲਖ ਵਿਡਾਣੀ ॥੫॥** {੨੮੬}-ਅਸਟ-੧੭

੨੩- **ਤੂ ਆਪੇ ਆਪਿ ਆਪਿ ਸਭੁ ਕਰਤਾ ਕੋਈ ਦੂਜਾ ਹੋਇ ਸੁ ਅਵਰੋ ਕਹੀਐ ॥ ਹਰਿ ਆਪੇ ਬੋਲੈ ਆਪਿ ਬੁਲਾਵੈ ਹਰਿ ਆਪੇ ਜਲਿ ਥਲਿ ਰਵਿ ਰਹੀਐ ॥ ਹਰਿ ਆਪੇ ਮਾਰੈ ਹਰਿ ਆਪੇ ਛੋਡੈ ਮਨ ਹਰਿ ਸਰਣੀ ਪੜਿ ਰਹੀਐ ॥ ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ ॥ ਉਠਦਿਆ ਬਹਦਿਆ ਸੁਤਿਆ ਸਦਾ ਸਦਾ ਹਰਿ ਨਾਮੁ ਧਿਆਈਐ ਜਨ ਨਾਨਕ ਗੁਰਮੁਖਿ ਹਰਿ ਲਹੀਐ ॥੨੧॥੧॥ ਸੁਧ** ॥{੫੯੪}-ਵਾਰ

੨੪- **ਤੁਧੁ ਆਪੇ ਕਾਰਣੁ ਆਪੇ ਕਰਣਾ ॥ ਹੁਕਮੇ ਜੰਮਣੁ ਹੁਕਮੇ ਮਰਣਾ ॥੨॥**
**ਨਾਮੁ ਤੇਰਾ ਮਨ ਤਨ ਆਧਾਰੀ ॥ ਨਾਨਕ ਦਾਸੁ ਬਖਸੀਸ ਤੁਮਾਰੀ ॥੩॥੮॥** {੫੬੪}

ਜਦੋਂ ਮਰਜ਼ੀ ਹੋਵਯ ਏਕੇ ਨੂੰ ਪੰਦਰਾਂ ਬਿੰਦੀਆਂ ਵਾਲੇ ਪਦਮਾਂ ਦੇ ਹਿਸਾਬ ਵਾਲੀ ਫੌਜ ਦਾ ਸਰਬ ਨਾਸ, ਪਲਕ ਵਿਚ ਕਰ ਰਹੀ, ਇਸ ਕਥਿਤ ਦੇਵੀ ਨਾਲ ਕਿਸੇ ਪ੍ਰਕਾਰ ਦਾ ਵੀ **ਜੋੜ,** ਗੁਰਮਤਿ ਪ੍ਰਤੀ ਬਣੇ ਵਿਸ਼ਵਾਸ਼ ਤੋ ਹਿਲਾਉਣ ਵਾਲਾ ਭਰਮ ਲਿਆ ਵੜਨ ਵਾਲੀ **ਕਯਵ ਮੋਰੀ** ਹੀ ਸੀ, ਜੋ ਵਧ ਕੇ ਮਘੋਰਾ ਬਨਦੀ ਗਈ। ਅਤੇ ਤਖ਼ਤ ਹਜ਼ੂਰ ਸਾਹਿਬ ਵਿਖੇ--**ਸੰਖਨ ਕੀ ਧੁਨ ਘੰਟਨਿ ਕੀ ਕਰਿ ਫੂਲਨ ਕੀ ਬਰਖਾ ਬਰਖਾਵੈਂ ॥ ਆਰਤੀ ਕੋਟ ਕਰੈ ਸੁਰ ਸੁੰਦਰ ਪੇਖ ਪੁਰੰਦਰ ਕੇ ਬਲਿ ਜਾਵੈਂ ॥ .. ੫੫ ॥** ਘੰਟਿਆਂ ਘੜਿਆਲਾਂ ਨਾਲ ਗਉਣ ਦੀ ਘਣਘੋਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੀ ਪੈਣ ਲੱਗ ਪਈ। ਕੀ, ਪੰਥ ਦੇ ਸਮੂਹ ਸ਼੍ਰੋਮਣੀ ਜਥੇਦਾਰ ਸਾਹਿਬਾਨ, ਅੱਜ ਗੁਰਮਤਿ ਵਿਰੋਧੀ ਇਸ ਬਿੱਪ੍ਰਨ ਕੀ ਰੀਤ ਨੂੰ ਬੰਦ ਕਰਵਾਉਣ ਦਾ ਹੀਆਂ ਕਰ ਸਕਣ ਦੀ ਗੱਲ ਸੋਚਣ ਦੀ ਦਲੇਰੀ ਕਰਨ ਤੋਂ ਵ੍ਹੀ ਹੀਣੇ ਹੋ ਚੁੱਕੇ ਨਜ਼ਰੀਂ ਨਹੀਂ ਆ ਰਹੇ ? **ਸਿਰ ਤੋਂ ਖਿਸਕ ਰਹੀ ਪੱਗੜੀ ਜੇ ਅਜੇ ਵੀ ਨਾਂ ਸੰਭਾਲੀ ਤਾਂ--ਤਾਂ ਸਾਰਾ ਮਾਲ ਲੁਟਿਆ ਜਾਣਾ ਹੈ ?** ਅਗਲੇ ਸੌ ਸਾਲ ਤੱਕ ਵੇਖਿਉ ਕੀ ਨਕਸ਼ਾ ਬਦਲ ਚੁਕਿਆ ਹੋਣਾ ਹੈ?

**ਪੰਥ ਨੂੰ ਔਝੜੇ ਪਾਉਣ ਲਈ ਰਚੀ**, ਗਾਥਾ ਅੱਗੇ ਤੁਰੀ---

ਰਾਜੇ ਸੁੰਭ ਨੇ ਜਦ ਸੁਣਿਆਂ ਕਿ ਉਸ ਦਾ ਬਹਾਦਰ ਜਰਨੈਲ ਧੂਮ ਲੋਚਨ, ਆਪਣੀ ਸੈਨਾ ਸਮੇਤ ਮਾਰਿਆ ਗਿਆ ਹੈ ਤਾਂ ਉਸ ਨੇ ਬੜੇ ਕ੍ਰੋਧ

ਵਿਚ ਆਏ ਨੇ **ਚੰਡ** ਅਤੇ **ਮੁੰਡ** ਦੈਂਤਾਂ ਦੇ ਮੂੰਹ ਵਿਚ ਪਾਨ ਦਾ ਬੀੜਾ ਪਾ ਕੇ ਅਤੇ ਆਪਣਾ ਕਮਰ-ਬੰਦ, ਕਟਾਰ ਤੇ ਤਲਵਾਰ ਦੇ ਕੇ, ਦੇਵੀ ਨੂੰ ਜੀਉਂਦੀ ਨਹੀਂ ਤਾਂ ਮੁਰਦਾ ਪੇਸ਼ ਕਰਨ ਦਾ ਹੁਕਮ ਕੀਤਾ। (੧੦੨ ਤੋਂ ੧੦੭)

## ੧੦- ਗੁਰਮਤਿ ਵਿਰੋਧੀ, ਉਪਮਾਂ-ਰੂਪ ਝੂਠ ?

**ਸ੍ਵੈਯਾ ॥**

**ਕੋਪ ਚੜੇ ਰਨ ਚੰਡ ਅਉ ਮੁੰਡ ਸੁ ਲੈ ਚਤੁਰੰਗਨ ਸੈਨ ਭਲੀ ॥**
**ਤਬ ਸੇਸ, ਕੇ ਸੀਸ ਧਰਾ ਲਰਜੀ ਜਨ ਮਧਿ ਤਰੰਗਨਿ ਨਾਵ ਹਲੀ ॥**
**ਖੁਰ ਬਾਜਨ ਧੂਰ ਉਡੀ ਨਭਿ ਕੋ ਕਵਿ ਕੇ ਮਨ ਤੇ ਉਪਮਾ ਨ ਟਲੀ ॥**
**ਭਵ ਭਾਰ ਅਪਾਰ ਨਿਵਾਰਨ ਕੌ ਧਰਨੀ ਮਨੋ ਬ੍ਰਹਮ ਕੇ ਲੋਕ ਚਲੀ ॥ ੧੦੮ ॥**

**ਅਰਥ:**--ਚੰਡ ਤੇ ਮੁੰਡ (ਦੋਵੇਂ ਸੂਰਮੇ) ਕ੍ਰੋਧ ਕਰਕੇ, ਚਾਰ ਤਰ੍ਹਾਂ ਦੀ ਚੰਗੀ ਸੈਨਾ ਲੈ ਕੇ (ਦੁਰਗਾ ਨਾਲ) ਜੰਗ ਕਰਨ ਨੂੰ ਆਏ, ਤਾਂ ਸ਼ੇਸ਼ਨਾਗ ਦੇ ਸਿਰ (ਉਪਰਲੀ ਸਾਰੀ ਧਰਤੀ] ਇਸ ਤ੍ਰਾਂ ਕੰਬ ਗਈ, ਜਿਵੇਂ ਨਦੀ ਦੇ ਵਿਚ ਬੇੜੀ ਹਿਲਦੀ ਹੈ। ਘੋੜਿਆਂ ਦੇ ਖੁਰਾਂ ਨਾਲ ਜੋ ਧੂੜ ਉਡ ਕੇ ਆਕਾਸ਼ ਨੂੰ ਗਈ ਸੀ ਉਸ ਦਾ) ਖ਼ਿਆਲ ਮੇਰੇ ਮਨ ਤੋਂ ਦੂਰ ਨਹੀਂ ਹੋਇਆ (ਉਹ ਇਉਂ ਮਲੂਮ ਹੋਈ) ਜਗਤ ਦੇ ਅਥਾਹ ਭਾਰ ਨੂੰ ਦੂਰ ਕਰਨ ਵਾਸਤੇ ਧਰਤੀ (ਫ਼ਰਿਆਦ ਕਰਨ ਲਈ) ਬ੍ਰਹਮ ਲੋਕ ਨੂੰ ਜਾ ਰਹੀ ਹੈ । ੧੦੮ ।

(੧) ਆਪਣੇ ਸਤਿਗੁਰਾਂ ਦੇ ਬਚਨਾਂ ਨੂੰ ਧਿਆਨ ਨਾਲ ਸਮਝ ਕੇ ਉਸ ਅਨੁਸਾਰ ਜੀਵਨ ਬਣਾਈ ਰੱਖਣ ਦੇ ਅਭਿਆਸੀ ਬਣਨ ਦੀ ਇਛਿਆ ਨਾਲ ਜਿਹੜੇ ਵਡਭਾਗੀ ਗੁਰਮੁਖ, ਘੱਟੋ ਘੱਟ ਜਪੁ ਸਾਹਿਬ ਨੂੰ ਹੀ ਨਿਤ ਹੀ ਨੇਮ ਨਾਲ ਪੜ੍ਹਦੇ ਹਨ, ਉਹ ਕਿਵੇਂ ਭੁੱਲ ਜਾਣ ਕਿ, ਮਨੁੱਖ ਨੂੰ ਸੱਚ ਦੇ ਮਾਰਗ ਦਾ ਪਾਂਧੀ ਬਨਾਉਣ ਆਏ ਅਨੂਪਮ ਸਤਿਗੁਰੂ ਨਾਨਕ ਸਾਹਿਬ ਜੀ ਨੇ, ਧਰਤੀ ਹੇਠ ਕਿਸੇ ਬਲਦ ਦੀ ਹੋਂਦ ਵਾਲੇ ਬਿੱਪ੍ਰੀ ਭਰਮ ਦਾ ਖੰਡਨ ਕਰ ਦਿੱਤਾ ਹੋਇਆ ਹੈ। ਧਰਤੀ ਨੂੰ ਅਥਵਾ ਸਾਰੀ ਕਾਇਨਾਤ ਨੂੰ ਅਕਾਲ ਪੁਰਖ ਜੀ ਦੀ ਆਪਣੀ ਅਪਾਰ ਸ਼ਕਤੀ ਦਾ ਹੀ ਆਸਰਾ ਹੈ। ਬਲਦ, ਜਾਂ ਸ਼ੇਸ਼ਨਾਗ ਆਦਿ, ਕਿਸੇ ਵੀ ਦੂਜੇ ਆਸਰੇ ਦੀ ਸੰਭਾਵਨਾਂ ਨੂੰ, ਸਤਿਗੁਰਾਂ ਨੇ ਇੱਕ ਦਮ ਰੱਦ ਕਰ ਦਿੱਤਾ ਹੋਇਆ ਹੈ:--

੨੫-- **...ਜੇ ਕੋ ਕਹੈ ਕਰੈ ਵੀਚਾਰੁ ॥ ਕਰਤੇ ਕੈ ਕਰਣੈ ਨਾਹੀ ਸੁਮਾਰੁ ॥ ਧੌਲੁ ਧਰਮੁ ਦਇਆ ਕਾ ਪੂਤੁ ॥**
**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥**
**ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥.. ... ੧੬॥** {੩ }

**ਅਰਥ:--ਅਕਾਲ-ਪੁਰਖ ਦੀ ਕੁਦਰਤ ਦਾ ਕੋਈ ਲੇਖਾ ਨਹੀਂ (ਭਾਵ, ਅੰਤ ਨਹੀਂ ਪੈ ਸਕਦਾ), ਭਾਵੇਂ ਕੋਈ ਕਥਨ ਕਰ ਵੇਖੇ ਤੇ ਵਿਚਾਰ ਲਏ (ਪਰਮਾਤਮਾ ਤੇ ਉਸ ਦੀ ਕੁਦਰਤਿ ਦਾ ਅੰਤ ਲੱਭਣਾ ਮਨੁੱਖ ਦੀ ਜ਼ਿੰਦਗੀ ਦਾ ਮਨੋਰਥ ਹੋ ਹੀ ਨਹੀਂ ਸਕਦਾ)। (ਅਕਾਲਪੁਰਖ ਦਾ) ਧਰਮ-ਰੂਪੀ ਬੱਝਵਾਂ ਨੀਯਮ ਹੈ (ਜੋ ਸ੍ਰਿਸ਼ਟੀ ਨੂੰ ਕਾਇਮ ਰੱਖ ਰਿਹਾ ਹੈ) । (ਇਹ ਧਰਮ) ਦਇਆ ਦਾ ਪੁੱਤਰ ਹੈ (ਭਾਵ, ਅਕਾਲ ਪੁਰਖ ਨੇ ਆਪਣੀ ਮਿਹਰ ਕਰ ਕੇ ਸ੍ਰਿਸ਼ਟੀ ਨੂੰ ਟਿਕਾ ਰਖਣ ਲਈ ' ਧਰਮ-ਰੂਪ ਨੀਯਮ ਬਣਾ ਦਿੱਤਾ ਹੈ)। ਇਸ ਧਰਮ ਨੇ ਆਪਣੀ ਮਰਯਾਦਾ ਅਨੁਸਾਰ ਸੰਤੋਖ ਨੂੰ ਜਨਮ ਦਿੱਤਾ ਹੈ। ਜੋ ਕੋਈ ਮਨੁੱਖ (ਇਸ ਉਪਰ ਦੱਸੀ ਵਿਚਾਰ ਨੂੰ) ਸਮਝ ਲਏ, ਤਾਂ ਉਹ ਇਸ ਯੋਗ ਹੋ ਜਾਂਦਾ ਹੈ ਕਿ ਉਸ ਦੇ ਅੰਦਰ ਅਕਾਲਪੁਰਖ ਦਾ ਪਰਕਾਸ਼ ਹੋ ਜਾਏ। (ਨਹੀਂ ਤਾਂ, ਖ਼ਿਆਲ ਤਾਂ ਕਰੋ ਕਿ) ਬਲਦ ਉੱਤੇ ਧਰਤੀ ਦਾ ਕਿਤਨਾ ਕੁ ਬੇਅੰਤ ਭਾਰ ਹੈ (ਉਹ ਵਿਚਾਰਾ ਇਤਨੇ ਭਾਰ ਨੂੰ ਚੁੱਕ ਕਿਵੇਂ ਸਕਦਾ ਹੈ ?, (ਦੂਜੀ ਵਿਚਾਰ ਹੋਰ ਹੈ, ਉਸ ਬਲਦ ਨੂੰ ਸਹਾਰਾ ਦੇਣ ਲਈ ਹੋਰ ਧਰਤੀ ? ਉਸ ਦੇ ਹੈਠਾ ਫਿਰ ਬਲਦ ਉਸ ਹੇਠ ਹੋਰ ਧਰਤੀ, ਫਿਰ ਹੋਰ ਬਲਦ, (ਇਸੇ ਤਰ੍ਹਾਂ ਅਖ਼ੀਰਲੇ) ਬਲਦ ਦੇ ਖੜਾ ਹੋਣ ( ਲਈ ਉਸ ਦੇ) ਹੇਠ ਕਿਹੜਾ ਆਸਰਾ ਹੋਵੇਗਾ ?**

ਇਸ ਪਾਵਨ ਸਿਧਾਂਤ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਹੋਰ ਵੀ ਕਈ ਥਾਂ ਸਮਝਾਇਆ ਕਿ, ਸ੍ਰਿਸ਼ਟੀ ਦੀ ਬੇਅੰਤ ਰਚਨਾ ਕੇਵਲ ਅਕਾਲਪੁਰਖ ਦੀ ਆਪਣੀ ਅਦ੍ਰਿਸ਼ਟ ਸੱਤਿਆਂ ਦੇ ਆਸਰੇ ਹੀ ਘੁੰਮਦੀ ਇਸ ਸੰਸਾਰ ਦੀ ਕਾਰ ਨੂੰ ਚਲਾ ਰਹੀ ਹੈ। ਬਿਨਾ ਕਿਸੇ ( ਧੌਲਾ ਬਲਦ ਜਾਂ ਸ਼ੇਸ਼ਨਾਗ ਆਦਿ) ਦੂਜੇ ਆਸਰੇ ਦੇ ਇਸ ਸੰਸਾਰ ਦੀ ਰਚਨਾ ਬਾਰੇ ਅਤੇ ਚਲ ਰਹੇ ਕਾਰ ਵਿਹਾਰ ਬਾਰੇ ਸਪੱਸ਼ਟ ਗੁਰਮਤਿ ਸਿਧਾਂ ਸਮਝਣ ਲਈ ਵਣਗੀ ਮਾਤ੍ਰ ਇੱਕ ਹੋਰ ਗੁਰੂ ਫ਼ੁਰਮਾਨ ਇਸ ਪ੍ਰਕਾਰ ਹੈ:--

੨੬:-- **ਆਪੀਨੈ ਆਪੁ ਸਾਜਿ ਆਪੁ ਪਛਾਣਿਆ ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥**
**ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥**
**ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥ ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥ ਤੁਧੁ**
**ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ॥ ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥੧॥**{੧੨੭੯}–ਵਾ-੧

### (੨) ਧੂੜ ਉੱਡ ਕੇ ਬ੍ਰਹਮ ਲੋਕ ਨੂੰ ?

ਅਸਾਂ ਪਿੱਛੇ ਪੜ੍ਹਿਆ ਹੈ ਕਿ ਦੁਰਗਾ ਸੁਮੇਰ ਪਰਬੱਤ ਦੀ ਟੀਸੀ ਤੇ ਜਾ ਬਿਰਾਜੀ ਸੀ। ਉਥੇ ਬੈਠੀ ਨੂੰ ਹੀ ਇੱਕ ਦੈਂਤ ਨੇ ਵੇਖ ਕੇ ਉਸ ਅੱਗੇ ਰਾਜੇ ਨੂੰ ਵਰ ਲੈਣਾ ਦਾ ਸੁਝਾ ਰੱਖਿਆ ਸੀ। ਕੀ ਸੁਮੇਰ ਪਰਬਤ ਤੇ ਜਾਂ ਉਸ ਦੇ ਨੇੜੇ ਤੇੜੇ ਅਜੇਹਾ ਥਾਂ ਹੈ ਸੀ ਜਿਥੋਂ ਧੂੜ ਉਡ ਸਕਦੀ ਸੀ ?

### ਝੂਠ ਦੇ ਹੋਰ ਵੀ ਪ੍ਰਤੱਖ ਦਰਸ਼ਨ--

**ਉਪ੍ਰੋਕਤ ਝੂਠ ਦਾ** ਇੱਕ ਬੜਾ ਅਜੀਬ ਪੱਖ ਹੋਰ ਮਨ ਦੀਆਂ ਅੱਖੀਆਂ ਅੱਗੇ ਆਇਆ ਹੈ। ਅਰੰਭ ਵਿਚ ਅਸੀਂ ਪੜ੍ਹਿਆ ਸੀ ਕਿ ਮਹਿਖਾਸੁਰ ਦੈਂਤ ਕੋਲੋਂ ਸਭ ਕੁਝ ਲੁਟਾ ਕੇ ਸਾਰੇ ਦੇਵਤੇ ਕੈਲਾਸ਼ ਪਰਬੱਤ ਤੇ ਜਾ ਵੱਸੇ ਸਨ--[**ਧਾਰ ਧਿਆਨ ਮਨ ਸਿਵਾ ਕੋ ਤਕੀ ਪੁਰੀ ਕੈਲਾਸ ॥** ਅਤੇ--**ਦਏ ਕਾਢਿ ਸੁਰ ਧਾਮ ਤੇ ਬਸੇ ਸਿਵਪੁਰੀ ਜਾਇ ॥** (੧੯-੨੦) ] ਹੁਣ ਚੰਡ ਅਤੇ ਮੁੰਡ ਨੇ ਸੁਮੇਰ ਪਰਬਤ ਤੇ ਬੈਠੀ ਸ਼ਿਵਾ ਨੂੰ ਘੇਰੇ ਵਿਚ ਰੱਖ ਲੈਣ

ਦੀ ਗੱਲ ਲਿਖੀ ਹੈ। ਪਹਿਲਾਂ ਕੈਲਾਸ਼ ਤੇ ਫਿਰ ਜਦੋਂ ਦਿਲ ਕੀਤਾ ਸੁਮੇਰ ਲਿਖ ਲਿਆ। ਕੀ ਸੁਮੇਰ ਪਰਬਤ ਦਾ ਹੀ ਦੂਜਾ ਨਾਮ ਕੈਲਾਸ਼ ਹੈ ? ਇਸ ਸ਼ੰਕੇ ਨੂੰ ਦੂਰ ਕਰਨ ਲਈ ਪੜਚੋਲ ਕਰਨੀ ਪਈ ਤਾਂ ਦੋਹਾਂ ਪਹਾੜਾਂ ਬਾਰੇ ਹਿੰਦੂਆਂ ਦੇ ਧਰਮ ਗ੍ਰੰਥਾਂ ਵਿਚ ਅੱਡ ਅੱਡ ਪਤੇ ਨਿਸ਼ਾਨੀਆਂ ਪੜ੍ਹ ਕੇ, ਲਿਖਾਰੀ ਦੇ ਝੂਠ ਦਾ ਇੱਕ ਰੂਪ ਇਹ ਵੀ ਨੰਗਾ ਹੋ ਗਿਆ।
ਇਸ ਦੇਵੀ ਚਰਿਤ੍ਰ ਬਾਰੇ ਪੰਡਿਤ ਨਰੈਣ ਸਿੰਘ ਨੇ ਜੋ ਲਿਖਿਆ ਹੈ ਕਿ, ਦਸ਼ਮੇਸ਼ ਜੀ ਦਾ ਲਿਖਿਆ ਇਹ ਦੇਵੀ ਚਰਿਤ੍ਰ ਮਾਰਕੰਡੇ ਪੁਰਾਣ ਦਾ ਠੀਕ ਠੀਕ ਅਨੁਵਾਦ ਹੈ, ਵੀ ਸੱਚ ਨਹੀਂ ਹੈ। ਦੋਹਾਂ ਪਹਾੜਾਂ ਬਾਰੇ ਜਾਣਕਾਰੀ :--

**ਕੈਲਾਸ਼ ਪਰਬਤ**:---ਤਿੱਬਤ ਦੇ ਪੱਛਮ ਅਤੇ ਮਾਨਸਰੋਵਰ ਦੇ ਉੱਤਰ ਵਿਚ ਇੱਕ ਸੁੰਦਰ ਪਹਾੜ ਇਸ ਨੂੰ ਚੀਨੀ ' ਕਿਯੁਨਲਨ ' ਆਖਦੇ ਹਨ, ਪੁਰਾਣਾ ਅਨੁਸਾਰ ਇਹ ਸ਼ਿਵ ਅਤੇ ਕੁਬੇਰ ਦੇ ਰਹਿਣ ਦਾ ਪਰਬਤ ਹੈ, ਤਿੱਬਤ, ਚੀਨ ਅਤੇ ਹਿੰਦੋਸਤਾਨ ਤੋਂ ਆਕੇ ਹਜ਼ਾਰਾਂ ਯਾਤਰੂ ਇਸ ਦੀ ਪਰਦੱਖਣਾ ਕਰਦੇ ਹਨ । [ਮ:ਕੋ: ਸਫ਼ਾ--੨੪੯

**ਸੁਮੇਰ ਪਰਬਤ**:--ਇੱਕ ਖ਼ਾਸ ਪਹਾੜ ਜੋ ਭਾਗਵਤ ਪੁਰਾਣ ਅਤੇ ਵਿਸ਼ਨੂੰ ਪੁਰਾਣ ਅਨੁਸਾਰ ਸਵਰਣ (ਸੋਨੇ) ਦਾ ਹੈ, ਅਤੇ ਜਿਸ ਉਤੇ ਦੇਵਤਿਆਂ ਦੀਆਂ ਪੁਰੀਆਂ ਹਨ। ਸੁਮੇਰ ਪਰਬਤ ਦੀ ਉਚਾਈ ਚੌਰਾਸੀ ਹਜ਼ਾਰ ਯੋਜਨ (**੮੪੦੦੦ ਯੋਜਨ**--ਇਕ ਯੋਜਨ= ਲਗ-ਪਗ ਛੇ ਮੀਲ। ਪੰਜ ਲੱਖ ਚਾਰ ਹਜ਼ਾਰ ਮੀਲ ਉੱਚਾ ? ਏਡੀ ਦੂਰ ਜਿੱਥੇ ਰਾਕਟ ਤੋਂ ਬਿਨਾ ਦੂਜਾ ਕੋਈ ਜੰਤਰ ਨਾ ਪੁੱਜ ਸਕਦਾ ਹੋਵੇ ?) ਲਿਖੀ ਅਤੇ ਸੋਲਾਂ ਹਜ਼ਾਰ (੧੬੦੦੦ ਯੋਜਨ) ਧਰਤੀ ਵਿਚ ਗਡਿਆ ਹੋਇਆ ਹੈ। ਇਸ ਦੀ ਚੋਟੀ ਉੱਪਰ ਬੱਤੀ ਹਜ਼ਾਰ ਯੋਜਨ (੩੨੦੦੦ ਯੋਜਨ) ਦਾ ਮੈਦਾਨ ਹੈ। ਪਰ ਭੂਗੋਲ ਦੇ ਵਿਦਵਾਨਾਂ ਅਨੁਸਾ ਉਪੋਕਤ ਸਿਫ਼ਤਾਂ ਵਾਲਾ ਸੁਮੇਰ ਪਰਬਤ ਧਰਤੀ ਤੇ ਕੋਈ ਨਹੀਂ ਹੈ।

**ਜੁਗਰਾਫ਼ੀਏ ਦੀ ਡਿਕਸ਼ਨਰੀ** (**Geographical Dictionary**) ਅਨੁਸਾਰ ਰੁਦ੍ਰ ਹਿਮਾਲਯ ਦਾ ਨਾਉ ਹੀ ਸੁਮੇਰੁ ਹੈ, ਜਿਸ ਵਿਚੋਂ ਗੰਗਾ ਨਿਕਲਦੀ ਹੈ, ਜਿਸ ਨੂੰ ਪੰਚ ਪਰਬਤ ਵੀ ਆਖਦੇ ਹਨ, ਕਿਉਂਕਿ ਇਸ ਦੀਆਂ ਪੰਜ ਚੋਟੀਆਂ--ਰੁਦ੍ਰ ਹਿਮਾਲਯ, ਵਿਸ਼ਨੁਪੁਰੀ, ਬ੍ਰਹਮਪੁਰੀ, ਉਦਗਰੀਕੰਠ ਅਤੇ ਸੁਰਗਾ ਰੋਹਣ ਹਨ।

ਪੁਰਾਣਾ ਵਿਚਲੇ ਅੱਡ ਅੱਡ ਸਿਫ਼ਤਾ ਵਾਲੇ ਉਪਰੋਕਤ **ਦੋਵੇਂ ਪਹਾੜ**, ਦੇਵੀ ਦੇ ਚਰਿਤ੍ਰ ਵਿਚ, **ਇੱਕ** ਕਿਵੇ **ਬਣ ਗਏ** ? ਫਿਰ ਕਿਉਂਕਿ ਸੁਮੇਰ ਪਰਬਤ ਦੀ ਚੋਟੀ ਉਤੇ ਹੀ ਤਾਂ ਦੇਵਤਿਆਂ ਦੀਆਂ ਪੁਰੀਆਂ ਦਰਸਾਈਆਂ ਹੋਈਆਂ ਹਨ। ਕੀ, ਉਥੇ ਦੈਂਤਾਂ ਦੀ ਵੀ ਪਹੁੰਚ ਹੋ ਸਕਦੀ ਸੀ? ਪਰ ਮੰਨ ਲਉ, ਜੇ ਉਹ ਸਾਰਾ ਥਾਂ ਦੈਂਤਾਂ ਨੇ ਦੇਵਤਿਆਂ ਕੋਲੋਂ ਸਚ-ਮੁਚ ਹੀ ਖੋਹ ਲਿਆ ਸੀ, ਤਾਂ ਦੇਵਤੇ ਕਿਹੜੇ ਸੁਮੇਰ ਤੇ ਚਲੇ ਗਏ ਸਨ ? **ਸ਼ਿਵਾ**, ਭਾਵ, **ਦੁਰਗਾ** ਦੇਵੀ ਜੀ ਕਿਹੜੇ ਸੁਮੇਰ ਦੀ ਚੋਟੀ ਤੇ ਜਾ ਬੈਠੇ ਸਨ ? ਉਸ ਮਹਾਨ ਦੇਵੀ ਦੇ ਹੁਸਨ ਦੀ ਚਰਚਾ ਦੇ ਕਾਰਨ **ਚੰਡ ਮੁੰਡ ਦੈਂਤਾਂ** ਨੇ ਆ ਕਿਸ ਥਾਉਂ ਘੇਰਾ ਪਾਇਆ ਸੀ ? **ਸੱਚ ਕੀ ਹੈ ?** ਇਸ ਘਿਣਾਵਣੇ ਝੂਠ ਨੂੰ ਸੱਚ ਦੇ ਅਵਤਾਰ ਦਸਮ ਗੁਰੂ ਨਾਨਕ ਜੀ ਨੇ ਲਿਖਣਾ ਕਿਵੇ ਪਰਵਾਨ ਕਰ ਲਿਆ?

## ਝੂਠ ਦਾ ਤਿਆਗ ਕਰਨ ਦੀ ਗੱਲ ਕਰਨ ਵਾਲੇ ਦਾ ਪੰਥ ਵਿਚ ਕੀ ਕੰਮ ?---

ਮਾਇਆ ਜਾਲ ਨੇ ਸਾਡੇ ਮਨਾ ਤੇ ਆਪਣਾ ਅਜੇਹਾ ਜ਼ੋਰਦਾਰ ਰਾਜ ਕਾਇਮ ਕਰ ਲਿਆ ਹੋਇਆ ਹੈ ਕਿ ਅਸੀਂ ਬੀਬੇ ਰਾਣੇ ਬਚੜਿਆਂ ਵਾਂਗ ਹੁਣ ਝੂਠ ਵਿਚੋਂ ਹੀ ਰਸ ਮਾਨਣ ਗਿੱਝ ਚੁੱਕੇ ਹਾਂ। ਹੁਣ ਸਾਨੂੰ ਸੱਚ ਵਲ ਨੂੰ ਮੋੜਾ ਖਾਣ ਦੀ ਲੋੜ, ਰਹੀ ਹੀ ਨਹੀਂ। ਬੀਰ ਖ਼ਾਲਸਾ ਜੀ ਨੂੰ, ਝੂਠ ਦਾ ਤਿਆਗ ਕਰਨ ਦੀ ਗੱਲ ਅੱਜ ਕੌਣ ਕਹਿ ਸਕਦਾ ਹੈ? ਏਸੇ ਲਈ ਜਦ ਵੀ ਕਿਸੇ (ਸੱਚੇ ਗੁਰਸਿਖ, ਗੁਰਮੁਖਿ ਗੁਰੂ ਦੇ ਲਾਲ, ਗੁਰੂ ਬਾਣੀ ਦੇ ਗਿਆਤਾ, ਪੰਥ ਦੇ ਸੱਚੇ ਹਿਤੈਸ਼ੀ ਬਿਰਧ ਬਾਬੇ) ਨੇ ਸਾਨੂੰ ' ਅਜੇਹੇ ਝੂਠ ਗ੍ਰੰਥ ਨੂੰ ਤਿਆਗਣ ਦੀ ਗੱਲ ਕਹੀ, ਉਹ ਸਾਨੂੰ ਅੱਥਰਾ, ਮੂੜ, ਗੁਸਤਾਖ਼, ਸਰਕਾਰੀਆ ਅਤੇ ਸਾਡਾ ਵੈਰੀ ਹੋ ਦਿੱਸਿਆ । ਤਦੇ ਹੀ ਤਾਂ ਸਾਡੇ ਥਾਪੇ ਜਥੇਦਾਰ ਸਾਹਿਬਾਨ ਨੇ ਉਸ ਦਯ ਵਿਰੁਵਡ ਬਯਦਲੀਲਧ ਹੁਕਮਨਧਮਧ ? **ਸ਼ਰਮਿੰਦਗੀ** ਅਤੇ ਪਛਾਵੇ ਵਿਚ ਲੁਛਦਾ ਜਹਾਨੋਂ ਤੁਰ ਗਿਆ ਸਾ ਸਚਿਆਰ ਬਣਾਉਣ ਲੱਗਾ ਵਿਚਾਰਾ ਗਿਆਨੀ ਭਾਗ ਸਿੰਘ। ਭਲਾ ਝੂਠ-ਖੋਭੇ ਵਿਚੋਂ ਬਾਹਰ ਨਿਕਲ ਆਉਣ ਦੀ ਗੱਲ ਕਹਿਣ ਵਾਲੇ ਦਾ **ਸਾਡੇ ਅਜੋਕੇ ਪੰਥ ਵਿਚ ਰਹਿਣ ਦਾ ਕੰਮ ਹੀ ਕੀ?** ਵਾਹ ਖ਼ਾਲਸਾ ਜੀ ! ਧੰਨ ਹੋ--ਤੁਸਾਂ ਜਿੱਧਰ ਵੀ ਮੁਹਾਣੇ ਮੋੜੇ, ਗੱਲ ਸਿਰੇ ਲਾ ਕੇ ਹੀ ਛੱਡੀ? ਹੁਣ ਦਾਸ ਨੂੰ ਵੀ ਕੀ ਪਤਾ ਨਹੀਂ ਕਿਹੜੀ ਮੌਤੇ ਮਰਨਾ ਪੈਣਾ ਹੈ।

## ੧੧- ਸ੍ਰੀ ਦਸਮ ਗ੍ਰੰਥ ਵਿਚਲਾ ਝੂਠ, ਪੁਰਾਣਕ ਕੁਫ਼ਰ ਕਹਾਣੀਆਂ ਨੂੰ ਪਿੱਛੇ ਛੱਡ ਤੁਰਿਆ ?

ਦਾਸ ਨੇ ਆਪਣੀ (ਸੰਨ-੧੯੪੫) ਵਿਚ ਕਸ਼ਮੀਰ ਦੇ ਉਹ ਭਾਗ ਵੇਖੇ ਸਨ ਜਿਹੜੇ ਮਸਾਂ ੧੦/੧੨ ਹਜ਼ਾਰ ਫ਼ੁੱਟ ਦੀ ਉਚਾਈ ਵਾਲੇ ਹੀ ਸਨ। ਉਹ ਵੀ ਲਗਪਗ ਸਾਰਾ ਸਾਲ ਬਰਫ਼ ਨਾਲ ਢੱਕੇ ਰਹਿੰਦੇ ਹਨ। ਏਥੋ ਤੱਕ ਕਿ, ਪਠਾਨ ਕੋਟ ਤੋਂ ਅੱਗੇ ਡਲਹੌਜ਼ੀ ਵਾਲੇ ਪਹਾੜ ਦੀ ਉਚਾਈ ਕੇਵਲ ੭੬੮੭ ਫ਼ੁੱਟ ਹੈ ਉਹ ਪਹਾੜੀ ਵੀ ਸਾਰੀਆਂ ਸਰਦੀਆਂ ਬਰਫ਼ ਨਾਲ ਢੱਕੀ ਰਹਿੰਦੀ ਹੈ। ਰੁਦ੍ਰਹਿਮਾਲਯ ਜਿਥੋਂ ਗੰਗਾ ਨਿਕਲਦੀ ਹੈ ਉਸ ਦੀ ਉਚਾਈ ੧੩੯੦੦ ਫ਼ੁੱਟ ਲਿਖੀ ਹੈ। ਉਹ ਪਹਾੜ ਬਰਫ਼ ਤੋਂ ਨੰਗਾ ਨਜ਼ਰ ਕਦੇ ਨਹੀਂ ਆਇਆ, ਫਿਰ ਜਿਸ ਸੁਮੇਰ ਪਰਬਤ ਦੀ ਗੱਲ ਲਿਖਾਰੀ ਕਰ

ਰਿਹਾ ਹੈ, ਉਸ ਦੀ ਉਚਾਈ (੮੪ ੦੦੦ ਯੋਜਨ ਭਾਵ, ਜੇ ਯੋਜਨ ੩ ਮੀਲ ਦਾ ਮਿਥ ਲਈਏ ਤਾਂ ਇਹ ਉਚਾਈ ੨ ੫੨ ੦੦੦੦ ਮੀਲ ਬਣਦੀ ਹੈ) ਦੀ ਮਹਿਮਾਂ ਅਸਾਂ ਉੱਪਰ ਪੜ੍ਹੀ ਹੈ। ਉਸ ਉਤੇ ਬਰਫ਼ ਦੀ ਤਹਿ ਦਾ ਕੀ ਹਾਲ ਹੋਵੇਗਾ ? ਕੀ ਉਸ ਠੰਡ ਅਤੇ ਬਰਫ਼ ਦਾ ਠੀਕ ਅੰਦਾਜ਼ਾ ਸਾਡੀ ਕਲਪਣਾ ਵਿਚ ਕਦੇ ਆਇਆ ? ਉਸ ਚੋਟੀ ਤੇ ਬੈਠੀ ਆਪਣੇ ਅਪਾਰ ਹੁਸਨ ਦੀ ਪ੍ਰਦਰਸ਼ਨੀ ਕਰ ਰਹੀ **ਦੁਰਗਾ** ਦਾ ਘੇਰਾ ਪਾ ਖਲੋਤੀ ਹੋਵੇਗੀ ਦੈਂਤਾਂ ਦੀ ਸੈਨਾ ? ਸੌਂਕੜੇ ਹਜ਼ਾਰਾਂ ਮੀਲਾਂ ਤੱਕ ਬਰਫ਼ ਲੱਦੇ, ਉਸ ਦੁਰਗੰਮ ਪਹਾੜ ਤੇ ਹਾਥੀ ਘੋੜਿਆਂ ਦੇ ਪੁੱਜੇ ਹੋਣ ਦੀ ਗੱਲ ਕੀਤੀ ਜਾ ਰਹੀ ਹੈ ? ਕੈਲਾਸ਼ ਪਰਬਤ ਉਤੇ ਵੀ ਘੋੜੇ ਹਾਥੀ ਰਥ ਆਦ ਦਾ ਪੁੱਜ ਸਕਣਾ ਤਾਂ ਬੜੀ ਦੂਰ ਦੀ ਗੱਲ ਹੈ, ਪਹਾੜਾਂ ਚੜ੍ਹਨ ਗਿੱਝੀ ਹੋਈ ਕੋਈ ਖੱਚਰ ਵੀ ਉਥੇ ਨਹੀਂ ਪੁੱਜ ਸਕਦੀ। ਲਿਖਾਰੀ ਨੇ ਤਾਂ ਕਥਿਤ ਤੌਰ ਤੇ ਲੱਖਾਂ ਮੀਲ ਉੱਚੇ ਸੁਮੇਰ ਪਰਬਤ ਤੇ ਦੁਰਗਾ ਨੂੰ ਜਾ ਬਿਠਾਇਆ ਹੈ। ਅਜੇਹੇ ਪਹਾੜ ਤੇ ਹਾਥੀ ਘੋੜੇ ਅਤੇ ਰਥਾਂ ਵਾਲੀ ਫੌਜ ਪੁਜ ਕੇ ਘੇਰਾ ਪਾ ਖਲੋਣ ਵਾਲੀ ਗੱਲ, ਕਿਸੇ ਸਿਰ ਫਿਰੇ ਅੰਧ ਵਿਸ਼ਵਾਸ਼ੀ ਦੇਵੀ-ਭਗਤ ਦੀ, ਜਾਂ ਕੋਈ ਪੰਥ ਵਿਰੋਧੀ ਕੁਟਲ ਬਿੱਪਰ ਅਥਵਾ ਉਸ ਦਾ ਕੋਈ ਚੇਲਾ ਹੀ ਲਿਖ ਸਕਦਾ ਹੈ।

## ਧੂੜ ਹੀ ਧੂੜ?

ਜਿਸ ਪਹਾੜ ਤੇ ਘੋੜਿਆਂ ਦਾ ਪੁੱਜਣਾ ਹੀ ਅਸੰਭਵ ਗੱਲ ਹੋਵੇ,, ਗਰਮੀਆਂ ਵਿਚ ਵੀ ਜਿਹੜੇ ਪਹਾੜ ਕਈ ਮੀਟਰ ਮੋਟੀ ਬਰਫ਼ ਦੀ ਤਹਿ ਨਾਲ ਢੱਕੇ ਰਹਿੰਦੇ ਹੋਣ, ਉਨ੍ਹਾਂ ਪਹਾੜਾਂ ਤੋਂ ਘੋੜਿਆਂ ਦੇ ਖੁਰਾਂ ਨਾਲ **ਧੂੜ ਉੱਡਣ** ਦੀ ਗਲ ਲਿਖਣੀ ? ਏਥੇ ਹੀ ਬੱਸ ਨਹੀਂ ਸਗੋਂ ਉਥੋਂ ਅਰੰਭ ਹੋ ਕੇ ਸਾਰੀ ਧਰਤੀ ਧੂੜ ਬਣਾ ਕੇ ਉਥੇ ਪੁਚਾ ਦਿੱਤੀ ਜਿੱਥੇ ਅੱਜ ਤਾਈਂ ਕੋਈ ਰਾਕਟ ਵੀ ਨਹੀਂ ਪੁੱਜ ਸਕਿਆ ? ਅਜੇਹੇ ਘਿਣਾਵਣੇ ਝੂਠ-ਗਾਰੇ ਵਿਚ ਨੱਕ ਤਾਈਂ ਧਸੀ ਹੋਈ ਗਾਥਾ ਨੂੰ ਧਰਮ ਉਪਦੇਸ਼ ਮੰਨ ਕੇ ਉਸ ਦਾ ਪਾਠ ਕਰਨਾ, ਅਤੇ ਤੇਜ ਪ੍ਰਤਾਪ ਦੀ ਪ੍ਰਾਪਤੀ ਦਾ ਸੁਪਨਾ ? ਉਸੇ ਤਰ੍ਹਾਂ ਦੀ ਗੱਲ ਹੈ, ਜਿਵੇਂ ਘੋੜਿਆਂ ਦੇ ਖੁਰਾਂ ਨਾਲ ਧੂੜ ਬਣ ਕੇ ਸੁਮੇਰ ਪਰਬੱਤ ਦਾ ਅਸਮਾਨੀ ਚੜ੍ਹ ਜਾਣਾ ਅਸੰਭਵ ਹੈ। ਸ਼ਾਇਦ ਦਾਸ ਦੀ ਇਹ ਸੋਚਣੀ ਸਿਰ ਫਿਰਿਆਂ ਵਾਲੀ ਹੀ ਹੋਵੇ ? ਪਿਛੇ ਕਰੀਬ ੧੦ ਸਾਲਾਂ ਤੋਂ ਸ਼੍ਰੋਮਣੀ ਜਥੇਦਾਰ ਸਾਹਿਬਾਨ ਜੀ ਦੀ ਸੇਵਾ ਵਿਚ ਸ਼ੁੱਧ ਗੁਰਮਤਿ ਦੀ ਸੋਝੀ ਦੀ ਬਖ਼ਸ਼ਸ਼ ਕਰਨ ਲਈ ਜੋਦੜੀ ਪੱਤਰ ਲਿਖਦਾ ਆ ਰਿਹਾ ਹਾਂ । ਇਸ ਗ੍ਰੰਥ ਬਾਰੇ ਦਾਸ ਦੇ ਲਿਖੇ ਵਿਚ ਗੁਰਮਤ ਸੋਧ ਲਿਖ ਭੇਜਣ ਦੀ ਮਿਹਰ ਕਰ ਭੇਜੋ। ਇਸ ਨਿਮਾਣੇ ਦਾਸਰੇ ਦੇ ਨਾਲ ਸ਼ਾਇਦ ਪਾਠਕਾਂ ਦਾ ਵੀ ਲੋਕ ਪ੍ਰਲੋਕ ਸੰਵਰ ਜਾਵੇ ?

**ਦੋਹਰਾ ॥**

**ਚੰਡੀ ਮੁੰਡ ਦੈਤਨ ਦੁਹੂੰ ਸਬਲ ਪ੍ਰਬਲ ਦਲ ਲੀਨ ॥ ਨਿਕਟਿ ਜਾਇ ਗਿਰ ਘੇਰਿ ਕੈ ਮਹਾਂ ਕੁਲਾਹਲ ਕੀਨ ॥ ੧੦੯॥**

ਚੰਡ ਮੁੰਡ ਨੇ ਸੂਰਮਿਆਂ ਦਾ ਵੱਡਾ ਭਾਰਾ ਦਲ ਲੈ ਕੇ ਪਹਾੜ ਦਾ ਘੇਰਾ ਘੱਤ ਲਿਆ ਅਤੇ ਵੱਡਾ ਸ਼ੋਰ ਸ਼ਰਾਬਾ ਕੀਤਾ । ਰੌਲਾ ਕੰਨੀ ਸੁਣਿਆਂ ਤੇ ਸੰਖ ਵਜਾ ਕੇ ਸਾਰੇ ਸ਼ਸਤ੍ਰ ਸਰੀਰ ਤੇ ਸਜਾ ਕੇ ਦੁਰਗਾ ਸ਼ੇਰ ਤੇ ਚੜ੍ਹ ਬੈਠੀ, ਅਤੇ ਪਹਾੜ ਤੋਂ ਉੱਤਰ ਕੇ ਵੈਰੀ ਦਲ ਤੇ ਇਉਂ ਜਾ ਪਈ ਜਿਵੇਂ ਚਿੜੀਆਂ ਤੇ ਬਾਜ਼ ਪੈ ਜਾਏ। ਘਮਸਾਨ ਦਾ ਯੁੱਧ ਹੋਇਆ। ਚੰਡੀ ਨੇ ਚੰਡ ਅਤੇ ਮੁੰਡ ਨੂੰ ਸੈਨਾ ਸਮੇਤ ਮਾਰ ਮੁਕਾਇਆ।(੧੧੦ ਤੋਂ ੧੧੬)

੨੨- **ਕਉਡੀ ਬਦਲੈ ਤਿਆਗੈ ਰਤਨੁ ॥ ਛੋਡਿ ਜਾਇ ਤਾਹੂ ਕਾ ਜਤਨੁ ॥ ਸੋ ਸੰਚੈ ਜੋ ਹੋਛੀ ਬਾਤ ॥ ਮਾਇਆ ਮੋਹਿਆ ਟੇਢਉ ਜਾਤ ॥੧॥ ਅਭਾਗੇ ਤੈ ਲਾਜ ਨਾਹੀ ॥ ਸੁਖ ਸਾਗਰ ਪੂਰਨ ਪਰਮੇਸਰੁ ਹਰਿ ਨ ਚੇਤਿਓ ਮਨ ਮਾਹੀ ॥੧॥ ਰਹਾਉ ॥ ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥ ਸਾਕਤ ਕੀ ਬਿਧਿ ਨੈਨਹੁ ਡੀਠੀ ॥ ਕੂੜਿ ਕਪਟਿ ਅਹੰਕਾਰਿ ਰੀਝਾਨਾ ॥ ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥੨॥ ਮਾਇਆ ਕਾਰਣਿ ਸਦ ਹੀ ਝੂਰੈ ॥ ਮਨਿ ਮੁਖਿ ਕਬਹਿ ਨ ਉਸਤਤਿ ਕਰੈ ॥ ਨਿਰਭਉ ਨਿਰੰਕਾਰ ਦਾਤਾਰੁ ॥ ਤਿਸੁ ਸਿਉ ਪ੍ਰੀਤਿ ਨ ਕਰੈ ਗਵਾਰੁ ॥੩॥ ਸਭ ਸਾਹਾ ਸਿਰਿ ਸਾਚਾ ਸਾਹੁ ॥ ਵੇਮੁਹਤਾਜੁ ਪੂਰਾ ਪਾਤਿਸਾਹੁ ॥ ਮੋਹ ਮਗਨ ਲਪਟਿਓ ਭ੍ਰਮ ਗਿਰਹ ॥ ਨਾਨਕ ਤਰੀਐ ਤੇਰੀ ਮਿਹਰ ॥੪॥੨੧॥੩੨॥ {੮੯੨-੯੩}**

## ੧੨- ਰਕਤਬੀਜ ਦੈਂਤ ਨਾਲ ਜੰਗ

### ਗੁਰਮਤਿ ਵਿਰੋਧੀ ਵਰ (-ਸਰਾਪ) ਵਾਲਾ ਝੂਠ-ਭਰਮ, ਅਥਵਾ ਆਪੇ ਘੜਿਆ ਝੂਠ-ਤਮਾਸ਼ਾ?

**ਘਾਇਲ ਘੂਮਤ ਕੋਟ ਜਾਇ ਪੁਕਾਰੈ ਸੁੰਭ ਪੈ ॥ ਮਾਰੇ ਦੇਵੀ ਸੁਭਟ ਕਟਕ ਕੇ ਬਿਖਟਿ ਅਤਿ ॥ ੧੧੭॥**

ਕ੍ਰੋੜਾਂ ਜ਼ਖ਼ਮੀ ਤੜਫ਼ਦੇ ਹੋਏ **ਸੁੰਭ** ਕੋਲ ਜਾ ਫ਼ਰਿਆਦੀ ਹੋਏ, ਅਤੇ ਦੱਸਿਆ ਕਿ ਦੇਵੀ ਨੇ ਫ਼ੌਜ ਦੇ ਵੱਡੇ ਵੱਡੇ ਅਜਿਤ ਜੋਧੇ ਫੜ ਫੜ ਕੇ ਮਾਰ ਦਿੱਤੇ ਹਨ :--ਸੁੰਭ ਕ੍ਰੋਧ ਵਿਚ ਲੋਹਾ-ਲਾਖਾ ਹੋ ਕੇ ਬੋਲਿਆ:--

**ਦੋਹਰਾ ॥**

**ਰਾਜ ਗਾਤ ਤੇ ਬਾਤਿ ਇਹ ਕਹੀ ਜੁ ਤਾਹੀ ਠਉਰ ॥**
**ਮਰਿ ਹੋ ਜੀਅਤਿ ਨ ਛਾਡਉ ਕਹਿਓ ਸੱਤਿ ਨਹਿ ਅਉਰ ॥ ੧੧੮ ॥**

**ਅਰਥ**:--ਰਾਜੇ (ਸੁੰਭ ਨੇ) [ਗਾਤ=] ਮੂੰਹੋਂ ਇਹ ਗੱਲ ਕਹੀ--' ਜੋ ਉਸੇ ਥਾਂ ਤੇ (ਵੈਰੀਆਂ ਨੂੰ ਵੀ) **ਮਰਾਂਗਾ,** (ਮਾਰਾਂਗਾ ਦੇ ਥਾਂ ਮਰਾਂਗਾ ਮੂੰਹੋਂ ਨਿਕਲ ਗਿਆ) ਜੀਊਂਦਾ ਨਹੀਂ ਛੱਡਾਂਗਾ--(ਅਗੋਂ ਝਟ-ਪਟ ਅਕਾਸ਼ ਬਾਣੀ ?) ਉੱਤਰ ਮਿਲਿਆ--' ਸਤਿ ਹੈ [ਔਰ=] ਝੂਠ ਨਹੀਂ । ੧੧੮ ।

**ਦੋਹਰਾ ॥ ਤੁੰਡ ਸੁੰਭ ਕੇ ਚੰਡਕਾ ਚਦਿ ਬੋਲੀ ਇਹ ਭਾਇ ॥**
**ਮਾਨੋ ਅਪਨੀ ਮ੍ਰਿਤ ਕੋ ਲੀਨੋ ਅਸੁਰ ਬੁਲਾਇ ॥ ੧੧੯ ॥**

**ਅਰਥ**:--ਇਉਂ ਸਮਝੋ, ਸੁੰਭ ਦੇ ਮੂੰਹ ਚੜ੍ਹਕੇ ਚੰਡਕਾ ਇਸ ਤਰ੍ਹਾਂ ਬੋਲੀ ਹੈ (ਇਸ ਲਈ) ਦੈਂਤ (ਰਾਜਾ ਨੇ) ਆਪਣੀ ਮੌਤ ਨੂੰ ਬੁਲਾ ਲਿਆ ਹੈ । ੧੧੯।

ਪੰਡਿਤ ਨਰੈਣ ਸਿੰਘ ਅਨੁਸਾਰ=ਰਾਜੇ ਸੁੰਭ ਨੇ ਘੋਰ ਤਪੱਸਿਆ ਕਰਕੇ (ਚੰਡੀ-ਦੁਰਗਾ-ਗਿਰਜਾ ਦੇ ਹੀ ਪਤੀ ?) ਸ਼ਿਵ ਜੀ ਨੂੰ ਰੀਝਾ ਲਿਆ ਅਤੇ ਵਰ ਪ੍ਰਾਪਤ ਕਰ ਲਿਆ ਕਿ ਜਦੋਂ ਤੱਕ ਮੈ ਆਪ ਨਾ ਕਹਾਂ ਕਿ ਮੈ ਹੁਣ ਮਰਾਂ ( ਭਾਵ, ਮੈਂ ਹੁਣ ਮਰਨ ਲਈ ਤਿਆਰ ਹਾਂ) ਤਦ ਤੱਕ ਮੇਰੀ ਮੌਤ ਨਾ ਹੋਵੇ, ਇਸ ਵੇਲੇ ' ਉਸ ਥਾਂ ਤੇ **ਮਾਰਾਂਗਾ** " ਕਹਿਣ ਦੇ ਥਾਂ ਉਸ ਦੇ ਮੂੰਹੋਂ **" ਮਰਾਂਗਾ "** ਨਿਕਲ ਗਿਆ, ਤਾਂ ਅੱਗੋਂ ਅਕਾਸ਼ ਬਾਣੀ ਹੋਈ, ਸ਼ਿਵਜੀ ਦਾ ਵਚਨ **ਸੱਤ ਹੈ ਝੂਠ ਨਹੀਂ** । ਤੂੰ ਮੰਗਿਆ ਸੀ, ਜੋ ਜਿੰਨਾ ਚਿਰ " ਮਰਾਂ ' ਨਾਂ ਆਖਾਂ ਉਨ੍ਹਾਂ ਚਿਰ ਨਾ ਮਰਾਂ, ਹੁਣ ਤੂੰ **" ਮਰਾਂ "** ਕਿਹਾ ਹੈ ਇਸ ਲਈ ਤੂੰ ਤੁਰਤ ਹੀ ਮਰੇਂਗਾ । ' ੧੧੯ ਦੋਹਰੇ ਵਿਚ ਸਾਫ਼ ਕਰ ਦਿੱਤਾ ਹੈ ਕਿ ਇਹ ਗੱਲ ਮਾਰਾਂਗਾ ਦੇ ਥਾਂ ਮਰਾਂਗਾ ਵੀ ਚੰਡਕਾ ਨੇ ਆਪ ਹੀ ਕਢਵਾਈ ਸੀ ? ਅੱਗੇ ਚੱਲਣ ਤੋ ਪਹਿਲਾਂ---

## ੧੨- ਝੂਠ-ਵਾਰਤਾ ਦਾ ਉਚੇਚਾ ਧਿਆਨ ਗੋਚਰਾ ਪੱਖ---

ਧਰਤੀ ਦੇ ਕਈ ਦੇਸ਼ਾਂ ਵਿਚ ਕਈ ਤਰ੍ਹਾਂ ਦੇ ਲੋਕ ਵੱਸਦੇ ਹੋਣ ਕਰਕੇ ਕਿਤੇ ਨ ਕਿਤੇ ਕੋਈ ਵਡਾ ਉਪੱਦਰੀ ਪੈਦਾ ਹੁੰਦਾ ਰਹਿਣਾ ਅਚੰਭੇ ਵਾਲੀ ਗੱਲ ਨਹੀਂ ਹੁੰਦੀ। ਪਰ ਅਸਮਾਨਾਂ ਵਿਚ ਕਿਸੇ ਥਾਂ ਤੇ ਬਣੇ ਇੰਦਰ ਦੇ ਰਾਜਸੰਘਾਸਣ ਤੇ ਮੱਲ ਮਾਰ ਲੈਣ ਲਈ, ਅਸਮਾਨੀ ਵੱਸਦੇ ਦੇਵਤਿਆਂ ਅਤੇ ਅਸਮਾਨੀ ਵੱਸਦੇ ਦੈਂਤਾਂ ਵਿਚ ਝਗੜਾ ਵੀ ਤਾਂ ਅਸਮਾਨੀ ਦੁਨੀਆਂ ਵਿਚ ਅਰੰਭ ਹੋਇਆ । ਵਡੀ ਹੈਰਾਨੀ ਇਸ ਗੱਲ ਦੀ ਹੈ ਕਿ, ਅਸਮਾਨਾਂ ਵਿਚਲੇ ਤਖ਼ਤ ਦੀ ਪ੍ਰਾਪਤੀ ਲਈ ਦੋਵਾਂ ਧਿਰਾਂ ਨੇ ਘੋਰ ਯੁੱਧ ਕਰਨ ਲਈ (ਬ੍ਰਾਹਮਣਾ ਦੀ ਸਰਦਾਰੀ ਵਾਲੇ) ਭਾਰਤ ਵਿਚਲੇ ਹਮਾਲੀਆ ਪਹਾੜ ਦੇ ਸੁਮੇਰ ਪਰਬੱਤ ਨੂੰ ਕਿਸ ਦਲੀਲ ਨਾਲ ਚੁਣਿਆਂ ? ਪਰ ਝੂਠ-ਕਹਾਣੀਆਂ ਲਿਖਣ ਦੇ ਵਿਸ਼ਾਲ ਤਜਰਬੇ ਦੇ ਮਾਲਕ, ਪ੍ਰੋਹਿਤ ਜੀ ਨੇ ਦੁਰਗਾ-ਰੂਪ ਪਾਰਬਤੀ-ਗਿਰਜਾ ਅਤੇ ਮਹਾਂਕਾਲ ਨੂੰ ਪਹਿਲਾਂ ਹੀ ਸੁਮੇਰ ਪਰਬਤ ਤੇ ਲਿਆ ਵਸਾਇਆ ਹੋਇਆ ਸੀ। ਹੋਰ ਵੀ ਵੱਧ ਹੈਰਾਨੀ ਇਸ ਵਿਚਾਰ ਤੋਂ ਹੁੰਦੀ ਹੈ ਕਿ, ਜਿਸ ਜੰਗ ਵਿਚ ਅਰਬਾਂ ਖਰਬਾਂ ਹਾਥੀਆਂ ਘੋੜਿਆਂ ਸਮੇਤ ਪਬਮਦਾਂ ਦੀ ਗਿਣਤੀ ਵਿਚ ਦੇਵ ਦੈਂਤਾਂ ਦੀਆਂ ਲਾਸ਼ਾਂ ਦੇ ਢੇਰ ਨੇ ਮੀਲਾਂ ਵਿਚ ਸੜ੍ਹਾਂਧ ਖਿਲਾਰਨੀ ਸੀ, ਲਹੂ ਦੀਆਂ ਨਦੀਆਂ ਵਿਚ ਕਈ ਤਰ੍ਹਾਂ ਦੇ ਗੰਦ ਨੇ ਰੋੜ੍ਹੇ ਪੈਣਾ ਸੀ, ਜਿੱਥੇ, ਕਾਵਾਂ, ਗਿਰਝਾਂ, ਗਿੱਦੜਾਂ, ਡਾਕਣੀਆਂ, ਕਲਜੋਗਨਾ ਅਥਵਾਂ ਭੁਤਾਂ ਪ੍ਰੇਤਾਂ ਨੇ ਬੜੇ ਤਕੜੇ ਸ਼ੋਰ ਸ਼ਰਾਬੇ ਵਾਲਾ ਖ਼ਰੂਦ ਮਚਾਈ ਰੱਖਣਾ ਸੀ, ਭਿਆਨਕ ਜੰਗ ਦਾ ਮੈਦਾਨ, (ਰਣ ਖੇਤਰ) ਦੇਵੀ ਨੇ ਆਪਣੇ ਨਿਵਾਸ ਅਸਥਾਨ ਨੂੰ ਹੀ ਬਣਾ ਲਿਆ ? ਅਜੇਹਾ ਜ਼ਿਕਰ ਕਿਸੇ ਪੁਰਾਣ ਵਿਚੋਂ ਤਾਂ ਨਹੀਂ ਮਿਲਦਾ । ਕੀ, ਅਜੇਹਾ ਪ੍ਰੋਹਿਤਵਾਦੀ ਝੂਠ ਦਸ਼ਮੇਸ਼ ਜੀ ਨੇ ਹੀ ਗੰਢ ਲਿਆ ਸੀ ? ਚਲੋ ਅਸਾਂ ਕੀ ਲੈਣਾ ਇਸ ਝਮੇਲੇ ਵਿਚੋਂ ? ਪਾਠਕ ਆਪੇ ਫ਼ੈਸਲਾ ਕਰ ਲੈਣਗੇ ? ਕਦੇਂ ਵੈਰੀਆਂ ਨੇ ਵੀ ਲਿਖਿਆ ਸੀ ਕਿ ਗੁਰੂ ਦਾ ਸਿੱਖ ਝੂਠ ਬੋਲਣਾ ਜਾਣਦਾ ਹੀ ਨਹੀਂ, ਅੱਜ ਉਸੇ ਖ਼ਾਲਸਾ ਜੀ ਵਿਚੋਂ ਅੰਦਰੋਂ ਬਾਹਰੋਂ ਇੱਕ, ਸਚਿਆਰ ਸਿੰਘ ਮਿਲਣਾ ਮੁਸ਼ਕਲ ਕਿਸ ਕਾਰਨ ਬਣ ਗਿਆ ਹੈ ?--**ਜੋ ਜੈਸੀ ਸੰਗਤ ਕਰੇ ਸੋ ਤੈਸੋ ਫਲ ਖਾਏ**---ਝੂਠ ਵਾਰਤਾ ਦੇ ਸੰਗੀ ਸਾਥੀ ਸਚਿਆਰ ਕਿਵੇਂ ਰਹਿ ਸਕਦੇ ਹਨ?

ਮਹਿਖਾਸੁਰ ਦੀ ਮੌਤ ਉਪ੍ਰੰਤ ਜਦ ਇੰਦ੍ਰ ਦਾ ਰਾਜ ਤਿਲਕ ਹੋ ਜਾਣ ਤੇ ਦੇਵਤਿਆਂ ਦੀ ਦੁਨੀਆਂ ਵਿਚ ਖ਼ੁਸ਼ੀਆਂ ਭਰੇ ਰੌਣਕ ਮੇਲੇ ਅਰੰਭ ਹੋ ਗਏ, ਤਾਂ ਖਿਆਲ ਬਿਣਿਆਂ ਸੀ ਕਿ ਹੁਣ ਦੇਵੀ ਦੀ ਕਿਰਪਾ ਨਾਲ ਦੇਵਤੇ ਸੁਖੀ ਰਹਿਣਗੇ। ਚੰਡੀ ਨੇ, ਜਦ ਸਾਰੇ ੪੫ ਪਦਮ ਦੈਂਤਾਂ ਦਾ ਬੀਜ ਨਾਸ ਕਰ ਦਿੱਤਾ (ਲਿਖਾਰੀ ਜੀ ਨੇ ਆਪ ਹੀ ਲਿਖਿਆ ਹੈ) ਤਾਂ ਬੇਸ਼ੁਮਾਰ ਫ਼ੌਜਾਂ ਵਾਲਾ ਇਹ **ਸੁੰਭ** ਦੈਂਤ ਝੱਟ ਪੱਟ ਕਿਥੋਂ, ਕਿਵੇਂ ਅਤੇ ਕਦੋਂ ਪੈਦਾ ਹੋ ਗਿਆ, ਜਿਸ ਨੇ ਸੁਰਗਾਂ ਦਾ ਰਾਜ ਖੋਹ ਕੇ ਸਾਰੇ ਦੇਵਤੇ ਸੁਰਗਾਂ ਵਿਚੋਂ ਭਜਾ ਕੱਢੇ ? ਪਰ ਪੰਡਿਤ ਨਰੈਣ ਸਿੰਘ ਜੀ ਦੀ ਲਿਖੀ ਉਪ੍ਰੋਕਤ ਜਾਣਕਾਰੀ ਤੋਂ ਸਪੱਸ਼ਟ ਹੋਇਆ ਕਿ ਸਾਰੇ ਪੁਆੜਿਆਂ ਦੀ ਜੜ੍ਹ ਤਾਂ ਚੰਡੀ ਦਾ ਘਰਦਾ ਸ਼ਿਵ ਜੀ ਆਪ ਹੀ ਹੈ। ਕੀ ਉਹ ਜਾਣਦਾ ਨਹੀਂ ਸੀ ਕਿ ਸੁੰਭ ਨੇ ਦੇਵਤਿਆਂ ਦਾ ਹੀ ਬਿਸਤਰਾ ਗੋਲ ਕਰ ਦੇਣਾ ਹੈ ? ਕੀ, ਸ਼ਿਵ ਜੀ ਏਡੇ ਲਾ ਪ੍ਰਵਾਹ ਸਨ ਕਿ ਏਡੀਆਂ ਬਰਕਤਾਂ ਵਾਲਾ ਵਰ ਬਖ਼ਸ਼ਸ਼ ਕਰਨ ਤੋਂ ਪਹਿਲਾਂ ਸੁੰਭ ਕੋਲੋਂ --**ਆਪ ਨਾ ਡਰੋਂ, ਨ ਅਵਰ ਡਰਾਊਂ** ਵਰਗਾ ਸਪੱਸ਼ਟ ਬਚਨ ਵੀ ਨਾ ਲਿਆ ? ਆਪੇ ਦੈਂਤਾਂ ਨੂੰ ਦੇਵਤਿਆਂ ਤੋਂ ਵੱਧ ਬਲਵਾਨ ਕਰ ਲੈਣਾ ਅਤੇ ਆਪੇ ਹੀ ਉਨ੍ਹਾਂ ਦਾ ਸਰਬਨਾਸ ਕਰਦੇ ਰਹਿਣ ਵਾਲਾ ਤਮਾਸ਼ਾ ? ਕਿਸੇ ਨੇ ਅਜੇਹੇ ਝੂਠ ਡਰਾਮੇ ਤੋਂ ਕਿਸ ਪਾਤਰ ਦੀ ਕਿਹੜੀ ਕਰਤੂਤ ਤੋਂ ਕਿਹੋ ਜਿਹੀ ਸਿਖਿਆ ਲੈਣੀ ਹੈ ? ਅਤੇ ਫਿਰ, ਸੰਸਾਰ ਵਿਚ ਵਿਦਿਆ ਦਾ ਪਸਾਰਾ ਹੋ ਜਾਣ ਤੇ, ਜਦੋਂ ਤੋਂ ਇਤਿਹਾਸ ਲਿਖਣ ਦੀ ਸੋਝੀ ਆ ਚੁੱਕੀ ਸੀ, ਕਰੀਬ ਦੋ ਹਜ਼ਾਰ ਸਾਲ ਤੋਂ ਅਸਮਾਨੀ ਝਗੜੇ ਆਪਣੇ ਆਪ ਹੀ ਕਿਵੇ ਬੰਦ ਹੋ ਗਏ? ਅਜੇਹਾ ਘਟੀਆ ਤਮਾਸ਼ਾ ਕਿਸੇ ਭਗਵਾਨ ਜਾਂ ਰੱਬ ਨੇ ਕੀ ਕਰਨਾ ਸੀ ? ਸਪੱਸ਼ਟ ਹੈ ਕਿ ਲੋਕਾਂ ਦੀ ਅਗਿਆਨਤਾ ਦਾ ਵੱਧ ਤੋਂ ਵੱਧ ਲਾਭ ਲੈਣ ਲਈ, ਅਜੇਹੇ ਸਾਰੇ ਝੂਠ ਤਮਾਸ਼ੇ ਬ੍ਰਾਹਮਣ ਆਪ ਹੀ ਰਚ ਬੈਠਦਾ ਸੀ।

### ਅਤੀਅੰਤ ਦੁਖਦਾਈ ਰੋਸ?

ਇਸ਼ਟ ਨੂੰ ਪੂਰਾ ਪਤਾ ਹੁੰਦਾ ਹੈ ਕਿ ਉਸ ਦਾ ਭਗਤ ਕਿਹੜੀ ਮੰਗ ਧਾਰ ਕੇ ਤਪੱਸਿਆ ਤੇ ਬੈਠਾ ਹੈ ? ਫਿਰ **ਘੋਰ ਤਪੱਸਿਆ ਦੁਆਰਾ ਆਪਣੇ ਇਸ਼ਟ ਨੂੰ ਰੀਝਾ ਲੈਣ ਵਾਲਾ ਸੱਚਾ ਭਗਤ, ਪੂਰੇ** ਭਰੋਸੇ ਨਾਲ ਆਪਣੇ ਮਨ ਦੀ ਇਛਿਆ ਆਪਣੇ ਦਿਆਲੂ ਇਸ਼ਟ ਤੋਂ ਪੂਰੀ ਕਰਵਾ ਰਿਹਾ ਹੁੰਦਾ ਹੈ। ਜਿਸ ਭਗਤ ਦੀ ਘੋਰ ਤਪੱਸਿਆ ਤੇ ਉਹ ਕਦੇ ਏਡਾ ਪ੍ਰਸੰਨ ਹੋਇਆ ਸੀ ਕਿ ਆਪ ਪ੍ਰਗਟ ਹੋ ਕੇ, ਭਗਤ ਨੂੰ ਮੰਗ ਮੰਗਣ ਲਈ

ਕਹਿਦਾ ਹੈ, ਫਿਰ ਉਸੇ ਭਗਤ ਨਾਲ ਧੋਖਾ ਵੀ ਉਹੀ ਇਸ਼ਟ ਕਰੇ? ਭਗਤ ਨੂੰ ਸ਼ਬਦਾਂ ਦੀ ਹੇਰਾ ਫੇਰੀ ਵਿਚ ਉਲਝਾ ਲਿਆ ? ਦੋਹਾਂ ਧਿਰਾਂ ਵਿਚਕਾਰ ਹੋਏ **ਪਿਆਰ ਸ਼ਰਧਾ ਅਤੇ ਪ੍ਰਸੰਨਤਾ ਭਰੇ ਮਨਾਂ ਦੇ ਸੌਦੇ**, ਕੇਵਲ ਜ਼ਬਾਨ ਦੇ ਥਿੜਕ ਜਾਣ ਤੋਂ ਹੀ **ਠੁੱਸ** ਹੋ ਗਏ ?

ਪਹਿਲਾਂ ਰਾਵਣ ਦੇ ਭਰਾ ਕੁੰਭਕਰਨ ਨਾਲ ਜੋ ਹੋਇਆ ਉਹ ਪੜ੍ਹਿਆ ਅਥਵਾ ਸਿਨਮੇ ਦੇ ਪਰਦੇ ਤੇ ਵੇਖਿਆ ਵੀ ਸੀ। ਬਚਨਾ ਦੇ ਕੱਚੇ ਅਤੇ ਕੁਟਲ ਦੇਵਤਿਆਂ ਦੇ ਉਸ ਧੱਕੇ ਸ਼ਾਹੀ ਤੋਂ ਬਣੀ ਹੈਰਾਨੀ ਅਜੇ ਹਿਰਦੇ ਵਿਚ ਚੱਕਰ ਲਾ ਹੀ ਰਹੀ ਸੀ, ਕਿ ਇਹ ਦੂਜੀ ਕੁਟਲ-ਬਾਜੀ ਸਾਹਮਣੇ ਆ ਗਈ। ਏਥੇ ਇਨ੍ਹਾਂ ਬੇਪ੍ਰਤੀਤੇ ਮਦਾਰੀ ਇਸ਼ਟਾਂ ਨੇ ਹੋਰ ਵੀ ਵੱਧ ਦੁਖਦਾਈ ਕੁਟਲਤਾ ਤੋਂ ਕੰਮ ਲਿਆ ? ਕੁੰਭ-ਕਰਨ ਨੇ ਘੋਰ ਤਪ ਕਰਕੇ ਆਪਣੇ ਪਰਮ ਪਿਤਾ ਬ੍ਰਹਮਾਂ ਨੂੰ ਪ੍ਰਸੰਨ ਕਰ ਲਿਆ। ਖ਼ੁਸ਼ਾਮਦ ਸੁਣ ਕੇ ਫੂਕ ਵਿਚ ਆਏ ਬ੍ਰਹਮਾ ਨੇ ਪ੍ਰਗਟ ਹੋ ਕੇ ਕੁੰਭ ਕਰਨ ਨੂੰ ਮਨ ਭਾਉਂਦਾ ਵਰ ਮੰਗਣ ਲਈ ਜਾ ਆਖਿਆ। ਇਸ ਤੋਂ ਪਹਿਲਾਂ ਕਿ ਕੁੰਭਕਰਣ ਆਪਣੇ ਹਿਰਦੇ ਦੀ ਗੱਲ ਜ਼ਬਾਨ ਦੁਆਰਾ ਕਹਿ ਸਕਦਾ, ਉਸ ਦੀ ਜ਼ਬਾਨ ਤੇ ਕੋਈ ਸ਼ਰਾਰਤੀ ਦੇਵੀ ਬਿਠਾ ਦਿੱਤੀ, ਜਿਸ ਨੇ ਉਸ ਦੀ ਜ਼ਬਾਨ ਤੋਂ **ਇੰਦ੍ਰਾਸਨ** ਦੇ ਥਾਂ **ਨਿੰਦ੍ਰਾਸਣ** ਅਖਵਾ ਦਿੱਤਾ। ਇਹ ਜਾਣਦੇ ਹੋਇਆਂ ਵੀ ਕਿ ਕੁੰਭ-ਕਰਣ ਨੇ ਹਿਰਦੋਂ ਤੋਂ ਅਸਲ ਵਿਚ ਇੰਦ੍ਰਾਸਨ ਹੀ ਮੰਗਿਆ ਹੈ, ਬ੍ਰਹਮਾਂ ਨੇ ਝੱਟ ਪਟ, ਉਸ ਨੂੰ ਸਾਰੀ ਉਮਰ ਸੁੱਤੇ ਰਹਿਣ ਦਾ ਸਰਾਪ ਰੂਪੀ **ਵਰ** ਦੇ ਦਿੱਤਾ। ਭਬੀਖਣ ਅਤੇ ਰਾਵਣ ਦੀ ਹਾਲ ਦੁਹਾਈ ਤੇ ਸਾਲ ਵਿਚ ਕੇਵਲ ਦੋ ਦਿਨਾਂ ਦੀ ਜਾਗ੍ਰਤ ਅਵਸਥਾ ਦੇ ਕੇ ਬ੍ਰਹਮਾਂ ਖਿਸਕਦਾ ਬਣਿਆਂ। ਕਪਾਟ ਖੁਲ੍ਹ ਗਏ, ਕਿ ਸਿਆਸੀ ਖਿਡਾਰੀਆਂ ਵਾਲੀਆਂ ਕਲਾਬਾਜ਼ੀਆਂ ਰੱਬ ਦੇ ਘਰ ਵੀ ਖ਼ੂਬ ਵੱਜਦੀਆਂ ਹਨ? ਅਜੇਹੇ ਘਟੀਆ ਵਿਚਾਰਾਂ ਵਾਲੇ ਰੱਬ ਦੀ ਭਗਤੀ ਨਾਲੋਂ, ਬਚਨਾਂ ਦੀ ਪੱਕੀ ਨਾਸਤਕਤਾ ਕਿਸ ਦਲੀਲ ਨਾਲ ਚੰਗੀ ਨਾ ਹੋਈ ਜੀ ? ਜਥੇਦਾਰ ਸਾਹਿਬਾਨ ਤੋਂ ਬਿਨਾਂ ਇਹ ਮਸਲਾ ਕੌਣ ਹੱਲ ਕਰੇ ?

## ਲੱਖ ਲੱਖ ਧੰਨਵਾਦ:--

ਹੇ ਸਾਰੇ ਸੰਸਾਰ ਦੇ **ਖ਼ਾਲਕ ਅਤੇ ਪਾਲਕ, ਗੁਰੂ ਨਾਨਕ ਸਾਹਿਬ ਜੀ ਦੇ---ਸਤਿ ਸਤਿ ਸਤਿ ਪ੍ਰਭੁ ਸੁਆਮੀ** ਜੀਉ ! **ਆਪ ਜੀ ਦਾ ਕੋਟਾਨ ਕੋਟ ਧਨਵਾਦ ਹੈ ਜੋ ਤੁਸਾਂ ਸਾਨੂੰ ਸੱਚ** ਦੇ ਸੱਚੇ ਅਵਤਾਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਵਿਚ ਜੀਉਣ ਦੀ ਅਨਮੋਲ ਦਾਤ ਬਖ਼ਸ਼ਸ਼ ਕੀਤੀ ਹੋਈ ਹੈ। ਕਰੋੜਾਂ ਇਸ਼ਟਾਂ ਦੀ ਭਰਮਾਰ ਵਿਚੋਂ **ਕੇਵਲ ਸੱਚੇ ਸਤਿਗੁਰਾਂ** ਨਾਲ **ਪ੍ਰੀਤਿ** ਦੀ ਬਖ਼ਸ਼ਸ਼ ? :---

੨੮- **ਗੁਰ ਕੈ ਚਰਣਿ ਚਿਤੁ ਲਾਗਾ ॥ ਧੰਨਿ ਧੰਨਿ ਸੰਜੋਗੁ ਸਭਾਗਾ ॥**
**ਸੰਤ ਕੀ ਧੂਰਿ ਲਾਗੀ ਮੇਰੈ ਮਾਥੇ ॥ ਕਿਲਵਿਖ ਦੁਖ ਸਗਲੇ ਮੇਰੇ ਲਾਥੇ ॥੨॥ {੯੯੮}-੩੮-੪੯**

[**ਪਦ ਅਰਥ**:--ਗੁਰ ਕੇ ਚਰਨ=**ਹਿਰਦੈ ਚਰਣ** (ਕਿਹੜੇ ?) **ਸਬਦ ਸਤਿਗੁਰ ਕੋ**----(੬੮੦) **ਸੰਤ ਕੀ ਧੂਰਿ**=ਸਤਿਗੁਰ-ਸੰਤ ਦੇ ਸ਼ਬਦ-ਗਿਆਨ ਅਨੁਸਾਰ, ਜੀਵਨ ਢਾਲ ਲੈਣ ਦੇ ਆਹਰੇ ਲੱਗ ਜਾਣਾ, ਸਤਿਗੁਰਾਂ ਦੇ ਚਰਨਾਂ ਦੀ ਧੂੜੀ ਦੇ ਇਸ਼ਨਾਨ ਹਨ ]

ਧੰਨ ਧੰਨ ਹੈ ਨਿਆਰੇ ਗਿਆਨ ਵਾਲੇ ਨਿਆਰੇ ਸਤਿਗੁਰੂ ਜੀ ਦਾ ਇਹ ਬਚਨ:--' **ਬਚਨ ਕਰੈ ਤ ਖਿਸਕ ਜਾਏ ਬੋਲੇ ਸਭ ਕਚਾ ।** ' ਬਚਨ ਕਰਕੇ ਖਿਸਕ ਜਾਣ ਵਾਲੇ ਦੀ ਹਰ ਗੱਲ ਵਿਚ ਝੂਠ ਹੋਇਆ ਕਰਦਾ ਹੈ।

ਜਿਹੜਾ ਕੌਲ ਇਕਰਾਰ ਕਰ ਹਾਰ ਜਾਏ, ਲੈਣਾ ਦੁਸ਼ਟ ਮਰਦੂਦ ਦਾ ਨਾ ਕਾਹਨੂੰ ।
ਇੱਜ਼ਤ ਵੇਚ ਕੇ ਫਿਰੇ ਬੇਇਜ਼ਤ ਹੋਇਆ, ਮਰੇ, ਕਰੇ ਖ਼ਾਲੀ, ਰੋਕੀ **ਥਾਂ** ਕਾਹਨੂੰ ।
ਭਲਾ ਦੇਸ ਤੇ ਕੌਮ ਦਾ ਸੋਚਿਆ ਨਾ, ਬਿਰਥਾ ਭਾਰ ਚਾਇਆ, ਜਣਿਆਂ ਮਾਂ ਕਾਹਨੂੰ ।
ਬੇਸ਼ਕ ਸੀਸ ਜਾਏ ਬਚਨ ਹਾਰੀਏ ਨਾ, ਜੇਕਰ ਪਾਲਣਾ ਨਹੀਂ, ਕਰਨੀ ਹਾਂ ਕਾਹਨੂੰ ।

ਉਪ੍ਰੋਕਤ (ਪੰਜਾਬੀ ਬੋਲੀ ਦੇ) ਕਵਿਤਾ-ਬੰਦ ਵਾਂਗ ਹੀ ਕਿਸੇ ਉਰਦੂ ਦੇ ਸ਼ਾਇਰ ਨੇ ਨਿਆਰੀ ਰਹਿਣੀ ਵਾਲੇ ਗੁਰਸਿੱਖ ਦੀ ਜ਼ਬਾਨ ਬਾਰੇ ਆਪਣੀਆਂ ਭਾਵਨਾਵਾਂ ਇਉਂ ਪਰਗਟ ਕੀਤੀਆਂ ਹਨ:--

ਗਿਰੇ ਜੁ ਆਸਮਾਂ ਨੀਚੇ, ਜ਼ਮੀਨ ਉਲਟੀ ਪਲਟ ਜਾਏ।
ਕਮਰ੧ ਆਪਣੀ ਜਗਾਹ ਛੋੜੇ ਯਾ ਖ਼ੁਰਸ਼ੀਦ੨ ਭੀ ਹੱਟ ਜਾਏ । ੧=ਚੰਦ । ੨=ਸੂਰਜ ।
ਸਮੁੰਦਰ ਹਸਤੀ ਲੇਕਰ ਖ਼ੁਦ, ਕੂਜ਼ਾ ਮੇ ਸਿਮੱਟ ਜਾਏ।
ਫ਼ਲਕ ਪਿਹ ਫ਼ੌਜੇ ਅੰਜਮਨ ਖ਼ੁਦ ਭਿੜ ਕੇ ਆਪਸ ਮੇ ਕੱਟ ਜਾਏ । ਫ਼ਲਕ=ਆਸਮਾਨ । ਅੰਜਮਨ=ਸਿਤਾਰੇ, ਨਛੱਤਰ ।
ਮਲਕ ਬਦਲੇ, ਮੁਲਕ ਬਦਲੇ, ਜ਼ਮੀਨੋ ਆਸਮਾਂ ਬਦਲੇ । ਮਲਕ=ਹਾਕਮ, ਰਾਜਾ । ਮੁਲਕ=ਦੇਸ਼ ।
**ਮਗਰ ਮੁਮਕਨ ਨਹੀਂ, ਕਿਸੀ ਸਿੱਖ ਕੀ ਜ਼ਬਾਂ ਬਦਲੇ ।**

## ਅਸਲੀ ਦੁਖਦਾਈ ਪੱਖ:--

ਘੋਰ ਤਪੱਸਿਆ ਤੋਂ ਪ੍ਰਾਪਤ ਕੀਤੇ ਕਿਸੇ ਅਜੇਹੇ **ਫਲ** ਦਾ ਕੀ ਲਾਭ, ਜੇ ਭੁਲੇਖੇ ਨਾਲ ਮੂੰਹੋਂ ਨਿਕਲੇ ਬਚਨਾਂ ਕਾਰਨ ਨਸ਼ਟ ਹੋ ਜਾਵੇ ? ਪਰ ਹਜ਼ਾਰਾਂ ਸਾਲਾਂ ਤੋਂ ਹਿੰਦੂਆਂ ਦਾ ਧਰਮ-ਗੁਰੂ ਬਣ ਚੁੱਕੇ ਬ੍ਰਾਹਮਣ, ਦੀ ਗੁਰਿਆਈ ਦਾ ਵੱਡਾ ਕਮਾਲ ਹੀ ਇਹ ਹੈ, ਕਿ ਉਹ ਆਪਣੇ ਝੂਠ ਨੂੰ ਜਿਵੇਂ ਅਤੇ ਜਿੱਥੇ ਮਰਜੀ ਹੈ ਵਰਤ ਲਵੇ ਜਜਮਾਨਾਂ ਵਾਸਤੇ ਉਹੀ ਧਰਮ ਕੁੜ ਧਰਮ ਦਾ ਅੰਗ ਬਣ ਜਾਂਦਾ ਹੈ। ਸਾਨੂੰ ਉਸ ਨਾਲ ਕੀ ਵਾਸਤਾ? ਦੁਖ ਇਸ ਗੱਲ ਦਾ ਹੈ ਕਿ ਅਸੀਂ ਵੀ ਐਨ ਉਸੇ ਤਰ੍ਹਾਂ ਦੀਆਂ ਹੀ ਬੇਦਲੀਲ ਨਿਰਮੂਲ ਚੁੱਚਰ ਬਾਜ਼ੀਆਂ ਨੂੰ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਜੋੜ ਰਹੇ ਹਾਂ। ਜਦੋਂ ਅਤੇ ਜਿੱਥੇ ਮਰਜ਼ੀ ਹੋਵੇ ਏਸੇ ਗ੍ਰੰਥ ਦੀ ਝੂਠ ਬਾਣੀ ਨੂੰ ਗੁਰੂ ਬਾਣੀ ਨਾਲੋਂ ਵੀ ਵੱਧ ਫਲ ਦਾਇਕ ਮੰਨ ਕੇ ਉਸ ਦੇ ਪਾਠ ਅਰੰਭ ਕਰ ਦਿੰਦੇ ਹਾਂ, ਅਤੇ ਜਦੋਂ ਮਰਜ਼ੀ ਹੈ, ਇਹ ਕਹਿ ਦਿੰਦੇ ਹਾਂ --ਇਹ ਕੋਈ ਸਤਿਗੁਰਾਂ ਦੇ ਬਚਨ ਥੋਹੜੇ ਹਨ ? ਇਹ ਤਾਂ ਹਿੰਦੂਆਂ ਦੇ ਧਰਮ-ਗ੍ਰੰਥ ਦਾ ਉਲਥਾ ਮਾਤ੍ਰ ਹੈ"। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨਮੋਲ ਗਿਆਨ ਦੇ ਹੁੰਦਿਆਂ ਸਾਨੂੰ ਪੁਰਾਣਾ ਦੀ ਝੂਠ ਕਹਾਣੀਆਂ ਜਾਨਣ ਦੀ ਲੋੜ ਕੀ ਆ ਪਈ ਸੀ ? ਝੂਠ ਬਾਣੀ ਨੂੰ ਗੁਰੂ ਬਾਣੀ ਦੀ

ਬਰਾਬਰਤਾ ਦੇ ਕੇ ਉਸ ਨੂੰ ਆਪਣੇ ਨਿਤਨੇਮ ਦਾ ਪ੍ਰਧਾਨ ਭਾਗ ਮੰਨ ਲੈਣ ਦਾ ਹੀ ਸਿੱਟਾ ਹੈ ਕਿ, ਦੁਨੀਆਂ ਦੇ ਇਤਿਹਾਸਕਾਰ ਨੂੰ ਚਕ੍ਰਿਤ ਕਰ ਦੇਣ ਸਾਲੇ ਵਾਲੇ ਵਰਤਾਉਂਣ ਵਾਲਾ, ਅਥਵਾ ਅਜਿੱਤ ਸਮਝੀਆਂ ਜਾਣ ਵਾਲਿਆਂ ਮੁਹਿੰਮਾਂ ਨੂੰ ਸਹਿਲ ਹੀ ਸਰ ਕਰ ਲੈਣ ਵਾਲਾ ਖ਼ਾਲਸਾ, ਪੂਰਨ ਸੰਤ ਅਤੇ ਸਰਬ-ਸ੍ਰੇਸ਼ਟ ਜੋਧਾ (ਗੁਰੂ ਨਾਨਕ ਸਾਹਿਬ ਜੀ ਦੀ) ਸਿੱਖੀ ਦੇ ਵੈਰੀ ਦੇ ਮਾਇਆ-ਜਾਲ ਵਿਚ ਫਸਿਆ, ਸਿੱਖੀ ਜੀਵਨ ਤੋਂ ਦਿਨੋ ਦਿਨ ਦੂਰ ਤੁਰਿਆ ਜਾ ਰਿਹਾ ਹੈ। ਅਸੀਂ ਜਿਹੜੇ ਲਿਖਤੀ ਰੂਪ ਵਿਚ ਮੰਨ ਚੁੱਕੇ ਹਾਂ ਕਿ, ਸਾਡੇ ਗੁਰਦੇਵ ਜੀ ਸ੍ਰੀ ਰਾਮ ਚੰਦ੍ਰ ਜੀ ਦੇ ਵੰਸ਼ਕ ਸਨ, ਆਨੂੰ ਸਤੰਤਰ ਰਾਜ ਸੱਤਾ ਦੇਣ ਦੀ ਗੱਲ ਤਾਂ ਦੂਰ ਰਹੀ, ਭਾਰਤ ਸਰਕਾਰ ਸਾਨੂੰ ਨਿਆਰੇ ਗੁਰਮਤਿ-ਸਿਧਾਂਤ ਵਾਲੀ ਅੱਡਰੀ ਕੋਮ ਮੰਨਣ ਨੂੰ ਵੀ ਕਦੇ ਤਿਆਰ ਨਹੀਂ ਹੋਵੇਗੀ। ਅੱਜ ਤਾਂ ਖ਼ਾਲਸਾ ਜੀ, ਨਾਸਵੰਤ ਝੂਠ ਦੀਆਂ ਨਾਸਵੰਤ ਤੰਦਾ ਤੋੜ ਕੇ ਪੂਰਨ ਸੱਚ ਦੀ ਬੁੱਕਲ ਵਿਚ ਜਾ ਵੜਨ ਦਾ ਸਾਹ-ਸਤ ਗੁਆ ਚੁੱਕੇ ਹਨ । ਬਹੁਤੀ ਚਿੰਤਾ ਵਾਲੀ ਸਥਿਤੀ ਇਹ ਹੈ ਕਿ, ਖ਼ਾਲਸਾ ਜੀ ਦੇ ਸਰਬ ਸ੍ਰੈਸ਼ਟ ਜਥੇਦਾਰ ਜੀ ਵੀ **ਝੂਠ** ਨੂੰ **ਸੱਚ ਮੰਨੀ ਜਾਣ ਵਿਚ ਆਪਣੀ ਕਲਿਆਣ ਮੰਨ ਬੈਠੇ ਹੋਏ ਹਨ।** ਪੰਥ ਦੀ ਵਿਗੜੀ, ਕਿੰਨ੍ਹ ਬਨਾਉਣੀ ਹੈ ?

## ੧੪- ਮਹਾਂ ਕਾਲ ਦੇ ਮਗਰੋਂ ਹੁਣ ਦੁਰਗਾ ਵੀ ਬੰਦੇ ਖਾਣੀ ?

ਸੁੰਭ ਅਤੇ ਨਿਸੁੰਭ ਦੋਹਾਂ ਨੇ ਸਲਾਹ ਮਸ਼ਵਰੇ ਨਾਲ ਇੱਕ ਬੜੇ ਭਿਆਨਕ ਦੈਂਤ ਰਕਤ ਬੀਜ ਨੂੰ ਬੁਲਾ ਲਿਆ । ਰਕਤ ਬੀਜ ਦੇ ਖ਼ੂਣ ਵਿਚੋਂ ਉਸੇ ਵਰਗੈ ਦੈਂਤ ਪੈਦਾ ਜਾਣ ਦਾ ਵਰ ਹੋਣ ਦੇ ਕਾਰਨ ਉਹ ਅਜਿੱਤ ਸਮਝਿਆ ਜਾਂਦਾ ਸੀ। ਇਸ ਲਈ ਰਾਜੇ ਸੁੰਭ ਨੇ ਉਸ ਕਥਿਤ ਅਜਿੱਤ ਸੂਰਮੇ ਨੂੰ ਇਸੇ ਆਸ ਨਾਲ ਬੁਲਵਾਇਆ ਕਿ ਉਹ ਦੇਵੀ ਕੋਲੋਂ ਜਿੱਤਿਆ ਨਹੀਂ ਜਾਣਾ ਅਤੇ ਦੇਵੀ ਦੀ ਹਾਰ ਉਸ ਦੀ ਮੌਤ ਬਣ ਜਾਵੇਗੀ। ਪਰ ਵੱਡੀ ਹੈਰਾਨੀ ਇਸ ਗੱਲ ਦੀ ਹੈ ਕਿ, ਏਸੇ ਲਿਖਾਰੀ ਨੇ ਅਸਿਧੁਜ ਜੀ ਦੀ ਕਥਾ ਵਿਚ ਏਸੇ ਰਕਤ ਬੀਜ ਦੀ ਹਾਰ ਹੋ ਚੁੱਕੀ ਹੋਣ ਦੀ ਗੱਲ ਵੀ ਆਪ ਹੀ ਲਿਖੀ ਹੈ--**ਐਸਾ ਕੌਣ ਜੁ ਹਮ ਪਰ ਆਯੋ ॥ ਰਕਤ ਬਿੰਦ ਮੈਂ ਰਨਹਿ ਹਰਾਯੋ ॥ ੩੮ ॥** ਅਜੇਹੀਆਂ ਗੰਭੀਰ ਭੁੱਲਾਂ ਦਸ਼ਮੇਸ਼ ਜੀ ਕਦੇ ਨਹੀਂ ਸਨ ਕਰ ਸਕਦੇ। ਕੇਵਲ ਪਾਠਕਾਂ ਦੀ ਯਾਦ ਤਾਜ਼ਾ ਕਰਨ ਲਈ ਉਂਜ ਦਾਸ ਨੇ ਤਾਂ ਚੰਡੀ ਚਰਿਤ੍ਰਾਂ ਦੀ ਅਸਲੀਯਤ ਨੰਗੀ ਕਰਨੀ ਅਰੰਭੀ ਹੋਈ ਹੈ--

ਸੁੰਭ ਰਾਜੇ ਨੇ **ਦੂਤ ਭੇਜ ਕੇ ਰਕਤਬੀਜ** ਨੂੰ ਮੰਗਵਾ ਲਿਆ । (੧੨੦ ਤੋਂ ੧੨੩) ਸ਼ਾਹੀ ਪਰੰਪਰਾਵਾਂ ਅਨੁਸਾਰ ਰਕਤਬੀਜ ਨੂੰ ਸਨਮਾਨਤ ਕੀਤਾ ਅਤੇ ਚੰਡੀ ਦੇ ਵਿਰੁੱਧ ਪੂਰੀ ਤਰ੍ਹਾਂ ਭੜਕਾ ਕੇ ਵਡੇ ਵੱਡੇ ਜੋਧਿਆਂ ਦੀ ਫ਼ੌਜਾਂ ਦਾ ਮੋਹਰੀ ਬਣਾ ਕੇ ਚੰਡੀ ਨੂੰ ਸੋਧਨ ਲਈ ਤੋਰ ਦਿੱਤਾ। ਰਕਤ ਬੀਜ ਨੇ ਫੌਜ ਨੂੰ ਸਜਾ ਕੇ, ਸੁਮੇਰ ਦੇ ਕੋਲ ਜਾ ਡੇਰਾ ਲਾਇਆ। ਓਧਰੋਂ ਦੁਰਗਾ ਸ਼ੇਰ ਤੇ ਚੜ੍ਹ ਕੇ ਬਿਜਲੀ ਵਾਂਗ ਕੜਕਦੀ ਆ ਪਈ। ਘਮਸਾਨ ਦਾ ਜੰਗ ਅਰੰਭ ਹੋ ਗਿਆ। (੧੨੪ ਤੋਂ ੧੩੨)

### ਮਹਾਂਕਾਲ ਦੇ ਮਗਰੋਂ ਹੁਣ ਦੁਰਗਾ ਵੀ ਬੰਦੇ ਖਾਣੀ ?

**ਤੋਰ ਕੈ ਮੋਰ ਕੈ ਦੈਤਨ ਕੇ ਮੁਖ ਘੋਰ ਕੈ ਚੰਡ ਮਹਾ ਅਸਿ ਲੀਨੋ ॥**
**ਜੋਰ ਕੈ ਕੋਰ ਕੈ ਠੋਰ ਕੈ ਬੀਰ ਸੁ ਰਾਛਸ ਕੋ ਹਤਿ ਕੈ ਤਿਹ ਦੀਨੋ ॥**
**ਖੋਰ ਕੈ ਤੋਰ ਕੈ ਭੋਰ ਕੈ ਦਾਨਵ ਲੈ ਨਿਕੈ ਕਰੇ ਹਾਡ ਚਬੀਨੇ ॥**
**ਸ੍ਰਉਣ ਕੋ ਪਾਨ ਕਰਿਓ ਜਿਉ ਦਵਾ ਹਰਿ ਸਾਗਰ ਕੋ ਜਲ ਜਿਓ ਰਿਖਿ ਪੀਨੋ ॥ ੧੩੩ ॥**

**ਅਰਥ:**--ਚੰਡੀ ਨੇ ਵਡਾ ਭਿਆਨਕ ਖੰਡਾ ਲੈਕੇ (ਸ਼ੇਰ ਨੂੰ ਅੱਗੇ) ਤੋਰ ਕੇ ਦੈਂਤਾਂ ਦੇ ਮੂੰਹ ਮੁੜਾ ਦਿਤੇ ਹਨ। (ਜਿੰਨ੍ਹਾਂ) ਸੂਰਮਿਆਂ ਨੇ ਕਤਾਰਾਂ ਬਣ੍ਹ ਕੇ ਜੋਰ ਨਾਲ ਅੱਗਾ ਰੋਕਿਆ ਸੀ ਉਨ੍ਹਾਂ ਰਾਕਸ਼ਾਂ ਨੂੰ ਦੇਵੀ ਨੇ ਨਾਸ ਕਰ ਦਿੱਤਾ। ਪਹਿਲਾਂ ਦੇਵੀ ਨੇ ਦੈਂਤਾਂ ਨੂੰ ਡਰ ਨਾਲ ਗ਼ਮਗੀਨ ਕਰ ਕੇ ਨਿਕੰਮਾ ਕਰ ਦਿਤਾ ਅਤੇ (ਫਿਰ ਉਨ੍ਹਾਂ ਦੇ) **ਹੱਡਾਂ ਨੂੰ ਹੀ ਚੱਬ** ਗਈ। ਏਸੇ ਤਰ੍ਹਾਂ ਹੀ **ਲਹੂ ਪੀਂ ਲਿਆ** ਜਿਵੇਂ ਦਾਵਾ ਅਗਨੀ ਕ੍ਰਿਸ਼ਣ ਜੀ ਨੇ (ਅਤੇ ਅਗਸਤ) ਰਿਖੀ ਨੇ ਸਮੁੰਦਰ ਪੀ ਲਏ ਸਨ । ੧੩੩।

ਮਨੁੱਖ ਭਖ਼ਸ਼ਨ ਵਾਲਾ ਏਨਾਂ ਕੁ ਜਲਵਾ ਵਿਖਾ ਕੇ ਚੰਡੀ ਨੇ ਫਿਰ-- **ਸਵੈਯਾ ॥**

**ਚੰਡ ਪ੍ਰਚੰਡ ਕੁਵੰਡ ਕਰੰ ਗਹਿ ਜੁੱਧ ਕਰਿਓ ਨ ਗਨੇ ਭਟ ਆਨੇ ॥**
**ਮਾਰ ਦਈ ਸਭ ਦੈਤ ਚਮੂੰ ਤਿਹ ਸ੍ਰਉਣਤ ਜੰਬੁਕ ਗ੍ਰਿੜ ਅਘਾਨੇ ॥**
**ਭਾਲ ਭਇਆਨਕ ਦੇਖਿ ਭਵਾਨੀ ਦੋ ਦਾਨਵ ਇਉ ਰਨ ਛਾਡ ਪਰਾਨੇ ॥**
**ਪਉਨੁ ਕੇ ਗਉਨ ਕੇ ਤੇਜ ਪ੍ਰਤਾਪ ਤੇ, ਪੀਪਰ ਕੇ ਜਿਉ ਪਾਤ ਉਡਾਨੇ ॥ ੧੩੪ ॥**

**ਅਰਥ:**--ਚੰਡੀ ਨੇ ਵਡੀ ਤੇਜ਼ੀ ਨਾਲ ਧਨੁਖ ਨੂੰ ਹੱਥ ਵਿਚ ਫੜ ਕੇ ਜੁੱਧ ਸ਼ੁਰੂ ਕੀਤਾ (ਜਿਵੇ ਅਜੇ ਤੱਕ ਜੁੱਧ ਨਹੀਂ ਕਰ ਰਹੀ ਕੇਵਲ ਬੰਦੇ ਹੀ ਖਾ ਰਹੀ ਸੀ?) (ਅਜੇਹਾ ਜੁੱਧ ਕਰ ਰਹੀ ਸੀ ਕਿ) ਚੰਡੀ ਵਰਗਾ ਦੂਜਾ ਸੂਰਮਾ ਗਿਣਤੀ ਵਿਚ ਹੀ ਨਹੀਂ ਸੀ ਆ ਰਿਹਾ। **ਦੈਂਤਾਂ ਦੀ ਸਾਰੀ ਫ਼ੌਜ ਮਾਰ ਦਿੱਤੀ,** ਉਨ੍ਹਾਂ ਦੇ ਲਹੂ ਨਾਲ ਗਿੱਦੜ ਤੇ ਗਿਰਝਾਂ ਰੱਜ ਗਈਆਂ। ਦੁਰਗਾ ਦਾ ਡਰਾਉਣਾ ਚਿਹਰਾ ਵੇਖ ਕੇ ਦੈਂਤ ਇਸ ਤਰ੍ਹਾਂ ਭੱਜ ਗਏ ਜਿਵੇ ਤੇਜ਼ ਹਵਾ ਚੱਲਣ ਨਾਲ ਪਿੱਪਲ ਦੇ ਪੱਤੇ ਉੱਡ ਜਾਂਦੇ ਹਨ । ੧੩੪ ]

ਇਹ ਲਿਖ ਕੇ ਕਿ, ਦੇਵੀ ਨੇ ਸਾਰੀ ਫੌਜ ਮਾਰ ਮੁਕਾਈ ਸੀ, ਫਿਰ ਨਾਲ ਹੀ ਇਹ ਵੀ ਲਿਖ ਦੇਣਾ ਕਿ ਫੌਜ ਇਉਂ ਭੱਜ ਉਠੀ ਜਿਵੇ ਤੇਜ਼ ਹਵਾ ਵਿਚ ਪਿੱਪਲ ਦੇ ਪੱਤੇ ਉੱਡ ਪੁੱਡ ਜਾਂਦੇ ਹਨ ਕਿਹੜੀ ਗੱਲ ਸੱਚੀ ਰਹਿ ਗਈ ? ਭਾਵੇਂ ਜਿੰਨਾ ਮਰਜ਼ੀ ਹੈ ਯਤਨ ਕਰੇ ਲਿਖਾਰੀ ਝੂਠ-ਜੰਗ ਨੂੰ ਸੱਚ ਦਾ ਰੂਪ ਨਹੀਂ ਦੇ ਸਕਿਆ। ਸਗੋਂ ਪੈਰ ਪੈਰ ਤੇ ਹੋ ਰਹੀਆਂ ਭੁੱਲਾਂ ਪੁਕਾਰ ਪੁਕਾਰ ਕੇ ਕਹਿ ਰਹੀਆਂ ਹਨ ਕਿ ਇਹ ਲਿਖਤ ਅਭੁੱਲ ਸਤਿਗੁਰਾਂ ਦੀ ਨਹੀਂ ਹੈ । ਅੱਗੇ ਮੁਰਦੇ ਹਾਥੀਆਂ ਦਾ ਜ਼ਿਕਰ ਕਰਕੇ ਦੌੜੀ ਜਾਂਦੀ ਫੌਜ ਨੂੰ ਰਕਤਬੀਜ ਮੋੜ ਕੇ ਲੜਾਈ ਕਰਨ ਡਾਹੁੰਦਾ ਦਰਸਾ ਦਿੱਤਾ। ਗੁੱਸਾ ਖਾ ਕੇ ਚੰਡੀ ਫਿਰ ਜੰਗ ਅਰੰਭ ਕਰਦੀ ਹੈ, ਦੈਂਤਾਂ ਨੇ ਵੀ ਚੌਹਾਂ ਪਾਸਿਆ ਤੋਂ ਚੰਡੀ ਨੂੰ ਆ ਘੇਰਿਆ। ਹੁਣ ਚੰਡੀ ਨੇ ਉਨ੍ਹਾਂ ਦੇ ਮਾਸ ਦੇ ਤੂੰਬੇ ਉਡਾ ਦਿੱਤੇ।

www.radiovirsa.com Radio Virsa New Zealand 107 FM

ਵਡੇ ਵਡੇ ਸਰਦਾਰ ਮਾਰ ਦਿੱਤੇ। ਚੰਡੀ ਨੇ ਦੈਂਤਾਂ ਦੀ ਫੌਜ ਦਾ ਇਉਂ ਨਾਸ ਕਰ ਦਿੱਤਾ ਜਿਵੇਂ ਹਨੂੰਮਾਨ ਨੇ ਲੰਕਾ ਦਾ ਬਾਗ਼ ਲੁੱਟ ਲਿਆ ਸੀ। ਲਹੂ ਦੀ ਮਾਨੋ ਨਦੀ ਚੱਲ ਰਹੀ ਸੀ ਜਿਸ ਵਿਚ ਹਾਥੀਆਂ ਦੀਆਂ ਲੋਥਾਂ ਵੀ ਡੁੱਬ ਗਈਆਂ ਸਨ। [੧੩੫ ਤੋਂ ੧੪੪]

ਦੇਵੀ ਨੇ ਜਿਵੇਂ ਸੈਨਾ ਨੂੰ ਜੰਗ ਦੇ ਮੈਦਾਨ ਵਿਚੋਂ ਭਜਾ ਕਢਿਆ ਸੀ ਕਵੀ ਜੀ, ਉਸ ਅਲੋਕਾਰ ਭਾਣੇ ਦਾ ਜ਼ਿਕਰ ਇਉਂ ਕਰਦੇ ਹਨ:--

**ਦੋਹਰਾ ॥ ਸਕਲ ਪ੍ਰਬਲ ਦਲ ਦੈਤ ਕੋ ਚੰਡੀ ਦਇਓ ਭਜਾਇ ॥ ਪਾਪ ਤਾਪ ਹਰਿ ਜਾਪ ਤੇ ਜੈਸੇ ਜਾਤਿ ਪਰਾਇ ॥੧੪੫॥**

**ਅਰਥ:**--ਦੈਂਤਾਂ ਦੇ ਜ਼ੋਰਾਵਰ ਦਲ ਨੂੰ ਚੰਡੀ ਨੇ ਇਉਂ ਭਜਾ ਕਢਿਆ ਜਿਵੇ ਹਰੀ ਨਾਮ ਦੇ ਸਿਮਰਨ ਤੋਂ ਪਾਪ ਤੇ ਤਾਪ ਦੂਰ ਹੋ ਜਾਂਦੇ ਹਨ।

**ਸ੍ਵੈਯਾ ॥**

**ਭਾਨ ਤੇ ਜਿਉ ਤਮ ਪਉਨ ਤੇ ਜਿਉ ਘਨ, ਮੋਰ ਤੇ ਜਿਕੁ ਫਨ ਤਿਉ ਸਕੁਚਾਨੇ ॥**
**ਸੂਰ ਤੇ ਕਾਤੁਰ, ਕੂਰ ਤੇ ਚਾਤੁਰ, ਸਿੰਘ ਤੇ ਸਾਤੁਰ, ਏਣਿ ਡਰਾਨੇ ॥**
**ਸੂਮ ਤੇ ਜਿਉ ਜਸ, ਬਿਓਗ ਤੇ ਜਿਉ ਰਸ ਪੂਤ ਤੇ ਜਿਉ ਬੰਸੁਹਾਨੇ ॥**
**ਧਰਮ ਜਿਉ ਕ੍ਰੁੱਧ ਤੇ, ਭਰਮ ਸੁ ਬੁੱਧ ਕੇ ਚੰਡ ਕੇ ਜੁੱਯ ਤੇ ਦੈਤ ਪਰਾਨੇ ॥ ੧੪੬ ॥**

**ਅਰਥ:**--ਜਿਵੇਂ ਸੂਰਜ ਤੋਂ ਹਨੇਰਾ, ਜਿਵੇਂ (ਦੱਖਣ ਦੀ) ਹਵਾ ਤੋਂ ਬੱਦਲ, ਜਿਵੇਂ ਮੋਰ ਤੋਂ ਸੱਪ ਤਿਉਂ (ਦੇਵੀ ਤੋਂ ਦੈਂਤ) ਡਰ ਗਏ । ਜਿਵੇਂ ਸੂਰਮੇ ਤੋਂ ਕਾਇਰ, **ਝੂਠ ਤੋ ਸਿਆਣਪ,** ਅਤੇ ਸ਼ੇਰ ਤੋਂ ਹਰਣ ਝਟ-ਪਟ ਡਰ ਜਾਂਦਾ ਹੈ। ਜਿਵੇਂ ਸੂਮ ਤੋਂ ਜੱਸ, ਜਿਵੇਂ ਵਿਛੋੜੇ ਤੋਂ ਆਨੰਦ ਅਤੇ ਜਿਵੇਂ ਕਪੂਤ ਤੋਂ ਬੰਸ ਦਾ ਨਾਸ ਹੁੰਦਾ ਹੈ, ਜਿਵੇਂ ਕ੍ਰੋਧ ਤੋਂ ਧਰਮ, ਤੇ ਵਿਦਿਆ ਤੋਂ ਭਰਮ (ਭੱਜ ਜਾਂਦਾ ਹੈ, ਇਵੇਂ ਹੀ) ਚੰਡੀ ਦੇ ਜੁੱਧ ਤੋਂ ਦੈਂਤ ਭੱਜ ਗਏ ਹਨ । ੧੪੬ ।

**ਵਿਚਾਰ--**

(੧) ਉਪ੍ਰੋਕਤ ਚੌਥੀ ਪੰਗਤੀ ਵਿਚ ਲਿਖਾਰੀ ਨੇ ਲਿਖਿਆ ਹੈ ਕਿ **ਕ੍ਰੋਧ ਤੋਂ ਧਰਮ ਭੱਜ ਜਾਂਦਾ** ਹੈ, ਭਾਵ, ਸਦਾ ਦਾ ਕ੍ਰੋਧੀ ਮਨੁੱਖ ਕਦੇ ਧਰਮੀ ਨਹੀਂ ਰਹਿ ਸਕਦ । ਪਿੱਛੇ ਅਸੀਂ ਅਸਿਧੁਜ ਜੀ ਨੂੰ ਸਦਾ ਕ੍ਰੋਧ ਵਿਚ ਆਇਆ ਹੀ ਵੇਖਿਆ ਹੈ। ਲਿਖਾਰੀ ਦੀ ਮਤਿ ਅਨੁਸਾਰ ਧਰਮ ਨਾ ਦੀ ਸ਼ੈ ਸ੍ਰੀ ਅਸਧੁੱਜ ਜੀ ਨੇ ਨੇੜੇ ਤੇੜੇ ਵੀ ਕਦੇ ਨਹੀਂ ਢੁੱਕੀ ਹੋਣੀ। ਮਿੱਠ ਬੋਲੀ ਤਾਂ ਚੰਡਕਾ ਵੀ ਕਿਸੇ ਥਾਂ ਨਜ਼ਰ ਨਹੀਂ ਆਈ। ਸਦਾ ਕ੍ਰੋਧ ਅਗਨੀ ਦੇ ਹੀ ਫੁੰਕਾਰੇ ਵੱਜਦੇ ਨਜ਼ਰੀਂ ਆ ਰਹੇ ਹਨ। ਲਿਖਾਰੀ ਦੇ ਆਪਣੇ ਸਿਧਾਂਤ ਤੋਂ ਸਪੱਸ਼ਟ ਹੈ ਕਿ, ਅਜੇਹੇ ਕ੍ਰੋਧੀ ਭਾਵ, ਅਧਰਮੀ ਇਸ਼ਟਾਂ ਦੇ ਪੁਜਾਰੀ, ਕਦੇ ਵੀ ਧਰਮੀ ਅਥਵਾ ਸੱਚੇ ਸੁੱਚੇ ਕਦੇ ਨਹੀਂ ਹੋ ਸਕਦੇ।

(੨) ਝੂਠ ਦੇ ਪ੍ਰਭਾਵ ਦੇ ਕਾਰਨं ਸਿਆਣਪ ਦੇ ਭੱਜ ਜਾਣ ਵਾਲਾ ਤਜਰਬਾ, ਲਿਖਾਰੀ ਨੇ, ਖ਼ਾਲਸਾ ਪੰਥ ਤੋਂ ਹੀ ਕੀਤਾ ਅਨੁਭ ਹੁੰਦਾ ਹੈ। ਉਸ ਦੇ ਕੋਰੇ ਝੂਠ ਨੇ ਸਾਰੇ ਖ਼ਾਲਸਾ ਪੰਥ ਦੀ ਸਿਆਣਪ ਨੂੰ ਸ਼ਾਇਦ ਜੰਦਰੇ ਲਾ ਦਿੱਤੇ ਹਨ ? ਕੀ ਏਹੀ ਕਾਰਨ ਨਹੀਂ ਹੈ, ਕਿ ਪਹਿਲਾਂ ਬਿਨਾ ਕਿਸੇ ਇਤਿਹਾਸਕ ਸੱਚ ਦੇ U.P. ਵਿਚਲੇ ਉਨ੍ਹਾਂ ਉੱਚੇ ਪਹਾੜਾਂ ਤੇ ਹੇਮ ਕੁੰਡ ਸਾਹਬ ਤੀਰਥ ਸਿਰਜ ਲਿਆ ਜਿਹੜੇ (ਪਹਾੜ) ਸਾਰਾ ਸਾਲ ਬਰਫ਼ਾਂ ਨਾਲ ਢੱਕੇ ਰਹਿੰਦੇ ਹਨ ਅਤੇ ਜਿੱਥੇ ਆਕਸੀਜਨ ਦੀ ਘਾਟ ਦੇ ਕਾਰਨ ਸਾਹ ਲੈਣਾ ਵੀ ਔਖਾ ਬਣ ਰਿਹਾ ਹੁੰਦਾ ਹੈ। ਅਤੇ ਫਿਰ ਉਸ ਬਿਖੜੇ ਥਾਂ ਤੇ ਦਸ਼ਮੇਸ਼ ਜੀ ਨੂੰ ਆਪਣੇ ਸਿੱਖਾਂ ਦੀ ਨਿਰੰਤਰ ਉਡੀਕ ਕਰ ਰਹੇ ਖੜੇ ਦਰਸਾ ਦਿੱਤਾ ?

## ੧੫- ਘੋੜਿਆਂ ਦੇ ਖੁਰਾਂ ਨਾਲ ਧਰਤੀ ਧੂੜ ਬਣ ਕਜੇ ਉੱਡ ਗਈ ?

**ਧੂਰ ਉਡੀ ਖੁਰਰ ਪੂਨ ਤੇ ਪਥ ਊਰਧ ਹੁਇ ਰਵਿ ਮੰਡਲ ਛਾਏ ॥**
**ਮਾਨਹੁ ਫੇਰ ਰਚੇ ਬਿਧਿ ਲੋਕਧਰਾ ਖਟ ਆਠ ਅਕਾਸ ਬਣਾਏ ॥ ੧੪੭ ॥**

**ਅਰਥ:**--(ਘੋੜਿਆਂ) ਦੇ ਖੁਰਾਂ ਨਾਲ ਜੋ ਧੂੜ ਉੱਡੀ, ਉਸ ਨੇ ਸੂਰਜ ਮੰਡਲ ਨੂੰ ਇਉ ਢੱਕ ਦਿੱਤਾ, ਮਾਨੋ ਬ੍ਰਹਮਾ ਨੇ ਮੁੜਕੇ ੧੪ ਲੋਕ ਰਚੇ ਹਨ, ਜਿੰਨ੍ਹਾਂ ਵਿਚ ਧਰਤੀਆਂ ਛੇ ਤੇ ਆਕਾਸ਼ ਅਠ ਹਨ, (ਅਰਥਾਤ) ਇਕ ਧਰਤੀ ਉਡ ਕੇ ਆਕਾਸ਼ ਬਣ ਗਈ ਹੈ, ਇਸ ਲਈ ਧਰਤੀਆਂ **ਸੱਤਾਂ ਤੋਂ ਛੇ** ਰਹਿ ਗਈਆਂ ਤੇ **ਅਕਾਸ਼ ਸੱਤਾਂ ਤੋਂ ਅੱਠ** ਹੋ ਗਏ ਹਨ ।

**ਸ਼ੰਕਾ--** ਕੀ, ਗੁਰਮਤਿ ਨੇ ਧਰਤੀਆਂ ਦੀ ਅਥਵਾ ਆਕਾਸ਼ਾਂ ਦੀ ਕੋਈ ਗਿਣਤੀ ਦੱਸੀ ਹੈ, ਜਾਂ ਗਿਣਤੀ ਦਾ ਕੋਈ ਅਨੁਮਾਣ ਲਾਇਆ ਹੈ ? ਕੀ, ਇਹ ਅਠਵਾਂ ਅਕਾਸ਼ ਸਿਰਜੇ ਜਾਣ ਦਾ ਅਨੁਮਾਣ ਜਾਂ ਅਲੰਕਾਰ, ਕਿਤੇ, ਕਾਦਰ ਦੀ ਬੇ-ਅੰਤਤਾਈ ਵਾਲੇ ਗੁਰਮਤਿ ਸਿਧਾਂਤ ਨੂੰ ਸ਼ੱਕੀ ਬਨਾਉਂਣ ਲਈ ਕੋਈ ਸ਼ਰਾਰਤ ਹੀ ਤਾਂ ਨਹੀਂ ਹੈ ਜੀ ?

**ਧਰਤੀਆਂ ਆਕਾਸ਼ਾਂ ਦੀ ਗਿਣਤੀ ਅਤੇ ਗੁਰਮਤਿ:--**

ਕੋਈ ਭਾਵੇ ਕਿੱਡਾ ਵੀ ਸਾਧਕ (ਜਾਂ ਵਗਿਆਨੀ) ਹੋਵੇ, ਕਰਤਾਰ ਦੇ ਕੀਤੇ ਸ੍ਰਿਸ਼ਟੀ-ਪਸਾਰੇ ਦੀ ਪੂਰੀ ਟੋਹ ਕਦੇ ਨਹੀਂ ਲਾ ਸਕਦਾ।

ਆਕਾਸ਼ਾਂ ਪਾਤਾਲਾਂ ਦੀ ਗਿਣਤੀ ਦਾ ਅੰਦਾਜ਼ਾਂ ਤਾਂ, ਬ੍ਰਾਹਮਣ ਦੇ ਵੇਦਾਂ ਆਦਿ ਕੋਲ, ਹਜ਼ਾਰਾਂ ਆਲਮਾਂ ਕੋਲ, ਅਥਵਾ ਈਸਾਈਆਂ ਦੇ ਗ੍ਰੰਥਾਂ ਕੋਲ ਵੀ ਕੋਈ ਨਹੀਂ ਹੈ:--

੨੯- **ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥**
**ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥**
**ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ ੨੨॥** {੫}

ਕੁਦਰਟ ਦੇ ਅਪਾਰ ਖਿਲਾਰੇ ਬਾਰੇ ਕਿਸੇ ਵੀ ਤਰ੍ਹਾਂ ਦੇ ਹਿਸਾਬ ਕਿਤਾਬ (ਧਰਤੀਆਂ **ਸਤਾਂ** ਤੋਂ **ਛੇ** ਅਤੇ ਅਕਾਸ਼ ਸੱਤਾਂ ਤੋਂ **ਅੱਠ**) ਦੀ ਗੱਲ ਕਰਨ ਵਾਲੇ ਨੂੰ ਸਤਿਗੁਰਾਂ ਨੇ ਬੜਬੋਲਾ ਅਤੇ ਜਾਂ ਵਡਾ ਮੂਰਖ ਫ਼ੁਰਮਾਨ ਕੀਤਾ ਹੈ--**ਜੇ ਕੋ ਆਖੈ ਬੋਲੁਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥** ਭਰਮਾ ਦਾ ਨਾਸ ਕਰਨ ਆਏ ਸਤਿਗੁਰਾਂ ਨੇ ਆਪਣੇ ਪਹਿਲੇ ਜੋਤਿ-ਸਰੂਪ ਤੋਂ ਹੀ ਅਜੇਹਾ ਅਲੰਕਾਰ ਵੀ ਕਦੇ ਨਹੀਂ ਸੀ ਵਰਤਿਆ

ਜਿਸ ਤੋਂ ਉਨ੍ਹਾਂ ਦੇ ਆਪਣੇ ਹੀ ਲਿਖੇ ਦੀ ਖੰਡਨਾ ਹੁੰਦੀ ਹੋਵੇ। ਗੁਰੂ ਤਾਂ ਹੁੰਦਾ ਹੀ ਉਹ ਹੈ ਜਿਸ ਦੇ ਉਪਦੇਸ਼ ਤੋ, ਲਿਖੇ ਤੋ, ਹਰ ਵੇਲੇ ਦੀ ਬੋਲ ਚਾਲ ਤੋਂ, ਰਹਿਣ ਸਹਿਣ ਤੋ, ਗੱਲ ਕੀ ਜਿਸ ਦੀ ਜ਼ਿੰਦਗੀ ਦੇ ਹਰ ਪੱਖ ਤੋਂ ਸੰਸਾਰ ਨੂੰ ਨਿਰੰਤਰ ਗਿਆਨ ਮਿਲ ਰਿਹਾ ਹੋਏ। ਲੋਕਾਂ ਦੇ ਮਨਾਂ ਅੰਦਰ ਕਿਸੇ ਵੀ ਪ੍ਰਕਾਰ ਦਾ ਅਣਹੋਂਦਾ ਭਰਮ ਪਾਉਣ ਵਾਲਾ ਮਨੁੱਖਤਾ ਦਾ ਸੱਜਣ ਕਦੇ ਨਹੀਂ ਹੋ ਸਕਦਾ। ਜੇ ਬ੍ਰਾਹਮਣੀ ਗ੍ਰੰਥਾਂ ਦੇ ਉਲਥੇ ਵਾਲੀ ਮਜਬੂਰੀ ਵੀ ਹੁੰਦੀ, ਤਾਂ ਦਸ਼ਮੇਸ਼ ਜੀ ਨੇ ਕਿਸੇ ਟੂਕ ਵਿਚ ਆਪਣੇ ਵਲੋਂ ਭਰਮ ਵਿਚ ਨਾ ਫਸਣ ਦਾ ਇਸ਼ਾਰਾ ਜ਼ਰੂਰ ਲਿਖ ਦੇਣਾ ਸੀ। ਪਰ ਅਸਾਂ ਤਾਂ ਕਸਮ ਖਾ ਲਈ ਹੋਈ ਹੈ, ਕਿ ਦਸਮ ਗ੍ਰੰਥ ਜੀ ਦੀ ਬਾਣੀ ਦੇ ਟਾਕਰੇ ਤੇ ਗੁਰਮਤਿ-ਬਿਬੇਕਤਾ ਨੂੰ ਆਪਣੇ ਨੇੜੇ ਨਹੀਂ ਭਟਕਣ ਦੇਣਾ ?

ਕੇਵਲ ਜਪੁ ਸਾਹਿਬ ਦੀ ਗੱਲ ਹੀ ਨਹੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤਾਂ ਕਈ ਪਾਵਨ ਗੁਰੂ-ਸ਼ਬਦਾਂ ਦੁਆਰਾ ਅਗੰਮ ਅਗੋਚਰ ਸਿਰਜਣਹਾਰ ਦੇ ਸ੍ਰਿਸ਼ਟੀ ਰਚਨਾ ਦੇ ਪਸਾਰੇ ਨੂੰ **ਅਮਿਤ** ਅਤੇ **ਅਨਿਤ** ਅਥਵਾ ਅਨਿਕ, ਅਨਿਕ, ਅਨਿਕ ਫ਼ੁਰਮਾਨ ਕੀਤਾ ਹੈ। ਉਦਾਹਰਣ ਵਜੋ :--

**੩●- ਸਾਰਗ ਮਹਲਾ ੫ ਅਸਟਪਦੀ ਘਰੁ ੬ ੧ੴ ਸਤਿਗੁਰ ਪ੍ਰਸਾਦਿ ॥**

**ਅਗਮ ਅਗਾਧਿ ਸੁਨਹੁ ਜਨ ਕਥਾ ॥ ਪਾਰਬ੍ਰਹਮ ਕੀ ਅਚਰਜ ਸਭਾ ॥੧॥ ਰਹਾਉ ॥ ਸਦਾ ਸਦਾ ਸਤਿਗੁਰ ਨਮਸਕਾਰ ॥ ਗੁਰ ਕਿਰਪਾ ਤੇ ਗੁਨ ਗਾਇ ਅਪਾਰ ॥ ਮਨ ਭੀਤਰਿ ਹੋਵੈ ਪਰਗਾਸੁ ॥ ਗਿਆਨ ਅੰਜਨੁ ਅਗਿਆਨ ਬਿਨਾਸੁ ॥੧॥ ਮਿਤਿ ਨਾਹੀ ਜਾ ਕਾ ਬਿਸਥਾਰੁ ॥ ਸੋਭਾ ਤਾ ਕੀ ਅਪਰ ਅਪਾਰ ॥ ਅਨਿਕ ਰੰਗ ਜਾ ਕੇ ਗਨੇ ਨ ਜਾਹਿ ॥ ਸੋਗ ਹਰਖ ਦੁਹਹੂ ਮਹਿ ਨਾਹਿ ॥੨॥ ਅਨਿਕ ਬ੍ਰਹਮੇ ਜਾ ਕੇ ਬੇਦ ਧੁਨਿ ਕਰਹਿ ॥ ਅਨਿਕ ਮਹੇਸ ਬੈਸਿ ਧਿਆਨੁ ਧਰਹਿ ॥ ਅਨਿਕ ਪੁਰਖ ਅੰਸਾ ਅਵਤਾਰ ॥ ਅਨਿਕ ਇੰਦ੍ਰ ਊਭੇ ਦਰਬਾਰ ॥੩॥ ਅਨਿਕ ਪਵਨ ਪਾਵਕ ਅਰੁ ਨੀਰ ॥ ਅਨਿਕ ਰਤਨ ਸਾਗਰ ਦਧਿ ਖੀਰ ॥ ਅਨਿਕ ਸੂਰ ਸਸੀਅਰ ਨਖਿਆਤਿ ॥ ਅਨਿਕ ਦੇਵੀ ਦੇਵਾ ਬਹੁ ਭਾਂਤਿ ॥੪॥ ਅਨਿਕ ਬਸੁਧਾ ਅਨਿਕ ਕਾਮਧੇਨ ॥ ਅਨਿਕ ਪਾਰਜਾਤ ਅਨਿਕ ਮੁਖਿ ਬੇਨ ॥ ਅਨਿਕ ਅਕਾਸ ਅਨਿਕ ਪਾਤਾਲ ॥ ਅਨਿਕ ਮੁਖੀ ਜਪੀਐ ਗੋਪਾਲ ॥੫॥ ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ ॥ ਅਨਿਕ ਜੁਗਤਿ ਹੋਵਤ ਬਖਿਆਨ ॥ ਅਨਿਕ ਸਰੋਤੇ ਸੁਨਹਿ ਨਿਧਾਨ ॥ ਸਰਬ ਜੀਅ ਪੂਰਨ ਭਗਵਾਨ ॥੬॥ ਅਨਿਕ ਧਰਮ ਅਨਿਕ ਕੁਮੇਰ ॥ ਅਨਿਕ ਬਰਨ ਅਨਿਕ ਕਨਿਕ ਸੁਮੇਰ ॥ ਅਨਿਕ ਸੇਖ ਨਵਤਨ ਨਾਮੁ ਲੇਹਿ ॥ ਪਾਰਬ੍ਰਹਮ ਕਾ ਅੰਤੁ ਨ ਤੇਹਿ ॥੭॥ ਅਨਿਕ ਪੁਰੀਆ ਅਨਿਕ ਤਹ ਖੰਡ ॥ ਅਨਿਕ ਰੂਪ ਰੰਗ ਬ੍ਰਹਮੰਡ ॥ ਅਨਿਕ ਬਨਾ ਅਨਿਕ ਫਲ ਮੂਲ ॥ ਆਪਹਿ ਸੂਖਮ ਆਪਹਿ ਅਸਥੂਲ ॥੮॥ ਅਨਿਕ ਜੁਗਾਦਿ ਦਿਨਸ ਅਰੁ ਰਾਤਿ ॥ ਅਨਿਕ ਪਰਲਉ ਅਨਿਕ ਉਤਪਾਤਿ ॥ ਅਨਿਕ ਜੀਅ ਜਾ ਕੇ ਗ੍ਰਿਹ ਮਾਹਿ ॥ ਰਮਤ ਰਾਮ ਪੂਰਨ ਸ੍ਰਬ ਠਾਂਇ ॥੯॥ ਅਨਿਕ ਮਾਇਆ ਜਾ ਕੀ ਲਖੀ ਨ ਜਾਇ ॥ ਅਨਿਕ ਕਲਾ ਖੇਲੈ ਹਰਿ ਰਾਇ ॥ ਅਨਿਕ ਧੁਨਿਤ ਲਲਿਤ ਸੰਗੀਤ ॥ ਅਨਿਕ ਗੁਪਤ ਪ੍ਰਗਟੇ ਤਹ ਚੀਤ ॥੧●॥ ਸਭ ਤੇ ਊਚ ਭਗਤ ਜਾ ਕੈ ਸੰਗਿ ॥ ਆਠ ਪਹਰ ਗੁਨ ਗਾਵਹਿ ਰੰਗਿ ॥ ਅਨਿਕ ਅਨਾਹਦ ਆਨੰਦ ਝੁਨਕਾਰ ॥ ਉਆ ਰਸ ਕਾ ਕਛੁ ਅੰਤੁ ਨ ਪਾਰ ॥੧੧॥ ਸਤਿ ਪੁਰਖੁ ਸਤਿ ਅਸਥਾਨੁ ॥ ਊਚ ਤੇ ਊਚ ਨਿਰਮਲ ਨਿਰਬਾਨੁ ॥ ਅਪੁਨਾ ਕੀਆ ਜਾਨਹਿ ਆਪਿ ॥ ਆਪੇ ਘਟਿ ਘਟਿ ਰਹਿਓ ਬਿਆਪਿ ॥ ਕ੍ਰਿਪਾ ਨਿਧਾਨ ਨਾਨਕ ਦਇਆਲ ॥ ਜਿਨਿ ਜਪਿਆ ਨਾਨਕ ਤੇ ਭਏ ਨਿਹਾਲ ॥੧੨॥੧॥੨॥੨॥੩॥੭॥** {੧੨੩੫-੩੬}

ਉਸ ਦੇ ਅਪਾਰ ਪਸਾਰੇ ਵਿਚ ਕੀ ਪਤਾ ਕਿੰਨੇ ਬ੍ਰਹਮੇ ਅਤੇ ਕਿੰਨੇ ਇੰਦ੍ਰ ਆਦਿ ਦੇਵੀ ਦੇਵਤੇ ਹਨ। ਕਿਸ ਮਹੇਸ਼ ਦੀ ਗੱਲ ਲੈ ਬੈਠੇ ਹੋ ਉਥੇ ਤਾਂ ਇਸ ਨਾਂਮ ਵਾਲੇ ਅਨੇਕਾਂ ਹੀ ਮਹੇਸ਼ ਸਮਾਧੀਆਂ ਲਾਈ ਬੈਠੇ ਹੋਣਗੇ? ਅਜੇਹੇ ਸੁੱਚੇ ਅਤੇ ਅਟੱਲ ਸਚਾਈ ਵਾਲੇ ਅਨਮੋਲ ਰਤਨਾ ਭਰਪੂਰ ਗਿਆਨ ਦੀ ਖਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁੰਦਿਆਂ ਨਿਰੇ ਝੂਠ ਨਾਲ ਭਰਿਆਂ ਕੋਈ ਗ੍ਰੰਥ, ਦਸਮ ਸ੍ਰੀ ਗੁਰੂ ਨਾਨਕ ਜੀ ਨੇ ਕਿਸ ਮਜਬੂਰੀ ਕਾਰਨ ਲਿਖਣਾ ਸੀ?

## ੧੬- ਰਕਤਬੀਜ ਦੇ ਖ਼ੂੰਨ ਤੋਂ ਰਕਤਬੀਜ ? ਹੁਣ ਦੁਰਗਾ ਦੇ ਮੱਥੇ ਵਿਚੋਂ ਕਾਲੀ?

ਫੌਜ ਦਾ ਸੰਘਾਰ ਕਰ ਰਹੀ ਚੰਡਕਾ ਨਾਲ ਰਕਤਬੀਜ ਦੈਂਤ ਦੀ ਟੱਕਰ ਹੋ ਗਈ। ਰਕਤ ਬੀਜ ਤੇ ਖ਼ੂੰਨ ਤੋਂ ਅਨੇਕਾਂ ਹੋਰ ਰਕਤ ਬੀਜ ਪੈਦਾ ਹੁੰਦੇ ਗਏ। ਚੰਡੀ ਨੇ ਬਥੇਰੇ ਮਾਰੇ ਪਾਰ ਦੁਗਨੀ ਗਿਣਤੀ ਵਿਚ ਹੋਰ ਤੋਂ ਹੋਰ ਦੈਂਤ ਪੈਦਾ ਹੁੰਦੇ ਗਏ। ਆਖ਼ਰ ਦੇਵੀ ਬੇਵੱਸ ਹੋ ਗਈ ਤੇ:--

**ਦੋਹਰਾ ॥ ਰਕਤਬੀਜ ਸੋ ਚੰਡਕਾ ਇਉ ਬਰ ਜੁੱਧੁ ॥ ਅਗਨਤ ਭਏ ਦਾਨਵ ਤਬੈ ਨ ਬਸਾਇਓ ਕ੍ਰੁੱਧ ॥ ੧੬੩ ॥**

**ਅਰਥ:**-ਜਦ ਰਕਤ ਬੀਜ ਨਾਲ ਚੰਡਕਾ ਨੇ ਘੋਰ ਯੁੱਧ ਕੀਤਾ, ਪਰ ਦੈਂਤ ਹੋਰ ਪੈਦਾ ਹੁੰਦੇ ਗਏ ਅਤੇ ਦੇਵੀ ਦ ਕ੍ਰੋਧ (ਧਰਮ ਨਾਸ ਕਰ ਦੇਣ ਵਾਲੇ ਕ੍ਰੋਧ ?) ਦਾ ਕੋਈ ਵੱਸ ਨਾ ਚਲਿਆ। ੧੬੩।

ਫਿਰ ਜਦ ਪੈਦਾ ਹੋ ਰਹੇ ਦੈਂਤਾਂ ਨੇ ਚੰਡੀ ਨੂੰ ਘੇਰੇ ਵਿਚ ਰੱਖ ਲਿਆ ਤਾਂ ਬੜੇ ਕ੍ਰੋਧ ਨਾਲ ਦੁਰਗਾ ਨੇ ਆਪਣੇ ਮੱਥੇ ਵਿਚੋਂ ਅੱਗ ਦੀ ਲਾਟ ਕੱਢੀ ਤਾਂ ਉਸ ਵਿਚੋਂ ਕਾਲੀ ਪ੍ਰਗਟ ਹੋ ਗਈ। ਅਖੇ ਕਾਲੀ ਇਉ ਪ੍ਰਗਟ ਹੋਈ ਜਿਵੇਂ ਸੁਮੇਰ ਤੇ ਟਿੱਲੇ ਨੂੰ ਭੰਨਕੇ, ਧਰਤੀ ਉਤੇ ਜਮਨਾ ਦੀ ਧਾਰ ਆਣ ਪਈ ਹੋਵੇ---**ਮਾਨਹੁ ਸਿਰੰਗ ਕੋ ਫੋਰਿ ਕੈ ਧਾਰ ਪਰੀ ਧਰ ਪੈ ਜਮੁਨਾ ਕੀ ॥ ੧੬੫ ॥ ਕਾਲੀ** ਪ੍ਰਗਟ ਤਾਂ ਭਾਵੇਂ ਚੰਡਕਾ ਦੇ ਮੱਥੇ ਵਿਚੋਂ ਹੋਈ ਸੀ ਪਰ) **ਪਹਾੜਾਂ ਜਿੱਡੇ ਝੂਠ ਦੀ ਪੂਜਾ** ਕਰਵਾ ਸਕਣ ਵਿਚ ਸਫ਼ਲ ਹੁੰਦਾ ਆ ਰਿਹਾ ਲਿਖਾਰੀ ਲਿਖਦਾ ਹੈ ਕਿ---

**ਸਵੈਯਾ ॥**

**ਮੇਰੁ ਹਲਿਓ ਦਹਲਿਓ ਸੁਰਲੋਕੁ ਦਸੋ ਦਿਸ ਭੂਧਰ ਭਾਜਤ ਭਾਰੀ ॥**
**ਚਾਲਿ ਪਰਿਓ ਤਿਹ ਚਉਦਹਿ ਲੋਕੁ ਮੈ ਬ੍ਰਹਮ ਭਇਓ ਮਨ ਭ੍ਰਮ ਭਾਰੀ ॥**
**ਧਿਆਨ ਰਹਿਓ ਨ ਜਟੀਸੁ ਫਟੀਧਰ ਯੌਂ ਬਲਿਕੈ ਰਨ ਮੈ ਕਿਲਕਾਰੀ ॥**
**ਦੈਤਨ ਕੇ ਬਧਿ ਕਾਰਨ ਕੋ ਕਰ ਕਾਲਸੀ ਕਾਲੀ ਕ੍ਰਿਪਾਨ ਸੰਭਾਰੀ ॥ ੧੬੬॥**

ਅਰਥ:--ਓਦੋਂ ਸੁਮੇਰ ਹਿੱਲ ਗਿਆ, ਸ੍ਵਰਗ ਲੋਕ ਸਹਿਮ ਗਿਆ ਅਤੇ ਦਸਾਂ ਦਿਸ਼ਾਂ **ਵਿਚ ਵਡੇ ਵੱਡੇ ਪਹਾੜ ਭੱਜਣ ਲੱਗ ਪਏ** । [ ਪੁਰਾਣਾ ਦੀਆਂ ਕਹਾਣੀਆਂ ਅਨੁਸਾਰ ਭੱਜਨ ਦਾ ਅਰਥ ਦੋੜਨਾ ਵੀ ਠੀਕ ਹੈ, ਏਥੇ ਸ਼ਾਇਦ ਚੂਰ ਚੂਰ ਹੋ ਗਏ ਬਣਦੇ ਹੋਣ ? ਪੰਡਿਤ ਨਰੈਣ ਸਿੰਘ ਜੀ ਨੇ ਭਾਜਤ ਦਾ ਅਰਥ ਭੱਜਣ ਹੀ ਲਿਖਿਆ ਹੈ)। ਤਦੋ ਚੌਦਾਂ ਲੋਕਾਂ ਵਿਚ ਹਲਚਲੀ ਪੈ ਗਈ ਅਤੇ ਬ੍ਰਹਮਾਂ ਦੇ ਮਨ ਵਿਚ ਭੀ ਭਾਰੀ ਭਰਮ ਪੈ ਗਿਆ। (ਬ੍ਰਹਮਾ ਨੂੰ ਭਰਮ ਪੈਣ ਦਾ ਕਾਰਨ ਕੀ ਸੀ ? ਲਿਖਾਰੀ ਹੀ ਜਾਣੇ।) ਰਣ ਵਿਚ ਕਾਲੀ ਨੇ ਅਜੇਹੀ ਕਿਲਕਾਰੀ ਮਾਰੀ ਕਿ ਸ਼ਿਵ ਜੀ ਦਾ ਧਿਆਨ ਨਾਂ ਜੁੜਿਆ ਰਿਹਾ । ਦੈਂਤਾ ਨੂੰ ਮਾਰਨ ਲਈ ਕਾਲੀ ਨੇ ਕਾਲ ਵਰਗੀ ਕਿਰਪਾਨ ਫੜ ਲਈ । ੧੬੬ ।

ਜਿਸ ਦੀ ਕਿਲਕਾਰੀ ਨਾਲ ਹੀ ਵਡੇ ਵੱਡੇ ਪਹਾੜ ਚੂਰ ਚੂਰ ਹੋ ਗਏ ਸਨ ਉਸ ਨੂੰ ਕਿਰਪਾਨ ਫੜਨ ਦੀ ਕੀ ਲੋੜ ? ਇਹ ਤਾਂ ਆਪਣੀ ਮਾਂ ਚੰਡਕਾ ਦੀ ਵੀ **ਮਾਂ** ਹੋ ਨਿਕਲੀ। ਹਨੂੰਮਾਨ ਨੇ ਜਨਮ ਲੈਂਦੇ ਸਾਰ ਸੂਰਜ ਨਿਗਲ ਲਿਆ, ਏਧਰ ਕਾਲੀ ਨੇ ਪੈਦਾ ਹੁੰਦੇ ਸਾਰ ਹੀ ਵੱਡੇ ਵੱਡੇ ਭਗਵਾਨਾ ਸਮੇਤ ਸਾਰੇ ਸੰਸਾਰ ਨੂੰ ਜੋ ਕਾਂਬਾ ਛੇੜਿਆ, ਉਹ ਵੀ ਕੋਈ ਘੱਟ ਸਾਕਾ ਨਹੀਂ ਹੈ :---

ਚੰਡਕਾ ਨੇ ਕਾਲੀ ਨਾਲ ਮਸ਼ਵਰਾ ਕੀਤਾ ਕਿ ਮੈਂ ਦੈਂਤਾਂ ਨੂੰ ਮਾਰੀ ਜਾਂਦੀ ਹਾਂ ਅਤੇ ਤੂੰ ਉਨ੍ਹਾਂ ਦਾ ਲਹੂ ਛਕੀ ਜਾਂਈ। ਆਪਣੀ ਸਵਾਰੀ ਸ਼ੇਰ ਨੂੰ ਤਿੱਖਾ ਕੀਤਾ ਅਤੇ ਸਾਰੇ ਦੈਂਤ ਇਕ ਥਾਂ ਘੇਰ ਲਏ।--**ਚੰਡ ਬਾਨਨ ਤੇਜ ਪ੍ਰਭਾਵ ਤੇ ਦੈਤ ਜਰੇ ਜੈਸੇ ਈਟ ਅਵਾ ਪੈ ॥**--ਚੰਡੀ ਦੇ ਤੀਰਾਂ ਨਾਲ ਦੈਂਤ ਇਉ ਸੜ ਗਏ ਜਿਵੇਂ ਆਵੇ ਵਿਚ ਇੱਟਾ ਸੜਦੀਆਂ ਹਨ।-- ਏਧਰ--

ਕਾਲਕਾ ਸ੍ਰਉਨ ਪੀਓ ਤਿਨ ਕੋ ਕਵਿ ਨੇ ਮਨ ਮੈ ਲੀਯੋ ਭਾਉ ਭਵਾ ਪੈ ॥
ਮਾਨਹੁ ਸਿੰਧਕੋ ਨੀਰ ਸਬੋਮਿਲਿ ਧਾਇਕੈ ਜਾਇ ਪਰੈ ਹੈ ਤਵਾਪੈ * ॥ ੧੬੮ ॥

ਭਾਵ, **ਦੈਂਤਾਂ ਦਾ ਲਹੂ ਕਾਲਕਾ ਦੇਵੀ ਦੇ ਸੰਘ ਵਿਚ** ਇਉ ਪੈ ਰਿਹਾ ਸੀ ਜਿਵੇਂ **ਸਾਰੇ ਸਮੁੰਦਰਾਂ ਦਾ ਪਾਣੀ ਵੱਡੇ ਮਘੋਰੇ ਵਿਚ ਪੈ ਰਿਹਾ ਹੋਵੇ** ।

*[ Foot note:--ਪੰਡਿਤ ਨਰੈਨ ਸਿੰਘ ਅਨੁਸਾਰ ਪੁਰਾਤਨ ਰਵਾਯਤ ਹੈ, ਕਿ ਸਮੁਦਰਾਂ ਵਿਚਾਲੇ ਇੱਕ ' ਗਾਰ ' (ਮਘੋਰਾ) ਹੈ, ਜਿਸ ਵਿਚ ਸਾਰੇ ਸਮੁੰਦਰਾਂ ਦਾ ਪਾਣੀ ਗਰਕ ਹੁੰਦਾ ਹੈ ਅਤੇ ਉਹ ਕਦੇ ਭਰਦਾ ਨਹੀਂ। ਭਾਈ ਗੁਰਦਾਸ ਜੀ ਨੇ ਉਸ ਮਘੋਰੇ ਨੂੰ " ਗੜਾੜ " ਕਿਹਾ ਹੈ--ਤਸ ਸਮੁੰਦਰ ਗੜਾੜ ਮਹਿੰ ਜਾਇ ਸਮਾਇ ਨ ਪਟੇ ਭਰਾਵੈਂ ॥ ]

ਅਸੀਂ ਅੱਜ ਤੱਕ ਏਹੀ ਸਮਝਦੇ ਰਹੇ ਸਾਂ ਕਿ, ਅਗਸਤ ਮੁਨੀ ਜੀ ਦੇ ਢਿੱਡ ਵਿਚ ਸਾਰੇ ਸਮੁੰਦਰਾਂ ਦਾ ਪਾਣੀ ਸਮਾ ਜਾਣ ਵਾਲੀ ਕਥਾ ਹੀ ਸਭ ਤੋਂ ਵੱਡੀ ਗੱਪ ਹੈ, ਪਰ ਕਾਲੀ ਦੇਵੀ ਦੇ ਸੰਘ ਅੰਦਰ ਖ਼ੁਨ ਪੈਣ ਵਾਲੀ ਇਹ ਗਾਥਾ-ਰੂਪ ਗੱਪ ਨੇ ਤਾਂ ਉਸ ਅਪਾਰ ਝੂਠ ਦਾ ਵੀ ਲੱਕ ਭੰਨ ਕੇ ਰੱਖ ਦਿੱਤਾ ਹੈ। ਕਾਲਕਾ ਮਾਈ ਦਾ ਢਿਡ ਭਰਨ ਲਈ ਸ਼ਾਇਦ ਨਿਰਾ ਖ਼ੂਨ ਕਾਫ਼ੀ ਨਾ ਹੋ ਸਕਿਆ--**ਆਮਿਖ ਸ੍ਰੋਬ ਅਚਿਓ ਬਹੁ ਕਾਲਕਾ**-- ਉਸ ਭਿਅੰਕਰ ਦੇਵੀ ਨੇ--**ਅਸਤਿ ਚਰਮ ਬਿਸ਼ਟਾ ਕੇ ਮੂੰਦੇ, ਦੁਰਗੰਧ ਹੀ ਕੇ ਬੇਢੇ** ॥ [੧੧੨੪] ਸਮੂਲਚੇ ਸਰੀਰਾਂ-ਰੂਪ ਆਮਿਖ (=ਮਾਸ) ਦਾ ਵੀ ਅਪਾਰ ਭਖਸ਼ਨ ਕੀਤਾ। ਦੁਰਗਾ ਮਾਂ ਮਾਰੀ ਗਈ ਉਸ ਦੀ ਪੁਤਰੀ ਕਲਕਾ ਛਕੀ ਗਈ ॥ (੧੬੯)

ਪੁਸਤਕ--ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ--ਦੇ ਪਹਿਲੇ ਹਿੱਸੇ ਵਿਚ ਖੋਹਲ ਕੇ ਲਿਖਿਆ ਹੈ ਕਿ ਜਿਹੜੇ ਐਬ ਬ੍ਰਾਹਮਣ ਦੇ ਆਪਣੇ ਆਚਰਨ ਵਿਚ ਆ ਚੁੱਕੇ ਸਨ ਉਹ ਸਾਰੇ ਐਬ ਉਸ ਨੇ ਦੇਵੀ ਦੇਵਤਿਆਂ ਦੇ ਆਚਰਨ ਵਿਚ ਦਰਸਾ ਕੇ ਧਰਮ ਦਾ ਅੰਗ ਬਣਾ ਲਏ। ਇਸਤ੍ਰੀ ਤੇ ਮਰਦ ਦੇ ਪਰਦੇ ਵਾਲੇ ਅੰਗਾਂ ਦੀ ਪੂਜਾ ਮੰਦਰਾਂ ਵਿਚ ਹੋਣ ਲੱਗ ਪਈ, ਜੋ ਅੱਜ ਵੀ ਹੋ ਰਹੀ ਹੈ। ਇਸਤ੍ਰੀ ਰੂਪ ਦੇਵੀ ਕਿਲਾਕਾਰੀਆਂ ਮਾਰਦੀ ਮਨੁੱਖੀ ਮਾਸ ਦਾ ਭਖ਼ਸ਼ਨ ਕਰ ਰਹੀ ਹੈ?

ਕੇਵਲ ਕਾਲਕਾ ਹੀ ਨਹੀਂ ਸਗੋਂ ਦੈਂਤਾਂ ਦਾ ਲਹੂ ਪੀਣ ਲਈ ਹੱਥਾਂ ਵਿਚ ਖੱਪਰ ਫੜੇ, ਜੋਗਣੀਆਂ **ਵੀ ਆ ਗਈਆਂ**।--**ਜੁਗਨਿ ਆਨ ਫਿਰੀ ਚਹੂੰ ਓਰ ਤੇ ਸੀਸ ਜਟਾ ਕਰ ਖੱਪਰ ਧਾਰੇ ॥ ਸ੍ਰੋਨਤ ਬੂੰਦ ਪਰੈ ਅਚਵੈ ਸਭ ਖੱਗ ਲੈ ਚੰਡ ਪ੍ਰਚੰਡ ਸੰਘਾਰੇ ॥ ੧੭੦ ॥** ਇਉ ਲਿਖ ਨੇ ਰਕਤ ਬੀਜ ਨਾਲ ਛਿੜੇ ਜੁੱਧ ਦਾ ਭੋਗ ਪਾਇਆ:--

**ਕਾਲੀ ਅਉ ਚੰਡ ਕੁਵੰਡ ਸੰਭਾਰਕੈ ਦੈਤ ਸੋ ਜੁੱਧ ਨਿਸੰਗ ਸਜਿਓ ਹੈ ॥**
**ਮਾਰ ਮਹਾਂ ਰਨ ਮੱਧ ਭਈ ਪਹਰੇਕ ਲਉ ਸਾਰ ਸੋ ਸਾਰ ਬਜਿਓ ਹੈ ॥**
**ਸ੍ਰਉਨਤਬਿੰਦ ਗਿਰਿਓ ਧਰਨੀ ਪਰ ਇਉ ਅਸਿ ਸੋ ਅਰਿ ਸੀਸ ਭਜਿਓ ਹੈ ॥**
**ਮਾਨੋ ਅਤੀਤ ਕਰਿਯੋ ਚਿਤ ਕੋ ਧਨਵੰਤ ਸਭੈ ਧਨ ਮਾਲ ਤਹਿਓ ਹੈ ॥ ੧੭੧ ॥**

**ਸੋਰਠਾ ॥**

**ਚੰਡੀ ਦਇਓ ਬਿਦਾਰ ਸ੍ਰਉਨ ਪਾਨ ਕਾਲੀ ਕਰਿਓ ॥**
**ਛਿਨ ਮੋਹਿ ਡਾਰਿਓ ਮਾਰ ਸ੍ਰਉਨਤ ਬਿੰਦ ਦਾਨਵ ਮਹਾਂ ॥ ੧੭੨ ॥**

**ਭਾਵ,** ਚੰਡੀ ਨੇ ਨਾਸ ਕੀਤਾ ਹੈ ਅਤੇ ਕਾਲੀ ਨੇ ਲਹੂ ਪੀਤਾ ਹੈ, ਇਸ ਤਰ੍ਹਾਂ ਦੋਹਾਂ ਨੇ ਮਿਲਕੇ ਵਡੇ ਦੈਂਤ ਰਕਤਬੀਜ ਨੂੰ ਛਿਨ ਵਿਚ ਮਾਰ ਦਿੱਤਾ । ਕੀ ਇਹ ਛਿਨ ਵਿਚ ਮਾਰਨ ਵਾਲੀ ਗੱਲ ਸੱਚ ਹੈ ? ਲਿਖੇ ਅਨੁਸਾਰ ਤੇ ਬੜੀ ਲੰਮੀ ਅਤੇ ਵਡੀ ਖਪਾਈ ਉਪ੍ਰੰਤ ਰਕਤ ਬੀਜ ਮਰਿਆ ਲੱਗਦਾ ਹੈ।

ਇਤਿ ਸ੍ਰੀ ਮਾਰਕੰਡੇ ਪੁਰਾਣੇ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸਿ ਰਕਤ ਬੀਜ ਬਧਹਿ ਮੰਚਮੋ ਧਿਆਇ । ੫ ।

## ੧੭- ਨਿਸੁੰਭ ਅਤੇ ਫਿਰ ਸੁੰਭ ਦੈਂਤ ਨਾਲ ਉਹੀ ਝੂਠ-ਯੁੱਧ

ਜਿਹੜੇ ਥੋਹੜੇ ਜਿਹੇ ਦੈਂਤ ਬਚ ਗਏ ਉਨ੍ਹਾਂ ਨੇ ਸੁੰਭ ਵਿਸੁੰਭ ਨੂੰ ਜਾ ਹਾਲ ਸੁਣਾਇਆ। ਰਕਤ ਬੀਜ ਦੀ ਮੌਤ ਸੁਣ ਕੇ ਸ਼ੁੰਭ ਨੇ ਕ੍ਰੋਧ ਵਿਚ ਆਕੇ ਖੜਗ ਫੜੀ ਅਤੇ ਲਲਕਾਰ ਕੇ ਆਖਿਆ ਕਿ-- ਮੈਂ ਚੰਡੀ ਨੂੰ ਰਣ ਵਿਚ ਇਉ ਮਾਰਾਂਗਾ ਜਿਵੇ ਜੰਗਲ ਵਿਚ ਬੱਕਰੀ ਨੂੰ ਸ਼ੇਰ ਪਟਕਾਉਂਦਾ ਹੈ। ੧੭੩। ਚਤੁਰੰਗੀ ਸੈਨਾ ਦੀ ਚੜਾਈ, ਸ਼ੁੰਭ ਨਿਸੁੰਭ ਦੋਵੇਂ ਬਲਵਾਨ ਸੂਰਮੇ ਮਨ ਵਿਚ ਕ੍ਰੋਧ ਭਰੇ ਹੋਏ ਜੁਧ ਭੂਮੀ ਵਿਚ ਆ ਪੁੱਜੇ। ਚੰਡੀ ਅਤੇ ਕਾਲਕਾ ਵੀ ਸੁਮੇਰ ਤੋਂ ਉੱਤਰ ਆਈਆਂ । ਘਮਸਾਨ ਦਾ ਜੁੱਧ ਅਰੰਭ ਹੋ ਗਿਆ । ਕਾਲੀ ਕਈਆਂ ਜੀਉਂਦਿਆ ਨੂੰ ਹੀ ਦਾੜ੍ਹਾਂ ਨਾਲ ਚੱਬ ਗਈ ਕਈਆਂ ਨੂੰ ਦੂਰ ਦੂਰ ਵਗਾਹ ਮਾਰਿਆ। ਤੀਰਾਂ ਅਤੇ ਕਿਰਪਾਨਾਂ ਨਾਲ ਲਾਸ਼ਾਂ ਦੇ ਢੇਰ ਲਾ ਦਿੱਤੇ । ਦੈਂਤਾਂ ਦੀ ਫ਼ੋਜ ਵਿਚ ਭਾਜੜਾਂ ਪੈ ਗਈਆਂ ।

ਚੰਡੀ ਨੇ ਪਹਿਲਾਂ ਤੀਰਾਂ ਨਾਲ ਦੈਤਾਂ ਨੂੰ ਮਾਰਿਆ ਪਿਰ ਤਲਵਾਰ ਨਾਲ ਮਾਰ ਮਾਰ ਕੇ ਸਾਰੀ ਫ਼ੌਜ ਫ਼ਨਾਹ ਕਰ ਦਿੱਤੀ ਜਿਸ ਤੋਂ ਦੈਂਤਾ ਦਾ ਜ਼ੋਰ ਖੀਨ ਹੋ ਗਿਆ। ਧਰਤੀ ਤੇ ਏਨਾ ਖੂਨ ਡਿੱਗਾ ਕਿ--**ਸਾਤਹੂੰ ਸਾਗਰ ਕੋ ਰਚਿ ਕੈ ਬਿਧਿ ਆਠਵੋ ਸਿੰਧ ਕਰਿਓ ਹੈਨ ਵੀਨੋ ॥ ੧੯੯ ॥** ਭਾਵ, ਸੱਤ ਸਮੁੰਦ੍ਰਾਂ ਨੂੰ ਬਣਾ ਕੇ ਬ੍ਰਹਮਾ ਨੇ ਇਹ **ਅੱਠਵਾਂ (ਲਹੂ ਦਾ) ਸਮੁੰਦਰ** ਬਣਾਇਆ ਹੈ। ਕਾਲਕਾ ਨੇ ਐਸਾ ਡਰਾਉਣਾ ਸਰੂਪ ਬਣਾ ਲਿਆ ਕਿ ਵੇਖ ਕੇ ਨਿਸੁੰਭ ਦਾ ਰੰਗ ਫੂਕ ਹੋ ਗਿਆ । ਦੈਂਤ ਯੁੱਧ ਲਈ ਮੁੜ ਮੁੜ ਜੁੜ ਕੇ ਆਉਂਦੇ ਅਤੇ ਦੇਵੀਆਂ ਮਾਰ ਮੁਕਾਉਂਦੀਆਂ ਸਨ। ਦੈਂਤਾਂ ਵਲੋਂ ਆ ਰਹੇ ਕਈ ਤੀਰ ਚੰਡੀ ਦੇ ਮੂੰਹ ਵਿਚ ਲੱਗੇ । ਜਿਸ ਤੋਂ ਉਸ ਦੇ ਮੂੰਹ ਵਿਚ ਇਉ ਖੂਨ ਵਗਿਆ ਜਿਵੇਂ ਕਿ ਆਕਾਸ਼ ਵਿਚ ਰਾਹੂ ਦੇ ਗ੍ਰਸਨ ਦੇ ਕਾਰਨ ਸੂਰਜ ਨੇ ਲਹੂ ਦੀ ਅਕਾਰੀ ਕੀਤੀ ਹੋਵੇ--ਮਾਨਹੁ ਰਾਹੁ ਗ੍ਰਸਿਓ ਨਭ ਭਾਨ ਸੁ ਸ੍ਰਉਨਤ ਕੋ ਅਤਿ ਬਉਨ ਕਰਿਓ ਹੈ ॥ ੧੯੨ ॥

ਚੰਡੀ ਨੇ ਫਿਰ ਦੈਂਤ ਦੇ ਸਿਰ ਵਿਚ ਭਾਲਾ ਮਾਰਿਆ, ਜੋ ਲੋਹੇ ਦੇ ਟੋਪ ਨੂੰ ਚੀਰ ਕੇ ਸਿਰ ਵਿਚ ਖੁੱਭ ਗਿਆ । ਲਹੂ ਦੀ ਅਜੇਹੀ ਧਾਰ ਨਿਕਲੀ ਮਾਨੋ ਸ਼ਿਵ ਜੀ ਦੀ ਤੀਜੀ ਅੱਖ ਖੁਲ੍ਹਣ ਤੇ ਜੋਤਿ ਪ੍ਰਗਟ ਹੋਈ ਹੈ। ਦੈਂਤ ਨੇ ਉਹੀ ਸਾਂਗ ਪੁੱਟ ਦੇ ਦੇਵੀ ਦੇ ਸੰਘ ਵਿਚ ਮਾਰੀ। ਚੰਡੀ ਦੇ ਮੂੰਹ ਵਿਚੋਂ **ਉਸ ਦੇ ਹੁਸਨ ਦੀ ਛਬੀ ਅਜੇਹੀ ਵਧੀ** ਜਿਵੇ ਕਿ--**ਮਾਨਹੁ ਸਿੰਗਲਿ ਦੀਪ ਕੀ ਨਾਰ ਗਰੇ ਮੈ ਤੰਬੋਲ ਕੀ ਪੀਕ ਨਵੀਨੀ ॥ ੧੯੪ ॥** ਭਾਵ, ਪਦਮਨੀ ਇਸਤ੍ਰੀ ਦੇ ਗਲੇ ਵਿਚ ਤਾਜ਼ੇ ਚੱਬੇ ਹੋਏ ਪਾਨ ਦੀ ਥੁੱਕ ਦਿਖਾਈ ਦੇ ਰਹੀ ਹੈ। { ਇਹ ਕਵੀ, ਵਡੇ ਤੋਂ ਵੱਡੇ ਆਸ਼ਕ ਮਿਜਾਜ ਕਾਮੀ ਮਨੁੱਖ ਨੂੰ ਵੀ ਪਿੱਛੇ ਛੱਡ ਤੁਰਿਆ ਹੈ। ਜਿਸ ਦੇਵੀ ਨੂੰ ਰੱਬ ਦਾ ਰੂਪ ਜਾਣ ਕੇ ਆਪਣਾ ਇਸ਼ਟ ਮੰਨਦਾ ਹੈ, ਜਿਸ ਨੂੰ ਗਦੰਬੇ, ਜਗਤ ਮਾਂ ਲਿਖ ਕੇ ਮਾਂ ਮਾਂ ਪੁਕਾਰਦਾ ਹੈ ਉਸੇ ਆਪਣੀ ਮਾਤਾ ਜੀ ਵਿਚ ਪਦਮਨੀ ਰੂਪ ਹੁਸੀਨ ਮਸ਼ੂਕਾ ਨੂੰ ਵੇਖ ਰਿਹਾ ਹੈ ?}

ਦੇਵੀ ਨੇ ਦੈਂਤ ਦੇ ਕਿਰਪਾਨ ਦਾ ਵਾਰ ਕੀਤਾ ਤਾਂ **ਮੁੰਡਹਿ ਤੁੰਡਹਿ ਰੁੰਡਹਿ ਚੀਰ ਪਲਾਨ ਕਿਕਾਨ ਧਸੀ ਬਸੁਧਾ ਮਹਿ ॥ ੧੯੮ ॥** ਭਾਵ, ਸਿਰ ਨੂੰ, ਮੂੰਹ ਨੂੰ, ਧੜ ਨੂੰ, ਤੇ [ਕਿਕਾਨ] ਘੋੜੇ ਨੂੰ ਚੀਰ ਕੇ, (ਘੋੜੇ ਤੇ ਪਾਈ ਕਾਠੀ ਆਦਿ ਵੱਢ ਕੇ) ਧਰਤੀ ਵਿਚ ਧਸ ਗਈ।

[ **ਨੋਟ:--**ਏਥੇ ਕਵੀ ਨੇ ਕਿਰਪਾਨ ਧਰਤੀ ਵਿਚ ਖੁੱਭ ਜਾਣ ਤੇ ਹੀ ਡੱਕ ਲਈ ਹੈ, ਪਰ ਅੱਗੇ ਤੀਜੀ ਗਾਥਾ ਵਿਚ ਇਸੇ ਕਿਰਪਾਨ ਨੇ ਸਾਰੀ ਧਰਤੀ ਵੱਢ ਕੇ ਕਥਿਤ ਧੌਲੇ ਬਲਦ ਦੇ ਸਿੰਗਾਂ ਤੇ ਜਾ ਵੱਜਣਾ ਹੈ ]

ਵੱਡੇ ਵੱਡੇ ਦੈਂਤ ਦੀ ਫੌਜ ਸਮੇਤ **ਨਿਸੁੰਭ** ਮਾਰਿਆ ਗਿਆ ਅਤੇ **ਛੇਵਾ ਅਧਿਆਇ ਸਮਾਪਤੀ ਦੀ ਘੋਸ਼ਨਾ ।**

## ਹੁਣ ਆਈ ਵਾਰੀ ਸ਼ੁੰਭ ਦੈਂਤ ਦੀ--

**ਸ੍ਵੈਯਾ ॥**

**ਸੁੰਭ ਨਿਸੁੰਭ ਹਨਿਓ ਸੁਨਿ ਕੈ ਬਰਬੀਰ ਕਰ ਚਿਤ ਨ ਛੋਭ ਸਮਾਇਓ ॥**
**ਸਜਿ ਚੜਿਓ ਗਜ ਬਾਜ ਸਮਾਜ ਕੈ ਦਾਨਵ ਪੁੰਜ ਲੀਏ ਰਨ ਆਇਓ ॥**
**ਭੂਮਿ ਭਇਆਨਕ ਲੋਥ ਪਰੀ ਲਖ ਸ੍ਰਉਨ ਸਮੂਹ ਮਹਾਂ ਬਿਸਮਾਇਓ ॥**
**ਮਾਨਹੁ ਸਾਰਸੁਤੀ ਉਮਡੀ ਜਲ ਸਾਗਰ ਕੇ ਮਿਲਬੇ ਕਹੁ ਧਾਇਓ ॥ ੨੦੫ ॥**

ਨਿਸੁੰਭ ਦੀ ਮੌਤ ਦੀ ਖ਼ਬਰ ਸੁਣ ਕੇ **ਦੈਂਤਾਂ ਦਾ ਰਾਜਾ ਸੁੰਭ** ਹਾਥੀਆਂ ਘੋੜਿਆ ਵਾਲੀ ਆਪਣੀ ਚਤੁਰੰਗੀ ਸੈਨਾ ਲੈ ਕੇ ਰਣ ਭੂਮੀ ਵਿਚ ਆ ਗਿਆ। ਡਰਾਉਣੀ ਰਣ ਭੂਮੀ ਵਿਚ ਲੋਥਾਂ ਦੇ ਢੇਰ ਲੱਗੇ, ਅਤੇ ਖੂਨ ਦੀ ਨਦੀ ਵਗਦੀ ਵੇਖ ਕੇ ਹੈਰਾਨ ਰਹਿ ਗਿਆ। ਆਪਣੇ ਭਰਾ ਦੀ ਲੋਥ ਵੇਖ ਕੇ ਬੁੱਤ ਜਿਹਾ ਬਣ ਕੇ ਖਲੋ ਗਿਆ। ਫਿਰ ਕ੍ਰੋਧ ਵਿਚ ਆ ਕੇ ਚੰਡੀ ਨੂੰ ਚੌਹਾਂ ਪਾਸਿਆਂ ਤੋਂ ਘੇਰਾ ਪਾ ਲਿਆ। ਘਮਸਾਨ ਦਾ ਯੁੱਧ ਸ਼ੁਰੂ ਹੋ ਗਿਆ। ਕਾਲੀ ਨੇ ਕਈ ਦੈਂਤ ਮਾਰ ਦਿੱਤੇ, ਕਈ ਉਂਜ ਹੀ **ਚੱਬ ਲਏ** ਅਤੇ ਕਿੰਨਿਆਂ ਨੂੰ ਦੂਰ ਵਗਾਹ ਮਾਰਿਆ। ਹਾਥੀ ਘੋੜੇ ਨੌਹਾਂ ਨਾਲ ਚੀਰ ਸੁੱਟੇ । ਦੈਂਤਾਂ ਨੂੰ ਮਰਦੇ ਵੇਖ ਕੇ ਇੰਦ੍ਰ ਨੇ ਆਪਣੇ ਸਾਥੀ ਦੇਵਤੇ ਇਕੱਠੇ ਕਰ ਲਏ ਅਤੇ ਦੇਵੀ ਦੀ ਜੈ ਜੈਕਾਰ ਕੀਤੀ ।(੨੦੬ ਤੋਂ ੨੦੯)

ਦੇਵੀ ਦਾ ਸ਼ੇਰ ਚਰਖੜੀ ਵਾਂਗ ਭੌ ਰਿਹਾ ਸੀ। ਇਉ ਲੱਗਦਾ ਸੀ ਜਿਵੇਂ ਉਸ ਦੇ ਦੋਹੀਂ ਪਾਸੀ ਮੂੰਹ ਹਨ। (੨੧੧) --**ਖੇਤ ਭਇਓ ਤਹਾ ਚਾਰ ਸਏ ਕੋਸ ਲਉ ਸੋ ਉਪਮਾ ਕਵਿ ਦੇਖਿ ਬਿਚਾਰੀ ॥ ?** (੨੧੨) ਚਾਰ ਸੌ ਕੋਹਾਂ ਵਿਚ ਜੰਗ ਹੋਈ ? { ਪੈਰ ਪੈਰ ਤੇ ਡੂੰਘੀਆਂ ਖੱਡਾਂ ਨਾਲ ਅਤੇ ਬਰਫ਼ਾਨੀ ਪਹਾੜੀਆਂ ਨਾਲ ਘਿਰੇ ਬਰਫ਼ਾਂ ਲੱਦੇ ਕੈਲਾਸ਼ ਪਰਬਤ ਦੇ ਨੇੜੇ ਤੇੜੇ ਵੀ ੧੦੦੦ ਮੀਲ ਲੰਮੇ ਚੌੜੇ ਜੰਗ ਲਈ ਮੈਦਾਨ ਕਿਥੇ? ਪਰ ਝੂਠ ਲਿਖਣ ਗਿੱਝੇ ਹੋਏ ਲਿਖਾਰੀ ਨੂੰ ਅਜੇਹੀਆਂ ਗੱਲਾਂ ਸੋਚਣ ਦੀ ਕੀ ਲੋੜ?}

## ੧੮- ਨਿਰਭਉ ਅਕਾਲ ਪੁਰਖ ਨੂੰ ਭੈ-ਭੀਤ ਹੋਇਆ ਭੱਜਾ ਜਾਂਦਾ ਵਿਖਾ ਦਿੱਤਾ ?

ਦੇਵੀ ਦੇ ਭਗਤ ਲਈ ਦੇਵੀ ਦਾ ਪਤੀ ਸ਼ਿਵ ਜੀ, ਜਿਸ ਨੂੰ " **ਹਰਿ** " ਭਾਵ, ਪਰਮਾਤਮਾ ਵੀ ਕਹਿ ਰਿਹਾ ਹੈ, ਆਮ ਵਿਅਕਤੀ ਵਾਂਗ ਹੀ ਕਮਜ਼ੋਰ ਦਿਲ ਡਰੂ ਹੋ ਨਿੱਬੜਿਆ ਹੈ ?

**ਮਾਰ ਚਮੂੰ ਚਤੁਰੰਗ ਲਈ ਤਬ ਲੀਨੋ ਹੈ ਸੁੰਭ, ਬਮੁੰਡ ਕੋ ਆਗਾ ॥**
**ਚਾਲ ਪਰਿਓ ਅਵਨੀ ਸिਗਰੀ ਹਰਿ ਜੂ ਹਰਿਆਸਨ ਤੇ ਉਠਿ ਭਾਗਾ ॥**
**ਸੂਖ ਗਇਓ ਤ੍ਰਸਕੈ ਹਰਿ ਹਾਰ, ਸੁ ਸੰਕਤਿ ਅੰਕ ਮਹਾਂ ਭਇਓ ਜਾਗਾ ॥**
**ਲਾਗ ਰਹਿਓ ਲਪਟਾਇ ਗਰੇਮਧਿ ਮਾਨਹੁ ਮੁੰਡਕੀ ਮਾਲਕੋ ਤਾਗਾ ॥ ੨੧੩ ॥**

**ਅਰਥ**:--ਜਦੋਂ ਚਾਰੇ ਤਰ੍ਹਾਂ ਦੀ ਸੈਨਾ ਮਾਰੀ ਗਈ ਤਾਂ ਸੁੰਭ ਨੇ ਦੇਵੀ ਦਾ ਅੱਗਾ ਜਾ ਰੋਕਿਆ। (ਬਸ ਫਿਰ ਕੀ ਸੀ ?) ਚਾਰੇ ਪਾਸੇ ਧਰਤੀ ਤੇ ਹਲ-ਚਲ ਮਚ ਗਈ ਅਤੇ **ਹਰਿ, ਭਾਵ** ਸ਼ਿਵਜੀ, ਆਪਣੇ ਆਸਣ ਤੋਂ ਉਠ ਭੱਜਾ, (ਭੈ ਏਨਾ ਪਰਬਲ ਸੀ ਕਿ) ਡਰ ਨਾਲ ਸ਼ਿਵ ਜੀ ਦੇ ਗਲੇ ਦਾ ਹਾਰ (ਰੂਪ ਸੱਪ) ਸੁਕ ਗਿਆ ਅਤੇ ਉਹ ਕੰਬ ਰਿਹਾ ਹੈ, (ਕਿਉਂਕਿ) ਉਸ ਦੇ ਦਿਲ ਵਿਚ ਵੱਡਾ ਡਰ ਜਾਗ ਪਿਆ ਸੀ। (ਉਹ ਸੱਪ) ਗਲੇ ਵਿਚ ਚੰਬੜ ਕੇ (ਇਸ ਤਰ੍ਹਾਂ ਨਾਲ) ਲੱਗ ਰਿਹਾ ਹੈ, ਮਾਨੋ ਰੁੰਡਾਂ ਦੀ ਮਾਲਾ ਦਾ ਏਹੀ ਧਾਗਾ ਹੋਵੇ। ੨੧੩ ।

ਖੜਗਧਾਰੀ ਵੀ ਕਹਿਣਾ ਅਤੇ ਉਸ ਨੂੰ ਭੈ-ਭੀਤ ਵੀ ਦਰਸਾਉਣਾ ? ਏਹੀ ਕਾਰਨ ਹੈ ਕਿ, ਸਤਿਗੁਰਾਂ ਨੇ **ਸ਼ਿਵ** ਸ਼ਬਦ ਪਰਮਾਤਮਾ ਲਈ ਕਿਤੇ ਨਹੀਂ ਵਰਤਿਆ। ਆਪਣੇ ਗਲ ਦਾ ਹਾਰ ਉਸ ਨੂੰ ਬਣਾਈਦਾ ਹੈ ਜਿਸ ਨਾਲ ਬਹੁਤ ਪਿਆਰ ਹੋਵੇ। ਆਪਣੇ ਸੱਪ ਨਾਲੋਂ ਵਡੀ ਨੇੜਤ ਅਤੇ ਪਿਆਰ ਹੋਰ ਕਿਸ ਨਾਲ ਹੋ ਸਕਦਾ ਸੀ ? ਉਹ ਤਾਂ ਡਰ ਨਾਲ ਉਂਜ ਹੀ ਸੁੱਕ ਕੇ ਧਾਗਾ ਬੰਣ ਗਿਆ--**ਜੈ ਸਿਉ ਰਾਤਾ ਤੈਸੋ ਹੋਵੈ**-- ਜਿਹੜਾ ਆਪ ਹੀ ਡਰਦਾ ਮਾਰਾ ਦੌੜ ਪਿਆ, ਉਸ ਦੇ ਪ੍ਰੇਮੀ ਨੇ ਦਲੇਰੀ ਕਿਥੋਂ ਲੈਣੀ ਸੀ ? ਤਦੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਮਾਨ ਹੈ ਕਿ--**ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥ ੨ ॥[੮੭੪]** ਜੋ ਆਪਣੇ ਪੱਲੇ ਵਿਚ ਹੋਵੇ, ਆਪਣੇ ਭਗਤ ਨੂੰ ਵੱਧ ਤੋਂ ਵੱਧ ਉਹੀ ਕੁਝ ਕੋਈ ਦੇ ਸਕਦਾ ਹੈ। ਡੰਬਰੂ, ਤਰਸ਼ੂਲ, ਸੱਪ, ਸੁਆਹ ਤੇ ਜਾਂ ਫਿਰ ਬਲਦ ?

ਸ਼ੁੰਭ ਨੇ ਜਦ ਦੇਵੀ ਨੂੰ ਇਹ ਤਾਨ੍ਹਾ ਮਾਰਿਆ ਕਿ ਉਹ ਕਾਲਕਾ ਆਦਿ ਸ਼ਕਤੀਆਂ ਦੀ ਸਹਾਇਤਾ ਨਾਲ ਦੈਂਤਾ ਦਾ ਸੰਘਾਰ ਕਰ ਰਹੀ ਹੈ ਤਾਂ ਦੇਵੀ ਨੇ ਕਾਲੀ ਸਮੇਤ ਸਾਰੀਆਂ ਸ਼ਕਤੀਆਂ ਆਪਣੇ ਵਿਚ ਲੀਨ ਕਰ ਲਈਆਂ।( ੨੧੪) ਦੋਹਾਂ ਦਾ ਬੜਾ ਘਮਸਾਨ ਦਾ ਯੁੱਧ ਹੋਇਆ ਲੋਥਾਂ ਦੇ ਢੇਰ ਲੱਗ ਗਏ--ਗਿੱਦੜ, ਜੋਗਨੀਆਂ ਗਿਰਝਾਂ ਲਹੂ ਮਾਸ ਦੇ ਚਿਕੜ ਨੂੰ ਸਾਂਭ ਰਹੇ ਸਨ। ਦੋਹਾਂ ਨੂੰ ਜਖਮ ਆਏ ਪਰ ਦੇਵੀ ਨੇ ਸ਼ੁੰਭ ਨੂੰ ਹੱਥਾਂ ਤੇ ਜਾ ਚੁਕਿਆ ਪਰ ਸ਼ੁੰਭ ਹਥਾਂ ਵਿਚੋਂ ਨਿਕਲ ਉਡਿਆ ਅਤੇ ਆਕਾਸ਼ ਵਿਚ ਚਲਾ ਗਿਆ। ਦੇਵੀ ਵੀ ਮਗਰੇ ਗਈ ਅਤੇ ਅਜੇਹੀ ਤਲਵਾਰ ਮਾਰੀ ਕਿ ਸ਼ੁੰਭ ਦੋ ਟੋਟੇ ਹੋ ਕੇ ਧਰਤੀ ਤੇ ਆ ਪਿਆ। ਚੰਡੀ ਨੇ ਖ਼ੁਸ਼ੀ ਨਾਲ ਜਿੱਤ ਦਾ ਸ਼ੰਖ ਵਜਾ ਦਿੱਤਾ । ੨੨੨ ।

**ਦੈਤਰਾਜ ਛਿਨ ਮੈ ਹਨਿਓ ਦੇਵੀ ਇਹ ਪਰਿਕਾਰ ॥ ਅਸਟ ਕਰਨ ਮਹਿ ਸਰਤ੍ਰ ਗਹਿ ਸੈਨਾ ਦਈ ਸੰਘਾਰ ॥ ੨੨੩ ॥**

**ਸ੍ਵੈਯਾ ॥**

**ਚੰਡਕੇ ਕੋਪ ਨ ਓਪ ਰਹੀ ਰਨ ਮੈ ਅਸਿਧਾਰ ਭਈ ਸਮੁਹਾਈ ॥**
**ਮਾਰਿ ਬਿਦਾਰਿ ਸੰਘਾਰ ਦਏ ਤਬ ਭੂਪ ਬਿਨਾਂ ਕਰੈ ਕਉਨ ਲਰਾਈ ॥**
**ਕਾਂਪ ਉਠੇ ਅਰਿ ਤ੍ਰਾਸ ਹੀਏ ਧਰਿ ਛਾਡਿ ਦਈ ਸਭ ਪਉਰਖਤਾਈ ॥**
**ਦੈਂਤ ਚਲੇ ਤਜਿ ਖੇਤ ਇਉ, ਜੈਸੇ ਬਡੇ ਗੁਨ ਲੋਭ ਤੇ ਜਾਤ ਪਰਾਇ ॥ ੨੨੪ ॥**

ਇਤ ਸ੍ਰੀ ਮਾਰਕੰਡੇ ਪੁਰਾਨੇ ਚੰਡੀ ਚਰਿਤ੍ਰੇ ਸੁੰਭ ਬਧਹਿ ਨਾਮ ਸਪਤਨੋ ਧਿਓਏ ਪ੍ਰਨ ॥ ੭ ॥

**ਸ੍ਵੈਯਾ ॥**

**ਭਾਜ ਗਇਓ ਮਘਵਾ ਜਿਨ ਕੇ ਡਰ, ਬ੍ਰਹਮ ਤੇ ਆਦਿ ਸਭੈ ਬੈ ਭੀਤ ॥**
**ਤੇਈ ਵੈ ਦੈਤ ਪਰਾਇ ਗਏ ਰਨ ਹਾਰ ਨਿਹਾਰਿ ਭਏ ਬਲੁ ਰੀਤੇ ॥**
**ਜੰਬੁਕ ਗ੍ਰਿਝ ਨਿਰਾਸ ਭਏ ਬਨ ਬਾਸ ਗਏ ਜੁਗ ਜਾਮ ਨ ਬੀਤੇ ॥**
**ਸੰਤ ਸਹਾਇ ਸਦਾ ਜਗ ਮਾਇ ਸੁ ਸੁੰਭ ਨਿਸੁੰਭ ਬਡੇ ਅਰਿ ਜੀਤੇ ॥ ੨੨੫ ॥**

**ਅਰਥ**:--ਜਿਨ੍ਹਾਂ ਦੇ ਡਰ ਕਰਕੇ ਇੰਦ੍ਰ ਸੁਰਗ ਵਿਚੋਂ ਭੱਜ ਗਿਆ ਸੀ ਅਤੇ ਬ੍ਰਹਮਾਂ ਤੋ ਲੈ ਕੇ ਸਾਰੇ ਦੇਵਤੇ ਡਰੇ ਹੋਏ ਸਨ ਓਹੋ ਹੀ ਦੈਂਤ ਰਣ ਵਿਚ ਆਪਣੀ ਹਾਰ ਵੇਖਕੇ, ਬਲ ਤੋਂ ਖਾਲੀ ਹੋਕੇ ਦੌੜ ਗਏ ਹਨ? (ਕਿ ਮਰ ਗਏ ਸਨ?) ਗਿੱਦੜ ਤੇ ਗਿਰਝਾਂ ਵੀ ਉਦਾਸ ਹੋਕੇ ਜੰਗਲਾਂ ਨੂੰ ਚਲੇ ਗਏ ਹਨ। ਜੰਗ ਦੋ ਪਹਿਰਾਂ ਵਿਚ ਮੁੱਕ ਗਈ ਸੀ। ਸੰਤਾਂ ਦੀ ਸਦਾ ਸਹਾਇਕ ਜਗਤ ਮਾਤਾ (ਦੁਰਗਾ) ਨੇ ਸੁੰਭ ਤੇ ਨਿਸੁੰਭ (ਦੋਵੇਂ ਭਾਈ) ਦੇਵਤਿਆਂ ਦੇ ਵੱਡੇ ਵੈਰੀ ਜਿੱਤ ਲਏ ਹਨ । ੨੨੫ ।

**[ਜਥੇਦਾਰ ਸਾਹਿਬਾਨ ਜੀਓ !** ਸਾਰੇ ਪ੍ਰਕਾਰ ਦੇ ਵਿਕਾਰਾਂ ਨਾਲ ਭਰੇ ਹੋਏ, ਇੱਕ ਨੰਬਰ ਦੇ ਜ਼ਾਲਮ ਅਤੇ ਡ੍ਰਰੂ, (ਅਸਮਾਨੀ ਵੱਸਦੇ ਕਥਿਤ) ਦੇਵਤਿਆਂ ਦਾ ਉਪ੍ਰੋਕਤ ਵੱਗ, ਜੇ ਸੰਤ ਹਨ, ਤਾਂ ਅਸੰਤ ਕਿਸ ਨੂੰ ਕਹਿਣਾ ਹੋਇਆ ? ਫਿਰ, ਅਸਮਾਨੀ ਵੱਸਦੇ ਦੈਂਤਾਂ ਨੇ ਅਸਮਾਨੀ ਵੱਸਦੇ ਆਪਣੇ ਸ਼੍ਰੀਕ ਦੇਵਤਿਆਂ ਤੇ ਜ਼ੁਲਮ ਕੀਤੇ ਵੀ ਸਨ ਤਾਂ ਧਰਤੀ ਦਾ ਭਾਰ ਕਿਸ ਦਲੀਲ ਨਾਲ ਵਧਿਆ ਜੋ ਉਹ ਫਰਿਆਦਾਂ ਕਰਨ ਤੁਰ ਪਈ ?]

ਸਾਰੇ ਦੇਵਤੇ ਮਿਲ ਕੇ ਦੇਵੀ ਦੀ ਪੂਜਾ ਅਰਚਾ ਵੰਦਨਾ ਕਰਦੇ ਹਨ। ਦੀਵੇ ਜਗਾ ਕੇ ਆਰਤੀ ਉਤਾਰਦੇ ਹਨ---

**ਦੇਵ ਸਭੈ ਮਿਲਿ ਕੈ ਇਕਿ ਠਉਰ ਸੁ ਅੱਛਤ ਕੁੰਕਮ ਚੰਦਨ ਲੀਨੋ ॥**
**ਤੱਛਤ ਲੱਛਨ ਦੈ ਕੈ ਪ੍ਰਦੱਛਨ ਟੀਕਾ ਸੁ ਚੰਡਿ ਕੈ ਭਾਲ ਮੈ ਦੀਨੋ ॥**
**ਤਾ ਛਬਿ ਕੋ ਉਪਜਯੋ ਤਹ ਭਾਵ ਇਹੈ ਕਵਿ ਨੇ ਮਨ ਮੈ ਲਖਿ ਲੀਨੋ ॥**
**ਮਾਨਹੁ ਚੰਦ ਕੋ ਮੰਡਲ ਮੈ ਸੁਭ ਮੰਗਲ ਆਨ ਪ੍ਰਵੇਸਹਿ ਕੀਨੋ ॥ ੨੨੬ ॥**

**ਅਰਥ**:--ਸਾਰੇ ਦੇਵਤਿਆਂ ਨੇ ਇਕ ਥਾਂ ਜੁੜ ਕੇ ਅਤੇ ਚੌਲ, ਕੇਸਰ ਤੇ ਚੰਦਨ ਲੈਕੇ, ਤਤ ਛਿਨ ਹੀ ਲੱਖਾਂ (ਦੇਵਤਿਆਂ ਨੇ) ਪਰਦੱਖਣਾ ਦੇਕੇ, ਚੰਡੀ ਦੇ ਮੱਥੇ (ਬਿਜੈ) ਤਿਲਕ ਲਗਾ ਦਿੱਤਾ। ਉਸ (ਵੇਲੇ ਦੀ) ਸੁੰਦਰਰਤਾ ਦਾ ਉਥੇ ਇਹ ਭਾਵ ਪੈਦਾ ਹੋਇਆ, (ਜੋ ਗ੍ਰੰਥ ਕਰਤਾ) ਕਵੀ ਜੀ ਨੇ ਮਨ ਵਿਚ (ਇਸ ਤਰ੍ਹਾਂ) ਜਾਣ ਲਿਆ (ਇਹ ਤਿਲਕ ਨਹੀਂ ਹੋਇਆ) ਮਾਨੋ, ' ਚੰਦ੍ਰ ਮੰਡਲ ' ਨੇ ਆਨ ਕੇ ਪ੍ਰਵੇਸ਼ ਕੀਤਾ ਹੈ। (ਪੰਡਿਤ ਨਰੈਣ ਸਿੰਘ ਜੀ ਵਲੋ--ਇਥੇ ਚੰਦ੍ਰ ਮੰਡਲ ਵਿਚ ਸ਼ੁੱਭ ਮੰਗਲ ਗ੍ਰੈਹ ਦਾ ਪ੍ਰਵੇਸ਼ ਹੋਣਾ, ਮਹਾਂ ਸੁਖਦਾਈ ਕਥਨ ਕੀਤਾ

ਜਾਂਦਾ ਹੈ, ਬਹੁਤਾ ਵਿਚਾਰ, ਵੇਖੋ ਮੇਰੇ ਬਨਾਏ ਹੋਏ ਗੁਰਮੁਖੀ ਸ਼ਬਦ ਸਾਗਰ ਵਿਚ ' ਚੰਦ੍ਰ ਮੰਡਲ " ਤੇ " ਸ਼ੁਭ ਮੰਗਲ ")। ੨੨੬।

**ਕਬਿੱਤੁ ॥**

**ਮਿਲਿ ਕੈ ਸੁ ਦੇਵਨ ਬਡਾਈ ਕਰੀ ਕਾਲਕਾ ਕੀ ਏ ਹੋ ਜਗਮਾਤ ਤੈ ਤੋ ਕਟਿਓ ਬਡੋ ਪਾਪੁ ਹੈ ॥**
**ਦੈਤਨ ਕੋ ਮਾਰ ਰਾਜ ਦੀਨੋ ਤੈ ਸੁਰੇਸ਼ ਹੂੰ ਕੋ, ਬਡੋ ਜਸ* ਲੀਨੋ ਤੇਰੋ ਈ ਪ੍ਰਤਾਪ ਹੈ ॥**
**ਦੇਤ ਹੈ ਅਸੀਸ ਦਿਜਰਾਜ ਰਿਖ ਬਾਰਿ ਬਾਰਿ, ਤਹਾ ਹੀ ਪੜਿਉ ਬ੍ਰਹਮ ਕਉਚ ਹੂੰ ਕੋ ਜਾਪ ਹੈ ॥**
**ਐਸ ਜਸੁ ਪੂਰ ਰਹਿਓ ਚੰਡਕਾ ਕੋ ਤੀਨ ਲੋਕ, ਜੈਸੇ ਧਾਰ ਸਾਗਰ ਮੈ ਗੰਗਾ ਜੀ ਕੋ ਆਪੁ ਹੈ ॥ ੨੨੭ ॥**

**ਅਰਥ:**-ਸਾਰੇ ਦੇਵਤਿਆਂ ਨੇ ਇਕੱਠੇ ਹੋ ਕੇ, ਕਾਲਕਾ ਦੀ ਉਪਮਾਂ ਕੀਤੀ--ਹੇ ਜਗਤ ਮਾਤਾ ! ਤੂੰ ਤਾਂ (ਸਾਡੇ ਗਲੋਂ) ਵਡਾ ਪਾਪ ਕੱਟ ਦਿਤਾ। ਤੂੰ ਦੈਂਤਾਂ ਨੂੰ ਮਾਰਕੇ, (ਸ੍ਵਰਗ ਦਾ) ਰਾਜ ਇੰਦ੍ਰ ਨੂੰ ਦਿਤਾ ਹੈ, (ਇਸ ਤਰ੍ਹਾਂ ਤੂੰ) ਵਡਾ ਜਸ ਖਟਿਆ ਹੈ, ਬ੍ਰਹਮ ਰਿਖੀ ਤੇ ਰਾਜ ਰਿਖੀ (ਤੈਨੂੰ) ਅਸੀਸਾਂ ਦਿੰਦੇ ਹਨ, ਉਥੇ ਹੀ (ਉਨ੍ਹਾਂ ਨੇ ਇਸ) **ਬ੍ਰਹਮ ਕੌਚ ਰੂਪ ਜਾਪ** (ਦੇਵੀ ਦੀ ਇਸ ਕਥਾ ਰੂਪ ਜਾਪ?) ਨੂੰ ਪੜ੍ਹਿਆ ਹੈ। ਤਿੰਨਾਂ ਲੋਕਾਂ ਵਿਚ ਚੰਡਕਾ ਦਾ ਜਸ ਇਸ ਤਰ੍ਹਾਂ ਪੂਰਨ ਹੋ ਰਿਹਾ ਹੈ, ਜਿਸ ਤਰ੍ਹਾਂ ਸਮੁੰਦਰ ਦੀ ਧਾਰਾ ਵਿਚ ਗੰਗਾ ਜੀ ਦਾ (ਉਜਲ) ਜਲ (ਮਿਲ ਰਿਹਾ) ਹੈ। ੨੨੭।

* {**Foot note:--**ਸਾਰੇ ਸੰਸਾਰ ਵਿਚ ਜਸ ਫੈਲਣ ਦੀ ਗੱਲ ਸ਼ਾਇਦ ਇਸ ਗਾਥਾ ਦਾ -- ' ਜਾਣ ਬੁੱਝ ਕੇ ਲਿਖਿਆ **੧੬ਵਾਂ ਝੂਠ** (**Deliberate lie**) ਹੈ। ਜੇ ਅਜੇਹਾ ਭਿਆਨਕ ਯੁੱਧ, ਜਿਸ ਦੀ ਧੂੜ ਨੇ ਇੱਕ ਧਰਤੀ ਹੋਰ ਬਣਾ ਦਿੱਤੀ, ਜਿਸ ਜੰਗ ਵਿਚ ਖ਼ੂਨ ਦਾ ਅਠਵਾਂ ਸਮੁੰਦਰ ਬਣ ਗਿਆ, ਜਿਸ ਯੁੱਧ ਵਿਚ ਘੋੜਿਆਂ ਦੇ ਖੁਰਾਂ ਨੇ ਪਹਾੜਾਂ ਦਾ ਸੁਰਮਾ ਬਣਾ ਦਿੱਤਾ, ਜਿਸ ਯੁੱਧ ਵਿਚ ਵਗਦੇ ਲਹੂ ਦੇ ਦਰਿਆ ਵਿਚ ਹਾਥੀ, ਘੋੜੇ ਅਤੇ ਵਡੇ ਵੱਡੇ ਰੁਖ ਵੀ ਰੁੜ੍ਹੇ ਜਾਂਦੇ ਸਨ, ਜਿਸ ਪਰਮ ਯੁੱਧ ਵਿਚ ੪੫ ਪਦਮ ਫੌਜਾਂ ਲੜਦੀਆਂ ਰਹੀਆਂ, ਮਹਾਂਨ ਤੋਂ ਵੀ ਮਹਾਂਨ ਉਸ ਯੁੱਧ ਨੂੰ ਸੰਸਰ ਦੇ ਕਿਸੇ ਇੱਕ ਵੀ ਮਨੁੱਖ ਨੇ ਜੇ ਵੇਖ ਲਿਆ ਹੁੰਦਾ, ਤਾਂ ਇਹ ਮਿਥਿਹਾਸ ਨਾ ਰਹਿ ਕੇ ਸੰਸਾਰ ਦੇ ਵਡੇ ਯੁੱਧਾਂ ਦੇ ਇਤਿਹਾਸ ਦੀ ਗਿਣਤੀ ਵਿਚ ਆ ਖਲੋਤਾ ਹੋਣਾ ਸੀ। ਜਿਸ ਯੁੱਧ ਨੂੰ ਬ੍ਰਾਹਮਣੀ ਹਿੰਦੂਆਂ ਤੋਂ ਛੁੱਟ ਭਾਰਤ ਦੇ ਸਾਰੇ ਹਿੰਦੂ ਵੀ ਜਾਣੂ ਨਹੀਂ, ਜਿਸ ਜੰਗ ਨੂੰ ਆਰੀਆ ਸਮਾਜੀ ਉਂਜ ਹੀ ਮਖ਼ੌਲਾਂ ਕਰਦੇ ਹਨ, ਉਸ ਯੁੱਧ ਦੀ ਹੀਰੋ ਦੁਰਗਾ ਦੇਵੀ ਦਾ ਜੱਸ ਸੰਸਾਰ ਵਿਚ ਫੈਲਿਆ ਲਿਖਣ ਵਰਗੇ ਝੂਠ ਨਾਲੋਂ ਵੱਧ ਭਿੰਅਕਰ ਝੂਠ ਹੋਰ ਕਿਹੜਾ ਹੋ ਸਕਦਾ ਹੈ? ਅਸੀਂ ਜਿਹੜੇ ਦਸ਼ਮੇਸ਼ ਜੀ ਦੇ ਸਕੇ ਪੁੱਤਰ ਵੀ ਬਣਦੇ ਹਾਂ ਅਤੇ ਸੰਸਾਰ ਦਾ ਸੱਭ ਤੋਂ ਘਟੀਆਂ ਸਾਹਿਤ ਵੀ ਦਸ਼ਮੇਸ਼ ਪਿਤਾ ਜੀ ਦੇ ਪਾਵਨ ਨਾਮਣੇ ਨਾਲ ਵੀ ਜੋੜੀ ਜਾ ਰਹੇ ਹਾਂ ?ਸਾਡਾ ਭਲਾ ਕਿਸ ਜੁੱਗ ਹੋਵੇਗਾ ' ? ]

**ਸਵੈਯਾ ॥**

**ਦੇਹ ਅਸੀਸ ਸਭੈ ਸੁਰਨਾਰਿ ਸੁਧਾਰਿਕੈ ਆਰਤੀ ਦੀਪ ਜਗਾਇਓ ॥**
**ਫੂਲ ਸੁਗੰਧ ਸੁ ਅੱਛਤ ਦੱਛਨ ਜੱਛਨ ਜਤੀ ਕੋ ਗੀਤ ਸੁ ਗਾਇਓ ॥**
**ਧੂਪ ਗਾਇਕੈ ਸੰਖ ਬਜਾਇਕੈ ਸੀਸ ਨਿਵਾਇਕੈ ਬੈਨ ਸੁਨਾਇਓ ॥**
**ਹੈ ਜਗਮਾਇ ਸਦਾ ਸੁਖ ਦਾਇਤੈ** ਸੁੰਭ ਕੇ ਘਾਇ ਬਡੋ ਜਸੁ ਪਾਇਓ ॥ ੨੨੮ ॥

**ਅਰਥ:**--ਸਾਰੀਆਂ ਦੇਵ-ਇਸਤ੍ਰੀਆਂ (ਦੁਰਗਾ ਨੂੰ) ਅਸੀਸਾਂ ਦਿੰਦੀਆਂ ਹਨ ਅਤੇ ਆਰਤੀ ਬਣਾ ਕੇ (ਉਸ ਵਿਚ) ਦੀਵੇ ਜਗਾਏ, ਫੂਲ ਸੁਗੰਧੀਆਂ ਤੇ ਚਾਵਲ (ਲੈ ਕੇ ਦੇਵਗਨਾ) ਵਾਰਦੀਆਂ ਹਨ ਅਤੇ ਜੱਛ ਇਸਤ੍ਰੀਆਂ ਜਿੱਤ ਦੇ ਗੀਤ ਗਾਉਂਦੀਆਂ ਹਨ,ਧੂਪ ਜਗਾ ਕੇ ਸੰਖ ਵਜਾਉਂਦੀਆਂ ਹਨ ਅਤੇ ਸਿਰ ਨਿਵਾਕੇ ਅਰਜ਼ਾਂ ਸੁਣਾਉਂਦੀਆਂ ਹਨ , **ਹੇ ਜਗਤ ਮਾਤਾ ! ਸਦਾ ਸੁਖ ਦੇਣ ਵਾਲੀ ! ਤੂੰ ਸ਼ੁੰਭ ਨੂੰ ਮਾਰ ਕੇ ਵਡਾ ਜੱਸ ਖਟਿਆ ਹੈ** ।੨੨੮।

**ਸਕ੍ਰਿਹਿ ਸਾਜਿ ਸਮਾਜ ਦੇ ਚੰਡਿ ਸੁ ਮੋਦ ਮਹਾ ਮਨ ਮਾਹਿ ਗਈ ਹੈ ॥**
**ਸੂਰ ਸਸੀ ਨਭ ਥਾਪ ਕੈ ਤੇਜ ਦੇ ਆਪ ਤਹਾ ਸੁ ਲੋਪ ਭਈ ਹੈ ॥**
**ਬੀਚ ਅਕਾਸ ਪ੍ਰਕਾਸ ਬਢਿਓ ਤਹ ਕੀ ਉਪਮਾ ਮਨ ਤੇ ਨ ਗਈ ਹੈ ॥**
**ਧੂਰ ਕੈ ਪੂਰ ਮਲੀਨ ਹੁਤੇ ਰਵਿ ਮਾਨਹੁ ਚੰਡਕਾ ਓਪ ਦਈ ਹੈ ॥ ੨੨੯ ॥**

**ਅਰਥ:**--ਇੰਦ੍ਰ ਨੂੰ (ਰਾਜ ਦਾ) ਸਾਜੋ ਸਮਾਨ ਦੇ ਕੇ, ਚੰਡੀ ਮਨ ਵਿਚ ਵਡੀ ਪ੍ਰਸੰਨ ਹੋ ਰਹੀ ਹੈ। ਸੂਰਜ ਤੇ ਚੰਦ੍ਰਮੇ ਨੂੰ ਅਕਾਸ਼ ਵਿਚ ਸਥਿਰ ਕਰਕੇ ਅਤੇ (ਉਨ੍ਹਾਂ ਨੂੰ) ਤੇਜ-ਪ੍ਰਤਾਪ ਦੇਕੇ ਆਪ ਉਥੋਂ ਗੁਪਤ ਹੋ ਗਈ ਹੈ। ਅਕਾਸ਼ ਵਿਚ (ਸੂਰਜ ਚੰਦ੍ਰਮੇ ਦਾ) ਪ੍ਰਕਾਸ਼ ਵਧ ਗਿਆ ਹੈ, ਉਸਦੀ ਉਪਮਾਂ (ਗ੍ਰੰਥ ਕਰਤਾ ਦੇ) ਮਨ ਤੋਂ ਭੁੱਲ ਨਹੀਂ ਗਈ, ( ਜੋ ਇਸ ਤਰ੍ਹਾਂ ਹੈ--(ਲੜਾਈ ਵਿਚ ਸੂਰਮਿਆਂ ਦੇ ਪੈਰਾਂ ਨਾਲ ਉਡੀ) ਧੂੜ ਦੇ ਨਾਲ ਸੂਰਜ ਪੂਰਾ ਮਲੀਨ ਹੋ ਚੁੱਕਾ ਸੀ, ਮਾਨੋ ਦੁਰਗਾ (ਨੇ ਉਸਨੂੰ) ਉਪਮਾ ਦਿੱਤੀ, (ਅਰਥਾਤ ਦੇਵੀ ਨੇ ਸੂਰਜ ਨੂੰ ਉਜਲਾ ਕੀਤਾ ਹੈ, ਜਿਸ ਤੋਂ ਪ੍ਰਕਾਸ਼ ਹੋ ਰਿਹਾ ਹੈ। ੨੨੯।

**ਕਬਿਤੁ ॥**

**ਪ੍ਰਥਮ ਮਧ ਕੈਟ ਮਦ ਮਥਮ ਮਹਿਖਾਸੁਰੈ ਮਾਨ ਮਰਦਨ ਕਰਨ ਤਰਨ ਬਰ ਬੰਡਕਾ ॥**[ਤਰਨ=ਝਟ-ਪਟ, ਫੁਰਤੀ ਨਾਲ]
**ਧੂਮ੍ਰ ਦ੍ਰਿਗ ਧਰਨ ਧਰਧੂਰ ਧਾਨੀ ਕਰਨ ਚੰਡ ਅਰੁ ਮੁੰਡ ਕੇ ਮੁੰਡ ਖੰਡ ਕੰਡਕਾ ॥**
**ਰਕਤ ਬੀਜ ਹਰਨ ਰਕਤ ਭੱਛਨ ਕਰਨ ਦਰਨ ਅਰਿ ਨਸੁੰਭ ਰਾਰ ਰਿਸ ਮੰਡਕਾ ॥**
**ਸੁੰਭ ਬਲੁ ਧਾਰ ਸੰਘਾਰ ਕਰਵਾਰ ਕਰਿ, ਸਕਲ ਖੁਲ ਅਸੁਰ ਦਲੁ ਜੈਤ ਜੈ ਚੰਡਕ ॥ ੨੩੦॥**

**ਅਰਥ**:--ਜੋ ਪਹਿਲੇ ਮਧੁ ਤੇ ਕੈਟਬ ਦੇ ਹੰਕਾਰ ਨੂੰ ਤੋੜਨ ਵਾਲੀ ਹੈ (ਫਿਰ) ਮਹਿਖਾਸੁਰ ਦੇ ਮਾਨ ਨੂੰ ਮਰਦਨ ਕਰਨ ਵਾਲੀ ਹੈ ਅਤੇ ਵਰਾਂ ਦੇ ਵੰਡਨ ਨੂੰ ਚੰਚਲ [ਅਰਥਾਤ ਵਰ ਦੇਣ ਨੂੰ ਵਡੀ ਫੁਰਤੀ ਵਾਲੀ ਹੈ)। ਡੰਡ ਰੌਲੀ ਕਰਨ ਵਾਲੇ ਧੂਮ੍ਰ ਦ੍ਰਿਗ ਨੂੰ ਧਰਤੀ ਤੇ ਪਟਕਾਉਣ ਵਾਲੀ ਹੈ ਅਤੇ ਚੰਡ ਤੇ ਮੁੰਡ ਦੇ ਸਿਰਾਂ ਨੂੰ ਟੋਟੇ ਟੋਟੇ ਕਰਨ ਵਾਲੀ ਹੈ, ਜੋ ਰਕਤ ਬੀਜ ਨੂੰ ਮਾਰਨ ਵਾਲੀ ਹੈ, ਵੈਰੀਆਂ ਨੂੰ ਦਲ ਸੁੱਟਨ ਵਾਲੀ ਹੈ ਅਤੇ ਰਣ ਭੂਮੀ ਵਿਚ ਕ੍ਰੋਧਵਾਨ ਹੋ ਕੇ ਨਸੁੰਭ ਨਾਲ ਜੰਗ ਮੰਡਨ ਵਾਲੀ ਹੈ।

**ਸ੍ਵੈਯਾ ॥**

**ਦੇਹ ਸ਼ਿਵਾ ' ਬਰ ' ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ ॥**
**ਨ ਡਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਆਪਨੀ ਜੀਤ ਕਰੋ ॥**
**ਅਰ ਸਿਖ ਹੋ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋ ॥**
**ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋ ॥ ੨੩੧ ॥**

**ਅਰਥ**:--ਹੇ ਦੁਰਗਾ ! ਮੈਨੂੰ ਤਾਂ ਏਹੋ ਵਰ ਦੇਹ (ਜੋ) ਨੇਕ ਕੰਮਾਂ ਤੋਂ ਕਦੇ ਵੀ ਪਿੱਛੇ ਨਾ ਹਟਾ। ਅਤੇ:--ਜਦੋਂ ਜਾ ਕੇ ਵੈਰੀ ਨਾਲ ਲੜਾਂ, (ਓਦੋਂ ਉਸ ਤੋਂ) ਨਾ ਡਰਾਂ ਅਤੇ ਜ਼ਰੂਰ ਹੀ ਆਪਣੀ ਜਿੱਤ ਪ੍ਰਾਪਤ ਕਰਾਂ, ਅਤੇ ਆਪਨੇ ਮਨ ਨੂੰ ਸਿਖਯਾ ਦੇਵਾਂ (ਅਤੇ) ਏਹੋ ਲਾਲਚ (ਹੋਵੇ, ਜੋ) ਮੈਂ ਤੇਰੇ ਗੁਣਾਂ ਨੂੰ ਉਚਾਰਦਾ ਰਹਾਂ। ਜਦੋਂ ਉਮਰਾ ਦਾ ਅੰਤਲਾ ਸਮਾਂ ਆ ਜਾਵੇ, ਤਦੋਂ ਘੋਰ ਯੁੱਧ ਵਿਚ ਲੜ ਕੇ ਮਰਾਂ ? )ਅਰਥਾਤ ਜੰਗ ਵਿਚ ਸ਼ਹੀਦੀ ਪ੍ਰਾਪਤ ਕਰਕੇ ਮਰਣਾ ਹੋਵੇ)

## ੧੯ ਦੇਹ ਸ਼ਿਵਾ ਬਰ ਮੋਹਿ-? - ਕਬੀਰ ਕਸਉਟੀ ਰਾਮ ਕੀ-

**(ੳ)** **" ਦੇਹ ਸ਼ਿਵਾ ਬਰ ਮੁਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ** ॥ ਉਪ੍ਰੋਕਤ ਵਿਚਾਰੇ ਚੌਹਾਂ ਹੀ ਚੰਡੀ ਚਰਿਤ੍ਰਾਂ ਵਿਚ ਗ੍ਰੰਥ ਕਰਤਾ ਨੇ **ਸ਼ਿਵਾ** ਪਦ ਚੰਡਿਕਾ ਲਈ ਅਥਵਾ ਸ਼ਿਵ ਜੀ ਦੀ ਅਰਧਾਂਗਣੀ ਗਿਰਜਾ-ਪਾਰਬਤੀ ਦੁਰਗਾ ਲਈ ਹੀ ਵਰਤਿਆ ਹੈ। ਲਿਖਾਰੀ ਨੇ ਦੁਰਗਾ ਪਦ ਰੱਬ ਲਈ ਕਿਤੇ ਨਹੀਂ ਵਰਤਿਆ। ਪਰਮਾਤਮਾ **ਸ਼ਿਵਾ** ਲਫ਼ਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਕਿਸੇ ਥਾਂ ਨਹੀਂ ਆਇਆ । ਅਕਾਲਪੁਰਖ-ਪਰਮਾਤਮਾ ਦੇ ਕਲਿਆਨ ਕਾਰੀ ਗੁਣ-ਰੂਪ ਦਾ ਲਖਾਇਕ " ਸਿਵ " ਸ਼ਬਦ ਗੁਰਬਾਣੀ ਵਿਚ ਜ਼ਰੂਰ ਆਇਆ ਹੈ। ਪਰ ਕਥਿਤ ਤੌਰੇ ਤੇ ਕੈਲਾਸ਼ ਪਰਬਤ ਤੇ ਵਸੇਬੇ ਵਾਲੇ, ਧੌਲੇ ਬਲਦ ਦੇ ਅਸਵਾਰ **ਸ਼ਿਵ** ਨੂੰ ਰੱਬ ਕਿਸੇ ਥਾਂ ਨਹੀਂ ਮੰਨਿਆਂ । ਸਗੋਂ ਉਸ ਨੂੰ ਪੂਜ ਦੇਵਤਾ ਸਮਝਣ ਦਾ ਭੋਗ ਇਨ੍ਹਾਂ ਬਚਨਾਂ ਨਾਲ ਪਾਇਆ---' **ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥ ੨ ॥**-ਅਤੇ--**ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤ ਦੇਖਿਆ ਥਾ ॥ ਮੋਦੀ ਕੇ ਘਰਿ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ॥ ੨ ॥** [੮੭੪] ਸੋ **ਸ਼ਿਵ** ਅਤੇ ਉਸ ਦੀ ਘਰਦੀ **ਸ਼ਿਵਾ** ਦਾ ਸਿੱਖੀ ਵਿਚ ਆ ਵੜਨਾ ਖ਼ਾਲਸਾ ਪੰਥ ਦੇ ਨਿਆਰੇ **ਸਿੱਖੀ ਸਿਧਾਂਤ** ਦਾ ਮੌਜੂ ਉਡਾਉਣਾ ਹੈ। ਦਾਸ ਨੇ ਕਈ ਚਿਵਦਵਾਨਾ ਕੋਲ ਅਤੇ ਸਰਬ-ਉੱਚ ਪਦਵੀਆਂ ਸਾਂਭੀ ਬੈਠੇ ਪੰਥ ਦੇ ਸਾਰੇ ਜਥੇਦਾਰ ਸਾਹਿਬਾਨ ਕੋਲ ਅਥਵਾ ਹਰਿਮੰਦਰ ਸਾਹਿਬ ਜੀ ਦੇ ਮੁੱਖ ਗ੍ਰੰਥੀ, ਸਿੰਘ ਸਾਹਿਬ ਮੋਹਨ ਸਿੰਘ ਜੀ ਦੀ ਸੇਵਾ ਵਿਚ ਆਪਣੇ ਵਿਚਾਰ ਲਿਖ ਭੇਜੇ, ਪਰ ਚੰਗਾ ਜਾਂ ਮਾੜਾ, ਕਿਸੇ ਧਿਰੋਂ ਵੀ,ਕੋਈ ਉੱਤਰ ਨਾ ਬਹੁੜਿਆ ।

**(ਅ)** ਅਤੇ ਫਿਰ ਕਿਸੇ ਵੀ ਸ਼ਕਤੀ ਕੋਲੋਂ ਕੋਈ ਉਚੇਚਾ ਵਰ ਮੰਗਣਾ ਗੁਰਮਤਿ ਵਿਰੋਧੀ ਕਰਮ ਹੈ । ਵਰਾਂ ਸਰਾਪਾਂ ਨੂੰ ਗੁਰਮਤਿ ਨੇ ਇਕ ਦਮ ਰੱਦ ਕਰ ਦਿੱਤਾ ਹੋਇਆ ਹੈ। ਜੀਵਾਂ ਦੀਆਂ ਸਾਰੀਆਂ ਲੋੜਾਂ ਸਿਰਜਣਹਾਰ ਆਪਣੇ ਪੱਕੇ ਨਿਯੱਮ ਰੂਪੀ ਹੁਕਮ ਦੁਆਰਾ ਆਪ ਹੀ ਪੂਰੀਆਂ ਕਰ ਰਿਹਾ ਹੈ। ਸ਼ਿਵਾ ਆਦਿ ਕਿਸੇ ਵੀ ਹੋਰ ਕਥਿਤ ਸ਼ਕਤੀ ਦਾ ਉਸ ਸਿਰਜਣ-ਹਾਰ ਦੀ ਸਚੀ ਕਾਰ ਵਿਚ ਕੋਈ ਦਖ਼ਲ ਜਾਂ ਪਹੁੰਚ ਨਹੀਂ ਹੈ। ਪੁਸਤਕ ' **ਬਿੱਪ੍ਰਨ ਕੀ ਰੀਤ ਤੋਂ" ਸੱਚੁ ਦਾ ਮਾਰਗ** ਦੇ ਪਹਿਲੇ ਭਾਗ ਦੇ ਤੀਜੇ ਕਾਂਡ ਦੇ ਪੰਜਵੇ ਲੇਖ ਵਿਚ ਵਰਾਂ ਸਰਾਪਾਂ ਅਤੇ ਅਸੀਸਾਂ--ਨੂੰ ਗੁਰਮਤਿ ਵਿਰੋਧੀ ਇੱਕ ਭਰਮ ਸਿੱਧ ਕੀਤਾ ਜਾ ਚੁੱਕਿਆ ਹੈ।

**(ੲ) ਸ਼ੁਭ ਕਰਮਨ ਤੇ ਕਬਹੂੰ ਨਾ ਟਰੋ**':---ਗੁਰੂ ਬਾਣੀ ਅਨੁਸਾਰ ਕੋਈ ਵੀ ਕਰਮ ਆਪਣੇ ਆਪ ਵਿਚ ਨਾ **ਸ਼ੁਭ** ਹੈ ਅਤੇ ਨਾ **ਅਸ਼ੁੱਭ**। ਉਹੀ ਕਰਮ ਕਦੇ ਚੰਗਾ ਅਤੇ ਕਦੇ ਮੰਦਾ ਬਣ ਰਿਹਾ ਹੁੰਦਾ ਹੈ। ਫਿਰ, ਏਥੇ ਕਿਸੇ ਪ੍ਰਕਾਰ ਦੇ **ਸ਼ੁੱਭ ਕਰਮਾਂ** ਤੇ ਡਟੇ ਰਹਿਣ ਦੀ ਸਮਰਥਾ ਮੰਗ ਕੀਤੀ ਗਈ ਹੈ ? ਗੁਰੂ ਗ੍ਰੰਥ ਸਾਹਿਬ ਜੀ ਤਾਂ ਸਾਨੂੰ ਕਰਤਾਰ ਸੁਆਮੀ ਕੋਲੋਂ ਬਿਬੇਕ ਬੁੱਧ ਦੀ ਮੰਗ ਕਰਨੀ ਸਿਖਾਉਂਦੇ ਹਨ--**ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥**--ਚੰਗੇ ਮੰਦੇ ਕਰਮਾਂ ਦੇ ਹਿਸਾਬ ਦੇ ਗੇੜ ਵਿਚ ਪੈਣਾ ਬ੍ਰਾਹਮਣਵਾਦ ਹੈ। ਗੁਰਮਤਿ ਦੇ ਅਨੁਸਾਰ ਜੀਵਨ ਜੀਊਣ ਵਾਲੀ ਬਿਬੇਕ ਬੁੱਧੀ ਹੀ ਮਨੁੱਖ ਨੂੰ ਸ੍ਰੇਸ਼ਟ ਬਣਾਉਂਦੀ ਹੈ। ਸਾਡੇ ਲਈ ਗੁਰਬਾਣੀ ਬਣ ਖਲੋਤੀ ਚੰਡੀ ਚ੍ਰਿਤਰ ਵਿਚਲੀ ਇਸ ਚੌਪਈ ਦੀ ਪਹਿਲੀ ਪੰਗਤੀ ਗੁਰਮਤਿ ਦੀ ਕਸਵੱਟੀ ਦੀ ਪਰਖ ਵਿਚ ਪੂਰੀ ਨਹੀਂ ਉਤਰਦੀ।

**(੨)** **ਨ ਡਰੋ ਅਰਿ ਸੇ ਜਬ ਜਾਇ ਲਰੋ ਨਿਸਚੈ ਕਰ ਆਪਨੀ ਜੀਤ ਕਰੋ** ॥ ਕਿਥੇ ਜਾ ਕੇ ਕਿਸ ਵੈਰੀ ਨਾਲ ਲੜਨਾ ਹੈ ? ਕਿਸ ਪ੍ਰਕਾਰ ਦੀ ਜਿੱਤ ਦੀ ਲੋਚਨਾ ਹੈ ? ਜਿਸ **ਸ਼ਿਵਾ** ਤੋਂ ਇਹ ਵਰ ਮੰਗਿਆ ਜਾ ਰਿਹਾ ਹੈ ਉਹ ਤਾਂ ਕੇਵਲ ਉਨ੍ਹਾਂ ਨੂੰ ਹੀ ਆਪਣੇ ਵੈਰੀ ਸਮਝਦੀ ਹੈ ਜਿਹੜੇ ਕਥਿਤ ਤੌਰ ਤੇ ਅਸਮਾਨੀ ਵੱਸਦੇ ਦੇਵਤਿਆਂ ਨੂੰ ਤੰਗ ਕਰਕੇ ਕਥਿਤ ਦੇਵਰਾਜ ਇੰਦ੍ਰ ਦਾ ਰਾਜ ਖੋਹ ਲੈਂਦੇ ਹਨ। ਨਿਰਵੈਰ ਸਤਿਗੁਰਾਂ ਦਾ ਵੈਰੀ ਤਾਂ ਹੈ ਹੀ ਕੋਈ ਨਹੀਂ--**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗ ਹਮ ਕਉ ਬਨ ਆਈ ॥** ਅਤੇ--**ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥ ਬ੍ਰਹਮੁ ਪਸਾਰੁ ਪਸਾਰਿਓ ਭਤਿਰਿ ਸਤਿਗੁਰ ਤੇ ਸੋਝੀ ਪਾਈ ॥**[੬੭੧]-੩ ਗੁਰੂ ਬਾਣੀ ਦੇ ਏਸੇ --" ਦੇਹ ਸ਼ਿਵਾ**....** ਕਰੋਂ ਤੁਕ ਦੇ ਪਾਠ ਨੇ ਹੀ ਖ਼ਾਲਸਾ ਜੀ ਨੂੰ ਬੇਸੂਲਾ ਅਤੇ ਅਜੇਹਾ ਘਟੀਆ ਜੰਗਜੂ ਬਣਾ ਦਿੱਤਾ ਕਿ- ਗੁਰੂ ਘਰਾਂ ਵਿਚ, ਗੁਰੂ ਦਰਬਾਰਾਂ ਵਿਚ, ਵਿਦਿਆ ਦੇ ਕੇਂਦਰਾਂ ਵਿਚ, ਰੇਲਾਂ, ਮੋਟਰਾਂ, ਹਵਾਈ ਜਹਾਜ਼ਾਂ ਵਿਚ, ਵਪਾਰਕ ਅਦਾਰਿਆਂ ਵਿਚ, ਆਪਣੇ ਪਰਵਾਰਾਂ ਵਿਚ, ਗੱਲ ਕੀ ਜ਼ਿੰਦਗੀ ਦੀ ਹਰ ਰੌਣਕ ਵਿਚ, ਸੰਸਾਰ ਦੇ ਹਰ ਦੇਸ਼ ਵਿਚ ਜਿੱਥੇ ਹੀ ਵਿਚਰੇ ਲੱਗ ਪਗ ਹਰ ਥਾਂ, ਗੋਲੀਆਂ ਚਲਾਉਂਦਿਆਂ, ਕੇਸੋ ਕੇਸੀ ਹੁੰਦਿਆਂ, ਛਿਤਰ-ਪਤਾਨ, ਹੂਰੋ ਮੁੱਕੀ ਹੋਣ ਦੇ ਨਾਲ ਬੜੀ ਉੱਚੀ ਸੁਰ ਵਿਚ ਗਾਹਲੋ ਗਾਹਲੀ ਹੁੰਦਿਆਂ ਨੂੰ ਧੂਈ ਫਿਰਦੀ ਪੁਲਸ ਦੇ ਫੋਟੋ, ਵਿਦੇਸ਼ੀ ਅਖ਼ਬਾਰਾਂ ਵਿਚ ਕਈ ਵਾਰੀ ਛਪੇ। ਸਾਡੀ ਕੌਮ, ਸੰਤਾਂ ਵਾਲੇ ਗੁਣਾ ਤੋਂ ਸੱਖਣੀ, ਕੇਵਲ ਬੇਦਲੀਲੇ ਜੰਗਜੂਆਂ ਦੀ ਕੋਮ ਸਮਝੀ ਜਾਣ ਲੱਗ ਪਈ। ' **ਖ਼ਾਲਸਾ ਸੋ ਕਰੇ ਨਿਤ ਜੰਗ** " ਕਿਸੇ ਪੰਥ ਵਿਰੋਧੀ ਦੀ ਲਿਖੀ ਪੰਗਤੀ ਆਪਣੇ ਜੀਵਨ ਵਿਚ ਘਟਾ ਲਈ ਪਰ ਅਸਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ੧੪੩੦ ਅੰਕਾਂ ਵਿਚੋਂ ਕੋਈ ਇੱਕ ਪੰਗਤੀ ਵੀ ਕੌਮੀ ਤੌਰ ਤੇ ਨਹੀਂ ਅਪਣਾਈ ।

**(੩)** **ਅਰ ਸਿੱਖ ਹੌ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋ** ---ਮਹਾਂ ਦੇਉ ਦੀ ਧਰਪੱਤਣੀ ਇਸ **ਸ਼ਿਵਾ** ਦਾ ਪਤੀ-ਬ੍ਰਤਾ ਵਾਲਾ ਗੁਣ ਤਾਂ ਅਸਾਂ ਪਿੱਛੇ ਪੜ੍ਹ ਹੀ ਲਿਆ ਸੀ। ਜਿਹੜਾ ਸੂਰਮਾਂ ਵੀ ਉਸ ਨੂੰ ਲੜਾਈ ਵਿਚ ਜਿੱਤ ਲੈਂਦਾ ਉਸੇ ਦੀ ਹੋਣ

ਲਈ ਤਿਆਰ ਬੈਠੀ ਸੀ। ਵਰ ਜਾਂ ਸਰਾਪ, ਦੇਣ ਨੂੰ ਕਾਹਲੀ, ਲਹੂ ਪੀ ਕੇ ਜੀਊਂਦਿਆਂ ਜੀਆਂ ਨੂੰ ਚੱਬ ਕੇ ਖਾ ਜਾਣ ਵਾਲੀ, ਝੋਟੇ ਦੀ ਬਲੀ ਮੰਗਦੀ ਰਹਿਣ ਵਾਲੀ ਦੈਂਤਾਂ ਨਾਲੋਂ ਵੀ ਵੱਧ ਨਿਰਦਈ ਇਸ **ਸ਼ਿਵਾ** ਦੇ ਪਤਾ ਨਹੀਂ ਕਿਹੜੇ ਗੁਣ ਉਚਾਰਦੇ ਰਹਿਣ ਦੇ ਲਾਲਚ ਨੇ ਕਵੀ ਨੂੰ ਘੇਰਿਆ ਹੋਇਆ ਹੈ ? ਪਿੱਛੇ ਅਸੀਂ ਪੜ੍ਹ ਆਏ ਹਾਂ ਕਿ ਇਹ ਸ਼ਿਵਾ ਕਿਵੇਂ ਸਦਾ ਕ੍ਰੋਧਵਾਨ ਹੋਈ ਵਿਚਰਦੀ ਦਰਸਾਈ ਹੋਈ ਹੈ। ਅਜੇਹੇ ਕ੍ਰੋਧੀ ਦੇ ਤਾਂ ਸਤਿਗੁਰਾਂ ਨੇ ਨੇੜੇ ਜਾਣੋ ਵੀ ਵਰਜਿਆ ਹੋਇਆ ਹੈ--**ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥ ੩ ॥** [੪੦]- ਇਹ ਚੰਡਾਲ ਕ੍ਰੋਧ ਅਕਲ ਦਾ ਵੈਰੀ ਹੋਣ ਬਾਰੇ ਸਤਿਗੁਰਾਂ ਦਾ ਫ਼ੁਰਮਾਨ:----

**੩੧- ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥** **[ਹਿਰ ਲੀਨਾ=ਚੁਰਾ ਲਿਆ, ਅਕਲ ਮਾਰ ਲਈ]**

**ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ ॥੧॥** {੨੧੯}-੪

ਅਜੇਹੀ ਭਿਅੰਕਰ ਸ਼ਿਵਾ ਦੇ ਗੁਣ ਗਾਉਣ ਦਾ ਲਾਲਚ ਕੁਟਲ-ਪ੍ਰੋਹਿਤ ਨੂੰ ਤਾਂ ਬੇਸ਼ੱਕ ਹੋਵੇ ਪਰ, ਸ਼ਿਵਾ ਨਾਮ ਵਾਲੀ ਅਜੇਹੀ ਲੱਖਾਂ ਦੇਵੀਆਂ ਤਾਂ ਦਸ਼ਮ ਸਤਿਗੁਰੂ ਨਾਨਕ ਸਾਹਿਬ ਜੀ ਦੇ ਚਰਣਾਂ ਦੀ ਧੂੜ ਲਈ ਫਿਰਦੀਆਂ ਹੋਣਗੀਆਂ। ਜਿਸ ਸ਼ਿਵਾ ਨੂੰ ਸਰਬ ਸਾਂਝੀ ਗੁਰੂ ਬਾਣੀ ਵਿਚ ਥਾਂ ਨਹੀਂ ਮਿਲਿਆ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਉਸ ਦਾ ਜੋੜ ਕਿਉਂ ਬਣੇ ? ਪਰਮਾਤਮ ਤੀ ਮੌਜ ਨਾਲ ਪ੍ਰਗਟੇ ਹੇ ਦੂਲੇ ਖ਼ਾਲਸਾ ਜੀਓ ! ਆਪਣਾ ਅਸਲਾ ਪਛਾਣੋਂ ਅਤੇ ਨਿਕਲ ਆਉ ਬ੍ਰਾਹਮਣੀ ਮਾਇਆ ਜਾਲ ਦੀ ਘਾਤਕ ਜਕੜ ਵਿਚੋਂ ।

**੪) ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋ** ॥ **(ੳ)** ਕਮਾਲ ਦੀ ਕਲਾ ਬਾਜ਼ੀ ? ਮੌਤ ਸਮੇ ਦੇ ਤ੍ਰਾਸ ਤੋਂ ਘਬਰੇ ਜਿਹੜੇ ਲਿਖਾਰੀ ਜੀ ਸ੍ਰੀ ਅਸਿਧੁਜ ਜੀ ਦੇ ਦਰਬਾਰ ਵਿਚ ਰਖਿਆ ਲਈ ਗਿੜਗੜਾਉਂਦੇ ਸਨ ਏਥੇ ਇਉਂ ---" **ਆਪ ਹਾਥ ਦੈ ਮੁਝੈ ਉਬਰਿਯੈ ॥ ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥ ਹੂਜੋ ਸਦਾ ਹਮਾਰੇ ਪੱਛਾ ॥ ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ ॥** " ਲਿਖਣ ਵਾਲੇ ਲਿਖਾਰੀ ਜੀ ਏਥੇ ਹੀ ਜੂਝ ਕੇ ਮਰਨ ਲਈ ਤਿਆਰ ? ਮੌਤ ਵੀ ਕਿਹੜੀ ? ਜੰਗ ਕਰਦੇ ਸਮੇ ਘੋਰ ਯੁੱਧ ਵਿਚ ਜੂਝ ਕੇ ਮਰਨ ਦੀ ਸੱਧਰ ? ਕੀ, ਇਹ ਬਚਨ ਪਰਮ ਸਤਿਕਾਰਯੋਗ ਦਸਮ ਸਤਿਗੁਰੂ ਨਾਨਕ ਜੀ ਦੇ ਹੀ ਹਨ ? ਜਿਸ ਅਨੁਪਮ ਗੁਰੂ ਬਾਣੀ ਨੂੰ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਗੁਰਿਆਈ ਸੌਂਪੀ ਸੀ, **ਨਿਰਭਉ ਜਪੈ ਸਗਲ ਭਉ ਮਿਟੈ**--ਦਾ ਉਪਦੇਸ਼ ਦ੍ਰਿੜ ਕਰਾ ਰਹੇ ਉਨ੍ਹਾਂ ਦੇ **ਬੇਅੰਤ** ਫ਼ੁਰਮਾਨ ਤਾਂ ਸਾਰੇ ਡਰ ਝੰਜਟਾਂ ਤੋਂ ਰਹਿਤ ਹੋ ਕੇ, ਜੰਗ ਵਿਚ ਜੂਝ ਨਰਨ ਦੀ ਨਹੀਂ ਸਗੋਂ ਸਦਾ ਪ੍ਰਭੂ ਦੀ ਯਾਦ ਵਿਚ ਜੁੜੇ ਰਹਿਣ ਦੀ ਸੱਧਰ ਦਰਸਾ ਰਹੇ ਹਨ। ਕੇਵਲ ਵਣਗੀ ਮਾਤ੍ਰ **੫** ਗੁਰੂ ਫ਼ੁਰਮਾਨ ਇਉਂ ਹਨ ---(੧) **ਗੁਰਮਤਿ ਪਤਿ ਸਾਬਾਸਿ ਤਿਸੁ, ਤਿਸ ਕੈ ਸੰਗਿ ਮਿਲਾਉ ॥ ਤਿਸੁ ਬਿਨੁ ਘੜੀ ਨ ਜੀਵਉ ਬਿਨੁ ਨਾਵੈ ਮਰਿ ਜਾਂਉ ॥ ਮੈ ਅੰਧੁਲੇ ਨਾਮੁ ਨ ਵੀਸਰੈ ਟੇਕ ਟਿਕੀ ਘਰਿ ਜਾਉ ॥ ੨ ॥**[੫੮]-੮ (੨) **ਮੇਰੈ ਮਨਿ ਐਸੀ ਭਗਤਿ ਬਨਿ ਆਈ ॥ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਜਲ ਬਿਨੁ ਮੀਨ ਮਰਿ ਜਾਈ ॥ ੧ ॥ ਰਹਾਉ ॥** [੩੬੯]-੧੦-੬੨ (੩) **ਤਿਸੁ ਬਿਨੁ ਘੜੀ ਨ ਜੀਵੀਐ ਭਾਈ ਸਰਬ ਕਲਾ ਭਰਪੂਰਿ ॥ ਸਾਸਿ ਗਿਰਾਸਿ ਨ ਵਿਸਰੈਠ ਭਾਈ ਪੇਖਉ ਸਦਾ ਹਜੂਰਿ ॥ ਜਿਨਾ ਪ੍ਰੀਤਿ ਨ ਲਗੀਆ ਭਾਈ ਸੇ ਨਿਤ ਨਿਤ ਮਰਦੇ ਝੂਰਿ ॥ ੮ ॥** [੬੪੦]-੧ (੪) ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਉ ਜਿਉ ਚਾਤ੍ਰਿਕੁ ਜਲ ਕਉ ਬਿਲਲਾਤਾ ॥ ਹਉ ਕਿਆ ਗੁਣ ਤੇਰੇ ਸਾਰ ਸਮਾਲੀ ਮੈ ਨਿਰਗੁਣ ਕਉ ਰਖਿ ਲੇਤਾ ॥ ੨ ॥.। [੫੬੪]-੯ (੫) **ਕਰਿ ਕਿਰਪਾ ਗੋਬਿੰਦ ਪ੍ਰਭ ਪ੍ਰੀਤਮ ਦੀਨਾ ਨਾਥ ਸੁਨਹੁ ਅਰਦਾਸਿ ॥ ਕਰੁ ਗਹਿ ੇਹੁ ਨਾਨਕ ਕੇ ਸੁਆਮੀ ਜੀਉ ਪਿੰਡੁ ਸਭੁ ਤੁਮਰੀ ਰਾਸਿ ॥ ੨ ॥ ੩ ॥ ੧੨੦ ॥** [ਪੰਨਾ ੨੦੪] ਅਜੇਹੀ ਲੋਚਨਾ ਦੇ ਥਾਂ ---ਅਤਿ ਹੀ ਰਨ ਮੈਂ ਜੂਝ ਮਰਾ " ਦਾ ਵਰ ਮੰਗਣਾ ? ਜੇ ਆਪਣੀ ਮੰਗ ਦਾ ਸਿਧਾਂਤ ਇਸ ਪ੍ਰਕਾਰ ਬਦਲ ਲੈਣਾ ਸੀ ਤਾਂ ਉਪ੍ਰੋਕਤ ਪੰਗਤੀਆਂ ਵਾਲੀ ਗੁਰੂ ਬਾਣੀ ਨੂੰ ਸੀਸ ਝੁਕਾ ਕੇ ਗੁਰਿਆਈ ਸੌਂਪ ਦੇਣ ਦਾ ਅਰਥ ਕੀ ਬਚਿਆ?

**(ਅ)** ਪਿਛਲੇ ਚਰਿਤ੍ਰਾਂ ਤੋਂ ਅਸੀ ਚੰਗੀ ਤਰ੍ਹਾਂ ਸਮਝ ਆਏ ਹਾਂ ਕਿ ਕੇਵਲ, ਦੈਂਤਾਂ ਅਤੇ ਦੇਵਤਿਆਂ ਦੀ ਜੰਗ ਹੀ ਜਦੋ ਮਰਜ਼ੀ ਹੈ ਅਤੇ ਜਿੱਥੇ ਮਰਜ਼ੀ ਹੈ ਛੇੜੀ ਜਾ ਸਕਦੀ ਹੈ । ਉਂਜ ਸੰਸਰ ਦੇ ਕਿਸੇ ਵੀ ਦੇਸ਼ ਵਿਚ ਅਜੇਹੀ ਜੰਗ ਸਦਾ ਨਹੀਂ ਲੱਗੀ ਰਹਿੰਦੀ ਜਿਸ ਵਿਚ ਜੂਝ ਕੇ ਮਰਨ ਦੀ ਗੱਲ ਵਿਚਾਰੀ ਜਾ ਸਕਦੀ ਹੋਵੇ । **ਇਸ ਜ਼ਰੂਰੀ ਪੱਖ ਵੱਲ ਵੀ ਧਿਆਨ ਮਰੀਏ। ਸਤਿਗੁਰਾਂ ਦਾ ਫ਼ੁਰਮਾਨ ਹੈ ਕਿ, ਪ੍ਰਭੂ ਦੇ ਸੱਚੇ ਭਗਤ ਦਾ ਕਹਿਆ ਬਚਨ ਲੋਕ ਪ੍ਰਲੋਕ, ਦੋਹੀ ਥਾਂਈ ਸੱਚ ਸਿੱਧ ਹੁੰਦਾ ਹੈ--ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥ ੨ ॥** ਅਤੇ ਸਤਿਗੁਰਾਂ ਦੇ ਇਸ ਪਾਵਨ ਫ਼ੁਰਮਾਨ ਤੋਂ ਵੀ ਅਸੀਂ ਭਲੀ-ਭਾਂਤ ਜਾਣੂੰ ਹਾਂ --" **ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸ ॥** " ਭਾਵ, ਪ੍ਰਭੂ ਦੇ ਜਨ ਦੀ ਅਰਦਾਸ ਕਦੇ ਵੀ ਬਿਰਥੀ ਨਹੀਂ ਜਾਂਦੀ । ਕੀ, ਕਦੇ ਅਸਾਂ ਇਹ ਵਿਚਾਰਿਆ ਹੈ ਕਿ ਜੇ ਵਾਕਿਆ ਹੀ ਸਤਿਗੁਰਾਂ ਨੇ ਆਪਣੇ ਅਕਾਲਪੁਰਖ ਦੇ ਚਰਨਾ ਵਿਚ ਘੋਰ ਯੁੱਧ ਵਿਚ ਜੂਝ ਕੇ ਮਰਨ ਦੀ ਮੰਗ ਅਥਵਾ ਅਰਦਾਸ ਕੀਤੀ ਹੁੰਦੀ ਤਾਂ ਉਹ ਜ਼ਰੂਰ ਵਿਚ ਪੂਰੀ ਹੋਣੀ ਸੀ ? ਪਰ ਦਸ਼ਮ ਪਿਤਾ ਜੀ ਨੂੰ ਤਾਂ ਆਪਣੇ ਸਿੰਘਾਸਣ ਤੇ ਆਰਾਮ ਕਰਦੇ ਸਮੇ ਵਿਸ਼ਵਾਸ਼ ਘਾਤੀ ਪਠਾਣ ਨੇ ਜਾਨ ਲੇਵਾ ਘਾਉ ਲਾ ਦਿੱਤਾ ਸੀ। ਅਤੇ ਜਿਸ ਦਿਨ ਉਨ੍ਹਾਂ ਨਿਜ ਧਾਮ **ਨੂੰ ਪਿਆਣਾ ਕੀਤਾ ਸੀ ਉਸ ਦਿਨ ਵੀ ਘਰ ਯੁੱਧ ਕੋਈ ਨਹੀਂ ਸੀ ਹੋਇਆ। ਆਪਣੇ ਸਤਿਗੁਰੂ ਜੀ ਨਾਲ ਸੱਚਾ ਪਿਆਰ ਕਰਨ ਵਾਲੇ ਸੂਝਵਾਨ ਗੁਰਸਿੱਖਾਂ ਲਈ ਏਹੀ ਸਚਾਈ ਕਾਫ਼ੀ ਹੋਣੀ ਚਾਹੀਦੀ ਸੀ । ਹੁਣ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ । ਆਉ ਉੱਚੇ ਚੜ੍ਹ ਕੇ ਦੁਹਾਈ ਦੇਈ ਕਿ, ਹੇ ਉਪ੍ਰੋਕ ਸਵੈਯਾ ਦਸਮੇ ਜੀ ਦੇ ਪਾਵਨ ਨਾਮਣੇ ਨਾਲ ਜੋੜ ਰਹੇ ਭਾਈਓ ਅਸੀਂ ਅਗਿਆਨਤਾ ਵੱਸ ਹੋਏ ਬੜਾ ਵਡਾ ਪਾਪ ਖੱਟ ਰਹੇ ਹਾਂ। ਅਕਾਲ ਪੁਰਖ ਨਾਲ ਇੱਕ ਰੂਪ ਹੋ ਚੁੱਕੇ, ਅਕਾਲ-ਰੂਪ ਦਸਮ ਸ੍ਰੀ ਗੁਰੂ ਨਾਨਕ ਜੀ ਦੇ ਪਾਵਨ ਨਾਮਣੇ ਨਾਲ ਅਜੇਹੇ ਕੱਚੇ ਬਚਨ ਜੋੜ ਕੇ ਅਸੀਂ ਮਹਾਂ ਬਲੀ ਜੀ ਦੀ ਘੋਰ ਨਿੰਦਿਆ ਕਰ ਰਹੇ ਹਾਂ।**

**(ੲ)** ਨੇਕ ਹਿਰਦੇ ਵਾਲਾ ਕੋਈ ਵੀ ਮਨੁੱਖ ,ਜੰਗ ਦੀ ਮੰਗ ਕਦੇ ਨਹੀਂ ਕਰਦਾ ਸਗੋਂ ਸਦਾ ਸਰਬੱਤ ਦੇ ਭਲੇ ਦੀ ਹੀ ਲੋਚਨਾ ਕਰਦਾ ਹੈ। ਦਸ਼ਮੇਸ਼ ਜੀ ਨੇ ਆਪਣੀ ਜ਼ਿੰਦਗੀ ਵਿਚ ਕਿਸੇ ਥਾਂ ਵੀ ਆਪ ਜੰਗ ਨਹੀਂ ਸੀ ਸਹੇੜੀ । ਹਥਿਆਰ ਚੁੱਕਣ ਦੀ ਲੋੜ ਵੀ ਉਸੇ ਸਥਿਤੀ ਵਿਚ ਹੀ

ਸਮਝੀ, ਜਦੋ ਸੁਲਾਹ ਸਫ਼ਾਈ ਦਾ ਦੂਜਾ ਹੋਰ (ਕਰਬਾਨੀਆਂ ਦੇਣ ਸਮੇਤ) ਕੋਈ ਚਾਰਾ ਨਹੀਂ ਸੀ ਰਿਹਾ ਹੁੰਦਾ। ਫਿਰ ਕਿਵੇਂ ਮਨ ਲਿਆ ਜਾਵੇ ਕਿ ਉਪ੍ਰੋਕਤ ਵਰ ਦਸ਼ਮੇਸ਼ ਜੀ ਨੇ ਹੀ ਮੰਗਿਆ ਸੀ?

**(ਸ)** ਦਾਸ ਦੀ ਉਮਰ ੭੮ ਸਾਲ ਦੀ ਹੋ ਪਈ ਹੈ । ਸਾਰੀ ਉਮਰ ਕਦੇ ਵੀ ਕਿਸੇ ਥਾਂ ਕੋਈ ਅਜੇਹਾ **ਧਰਮ-ਯੁੱਧ** ਲੱਗਾ ਨਹੀਂ ਸੁਣਿਆਂ ਜਿਸ ਵਿਚ ਲੜ ਕੇ ਮਰ ਮਿਟਨ ਦਾ ਚਾਉ, ਕਿਸੇ ਸਿੰਘ ਜੀ ਦੇ ਹਿਰਦੇ ਵਿਚ ਠਾਠਾਂ ਮਾਰ ਉਠਿਆ ਹੋਵੇ ? ਗੁਰੂ ਕੇ ਬਾਗ਼ ਦਾ, ਗੁਰੂ ਦੁਆਰਿਆਂ ਨੂੰ ਮਹੰਤਾਂ ਕੋਲੋਂ ਛੁਡਵਾਉਣ ਦਾ, ਜੈਤੋ ਦਾ ਮੋਰਚਾ, ਆਦਿ ਅੱਜ ਤੱਕ ਸਿੰਘਾਂ ਦੇ ਸਾਰੇ ਮੋਰਚੇ ਧਰਮ ਯੁੱਧ ਸਿੱਧ ਨਹੀਂ ਹੋਏ। ਇਹ ਸਾਰੇ ਮੋਰਚੇ ਕੇਵਲ ਅਤੇ ਕੇਵਲ ਤੱਦ ਧਰਮ-ਯੁੱਧ ਸਮਝੇ ਜਾ ਸਕਦੇ ਸਨ, ਜੇ ਅਸਾਂ ਆਪਣੇ ਧਰਮ ਅਸਥਾਨਾਂ ਨੂੰ, ਪਦਾਰਥਕ ਮੰਗਾਂ ਵਾਲੀਆਂ ਸੁਖਣਾ ਤੋਂ ਅਰੰਭ ਹੋ ਕੇ, ਪੂਜਾ ਪਾਠ ਨਾਲ ਸੰਬਧਤ ਸਾਰੀਆਂ ਬ੍ਰਾਹਮਣੀ ਰੀਤਾਂ ਤੋਂ ਪਾਕ-ਸਾਫ਼ ਕਰਕੇ, ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਵਾਲਾ **ਗਿਆਨ ਮੰਦਰ** ਅਥਵਾ ਸਤਿਗੁਰੂ ਨਾਨਕ ਜੀ ਵਾਲੀ ਧਰਮ-ਸ਼ਾਲ (=ਧਰਮ ਸਿੱਖਣ ਦੀ ਥਾਂ) ਹੀ ਬਣਾ ਲਿਆ ਹੁੰਦਾ । ਪਰ ਅੱਜ ਪਾਵਨ ਪਵਿੱਤਰ ਹਰਿਮੰਦਰ ਸਾਹਿਬ ਸਮੇਤ, ਸਿਆਸਤ ਦੇ ਅਖਾੜੇ ਬਣ ਚੁੱਕੇ ਗੁਰੂ ਦੁਆਰਿਆਂ ਵਿਚ ਜੋ ਹੋ ਰਿਹਾ ਹੈ ਉਹ ਨਰੈਣੂੰ ਮਹੰਤਾਂ ਦੇ ਟੋਲੇ ਦੇ ਵੀ ਕੰਨ ਕੁਤਰ ਰਿਹਾ ਹੈ। ਅਜੇਹੇ ਤੱਥਾਂ ਦੇ ਕੱਚੇ ਚਿੱਠੇ ਦਾ ਵੇਰਵਾ ਲਿਖ ਕੇ ਦਾਸ ਨੇ ਕਈ ਵਾਰੀ ਸ਼੍ਰੋਮਣੀ ਜਥੇਦਾਰ ਸਾਹਿਬਾਨ ਦੀ ਸੇਵਾ ਵਿਚ ਭੇਜਿਆ ਹੈ। ਪਰ ਉਨ੍ਹਾਂ ਵੱਲ ਧਿਆਨ ਤਾਂ ਤਦ ਹੀ ਦਿੱਤਾ ਜਾਵੇ ਜੇ ਅਗਲੇ ਬੰਨੇ ਸੱਚ ਦਾ ਮੁਤਲਾਸ਼ੀ, ਕੋਈ ਸੁਹਿਰਦ ਗੁਰਮੁਖਿ ਪਿਆਰਾ ਅਜੇਹੀ ਸੂਚਨਾਂ ਦੀ ਉਡੀ ਕਰ ਰਿਹਾ ਹੋਵੇ ? ਕਦੋਂ ਬਣੇ ਪੰਥ ਦਾ ਅਜੇਹਾ ਆਗੂ ਜਿਸ ਦੇ ਹਿਰਦੇ ਵਿਚ, ਪੰਥ ਵਿਚੋਂ ਕੁਰੀਤੀਆਂ ਨੂੰ ਦੂਰ ਕਰਨ ਦੀ ਅਪਾਰ ਸੱਧਰ ਪੈਦਾ ਹੋ ਚੁੱਕੀ ਹੋਵੇ ?

**(ਹ)** ਆਪਣੀ ਜਿੰਦਗੀ ਵਿਚ ਕਈ ਧਰਮ ਆਗੂ--ਸੰਤ ਅਤਰ ਸਿੰਘ, ਰਾੜੇ ਵਾਲੇ ਸੰਤ, ਕਲੇਰਾਂ ਵਾਲੇ ਸਾਰੇ ਸੰਤ, ਸੰਤ ਹਰਨਾਮ ਸਿੰਘ ਗੜ੍ਹਦੀ ਵਾਲਾ, ਰਮਾਦਾਸ ਦਾ ਸੰਤ, ਭਿੰਡਰਾਂ ਵਾਲੇ ਸੰਤ ਗੁਰਬਚਨ ਸਿੰਘ ਅਤੇ ਸੰਤ ਕਰਤਾਰ ਸਿੰਘ, ਭਾਈ ਵੀਰ ਸਿੰਘ ਆਦਿ ਵੱਡੇ ਤੋਂ ਵੱਡੇ ਧਰਮਾਤਮਾਂ ਦੀ ਅਥਵਾ ਕਿਸੇ ਵੀ ਮਹਾਂਪੁਰਖ ਦੀ ਮੌਤ--**ਅਤਿ ਹੀ ਰਣ ਮੈ ਤਬ ਜੂਝ ਮਰੋਣ** ਦੀ ਮੰਗ ਵਾਲੀ ਸੱਧਰ, ਪੂਰੀ ਨਹੀਂ ਕਰ ਸਕੀ। ਕੋਈ ਬਿਮਾਰੀ ਨਾਲ, ਕੋਈ ਦੁਘਟਨਾਂ ਦਾ ਸ਼ਿਕਾਰ--ਸਭ ਦੇ ਸਭ ਮੰਜੀ ਤੇ ਅੱਡੀਆਂ ਰਗੜਦੇ ਹੀ ਮੁਲਕੇ ਅਦਮ ਨੂੰ ਰੁਖ਼ਸਤ ਹੁੰਦੇ ਰਹੇ। ਫਿਰ ਕੀ ਇਹ ਕਵਿਤਾ ਕਿਤੇ ਸਾਨੂੰ ਕੌਮੀ ਤੌਰ ਤੇ ਮੂਰਖ ਬਨਾਉਣ ਲਈ ਹੀ ਤਾਂ ਨਹੀਂ ਰਚੀ ਗਈ ਹੋਈ? ਇਸ ਗੱਲ ਵਿਚ ਸਰਕਾਰ ਦਾ ਕੀ ਭੇਤ ਹੈ ਕਿ ਜਦੋਂ ਵੀ ਪਕਿਸਤਾਨ ਸਰਕਾਰ ਨਾਲ ਜੰਗ ਛਿੜੀ ਰੇਡੀਓ ਅਥਵਾ ਟੀ ਵੀ ਦੇ ਪ੍ਰੋਗਰਾਮਾਂ ਵਿਚ ਦੇਹ ਸ਼ਿਵਾ ਬਰ ਮੋਹਿ ... ਉਪ੍ਰੋਕਤ ਸ੍ਵੈਯਾ ਬੜੀ ਪ੍ਰਧਾਨ ਥਾਂ ਮਲ ਰਿਹਾ ਹੁੰਦਾ ਹੈ ਪਰ ਅੱਗੋ ਪਿੱਛੇ ਲੱਗ-ਪਗ ਅਲੋਪ ?

**(ਕ)** ਅਜੇਹਾ ਕੱਚਾ ਅਤੇ ਕੁਰਾਹੇ ਪਾਉਣ ਵਾਲਾ ਉਪਦੇਸ਼ ਸੁਆਰਦਾ ਕੁਝ ਨਹੀਂ ਪਰ ਵਿਗਾੜਦਾ ਬੜਾ ਕੁਝ ਹੈ--' **ਜੈਸਾ ਸੇਵੈ ਤੈਸੋ ਹੋਇ** ' ਗੁਰਮਤਿ ਸਿਧਾਂਤ ਨੇ ਆਪਣਾ ਰੰਗ ਵਿਖਾਇਆ। ਸਿੱਖਾਂ ਬਾਰੇ ਅਖਾਣ ਬਣ ਗਿਆ ਕਿ, ਜੇ ਇਨ੍ਹਾਂ ਨੂੰ ਬਾਹਰ ਦਾ ਕੋਈ ਨਾ ਮਿਲੇ, ਤਾਂ ਘਰਦਿਆਂ ਨਾਲ ਹੀ ਲੜਾਈ ਸਹੇੜ ਕੇ ਵੱਢ ਟੁੱਕ ਕਰਨ ਵਾਲਾ ਆਪਣਾ ਝੱਸ ਪੂਰਾ ਕਰ ਲੈਂਦਾ ਹਨ । ਸੂਰਬੀਰ, ਨਿਰਭੈ, ਸਰਬੱਤ ਦੇ ਸੱਚੇ ਮਿੱਤਰ ਹਰ ਪੱਖੋਂ ਨਿਰਵੈਰ, ਅਤੇ ਖਿਮਾ ਦੇ ਪੁਤਲੇ, ਜਿਸ ਸੰਤ ਸੂਰਮੇ ਖ਼ਾਲਸਾ ਨੂੰ, ਕਦੇ, ਸਿਵਾਏ (੧) ਆਪਣੇ ਅੰਦਰ ਬੈਠੇ ਪ੍ਰਭੂ ਰਾਜੇ (**ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ॥ ਗੁਰ ਸਬਦੀ ਦਰੁ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ ॥ ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ** ॥) ਤੋਂ ਦੂਰੀ ਪੈ ਜਾਣ ਦੇ ਡਰ ਤੋਂ, ਅਤੇ ਆਪਣੇ ਸਤਿਗੁਰਾਂ ਦੀ ਨਰਾਜਗੀ ਖੱਟ ਬੈਹਣ ਦੇ ਭੈ ਤੋਂ, ਹੋਰ ਦੂਜੇ ਕਿਸੇ ਦਾ ਕੋਈ ਡਰ ਭੈ ਕਦੇ ਨੇੜੇ ਆਇਆ ਹੀ ਨਹੀਂ ਸੀ, ਅੱਜ ਉਹੀ ਸਿੰਘ ਆਪਣੇ ਆਚਰਨ ਦੀ ਕਮਜ਼ੋਰੀ ਤੋਂ ਭੈ ਭੀਤ ਬਿੱਪ੍ਰ ਦੇ ਰਲਾਏ ਘਾਤਕ ਮਹੁਰੇ ਨੂੰ ਅੰਮ੍ਰਿਤ ਦੇ ਘੁੱਟ ਸਮਝ ਕੇ ਪੀਂਦੇ ਰਹਿਣ ਵਿਚ ਆਪਣੀ ਕਲਿਆਣ ਮੰਨ ਬੈਠਾ ਹੋਇਆ ਹੈ। ਸਿੱਖੀ ਦੇ ਵੈਰੀ ਨੇ ਜਿਸ ਯੋਜਨਾ ਅਧੀਨ, ਗੁਰਮਤਿ ਵਿਰੋਧੀ ਇਹ ਸਾਰਾ ਕੁਝ ਪੰਥਕ ਮਰਯਾਦਾ ਵਿਚ ਲਿਆ ਵਾੜਿਆ ਸੀ, ਉਸ ਦੀ ਉਹ ਕੁਟਲ ਯੋਜਨਾਂ ਪੂਰੀ ਤਰ੍ਹਾਂ ਸਫ਼ਲ ਰਹੀ। ਭਾਵੇਂ, ਗੁਰੂ ਨਾਨਕ ਜੀ ਦੀ ਸੱਖੀ ਵੀ ਸਤਿਗੁਰਾਂ ਵਲ ਪਿੱਠ ਕਰਕੇ ਭਾਰਤੀ ਬੋਧੀਆਂ ਵਾਲੇ ਰਾਹੇ ਪੈ ਚੁੱਕੀ ਹੈ, ਅਤੇ ਜ਼ਾਹਰਾ ਤੌਰ ਦੇ ਹੁਣ ਮੋੜਾ ਖਾ ਲੈਣ ਦੀ ਸੰਭਾਵਨਾ ਦੇ ਸਾਰੇ ਰਸਤੇ ਬੰਦ ਹੋ ਚੁੱਕੇ ਅਨੁਭਵ ਹੋ ਰਹੇ ਹਨ, ਪਰ, ਫਿਰ ਵੀ ਭਰੋਸਾ ਬੱਝਾ ਹੋਇਆ ਹੈ ਕਿ, ਸ੍ਰੀ ਗੁਰੂ ਨਾਨਕ ਸਧਹਿਬ ਜੀ ਨੇ ਦਾਸ ਕੋਲੋਂ ਇਹ ਸਭ ਕੁਝ ਨਿਸਫ਼ਲ ਕਦੇ ਨਹੀਂ ਲਿਖਾਇਆ। ਪੱਥਰ ਤੇ ਲਕੀਰ ਵਰਗਾ ਯਕੀਨ ਬਣ ਰਿਹਾ ਹੈ ਕਿ, ਚਮਤਕਾਰੀ ਸਤਿਗੁਰੂ ਬਾਬਾ ਜੀ ਦੇ ਦਰੋਂ ਖ਼ੈਰ ਜ਼ਰੂਰ ਪੈ ਜਾਣੀ ਹੈ। ਸਵੇਰ ਦੇ ਭੁੱਲੇ ਸਿੰਘ ਸਹਿਬ ਜੀ ਨੇ, ਪੂਰੀ ਤਰ੍ਹਾਂ ਸੂਰਜ ਡੁੱਬਣ ਤੋਂ ਪਹਿਲਾਂ, ਆਪਣੇ ਮੂਲ ਵੱਲ ਜ਼ਰੂਰ ਮੋੜਾ ਖਾ ਲੈਣਾ ਹੈ। ਅਤੇ ਫਿਰ ਉਸੇ ਫ਼ਤਹਿ ਦੇ ਨਗਾਰੇ ਨੇ ਗੜਗੱਜ ਪਾ ਦੇਣੀ ਹੈ :---

੩੨-- **ਸਲੋਕੁ ॥ ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ ॥**
**ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ ॥੧॥** {੨੫੮}-੩੮

**ਅਰਥ**:-ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ, ਜੇ ਆਪਣੇ ਮਨ ਨੂੰ ਜਿੱਤ ਲਈਏ, (ਵੱਸ ਵਿਚ ਕਰ ਲਈਏ) ਤਾਂ (ਵਿਕਾਰਾਂ ਉਤੇ) ਜਿੱਤ ਪ੍ਰਾਪਤ ਹੋ ਜਾਂਦੀ ਹੈ, ਮਾਇਆ ਦੇ ਮੋਹ ਦੇ ਬੰਧਨ ਕੱਟੇ ਜਾਂਦੇ ਹਨ, ਤੇ (ਮਾਇਆ ਪਿੱਛੇ) ਭਟਕਣਾ ਮੁੱਕ ਜਾਂਦੀ ਹੈ । ਜਿਸ ਮਨੁੱਖ ਨੂੰ ਗੁਰੂ ਪਾਸੋਂ ਮਨ ਦੀ ਅਡੋਲਤਾ ਮਿਲ ਜਾਂਦੀ ਹੈ, ਉਸ ਦੇ ਜਨਮ ਮਰਨ ਦੇ ਗੇੜ ਸਦਾ ਲਈ ਮੁੱਕ ਜਾਂਦੇ ਹਨ । ੧ ।

## ਚੰਡੀ ਚਰਿਤ੍ਰ ਉਕਤ ਬਿਲਾਸ ਪ੍ਰਸੰਗ ਦਾ ਅੰਤਲਾ ਦੋਹਰਾ:--

ਏਸ ਝੂਠ ਵਾਰਤਾ ਨੂੰ ਮਨਮੋਹਣੀ ਬਣਾ ਕੇ ਗ੍ਰੰਥ ਲਿਖਣ ਦੀ ਸੇਵਾ ਵਿਚ ਲੱਗਾ **ਅਦਭੁੱਤ " ਕਵੀਂ "** ਅੰਤਲੇ ਦੋਹਰੇ ਵਿਚ ਵੀ ਆਪਣੀ ਮੰਗ ਨੂੰ ਜਾਰੀ ਰੱਖਦਾ ਹੋਇਆ ਆਪ ਹੀ ਬੜੇ ਭਰੋਸੇ ਅਤੇ ਦਲੇਰੀ ਨਾਲ ਭਬਕਾਰ ਰਿਹਾ ਹੈ ਕਿ," ਹੇ ਆਪਣੇ ਸਤਿਗੁਰਾਂ ਵੱਲ ਪਿੱਠ ਕਰ ਚੁੱਕੇ ਅਤੇ ਸ਼ੁਭ ਗੁਣਾਂ ਤੋਂ ਸੱਖਣੇ ਹੋ ਕੇ ਵੀ ਹੰਕਾਰੀ ਬਣੇ ਹੋਏ, ਆਪਣੀ ਮਤਿ ਨੂੰ ਹੀ ਸ੍ਰੇਸ਼ਟ ਮੰਨ ਬੈਠੇ ਖ਼ਾਲਸਾ ਜੀਓ ! [=**ਨਾਨਕ ਸੇ ਨਰ ਅਸਲਿ ਖਰ**

**ਜਿ ਬਿਨੁ ਗੁਣ ਗਰਬੁ ਕਰੰਤ**---(੧੨੪੬)] ਤੇਰੀ ਮੱਤਿ ਤੇ ਮੇਰਾ ਜਾਦੂ ਏਨੀ ਸਫ਼ਲਤਾ ਨਾਲ ਅਸਰ ਕਰ ਚੁੱਕਾ ਹੈ ਕਿ, ਤੂੰ ਇਹ ਸਮਝਣ ਜੋਗਾ ਹੀ ਨਹੀਂ ਰਿਹਾ ਕਿ ਮੈਂ ਤੈਨੂੰ ਗੁਰੂ ਨਾਨਕ ਜੀ ਦੇ ਉਸ ਰੱਬ ਨਾਲੋਂ ਤੋੜ ਲਿਆ ਹੈ, ਜਿਸ ਦੀ ਉਪਾਸ਼ਨਾ ਨਾਲ ਤੂੰ ਸੰਸਾਰ ਵਿਚ ਨਿਆਰੇ ਆਚਰਨ ਵਾਲਾ ਸੰਤ ਸੂਰਮਾ ਬਣਿਆਂ ਸੀ। ਬੜੀ ਸਫ਼ਾਈ ਨਾਲ ਮੈ ਤੈਨੂੰ ਆਪਣੇ ਓਸੇ ਰੱਬ ਦੀ ਸ਼ਰਨ ਵਿਚ ਲੈ ਆਂਦਾ ਹੈ ਜਿਸ ਦੇ ਪੁਜਾਰੀ ਬਣਾ ਕੇ ਮੈਂ ਭਾਰਤੀਆਂ ਦੇ ਆਚਰਨ ਦਾ ਅਜੇਹਾ ਘੁੱਟ ਭਰ ਲਿਆ ਸੀ, ਕਿ, ਮੇਰੇ ਜਜਮਾਨ (ਲਗ-ਪਗ ਸਾਰੇ ਹਿੰਦੂ) ਆਪਣੀਆਂ ਸੁੰਦਰ ਅਤੇ ਲਾਡਲੀਆਂ ਬੇਟੀਆਂ ਪੱਥਰਾਂ ਨਾਲ ਵਿਆਹੁਣ ਦੁਆਰਾ ਮੇਰੀ ਹਵਸ ਦਾ ਸ਼ਿਕਾਰ ਬਣਾਉਂਦੇ ਰਹਿਣ ਵਿਚ, ਅਤੇ ਮਰੇ ਹੋਏ ਪਤੀ ਦੀ ਲਾਸ਼ ਨਾਲ ਆਪਣੀ ਰੋਂਦੀ ਕੁਰਲਾਉਂਦੀ ਜਿਗਰ ਦੀ ਟੁਕੜੀ ਸੁਸ਼ੀਲ ਬੱਚੀ ਨੂੰ ਆਪਣੇ ਹੱਥੀ ਅੱਗ ਵਿਚ ਵਗਾਹ ਮਾਰਨ ਵਿਚ, ਆਪਣੀ ਕਲਿਆਣ ਮੰਨ ਬੈਠੇ ਸਨ। ਕੇਵਲ ਤੂੰ ਹੀ ਮੇਥੋਂ ਬਗ਼ਾਵਤ ਕਰਕੇ ਗੁਰੂ ਨਾਨਕ ਜੀ ਦੇ ਝੰਡੇ ਥੱਲੇ ਜਾ ਵੜਿਆ, ਅਤੇ ਰਾਜ ਭਾਗ ਦਾ ਮਾਲਕ ਬਣ ਕੇ ਮੇਰੇ ਜਨੇਊ ਨੂੰ ਮਖ਼ੌਲਾਂ ਕਰਨ ਲੱਗ ਪਿਆ ਸੀ। ਅੱਜ ਮੈਂ ਤੈਨੂੰ ਆਪਣੀ ਪਹਿਲੀ ਹਾਲਤ ਨਾਲੋਂ ਵੀ ਏਨਾ ਨੀਵਾਂ ਕਰ ਲਿਆ ਹੈ ਕਿ, ਤੂੰ ਝੂਠ ਦੀ ਪਛਾਣ ਕਰ ਸਕਣ ਵਾਲੀ ਬਿਬੇਕਤਾ ਗੁਆ ਬੈਠਾ ਹੈਂ। ਵੇਖ ਅੰਤਲੇ ਦੋਹੇ ਵਿਚ ਮੈ ਸਪੱਸ਼ਟ ਕਰਕੇ ਲਿਖ ਰਿਹਾ ਹਾਂ ਕਿ ਮੇਰਾ ਰੱਬ ਉਹੀ ਹੈ ਜਿਸ ਨੇ ਮਨੁੱਖ ਨੂੰ ਝੂਠ ਦਾ ਪੁਜਾਰੀ ਬਣਾ ਕੇ ਨੀਵੇਂ ਆਚਰਣ ਵਾਲਾ ਬਣਾਈ ਰੱਖਣਾ ਹੈ " । ਪਰ ਤੂੰ ਫਿਰ ਵੀ ਝੂਠ ਵਿਚ ਹੀ ਨੱਕ ਡੋਬੀ ਰੱਖਣ ਨੂੰ ਅਸਲ ਸਿੱਖੀ, ਮੰਨੀ ਤੁਰਿਆ ਹੀ ਜਾਣਾ ਹੈ। ਕੀ, ਤੂੰ ਹੇਠ ਲਿਖੇ ਦੋਹਰੇ ਵਿਚ ਮੇਰੇ ਰੱਬ ਦੀ ਪਛਾਣ ਕਰ ਸਕਦਾ ਹੈਂ ?:--

**ਦੋਹਰਾ ॥**

**ਗ੍ਰੰਥ ਸਤਿਸਇਆ ਕੋ ਕਰਿਓ ਜਾ ਸਮ ਅਵਰੁ ਨ ਕੋਇ ॥**
**ਜਿਹ ਨਮਿਤ ਕਵਿ ਨੇ ਕਹਿਓ ਸੁ ਦੇਹ ਚੰਡਕਾ ਸੋਇ ॥ ੨੩੩ ॥**

**ਪੰਡਿਤ ਨਰਾਇਣ ਸਿੰਘ ਨੇ ਇਸ ਦੋਰੇ ਦੇ ਅਰਥ ਇਉਂ ਲਿਖੇ ਹਨ**---ਅਸਾਂ ਸਤਸੱਯਾ ਗ੍ਰੰਥ ਦਾ ਅਨੁਵਾਦ ਕੀਤਾ ਹੈ ਜਿਸ ਵਰਗਾ, (ਰੁਦ੍ਰ ਰਸ ਪੂਰਤ) ਹੋਰ ਕੋਈ (ਗ੍ਰੰਥ ਨਹੀਂ ਹੈ, ਗ੍ਰੰਥ ਕਰਤਾ ਜੀ ਨੇ ਜਿਸ ਵਾਸਤੇ (ਇਸ ਦਾ ਅਨੁਵਾਦ) ਕਥਨ ਕੀਤਾ ਹੈ, ਦੁਰਗਾ ਓਹੀ ਦੇਵੇ । ੨੩੩ ।

[ਇਸ ਗ੍ਰੰਥ ਅਨੁਸਾਰ ਅਰੰਭ ਤੋ ਅੰਤ ਤੱਕ ਚੰਡਕਾ **ਕਾਲੀ, ਦੁਰਗਾ,** ਗਿਰਜਾ ਆਦਿ " **ਸ਼ਿਵਾ** " ਹੀ ਹੈ--ਜਿਹੜੀ ਸ਼ਿਵਾ ਅਥਵਾ ਦੁਰਗਾ ਗੁਰੂ ਗ੍ਰੰਥ ਸਾਹਿਬ ਜੀ ਨੇ ਕਿਸੇ ਗਿਣਤੀ ਵਿਚ ਹੀ ਮੰਨੀ ---**ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥**[੧੧੬੨/੬੩]-ਹੈਰਾਨੀ ਹੈ **ਕਿ ਉਪ੍ਰੋਕਤ ੨੩੧ਵੇਂ ਸਵੈਯੇ ਵਿਚ ਆ ਕੇ, ਨਿਆਰਾ ਰਹਿਣ ਦੀ ਪਾਬੰਦੀ ਵਾਲੇ ਖ਼ਾਲਸਾ ਜੀ ਲਈ,** ਉਹੀ **ਸ਼ਿਵਾ, ਰੱਬ ਬਣ ਬੈਠੀ ?]**

ਅਰਥ ਕਰਨ ਵਿਚ ਪੰਡਿਤ ਨਰੈਨ ਸਿੰਘ ਦੀ ਕੁਟਲਤਾ ?---

ਪੰਡਤ ਨਰੈਣ ਸਿੰਘ ਜੀ ਗਿਆਨੀ ਵਿਦਿਆ ਮਾਰੰਤਡ ਪਿੱਛੇ ਵੀ ਕਈ ਥਾਂਈ ਬਿਨਾ ਲੋੜ ਤੋਂ ਨੋਟ ਲਿਖ ਕੇ, ਅਰਥਾਂ ਦੇ ਅਨਰਥ ਲਿਖ ਕੇ, ਇਸ ਗ੍ਰੰਥ ਨੂੰ ਦਸ਼ਮੇਸ਼ ਜੀ ਦੀ ਕਿਰਤ ਸਿੱਧ ਕਰੀ ਆ ਰਿਹਾ ਹੈ। ਦਾਸ ਨੇ ਇਸ ਲਈ ਅਖੋਂ ਪ੍ਰੋਖਾ ਕਰੀ ਰਖਿਆ ਸੀ ਕਿ, ਪਾਠਕ ਆਪੇ ਨਿਰਣਾ ਕਰ ਲੈਣਗੇ । ਪਰ ਇਸ ਦੋਹਰੇ ਦੇ ਅਰਥ ਕਰਨ ਵਿਚ ਪੰਡਤ ਜੀ ਨੇ ਜਿਸ ਉਚੇਚੀ ਕੁਟਲਤਾ ਤੋਂ ਕੰਮ ਲਿਆ ਹੈ, ਉਸ ਦਾ ਵੇਰਵਾ ਲਿਖਣਾ ਜਰੂਰੀ ਬਣ ਗਿਆ:---

(੧) ਦੋਹਰੇ ਵਿਚ ਅਜੇਹੇ ਸ਼ਬਦ ਮੁਢੋਂ ਹੈ ਹੀ ਨਹੀਂ ਹਨ ਜਿਨ੍ਹਾਂ ਦੇ ਅਰਥ--ਸਤਸੱਯਾ ਗ੍ਰੰਥ ਦਾ ਅਨੁਵਾਦ ਬਣਦੇ ਹੋਣ।

(੨) ਦੋਹਰੇ ਵਿਚਲੇ ' ਸਤਿਸਇਆ ' ਲਫ਼ਜ਼ ਦਾ ਰੂਪ ਗਿਾੜ ਕੇ ਪੰਡਿਤ ਜੀ ਨੇ " ਸਤਸੰਯਾ " ਬਣਾ ਲਿਆ । ਪਰ " ਸਤਸੰਯਾ ਗ੍ਰੰਥ " ਹੈ ਹੀ ਕੋਈ ਨਹੀਂ।

(੩) ਮਹਾਨ ਕੋਸ਼ ਅਨੁਸਾਰ, **ਸਤਿਸਇਆ** " ਦਾ ਅਰਥ ਇਸ ਪ੍ਰਕਾਰ ਹੈ=ਸੱਤ ਸੌ ਸਲੋਕਾਂ ਦਾ ਪਾਠ। ਮਾਰਕੰਡੇਯ ਪੁਰਾਣ ਵਿਚੋਂ ਲਿਆ ਹੋਇਆ ਦੁਰਗਾ ਦੀ ਕਥਾ ਦਾ ਸਤ ਸੌ ਸਲੋਕ ਜਿਸ ਦਾ ਅਨੁਵਾਦ ਚੰਡੀ ਚਰਿਤ੍ਰ ਅਤੇ ਚੰਡੀ ਦੀ ਵਾਰ ਵਿਚ ਹੈ।

**ਉਪਰੋਕਤ ਦੋਹਰੇ ਦੇ ਠੀਕ ਅਰਥ**:--ਸਤ ਸੌ ਸਲੋਕਾਂ ਵਾਲਾ ਜੋ ਇਹ ਗ੍ਰੰਥ ਬਣਿਆਂ ਹੈ ਇਸ ਜਿਹਾ ਹੋਰ ਕੋਈ ਗੰਥ ਨਹੀਂ ਹੈ। ਕਵੀ ਨੇ ਜਿਸ (ਫਲ ਦੀ ਪ੍ਰਾਪਤੀ ਲਈ) ਇਹ ਕਹਿਆ ਹੈ ਹੇ, ਦੁਰਗਾ ! ਉਹੀ (ਫੱਲ) ਬਖ਼ਸ਼ਸ਼ ਕਰੀਂ। (ਭਾਵ, ਹੇ ਬੰਦੇ ਖਾਣੀ ਭਿਆਨਕ ਰੂਪ ਵਾਲੀ ਚੰਡਕਾ **!** ਕਵੀ ਦੀ ਇਹ ਸੱਧਰ ਜ਼ਰੂਰ ਪੂਰੀ ਕਰੀਂ ਕਿ, ਇਹ ਕਵਿਤਾ ਖ਼ਾਲਸਾ ਜੀ ਦੇ ਧਰਮ ਦਾ ਅੰਗ ਬਣ ਜਾਏ ?)\

**ਦਸਮ ਗੁਰੂ ਨਾਨਕ ਸਾਹਿਬ ਸ੍ਰੀ ਦਸ਼ਮੇਸ਼ ਜੀ**-- ਸਿਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ, ਸੰਸਾਰ ਦੇ ਹੋਰ ਕਿਸੇ ਵੀ ਗ੍ਰੰਥ ਬਾਰੇ ਕਦੇ ਨਹੀਂ ਸਨ ਲਿਖ ਸਕਦੇ ਕਿ,-" **ਇਸ ਜਿਹਾ ਹੋਰ ਦੂਜਾ ਕੋਈ ਗ੍ਰੰਥ ਨਹੀਂ ਹੈ।** " ਏਹੀ ਸਬੂਤ ਇਸ ਨਿਰਣੇ ਲਈ ਕਾਫ਼ੀ ਹੋਣਾ ਚਾਹੀਦਾ ਸੀ, ਕਿ ਇਸ ਗ੍ਰੰਥ ਨਾਲ ਦਸ਼ਮੇਸ਼ ਜੀ ਦਾ ਦੂਰ ਦਾ ਵੀ ਕੋਈ ਰਿਸ਼ਤਾ ਨਹੀਂ ਹੈ। ਸਿਰਜਣਹਾਰ ਤੋਂ ਸ਼ੁੱਭ ਕਰਮਾਂ ਦੇ ਕਰਨ ਦੀ ਸਮੱਰਥਾ ਦੀ ਅਥਵਾ ਤਾਣ ਦੀ ਮੰਗ ਕਰਨੀ ਗੁਰਮਤਿ ਹੈ । **ਵਰ** ਮੰਗਣ ਤੋਂ ਭਾਵ, ਪੱਕੀ ਪਕਾਈ ਦੀ ਮੰਗ ਹੈ। ਕਰਮਾਤੀ ਢੰਗ ਨਾਲ ਕਿਸੇ ਸਿੱਧੀ ਦੀ ਪ੍ਰਾਪਤੀ ਹੋ ਜਾਣ ਲਈ ਨਿਕੰਮੇ ਦੁਰਬਲਾਂ ਵਾਲਾ ਤਰਲਾ ਹੈ। ਅਜੇਹੀ ਮੰਗ ਮਾਇਆ ਦਾ ਹੀ ਮਨਮੋਹਣਾ ਰੂਪ ਹੋਣ ਦੇ ਕਾਰਨ ਮਨ ਵਿਚ ਹੰਕਾਰ ਪੈਦਾ ਕਰਨ ਦਾ ਸਬੱਬ ਬਣਦਾ ਹੈ। ਵਰਾਂ ਦੀ ਪ੍ਰਾਪਤੀ ਵਾਲੇ ਹੰਕਾਰੀ ਦੈਂਤਾਂ ਦੀ ਗਾਥਾ ਅਸਾਂ ਪਿੱਛੇ ਪੜ੍ਹ ਲਈ ਹੈ। ਸਵੈਮਾਣ ਨੂੰ ਜ਼ਖ਼ਮੀ ਕਰਨ ਵਾਲੇ ਅਜੇਹੇ ਬਚਨ ਦਸ਼ਮੇਸ਼ ਜੀ ਦੀ ਸ਼ਾਨ ਦੇ ਅਨਕੂਲ ਨਹੀਂ ਹਨ। ਪਰ ਜਦ ਆਪਣਿਆਂ ਨੇ ਆਪ ਹੀ ਆਪਣਾ ਘਰ ਫੂਕਣ ਦਾ ਬੀੜਾ ਚੁੱਕ ਲਿਆ ਤਾਂ ਬਚਾਵੇ ਕੌਣ ? ਹੇ ਸੱਚੇ ਪਾਤਸ਼ਾਹ ਜੀਓ ! ਆਪ ਹੀ ਸਹਾਈ ਹੋ ਕੇ ਕੁਰਾਹੇ ਪੈ ਚੁੱਕੇ ਆਪਣੇ ਪਿਆਰੇ ਖ਼ਾਲਸਾ ਜੀ ਨੂੰ ਸੁਮਤਿ ਬਖ਼ਸ਼ੋ। ਹੇ ਮਿਹਰਾਂ ਦੇ ਸਾਈਂ !ਤੂੰ ਹੀ ਹੈ ਸੱਚਾ ਵੈਦ। ਸਾਡਾ ਇਲਾਜ ਵੀ ਤੇਰੇ ਕੋਲ ਹੀ ਹੈ। ਤੇਰੀ ਛੋਹ ਪ੍ਰਾਪਤ ਹੋਣ ਨਾਲ ਭੇੜੀਆਂ ਵਾਦੀਆਂ ਦੀ ਮੌਤ ਹੋ ਜਾਣੀ ਹੈ ਅਤੇ ਉੱਚੀ ਆਤਮਕ ਅਵਸਥਾ ਤੇ ਪੁਚਾਉਣ ਵਾਲੇ ਗਿਆਨ ਦੀ ਪ੍ਰਾਪਤੀ ਹੋ ਜਾਣੀ ਹੈ:--

**੩੩-** **ਸਤਿਗੁਰ ਬਾਝਹੁ ਵੈਦੁ ਨ ਕੋਈ ॥ ਆਪੇ ਆਪਿ ਨਿਰੰਜਨੁ ਸੋਈ ॥**
**ਸਤਿਗੁਰ ਮਿਲਿਐ ਮਰੈ ਮੰਦਾ ਹੋਵੈ ਗਿਆਨ ਬੀਚਾਰੀ ਜੀਉ ॥੪॥ {੧੦੧੯}-੧**



www.radiovirsa.com Radio Virsa New Zealand 107 FM

# ਦੂਜਾ ਕਾਂਡ

## ੧- ਅਥ ਚੰਡੀ ਚਰਿਤ੍ਰ ਲਿਖਯਤੇ ॥

ਚੰਡੀ ਵੀ ਉਹੀ ਦੁਰਗਾ ਅਤੇ ਗਾਥਾ ਵੀ ਉਹੀ ਜਿਸ ਦਾ ਸੰਖੇਪ ਰੂਪ ਚਰਿਤ੍ਰੋ ਪਖਯਾਨ ਗ੍ਰੰਥ ਦੇ ਅਰੰਭ ਵਿਚ ਵੀ ਦਰਸ਼ਣ ਦੇ ਰਿਹਾ ਸੀ। ਉਥੇ ਇਹ ਚੰਡੀ ਚਰਿਤ੍ਰ ਸੀ ਦੂਜੇ ਥਾਂ-- ਅਥ ਚੰਡੀ ਚਰਿਤ੍ਰ ਉਕਤਿ ਬਿਲਾਸ-- ਹੋ ਗਿਆ, ਅਤੇ ਹੁਣ ਉਹੀ ਚੰਡੀ--**ਅਥ ਚੰਡੀ ਚਰਿਤ੍ਰ ਲਿਖਯਤੇ ॥** ਬਣ ਗਿਆ। ਸੱਤ ਵਾਰੀ ਕੱਢੀ ਹੋਈ ਉਸੇ **ਸ਼ਰਾਬ** ਨੂੰ ਸ਼ਬਦਾਂ ਦੇ ਨਵੇਂ ਤੋਂ ਨਵੇਂ ਜਾਮ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਉਥੇ ਪਹਿਲਾਂ ਦੇਵੀ ਦੀ ਝੂਠ ਮਹਿਮਾਂ ਗਾਈ ਗਈ ਸੀ ਏਥੇ ਸਿਧਾ ਮਹਿਖੇ ਦੈਂਤ ਦੀ ਝੂਠ-ਕਹਾਣੀ ਅਰੰਭ ਹੋ ਗਈ। ਗੱਲ ਉਹੀ ਪਰ ਲਿਖਣ ਵਿਧੀ ਬਦਲ ਗਈ। ਦੋਹਰੇ ਸ੍ਵੈਯੇ, ਚਪਈ ਦੇ ਥਾਂ ਹੁਣ-- **ਨਰਾਜ ਛੰਦ ॥**

**ਮਹਿਖਾ ਦਈਤ ਸੂਰਯੰ ॥ ਬਢਿਯੋ ਸੁ ਲੋਹ ਪੂਰਯੰ ॥ ਸੁ ਦੇਵਰਾਜ ਜੀਤਯੰ ॥ ਤ੍ਰਿਲੋਕ ਰਾਜ ਕੀਤਯੰ ॥ ੧ ॥**

ਛੰਦ ਤੇ ਨਾਂ ਤੋਂ ਤਾਂ ਭਾਵੇਂ ਨਰਾਜਗੀ ਦਾ ਹੀ ਝੋਲਾ ਪਿਆ ਸੀ, ਪਰ ਨੁੱਕਰ ਭੰਨ (Short Cut) ਉਚਾਰਨ ਵਿਧੀ ਨਾਲ ਗੱਲ ਛੇਤੀ ਮੁਕਾ ਦਿੱਤੀ।--ਲੋਹੇ ਨਾਲ ਮੜ੍ਹੇ ਹੋਏ ਮਹਿਖੇ ਦੈਂਤ ਸੂਰਮੇ ਨੇ ਜ਼ੋਰ ਫੜ ਲਿਆ। ਉਸ ਨੇ ਇੰਦ੍ਰ ਨੂੰ ਜਿੱਤ ਲਿਆ ਤੇ ਤਿੰਨਾਂ ਲੋਕਾਂ (ਸੁਰਗ, ਧਰਤੀ ਤੇ ਪਤਾਲ ਵਿਚ ਆਪਣਾ ਰਾਜ ਸਥਾਪਤ ਕਰ ਲਿਆ। ਦੇਵਤੇ ਜੋਗੀਆਂ ਦੇ ਭੇਸ ਵਿਚ, ਡਰਦੇ ਹਰ ਹਰ ਕਰਦੇ, ਕੈਲਾਸ਼ ਪਰਬਤ ਤੇ ਜਾ ਵੱਸੇ। ਕਈ ਬਰਸ ਦੁੱਖ ਸਹਾਰਦੇ ਟਿਕੇ ਰਹੇ, ਆਖ਼ਰ ਦੇਵੀ ਪ੍ਰਗਟ ਹੋਈ ਤਾਂ ਦੇਵਤਿਆਂ ਨੇ ਉਸ ਦੀ ਪੂਜਾ ਅਰਚਾ ਵੰਦਨਾ ਕੀਤੀ, ਭਾਵ, ਖ਼ੁਸ਼ਾਮਦ ਕਰਕੇ ਉਸ ਨੂੰ ਖ਼ੁਸ਼ ਕਰ ਲਿਆ ਤੇ ਦਰਦਾਂ ਭਰੀ ਆਪਣੀ ਕਥਾ ਸੁਣਾਈ। ਕ੍ਰੋਧ ਕਿਹੜਾ ਕਿਤੋਂ ਮੰਗਣ ਜਾਣਾ ਸੀ ? ਦੇਵੀ ਨੂੰ ਝੱਟ ਰੋਹ ਚੜ੍ਹ ਗਿਆ, ਘੰਟੇ ਖੜਕ ਪਏ, ਸ਼ੰਖ ਵੱਜ ਪਏ। ਗੜਗੱਜਾਂ ਪਾਉਂਦੀ ਦੇਵੀ ਜੰਗ ਦੇ ਮੈਦਾਨ ਵਿਚ ਆ ਗਈ। (੨ ਤੋਂ ੯)

### ਕਥਿਤ ਜਗਤ ਮਾਤਾ ਦੀ ਕਥਾ ਵਿਚ ਜਾਣ ਬੁੱਝ ਕੇ ਲਿਖਆ ਝੂਠ ? ਕਿ ਜਾਂ ਭੁੱਲ ?

ਦੇਵੀ ਦੀ ਉਪ੍ਰੋਕਤ ਕਥਾ ਵਾਂਗ ਏਥੇ ਮਹਿਖਾਸੁਰ ਦੀ ੪੫ ਪਦਮ ਸੈਨਾਂ ਦੀ ਕੋਈ ਗੱਲ ਨਹੀਂ। ਉਸੇ ਦੇਵੀ ਦੀ ਉਹੀ ਕਥਾ ਨੇ ਹੁਣ ਨਵਾਂ ਮੋੜ ਖਾ ਲਿਆ ਹੈ। ਪੰਜ ਨਰਾਜ ਛੰਦਾਂ ਤੋਂ ਅੱਗੇ ਰਸਾਵਲ ਛੰਦ ਚਲ ਪਏ ਸਨ, ਦਸਵਾਂ ਰਸਵਾਵਲ ਛੰਦ:--

**ਚੜਿਯੋ ਰਾਛਸੇਸੰ ॥ ਰਚੇ ਚਾਰ ਅਨੇਸੰ ॥ ਬਲੀ ਚਾਮਰੇਵੰ ॥ ਹਠੀ ਚਿੱਛੁਰੇਵੰ ॥ ੧੦ ॥**
**ਬਿੜਾਲੱਛ ਬੀਰੰ ॥ ਚੜੇ ਬੀਰ ਧੀਰੰ ॥ ਬਡੇ ਬਿਖੁ ਧਾਰੀ ॥ ਘਟਾ ਜਾਨ ਕਾਰੀ ॥ ੧੧ ॥**

**ਅਰਥ:--(**ਮਹਿਖਾਸੁਰ) ਮਹਾਰਾਜ ਚੜ੍ਹਿਆ, (ਉਸ ਨੇ ਆਪਣੀ ਫ਼ੌਜ ਦੇ) ਚਾਰ ਸੈਨਾ ਪਤਿ ਬਨਾਏ, (ਜਿੰਨ੍ਹਾਂ ਵਿਚੋਂ ਇੱਕ " ਚਮਰ ਦੇਵ " ਸੂਰਮਾ ਹੈ, (ਦੂਜਾ) ਚਿੱਛੁਰ ਦੇਵ ਜੋਧਾ ਹੈ । ੧੦ ॥ (ਤੀਜਾ) " ਬਿੜਾਲੱਛ " ਬੀਰ । (ਇਹ) ਧੀਰਜ ਵਾਲੇ ਜੋਧੇ ਹਨ, (ਜੋ) ਵਡੇ ਧਨਖਧਾਰੀ ਹਨ, (ਇਸ ਤਰ੍ਹਾਂ ਫ਼ੌਜ ਚੜ੍ਹੀ ਹੈ), ਜਾਣੋਂ ਕਾਲੀਆਂ ਘਟਾਂ ਹਨ । ੧੧ ।

ਦਸਵੇਂ ਛੰਦ ਵਿਚ ਵੀ ਅਤੇ ਪੰਡਿਤ ਨਰੈਣ ਸਿੰਘ ਜੀ ਦੇ ਟੀਕੇ ਵਿਚ ਵੀ, ਦੋਹੀ ਥਾਂਈਂ ਜਰਨੈਲਾਂ ਦੀ **ਗਿਣਤੀ ਚਾਰ** ਲਿਖੀ ਹੈ, ਪਰ ਉਂਜ ਜ਼ਿਕਰ ਕੇਵਲ ਤਿੰਨ (੧) **ਚਾਮਰੇਵੰ** (੨) **ਚਿੱਛੁਰੇਵੰ** ਅਤੇ (੩) **ਬਿੜਾਲੱਛ** ਜਰਨੈਲਾਂ ਦਾ ਹੀ ਹੈ। ਜੇ ਜਰਨੈਲ ਤਿੰਨ ਸਨ ਤਾਂ ਗਿਣਤੀ ਵਿਚ ਚਾਰ ਕਿਉਂ ਲਿਖਣੇ ਸਨ ? ਸਾਧਾਰਨ ਤੌਰ ਤੇ ਗੱਲ ਬੜੀ ਮਾਮੂਲੀ ਹੈ। ਪਰ ਲਿਖਾਰੀ ਕਿਉਂਕਿ ਅਭੁੱਲ ਸਤਿਗੁਰੂ ਸ਼੍ਰੀ ਦਸ਼ਮੇਸ਼ ਜੀ ਨੂੰ ਬਨਾਇਆ ਜਾ ਰਿਹਾ ਹੈ ਇਸ ਕਾਰਨ ਅਜੇਹੀ ਭੁੱਲ ਬਾਰੇ ਗੰਭੀਰਤਾ ਦੀ ਲੋੜ ਹੈ। ਕੀ ਇਹ ਸਚ ਮੁੱਚ ਹੀ ਭੁੱਲ ਹੈ ਕਿ ਜਾਂ ਅਦਭੁਤ ਨਾਵਾਂ ਦੇ ਵਿੱਚੇ ਹੀ ਚੌਥਾ ਅਦਭੁਤ ਜਰਨੈਲ ਵੀ ਕਿਸੇ ਵਿਧੀ ਨਾਲ ਲੁਕਿਆ ਹੋਇਆ ਹੈ ? ਇਸ ਗੱਲ ਦਾ ਨਿਰਣਾ ਟੀਕਾਰ ਨੇ ਵੀ ਨਹੀਂ ਕੀਤਾ । ਕੁਝ ਵੀ ਹੋਵੇ ਅਜੇਹੀ ਚੰਦਰੀ ਭੁੱਲ ਅਭੁੱਲ ਸਤਿਗੁਰੂ ਜੀ ਕਦੇ ਵੀ ਨਹੀਂ ਸਨ ਕਰ ਸਕਦੇ। ਸਪੱਸ਼ਟ ਹੈ ਕਿ ਅਜੇਹੀਆਂ ਕਮਜ਼ੋਰੀਆਂ ਅੰਧ ਵਿਸ਼ਵਾਸ਼ੀ ਕਿਸੇ ਕੁਟਲ ਬੁੱਧੀ ਦੇਵੀ ਭਗਤ ਵਿਚ ਹੀ ਹੋ ਸਕਦੀਆਂ ਹਨ। ਜੇ ਦਾਸ ਦਾ ਅਨੁਮਾਨ ਠੀਕ ਨਹੀਂ ਤਾਂ ਜਥੇਦਾਰ ਸਾਹਿਬਾਨ ਠੀਕ ਗੱਲ ਸਮਝਾ ਦੇਣ ਦੀ ਕਿਰਪਾਲਤਾ ਕਰ ਦੇਣ। ਆਖ਼ਰ ਇਹ ਲਿਖਤ ਪਾਠਕਾਂ ਦੀ ਕਚਹਿਰੀ ਵਿਚ ਪੇਸ਼ ਹੋਣੀ ਹੈ। ਏਸੇ ਲਈ ਛਾਪੇ ਖ਼ਾਨੇ ਭੇਜਣ ਤੋਂ ਪਹਿਲਾਂ, ਇਹ ਨਿਮਾਣਾ ਦਾਸਰਾ ਦੋਵੇਂ ਹੱਥ ਬੰਨ੍ਹੀ ਡੰਡੌਤਾਂ ਕਰਦਾ ਹੋਇਆ ਇਸ ਲਿਖਤ ਦੁਆਰਾ-- ਪੰਥ ਦੀਆਂ ਜ਼ਿਮੇਵਾਰ ਹਸਤੀਆਂ ਦੀ ਸੇਵਾ ਵਿਚ ਨਿਰੰਤਰ ਹਾਜ਼ਰ ਹੁੰਦਾ ਆ ਹੋ ਰਿਹਾ ਰਿਹਾ ਹੈ।

## ੨- ਕੀ ਇਹ ਸੱਚ ਹੈ, ਕਿ ਜਾਂ ਮਦਾਰੀ ਦਾ ਤਮਾਸ਼ਾ ਹੈ ?

**ਦੋਹਰਾ ॥**

**(ੳ) ਬਾਣਿ ਜਿਤੇ ਰਾਛਸਨਿ ਮਿਲਿ ਛਾਡਤ ਭਏ ਅਪਾਰ ॥ ਫੂਲ ਮਾਲ ਹੁਐ ਮਾਤ ਉਰ ਸੋਭੇ ਸੁਧਾਰ ॥ ੧੨ ॥**

**ਅਰਥ:**--ਜਿੰਨੇ ਰਾਖਸ ਸਨ, (ਸਭਨਾ ਨੇ) ਇਕੱਠੇ ਹੋ ਕੇ ਅਨੇਕਾਂ ਬਾਣ ਛੱਡੇ (ਉਸ) ਸਾਰੇ ਮਾਤਾ ਦੇ ਗਲੇ (ਵਿਚ ਜਾਕੇ ਇਸ ਤਰ੍ਹਾਂ ਦੀ) ਸੋਭਾ ਵਾਲੇ ਹੋਏ, ਜਿਵੇਂ ਫੁੱਲਾਂ ਦੀ ਮਾਲਾ ਪਾਈ ਹੁੰਦੀ ਹੈ। ੧੨।

ਉਪ੍ਰੋਕਤ ਦੋਹਰੇ ਦਾ ਠੀਕ ਭਾਵ ਅਰਥ ਤਾਂ ਏਹ ਬਣਦਾ ਹੈ ਕਿ,-- ਦੈਂਤਾਂ ਨੇ ਦੇਵੀ ਨੂੰ ਮਾਰ ਮੁਕਾਉਣ ਲਈ ਬੇਅੰਤ ਬਾਣ ਅਥਵਾ ਮਾਰੂ ਅਸਤਰ ਚਲਾਏ ਪਰ ਉਹ ਫੁੱਲਾਂ ਦੇ ਹਾਰ ਬਣ ਬਣ ਕੇ ਉਸ ਦੇ ਕੰਠ ਵਿਚ ਪੈਂਦੇ ਰਹਿ ਕੇ ਦੁਰਗਾ ਦੀ ਸੁੰਦਰਤਾ ਵਧਾਉਂਦੇ ਰਹੇ ਸਨ ? ਪਰ ਟੀਕਾਕਾਰ ਤੀਰਾਂ ਤੋਂ ਫੁੱਲ ਬਣਨ ਵਾਲੇ ਕਰਾਮਾਤੀ ਚਮਤਕਾਰ ਨੂੰ, ਅਥਵਾ ਮਦਾਰੀ ਦੀ ਖੇਡ ਨੂੰ, ਅਲੰਕਾਰ ਦਾ ਰੂਪ ਦੇ ਕੇ ਦੇਵੀ ਨੂੰ ਅਸਤ੍ਰਾਂ ਦੀ ਮਾਰ ਤੋਂ ਅਭਿੱਝ ਵਡੀ ਸੂਰਬੀਰ ਦਰਸਾ ਰਿਹਾ ਹੈ। ਪਰ ਅੱਗੇ ਚਲ ਕੇ ਟੀਕਾਕਾਰ ਅਜੇਹੀ ਹੇਰਾ-ਫੇਰੀ ਕਰਨ ਦੇ ਅਸਮਰਥ ਦਿੱਸ ਰਿਹਾ ਹੈ:--

**ਰੂਆਲ ਛੰਦ ॥**

(ਅ) **ਸਸਤ੍ਰ ਅਸਤ੍ਰ ਲਗੇ ਜਿਤੇ ਸਬ ਫੂਲ ਮਾਲ ਹੁਏ ਗਏ ॥**
**ਕੋਪ ਓਪ ਬਿਲੋਕਿ ਅਤਿਭੁਤ ਦਾਨਵ ਬਿਸਮੈ ਭਏ ॥ ੫ ॥ ੬੯ ॥**

**ਅਰਥ:**--ਜਿੰਨੇ (ਵੀ ਦੇਵੀ ਨੂੰ) ਸ਼ਸਤ੍ਰ ਤੇ ਅਸਤ੍ਰ ਲਗੇ, (ਉਹ) ਸਾਰੇ (ਦੇਵੀ ਦੇ ਗਲ ਵਿਚ) ਫੁੱਲਾਂ ਦੀ ਮਾਲਾ ਹੋ ਗਏ। ਕ੍ਰੋਧ ਦੀ ਪਾਣ ਵਾਲੇ ਦੈਂਤ (ਇਸ ਅਦਭੁਤ (ਕੌਤਕ) ਨੂੰ ਵੇਖ ਕੇ ਹੈਰਾਨ ਹੋ ਗਏ। ਅਨੇਕਾਂ (ਦੈਂਤ) ਦੌੜ ਦੌੜ ਕੇ ਅਤੇ ਮੁੜ ਮੁੜ ਕੇ ਸ਼ਸਤ੍ਰ ਮਾਰਦੇ ਹਨ। ਉਨ੍ਹਾਂ ਵਿਚੋਂ (ਕਈ) ਇਕ ਵੈਰੀ ਲੜ ਲੜ ਕੇ ਡਿੱਗ ਪਏ ਹਨ (ਮਰ ਮੂੰਹੋਂ) ਮਾਰੋ ਮਾਰੋ ਹੀ ਕਹਿ ਰਹੇ ਹਨ। ੫ ॥ ੬੯ ॥

**ਬਿਜੈ ਛੰਦ ॥**

(ੲ) **ਜੇਤਕ ਬਾਣ ਚਲੇ ਅਰਿ ਓਰ ਤੇ ਫੂਲ ਕੀ ਮਾਲ ਦੁਐ ਕੰਠ ਬਿਰਾਜੇ ॥**
**ਦਾਨਵ ਪੁੰਗਵ ਪੇਖ ਅਚੰਬਵ ਛੋਡ ਭਜੇ ਰਣ ਏਕ ਨ ਗਾਜੇ ॥**
**ਕੁੰਜਰ ਪੁੰਜ ਗਿਰੇ ਤਿੱਹ ਠਉਰ ਭਰੇ ਸਭ ਸ੍ਰੋਣਤ ਪੈ ਗਨ ਤਾਜੇ ॥**
**ਜਾਨੁ ਕਨੀਰਧ ਮੱਧਿ ਛਪੇ, ਭ੍ਰਮਿ ਭੂ ਧਰ ਕੇ ਭਯ ਤੇ ਨਗ ਭਾਜੇ ॥ ੩੧ ॥੧੦੯ ॥**

**ਅਰਥ:**-ਵੈਰੀ ਵਲੋਂ ਜਿੰਨੇ ਵੀ ਤੀਰ ਚੱਲੇ, ਉਹ ਸਾਰੇ ਫੁੱਲਾਂ ਦੀਆਂ ਮਾਲਾਂ ਹੋਕੇ (ਦੁਰਗਾ ਦੇ) ਗਲੇ ਵਿਚ ਸੋਭ ਰਹੇ ਹਨ। ਦਾਨਵ ਦੀ ਫ਼ੌਜ ਇਹ ਅਚੰਭੇ ਨੂੰ ਵੇਖਕੇ, ਰਣ ਨੂੰ ਛੱਡ ਗਈ ਹੈ, ਇਕ ਵੀ ਨਹੀਂ ਖੜੋ ਸਕਿਆ। ਉਸ ਜਗ੍ਹਾ ਤੇ ਬਹੁਤ ਹਾਥੀ ਡਿੱਗੇ ਪਏ ਹਨ ਅਤੇ ਬਹੁਤ ਸਾਰੇ ਅਰਬੀ ਘੋੜੇ ਹਨ, ਜੋ ਸਾਰੇ ਲਹੂ ਨਾਲ ਭਰੇ ਹੋਏ ਹਨ। (ਜਾਨ) ਇਉਂ ਮਲੂਮ ਹੁੰਦਾ ਹੈ, ਕਿ ਇੰਦਰ ਦੇ ਡਰ ਭ੍ਰਮ ਕਰਕੇ ਭਜੇ ਹੋਕੇ [ਨਗ] ਪਹਾੜ, [ਨੀਰਧ] ਸਮੁੰਦਰ ਦੇ ਵਿਚ ਲੁਕੇ ਹੋਏ ਹਨ। ੩੨। ੧੦੯।

ਅਜੇਹੀਆਂ ਝੂਠ-ਕਰਾਮਤਾਂ ਵਾਲੀ ਗਾਥਾ ਤੋਂ ਕਿਸੇ ਨੇ ਦਲੇਰ ਬਣਨਾ ਹੈ ਕਿ ਜਾਂ ਭਰਮੀ ? ਸ੍ਰੀ ਪਿਆਰਾ ਸਿੰਘ ਜੀ ਪਦਮ ਜਿਹੇ ਭੱਦਰ ਪੁਰਸ਼ ਜਿਹੜੇ ਲੋਕਾਂ ਨੂੰ ਇਹ ਕਹਿੰਦੇ ਹਨ ਕਿ ਦੇਵੀ ਦੇ ਇਸ ਕੁਫ਼ਰ ਜੰਗਨਾਮੇ ਤੋਂ ਕਾਇਰ ਵੀ ਬਹਾਦਰ ਬਣ ਗਏ ਸਨ, ਕੀ ਕਿਸੇ ਵੀ ਗੁਰਮਤਿ-ਦਲੀਲ ਨਾਲ ਸਮਝਾ ਸਕਣਗੇ ਕਿ, ਕਿਸੇ ਕਾਇਰ ਨੇ ਅਜੇਹੀ ਗਾਥਾ ਤੋਂ ਕਿਸ ਪ੍ਰਕਾਰ ਦੀ ਪ੍ਰੇਰਣਾ ਲੈ ਕੇ ਬਹਾਦਰ ਬਣਨਾ ਹੈ ? ਸਤਿਗੁਰੂ ਜੀ ਬ੍ਰਾਹਮਣ ਦੇ ਕੁਟਲ ਲਿਖਣ ਢੰਗ ਤੋਂ ਸੁਚੇਤ ਕਰਦੇ ਹੋਏ ਨਿਰੰਤਰ ਫ਼ੁਰਮਾਈ ਜਾ ਰਹੇ ਹਨ:--

**੩੪- ਰਾਮਕਲੀ ਮਹਲਾ ੧ ॥ ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥ ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ॥ ਗੁਰਮਤਿ ਹੋਇ ਤ ਹੁਕਮੁ ਪਛਾਣੈ ॥੧॥ ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥੧॥ ਰਹਾਉ ॥ ਗਣਿ ਗਣਿ ਜੋਤਕੁ ਕਾਂਡੀ ਕੀਨੀ ॥ ਪੜੈ ਸੁਣਾਵੈ ਤਤੁ ਨ ਚੀਨੀ ॥ ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥ ਨਾਵਹਿ ਧੋਵਹਿ ਪੂਜਹਿ ਸੈਲਾ ॥ ਬਿਨੁ ਹਰਿ ਰਾਤੇ ਮੈਲੋ ਮੈਲਾ ॥ ਗਰਬੁ ਨਿਵਾਰਿ ਮਿਲੈ ਪ੍ਰਭੁ ਸਾਰਥਿ ॥ ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ ॥੩॥ ਵਾਚੈ ਵਾਦੁ ਨ ਬੇਦੁ ਬੀਚਾਰੈ ॥ ਆਪਿ ਡੁਬੈ ਕਿਉ ਪਿਤਰਾ ਤਾਰੈ ॥ ਘਟਿ ਘਟਿ ਬ੍ਰਹਮੁ ਚੀਨੈ ਜਨੁ ਕੋਇ ॥ ਸਤਿਗੁਰੁ ਮਿਲੈ ਤ ਸੋਝੀ ਹੋਇ ॥੪॥ ਗਣਤ ਗਣੀਐ ਸਹਸਾ ਦੁਖੁ ਜੀਐ ॥ ਗੁਰ ਕੀ ਸਰਣਿ ਪਵੈ ਸੁਖੁ ਥੀਐ ॥ ਕਰਿ ਅਪਰਾਧ ਸਰਣਿ ਹਮ ਆਇਆ ॥ ਗੁਰ ਹਰਿ ਭੇਟੇ ਪੁਰਬਿ ਕਮਾਇਆ ॥੫॥** {੯●੪-੫}-੪

**ਅਰਥ** :- ਹੇ ਪੰਡਿਤ ! (ਆਪਣੀ ਰੋਜ਼ੀ ਦੀ ਖ਼ਾਤਰ ਜਜਮਾਨਾਂ ਨੂੰ ਪਤਿਆਉਣ ਵਾਸਤੇ ਵਿਆਹ ਆਦਿਕ ਸਮਿਆਂ ਦੇ ਸ਼ੁਭ ਮਹੂਰਤ ਲੱਭਣ ਦਾ) ਝੂਠ ਨਾ ਬੋਲ। ਸੱਚ ਬੋਲਣਾ ਚਾਹੀਦਾ ਹੈ। ਜਦੋਂ ਗੁਰੂ ਦੇ ਸ਼ਬਦ ਵਿਚ ਜੁੜ ਕੇ ਅੰਦਰ ਦੀ ਹਉਮੈਂ ਦੂਰ ਹੋ ਜਾਂਦੀ ਹੈ ਤਦੋਂ ਉਹ ਘਰ ਲੱਭ ਪੈਂਦਾ ਹੈ (ਜਥੋਂ ਆਤਮਕ ਤੇ ਸੰਸਾਰਕ ਸਾਰੇ ਪਦਾਰਥ ਮਿਲਦੇ ਹਨ) **। ੧ । ਰਹਾਉ ।** (ਹੇ ਪੰਡਿਤ ! ਤੂੰ ਵਿਆਹ ਆਦਿਕ ਸਮਿਆਂ ਤੇ ਜਜਮਾਨਾ ਵਾਸਤੇ) ਸ਼ੁਭ ਲਗਣ ਮਹੂਰਤ ਗਿਣਦਾ ਹੈਂ, ਪਰ ਤੂੰ ਇਹ ਵਿਚਾਰ ਨਹੀਂ ਕਰਦਾ ਕਿ ਸ਼ੁਭ ਸਮਾਂ ਬਣਾਉਂਣ ਜਾਂ ਨਾ ਬਣਾਉਂਣ ਵਾਲਾ ਪਰਮਾਤਮਾ ਆਪ ਹੈ। ਜਿਸ ਮਨੁੱਖ ਨੂੰ ਗੁਰੂ ਮਿਲ ਪਏ ਉਹੀ ਜਾਣਦਾ ਹੈ (ਕਿ ਵਿਆਹ ਆਦਿਕ ਦਾ ਸਮਾ ਕਿਸ) ਢੰਗ (ਨਾਲ ਸ਼ੁਭ ਬਣ ਸਕਦਾ ਹੈ)। ਜਦੋਂ ਮਨੁੱਖ ਨੂੰ ਗੁਰੂ ਦੀ ਸਿਖਿਆ ਪ੍ਰਾਪਤ ਹੁੰਦੀ ਹੈ ਉਹ ਪਰਮਾਤਮਾ ਦੀ ਰਜ਼ਾ ਨੂੰ ਸਮਝ ਲੈਂਦਾ ਹੈ (ਤੇ ਰਜ਼ਾ ਨੂੰ ਸਮਝਣਾ ਹੀ ਸ਼ੁਭ ਮਹੂਰਤ ਦਾ ਮੂਲ ਹੈ **। ੧ ।** (ਪੰਡਿਤ) ਜੋਤਸ਼ ਦੇ ਲੇਖੇ ਗਿਣ ਗਿਣ ਕੇ ਕਿਸੇ (ਜਜਮਾਨ ਦੇ ਪੁੱਤਰ ਦੀ) ਜਨਮ-ਪੱਤਰੀ ਬਣਾਉਂਦਾ ਹੈ, (ਜੋਤਸ਼ ਦਾ ਹਿਸਾਬ ਆਪ) ਪੜ੍ਹ ਕੇ ਜਜਮਾਨਾਂ ਨੂੰ ਸੁਣਾਉਂਦਾ ਹੈ ਪਰ ਅਸਲੀਅਤ ਨੂੰ ਨਹੀਂ ਪਛਾਣਦਾ। (ਸ਼ੁਭ ਮਹੂਰਤ ਆਦਿਕ ਦੀਆਂ) ਸਾਰੀਆਂ ਵਿਚਾਰਾਂ ਤੋਂ ਸ੍ਰੇਸ਼ਟ ਵਿਚਾਰ ਇਹ ਹੈ ਕਿ ਮਨੁੱਖ ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾਏ। ਮੈਂ (ਗੁਰੂ-ਸ਼ਬਦ ਦੇ ਟਾਕਰੇ ਤੇ ਸ਼ੁਭ ਮਹੂਰਤ ਤੇ ਜਨਮ-ਪੱਤ੍ਰੀ ਆਦਿਕ ਦੀ ਕਿਸੇ ) ਹੋਰ ਗੱਲ ਦੀ ਪਰਵਾਹ ਨਹੀਂ ਕਰਦਾ, ਹੋਰ ਸਾਰੀਆਂ ਵਿਚਾਰਾਂ ਵਿਅਰਥ ਹਨ। ੨ . (ਹੇ ਪੰਡਿਤ !) ਤੂੰ (ਤੀਰਥਾਂ ਆਦਿਕ ਤੇ) ਇਸ਼ਨਾਨ ਕਰਦਾ ਆ ਰਿਹਾ ਹੈਂ, (ਸਰੀਰ ਮਲ ਮਲ ਕੇ) ਧੋਂਦਾ ਹੈਂ, ਤੇ ਪੱਥਰ (ਦੁ ਦੇਵੀ ਦੇਵਤੇ) ਪੂਜਦਾ ਹੈ, ਪਰ ਪਰਮਾਤਮਾ ਦੇ ਨਾਮ-ਰੰਗ ਵਿਚ ਰੰਗੇ ਜਾਣ ਤੋਂ ਬਿਨਾ (ਮਨ ਵਿਕਾਰਾਂ ਨਾਲ) ਸਦਾ ਮੈਲਾ ਰਹਿੰਦਾ ਹੈ॥ (ਹੇ ਪੰਡਿਤ !) ਜਿੰਦ ਨੂੰ ਵਿਕਾਰਾਂ ਤੋਂ ਖ਼ਲਾਸੀ ਦਿਵਾਉਣ ਤੇ ਜੀਵਨ ਸਫ਼ਲਾ ਕਰਨ ਵਾਲੇ ਪਰਮਾਤਮਾ ਦਾ ਨਾਮ ਜਪ, (ਨਾਮ ਜਪ ਕੇ) ਓਹੰਕਾਰ ਦੂਰ ਕੀਤੀਆਂ (ਜੀਵਨ ਰਬ ਦਾ) ਰਥਵਾਹੀ ਪ੍ਰਭੂ ਮਿਲ ਪੈਂਦਾ ਹੈ। **੩ ।** (ਪੰਡਿਤ) ਵੇਦ (ਆਦਿਕ ਧਰਮ-ਪੁਸਤਕਾਂ) ਨੂੰ (ਜੀਵਨ ਦੀ ਅਗਵਾਈ ਵਾਸਤੇ) ਨਹੀਂ ਵਿਚਾਰਦਾ, (ਅਰਥ ਤੇ ਕਰਮ ਕਾਂਡ ਆਦਿਕ ਦੀ ) ਬਹਿਸ ਨੂੰ ਪੜ੍ਹਦਾ ਹੈ,

(ਇਸ ਤਰ੍ਹਾਂ ਸੰਸਾਰ ਸਮੁੰਦਰ ਦੀਆਂ ਵਿਕਾਰ-ਲਹਿਰਾਂ ਵਿਚ ਡੁੱਬਾ ਰਹਿੰਦਾ ਹੈ), ਜਿਹੜਾ ਮਨੁੱਖ ਆਪ ਡੁੱਬਿਆ ਰਹੇ ਹੈ, ਉਹ ਆਪਣੇ (ਬੀਤ ਚੁੱਕੇ) ਬਜ਼ੁਰਾਂ ਨੂੰ (ਸੰਸਾਰ ਸਮੁੰਦਰ ਵਿਚੋਂ) ਕਿਵੇਂ ਪਾਰ ਲੰਘਾ ਸਕਦਾ ਹੈ ? ਕਜੋਈ ਵਿਰਲਾ ਮਨੁੱਖ ਪਛਾਣਦਾ ਹੈ ਕਿ ਪਰਮਾਤਮਾ ਹਰੇਕ ਜੀਵ ਵਿਚਵ ਮੌਹਜੂਦ ਹੈ। ਜਿਸ ਮੁੱਖ ਨੂੰ ਗੁਰੂ ਮਿਕ ਪਏ, ਉਸ ਨੂੰ ਇਹ ਸਮਝ ਆਉਂਦਾ ਹੈ। ੪ ।

ਜਿਉਂ ਜਿਉਂ ਸ਼ੁਭ ਅਸ਼ੁਭ ਮੁਹੂਰਤਾਂ ਦੇ ਲੇਖੇ ਗਿਣਦੇ ਰਹੀਏ ਤਿਉਂ ਤਿਉਂ ਜਿੰਦ ਨੂੰ ਸਦਾ ਸਹਿਮ ਦਾ ਰੋਗ ਰਹਿੰਦਾ ਹੈ । ਜਦੋਂ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ ਤਦੋਂ ਇਸ ਨੂੰ ਆਤਮਕ ਆਨੰਦ ਮਿਲਦਾ ਹੈ। ਪਾਪ ਅਪਰਾਧ ਕਰ ਕੇ ਵੀ ਜਦੋਂ ਅਸੀਂ ਪਰਮਾਤਮਾ ਦੀ ਸਰਨ ਆਉਂਦੇ ਹਾਂ, ਤਾਂ ਪਰਮਾਤਮਾ ਸਾਡੇ ਪੂਰਬਲੇ ਕਰਮਾਂ ਅਨੁਸਾਰ ਗੁਰੂ ਨੂੰ ਮਿਲਾ ਦਿੰਦਾ ਹੈ (ਤੇ ਗੁਰੂ ਸਹੀ ਜੀਵਨ-ਰਾਹ ਵਿਖਾਉਂਦਾ ਹੈ) । ੫ ।

**[ਇਹ ਪਾਵਨ ਗੁਰੂ ਸ਼ਬਦ, ਪੁਸਤਕ--ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ " ਦੇ ਚੌਥੇ ਭਾਗ ਦੇ ਪਹਿਲੇ ਕਾਂਡ ਦੇ ੧੨੯ ਨੰਬਰ ਤੇ ਅਰਥਾਂ ਸਹਿਤ ਅੰਕਿਤ ਹੈ ॥**

**ਇਸ ਗ੍ਰੰਥ ਨੂੰ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਜੋੜੀ ਰੱਖਣ ਦੀ ਜ਼ਿੱਦ ਕਰ ਰਹੇ, ਹੇ ਗੁਰ ਸਿੱਖ ਭਾਈਓ ! ਕੀ, ਇਹ ਕੁਝ ਵੀ ਸੱਚ ਹੀ ਹੈ ? :--**

**ਚੌਪਈ ॥**

**ਜੇ ਜੇ ਸਤ੍ਰ ਸਾਮਹੇ ਆਏ ॥ ਸਬੈ ਦੇਵਤਾ ਮਾਰਿ ਗਿਰਾਏ ॥**
**ਸੈਨਾ ਸਕਲ ਜਬੈ ਹਨਿ ਡਾਰੀ ॥ ਆਸੁਰੇਸ਼ ਕੋਪਾ ਅਹੰਕਾਰੀ ॥ ੨੯ ॥**
**ਆਪ ਜੁੱਧ ਕਬ ਕੀਆ ਭਵਾਨੀ ॥ ਚੁਨ ਚੁਨ ਹਨੇ ਪਖਰੀਆ ਬਾਨੀ ॥**
**ਕ੍ਰੋਧ ਜੁਆਲ ਮਸਤਕ ਤੇ ਬਿਗਸੀ ॥ ਤਾਤੇ ਆਪ ਕਾਲਕਾ ਨਿਕਸੀ ॥ ੨੭ ॥**

**ਅਰਥ:--**ਜਿਹੜੇ ਵੈਰੀ (ਦੁਰਗਾ ਦੇ) ਸਾਹਮਣੇ ਆਏ ਆਏ ਉਹ ਸਾਰੇ ਹੀ ਦੇਵੀ ਨੇ ਮਾਰ ਕੇ ਡੇਗ ਦਿੱਤੇ। ਜਦੋਂ ਸਾਰੀ ਫ਼ੌਜ ਮਾਰ ਗਿਰਾਈ (ਤਦੋਂ) ਅਹੰਕਾਰੀ ਦੈਂਤ-ਰਾਜ ਕ੍ਰੋਧਵਾਨ ਹੋ ਗਿਆ॥ ੨੯। ਇਸ ਤੇ (ਦੈਂਤ ਰਾਜ ਨੇ) ਦੁਰਗਾ ਨਾਲ ਆਪ ਜੁੱਧ ਕੀਤਾ, (ਦੁਰਗਾ ਨੇ) ਚੁਣ ਚੁਣ ਕੇ ਸੰਜੋਆਂ ਬੰਨ੍ਹਣ ਵਾਲੇ ਸੂਰਮੇ ਮਾਰ ਦਿੱਤੇ॥ (ਦੇਵੀ ਦੇ) ਮੱਥੇ ਵਿਚੋਂ **ਕ੍ਰੋਧ ਦੀ ਲਾਟ** ਪ੍ਰਗਟ ਹੋਈ, ਜਿਸ ਵਿਚੋਂ ਕਾਲਕਾ ਦੇਵੀ ਆਪ ਜ਼ਾਹਰ ਹੋਈ । ੨੭।

**ਸ਼ੰਕਿਆਂ ਦਾ ਵੇਰਵਾ:-**

(ੳ) **ਸ਼ੰਸਾਰ ਦੇ ਇਤਿਹਾਸ ਵਿਚੋਂ ਅਜੇਹੀ ਕੋਈ ਉਦਾਹਰਣ ਨਹੀਂ ਮਿਲਦੀ ਜਿਸੋਂ ਇਹ ਸਿੱਧ ਹੋ ਸਕੇ ਕਿ ਸ੍ਰਿਸ਼ਟੀਤੇ ਜੀਵਾ ਦੀ ਉਤਪਤੀ ਕਦੇ ਕਿਸੇ ਜੀਵ ਦੀ ਪੈਦਾਇਸ਼ ਮਾਤਾ ਦੇ ਗ੍ਰਭ ਦੇ ਥਾਂ ਇਸਤ੍ਰੀ ਦੇ ਮੱਥੇ ਵਿਚੋਂ ਹੋਈ ਹੋਵੇ ? ਅਸੀਂ ਇਹ ਵੀ ਕਿਵੇਂ ਭੁੱਲ ਸਕਦੇ ਹਾਂ ਕਿ, " ਸਤਿਗੁਰੂ ਨਾਨਕ ਸਾਹਿਬ ਜੀ ਨੇ, " ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ** ॥{੫੯੬} ਜੀਵਾਂ ਦੀ ਪੈਦਾਇਸ਼ ਵਾਲੀਆਂ ਖਾਣੀਆਂ ਦੇ **ਜ਼ਿਕਰ ਦੇ ਨਾਲ ਗੁਰਬਾਣੀ ਵਿੱਚ ਮਾਤਾ ਅਤੇ ਪਿਤਾ ਤੋਂ ਬਿਨਾ ਪੈਦਾਇਸ਼ ਵਾਲੀ (ਉਪਰੋਕਤ ਵਰਣਨ ) ਅਜੇਹੀ ਸੰਭਾਵਣਾ ਨੂੰ ਇਕ ਦੱਮ ਰੱਦ ਕੀਤਾ ਹੈ-ਯਥਾ- " ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ** ॥{੬੭੨}

(ਅ) **ਕ੍ਰੋਧ-ਅਗਨੀ ਵਿਚੋਂ ਜੀਵ ਦੇ ਪੈਦਾ ਹੋਣ ਦਾ ਨਿਯੰਮ ਸਿਰਜਣਹਾਰ ਨੇ ਕੋਈ ਨਹੀਂ ਬਣਾਇਆ, ਸਗੋਂ ਗੁਰੂ ਬਾਣੀ ਅਨੁਸਾਰ-" ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ** ॥ **"{੭੦੬} ਅਥਵਾ--ਤਉ ਜਠਰ ਅਗਨਿ ਮਹਿ ਰਹਤਾ** ॥੨॥**{੩੩੭}** ਗ੍ਰਭ ਦੀ ਗਰਮੀ ਵਿਚ ਹੀ ਜੀਵ ਨਿੰਮਦਾ ਅਤੇ ਸੰਸਾਰ ਵਿਚ ਅਵਤਾਰੀ ਹੁੰਦਾ ਰਿਹਾ ਹੈ। ਕ੍ਰੋਧ-ਅਗਨੀ ਵਿਚੋਂ ਦੇਵੀ ਦੀ ਪ੍ਰਗਟ ਹੋਣ ਦੀ ਮਿਥਿਆ ਗੱਲ, ਸਚੁ ਦੇ ਅਵਤਾਰ ਦਸ਼ਮੇਸ਼ ਜੀ ਦੀ ਕਲਮ ਕਿਸੇ ਵੀ ਹਾਲਤ ਵਿਚ ਨਹੀਂ ਸੀ ਲਿਖ ਸਕਦੀ।

(ੲ) ਭਾਵੇਂ, ਉਪਰੋਕਤ ੩੧ ਨੰਬਰ ਤੇ ਪਾਠਕ ਸੱਜਣਾ ਨਾਲ ਕ੍ਰੋਧ ਬਾਰੇ ਗੁਰਬਾਣੀ ਦੇ ਇਸ ਪੱਖ ਦੀ ਵਿਚਾਰ ਸਾਂਝੀ ਹੋ ਚੁੱਕੀ ਹੈ ਕਿ, ਕ੍ਰੋਧਵਾਨ ਹੋ ਕੇ ਆਪੇ ਤੋਂ ਬਾਹਰ ਹੋ ਜਾਣਾ ਮਤ-ਹੀਨ ਹੋਣ ਦੀ ਪ੍ਰਤੱਖ ਨਿਸ਼ਾਨੀ ਹੈ, ਪਰ ਦੇਵੀ ਦੇ ਕ੍ਰੋਧ ਦੇ ਇਸ ਜ਼ਿਕਰ ਦੇ ਨਾਲ ਪਾਠਕ ਸੱਜਣ ਸਤਿਗੁਰੂ ਜੀ ਦੇ ਬਚਨਾਂ ਨੂੰ ਮੁੜ ਮੁੜ ਯਾਦ ਕਰੀ **ਰੱਖੀਏ--ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥ ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ** ॥੧॥ ਸਤਿਗੁਰੂ ਨਾਨਕ ਸਾਹਿਬ ਜੀ ਨੌਂਵਾਂ ਸਰੂਪ ਦੇ ਬਚਨਾਂ ਉਨੁਸਾਰ ਕ੍ਰੋਧਵਾਨ ਦੇਵੀ ਮੂਰਖਤਾਈ ਨੂੰ ਹੀ ਜਨਮ ਦੇ ਸਕਦੀ ਸੀ। ਸੋ ਇਹਿਕਾਲੀ ਦੇਵੀ ਨਿਰੰਦੇਹ ਮੂਰਖਤਈ ਦਾ ਹੀ ਦੂਜਾ ਰੂਪ ਹੋ ਸਕਦਾ ਹੈ।

(ਸ) ਇਸ ਤੋ ਪਹਿਲਾਂ ਪੜ੍ਹੀ ਏਸੇ ਦੇਵੀ ਦੀ ਗਾਥਾ ਵਿਚ ਵੀ ਭਵਾਨੀ ਨੇ ਆਪਣੇ ਮੱਥੇ ਵਿਚੋਂ ਕਾਲੀ ਦੇਵੀ ਨੂੰ ਜਨਮ ਦਿੱਤਾ ਸੀ ਪਰ ਉਸ ਨੂੰ ਉਸੇ ਵੇਲੇ ਮੁੜ ਵਾਪਸ ਲੀਨ ਕਰ ਲਿਆ ਸੀ- ' **ਨਿਰਖ ਚੰਡਕਾ ਤਾਸ ਕੋ ਤਬੈ ਬਚਨ ਇਹ ਕੀਨ॥ ਹੇ ਪੁਤ੍ਰੀ ਤੂੰ ਕਾਲਕਾ !ਹੋਹੁ ਜੁ ਮੁਝ ਮੈ ਲੀਨ ॥੭੬॥** (ਸ਼ਾਇਦ ਉਥੇ ਇਹ ਕਾਲੀ ਮਾਤਾ, ਦੁਰਗਾ ਦੀ ਮਰਜ਼ੀ ਤੋਂ ਬਿਨਾ, ਕਸੁਤੇ ਸਮੇਂ ਤੇ ਪ੍ਰਗਟ ਹੋ ਪਈ ਸੀ, ਜੋ ਉਸੇ ਵੇਲੇ ਵਾਪਸ ਮੁੜਨਾ ਪਿਆ?] ਪਰ ਏਥੇ ਉਸੇ ਵੇਲੇ ਕਾਲਕਾ ਦੇਵੀ, ਆਪਣੇ ਮੂੰਹ ਵਿਚੋਂ ਭਿਆਨਕ ਅੱਗ ਕਢਦੀ ਹੋਈ ਫ਼ੌਜ ਦਾ ਨਾਸ ਕਰਦੀ ਦਰਸਾਈ ਹੈ। ਸੱਚੀ ਗੱਲ ਕਿਹੜੀ ਹੈ ? ਕਿ, ਜਾਂ ਸਭ ਕੁਝ ਸਾਨੂੰ ਕੁਰਾਹੇ ਪਾਉਣ ਵਾਲਾ ਮਾਇਆ ਜਾਲ.... ?

**ਮਾਧਭਾਰ ਛੰਦ ॥**

**ਮੁਖ ਬਮਤ ਜੁਆਲ ॥ ਨਿਕਸੀ ਕਪਾਲ ॥ ਮਾਰੇ ਗਜੇਸ ॥ ਛੁੱਟ ਹੈ ਏਸ ॥ ੨੮ ॥**
**ਛੁਟੰਤ ਬਾਣ ॥ ਝਮਕਤ ਕ੍ਰਿਪਾਨ ॥ ਸਾਂਗੰ ਪ੍ਰਹਾਰ ॥ ਖੇਲਤ ਧਮਾਰ ॥ ੨੯ ॥**
**ਬਾਹੈ ਨਿਸੰਗ ॥ ਉਠੈਂ ਝੜੰਗ ॥ ਤੁੱਪਕ ਤੜਾਕ ॥ ਉਠਤ ਕੜਾਕ ॥ ੩੦ ॥**[ਤੁਪਕ=ਬੰਦੂਕਾਂ]

**ਪਦ ਅਰਥ:-ਬਮਤ=**ਉਗਲਦੀ। **ਜੁਅਲਾ=ਅੱਗ, ਅੱਗ ਵਿਚੋਂ ਜਨਮੀ ਕੋਲੋਂ ਠੰਢ ਦੀ ਕੀ ਆਸ ? ਕਪਾਲ=** ਮੱਥਾ। **ਗਜੇਸ=**ਹਾਥੀਆਂ ਦੇ ਸਵਾਮ, ਹਾਥੀਆਂ ਦੇ ਅਸਵਾਰ। **ਹੈ ਏਸ=**ਘੋੜਿਆਂ ਦੇ ਮਾਲਕ, ਘੋੜਿਆਂ ਦੇ ਅਸਵਾਰ। ੨੮। **ਝਮਕਤ ਕਿਪਾਨ=**ਕਿਰਪਾਨਾ ਚਮਕਾਉਂਦੇ ਹਨ। **ਸਾਂਗੰ=**ਤੀਰਾਂ ਦੇ । ਪ੍ਰਹਾਰ=ਵਾਰ ਕਰਦੇ ਹਨ। **ਧਮਾਰ=**ਧਮਾਲ ਪਾਉਣੀ। ਨੱਚਣ ਕੁੱਦਣ ਦੀ ਕਿਰਿਆ॥ ।੨੯। **ਤੁਪਕ=**ਬੰਦੂਕਾਂ।

(ੳ) **ਇਹ ਬੰਦੂਕਾ** ਕਿਧਰੋਂ ਆ ਗਈਆਂ । ਕਿਹੜੇ ਜੁੱਗ ਦੀ ਗੱਲ ਹੈ ? ਇਤਿਹਾਸ ਕਾਰਾਂ ਦੀ ਖੋਜ ਅਨੁਸਾਰ, ਬਾਰੂਦ ਬਣਾਉਣ ਦੀ ਸੋਝੀ ੧੩੨੬ ਤੋਂ ਪਹਿਲਾਂ ਨਹੀਂ ਸੀ ਹੋ ਸਕੀ। ਬਰੂਦ ਨਾਲ ਚੱਲਣ ਵਾਲੇ ਅਸਤਰ ਸੰਸਾਰ ਵਿਚ ੧੩੪੪ ਅਤੇ ੧੩੫੪ ਦੇ ਵਿਚਕਾਰ ਬਣੇ ਹਨ। ਇਹ ਮੰਨਣ ਵਾਲੀ ਗੱਲ ਨਹੀਂ ਹੈ ਕਿ ਪੁਰਾਣਾ ਵਿਚ ਕਿਸੇ ਥਾਂ ਵੀ, ਪਸਤੌਲਾਂ, ਬੰਦੂਕਾਂ ਅਥਵਾ ਤੋਪਾਂ ਦੀ ਗੱਲ ਲਿਖੀ ਹੋਈ ਹੈ। ਝੂਠੀਆਂ ਗੱਲਾਂ ਲਿਖਣ ਵਿਚ ਦਲੇਰ ਹੋਏ ਕਿਸੇ ਬਿੱਪ੍ਰ ਨੇ ਹੀ ਦੇਵੀ ਦੀ ਇਸ ਗਾਥਾ ਵਿਚ ਬਾਰੂਦ ਨਾਲ ਚੱਲਣ ਵਾਲੇ ਅਸਤਰਾਂ ਦਾ ਜ਼ਿਕਰ ਲਿਖਿਆ ਹੈ। ਅਜੇਹਾ ਪ੍ਰਤੱਖ ਝੂਠ **Deliberate Lie** ਦਸ਼ਮੇਸ਼ ਜੀ ਦੀ ਕਲਮ ਕਦੇ ਨਹੀਂ ਸੀ ਲਿਖ ਸਕਦੀ ।ਅਜੇਹੀਆਂ ਝੂਠ-ਗੱਪਾਂ ਤੋਂ ਸਪੱਸ਼ਟ ਹੋ ਰਿਹਾ ਹੈ ਕਿ ਪੰਥ ਨੂੰ ਜਾਣ ਬੁੱਝ ਕੇ ਝੂਠ ਨਾਲ ਜੋੜ ਕੇ, ਦਸਾਂ ਪਾਵਨ ਸਰੀਰਾਂ ਵਿਚ ਵਿਚਰ ਕੇ ਘਾਲੀ ਹੋਈ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਅਪਾਰ ਘਾਲਣਾ ਨੂੰ ਮਿੱਟੀ ਵਿਚ ਮਿਲਾਉਣ ਦੀ ਯੋਜਣਾ ਅਧੀਨ ਅਜੇਹਾ ਗ੍ਰੰਥ ਰੂਪ ਛੜੀਯੰਤਰ ਰਚਿਅ ਹੋਇਆ ਹੈ ॥

## ੩- ਸੁਮੇਰ ਪਰਬਤ ਵਰਗੇ ਦੁਰਗੰਮ ਪਹਾੜਾਂ ਵਿਚ ਰਣ ਭੂਮੀ ਦੇ ਦਰਸ਼ਨ--

**ਰੂਆਮਲ ਛੰਦ**

**ਧਾਇਯੋ ਅਸੁਰੇਂਦ੍ਰ ਤੱਹ ਨਿਜ ਕੋਪ ਓਪ ਬਢਾਇ ॥ ਸੰਗ ਲੈ ਚਰੁਰੰਗ ਸੈਨਾ ਸੁੱਧ ਸ਼ਸਤੈ ਨਚਾਇ ॥**
**ਦੇਬਿ ਸਸਤ੍ਰ ਲਗੈ ਗਿਰੇ ਰਣ ਰੁੱਝ ਜੁੱਝਿ ਜੁਆਣ ॥ ਪੀਲ ਰਾਜ ਫਿਰੈ ਕਹੂੰ ਰਣ ਸੁੱਛ ਛੁੱਛ ਕਿਕਾਨ ॥੩੨॥**

**ਅਰਥ:**--ਤਦੋਂ ਦੈਂਤ ਰਾਜ (ਮਹਿਖਾਸੁਰ) ਆਪਣੇ **ਕ੍ਰੋਧ ਦੀ** ਉਪਮਾ ਵਧਾ ਕੇ ਧਾਵਾ ਕਰਕੇ ਪਿਆ (ਉਸ ਨੇ) ਚਾਰ ਤਰ੍ਹਾਂ ਦੀ ਸੈਨਾ (ਹਾਥੀ, ਘੋੜੇ, ਰਥ ਤੇ ਪੈਦਲ, ਆਪਣੇ) ਨਾਲ ਲਈ ਜੋ ਤਿੱਖੇ ਸ਼ਸਤ੍ਰਾਂ ਨੂੰ ਨਚਾਉਂਦੀ ਹੈ। (ਜਿਨ੍ਹਾਂ ਨੂੰ) ਦੇਵੀ ਦੇ ਤੀਰ ਲਗੇ ਉਹ ਡਿਗ ਪਏ। ਕਿਤੇ ਰਾਜ [ਪੀਲ] ਹਾਥੀ ਖਾਲੀ ਫਿਰਦੇ, ਕਿਤੇ ਘੋੜੇ ਖਾਲੀ ਫਿਰਦੇ ਹਨ, ਅਤੇ ਕਿਤੇ ਸੁੰਦਰ ਮਨੁੱਖ (ਨਿਕੰਮੇ ਹੋਏ) ਫਿਰਦੇ ਹਨ । ੩੨ ।

### ਦੂਜਾ ਰੂਪ--

**ਗਿੱਧ ਬ੍ਰਿਧਿ ਉਡੇ ਤਹਾ ਫਿਕਰੰਤ ਸੁਆਨੁ ਸ੍ਰਿੰਗਾਲ ॥ ਮੱਤ ਦੰਤ ਸਪੱਛ ਪੱਬੈ ਕੰਕ ਬੰਕ ਰਸਾਲ ॥**
**ਛੁਦ੍ਰ ਮੀਨ ਛੁਰੱਧ੍ਰਕਾ ਅਰੁ ਚਰਮ ਕੱਛਪ ਅਨੰਤ ॥ ਨਕ੍ਰ ਬਕ੍ਰ ਸੁ ਬਰਮ ਸੋਭਿਤ ਸ੍ਰੋਣ ਨੀਰ ਦੁਰੰਤ ॥ ੩੪ ॥**

**ਅਰਥ:**--ਵਡੀਆਂ ਵਡੀਆਂ ਗਿਰਜਾਂ ਉਡਦੀਆਂ ਹਨ। ਕੁੱਤੇ ਅਤੇ ਗਿੱਦੜ ਬੋਲਦੇ ਹਨ । ਮਸਤ ਹਾਥੀ ਮਾਨੋ ਖੰਭਾਂ ਵਾਲੇ ਪਹਾੜ (ਤੁਰੇ ਫਿਰਦੇ ਹਨ)। ਉਨ੍ਹਾਂ ਉਤੇ ਬੈਠੇ ਕੰਕ ਪੰਛੀ ਤਿੱਖੀਆਂ ਨੋਕਾਂ ਵਾਲੀ ਦੱਭ ਹੈ ਅਰਥਾਤ ਜਿਵੇ ਪਹਾਥਾਂ ਉਤੇ ਦਭ ਉਗੀ ਹੈ ਇਵੇਂ ਮੁਰਦੇ ਹਾਥੀਆਂ ਉਤੇ ਮਾਸ ਖਾਣੇ ਕੰਕ ਪੰਛੀ ਬੈਠੇ ਹਨ। ਲਹੂ ਵਿਚ ਪਈਆਂ ਨਿਕੀਆਂ ਛੁਰੀਆਂ ਮਾਨੋਂ ਪਾਣੀ ਵਿਚ ਮੱਛੀਆਂ ਹਨ ਅਤੇ ਢਾਲਾਂ ਕੱਛੂ ਹਨ, ਸੰਜੋਆਂ ਤੰਦੂਏ ਸੋਭ ਰਹੇ ਹਨ। ੩੪।

ਕਿਹੜਾ ਪਰਬੱਤ ਹੈ ਜਿਸ ਦੇ ਦੁਆਲੇ ਡੂੰਘੀਆਂ ਖੱਡਾਂ ਦੇ ਥਾਂ ਵਿਸ਼ਾਲ ਮੈਦਾਨ ਹੋਣਗੇ ? ਕੈਲਾਸ਼ ਪਰਬਤ ਦੇ ਰਸਤੇ ਤਾਂ ਅਜੇਹੇ ਬਿਖੜੇ ਹਨ, ਕਿ ਉਥੇ ਹਾਥੀ ਘੋੜੇ ਕਦੇ ਕਿਸੇ ਵੀ ਯੁਕਤੀ ਨਾਲ ਨਹੀਂ ਪੁੱਜ ਸਕਦੇ।

ਅੱਗੇ ੩੫ਵੇਂ ਛੰਦ ਅਨੁਸਾਰ, ਉਸੇ ਪਹਾੜੀ ਜੰਗ ਦੇ ਕਥਿਤ ਮੈਦਾਨ ਵਿਚ--ਨਵੇਂ ਸੂਰਮੇ ਬੇੜੀਆਂ ਹਨ, ਰਤੀ ਬੇੜੇ ਹਨ, ਅਤੇ ਅਤੀਰਤੀ ਜਹਾਜ ਹਨ--ਮਾਨੋਂ ਸੂਰਮੇ ਲੱਜਾ ਸਮੇਤ ਧੀਰਜ ਰੂਪ ਧਨ ਨੂੰ ਲੱਦ ਕੇ ਜਾ ਰਹੇ ਹਨ। (ਇਸ ਧੀਰਜ ਰੂਪ ਧਨ ਦਾ ਮੂਲ ਚੁਕਾਉਣ ਵਾਲੇ ਦਲਾਲ) ਤੀਰ ਹਨ, ਤੀਰਾਂ ਤੋਂ ਖ਼ਾਲੀ ਹੋਏ ਭੱਥੇ, ਮਾਨੋ ਤੀਰ ਰੂਪੀ ਦਰਬ ਦੇ ਕੇ ਮੁੜੇ ਹਨ। ਕੱਟੇ ਹੋਏ ਅੰਗਾਂ ਆਦਿ ਦਾ ਖਿਲਾਰਾ ਦਰਸਾਉਂਦਾ ਹੋਇਆ ਨਰਾਜ ਛੰਦ (੩੬) ਇਸ ਤੋਂ ਅੱਗੇ ਝੱਟ-ਪਟ ਮਹਿਖਾਸੁਰ ਦੀ ਮੌਤ--

**ਕੋਪ ਕੈ ਮਹਿਖੇਸ ਦਾਨੋ ਧਾਇਯੋ ਤਿੱਹ ਕਾਲ ॥ ਸ਼ਸਤ੍ਰ ਅਸਤ੍ਰ ਸੰਭਾਰ ਸੂਰੋ ਰੂਪ ਕੈ ਬਿਕਰਾਲ ॥**
**ਕਾਲ ਪ੍ਰਾਣ ਕ੍ਰਿਪਾਣ ਲੈ ਸੂਰੋ ਰੂਪ ਕੈ ਬਿਕਰਾਲ ॥ ਜੋਤਿ ਜੋਤਿ ਬਿਖੈ ਮਿਲੀ ਤਜ ਬ੍ਰਹਮ ਰੰਧ੍ਰਿ ਉਤਾਲ ॥੩੭॥**

**ਪਦ ਅਰਥ:**--ਬ੍ਰਹਮ ਰੰਧਿ=ਦਸਮ ਦਵਾਰ ਦੀ ਜੀਵਨ ਨਾੜੀ। ਉਤਾਲ=ਛੇਤੀ ਨਾਲ । ਜੋਤਿ=ਦੈਂਤ ਦੀ ਆਤਮਾ । ਜੋਤਿ=ਦੁਰਗਾ ਦੀ ਆਤਮਾ । (ਹੈਰਾਨੀ ਹੈ ਕਿ ਇਕ ' ਜੋਤ " ਅੱਖਰ ਦੇ ਦੋ ਅੱਡ ਅੱਡ ਵਿਅਕਤੀਆਂ ਦੇ ਆਤਮਾ ਅਰਥ ਕਿਵੇਂ ਬਣ ਗਏ ?

**ਅਰਥ:**--ਉਸ ਵੇਲੇ ਮਹਿਖਾ ਦੈਂਤ ਕ੍ਰੋਧ ਨਾਲ ਧਾਵਾ ਕਰਕੇ ਪਿਆ ਸ਼ਸਤ੍ਰ ਤੇ ਅਸਤ੍ਰ ਫੜਕੇ ਸੂਰਮੇ ਨੇ ਡਰਾਉਣਾ ਰੂਪ ਬਣਾ ਲਿਆ । (ਉਧਰੋਂ] ਕਾਲੀ ਨੇ ਹੱਥ ਵਿਚ ਤਲਵਾਰ ਲੈਕੇ ਉਸ ਨੂੰ ਝੱਟ ਪਟ ਮਾਰ ਦਿੱਤਾ । **(ਮਹਿਖੇ ਦੀ) ਆਤਮਾ** ਦਸਮ ਦਵਾਰ ਦੀ ਜੀਵਨ ਨਾੜੀ ਨੂੰ ਛੱਡਕੇ ਛੇਤੀ ਨਾਲ **ਦੁਰਗਾ ਦੀ ਚੇਤਨ ਸ਼ਕਤੀ ਵਿਚ ਮਿਲ ਗਈ** । ੩੭ ।

## ਅਜੀਬ ਝਮੇਲਾ---

ਹਰਾਨੀ ਦੀ ਗੱਲ ਹੈ ਕਿ ਕਿਸੇ ਦੈਂਤ ਨੂੰ ਵਰਨ ਦੀ ਗੱਲ, ਦੁਰਗਾ ਨੇ ਉਸ ਤੋਂ ਹਾਰਨ ਉਪ੍ਰੰਤ ਦੀ ਸ਼ਰਤ ਨਾਲ ਮੰਨੀ ਸੀ, ਮਹਖੇ ਦੈਂਤ ਦੀ ਮੌਤ ਤੇ ਉਸ ਦੀ ਜੋਤਿ, ਕਿਸ ਦਲੀਲ ਨਾਲ ਅਥਵਾ ਕਿਸ ਲੁਕਵੀਂ ਭਾਵਣਾ ਨਾਲ ਆਪਣੇ ਵਿਚ ਲੀਨ ਕਰ ਲਈ ? ਕੀ, ਉਸ ਦੈਂਤ ਦੀ ਆਤਮਾ

ਵੀ ਕਾਲਕਾ ਦੇਵੀ ਵਾਂਗ ਦੁਰਗਾ ਵਿਚੋਂ ਹੀ ਜਨਮੀ ਸੀ, ਕਿ ਜਾਂ, ਝੋਟੇ ਦੇ ਸਿਰ ਵਾਲੇ ਇਸ **ਦੈਂਤ** ਨੂੰ **ਵਰ** ਲੈਣ ਦਾ **ਦੁਰਗਾ** ਨੇ ਇਹ **ਨਿਰਾਲਾ ਢੰਗ** ਵਰਤਿਆ ਸੀ ? **ਦੁਰਗਾ ਦੇਵੀ** ਸਚ ਮੁਚ ਹੀ ਇੱਕ **ਅਜੀਬ ਝਮੇਲਾ** ਹੈ । ਅਤੇ ਹੁਣ ਦਰਸ਼ਨ ਕਰੋ ਅੰਤਮ ਦੋਹਰੇ ਦੇ--

**ਦੋਹਰਾ**

**ਮਹਿਖਾਸਰੁ ਕੱਹ ਮਾਰ ਕਰ ਪ੍ਰਫੁਲੱਤ ਭੀ ਜਗ ਮਾਇ ॥ ਤਾ ਦਿਨ ਤੇ ਮਹਿਖੇ ਬਲੈ ਦੇਤ ਜਗਤ ਸੁਖ ਪਾਇ ॥੩੮ ॥**

**ਅਰਥ:**--ਮਹਿਖੇ ਦੈਂਤ ਨੂੰ ਮਾਰਕੇ ਦੁਰਗਾ ਵੱਡੀ ਆਨੰਦ ਹੋਈ। ਉਸ ਦਿਨ ਤੋਂ, ਸੰਸਾਰੀ **ਸੁਖਾਂ ਦੀ ਪ੍ਰਾਪਤੀ** (ਦੀ ਇੱਛਾ ਵਾਲੇ ਲੋਕ ਦੇਵੀ ਨੂੰ) **ਝੋਟੇ ਦੀ ਬਲੀ ਦਿੰਦੇ ਹਨ** । ੩੮।

**ਸ਼ਾਇਦ ਝੋਟੇ ਦੀ ਬਲੀ ਲੈਣ ਵਾਲੀ ਨਵੀਂ ਲੁੱਟ-ਚੋਂਘ ਚਾਲੂ ਕਰਨ ਵਾਸਤੇ ਹੀ ਮਹਿਖਾਸੁਰ ਦੀ ਆਤਮਾ ਦਾ ਪ੍ਰਵੇਸ਼ ਦੁਰਗਾ ਦੀ ਆਤਮਾ ਵਿਚ ਹੋ ਚੁੱਕਾ ਦਰਸਾਇਆ ਹੋਵੇ ?** ਅਗਿਆਨੀ ਸ਼ਰਧਾਲੂਆਂ ਦੇ ਮਨਾ ਵਿਚ ਮਾਇਕ ਸੁਖਾਂ ਦੀ ਪਰਾਪਤੀ ਲਈ ਦੇਵੀ ਦੇ ਅੱਗੇ ਝੋਟੇ ਦੀ ਬਲੀ ਦੇਣ ਦੀ ਗੱਲ, ਜੇ ਦਸ਼ਮੇਸ਼ ਜੀ ਦੇਵੀ ਭਾਗਵਤ ਪੁਰਾਣ ਵਿਚ ਪੜ੍ਹਦੇ ਤਾਂ, ਇਸ ਭਰਮ ਨੂੰ ਦੂਰ ਕਰਨ ਲਈ ਆਪਣੇ ਵਲੋਂ (ਨੋਟ ਰੂਪ) ਕੋਈ ਸੰਕੇਤ ਜ਼ਰੂਰ ਲਿਖਦੇ। ਅਜੇਹਾ ਕੋਈ ਸੰਕੇਤ ਨਾ ਹੋਣਾ ਇਸ ਸਚਾਈ ਦਾ ਪੱਕਾ ਸਬੂਤ ਹੈ ਕਿ ਇਹ ਲਿਖਤ ਉਸੇ ਬਿੱਪ੍ਰ ਦੀ ਹੀ ਹੈ ਜਿਹੜਾ ਦਾਨ ਦੁਆਰਾ ਲੁੱਟ ਮਚਾਈ ਰੱਖਣ ਲਈ ਨਵੇਂ ਤੋਂ ਨਵੇਂ ਢੰਗ ਘੜਦਾ ਆ ਰਿਹਾ ਸੀ ।

**ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰ, ਮਹਿਖਾਸੁਰ ਬਧਹਿ ਪ੍ਰਥਮ ਧਿਆਇ ਸੰਪੂਰਣ ਮਸਤੁ ਸਭ ਮਸਤੁ ॥ ੧ ॥ ਅਫ਼ਜੂ ॥**

ਅੰਤਲਾ ਇਹ ਨੋਟ ਸਿੱਧ ਕਰਦਾ ਹੈ ਕਿ ਇਹ ਚਰਿਤ੍ਰ ਉਸ ਲਿਖਾਰੀ ਦਾ ਹੈ ਜਿਸ ਨੇ ਬਚਿਤ੍ਰ ਨਾਟਕ ਲਿਖਿਆ ਸੀ। ਪਿਛਲੀ ਸਾਰੀ ਕੁਫ਼ਰ ਗਾਥਾ (ਚਰਿਤ੍ਰੋ ਪਖਯਾਨ, ਸਬੁਧ ਬਾਚ ਅਤੇ ਅਥ ਚੰਡੀ ਚਰਿਤ੍ਰ ਉਕਤਿ ਬਿਲਾਸ --ਕਿਸੇ ਦੂਜੇ ਬਿੱਪ੍ਰ ਦਾ ਲਿਖਿਆ ਹੈ ।

## ੪- ਧੂਮ੍ਰ ਨੈਨ ਜੁੱਧ

ਇੱਕ ਪਾਸੇ ਤਾਂ ਦੁਰਗਾ ਨੂੰ ਕਰਨ ਕਾਰਨ ਸਮਰੱਥ ਸਾਰੇ ਜਗਤ ਦੀ ਮਾਤਾ ਕਹਿ ਕੇ--**ਤੂੰ ਨਰਸਿੰਘ ਹ੍ਵੈਕੈ ਹਿਰਾਨਾਛ ਮਾਰਯੋ ॥ ਤੁਹੀ ਦਾੜ੍ਹ ਪੈ ਭੂਮਿ ਕੋ ਭਾਰ ਧਾਰਯੋ ॥ ੫ ॥ ਭਵ, ਨਰਪਸੰਘ ਅਵਤਾਰ ਹੋ ਕੇ ਤੂਹੀਂ ਹਰਨਾਖਸ਼ ਨੂੰ ਮਾਰਿਆ ਅਤੇ ਵਰਾਹ (ਸੂਰ) ਅਵਤਾਰ ਹੋ ਕੇ ਤੂੰਹੀ ਧਰਤੀ ਨੂੰ ਧਾਰਨ ਕੀਤਾ ਸੀ ਅਤੇ:--**

**ਤੁਹੀ ਰਾਮ ਹ੍ਵੈਕੈ ਹਠੀ ਦੈਤ ਘਾਯੋ ॥ ਤੁਹੀ ਕਿਸ਼ਨ ਹ੍ਵੈ ਕੈ ਕੰਸ ਕੇਸੀ ਖਪਾਯੋ ॥**
**ਤੁਹੀ ਜਾਲਪਾ ਕਾਲਕਾ ਕੈ ਬਖਾਨੀ ॥ ਤੁਹੀ ਚੌਦਹੂੰ ਲੋਕ ਕੀ ਰਾਜਧਾਨੀ ॥ ੬ ॥** (ਚਰਿਤ੍ਰ ਨੰ: ੧)

**ਭਾਵ, ਦੁਰਗਾ ਨੂੰ ਹੀ ਸਰਬ ਕਲਾਂ ਦਾ ਮਾਲਕ ਰਬ ਕਿਹਾ ਹੈ ਅਤੇ ਏਥੇ ਹੁਣ ਮਹਿਖਾਸੁਰ ਨੂੰ ਮਾਰ ਦੇਣਾ ਉਸੇ ਦੁਰਗਾ ਰੂਪ ਰੱਬ ਦਾ ਅਲੋਕਾਰ ਸਾਕਾ ਦਰਸਾਉਂਣ ਜਾਣ ਦੇ ਯਤਨ ਵਿਚ ਦੇਵਤੇ ਭੰਡ ਬਣੇ ਨਜ਼ਰ ਆ ਰਹੇ ਹਨ:--**

**ਦੁੰਦਭਿ ਬਾਜੇ । ਸਬ ਸੁਰ ਗਾਜੇ ॥ ਕਰਤ ਬਡਾਈ ॥ ਸੁਮਨ ਬ੍ਰਖਾਈ ॥ ੪੦ ॥**

**ਅਰਥ:**--ਧੌਂਸੇ ਵਜਾਉਂਦੇ ਹਨ। ਸਾਰੇ ਦੇਵਤੇ ਲਲਕਾਰਦੇ ਹਨ। (ਦੇਵੀ ਦੀ) ਵਡਿਆਈ ਕਰਦੇ ਹਨ। (ਅਤੇ ਦੇਵੀ ਪੁਰ) ਫੁੱਲਾਂ ਦੀ ਬਰਖਾ ਕਰਦੇ ਹਨ। ੪੦ ।

ਫਿਰ ਅਨੇਕ ਤਹ੍ਹਾਂ ਨਾਲ ਦੇਵੀ ਦੀ ਪੂਜਾ ਕੀਤੀ ਅਤੇ ਉਸ ਦੀ ਚਰਨੀ ਲੱਗ ਕੇ ਸਾਰੇ ਦੁੱਖ ਦੂਰ ਕਰ ਲਏ (੪੧) ਜਿਵੇਂ ਅਸਾਂ ਪਹਿਲਾਂ ਸ੍ਰੀ ਅਸਿਧੁਜ ਦੀਆਂ ਬਹਾਦਰੀਆਂ ਦੇ ਵਰਣਨ ਨੂੰ ਗੁਰਮਤਿ ਦੇ ਵਿਰੁੱਧ, ਭਾਵ, ਸੁਲਤਾਨ ਨੂੰ ਮੀਆਂ ਕਹਿਣ ਵਾਲੀ ਗੱਲ ਲਿਖਿਆ ਹੈ ਉਹੀ ਦਲੀਲ ਏਥੇ ਢੁਕਦੀ ਹੈ-- **ਆਸਾ ਮਹਲਾ ੧ ॥ ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ॥ ਅੰਧੁਲੇ ਦਹਸਿਰਿ ਮੂੰਡੁ ਕਟਾਇਆ ਰਾਵਣ ਮਾਰਿ ਕਿਆ ਵਡਾ ਭਇਆ ॥ ੧ ॥** ਗੁਰਬਾਣੀ ਦਾ ਇਹ ਪਾਵਨ ਗੁਰੁ-ਸ਼ਬਦ ਜੋ ਪਿੱਛੇ ੮੯ ਨੰਬਰ ਤੇ ਅਰਥਾਂ ਸਮੇਤ ਵਿਚਾਰਿਆ ਹੈ, ਏਥੇ ਵੀ ਉਵੇਂ ਹੀ ਢੁੱਕਦਾ ਹੈ। ਦੈਂਤ ਮਾਰਿਆ ਜਾਣਾ ਦੇਵੀ ਨੂੰ ਬਹਾਦਰ ਸਿੱਧ ਨਹੀਂ ਕਰਦਾ ਸਗੋਂ ਉਸ ਦੀ ਕਥਿਤ ਅਪਾਰ ਸ਼ਕਤੀ ਨੂੰ ਹੀਣਤਾ ਦੀ ਬੜੀ ਡੂੰਘੀ ਖੱਡ ਵਿਚ ਧੱਕਾ ਦੇ ਦੇਣ ਵਾਲਾ ਮਖ਼ੌਲ ?

**ਦੋਹਰਾ ॥**

**ਲੋਪ ਚੰਡਕਾ ਜੁ ਭਏ ਦੇਵਨ ਕੋ ਦੇ ਰਾਜੁ ॥ ਬਹੁਰ ਸੁੰਭ ਨੈਸੁੰਭ ਦੁਐ ਦੈਤ ਬਢੋ ਸਿਰਤਾਜ ॥ ੪੩ ॥**

ਦੇਵਤਿਆਂ ਨੂੰ ਰਾਜ ਦੇ ਕੇ ਦੁਰਗਾ ਆਪ ਅਲੋਪ ਹੋ ਗਈ। ਮਗਰੋਂ ਸੁੰਭ ਅਸੁੰਭ ਦੋ ਦੈਂਤ ਪਤਾ ਨਹੀਂ ਕਿਧਰੋਂ ਆ ਗਏ ? ਦੇਵਤਿਆਂ ਲਈ ਮੁੜ ਉਹੀ ਮੁਸੀਬਤ ? ਇੰਦਰ ਦਾ ਰਾਜ ਫਿਰ ਜਾਂਦਾ ਰਿਹਾ ਅਤੇ ਦੇਵਤੇ ਮੁੜ ਦੁਰਗਾ ਦੀ ਸਰਨ ਵਿਚ ਜਾ ਵੱਸੇ। ਦੇਵੀ ਸੁਣ ਕੇ ਫਿਰ ਕ੍ਰੋਧਵਾਨ ਹੋ ਗਈ। ੪੮ । ਸਰਕਸ ਵਿਚ ਦੋ ਭੰਡਾਂ ਵਾਲੀ ਲੜਾਈ। ਜਦੋਂ ਦਿਲ ਕੀਤਾ ਜੰਗ ਅਰੰਭ ਕਰਾ ਲਿਆ। ਇਕੋ ਇੱਕ, ਪੱਕਾ ਬਹਾਨਾ ? ਇੰਦ੍ਰ ਦਾ ਰਾਜ ਖੁਹਾ ਲਿਆ ਤੇ ਝੂਠ-ਲੜਾਈ ਅਰੰਭ ਹੋ ਗਈ ? ਫਿਰ ਲਹੂ ਦੇ ਦਰਿਆ ਅਤੇ ਗਿਰਝਾਂ, ਗਿੱਦੜਾਂ, ਕੁੱਤਿਆਂ, ਜੋਗਨੀਆਂ ਦਾ ਰੱਜ, ਭੂਤਾਂ ਪ੍ਰੇਤਾਂ ਦੇ ਭੰਗੜੇ। ਦੇਵੀ ਮਾਂ ਆਪਣੇ ਬੱਚਿਆਂ ਨੂੰ ਚੱਬ ਕੇ ਲਹੂ ਇਉਂ ਪੀ ਰਹੀ ਹੁੰਦੀ ਹੈ ਜਿਵੇਂ ਸਮੁੰਦਰਾਂ ਦਾ ਪਾਣੀ ਕਿਸੇ ਵੱਡੇ ਮਘੋਰੇ ਵਿਚ ਪੈ ਰਿਹਾ ਹੋਵੇ। ਅਜੇਹੇ ਖੱਚ-ਗਿਆਨ ਦੀ ਬਰਖਾ ਸ਼ੁਰੂ ਹੋ ਜਾਂਦੀ ਹੈ।

## ੫- ਕੇਵਲ ਲਹੂ ਮਾਸ ਤੇ ਬੱਸ ਨਹੀਂ, ਸ਼ਰਾਬ ਵੀ ?

**ਨਰਾਜ ਛੰਦ ॥**

**ਤਬੈ ਪ੍ਰਕੋਰ ਦੇਬਿ ਹੁਐ ॥ ਚਲੀ ਸੁ ਸਸਤ੍ਰ ਅਸਤ੍ਰ ਲੈ ॥ ਸਮੁੱਦ ਪਾਨ ਪਾਨ ਕੈ ॥ ਗਜੀ ਕ੍ਰਿਪਨ ਪਾਨ ਕੈ ॥੧੦॥੪੮॥**

(ਸਮੁੰਦ=(ਸ+ਮੁਦ) ਖ਼ੁਸ਼ੀ ਨਾਲ । ਪਾਨ=ਸ਼ਰਾਬ । ਪਾਨ ਕੈ=ਪੀ ਕੇ । ਪਾਨ=ਹੱਥ । (ਪੰਡਿਤ ਨਰੈਣ ਸਿੰਘ ਗਯਾਨੀ)

**ਅਰਥ:**--ਤਦੋਂ ਦੇਵੀ ਵਡੇ ਕ੍ਰੋਧਵਾਨ ਹੋਈ । ਸ਼ਸਤ੍ਰ ਅਸਤ੍ਰ ਲੈ ਕੇ (ਰਣਭੂਮੀ ਵਿਚ) ਚੱਲੀ । ਖ਼ੁਸ਼ੀ ਨਾਲ ਸ਼ਰਾਬ ਨੂੰ ਪੀਕੇ, ਹੱਥ ਵਿਚ ਤਲਵਾਰ ਲੈਕੇ ਕੜਕੀ । ੧੦ ।

ਸ਼ਰਾਬੀ ਤੋਂ ਬਿਨਾਂ ਕਿਲਕਾਰੀਆਂ, ਬੜ੍ਹਕਾਂ, ਬੁਲਬੁਲੀਆਂ, ਚਾਂਗਰਾਂ ਆਦਿ ਹੰਕਾਰ ਦਰਸਾਉਣ ਵਾਲੀਆਂ ਹਰਕਤਾਂ ਕੌਣ ਕਰੇ ? ਪਿਆਰਾ ਸਿੰਘ ਜੀ ਪਦਮ ਦੀ ਜੇ ਇਹ ਗੱਲ ਸੱਚ ਮੰਨ ਲਈਏ ਕਿ ਇਨ੍ਹਾਂ ਚੰਡੀ ਚਰਿਤ੍ਰਾਂ ਤੋਂ ਭਾਰਤੀ ਬੀਬੀਆਂ ਵਿਚ ਸੂਰਮਤਾਈ ਭਰੀ ਗਈ ਹੈ, ਤਾਂ ਭਾਰਤ ਦੀਆਂ ਬੱਚੀਆਂ ਵਿਚ ਸ਼ਰਾਬ ਪੀਣ ਦਾ ਉਤਸ਼ਾਹ ਵੀ ਜ਼ਰੂਰ ਜਾਗਿਆ ਹੋਵੇਗਾ ? ਧਰਮ ਗ੍ਰੰਥ ਦੀ ਹਰ ਪ੍ਰਕਾਰ ਦੀ ਸਿਖਿਆ ਬੜੀ ਲਗਨ ਨਾਲ ਗ੍ਰਹਣ ਕਰਨੀ ਹਰ ਸ਼ਰਧਾਵਾਨ ਆਪਣਾ ਧਰਮ ਮੰਨਦਾ ਹੈ। ਚੰਗੀ ਬਾਣੀ ਦੀ ਚੋਣ ਕਰਨ ਦੀ ਗੱਲ ਆਪਣੇ ਆਪ ਵਿਚ ਵਡਾ ਸਬੂਤ ਹੈ ਕਿ ਉਸ ਗ੍ਰੰਥ ਵਿਚ ਘਟੀਆ ਬਾਣੀ ਦਾ ਵੀ ਘਾਟਾ ਨਹੀਂ ਹੈ ।

**ਰਸਾਲ ਛੰਦ ॥**

**ਸੁਨੀ ਦੇਵ ਬਾਨੀ ॥ ਚੜ੍ਹੀ ਸਿੰਘ ਰਾਨੀ ॥ ਸਭੰ ਸਸਤ੍ਰ ਧਾਰੇ ॥ ਸਭੈ ਪਾਪ ਟਾਰੇ ॥ ੧੧ ॥੪੯॥**

ਸ਼ੇਰ ਤੇ ਚੜ੍ਹੀ ਹੋਈ, ਪਾਪਾਂ ਦਾ ਨਾਸ ਕਰਨ ਵਾਲੀ ਦੁਰਗਾ ਦੇ ਹੁਕਮ ਨਾਲ ਨਗਾਰਿਆਂ ਤੇ ਸੰਖਾਂ ਦਾ ਨਾਦ ਕੀਤਾ ਗਿਆ। ਮੂੰਹ ਤੇ ਅੱਖਾਂ ਲਾਲ ਕਰਕੇ ਦੇਵੀ, ਛੁਰੀਆਂ ਤਲਵਾਰਾਂ ਨਾਲ ਹਥਿਆਰ-ਬੰਦ ਹੋਈ ਦੈਂਤਾਂ ਦੀ ਚੌਹਾਂ ਤਰ੍ਹਾਂ ਦੀਆਂ ਫੌਜ ਵੀ ਸਾਹਮਣੇ ਆ ਗਈਆਂ। ਉਧਰੋ ਦੇਵੀ ਦਾ ਸ਼ੇਰ ਵੀ ਪੂਛ ਉੱਚੀ ਕਰਕੇ ਆ ਗਿਆ। (੫੦ ਤੋਂ ੫੫)

### ਦੇਵੀ ਦੇ ਵਾਸ ਵਾਲੇ ਸੁਮੇਰ ਪ੍ਰਬਤ ਦਾ ਘੇਰਾ ?

**ਤਬੈ ਧੂਮ੍ਰ ਨੈਣੰ ਮੱਚਿਯੋ ਸਸਤ੍ਰ ਧਾਰੀ ॥ ਲਏ ਸੰਗ ਜੋਧਾ ਬਡੇ ਬੀਰ ਭਾਰੀ ॥**
**ਲਯੋ ਬੇੜ੍ਹ ਪੱਬੰ ਕੀਯੋ ਨਾਦ ਉਚੰ ॥ ਸੁਣੇ ਗਰਭਣੀ ਆਨਿ ਕੇ ਗਰਬ ਮੁਚੰ ॥ ੧੮ ॥ ੫੬ ॥**

**ਅਰਥ:**--ਤਦੋਂ ਧੂਮ੍ਰ ਨੈਨ ਸ਼ਸਤ੍ਰਧਾਰੀ ਚੜ੍ਹਿਆ। (ਜਿਸ ਨੇ ਵਡੇ ਭਾਰੀ ਜੋਧੇ ਆਪਣੇ ਨਾਲ ਲਏ ਹੋਏ ਸਨ । (ਉਨ੍ਹਾਂ ਨੇ ਦੇਵੀ ਦੇ ਵਾਸੇ ਵਾਲੇ) ਪਹਾੜ ਨੂੰ ਘੇਰਾ ਪਾ ਲਿਆ ਲਿਆ ਤੇ ਉਚੇ ਉਚੇ ਸ਼ਬਦ (ਕਰਨੇ ਸ਼ੁਰੂ) ਕਰ ਦਿੱਤੇ--ਜਿਨ੍ਹਾਂ ਨੂੰ ਸੁਣ ਕੇ ਇਸਤ੍ਰੀਆਂ ਦੇ ਹਮਲ ਗਿਰਦੇ ਸਨ । ੫੬।

ਸੁਮੇਰ ਪਰਬਤ ਦਾ ਘੇਰਾ ਪੈਣ ਦੀ ਗੱਲ ਵਡਾ ਝੂਠ ਹੈ ਅਤੇ ਉਸ ਥਾਂ ਤੇ ਹਾਥੀ ਘੋੜੇ ਆਦਿ ਦੇ ਪੱਜ ਜਾਣ ਦੀ ਗੱਲ ਉਸ ਤੋਂ ਵੀ ਭਿਆਨਕ ਕੁਫ਼ਰ। ਇੱਕ ਪਾਸੇ ਲੱਖਾਂ ਕਰੋੜਾਂ ਦੀ ਗਿਣਤੀ ਵਿਚ ਦੈਂਤਾਂ ਦੀ ਸੈਨਾ ਹੈ ਦੂਜੇ ਪਾਸੇ ਇਕੱਲੀ ਦੇਵੀ। ਕਈ ਤਰ੍ਹਾਂ ਦੀ ਝੂਠ ਵਿਆਖਿਆ ਮਗਰੋਂ ਆਖਰ:-- ਘਰੀ ਅੱਧ ਮੱਧੂ ॥ ਹਨਿਯੋ ਸੈ ਸੁੱਧੰ ॥ ਹਨਯੋ ਧੂਮ੍ਰ ਨੈਣੰ ॥ ਸੁਨਯੋ ਦੇਵ ਗੈਣੰ ॥ ੬੨ ॥

**ਅਰਥ:**--ਅੱਧੀ ਘੜੀ ਵਿਚ ਸਾਰੀ ਸੈਨਾ ਨੂੰ ਮਾਰ ਦਿੱਤਾ , ਧੂਮ੍ਰ ਨੈਣ ਮਾਰਿਆ ਗਿਆ, ਅਤੇ (ਇਸ ਸ਼ੁੱਭ ਖ਼ਬਰ ਨੂੰ) ਦੇਵਤਿਆਂ ਆਕਾਸ ਵਿਚ ਹੀ ਸੁਣ ਲਿਆ । ੬੨ ।

**ਦੋਹਰਾ ॥**

**ਇਹ ਬਿਧ ਦੈਤ ਸੰਘਾਰ ਕਰ, ਧਵਲਾ ਚਲੀ ਅਵਾਸ ॥** [**ਧਵਲਾ**=ਗਿਰਜਾ, ਦੁਰਗਾ]
**ਜੋ ਯਹ ਕਥਾ ਸੁਨੈ ਰਿੱਧਿ ਸਿਧਿ ਗ੍ਰਿਹ ਤਾਸ ॥ ੬੫ ॥**

**ਅਰਥ:**-ਇਸ ਤਰ੍ਹਾਂ ਦੈਂਤਾਂ ਨੂੰ ਮਾਰ ਕੇ ਦੁਰਗਾ ਘਰ ਚਲੀ ਗਈ। ਜੋ ਇਸ ਕਥਾ ਨੂੰ ਪ੍ਰੇਮ ਤੇ ਸ਼ਰਧਾ ਨਾਲ ਸੁਣੇ ਜਾਂ ਪੜ੍ਹੇਗਾ, ਉਸ ਦੇ ਘਰ ਵਿਚ ਰਿਧਾਂ ਸਿਧਾਂ (ਪ੍ਰਾਪਤ ਹੋਣਗੀਆਂ)।

ਪਹਿਲੀ ਗੱਲ ਤਾਂ ਇਹ ਹੈ ਕਿ, ਦਸਮੇਸ਼ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਗੁਰਬਾਣੀ ਵਿਚ ਕਿਸੇ ਇੱਕ ਥਾਂ ਨਹੀਂ ਲਿਖਿਆ ਕਿ, ਜਿਹੜਾ ਮਨੁੱਖ ਇਸ ਗੁਰੂ ਬਾਣੀ ਨੂੰ ਪੜ੍ਹੇਗਾ, ਜਾ ਸੁਣੇਗਾ ਤਾਂ ਉਸ ਨੂੰ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਹੋਵੇਗੀ। ਉਥੇ ਤਾਂ ਸਗੋਂ ਇਹ ਸ਼ਰਤ ਹੈ--**ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥ ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥ ੧ ॥**[੬੬੯] ਉਨ੍ਹਾਂ ਨੂੰ ਇਸ ਝੂਠ-ਲਿਖਤ ਬਾਰੇ ਅਜੇਹੇ ਬਚਨ ਲਿਖਣ ਦੀ ਲੋੜ ਕਿਉਂ ਪੈਣੀ ਸੀ ? ਗੁਰੂ ਬਾਣੀ ਪੜ੍ਹਨ ਬਾਰੇ ਸਤਿਗੁਰੂ ਜੀ ਦਾ ਫ਼ੁਰਮਾਨ ਤਾਂ ਇਉਂ ਵੀ ਹੈ---**ਹਉ ਵਾਰੀ ਜੀਉ ਵਾਰੀ ਪੜਿ ਬੁਝਿ ਮੰਨਿ ਵਸਾਵਣਿਆ ॥ ਗੁਰਮੁਖਿ ਪੜਹਿ ਹਰਿ ਨਾਮੁ ਸਲਾਹਹਿ ਦਰਿ ਸਚੈ ਸੋਭਾ ਪਾਵਣਿਆ ॥ ੧ ॥ ਰਹਾਉ ॥** [੧੨੭] ਜੇ, ਕਿਸੇ ਵੀ ਮਜਬੂਰੀ ਕਾਰਨ (ਜਿਸ ਦੀ ਮੁਢੋਂ ਹੀ ਕੋਈ ਸੰਭਾਵਣਾ ਨਹੀਂ ਸੀ-) ਅਜੇਹੇ ਬਚਨ ਲਿਖਣੇ ਪੈ ਵੀ ਗਏ ਸਨ, ਤਾਂ ਉਨ੍ਹਾਂ ਨੇ ਆਪਣੇ ਵਲੋਂ ਸਪੱਸ਼ਟ ਨੋਟ ਦੇਣੋ ਕਦੇ ਉਕਾਈ ਨਹੀਂ ਸੀ ਖਾਣੀ, ਕਿ, ਇਨ੍ਹਾਂ ਬਚਨਾਂ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਹੀਂ, ਇਹ ਸਭ ਕੁਝ **ਅਮਕੇ** ਗ੍ਰੰਥ ਵਿਚ ਲਿਖੇ ਦਾ ਕੇਵਲ ਅਨੁਵਾਦ ਹੀ ਹੈ। (ਇਸ ਸਾਰੇ ਗ੍ਰੰਥ ਵਿਚੋਂ ਕਿਸੇ ਇੱਕ ਥਾਉਂ ਵੀ ਕੋਈ ਸੰਕੇਤ ਤੱਕ ਨਹੀਂ ਮਿਲਦਾ ਕਿ ਇਹ ਦਸ਼ਮੇਸ਼ ਜੀ ਨੇ ਕੇਵਲ ਅਨੁਵਾਦ ਹੀ ਕੀਤਾ ਹੋਇਆ ਹੈ)

## ੬- ਚੰਡ ਮੁੰਡ ਦੀ ਮੌਤ

**ਜਦੋਂ ਰਾਜੇ ਨੇ** ਧੂਮ੍ਰ ਨੈਣ ਸਮੇਤ ਫੌਜ ਦੀ ਸਮਾਪਤੀ ਦੀ ਗੱਲ ਸੁਣੀ ਤਾਂ ਉਸ ਨੇ ਚੰਡ ਅਤੇ ਮੁੰਡ ਨੂੰ ਲੜਾਈ ਲਈ ਭੇਜ ਦਿੱਤਾ। ਉਨ੍ਹਾਂ ਨੇ ਵੀ ਜਾ ਕੇ ਉਸੇ ਪਹਾੜ ਦਾ ਘੇਰਾ ਜਾ ਪਾਇਆ। ਕਵਿਤਾ ਲਿਖਣ ਦੀ ਸ਼ੈਲੀ ਦਾ ਹੀ ਫ਼ਰਕ ਹੈ, ਬਾਕੀ ਸਾਰਾ ਕੁਝ ਉਹੀ ਜੋ ਪਿਛਲੀ ਗਾਥਾ ਵਿਚ ਪੜ੍ਹ ਆਏ ਹਾਂ। ਇਸ ਲਈ ਲਗਾਤਾਰ ਸਾਰੀ ਗਾਥਾ ਲਿਖਣ ਦਾ ਕੋਈ ਲਾਭ ਨਹੀਂ।

### ਚੋਣਵੇਂ ਛੰਦ---

ਕੇਵਲ ਵਣਗੀ ਮਾਤ੍ਰ ਉਹ ਛੰਦ ਜਿਨ੍ਹਾਂ ਵਿਚਲੇ ਪ੍ਰਤੱਖ ਝੂਠ ਨੂੰ ਪੰਡਿਤ ਨਰੈਣ ਸਿੰਘ ਨੇ ਸਚ ਦਾ ਰੂਪ ਦੇ ਕੇ ਗੁਰਸਿੱਖਾਂ ਦੇ ਮਨ ਭਰਮੀ ਬਣਾਏ ? :---

**ਰੂਆਲ ਛੰਦ ॥-ਝਾਰ ਝਾਰ ਫਿਰ ਸਰੋਤਮ ਡਾਰਿ ਝਾਰਿ ਕ੍ਰਿਪਾਨ ॥ ਸੈਲ ਸੇ ਰਣ ਪੁੰਜ ਕੁੰਜਰ ਸੂਰ ਸੀਸ ਪਖਾਨ ॥**

**ਬੱਕ੍ਰ ਨੱਕ੍ਰ ਭੁਜਾ ਸੁ ਸੋਭਤ ਚੱਕ੍ਰ ਸੇ ਰਥ ਚਕ੍ਰ ॥ ਕੋਸ ਪਾਸ ਸਿਬਾਲ ਸੋਹਤ ਅਸਥਿ ਚੂਰ ਸਰੱਕ੍ਰ ॥ ੭੧ ॥**

**ਅਰਥ**:--(ਕਿਤੇ) ਚੰਗੇ ਤੀਰਾਂ ਨਾਲ ਝਾੜਾਂ ਝਾੜਦੇ ਫਿਰਦੇ ਹਨ ਅਤੇ (ਕਿਤੇ) ਤਲਵਾਰਾਂ ਨਾਲ ਝੜਕੇ ਸੁਟ ਦੇਂਦੇ ਹਨ। (ਏਹ ਰਣ ਭੂਮੀ ਨਹੀਂ, ਮਾਨੋ) ਮਾਨ ਸਰੋਵਰ ਹੈ, ਜਿਸ ਦਾ) ਰੂਪਕ ਇਉਂ ਹੈ--(ਇਸ) ਰਣ (ਭੂਮੀ ਮਾਨ ਸਰੋਵਰ ਵਿਚ) ਹਾਥੀਆਂ ਦਾ ਝੁੰਡ ਪਹਾੜਾਂ ਸਮਾਨ ਹੈ ਅਤੇ ਸੂਰਮਿਆਂ ਦੇ ਸਿਰ ਪੱਥਰ (ਸਮਾਨ ਹਨ) । ਟੇਢੀਆਂ ਬਾਹਾਂ ਤੰਦੂਏ ਸਮਾਨ ਸੋਭਦੀਆਂ ਹਨ ਅਤੇ ਕਛੂ ਕੁੰਮੇ ਸਮਾਨ ਰਥਾਂ ਦੇ ਪਹੀਏ ਹਨ । ਫਾਹੀਆਂ ਤੇ ਕੋਸ ਜਾਲੇ (ਦੇ ਸਮਾਨ ਸੋਭਦੇ ਹਨ ਅਤੇ ਹੱਡੀਆਂ ਦਾ ਚੂਰਾ ਸਰਕ੍ਰੇ (ਰੇਤੇ) ਸਮਾਨ ਹੈ ।

ਇਸ ਝੂਠ-ਜੰਗ ਵਿਚ ਜੁੱਧ ਕਰਨ ਵਾਲੇ ਸੂਰਮੇ ਵੀ ਦੈਂਤ, ਸ਼ਹੀਦ ਹੋਣ ਵਾਲੇ ਵਾਲੇ ਸਭ ਦੈਂਤ ਹੀ ਹਨ। ਦੂਜੇ ਪਾਸੇ ਤਾਂ ਕੇਵਲ ਦੁਰਗਾ ਹੈ ਜਾਂ ਉਸ ਦੇ ਮੱਥੇ ਵਿਚੋ ਜਨਮੀ ਕਾਲੀ ? ਦੇਵਤੇ ਕਿੱਧਰ ਹਨ ? ਬੜਾ ਗਹੁ ਨਾਲ ਪੜ੍ਹਿਆਂ ਦੇਵਤੇ ਤਾਂ ਕੇਵਲ ਦੇਵੀ ਦੇ ਸੋਹਲੇ ਗਾਉਂਦੇ ਅਤੇ ਉਸ ਉੱਤੇ ਫੁੱਲਾਂ ਦੀ ਬਰਖਾ ਕਰਦੇ ਹੀ ਨਜ਼ਰੀਂ ਚੜ੍ਹਦੇ ਹਨ । ਉਹ ਵੀ ਕਦੇ ਕਦੇ। ਓਦੋਂ ਜਦੋਂ ਲਿਖਾਰੀ ਨੇ ਕਹਾਣੀ ਨੂੰ ਕੋਈ ਉਚੇਚਾ ਮੋੜ ਦੇਣਾ ਹੋਵੇ।

ਪੰਡਿਤ ਨਰੈਣ ਸਿੰਘ ਜੀ ਨੇ ਗੁਰ ਸਿੱਖਾਂ ਨੂੰ ਭਰਮੀ ਬਨਾਉਣ ਲਈ ਇਸ ਝੂਠ ਜੰਗ ਨੂੰ ਮਾਨਸਰੋਵਰ ਹੋਣ ਦਾ ਮਾਣ ਬਖ਼ਸ਼ਿਆ ਹੈ। ਪਰ ਗੁਰੂ ਬਾਣੀ ਵਿਚ ਸਚਿਆਰ ਬਣ ਚੁੱਕੇ, ਸ਼ੁੱਧ ਅੰਤਹਕਰਨ ਨੂੰ ਹੀ **ਮਾਨਸਰੋਵਰ** ਕਿਹਾ ਹੈ। ਅਤੇ ਸਤਿਗੁਰਾਂ ਨੇ ਇਸੇ ਮਾਨਸਰੋਵਰ ਵਿਚ ਹੀ ਇਸ਼ਨਾਨ ਕਰਨ ਨੂੰ ਹੀ ਮਨੁੱਖਤਾ ਲਈ ਸ਼ੁੱਭ ਫ਼ੁਰਮਾਨ ਕੀਤਾ ਹੈ:--

੩੫- **ਸੋ ਬ੍ਰਹਮੰਡਿ ਪਿੰਡਿ ਸੋ ਜਾਨੁ ॥ ਮਾਨ ਸਰੋਵਰਿ ਕਰਿ ਇਸਨਾਨੁ ॥**

**ਸੋਹੰ ਸੋ ਜਾ ਕਉ ਹੈ ਜਾਪ ॥ ਜਾ ਕਉ ਲਿਪਤ ਨ ਹੋਇ ਪੁੰਨ ਅਰੁ ਪਾਪ ॥੬॥** {੧੧੬੨}-੧

**ਅਰਥ**:--ਜਿਸ ਮਨੁੱਖ ਦੇ ਹਿਰਦੇ ਵਿਚ ਸਦਾਇਹ ਲਗਨ ਹੈ ਕਿ ਪਰਮਾਤਮਾ ਤੇ ਮੈਂ ਸਦਾ ਇੱਕ ਹਾਂ (ਭਾਵ, ਮੇਰੇ ਅੰਸੇ ਪ੍ਰਭੂ ਦੀ ਜੋਤਿ ਵੱਸ ਰਹੀ ਹੈ), (ਇਸ ਲਗਨ ਦੀ ਬਰਕਤਿ ਨਾਲ) ਜਿਸ ਉਤੇ ਨਾ ਪੁੰਨ ਨਾ ਪਾਪ ਕੋਈ ਵੀ ਪ੍ਰਭਾਵ ਨਹੀਂ ਪਾ ਸਕਦਾ (ਭਾਵ, ਜਿਸ ਨੂੰ ਨਾ ਕੋਈ ਪਾਪ-ਵਿਕਾਰ ਖਿੱਚ ਪਾ ਸਕਦੇ ਹਨ, ਅਤੇ ਨਾ ਹੀ ਪੁੰਨ ਕਰਮਾਂ ਤੋਂ ਮਿਲਦੇ ਕਿਸੇ ਫਲ ਦੀ ਲਾਲਸਾ ਹੈ) ਉਹ ਮਨੁੱਖ (ਸੱਚੀ ਲਿਵ ਦੀ ਬਰਕਤਿ ਨਾਲ) ਸਾਰੇ ਜਗਤ ਵਿਚ ਉਸੇ ਪ੍ਰਭੂ ਨੂੰ ਪਛਾਣਦਾ ਹੈ ਜਿਸ ਨੂੰ ਆਪਣੇ ਸਰੀਰ ਵਿਚ (ਵੱਸਦਾ ਵੇਖਦਾ ਹੈ), ਉਹ (ਹਿਰਦੇ ਵਿਚ ਬਣੇ ਪ੍ਰਭੂ ਨਾਮ ਰੂਪ) ਮਾਨਸਰੋਵਰ ਵਿਚ ਹੀ ਇਸ਼ਨਾਨ ਕਰਦਾ ਹੈ । ੬ ।

ਬ੍ਰਾਹਮਣੀ ਗ੍ਰੰਥ ਦੇ ਲਿਖਾਰੀ ਨੇ ਪਹਾੜਾਂ ਵਿਚ ਕਿਸੇ ਖ਼ਿਆਲੀ ਥਾਂ ਨੂੰ ਮਾਨ ਸਰੋਵਰ ਥਾਪ ਕੇ ਆਪਣੀ ਲੁੱਟ ਦਾ ਸਾਧਨ ਬਣਾਇਆ ਹੋਇਆ ਹੈ ਪਰ ਗੁਰੂ ਬਾਣੀ ਨੇ ਸੱਚੇ ਸਤਿ ਗੁਰੂ ਜੀ ਨੂੰ ਵੀ ਮਾਨ ਸਰੋਵਰ ਫ਼ੁਰਮਾਨ ਕੀਤਾ ਹੈ:--

੩੬- **ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨ੍ਹਿ ॥**

**ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ ॥੨॥** {੭੫੭}-੨-੪-੯

ਅਰਥ:--ਗੁਰੂ ਇਕ ਸੋਹਣਾ ਸਰ ਹੈ, ਮਾਨ-ਸਰੋਵਰ ਹੈ। ਵਡੇ ਭਾਗਾਂ ਵਾਲੇ ਮਨੁੱਖ ਉਸ (ਗੁਰੂ ਮਾਨਸਰੋਵਰ) ਨੂੰ ਲਭ ਲੈਂਦੇ ਹਨ। ਗੁਰੂ ਦੇ ਸਨਮੁਖ ਰਹਿਣ ਵਾਲੇ ਜਿਨ੍ਹਾਂ ਸੇਵਕਾਂ ਨੇ ਭਾਲ ਕੀਤੀ, ਉਹ ਸੋਹਣੇ ਹੰਸ (-ਗੁਰਮਖਿ ਉਸ ਗੁਰੂ-ਮਾਨਸਰੋਵਰ ਵਿਚੋਂ) ਨਾਮ (-ਮੋਤੀ) ਲੱਭ ਲੈਂਦੇ ਹਨ । ੨ ।

ਬਿਪ੍ਰ ਨੇ ਪੁਰਾਣਾ ਦੁਆਰਾ ਤਿੱਬਤ ਵਿਚਲੀ ਝੀਲ ਨੂੰ ਬ੍ਰਹਮਾਂ ਦੀ ਉਚੇਚੀ ਰਚਨਾ ਦੱਸ ਕੇ ਇਸ ਨੂੰ ਮਾਨਸਰੋਵਰ-ਤੀਰਥ ਥਾਪ ਕੇ ਆਪਣੀ ਆਮਦਨ ਦਾ ਪੱਕਾ ਅੱਡਾ ਬਣਾ ਲਿਆ ? ਦਸਮ ਗੁਰੂ ਨਾਨਕ ਜੀ ਨੂੰ ਅਜੇਹੀ ਕਿਸੇ ਝੀਲ ਨਾਲ ਕੀ ਵਾਸਤਾ ? ਉਨ੍ਹਾਂ ਨੇ ਆਪਣੇ ਖ਼ਾਲਸਾ ਜੀ ਦੇ ਮਨ ਵਿਚ ਗੁਰਮਤਿ ਵਿਰੋਧੀ ਭਰਮ ਕਿਉਂ ਪਾਉਣਾ ਸੀ ?

## ੭- ਅਜੀਬ ਗੁੰਝਲਦਾਰ ਝੂਠ ਪਰੀਆਂ ਨੇ ਮਰੇ ਹੋਏ ਦੈਂਤ-ਸੂਰਮੇ ਵਰ ਲਏ ?

**ਰੂਆਲ ਛੰਦ॥**

**ਬੀਰ ਕੰਗਨੇ ਬੰਧਹੀਂ ਅਰੁ ਅੱਛਰੈ ਸਿਰ ਤੇਲੁ ॥ ਬੀਨਿ ਬੀਨਿ ਬਰੇ ਬਰੰਗਨ ਡਾਰਿ ਡਾਰਿ ਫੁਲੇਲ ॥**

**ਘਾਲ ਘਾਲ ਬਿਵਾਨ ਲੇ ਗੀ ਫੇਰ ਫੇਰ ਸੁ ਬੀਰ ॥ ਕੂਦਿ ਕੂਦਿ ਪਰੇ ਤਹਾਂ ਤੇ ਝਾਗਿ ਝਗਿ ਸੁ ਤੀਰ ॥੧੦॥੭੪॥**

**ਅਰਥ**:--ਸੂਰਮੇ [ਲੜਨ ਮਰਨ ਲਈ] ਗਾਨੇ ਬੰਨ੍ਹਦੇ ਹਨ ਅਤੇ ਅਪੱਛਰਾਂ ਸਿਰ ਤੇ ਤੇਲ (ਲਾਉਂਦੀਆਂ ਹਨ) (ਜੋ ਸੂਰਮੇ ਲੜ ਰਹੇ ਹਨ ਉਨ੍ਹਾਂ ਦੇ ਸਿਰ ਉਤੇ) ਫੁਲੇਲ ਸੁਟ ਸੁਟ ਕੇ **ਦੇਵ ਇਸਤ੍ਰੀਆਂ** (ਉਨ੍ਹਾਂ ਨੂੰ) ਚੁਣ ਚੁਣ ਕੇ ਵਰਦੀਆਂ ਹਨ। ਬਿਬਾਨਾਂ ਵਿਚ ਬਿਠਾ ਬਿਠਾ ਕੇ, (ਸੁਰਗ ਨੂੰ) ਲਈ ਜਾਂਦੀਆਂ ਹਨ, (ਪਰ) ਉਹ ਸੂਰਮੇ ਮੁੜ ਮੁੜਕੇ (ਬਿਬਾਨਾਂ ਵਿਚੋਂ) ਕੁਦ ਕੁਦ ਕੇ (ਬਾਹਰ) ਪੈਂਦੇ ਹਨ ਅਤੇ ਤੀਰਾਂ ਨੂੰ ਝਾਗ ਝਾਗ ਕੇ (ਅੱਗੇ ਹੁੰਦੇ ਹਨ) । ੧੦ । ੭੪ ।

ਅਸੀਂ ਪਿੱਛੇ ਪੜ੍ਹਦੇ ਆ ਰਹੇ ਹਾਂ ਕਿ, ਦੈਂਤਾਂ ਨਾਲ ਜੰਗ ਕਰਕੇ ਉਨ੍ਹਾਂ ਦਾ ਖ਼ਾਤਮਾ ਕਰਨ ਦਲ ਕੰਮ ਜਦੋਂ ਹੀ ਦੁਰਗਾ ਸਾਂਭ ਲੈਂਦੀ ਹੈ ਦੇਵਤੇ ਕਦੇ ਕਿਸੇ ਥਾਂ ਲੜਦੇ ਨਹੀਂ ਦਰਸਾਏ ਗਏ ਇਸ ਲਈ:--

(੧) ਲੜਨ ਮਰਨ ਲਈ ਤਿਆਰ ਹੋ ਰਹੇ ਸੂਰਮੇ ਕੇਵਲ ਦੈਂਤ ਹੀ ਸਨ । (੨) ਸਾਰੀਆਂ ਅਪੱਛਰਾਂ ਦੈਂਤ ਸੂਰਮਿਆਂ ਦੇ ਹੀ ਸਿਰਾਂ ਵਿਚ ਤੇਲ ਪਾ ਕੇ ਉਨ੍ਹਾਂ ਨੂੰ ਵਰ ਰਹੀਆਂ ਸਨ। (੩) ਕੀ, ਸੂਰਮਤਾਈ ਦੀ ਸਿਖਿਆ ਦੈਂਤਾਂ ਕੋਲੋਂ ਹੀ ਲੈਣੀ ਹੈ ? ਦੈਂਤਾਂ ਤੋਂ ਬਿਨਾ ਹੋਰ ਦੂਜਾ ਜੰਗ ਵਿਚ ਸਿਵਾਏ ਦੁਗਾ ਦੇ ਅਤੇ ਉਸ ਦੇ ਸ਼ੇਰ ਦੇ ਹੋਰ ਕੋਈ ਲਿਖਾਰੀ ਨੇ ਦਰਸਾਇਆ ਹੀ ਨਹੀ। ਲਿਖਤ ਅਨੁਸਾਰ ਏਹੀ ਸਪੱਸ਼ਟ ਹੁੰਦਾ ਹੈ ਕਿ, ਬਿਬਾਨਾਂ ਤੇ ਚੜ੍ਹਾ ਕੇ ਸੁਰਗਾਂ ਵੱਲ ਨੂੰ ਲੈਜਾਏ ਜਾ ਰਹੇ ਦੈਂਤ ਤੋਂ ਬਿਨਾ ਹੋਰ ਦੂਜੇ ਕੋਈ ਨਹੀਂ ਸਨ।

**ਬੜਾ ਅਜੀਬ ਹੈ ਇਹ ਝਮੇਲਾ-**

ਇੰਦ੍ਰ ਦੇ ਅਖਾੜੇ ਦੇ ਸਿਵਾ--(ਖ਼ਾਸ ਕਰਕੇ) ਦੈਂਤਾਂ ਵਿਚ ਕਦੇ ਕਿਸੇ ਪਰੀ (**Fairy**) ਜਾਂ ਅਪੱਛਰਾਂ ਦੇ ਹੋਣ ਦੀ ਗੱਲ ਹਿੰਦੂਆਂ ਦੇ ਕਿਸੇ ਗ੍ਰੰਥ ਵਿਚ ਨਹੀਂ ਮਿਲਦੀ। ਅਤੇ ਫਿਰ ਸਰਗਾਂ ਤੇ ਕਬਜ਼ਾ ਤਾਂ ਦੈਂਤਾਂ ਦਾ ਦਰਸਾਇਆ ਜਾ ਚੁੱਕਿਆ ਹੈ। ਫਿਰ ਕੀ ਦੌੜ ਕੇ ਦੇਵੀ ਦੀ ਸ਼ਰਨ ਵਿਚ ਜਾਣ ਵਾਲੇ ਦੇਵਤੇ ਇੰਦ੍ਰ ਦੇ ਅਖਾੜੇ ਦੀਆਂ ਪਰੀਆਂ ਨੂੰ ਨਾਲ ਹੀ ਨਹੀਂ ਸਨ ਲੈ ਗਏ ? ਸੁਰਗਾਂ ਦਾ ਚਾਬੀ ਬਰਦਾਰ ਇੰਦਰ ਤਾਂ ਅਜੇ ਕੈਲਾਸ਼

ਪਰਬਤ ਦੀਆਂ ਖੋਹਾਂ ਵਿਚ ਲੁਕਿਆ ਹੋਇਆ ਹੈ। ਫਿਰ ਅਪੱਛਰਾਂ ਨੇ ਬਿਬਾਨ ਕਿੱਥੋਂ ਲਏ ਅਤੇ ਵਰੇ ਹੋਏ ਸੂਰਮਿਆਂ ਨੂੰ ਕਿਹੜੇ ਸੁਰਗ ਵਲ ਨੂੰ ਲਈ ਜਾ ਰਹੀਆਂ ਹਨ ? ਕੀ, ਅਜੇਹੇ ਭਰਮ ਭੁਲਖੇ ਪੈਦਾ ਕਰੀ ਜਾ ਰਿਹਾ ਸਾਰਾ ਝੂਠ ਦਸ਼ਮੇਸ਼ ਜੀ ਨੇ ਹੀ ਲਿਖਿਆ ਹੈ ?

ਪੁਸਤਕ ਦੇ ਪਹਿਲੇ ਭਾਗ ਤੋਂ ਅਸੀਂ ਵੇਖਦੇ ਆ ਰਹੇ ਹਾਂ ਕਿ ਪ੍ਰੋਹਿਤ-ਦੇਵਤਾ ਜੀ ਅਜੇਹੀ ਝੂਠੀ ਵਾਰਤਾ ਘੜਨ ਵਿਚ ਕੇਵਲ ਨਿਪੁੰਨ ਹੀ ਨਹੀਂ ਸਗੋਂ ਵਡੇ ਤੋਂ ਵਡਾ ਝੂਠ ਧਰਮ ਗ੍ਰੰਥਾਂ ਵਿਚ ਲਿਖ ਕੇ ਉਸ ਨੂੰ ਧਰਮ ਦਾ ਹਿੱਸਾ ਬਣਾ ਲੈਣ ਵਿਚ ਦਲੇਰ ਵੀ ਹੋ ਚੁੱਕੇ ਹੋਏ ਸਨ। ਸੰਸਾਰ ਦੇ ਸਾਰੇ ਸਮੁੰਦਰਾਂ ਦਾ ਪਾਣੀ ਅਗਸਤ ਨਾਮੀ ਇੱਕ ਰਿਸ਼ੀ ਦੇ ਢਿੱਡ ਵਿਚ ਵਾੜ ਦੇਣਾ--ਪਾਣੀ ਦੇ ਜੀਵ ਜੰਤੂਆਂ ਦੀ ਗੱਲ ਹੀ ਨਾ ਗੌਲਣੀ ? ਵੇਲ ਮੱਛੀਆਂ, ਸਮੁੰਦਰੀ ਸ਼ੇਰ (**Sea lions**) ਅਤੇ ਹੋਰ ਵਡ-ਅਕਾਰੀ ਖ਼ਤਰਨਾਕ ਸ਼ਾਰਕਾਂ, ਹਾਥੀਆਂ ਨੂੰ ਕਾਬੂ ਕਰ ਸਕਣ ਵਾਲੇ ਗਰਾਹ (=ਤੰਦੂਆ) --' **ਜਬ ਹੀ ਸਰਨਿ ਗਹੀ ਕਿਰਪਾਨਿਧਿ ਗਜ ਗਰਾਹ ਤੇ ਛੂਟਾ** " ॥ [੬੩੨] ਆਦਿ ਵਰਗੇ ਭਿਆਨਕ ਜਾਨਵਰ ਸਭ ਕਿੱਧਰ ਗਏ ? ਸੰਸਾਰ ਦੀ ਵੱਸੋਂ ਦਾ ਅੱਧ (ਚੌਰਾਸੀ ਲੱਖ ਦਾ ਅੱਧ ?) --**ਬਇਆਲੀਸ ਲਖ ਜੀ ਜਲ ਮਹਿ ਹੋਤੇ** ' (੪੮੫) ਪਾਣੀ ਵਿਚਲੇ ਜੀਵ, ਪਾਣੀ ਤੋਂ ਬਿਨਾ ਕਿਵੇ ਬਚੇ ਅਤੇ ਕਿਥੇ ਰਹੇ? ਅਜੇਹੇ ਪ੍ਰਸ਼ਨਾਂ ਦੀ ਪਰਵਾਹ ਨਾ ਕਰਨ ਗਿੱਝੇ ਬਿੱਪ੍ਰ ਲਿਖਾਰੀ ਦੇ ਹੀ ਹਿੱਸੇ ਦੀ ਹੀ ਗੱਲ ਹੈ, ਕਿ ਸਰੁਗਾਂ ਦਾ ਰਾਜ ਦੈਂਤਾਂ ਦੇ ਹਵਾਲੇ ਕਰਕੇ, ਅਤੇ ਭਾਵੇਂ ਦੇਵਤਿਆਂ ਦੇ ਘਰ ਘਾਟ ਵੀ ਦੈਂਤਾਂ ਨੇ ਲੁੱਟ ਕੇ ਸਾਰਿਆਂ ਨੂੰ ਸੁਮੇਰ ਪਰਬਤ ਦੀਆਂ: ਖੋਹਾਂ ਵਿਚ ਵਾੜ ਦਿੱਤਾ ਆਪ ਹੀ ਦਰਸਾ ਲਿਆ ਸੀ, ਬਿੱਪ੍ਰ ਲਿਖਾਰੀ, ਫਿਰ ਵੀ ਪਰੀਆਂ ਲਈ ਸੁਰਗਾਂ ਦੇ ਦੁਆਰ ਖੁਲ੍ਹੇ ਰੱਖ ਸਕਦਾ ਹੈ? ਅਭੁੱਲ ਸਤਿਗੁਰਾਂ ਦੇ ਨਾਮਣੇ ਨਾਲ ਅਜੇਹਾ ਝੂਠ ਕੇਵਲ ਅਗਿਆਨੀ ਸਿੱਖ ਜਾਂ ਕੁਟਲ ਵਿਦਵਾਨ ਹੀ ਜੋੜ ਸਕਦੇ ਹਨ।

**ਦੋਹਰਾ ॥**

**ਚੰਡ ਮੁੰਡ ਮਾਰੇ ਦੋਊ ਕਾਲੀ ਕੋਪ ਕ੍ਵਾਰ ॥ ਅਉਰ ਜਿਤੀ ਸੈਨਾ ਹੁਤੀ ਛਿਨ ਮੈ ਦਈ ਸੰਘਾਰ ॥ ੧੩॥ ੭੭॥**

## ੮- ਅਬ ਰਕਤ ਬੀਜ ਜੁੱਧ ਕਥਨੰ ॥

ਚੰਡ ਮੁੰਡ ਦੀ ਮੌਤ ਸੁਣ ਕੇ ਸ਼ੁੰਭ ਨੇ ਰਕਤਿ ਬੀਜ ਨੂੰ ਬੇਸ਼ੁਮਾਰ ਚਤਰੰਗੀ ਫ਼ੌਜ ਦੇ ਕੇ ਚੰਡੀ ਨੂੰ ਸੋਧਨ ਲਈ ਭੇਜ ਦਿੱਤਾ। ਹੁਣ ਸੁਮੇਰ ਪਰਬਤ ਜਾਂ ਕੈਲਾਸ਼ ਪਰਬਤ ਲਿਖਣਾ ਵੀ ਛੱਡ ਦਿੱਤਾ, ਹੁਣ ਜੁੱਧ-ਅਖਾੜੇ ਦਾ ਨਾਮ ' ਧਵਲਾ ਗਿਰ (=ਗਿਰਜਾ ਦਾ ਪਾਹਾੜ, ਹਿਮਾਲਯਾ) ਬਣ ਗਿਆ:--

**ਧਵਲਾ ਗਿਰ ਕੇ ਜਬ ਤਟ ਆਏ ॥ ਦੁੰਦਭਿ ਢੋਲ ਮ੍ਰਿਦੰਗ ਬਜਾਏ ॥**
**ਜਬ ਹੂ ਸੁਨਾ ਕੁਲਾਹਲ ਕਾਨਾ ॥ ਉਤਰੀ ਸਸਤ੍ਰ ਅਸਤ੍ਰ ਲੈਨਾਨਾ ॥ ੪ ॥ ੮੧ ॥**

ਕਟਾ ਵੱਢ ਅਰੰਭ ਹੋ ਗਈ। ਲਾਸ਼ਾਂ ਦੇ ਢੇਰ ਇਉਂ ਲੱਗਦੇ ਗਏ ਜਿਵੇ ਕੋਈ ਆਰੇ ਨਾਲ ਰੁਖਾਂ ਦੇ ਮੋਛੇ ਪਾਈ ਜਾ ਰਿਹ ਹੈ। ਜੋ ਵੀ ਦੇਵੀ ਦੇ ਸਾਹਮਣੇ ਆਇਆ ਮੁੜ ਕੇ ਘਰ ਨਾ ਪੁੱਜਾ। ਜੁੱਧ ਵਿਚ ਭੇਰੀਆਂ ਵੱਜਦੀਆਂ ਹਨ, ਸਸਤ੍ਰ ਚਮਕਦੇ ਹਨ, ਧੀਰਜਵਾਨਾ ਨੂੰ ਕੁੱਟ ਪੈ ਰਹੀ ਹੈ ਅਤੇ ਇੱਲਾਂ ਬੋਲ ਰਹੀਆਂ ਹਨ। (੮੨ ਤੋਂ ੮੫) ਆਪਣੀ ਫੌਜ ਦਾ ਘਾਤ ਹੁੰਦਾ ਵੇਖ ਕੇ ਰਕਤ ਬੀਜ ਨੇ ਵਡੇ ਕ੍ਰੋਧਵਾਨ ਹੋ ਕੇ ਦੇਵੀ ਤੇ ਤੀਰਾਂ ਦੇ ਕਈ ਵਾਰ ਕੀਤੇ ਪਰ ਉਸ ਨੇ ਅੱਗੋ ਤਲਵਾਰ ਦਾ ਵਾਰ ਕੀਤਾ ਤਾਂ ਰਕਤ ਬੀਜ ਬੇਸੁੱਧ ਹੋ ਕੇ ਧਰਤੀ ਦੇ ਡਿੱਗ ਪਿਆ। (੮੨ ਤੋਂ ੮੬) ਹੋਸ਼ ਆਉਂਦੇ ਸਾਰ:--

**ਛੁਟੀ ਮੂਰਛਨਾਯੰ ਮਹਾਂ ਬੀਰ ਗੱਜੀਯੋ ॥ ਘਰੀ ਚਾਰ ਲਉ ਸਾਰ ਸੋ ਸਾਰ ਬੱਜਯੋ ॥**
**ਲਗੇ ਬਾਣ ਸ੍ਰੋਣੰ ਗਿਰਿਯੋ ਭੂਮਿ ਜੁੱਧੰ ॥ ਉਠੇ ਬੀਰ ਤੇਤੇ ਕੌਏ ਨਾਦ ਕ੍ਰੁੱਧੰ ॥ ੧੦ ॥ ੮੭।**

ਬੇਹੋਸ਼ੀ ਖੁੱਲ੍ਹੀ ਤਾਂ ਬਹਾਦਰ ਜੋਧਾ ਗੱਜਿਆ। ਚਾਰ ਘੜੀਆਂ ਤੱਕ ਲੋਹੇ ਨਾਲ ਲੋਹਾ ਖੜਕਿਆ। (ਰਕਤ ਬੀਜ ਦੇ) ਜ਼ਖ਼ਮਾ ਵਿਚੋਂ ਜਿੰਨਾ ਵੀ ਖ਼ੂਨ ਧਰਤੀ ਦੇ ਡਿੱਗਦਾ ਉਸ ਵਿਚੋਂ ਹੋਰ ਕਈ ਰਕਤਬੀਜ ਪੈਦਾ ਹੁੰਦੇ ਅਤੇ ਕ੍ਰੋਧ ਨਾਲ ਲਲਕਾਰਨ ਲੱਗ ਪੈਂਦੇ । ਪਰ ਜਿੰਨੇ ਸੂਰਮੇ ਹੋਰ ਪੈਦਾ ਹੁੰਦੇ ਰਹੇ ਕਾਲੀ ਮਾਰਦੀ ਗਈ। ਬੜੀ ਕੁੱਟ ਪਈ ' ਸੂਰਮੇ ' ਕ੍ਰੋਧ ਵਿਚ ਆਏ ਚੌਹਾਂ ਪਾਸਿਆਂ ਤੋਂ ਵਧ ਰਹੇ ਹਨ। ਕ੍ਰੋਧ ਵਿਚ ਆਏ ਦੋਹਾਂ ਪਾਸਿਆਂ ਦੇ ਸੂਰਮੇ ਝੂਜਦੇ ਲਲਕਾਰਦੇ ਟੋਟੇ ਹੋ ਹੋ ਕੇ ਡਿੱਗ ਰਹੇ ਹਨ। ਕਿਤੇ ਅੰਗ ਕੱਟੇ ਪਏ ਹਨ, ਖ਼ੂਨ ਦੀ ਨਦੀ ਚੱਲ ਰਹੀ ਹੈ, ਕਿਤੇ ਘੋੜੇ ਤੇ ਕਿਤੇ ਹਾਥੀ ਮਰੇ ਪਏ ਹਨ, ਕਿਤੇ ਭੂਤ ਨੱਚ ਰਹੇ ਹਨ । ਅਜੇਹੀ ਵਿਅਰਥ ਸੀ ਤੁਕ ਬੰਦੀ ਬਦਲ ਕੇ ਫਿਰ-

**ਡਕਾ ਡੱਕ ਡਾਕੈ " ਹਕਾ ਹੱਕ ਹਾਕੈਂ ॥ ਭਕਾ ਭੰਕ ਭੇਰੀ ॥ ਡਮਕ ਡਾਮ ਡੇਰੀ ॥ ੩੦ ॥੧੦੭**
**ਮਹਾਂ ਬੀਰ ਗਾਜੇ ॥ ਨਵੰ ਨਾਦ ਬਾਜੇ ॥ ਧਰਾ ਗੋਮ ਗੱਜੇ ॥ ਦ੍ਰੁਗਾ ਦੈਤ ਬੱਜੇ ॥ ੨੧ ॥ ੧੦੮ ॥**

ਡਾਕਣੀਆਂ ਡਕਾਰਦੀਆਂ ਹਨ। (ਧਿਆਨ ਦੇਣ ਵਾਲੀ ਗੱਲ ਇਹ ਹੈ ਕਿ, ਖ਼ਾਨਦਾਨੀ ਮੰਗ-ਖਾਣੇ ਬਿੱਪ੍ਰ ਦੀਆਂ ਲਿਖਤਾਂ ਵਿਚ ਭੋਜਣ ਖਾ ਕੇ ਰੱਜ਼ਣ ਦਾ ਅਥਵਾ ਡਕਾਰ ਵੱਜਣ ਦਾ ਜ਼ਿਕਰ ਵਿਸ਼ੇਸ਼ ਤੌਰ ਤੇ ਲਿਖਿਆ ਮਿਲਦਾ ਹੈ) ਹੰਕਾਰੀ ਲਲਕਾਰੇ ਤੇ ਲਲਕਾਰਾ ਮਾਰਦੇ ਹਨ। ਭੇਰੀਆਂ ਭੰਕ ਭੰਕ ਕਰਦੀਆਂ ਹਨ। ਡੌਰੂ ਦੀ ਆਵਾਜ਼ ਡੇਰੀ ਤੋਂ ਹੀ ਸੁਣੀ ਜਾ ਰਹੀ ਹੈ। ੧੯੭ । ਬਹਾਦਰ ਜੋਧੇ ਗ਼ੱਜਦੇ ਹਨ। ਨਵੇਂ ਨਵੇਂ ਧੌਸੇ ਵੱਜਦੇ ਹਨ। ਧਰਤੀ ਪੁਰ ਰਣ ਸਿੰਘੇ ਗੂੰਜ ਰਹੇ ਹਨ। ਦੁਰਗਾ ਨੂੰ ਦੈਂਤ ਵੱਜ ਰਹੇ ਹਨ। ੧੯੮।

ਬਿਨਾ ਕਿਸੇ ਸਿਰ-ਪੈਰ ਦੇ, ਵਿਅਰਥ ਦੀ ਕਵੀਸ਼ਰੀ ਨਾਲ ਵਰਕੇ ਕਾਲੇ ਕੀਤੇ ਹੋਏ ਹਨ। ਜੰਗ ਤਾਂ ਕਦੇ ਦਾ ਹੋ ਰਿਹਾ ਲਿਖਿਆ ਜਾ ਰਿਹਾ। ਜੰਗ ਵਿਚ ਕਿਤੇ ਕਿਤੇ, ਦੁਰਗਾ ਦੇ ਮੱਥੇ ਵਿਚੋਂ ਜਨਮੀ ਕਾਲੀ ਖ਼ੂਨ ਪੀਣ ਵਾਲੀ ਸੂਰਮਤਾਈ ਕਰਦੀ ਦਰਸਾਈ ਹੈ ਨਹੀਂ ਤਾਂ ਹਰ ਥਾਂ ਕੇਵਲ ਇੱਕ ਦੁਰਗਾਂ ਹੀ ਸਾਰਿਆਂ ਦੈਂਤਾਂ ਦਾ ਖੈ ਕਰੀ ਜਾ ਰਹੀ ਦਰਸਾਈ ਹੋਈ ਹੈ । ਪਰ ਜਦ ਅਚਨਚੇਤ ਇਹ ਪੜ੍ਹਿਆ ਕਿ--

**ਸ੍ਰੀ ਜਗ ਨਾਥ ਕਮਾਨ ਹਾਥ ਲੈ ਪ੍ਰਮਾਥਿਨ ਸੰਖ ਸ੍ਰਜਯੋ ਜੁਧੰ ॥**
**ਗਾਹਤ ਸੈਣ ਸੰਘਾਰਤ ਸੂਰ ਬਬੱਕਤਿ ਸਿੰਘ ਭ੍ਰਮਯੋ ਰਣ ਕ੍ਰੁਧੰ ॥**
**ਚਉਚਰ ਭੇਦ ਅਭੇਦਿਤ ਸੁ ਰੰਗ ਉਤੰਗ ਸੋਂ ਸੋਭਿਤ ਸੁਧੰ ॥**
**ਮਾਨੋ ਬਿਸਾਲ ਬੜਵਾਨਲ ਜੁਆਲ ਸਮੁਦ੍ਰ ਕੇ ਮਧਿ ਬਿਰਾਜਤਿ ਉਧੰ ॥ ੩੩ ॥ ੧੧੦**

ਅਰਥ:-- ਜਗਤ ਮਾਤਾ ਨੇ ਹੱਥ ਵਿਚ ਕਮਾਨ ਲੈਕੇ ਜਦੋਂ ਜੁੱਧ ਸਾਜਿਆ, ਤਾਂ ਸੰਖ ਦੀ ਗੂੰਜ ਦਿੱਤੀ। ਸੈਨਾ ਨੂੰ ਗਾਹੁੰਦੀ ਸੂਰਮਿਆਂ ਨੂੰ ਮਾਰਦੀ ਫਿਰਦੀ, ਸ਼ੇਰ ਰਣ ਵਿਚ ਕ੍ਰੋਧਵਾਨ ਹੋਇਆ ਭਬਕਦਾ ਹੈ। ਸੋਜੋਆਂ ਨੂੰ ਭੰਨ ਦਿਤਾ ਹੈ, ਜੋ ਤਨ ਦੇ ਨਾਲ ਚੰਬੜੀਆਂ ਸਨ ਉਨ੍ਹਾਂ ਵਿਚੋਂ ਲਾਲ ਰੰਗ ਦਾ ਲਹੂ ਉਤਾਂਹ ਹੋ ਕੇ ਨਿਰੋਲ ਸੋਭਾ ਪਾ ਰਿਹਾ ਹੈ। ਮਾਨੋ ਵਧੀ ਹੋਈ ਬੜਵਾ ਅਗਨੀ ਦੀ ਲਾਟ ਸਮੁੰਦਰ ਦੇ ਵਿਚੋਂ ਉਚੀ ਹੋ ਕੇ ਬਿਰਾਜ ਰਹੀ ਹੈ। ੩੩। ੧੧੦ ॥

ਸਨਮਾਨ ਜੋਗ ਜਥੇਦਾਰ ਸਾਹਿਬਾਨ, ਕੀ ਇਹ ਸਮਝਾ ਸਕਣਗੇ ਕਿ, ਜੇ ਜਗਤ ਮਾਤਾ ਨੇ ਸ਼ੰਖ ਵਜਾ ਕੇ ਜੁੱਧ ਹੁਣ ਅਰੰਭਿਆ ਹੈ ਤਾਂ ਇਸ ਤੋਂ ਪਹਿਲਾਂ ਜਿਹੜੀ ਕਤਲਾਮ ਹੋਈ ਲਿਖੀ ਹੈ, ਕੀ, ਉਹ ਸਾਰੀ ਦੀ ਸਾਰੀ ਵਾਧੂ ਝੂਠ-ਗੱਪ ਹੀ ਸੀ ? ਇਸ ਤੋਂ ਅੱਗੇ ਉਹੀ ਝੂਠ ਬਾਣੀ, ਉਸ ਬਰਫ਼ ਲੋਕ ਵਿਚੋਂ ਸੂਰਮਿਆਂ ਦੇ ਪੈਰਾਂ ਨਾਲ ਧੂੜ ਉੱਡੀ ਤੇ ਆਕਾਸ਼ ਮੰਡਲ ਨੂੰ ਢੱਕ ਲਿਆ।

## ੯- ਅਦਭੁੱਤ ਸੁਰ-ਤਾਲ, ਝੂਠ ਬੋਲੀ ਵਿਚ ਝੂਠ-ਬੰਦੂਕਾਂ, ਦੀ ਤੜਾਕੇਂ?

ਉਹ ਸਮਾਂ (੧੯ ੩੫ ਤੋਂ ੧੯੪੨ ਤੱਕ ਦਾ ਸੀ) ਜਦ ਦਾਸ ਜ਼ਿਲ੍ਹਾਂ ਮੁਲਤਾਨ (ਪਾਕਿਸਤਾਨ) ਦੇ ਨੱਗਰ ਮੀਆਂਚੱਨੂੰ ਵਿਚ ਅਤੇ ਫਿਰ ਸ਼ਾਹੀਵਾਲ (ਮਿੰਟਗੁਮਰੀ ਸ਼ਹਿਰ) ਵਿਚ ਅਜੇ ਵਦਿਆਰਥੀ ਸੀ, ਤਾਂ ਸਾਲਾਨਾ ਦੀਵਾਨਾਂ ਵਿਚ ਕਿਸ਼ਨ ਸਿੰਘ ਗੜਗੱਜ ਦੇ ਢਾਡੀ ਜਥੇ ਨੂੰ ਸੁਣਨ ਦਾ ਬੜਾ ਸ਼ਰਧਾਲੂ ਸਾਂ। ਉਸ ਢਾਡੀ ਜਥੇ ਵਿਚਲੇ ਸਾਰੇ ਸਿੰਘ ਬੜੇ ਨਿਰੋਏ ਜੁੱਸਿਆਂ ਦੇ ਮਾਲਕ ਸਨ। ਮੂੰਹ ਨਾਲ ਵੱਜਦੇ ਤਬਦੇ ਦਾ ਭਰਮ ਪਾਉਣ ਵਾਲੇ ਬੋਲਾਂ ਵਿਚ ਗੁੰਦੀ, ਅਦਭੁਟ ਸੁਰ–ਤਾਲ ਪੈਦਾ ਕਰ ਰਹੀ ਅਜੀਬ ਕਵਿਤਾ ਨੂੰ, ਬੜੀ ਗਰਜਵੀ ਆਵਾਜ਼ ਵਿਚ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਿਆ ਕਰਦੇ ਸਨ। ਬਾਜੀ ਪਾਉਣ ਵਾਲੇ ਬਾਜੀਗਰ ਜਿਵੇਂ ਢੋਲ ਦੇ ਡਗੇ ਤੇ ਛਾਲਾਂ ਮਾਰਦੇ ਹਨ, ਦੁਰਗਾ ਦੇਵੀ ਅਤੇ ਉਸ ਵਿਰੁੱਧ ਲੜਨ ਵਾਲੇ ਦੈਂਤ ਵੀ ਤਬਲੇ ਦੇ ਜਾਂ ਮਿਰਦੰਗ ਦੇ ਤਾਲ ਤੇ ਵਾਰ ਕਰਦਿਆਂ (ਤੇ ਵਾਰ ਝੱਲਦਿਆਂ ?) ਦੇ ਦਰਸ਼ਨ ਕਰਾ ਦੇਣੇ, ਇਸ ਕਵਿਤਾ ਦੀ ਵਿਸ਼ੇਸ਼ ਖੂਬੀ ਹੈ। ਰਾਗ ਦੇ ਗਿਆਤਾ ਡੇਰਾਦਾਰ ਮਹਾਂਪੁਰਖਾਂ ਬਾਰੇ ਤਾਂ ਕੁਝ ਨਹੀਂ ਕਹਿ ਸਕਦੇ, ਪਰ ਕਵਿਤਾ ਦੀਆਂ ਬੰਦਸ਼ਾਂ ਤੋਂ ਅਥਵਾ ਰਾਗ ਦੇ ਪੇਚਾਂ ਤੋਂ ਅਨਜਾਣ, ਸਾਧਾਰਨ ਜਾਣਕਾਰੀ ਵਾਲੇ ਪਾਠਕਾਂ ਲਈ ਇਸ ਅਨੋਖੀ ਕਵਿਤਾ ਦਾ ਸਿਰਲੇਖ ਵੀ ਬੜਾ ਅਨੋਖਾ ਹੈ:-

**ਸੰਗੀਤ ਭੁਜੰਗ ਪ੍ਰਯਾਤ ਛੰਦ** ॥

**ਕਾਗੜਦੰਗ ਕਾਤੀ ਕਟਾਰੀ ਕੜਾਕੰ ॥ ਤਾਗੜਦੰਗ ਤੀਰੰ ਤੁਪਕੰ* ਤੜਾਕੰ ॥**
**ਝਾਗੜਦੰਗ ਨਾਗੜਦੰਗ ਬਾਗੜਦੰਗ ਬਾਜੇ ॥ ਗਾਗੜਦੰਗ ਗਾਜੀ ਮਹਾਂ ਗੱਜ ਗਾਜੇ ॥ ੩੫ ॥ ੧੧੨ ॥**
**ਸਾਗੜਦੰਗ ਸੂਰੰ ਕਾਗੜਦੰ ਕੋਪੰ ॥ ਪਾਂਗੜਦੰਗ ਪਰਮੰ ਰਣੰ ਪਾਵ ਰੋਪੰ ॥**
**ਸਾਗੜਦੰਗ ਸਸਤ੍ਰੰ ਝਾਗੜਦੰਗ ਝਾਰੈਂ ॥ ਬਾਦੜਦੰਗ ਬੀਰੰ ਡਾਗੜਦੰਗ ਡਕਾਰੈਂ ॥ ੩੬ ॥ ੧੧੩ ॥**
**ਚਾਗੜਦੰਗ ਚਉਪੈ ਬਾਗੜਦੰਗ ਬੀਰੰ ॥ ਮਾਗੜਦੰਗ ਮਾਰੇ ਤਨੰ ਤਿੱਛ ਤੀਰੰ ॥**
**ਗਾਗੜਦੰਗ ਗੱਜੇ ਸੁ ਬੱਜੇ ਗਹੀਰੰ ॥ ਕਾਗੜਦੰਗ ਕੱਵੀਯਾਨ ਕੱਥੇ ਕਥੀਰੈਂ ॥ ੩੭ ॥ ੧੧੪ ॥**
**ਦਾਗੜਦੰਗ ਦਾਨੋ ਭਾਗੜਦੰਗ ਭਾਜੇ ॥ ਗਾਗੜਦੰਗ ਗਾਜੀ ਗਾਗੜਦੰਗ ਗਾਜੇ ॥**
**ਛਾਗੜਦੰਗ ਛਉਹੀ ਛੁਰੇ ਪ੍ਰੇ ਛੜਾਕੇ ॥ ਤਾਗੜਦੰਗ ਤੀਰ ਤੁਪੱਕੰ ਤੜਾਕੇ ॥ ੩੮ ॥ ੧੧੫ ॥**
**ਗਾਗਦੰਗ ਗੋਮਾਯੰ ਗੱਜੇ ਗਹੀਰੰ ॥ ਸਾਗੜਦੰਗ ਸੰਖੰ ਨਾਗੜਦੰਗ ਨਫ਼ੀਰੰ ॥**
**ਬਾਗੜਦੰਗ ਬਾਜੇ ਬਜੇ ਬੀਰ ਖੇਤੰ ॥ ਨਾਗੜਦੰ ਨਾਚੇ ਸੁ ਭੂਤੰ ਪਰੇਤੰ ॥ ੩੯ ॥ ੧੧੬ ॥**
**ਤਾਗੜਦੰਗ ਤੀਰੰ ਬਾਗੜਦੰਗ ਬਾਣੰ ॥ ਕਾਗੜਦਗ ਕਾਤੀ ਕਠਾਰੀ ਕ੍ਰਿਪਾਣੰ ॥**
**ਨਾਗੜਦੰਗ ਨਾਦੰ ਬਾਗੜਦੰਗ ਬਾਜੇ ॥ ਸਾਗੜਦੰਗ ਸੂਰੰ ਰਾਗੜਦੰਗ ਰਾਜੇ ॥ ੪● । ੧੧੭ ।**
**ਸਾਗੜਦੰ ਸੰਖੰ ਨਾਗੜਦੰਗ ਨਫੀਰੰ ॥ ਗਾਗੜਦੰਗ ਗੋਮਾਯ ਗੱਜੇ ਗਹੀਰੰ ॥**
**ਨਾਗਦੰਗ ਨਗਾਰੇ ਬਾਗੜਦੰਗ ਬਾਜੇ ॥ ਜਾਗੜਦੰਗ ਜੁਆਨੇ ਬਾਗੜਦੰਗ ਬਾਜੇ ॥ ੪੧ ॥ ੧੧੮ ॥**

ਅਦਭੁੱਤ ਸੁਰ-ਤਾਲ ਵਾਲੀ, ਉਂਜ ਅਰਥ-ਹੀਨ ਸ਼ਬਦਾਂ ਦੀ ਭਰਮਾਰ ਵਾਲੀ ਇਹ ਬਾਣੀ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ-ਜੁਗਤ ਦੇ ਦਸਵੇਂ ਪ੍ਰਕਾਸ਼, ਸ੍ਰੀ ਦਸ਼ਮੇਸ਼ ਦੀ ਸ਼ਾਨ ਵਿਚ ਕਿਸੇ ਪੱਖੋਂ ਵੀ ਵਾਧਾ ਨਹੀਂ ਕਰਦੀ। ਸਗੋਂ ਧਿਆਨ ਨਾਲ ਵਿਚਾਰੋ ਤਾਂ ਦਸ਼ਮੇਸ਼ ਜੀ ਦੇ ਨਾਮਣੇ ਨਾਲ ਅਜੇਹੀ ਬਾਣੀ ਜੋੜਨੀ ਸੋਭਾ ਨਹੀਂ ਦੇ ਰਹੀ। ਉਂਜ, ਇਹ ਬਾਣੀ, **ਮਨੁੱਖੀ ਮੁਖੜਿਆਂ ਦੁਆਰਾਂ ਤਲਬਾ ਅਥਵਾ ਢੋਲਕੀ ਵਜਵਾ ਲੈਣ ਦੀ ਸਮਰਥਾ ਜ਼ਰੂਰ ਰੱਖਦੀ ਹੈ। ਇਹੀ ਸੁਰ-ਤਾਲ ਢਾਡੀਆਂ ਦੀ ਆਮਦਨ ਵਿਚ ਵਾਧਾ ਕਰਨ ਲਈ ਕਾਫ਼ੀ ਸੀ।**

ਅੱਗੇ ੧੫੭ ਛੰਦ ਤੋਂ ਅਰੰਭ ਹੋਣ ਵਾਲੇ " ਸ਼ੰਭ ਜੁਧ ਕਥਨੰ " ਵਿਚ ਫੇਰ ਏਹੀ ਤਬਲਾ ਖੜਕਿਅ ਹੋਇਆ ਸੀ ਪਾਠਕਾਂ ਦੀ ਪਰਖ ਲਈ ਉਹ ਵਣਗੀ ਵੀ ਏਥੇ ਹੀ ਲਿਆ ਜੋੜੀ ਹੈ :--

**ਸੰਗਤੀ ਮਧੁਭਾਰ ਛੰਦ ॥**

**ਕਾਗੜਦੰ ਕੜਾਕ ॥ ਤਾਗੜਦੰ ਤੜਾਕ ॥ ਸਾਗੜਦੰ ਸੁਬੀਰ ॥ ਗਾਗੜਦੰ ਗਹੀਰ ॥ ੧੦॥**
**ਨਾਗੜਦੰ ਨਿਸਾਣ ॥ ਜਾਗੜਦੰ ਜੁਆਣ ॥ ਨਾਗੜਦੀ, ਨਿਹੰਗ ॥ ਪਾਗੜਦੀ ਪਲੰਗ ॥ ੧੧ ॥**
**ਤਾਗੜਦੀ ਤਮੱਕਿ ॥ ਲਾਗੜਦੀ ਲਹੱਕਿ ॥ ਕਾਗੜਦੰ ਕ੍ਰਿਪਾਣ ॥ ਬਾਹੈਂ ਜੁਆਣ ॥ ੧੨ ॥**
**ਖਗੜਦੀ ਖਤੰਗ ॥ ਨਾਗੜਦੀ ਨਿਹੰਗ ॥ ਖਾਗੜਦੀ ਛੁਟੰਤ ॥ ਆਗੜਦੀ ਉਡੰਤ ॥ ੧੩ ॥**
**ਪਾਗੜਦੀ ਪਵੰਗ ॥ ਸਾਗੜਦੀ ਸੁ ਭੰਗ ॥ ਜਾਗੜਦੀ, ਜੁਆਣ ॥ ਝਾਗੜਦੀ ਝੁਝਾਣ ॥ ੧੪ ॥**

**ਝਾਗੜਦੀ ਝੜੰਗ ॥ ਕਾਗੜਤੀ ਕੜੰਗ ॥ ਤਾਗੜਦੀ ਤੜਾਕ ॥ ਚਾਗੜਦੀ ਚਟਾਕ ॥ ੧੫ ॥**
**ਘਾਗੜਦੀ ਘਬਾਕ ॥ ਭਾਗੜਦੀ ਭਬਾਕ ॥ ਕਾਗੜਦੰ ਕਪਾਲਿ ॥ ਨੱਚੀ ਬਿਕ੍ਰਾਲ ॥੧੬॥ ੧੭੨ ॥**

ਆਮ ਹਾਲਤ ਵਿਚ , ਤਬਲਾ ਖੜਕਾ ਰਹੀ ਅਜੇਹੀ ਕਵਿਤਾ ਦਯ ਅਰਥ ਲਿਖਣ ਦੀ ਲੋੜ ਨਹੀਂ ਸਮਝੀ ਜਾਂਦੀ ਪਰ ਅਸੀਂ ਇਹ ਵੇਖਣਾ ਹੈ ਕਿ ਜੇ ਇਹ ਬਾਣੀ ਵਾਕਿਆ ਹੀ ਦਸ਼ਮੇਸ਼ ਜੀ ਦੀ ਕਲਮ ਤੋਂ ਪ੍ਰਗਟ ਹੋਈ ਹੈ ਤਾਂ ਜ਼ਰੂਰੀ ਹੈ ਕਿ, ਇਸ ਬਾਣੀ ਤੋਂ ਮਿਲਦਾ ਗਿਆਨ ਵੀ ਦਸ਼ਮੇਸ਼ ਜੀ ਦੀ ਪਦਵੀ ਦੇ ਅਨਕੂਲ ਹੋਣਾ ਜ਼ਰੂਰੀ ਸ਼ਰਤ ਹੈ। ਪੰਡਿਤ ਨਰੈਣ ਸਿੰਘ ਜੀ ਨੇ ਇਸ ਕਵਤਾ ਦੇ ਅਰਥ ਇਸ ਪ੍ਰਕਾਰ ਲਿਖੇ ਹਨ:--

**ਅਰਥ**:--ਕਾੜ ਕਾੜ ਕਰਦੇ ਹਨ, ਤਾੜ ਤਾੜ ਮਾਰਦੇ ਹਨ। ਸਾਂਗਾਂ ਨੂੰ ਸੂਰਮੇ ਡੂੰਘੀਆਂ ਗੱਡ ਦਿੰਦੇ ਹਨ। ੧੦ । ਧੌਂਸੇ ਗੂੰਜਦੇ ਹਨ, ਜੁਆਨ ਜੁੱਟਦੇ ਹਨ। ਮਗਰਮੱਛ ਵਾਂਗੂ ਨਿਹਨਦੇ ਹਨ। ਚਿੱਤ੍ਰੇ ਵਾਂਗੂ ਪੈਂਦੇ ਹਨ। ੧੧ ॥ ਗੁੱਸੇ ਨਾਲ ਤਾੜਦੇ ਹਨ। ਲੱਹ ਲੱਹ ਕਰਦੀ ਹੈ। ਕਰੜੀ ਕਿਰਪਾਨ ਸੂਰਮੇ ਚਲਾਉਂਦੇ ਹਨ। ੧੨ ॥ ਖਰੇ ਖਰੇ ਤੀਰ, ਸੂਰਮਿਆਂ ਨੇ ਫੜੇ ਹੋਏ ਹਨ। ਛਰੜ ਛਰੜ ਕਰਦੇ ਛੁੱਟਦੇ ਹਨ। ਅਗਲਿਆਂ ਨੂੰ ਉਡਾਈ ਜਾਂਦੇ ਹਨ। ੧੩। ਪਗਾਂ ਵਾਲੇ ਤੇ ਘੋੜੇ ਸੂਰਮੇ ਸੁਭ ਅੰਗ ਵਾਲੇ, ਜਗ੍ਾ ਜਗ੍ਾ ਉਤੇ ਜਵਾਨ। **ਝਗੜਦੇ ਹਨ ਲੜਨ ਵਾਲੇ** । ੧੪ । ਝੜ ਝੜ ਕਰਕੇ ਝਾੜ ਦੇਂਦੇ ਹਨ, ਕੜ ਕੜ ਕਰਕੇ ਕੜਕਦੇ ਹਨ। ਤੜ ਤੜ ਤੜਾਕ ਨਿਕਲਦੇ ਹਨ। ਚੜ ਚੜ ਕਰਦੀ ਚਟਾਕ ਹੈ । ੧੫ ॥ ਘਾੜ ਘਾੜ ਕਰਦੇ ਗੋਪੀਏ ਵਿਚੋਂ ਗੋਲੇ ਪੈਂਦੇ ਹਨ। ਭੜਾਗ ਭੜਾਗ ਕਰਦੇ ਜ਼ਖ਼ਮਾਂ ਦੇ ਮੂੰਹ ਖੁੱਲ੍ਹਦੇ ਹਨ। ਤੜਕਦੀ ਹੋਈ ਕਪਾਲੀ, ਡਰਾਉਣਾ ਨੱਚ ਰਹੀ ਹੈ। ੧੬।

ਕਿਸ਼ਨ ਸਿੰਘ ਗੜਗੱਜ ਦਾ ਢਾਡੀ ਜਥਾ ਜਦੋਂ ਇਸ ਨਿਆਰੇ ਢੰਗ ਦੀ ਬਾਣੀ ਨੂੰ ਦੀਵਾਨਾਂ ਵਿਚ ਗਾਉਂਦਾ ਹੋਇਆ ਗੜਗੱਜ ਪਾਉਂਦਾ ਸੀ ਤਾਂ, ਉਠ ਉੱਠ ਕੇ ਦਮੜੇ ਅਰਦਾਸ ਕਰਾਉਣ ਵਾਲਿਆਂ ਦੀ ਗਿਣਤੀ ਉਚੇਚੇ ਤੌਰ ਤੇ ਵਧ ਜਾਇਆ ਕਰਦੀ ਸੀ। ਢਾਡੀਆਂ ਦੇ ਬੋਲਾਂ ਦੁਆਰਾ ਮਿਰਦੰਗ ਵੱਜਣ ਦਾ ਰਸ ਮਾਣਦਿਆਂ ਦਾਸ ਵੀ ਬੜਾ ਚਕ੍ਰਿਤ ਹੋਇਆ, ਨਿਆਰੀ ਢੰਗ ਦੀ ਨਿਆਰੀ ਕਵਿਤਾ ਰੂਪ ਨਿਆਰੇ ਸਤਿਗੁਰੂ ਦਸ਼ਮੇਸ਼ ਜੀ ਦੀ ਸੰਸਾਰ ਨੂੰ ਬੜੀ ਨਿਆਰੀ ਦੇਣ ਜਾਣ ਕੇ, ਬਲਿਹਾਰ ਜਾਂਦਾ ਹੋਇਆ, ਉਠ ਉੱਠ ਕੇ ਢਾਡੀਆਂ ਵਲੋਂ ਕੀਤੀ ਜਾ ਰਹੀ ਮਾਇਆ ਦੀ ਉਗਰਾਹੀ ਵਿਚ, ਵਿਸ਼ੇਸ਼ ਵਾਧਾ ਕਰਨ ਵਿਚ, ਦਸ਼ਮੇਸ਼ ਜੀ ਦੀ ਨਿੱਜੀ ਸੇਵਾ ਸਮਝਿਆ ਕਰਦਾ ਸੀ।

*[**Foot note:--ਇਸ ਮਰਦੰਗ-ਕਵਿਤਾ ਵਿਚ ਦੋ ਵਾਰ ਬੰਦੂਕਾਂ ਦਾ ਜ਼ਿਕਰ ਆਇਆ ਹੈ ਜੋ ਇਸ ਗੱਲ ਦਾ ਪੱਕਾ Notarized ਸਬੂਤ ਹੈ ਕਿ ਇਹ ਕਵਿਤਾ ਕਿਸੇ ਪੁਰਾਣਕ ਗ੍ਰੰਥ ਦਾ ਅਨੁਵਾਦ ਨਹੀ ਸਗੋਂ ਕਿਸੇ ਬੜੇ ਹੁਸ਼ਿਆਰ ਬਿੱਪ੍ਰ ਦੀ ਅਜੇਹੀ ਕੁਟਲ ਬੋਲੀ ਹੈ ਜਿਸ ਨੇ ਸਾਡਾ ਅਗਿਆਨੀਆਂ ਦਾ ਸਿਰ ਫੇਰ ਦਿੱਤਾ ਹੋਇਆ ਹੈ**]

ਵਿਅਰਥ ਦੇ ਇਸ ਤਬਲਾ ਵਾਦਨ ਵਿਚੋਂ ਕਿਸ ਪ੍ਰਕਾਰ ਦੀ ਪ੍ਰੇਰਨਾ ਲੈ ਕੇ ਮਨੁੱਖ, ਅਣਖੀਲੇ, ਅਤੇ ਸਿਰ ਤਲੀ ਤੇ ਰੱਖ ਕੇ ਝੂਜਣ ਜੋਗੇ ਬਣਦੇ ਰਹੇ ਹਨ। ਇਸ ਵਿਅਰਥ ਦੀ ਕਵਿਤਾ ਨਾਲੋਂ ਤਾਂ ਕਿਤੇ ਵਧੀਆ ਅਤੇ ਅਰਥ ਭਰਪੂਰ ਕਵਿਤਾ ਦਸ਼ਮੇਸ਼ ਜੀ ਦੇ ਦਰ ਦੇ ਮੰਗਤੇ ਲਿਖ ਲਿਆ ਕਰਦੇ ਹੋਣੇ ਹਨ। ਸਮਝਦਾਰ ਮਨੁੱਖ ਅਜੇਹੀ ਕਵਿਤਾ ਸ੍ਰੀ ਦਸ਼ਮੇਸ਼ ਜੀ ਦੀ ਲਿਖੀ ਸੁਣ ਕੇ ਸ਼ਰਮ ਨਾਲ ਪਾਣੀ ਪਾਣੀ ਹੋ ਜਾਂਦਾ ਹੈ।

## ਗੋ, ਹੈਰਾਨ ਕੁੰਨ. ਮਗਰ ਬੜੀ ਦਿਲਚੱਸਪ ਬਾਤ ?-

ਕਵਿ ਸੋਹਨ ਜੀ ਦਾ ਲਿਖਿਆ ਅਤੇ ਗਿਆਨੀ ਇੰਦਰ ਸਿੰਘ ਦੀ ਸੰਪਾਦਨਾ ਤੋਂ ੧੯੭੭ ਵਿਚ ਛਪ ਕੇ ਖ਼ਾਲਸਾ ਜੀ ਦੇ ਦੀਵਾਨਾ ਵਿਚ ਪਰਚਾਰਕਾਂ, ਢਾਡੀਆਂ ਦੁਆਰਾ ਸੁਣਾਇਆ ਜਾ ਰਿਹਾ " ਸਰੀ ਗੁਰ ਬਿਲਾਸ ਪਾਤਸ਼ਾਹੀ ੬ ਦੇ ੩੧੯ ਸਫੇ ਵਾਲੀ ਕਵਤਾ ਸੁਜਾਨ ਪਾਠਕਾਂ ਦੀ ਕਚਿਹਰੀ ਵਿਚ–

ਸੰਗੀਤ ਛੰਦ ।

ਗਾਗੜਦੰ ਕਜੋਪੀ ਸਾਗੜਦੰ ਸੈਨਾ । ਤਾਗੜਦੰ ਤਿਅਗਿਯੋ ਚਾਗੜਦੰ ਚੈਨਾ ।
ਫਾਗੜਦੰ ਫੀਲੇ ਛਾਗੜਦੰ ਛੁੱਟੇ । ਸਾਗੜਦੰ ਸੂਰੰ ਜਾਗੜਦੰ ਜੁੱਟੇ ।
ਬਾਗੜਦੰ ਬਾਜੇ ਨਾਗੜਦੰ ਨਗਾਰੇ । ਜਗੜਦੰ ਜੋਧਾ ਮਾਗੜਦੰ ਮਾਰੇ ॥ ੧੫੧ ॥

ਦਸਮ ਗ੍ਰੰਥ ਜੀ ਵਿਚਲੀ ਕਵਿਤਾ ਦੀ ਸ਼ੈਲੀ ਵਾਲੇ ਇਸ ਗ੍ਰੰਥ ਵਿਚ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਪੂਰਾਣਕ ਕਥਾ ਕਹਾਣੀਆਂ ਦੇ ਨਾਇਕਾਂ ਵਾਂਗ ਮਾਤਾ ਪਿਤਾ ਦੇ ਸੰਜੋਗ ਤੋਂ ਨਹੀਂ ਬਾਬਾ ਬੁਢਾ ਜੀ ਦੇ ਵਰ ਅਸੀ ਤੋਂ ਤੁਰੰਤ ਹੀ ਗਰਭ ਵਿਚ ਆਏ ਅਤੇ ਵਿਸ਼ਨੂੰ ਭਗਵਾਨ ਦੇ ਅਵਤਾਰ ਦਰਸਾ ਕੇ ਫਿਰ, ਬਾਲ ਉਮਰੇ ਹੀ ਉਨ੍ਹਾਂ ਦੇ ਗਲ ਵਿਚ, ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਆਪ ਬ੍ਰਾਹਮਣ ਕੋਲੋਂ ਜਨੇਊ ਧਾਰਨ ਕਰਵਾਇਆ ਲਿਖਿਆ, ਉਨ੍ਹਾਂ ਦੀ ਸਨਤਾਨ ਮੰਤਰ ਘੋਲ ਕੇ ਪੀਣ ਨਾਲ ਜਨਮੀ–ਭਾਵ–**ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥ ਗੁਰੂ ਫੁਰਮਾਨ ਦੀ ਖੰਡਨਾ ?** ਗੁਰੂ ਤੇਗ ਬਹਾਦਰ ਜੀ ਸ਼ਹੀਦ ਨਹੀਂ ਸਗੋਂ ਆਤਮ ਹਤਿਆ ਦੁਆਰਾ ਕੈਦ ਦੇ ਦੁੱਖਾਂ ਤੋਂ ਛੁਟਕਾਰਾ ਪਾ ਗਏ, ਆਦਿ ਗੁਰੂ ਪੰਥ ਨੂੰ ਹਿੰਦੂਆਂ ਦਾ ਹੀ ਅੰਗ ਦਰਸਾ ਰਿਹਾ ਹੋਰ ਬੜਾ ਕੁਝ ਹੈ। ਤਖ਼ਤਾਂ ਦੇ ਸਿੰਘ ਸਾਹਿਬ ਨੂੰ ਲਿਖਿਆ ਪਰ, ਜਦ ਵਾੜ ਨੇ ਖੇਤ ਉਜਾੜ ਦੇਣ ਦਾ ਮਨ ਬਣਾ ਲਿਆ ਹੋਵੇ ਤਾਂ ਕੀ ਚਾਰਾ ਹੋਵੇ ? ਨਿਰੰਦੇਹ ਦਸਮ ਗ੍ਰੰਥ ਵੀ ਵੈਰੀਆਂ ਦੀ ਬੜੀ ਖ਼ਤਰਨਾਕ ਘੁਸ–ਪੈਠ ਦਾ ਹੀ ਸਿੱਟਾ ਹੈ।

ਕਾਲਕਾ ਰਕਤ ਬੀਜ ਦੇ ਜ਼ਖ਼ਮਾ ਵਿਚੋਂ ਵਗਨ ਵਾਲੇ ਖ਼ੂਨ ਨੂੰ ਨਾਲੋ ਨਾਲ ਚਟਮ ਕਰੀ ਜਾ ਕੇ ੧੨੨ ਵੇਂ ਨਰਾਜ ਛੰਦ ਵਿਚ--**ਰਕਤ ਬਿੰਦ ਮਾਰੇ ॥ ਸਬੈ ਸੰਤ ਉਬਾਰੇ ॥ ੪੫ ॥** ੧੨੨ ॥ ਧਿਆਏ ਦੀ ਸਮਾਪਤੀ––

**ਰਤਕ ਬੀਰਜ ਬਧਹਿ ਚਤਰਥ ਅਧਿਆਇ ਸੰਪੂਰਣ** -- ਦੀ ਘੋਸ਼ਣਾ ।

## ੧੦- ਨਿਸੁੰਭ ਦੀ ਮੋਤ

ਰਕਤਿਬੀਜ ਦੀ ਮੋਤ ਸੁਣ ਕੇ ਪਹਿਲਾਂ ਨਿਸੁੰਭ ਨੇ ਦੇਵੀ ਦਾ ਘਾਤ ਕਰਨ ਲਈ ਹੱਲਾ ਬੋਲਿਆ। ਤੇ ਫਿਰ ਨਵੀ ਕਿਸਮ ਦੇ ਸਾਜ਼ ਖੜਕ ਪਏ ? ਮੁੜ ਮੁੜ ਉਹੀ ਵਿਅਰਥ ਝੂਠ-ਬਾਣੀ ?

**ਭੁਕਾ ਭੁੰਕ ਭੇਰੀ ਢਾਕਾ ਢੁੰਕ ਢੋਲੰ ॥ ਫਟੀ ਨਖ ਸਿਘੰ ਮੁਖੰ ਡੱਫ ਕੋਲੰ ॥**
**ਡਮਾ ਡੰਮਿ ਡਉਰੂ ਡਕਾ ਦੰਕ ਡੰਕੰ ॥ ਰੜੰ ਗ੍ਰਿੱਧ ਬ੍ਰਿਧੰ ਕੱਲੰਕਾਰ ਕੰਕੰ ॥ ੩ ॥ ੧੨੫ ॥**
**ਖੁਰੰ ਖੇਹ ਉਠੀ ਰਹਿਯੋ ਗੋਨ ਪੂਰੰ ॥ ਦਲੋ ਸਿੰਧ ਬਿੱਧੰ ਭਏ ਪੱਥ ਚੂਰੰ ॥**
**ਸਣਿ ਸੋਰ ਕਾਲੀ ਗਹੇ ਸ਼ਸਤ੍ਰ ਪਾਣੰ ॥ ਕਿਲੰਕਾਰ ਜੇਮੀ ਹਣੇ ਜੰਗ ਜੁਆਣੰ ॥ ੪ ॥ ੧੨੬ ॥**

**ਅਰਥ:**--ਭੇਰੀਆਂ ਦੀ ਭੁੰਕ ਭੁੰਕ ਅਵਾਜ਼ ਹੁੰਦੀ ਹੈ ਅਤੇ ਡਗਾ ਡੱਗਾ ਡਹ ਢੋਲਾਂ ਦੀ ਆਵਾਜ਼ ਨਿਕਲ ਰਹੀ ਹੈ, ਸੂਰ ਦੇ ਮੂੰਹ ਵਿਚ (ਡੱਫ) ਫੜੀ ਹੋਈ ਹੈ, ਜੋ ਸੂਰ ਦੇ ਨੌਂਹ ਨਾਲ ਫੱਟ ਗਈ ਹੈ। ਡੌਰੂ ਡੰਮ ਡੰਮ ਕਰਦੇ ਹਨ ਅਤੇ (ਉਸ ਉਤੇ) ਡੁੰਕ ਡੁੰਕ ਡੱਗਾ (ਵੱਜਦਾ ਹੈ)। ਵੱਡੀਆਂ ਗਿੱਧਾਂ ਬੋਲਦੀਆਂ ਹਨ ਅਤੇ ਕਾਂ ਕਿਲਕਾਂ ਮਾਰਦੇ ਹਨ । ੩ । ੧੨੫ ॥ ਪੈਰਾਂ (ਨਾਲ ਏਨੀ ਗਰਦ ਉਠੀ ਹੈ, (ਜੋ ਸਾਰਾ) ਅਕਾਸ਼ ਭਰ ਗਿਆ ਹੈ, (ਸੂਰਮਿਆਂ ਦੇ ਪੈਰਾ ਹੇਠ ਸਿੰਧ ਬਿੰਧ (ਪਰਬਤ) ਪੀਸੇ ਗਏ ਹਨ ਅਤੇ (ਛੋਟੇ ਛੋਟੇ ਕਈ) ਪਹਾੜ ਚੂਰਨ ਹੋ ਗਏ ਹਨ। ਕਾਲੀ ਨੇ ਰੌਲਾ ਸੁਣਿਆਂ ਤਾਂ ਹੱਥ ਵਿਚ ਸ਼ਸਤ੍ਰ ਫੜ ਲਏ ਹਨ। ਕਿਲਕਾਂ (ਦਿੰਦੀ ਹੋਈ ਨੇ) ਜੰਗ ਵਿਚ ਜੁਆਨਾਂ ਨੂੰ ਮਾਰਕੇ ਖਾਣਾ ਸ਼ੁਰੂ ਕਰ ਦਿੱਤਾ । ੪ । ੧੨੬।

ਭੇਰੀ, ਢੋਲਾਂ, ਡੌਰੂਆਂ ਦੇ ਵੱਜਣ ਦੇ ਨਾਲ ਗਿਰਝਾਂ ਦੀ ੜਾਂ ੜਾਂ, ਅਤੇ ਫਿਰ ਫੌਜਾਂ ਦੇ ਪੈਰਾਂ ਨਾਲ, ਉਨ੍ਹਾਂ ਕਰੜੇ ਪਹਾੜਾਂ ਦਾ ਸੁਰਮਾ ਬਣ ਗਿਆ ਜਿਨ੍ਹਾਂ ਵਿਚ ਰਸਤਾ ਬਨਾਉਣ ਲਈ ਬੜੇ ਸ਼ਕਤੀ ਸ਼ਾਲੀ ਬਰੂਦ ਤੋਂ ਕੰਮ ਲਿਆ ਜਾਂਦਾ ਹੈ। ਅੱਜ ਤੱਕ ਕਿਸੇ ਵੀ ਯੰਤ੍ਰ ਨਾਲ ਕੋਈ ਪਹਾੜ ਸੁਰਮਾਂ ਨਹੀਂ ਬਣਿਆਂ ਅਤੇ ਬਰਫ਼ ਨਾਲ ਢੱਕੇ ਪਹਾੜਾਂ ਤੋਂ ਕਦੇ ਧੂੜ ਦਾ ਬੱਦਲ ਨਹੀਂ ਬਣਿਆਂ। ਪੈਰ ਪੈਰ ਤੇ ਝੂਠ-ਬਾਣੀ ਵਾਲੇ ਇਸ ਗ੍ਰੰਥ ਨੂੰ ਜਿਹੜੇ ਲੋਕ ਧਰਮ ਗ੍ਰੰਥ ਮੰਨ ਰਹੇ ਹਨ ਕੀ ਉਹ ਵਾਕਿਆਂ ਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਹੀ ਸਿੱਖ ਹਨ ?

ਝੂਠ ਬਾਣੀ ਦਾ ਇੱਕ ਨਮੂਨਾਂ ਇਹ:--

**ਕਹ ਕਹ ਸੁ ਕੂਕਤ ਕੰਕੀਯੰ ॥ ਬਹਿ ਬਹਤ ਬੀਰ ਸੁ ਬੰਕੀਯੰ ॥**
**ਲਹ ਲਹਤ ਬਾਣਿ ਕ੍ਰਿਪਾਣੰ ॥ ਗਹ ਗਹਤ ਪ੍ਰੇਤ ਮਸਾਣਯੰ ॥ ੧੧ ॥ ੧੩੩ ॥**
**ਡਹ ਡਹ ਡਵਰ ਡਮੰਕਯੰ ॥ ਲਹ ਲਹਤ ਤੇਗ ਤ੍ਰਮੰਕਯੰ ॥**
**ਧ੍ਰਮ ਧਮਤ ਸਾਂਗ ਧਮੰਕਯੰ ॥ ਬਬਕੰਤ ਬੀਰ ਸੁ ਬੰਕਯੰ ॥ ੧੨ ॥ ੧੩੪॥**
**ਛੁਟਕੰਤ ਬਾਨ ਕਮਾਣਯੰ ॥ ਹਰਰੰਤ ਖੇਤ ਖਤ੍ਰਾਣਯੰ ॥**
**ਡਹਕੰਤ ਡਾਮਰ ਡੰਕਣੀ ॥ ਕਹ ਕਹਕ ਕੂਕਤ ਜੁਗਣੀ ॥ ੧੩ ॥ ੧੩੫।**

**ਅਰਥ:**--ਕਹ ਕਹ ਕਰਕੇ ਕਾਂ **ਕੂਕਦੇ** ਸਨ (ਅੱਜ ਤੱਕ **ਕਹ ਕਹ** ਹੱਸਣਾ ਸੁਣੀਦਾ ਸੀ),। ਬਾਂਕੇ ਬੀਰ ਬਾਹਾਂ ਨਾਲ (ਸ਼ਸਤ੍ਰ) ਵਾਹੁੰਦੇ ਹਨ (ਜਿਹੜਾ ਬੀਰ, ਬਾਂਕਾ ਨਾ ਹੋਵੇ, ਕੀ, ਉਹ ਬਾਹਾਂ ਦੇ ਥਾਂ ਲੱਤਾਂ ਨਾਲ ਸ਼ਸਤ੍ਰ ਵਾਹੁੰਦਾ ਹੈ ?) ਲੱਹ ਲੱਹ (ਕਰਕੇ) ਕਰਦੇ ਸਨ ਤੀਰ ਤੇ ਤਲਵਾਰ । (ਹਰੀਆਂ ਫ਼ਸਲਾਂ ਨਾਲ ਭਰੇ ਲਹ ਲਹ ਕਰਦੇ ਖੇਤ ਸੁਨੀਂ ਦੇ ਸਨ, ਏਥੇ ਤੀਰ ਤਲਵਾਰ ਲਹ ਲਹ ਕਰ ਰਹੇ ਹਨ?)। ਪ੍ਰੇਤ ਤੇ ਮਸਾਣ ਗੱਹ ਗੱਹ ਕਰ ਰਹੇ ਸਨ। (ਕੀ ਇਹ ਸਾਰੀ ਅਰਥ ਹੀਣ ਬਕੜ ਵਾਹ ਨਹੀਂ?) । ੧੧ । ਡਹ ਡਹ ਕਰਕੇ ਡੌਰੂ ਡਮਕਦੇ ਸਨ। (ਫਿਰ ਉਹੀ?) ਲਹ ਲਹ ਤੇਗ਼ਾਂ ਚਮਕਦੀਆਂ ਸਨ। ਧ੍ਰੰਮ ਧ੍ਰੰਮ ਕਰਕੇ ਬਰਛੀਆਂ ਦਾ ਧਮਾਕ ਹੁੰਦਾ (ਗੋਲਾ ਫਟਣ ਤੇ ਧਮਾਕਾ ਹੁੰਦਾ ਤਾਂ ਸੁਣੀਦਾ ਹੈ ਪਰ ਬਰਛੀ ਖੁੱਭਣ ਲਗੀ ਵੀ ਧਮਾਕਾ ? ਸਦਕੇ ਜਾਈਏ ਦਸਮ ਗ੍ਰੰਥ ਦੀ ਝੂਠ ਬਾਣੀ ਤੋਂ) । (ਪਹਿਲਾਂ ਤਾਂ ਬਾਂਕੇ ਬੀਰ ਬਾਹਾਂ ਨਾਲ ਸ਼ਸਤ੍ਰ ਵਾਹੁੰਦੇ ਸਨ ਅਤੇ ਹੁਣ ? ਬਾਂਕੇ ਬੀਰ ਬੱੜਕਾਂ ਮਾਰਦੇ ਸਨ । ੧੨ । ਕਮਾਨਾਂ ਵਿਚੋਂ ਤੀਰ ਛੁੱਟਦੇ ਹਨ । **ਖੱਤ੍ਰੀ** ਜੁਧ ਵਿਚ ਹੈਰਾਨ ਹੁੰਦੇ ਹਨ। ਡੌਰੂ ਡਗਿਆਂ ਨਾਲ ਡਹ ਡਹ ਕਰਦੇ ਹਨ। ਜੋਗਣੀ ਕਹ ਕਹ ਕਰਕੇ ਕੂਕਦੀ ਹੈ। ੧੪।

ਦੈਂਤਾਂ ਅਤੇ ਦੁਰਗਾ ਦੀ ਜੰਗ ਵਿਚ, ਹੈਰਾਨ ਹੋਣ ਲਈ, ਅਚਨਚੇਤ ਇਹ ਖੱਤਰੀ ਕਿਧਰੋਂ ਆ ਵੜੇ ? ਏਸੇ ਤਰ੍ਹਾਂ ਦਾ ਰੰਗਾ ਰੰਗ ਅਢੁਕਵਾਂ ਬਕੜ -ਵਾਹ, ਝੂਠ ਲੜਾਈ ਵਿਚ ਜਵਾਨਾ ਦਾ ਲੜਨਾ। ਪਤਾ ਨਹੀਂ ਆਪਸ ਵਿਚ ਕਿ, ਦੇਵੀ ਨਾਲ ? ਕਿਤੇ ਕੋਈ ਸਮਝ ਨਹੀਂ ਪੈ ਰਹੀ। ਅਚਾਨਕ ਸੁੰਭ ਨੇ ਆਪਣੀ ਸੈਨਾ ਭੱਜੀ ਜਾਂਦੀ ਵੇਖੀ ਤਾਂ ਗੁੱਸੇ ਨਾਲ ਪੈਰ ਮਾਰਿਆ ਤੇ ਨਿਸੁੰਭ ਨੂੰ ਭੇਜਿਆ ਕਿ ਉਹ ਜਾ ਕੇ ਦੁਰਗਾ ਨੂੰ ਬੰਨ੍ਹ ਕੇ ਲੈ ਆਏ। (੧੩੬ ਤੋਂ ੧੩੯)

**ਚੜਿਯੋ ਸੁ ਸੈਣ ਸੱਜਿਕੈ ॥ ਸਕੋਪ ਸੂਰੁ ਗੱਜ ਕੈ ॥ ਉਠੇ ਬਜੰਤ੍ਰ ਬਾਜ ਕੈ ॥ ਚਲਿਯੋ ਸੁਰੇਸੁ ਭਾਜਿ ਕੈ ॥ ੧੯ ॥ ੧੪੧ ॥**

ਇਹ ਵੇਖ ਕੇ ਦੇਵਤਿਆਂ ਨੇ ਆਪਸ ਵਿਚ ਮਸ਼ਵਰੇ ਕਰਨੇ ਸ਼ੁਰੂ ਕਰ ਦਿੱਤੇ, ਪਰ (੧੪੦ ਤੋਂ ੧੪੫ ਤੱਕ। ਜੰਗ ਵਿਚ ਆਉਣ ਦੀ ਹਿੰਮਤ ਤੇ ਨਾ ਹੋਈ ਪਰ ਸਲਾਹ ਕਰਕੇ ਦੇਵਤਿਆਂ ਨੇ--**ਸੋਈ ਕਾਮ ਕੀਨ ॥ ਦੇਵਨ ਪਰਬੀਨ ॥ ਸਕਤੈ ਨਿਕਾਰ ॥ ਭੇਜੀ ਅਪਾਰ ॥ ੨੫ ॥ ੧੪੬ ।** ਆਪਣੀਆਂ ਅਪਾਰ ਸ਼ਕਤੀਆਂ (ਜਿਨ੍ਹਾਂ ਅਪਾਰ ਸ਼ਕਤੀਆਂ ਦੇ ਮਾਲਕ ਹੁੰਦਿਆਂ ਦੇਵਤੇ ਆਪ ਬੁਰੀ ਤਰ੍ਹਾਂ ਹਾਰ ਕੇ, ਆਪਣਾ ਘਰ ਘਾਟ ਲੁਟਾ ਕੇ ਪਹਾੜਾਂ ਦੀਆਂ ਖੋਹਾਂ ਵਿਚ ਆ ਲੁਕੇ ਸਨ, ਹੁਣ ਉਹੀ ਸ਼ਕਤੀਆਂ ) ਕੱਢ ਕੇ ਦੇਵੀ ਦੀ ਸਹਾਇਤਾ ਲਈ ਭੇਜ ਦਿੱਤੀਆਂ )

## ੧੧- ਨਿਆਰੀ ਕਿਸਮ ਦਾ ਝੂਠ, ਕਾਂ ਖਿੜ ਖਿੜ ਹੱਸ ਰਹੇ ਹਨ ?

ਵਗਿਆਨਕਾਂ ਦਾ ਫ਼ਤਵਾ ਹੈ ਕਿ ੮੪ ਲੱਖ, ਅਥਵਾ ਅਨਗਿਣਤ ਜੂਨਾਂ ਵਿਚੋਂ ਕੇਵਲ ਇਕੋ ਇੱਕ ਮਨੁੱਖ ਹੀ ਅਜੇਹਾ ਜਾਨਵਰ ਹੈ ਜੋ ਖਿੜ ਖਿੜ ਹੱਸ ਸਕਦਾ ਹੈ । ਸੰਸਾਰ ਦਾ ਕੋਈ ਪਸ਼ੂ ਪੰਖੀ ਹੱਸਦਾ ਅੱਜ ਤੱਕ ਨਾ ਕਿਸੇ ਨੇ ਵੇਖਿਆ ਹੈ ਨਾ ਕਿਤੋਂ ਕਿਸੇ ਕੋਲੋਂ ਅਜੇਹੇ ਹੱਸਣੇ ਪਸ਼ੂ ਪੰਛੀ ਬਾਰੇ ਸੁਣਿਆ ਹੀ ਹੈ। ਪਰ ਦਸਮ ਗ੍ਰੰਥ ਸਾਹਿਬ ਦੇ **ਕਾਂ** (ਕਊਏ) ਤਾਂ ਖੂਬ ਹੱਸਦੇ ਹਨ:--

**ਬ੍ਰਿਧ ਨਿਰਾਜ ਛੰਦ ॥**

**ਚਲੀ ਸਕੱਤ ਸੀਘ੍ਰ ਸੀ ਕ੍ਰਿਪਾਣ ਪਾਣਿ ਧਾਰ ਕੈ ॥ ਉਠੇ ਸੁ ਗ੍ਰਿੱਧ ਬ੍ਰਿਧ ਡਉਰ ਡਾਕਣੀ ਡਕਾਰ ਕੈ ॥**

**ਹਸੇ ਸੁ ਕੰਕ ਬੰਕਯੰ ਕਬੰਧ ਅੰਧ ਉੱਠਹੀ ॥ ਬਿਸੇਖ ਦੇਵਤਾ ਰੁ ਬੀਰ ਬਾਣ ਧਾਰ ਬੁੱਠਹੀ ॥ ੨੫ ॥੧੪੭॥**

**ਅਰਥ:**--ਸ਼ਕਤੀਆਂ ਹੱਥਾਂ ਵਿਚ ਤਲਵਾਰਾਂ ਲੈ ਕੇ ਛੇਤੀ ਨਾਲ ਚੱਲੀਆਂ। ਵਡੀਆਂ ਗਿੱਧਾਂ ਤੇ ਡਾਕਣੀਆਂ ਡਕਾਰ ਮਾਰਕੇ ਉਠੀਆਂ, **ਭਿਆਨਕ ਕਾਂ ਹੱਸੇ** ਅਤੇ ਅੰਧਾ ਧੁੰਧ ਉਠ ਨੱਸੇ । **ਬਹੁਤ ਕਰਕੇ ਦੇਵਤੇ** ਅਤੇ **ਸੂਰਮੇ** ਤੀਰਾਂ ਦਾ ਮੀਂਹ ਬਰਸਾਉਣ ਲੱਗ ਪਏ । ੨੫ । ਜੇ ਦੇਵਤਿਆਂ ਵਿਚ ਕੋਈ ਵੀ ਸੂਰਮਾ ਨਹੀਂ ਸੀ, ਤਾਂ ਫਿਰ ਇਹ ਸੂਰਮੇ ਕੌਣ ਸਨ ?

ਸਾਰੀਆਂ ਸ਼ਕਤੀਆਂ ਸਿਰ ਨਿਵਾ ਕੇ ਤੁਰੀਆਂ, ਮੂੰਹ ਤੇ ਅੱਖਾਂ ਲਾਲ, ਬਚਨ ਬੜੇ ਕਠੋਰ, ਹੱਥਾਂ ਵਿਚ ਅਸਤ੍ਰ, ਕਟਾਰਾਂ ਤੇ ਤਲਵਾਂਰਾਂ ਫੜੀਆਂ (ਭਾਵ, ਸ਼ਕਤੀਆਂ ਨੇ ਅਗਾਂਹ ਸ਼ਸਤ੍ਰ ਰੂਪ ਸ਼ਕਤੀਆਂ ਦਾ ਸਹਾਰਾ ਲਿਆ ?) ਹਨ । (੧੪੮+੧੪੯) ਉਥਰੋਂ ਦੈਂਤ ਉੱਚੀ ਗੱਜਦੇ ਹਨ, ਤੁਰੀਆਂ ਤੇ ਧੌਂਸੇ ਵੱਜਦੇ ਹਨ, ਹਥਾਂ ਵਿਚ ਭਿਆਨਕ ਸੰਜੋਆਂ ਸਜ ਰਹੀਆਂ ਹਨ। ਚੌਹਾਂ ਪਾਸਿਆਂ ਤੋਂ ਜਦੋਂ ਦੈਂਤ ਗੱਜਦੇ ਹਨ ਤਾਂ ਦੇਵਤਿਆਂ ਨੂੰ ਕਾਂਬਾ ਛਿੜ ਜਾਂਦਾ ਹੈ--**ਚਹੂੰ ਓਰ ਗਰਜੇ ॥ ਸਬੈ ਦੇਵ ਲਰਜ਼ੇ ॥** । ਹੈ ਨਾ ਉਲਟੀ ਗੰਗਾ ? ਪਾਪੀ ਤਾਂ ਗੱਜ ਰਹੇ ਹਨ ਪਰ ਧਰਮੀ ਕੰਬਦੇ ਹਨ। ਧਰਮ ਤਾਂ ਸੂਲੀ ਤੇ ਚੜ੍ਹਿਆ, ਤੱਤੀ ਤਵੀ ਤੇ ਬੈਠਾ, ਆਰੇ ਨਾਲ ਚੀਰਿਆ ਜਾ ਰਿਹਾ ਵੀ ਕਦੇ ਨਹੀਂ ਕੰਬਿਆ। ਪਰ ਏਧਰ ਬ੍ਰਾਹਮਣੀ ਦੇਵ-ਲੋਕ ਵਿਚ ਸਾਰੀ ਦੀ ਸਾਰੀ ਗੰਗਾ ਪੁੱਠੇ ਪਾਸੇ ਨੂੰ ਤੁਰੀ ਫਿਰਦੀ ਹੈ? ਡਰਦਾ ਤਾਂ ਸਦਾ ਪਾਪੀ ਹੀ ਹੈ, ਧਰਮੀ ਨੂੰ ਕਿਸ ਦਾ ਡਰ? ਧਰਮੀ ਤਾਂ ਸਦਾ ਹੀ ਖਿੜਿਆ ਰਹਿੰਦਾ ਹੈ--**ਨਾਨਕ ਭਗਤਾ ਸਦਾ ਵਿਗਾਸੁ ॥** ਭਗਤ ਦਾ ਅਟੱਲ ਵਿਸ਼ਵਾਸ਼ ਹੈ, ਸੱਚ ਨਿਆਉਂ ਕਰਨ ਵਾਲਾ, ਕਰਨਹਾਰ ਸਦਾ ਉਸ ਦੇ ਨਾਲ ਅੰਦਰ ਬਾਹਰ ਵਿਆਪਕ ਹੈ। ਉਸ ਨਿਰਭੈ ਅਕਾਲ ਪੁਰਖ ਦੀ ਸੱਚੀ ਯਾਦ, ਕਿਸੇ ਪ੍ਰਕਾਰ ਦਾ ਭੈ ਕਿਉ ਰਹਿਣ ਦੇਵੇ। ਸੱਚ ਦੀ ਯਾਦ ਵਿਚ ਜੁੜਿਆ ਜੀਵ, ਆਖਰ ਸੱਚ ਨਾਲ ਇੱਕ ਹੋ ਜਾਂਦਾ ਹੈ:---

੩੭- **ਹਰਿ ਅੰਦਰਿ ਬਾਹਰਿ ਇਕੁ ਤੂੰ ਤੂੰ ਜਾਣਹਿ ਭੇਤੁ ॥ ਜੋ ਕੀਚੈ ਸੋ ਹਰਿ ਜਾਣਦਾ ਮੇਰੇ ਮਨ ਹਰਿ ਚੇਤੁ ॥**
**ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥ ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ ॥**
**ਜਿਨਾ ਨਾਨਕ ਸਚੁ ਪਛਾਣਿਆ ਸੇ ਸਚਿ ਰਲੇਤੁ ॥੫॥ {੮੪}-ਵਾਰ**

ਪਾਪੀ ਤਾਂ ਤਖ਼ਤ ਤੇ ਬੈਠਾ ਵੀ ਕੰਬਦਾ ਨਜ਼ਰ ਆਇਆ ਅਤੇ ਸੁਪਨੇ ਵਿਚ ਬੜਾ ਬੜਾ ਉਠਦਾ ਲੋਕਾਂ ਨੇ ਵੇਂਖਿਆ ਹੈ:--

੩੮- **ਬਾਦਿਸਾਹੁ ਮਹਲ ਮਹਿ ਜਾਇ ॥ ਅਉਘਟ ਕੀ ਘਟ ਲਾਗੀ ਆਇ ॥੨੧॥ ਕਾਜੀ ਮੁਲਾਂ ਬਿਨਤੀ ਫੁਰਮਾਇ ॥**
**ਬਖਸੀ ਹਿੰਦੂ ਮੈ ਤੇਰੀ ਗਾਇ ॥ ੨੨॥ ਨਾਮਾ ਕਹੈ ਸੁਨਹੁ ਬਾਦਿਸਾਹ ॥ ਇਹੁ ਕਿਛੁ ਪਤੀਆ ਮੁਝੈ ਦਿਖਾਇ ॥੨੩॥**
**ਇਸ ਪਤੀਆ ਕਾ ਇਹੈ ਪਰਵਾਨੁ ॥ ਸਾਚਿ ਸੀਲਿ ਚਾਲਹੁ ਸੁਲਿਤਾਨ ॥੨੪॥{੧੧੬੬}-੧-੧●**

**ਅਰਥ:**--ਬਾਦਸ਼ਾਹ ਮਹਲਾਂ ਵਿਚ ਚਲਾ ਗਿਆ (ਅਤੇ ਉੱਥੇ ਉਸ ਉੱਤੇ) ਔਖੀ ਘੜੀ ਆ ਗਈ ( ਭਾਵ, ਉਹ ਸਹਿਮ ਗਿਆ)। ਆਪਣੇ ਕਾਜ਼ੀਆਂ ਤੇ ਮੌਲਾਵੀਆਂ ਦੀ ਰਾਹੀਂ ਉਸ ਨੇ ਬੇਨਤੀ (ਕਰ ਘੱਲੀ)--ਹੇ ਹਿੰਦੂ ! ਮੈਨੂੰ ਹੁਕਮ ਕਰ (ਜੋ ਹੁਕਮ ਤੂੰ ਦੇਵੇਂਗਾ ਮੈਂ ਕਰਾਂਗਾ), ਮੈਨੂੰ ਬਖ਼ਸ਼ ਮੈ ਤੇਰੀ ਗਾਂ ਹਾਂ । ੨੧+੨੨ ॥ ਨਾਮਾ ਆਖਦਾ ਹੈ:--ਹੇ ਬਾਦਸਾਹ ! ਸੁਣ, ਮੈਨੂੰ} ਇੱਕ ਤਸੱਲੀ ਦਿਵਾ ਦੇਹ, ਇਸ ਇਕਰਾਰ ਦਾ ਮਾਪ ਇਹ ਹੋਵੇਗਾ ਕਿ ਹੇ ਬਾਦਸ਼ਾਹ ! ਤੂੰ (ਅਗਾਂਹ ਤੋਂ) ਸੱਚ ਵਿਚ ਤੁਰੇਂ, ਚੰਗੇ ਸੁਭਾਉ ਵਿਚ ਰਹੇਂ । ੨੩+੨੪ ।

ਗੁਰਮਤਿ ਦਾ ਅਟੱਲ ਸਿਧਾਂਤ ਹੈ ਕਿ ਧਰਮ ਨਿਆਂ ਵਾਲੇ ਸੱਚੇ ਦੀ ਸੱਚੀ ਯਾਦ, ਮਨੁੱਖ ਨੂੰ ਨਿਰਭਉ ਅਤੇ ਨਿਰਵੈਰ ਬਣਾ ਦਿੰਦੀ ਹੈ। ਬ੍ਰਾਹਮਣੀ ਗ੍ਰੰਥਾਂ ਵਿਚ ਜਿਸ ਦੈਂਤੇ ਦੇ ਪੱਲੇ ਸਾਰੇ ਦੇ ਸਾਰੇ ਪਾਪ ਪਾਏ ਹੋਏ ਹਨ, ਉਹ ਤਾਂ ਮਰਦੇ ਦਮ ਤੱਕ ਬੜ੍ਹਕਾਂ ਮਾਰਦਾ ਮੌਤ ਨੂੰ ਮਖ਼ੌਲਾਂ ਕਰਦਾ ਦਰਸਾਇਆ ਹੈ, ਪਰ ਜਿਨ੍ਹਾਂ ਨੂੰ ਧਰਮ ਦੇ ਰਾਖੇ, ਸ੍ਰਿਸ਼ਟੀ ਦੇ ਕਰਤਾ-ਧਰਤਾ ਭਗਵਾਨ ਲਿਖਿਆ ਹੈ, ਉਹ ਡਰਦੇ, ਕੰਬਦੇ, ਰੋਂਦੇ ਅਤੇ ਸਹਿਮੇ ਹੋਏ ਦਰਸਾਏ ਹੋਏ ਹਨ। ਪੁਸਤਕ ਦੇ ਪਹਿਲੇ ਭਾਗ ਵਿਚ ਰਾਮ ਚੰਦਰ ਅਤੇ ਰਾਵਣ ਦੇ ਆਚਰਨ ਦਾ ਟਾਕਰਾ ਲਿਖਿਆ ਹੋਇਆ ਹੈ। ਰਾਮ ਰੋਂਦੂ ਅਤੇ ਦੇਵਤਿਆਂ ਦੀ ਸਹਾਇਤਾ ਦਾ ਮੁਥਾਜ (Dependent) ਨਜ਼ਰੀਂ ਆ ਰਿਹਾ ਹੈ, ਏਧਰ ਰਾਵਨ ਦਾ ਸਾਥ ਭਾਵੇਂ ਉਸ ਦੇ ਘਰਦੇ ਵੀ ਛੱਡ ਗਏ, ਪਰ ਸਾਹਮਣੇ ਖੜੀ ਮੌਤ ਤੋਂ ਲਾਪਰਵਾਹ, ਆਖ਼ਰੀ ਦਮਾਂ ਤੱਕ ਮੇਘ ਵਾਂਗ ਗਰਜਦਾ ਦਰਸਾਇਆ ਹੋਇਆ ਹੈ। ਬ੍ਰਾਹਮਣੀ ਗ੍ਰੰਥਾਂ ਦੀ ਬਾਣੀ ਮਨੁੱਖ ਨੂੰ ਨਿਸ਼ਕਪਟ ਅਤੇ ਨਿਰਵੈਰ ਸੂਰਮਾ ਬਨਾਉਣ ਦੇ ਥਾਂ ਕਪਟੀ, ਝੂਠਾ, ਦਗ਼ੇਬਾਜ਼, ਵਿਸ਼ਵਾਸ਼ ਘਾਤੀ ਕਾਮ, ਕ੍ਰੋਧ, ਲੋਭ, ਮੋਹ ਵਿਚ ਗ੍ਰਸਿਆ ਹੋਛਾ ਹੰਕਾਰੀ ਵਿਕਾਰੀ ਬਣਾਉਂਦੀ ਹੈ। (ਇਸ ਤੱਥ ਨੂੰ ਪੁਸਤਕ--**ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ**-- ਦੇ ਪਹਿਲੇ ਭਾਗ ਵਿਚ ਬ੍ਰਾਹਮਣ ਦੇ ਲਿਖੇ ਪੁਰਾਣਕ ਗ੍ਰੰਥਾਂ ਦੀਆਂ ਉਦਾਹਰਣਾ ਦੁਆਰਾ ਬੜੇ ਵਿਸਥਾਰ ਨਾਲ ਸਪੱਸ਼ਟ ਕੀਤਾ ਹੋਇਆ ਹੈ) । ਇਨ੍ਹਾਂ ਦੇਵੀ ਚਰਿਤ੍ਰਾਂ ਵਿਚ ਦੁਰਗਾ ਨੂੰ ਜੇ ਡਰ ਤੋਂ ਰਹਿਤ ਦਰਸਾਇਆ ਹੈ, ਤਾਂ ਹੋਛੀ, ਜ਼ਾਲਮ, ਬੰਦੇ ਖਾਣੀ ਅਤੇ ਲਹੂਪੀਣੀ, ਸ਼ਰਾਬਣ ਦਰਸਾਉਣੋ ਬ੍ਰਾਹਮਣ ਨੇ ਉਕਾਈ ਨਹੀਂ ਖਾਧੀ। **ਕਾਰਨ ?** ਬ੍ਰਾਹਮਣ ਦਾ ਆਪਣਾ ਆਚਰਨ ਬਦੋ ਬਦੀ ਉਬਾਲੇ ਮਾਰਦਾ ਨੰਗਾ ਹੋ ਜਾਂਦਾ ਹੈ।

**ਇਤੈ ਦੇਬਿ ਮਾਰੈ ॥ ਉਤੈ ਸਿੰਘੁ ਫਾਰੈ ॥ ਗਣੰ ਗੂੜ ਗਰਜੈ ॥ ਸਬੈ ਦੈਂਤ ਲਰਜ਼ੈ ॥ ੩੧ ॥ ੧੫੩ ॥**
**ਭਈ ਬਾਣ ਬਰਖਾ ॥ ਗਾਏ ਗੀਤਿ ਕਰਖਾ ॥ ਸਬੈ ਦੁਸਟ ਮਾਰੇ ॥ ਮਈਆ ਸੰਤ ਉਬਾਰੇ ॥ ੩੨ ॥ ੧੫੪ ॥**
ਦੇਵੀ ਨੂੰ **ਮਈਆਂ, ਦਸ਼ਮੇਸ਼ ਜੀ ਦੀ ਕਲਮ ਕਿਸੇ ਵੀ ਸਥਿਤੀ ਵਿਚ ਨਹੀਂ ਸੀ ਲਿਖ ਸਕਦੀ।**
**ਨਿਸੁੰਭੰ ਸੰਘਾਰਯੋ ॥ ਦਲੰ ਦੈਂਤ ਮਾਰਯੋ ॥ ਸਬੈ ਦੁਸ਼ਟ ਭਾਜੇ ॥ ਇਤੈ ਸਿੰਘ ਗਾਜੈ ॥ ੩੩ ॥ ੧੫੫ ॥**

**ਭਈ ਪੁਹਪ ਬਰਖਾ ॥ ਗਾਏ ਗੀਤ ਕਰਖਾ ॥**
**ਜਯੰ ਸੰਤ ਜੰਪੈ ॥ ਤ੍ਰਸੇ ਦੈਤ ਕੰਪੈ ॥੩੪ ॥ ੧੫੬ ॥**

## ੧੨- ਅਬ ਸੁੰਭ ਜੁੱਧ ਕਥਨੰ ॥

ਦੈਂਤਾਂ ਤੋਂ ਬ੍ਰਾਹਮਣ ਦਾ ਰੱਬ ਵੀ ਕੰਬ ਖਲੋਂਦਾ ਹੈ, ਗੱਲ ਦੀ ਪੁਸ਼ਟੀ ਇਸ ਜੁਧ-ਵਰਣਨ ਦੇ ਅਰੰਭ ਵਿਚ ਹੀ ਹੋ ਗਈ ਹੈ। **ਬ੍ਰਹਮਾਂ** ਨੂੰ ਸ੍ਰਿਸ਼ਟੀ ਦਾ ਸਿਰਜਣਹਾਰ ਲਿਖਿਆ ਹੈ, ਪਰ **ਸ਼ਿਵ ਜੀ** ਕੇਵਲ ਦੁਰਗਾ ਦਾ ਪਤੀ ਹੀ ਨਹੀਂ, ਸਗੋਂ ਸਾਰੇ ਜਗਤ ਦਾ ਸੰਘਾਰ ਕਰਤਾ ਵੀ, ਬ੍ਰਾਹਮਣ ਨੇ ਆਪ ਹੀ ਦਰਸਾਇਆ ਹੋਇਆ ਹੈ। ਜੁੱਧ ਦੇ ਚਾ ਨਾਲ ਛਲਕਦੀ **ਸੁੰਭ ਦੀ ਚੜ੍ਹਤ ਦੀ ਧੁੰਮ ਸੁਣ** ਕੇ, ਦੇਵਤਿਆਂ ਦੇ ਰਾਜੇ, ਇੰਦ੍ਰ ਸਮੇਤ, ਇਨ੍ਹਾਂ ਭਗਵਾਨਾਂ ਨੂੰ ਕੰਬਣੀ ਛਿੜ ਗਈ ?

### ਭੁਜੰਗ ਪ੍ਰਯਾਤ ਛੰਤ ॥

**ਲਘੁੰ ਭ੍ਰਾਤ ਜੁਝਯੋ ਸੁਨਯੋ ਸੁੰਭ ਰਾਯੰ ॥ ਸਜੇ ਸਸਤ੍ਰੰ ਚੜਯੋ ਚਉਪ ਚਾਯੰ ॥**
**ਭਯੋ ਨਾਦ ਉਚੰ ਰਹਯੋ ਪੂਰ ਗੈਣੰ ॥ ਤ੍ਰਸੈ ਦੇਵਤਾ ਦੈਤ ਕੰਪਯੋ ਤ੍ਰਿਨੈਣੰ ॥ ੧ ॥ ੧੫੭ ॥**

**[ਲਘੁੰ ਭ੍ਰਾਤ**=ਛੋਟਾ ਵੀਰ । **ਤ੍ਰਿਨੈਣੰ**=ਤਿੰਨਾ ਅੱਖਾਂ ਵਾਲਾ, **ਸ਼ਿਵਜੀ ]**

### ਗਾਥਾ ਦੇ ਹਰ ਮੋੜ ਤੇ ਗੰਭੀਰ ਝੂਠ ?

**ਡਰਯੋ ਚਾਰ ਬਕਤ੍ਰੰ ਟਰਯੋ ਦੇਵ ਰਾਜੰ ॥ ਡਿਗੇ ਪੱਬ ਸਰਬੰ ਸ੍ਰਜੇ ਸੁਭ੍ਰ ਸਾਜੰ ॥**
**ਪਰੇ ਹੂਹ ਦੇਕੈ ਭਰੇ ਲੋਹ ਕ੍ਰੋਹੰ ॥ ਮਨੋ ਮੇਰਕੇ ਸਾਤਵੇਂ ਸ੍ਰਿੰਗ ਸੋਹੰ ॥ ੨ ॥ ੧੫੯ ॥**

ਪਦ ਅਰਥ:--**ਚਾਰ ਬਕਤ੍ਰੰ**=ਚਾਰ ਮੂੰਹਾ ਵਾਲਾ ਬ੍ਰਹਮਾ । **ਟਰੋ ਰਾਜ ਦੇਵੰ**=ਦੇਵਤਾਂ ਦਾ ਰਾਜਾ ਆਪਣੀ ਥਾਂ ਤੋਂ ਹਿੱਲ ਗਿਆ। ਪਹਿਲਾਂ ਆਪੇ ਲਿਖ ਲਿਆ ਹੈ ਕੇ ਇੰਦ੍ਰ ਸੁੰਭ ਤੋਂ ਡਰਦਾ ਭੱਜ ਕੇ ਸੁਮੇਰ ਪਰਬਤ ਦੀ ਸ਼ਰਨ ਵਿਚ ਆ ਗਿਆ ਹੋਇਆ ਹੈ। ਆਪਣੀ ਥਾਂ ਤੋਂ ਜੇ ਉਹ ਹੁਣ ਹਿੱਲਿਆ ਹੈ ਤਾਂ ਕੀ ਉਹ ਪਹਿਲਾ ਸਾਰਾ ਝੂਠ ਹੀ ਸੀ ? ਕੀ ਅਜੇਹੀਆਂ ਭੁੱਲਾਂ ਦਸ਼ਮੇਸ਼ ਜੀ ਹੀ ਲਿਖੀ ਜਾ ਰਹੇ ਹਨ? ਨਹੀਂ, ਝੂਠ ਨੂੰ ਸੱਚ ਬਣਾ ਕੇ ਲਿਖਣ ਲੱਗੇ ਭਾਵੇਂ ਕਿੰਨਾ ਵੀ ਧਿਆਨ ਰੱਖੋ ਝੂਠ ਨੰਗਾ ਹੋਣੋਂ ਨਹੀਂ ਰਹਿੰਦਾ। **ਡਿਗੇ ਪੱਬ ਸਰਬੰ**=ਸਾਰੇ ਪਹਾੜ ਡਿਗ ਪਏ । **ਸ੍ਰਿੰਗ**=ਚੋਟੀ। ਕੇਵਲ ਬਚਿਤ੍ਰ ਨਾਟਕ ਵਿਚਲੇ ਹੇਮ ਕੁੰਡ ਵਾਲੀ --**ਸਪਤ ਸ੍ਰਿੰਗ ਸੋਭਿਤ**--ਗੱਲ ਹੀ ਨਹੀਂ ਰਹੀ, ਏਥੇ ਤਾਂ ਦੈਂਤ ਵੀ ਸਤਵੀ ਹੀ ਚੋਟੀ ਬਣ ਖਲੋਤੇ ਹਨ ? ਕਿ ਜਾਂ ਕਵੀ ਦੀਆਂ ਅੱਖਾਂ ਅੱਗੇ ਵੀ ਤਾਰੇ ਚੱਕਰ ਲਾਉਣ ਲੱਗ ਪਏ। ਇੱਕ ਦੇ ਥਾਂ ਦੋ ਨਜ਼ਰ ਆਉਣ ਵਾਲੀ ਗੱਲ ਨਹੀਂ, ਸਗੋਂ ਦੈਂਤ ਹਜ਼ਾਰਾਂ ਯੋਜਨ ਉੱਚੇ ਸੁਮੇਰ ਦੀ ਸਤਵੀ ਚੋਟੀ ਬਣੇ ਨਜ਼ਰ ਆ ਰਹੇ ਹਨ ? ਮੇਰ=ਸੁਮੇਰ ਪਰਬਤ।

ਜੰਗ ਅਰੰਭ ਹੋ ਗਿਆ। ਚੜੇਲਾਂ ਬੋਲਦੀਆਂ ਅਤੇ ਡੈਣਾ ਡਕਾਰਦੀਆਂ ਹੋਈਆਂ ਵੀ ਪੁੱਜ ਗਈਆਂ । ਸ਼ਸਤ੍ਰ ਚੱਲ ਰਹੇ ਹਨ ਅਤੇ ਰੌਲਾ ਪੈ ਰਿਹਾ ਹੈ, ਵਢੇ ਟੁੱਕੇ ਰੁਲ ਰਹੇ ਹਨ, ਤੀਰਾਂ ਦੀ ਵਾਛੜ ਪੈ ਰਹੀ ਹੈ। ਸਿਰਾਂ ਤੋਂ ਸੱਖਣੇ ਸਰੀਰ ਨਾਚ ਕਰ ਰਹੇ ਹਨ, ਗਿੱਧਾਂ ਉਡ ਰਹੀਆਂ ਹਨ, ਡਰਾਉਣੇ ਕਾਂ ਬੋਲ ਰਹੇ ਹਨ, ਭੇਰੀਆਂ ਭੁੰਕ ਭੁੰਕ ਕਰ ਰਹੀਆਂ ਹਨ। ਟੋਪਾਂ ਦੀ ਟੱਕ ਟੱਕ ਢਾਲਾਂ ਦੀ ਢਕਾ ਢੱਕ, ਧੰਮ ਧੰਮ ਕਰਦੀਆਂ ਬਛੀਆਂ ਚਲ ਰਹੀਆਂ ਹਨ, ਇਹ ਰੌਲਾ ਨਾਗ ਲੋਕ ਅਤੇ ਪਤਾਲ ਲੋਕ ਵਿਚ ਸੁਣਿਆਂ ਜਾ ਰਿਹਾ ਸੀ। ਡੈਣਾ, ਜੋਗਣੀਆਂ ਤੇ ਭੂਤ ਬੋਲਦੇ ਹਨ ਮੋਢਿਆਂ ਅਤੇ ਸਿਰਾਂ ਤੋਂ ਹੀਣੇ ਧੜ ਨੱਚਦੇ ਫਿਰਦੇ ਹਨ। ਇਹ ਤਮਾਸ਼ਾ ਵੇਖ ਵੇਖ ਕੇ ਸਾਰੇ ਦੇਵਤੇ ਹੱਸ ਰਹੇ ਹਨ--ਪਰ ਸੁੰਭ ਕ੍ਰੋਧ ਵਾਨ ਹੋ ਰਿਹਾ ਹੈ--**ਹਸੇ ਦੇਵ ਸਰਬੰ ਰਿਸਯੋ ਦਾਨ ਵੇਸੰ ॥** ਦੇਵੀ ਸਾਰਿਆਂ ਦਾ ਨਾਸ ਇਉਂ ਕਰੀ ਜਾ ਰਹੀ ਹੈ ਜਿਵੇਂ ਤੱਤੇ ਤਵੇ ਤੇ ਪਾਣੀ ਦੀ ਬੂੰਦ ਦਾ ਨਾਸ ਹੋ ਜਾਂਦਾ ਹੈ ।

[ ਮੁੜ ਮੁੜ ਵਿਅਰਥ ਦੀ ਝੂਠ-ਬਕੜਵਾਹ ? [ ੩ ਤੋਂ ੯ ਤੱਕ] ਅੱਗੇ ੧੦ ਥੋਣ ੧੬ ਥਕ ਦਧ ਬਬਲਧ ਵਧਦ ਆਸੀਂ ਪਿਛੇ ਪੜ੍ਹ ਆਏ ਹਾਂ।

### ਨਰਾਜ ਛੰਦ ॥

**ਅਨੰਤ ਦੁਸਟ ਮਾਰਯੰ ॥ ਬਿਅੰਤ ਸੋਕ ਟਾਰਯੰ ॥ ਕਮੰਧ ਅੰਧ ਉਠੀਯੰ ॥ ਬਿਸੇਖ ਬਾਣ ਬੁੱਠੀਯੰ ॥੧੭॥ ੧੭੩ ॥**
**ਕੜਾਕ ਕਰਮੁਕੰ ਉਧੰ॥ ਸੜਾਕ ਸੈਹਥੀ ਜੁਧੰ ॥ ਬਿਅੰਤ ਬਾਣਿ ਬਰਖਯੰ॥ ਬਿਸੇਖ ਬੀਰ ਪਰਖਯੰ॥ ੧੮॥ ੧੭੪ ॥**

ਇਸ ਸਾਰੇ ਛੰਦ ਦੇ ਅਰਥ ਪੰਡਿਤ ਨਰੈਣ ਸਿੰਘ ਜੀ ਨੇ ਇਸ ਪ੍ਰਕਾਰ ਲਿਖੇ ਹਨ:--ਬੇਅੰਤ ਦੁਸ਼ਟਾਂ ਨੂੰ ਮਾਰ ਦਿੱਤਾ ਹੈ, ਬੇਹਿਸਾਬ ਗ਼ਮ ਦੂਰ ਕਰ ਦਿੱਤੇ ਹਨ, ਅੰਧਾ ਧੁੰਧ ਧੜੇ ਖੜੇ ਹੋ ਜਾਂਦੇ ਹਨ। ਚੰਗੇ ਚੰਗੇ ਤੀਰ ਚਲਾਉਂਦੇ ਹਨ, ਧਨੁਖਾਂ ਦੀ ਉਚੀ ਉਚੀ ਆਵਾਜ਼ ਹੁੰਦੀ ਹੈ। ਜੁੱਧ ਵਿਚ ਸੜਾ ਸੜ ਸੈਹਥੀ ਦੀ ਆਵਾਜ਼ ਹੋ ਰਹੀ ਹੈ। ਬਹੁਤੇ ਸੂਰਮੇ ਤੀਰਾ ਦੀ ਬਰਖਾ ਕਰਦੇ ਹਨ, ਚੰਗੇ ਚੰਗੇ ਸੂਰਮਿਆਂ ਦੀ ਪਰਖ ਹੋ ਰਹੀ ਹੈ। (੧੭+੧੮)

### ਸੰਗੀਤਾ ਨਰਾਜ ਛੰਦ-

**ਕੜਾ ਕੜੀ ਕ੍ਰਿਪਾਣਯੰ ॥ ਜਟਾ ਜੂਟੀ ਜੁਆਣਯੰ ॥ ਸੁ ਬੀਰ ਜਾਗੜਦੰ ਜਗੇ ॥ ਲੜਾਕ ਲਾਗੜਦੰ ਪਗੇ ॥੧੯॥ ੧੭੫॥**

ਕਿਰਪਾਨਾਂ ਕਾੜ ਕਾੜ ਕਰਦੀਆਂ ਹਨ। ਜੁਆਨ ਜੁਟੋ ਜੁਟੀ ਹੋ ਰਹੇ ਹਨ। ਚੰਗੇ ਬੀਰ ਜਾਗ੍ਰਤ ਵਿਚ ਜਾਗੇ ਹਨ। ਲੜਾਕੇ ਲੜਾਈ ਵਿਚ ਮਤੇ ਹੋਏ ਹਨ। ੧੯।

**ਰਸਾਵਲ ਛੰਦ**--ਸੰਖੇਪ ਵਿਚ ਅਰਥ--ਤੇਗ਼ ਨੂੰ ਝੱਟ ਕਰਕੇ ਝਮਕਾਉਂਦੇ ਹਨ। ਭਾਰੀ ਗੁਰਜ ਨੂੰ ਗੱਟ ਕਰਕੇ ਸ਼ੇਰ ਦੀ ਪਿੱਠ ਉਤੇ ਮਾਰ ਦਿੰਦੇ ਹਨ। ਕਿਤੇ ਗਿੱਦੜ ਲਹੂ ਚੱਟਦੇ ਹਨ, ਕਿਤੇ ਰੌਲਾ ਪੈ ਰਿਹਾ ਹੈ, ਕਿਤੇ ਖੇਹ ਵਿਚ ਲੇਟਦੇ ਹਨ। ਕਿਤੇ ਭੱਟ ਜਸ ਗਾਉਂਦੇ ਹਨ। ਕਿਤੇ ਪੇਟ ਪਾਟੇ ਹੋਏ ਹਨ। ਕਿਤੇ ਵੈਰੀ ਨੂੰ ਡਾਂਟ ਦਿਦੇ ਹਨ। ਹਰਟ ਵਾਂਗੂ (ਇਧਰ ਉਧਰ) ਫਿਰਦੇ ਹਨ, ਆਦਿ। (੧੭ ਤੋਂ ੨੫ ਤੱਕ) ਭਵਾਨੀ ਨੇ ਵੈਰੀਆਂ ਦਾ ਨਾਸ ਇਸ ਤਰ੍ਹਾਂ ਕੀਤਾ, ਜਿਵੇਂ ਚਮਾਸੇ ਦਾ ਮੀਂਹ ਜਵਾਹੇ ਨੂੰ ਸਾੜ ਸੁੱਟਦਾ ਹੈ। ਜਿਹੜੇ ਬੜੇ ਦਿਲ ਵਾਲੇ ਤੇ ਲੜਾਕੇ ਸਨ ਇਕੋਂ ਵਾਰੀ ਜਗਾਹ ਤੋਂ ਹਟਾ ਦਿੱਤੇ। ਉਧਰੋਂ ਢੱਡਾਂ ਦੀ ਢੰਮ ਢੰਮ ਹੋ ਰਿਹਾ ਸੀ ਤੇ ਏਧਰ ਦੁਰਗਾ ਨੇ ਸੂਰਮੇ ਮਾਰ ਮੁਕਾਏ। ਕਈ ਰਾਜੇ ਮਾਰੇ ਗਏ ਕਈਆਂ ਨੂੰ ਸ਼ੇਰ ਨੇ ਪਾੜ ਦਿੱਤਾ। ਕਾਲੇ ਦੈਂਤਾਂ ਨੂੰ ਕਾਲੀ ਨੇ ਮਾਰ ਦਿੱਤਾ। ਬਹੁਤੇ ਕ੍ਰੋਧੀ ਮੈਦਾਨ ਛੱਡ ਕੇ ਨੱਸ ਗਏ (੧੯੭ ਛੰਦ ਤੱਕ)

### ਦੋਹਰਾ

**ਇਹ ਬਿਧਿ ਦੁਸਟ ਪ੍ਰਜਾਰ ਕੈ ਸਸਤ੍ਰ ਅਸਤ੍ਰ ਕਰ ਲੀਨ ॥ ਬਾਣ ਬੁੰਦ ਪ੍ਰਿਥਮੈ ਸਿੰਘ ਨਾਦ ਪੁਨ ਕੀਨ ॥ ੩੨ ॥ ੧੯੮ ॥**

**ਅਰਥ:--ਇਸ ਤਰ੍ਹਾਂ ਦੁਸ਼ਟਾਂ ਨੂੰ ਚੰਗੀ ਤਰ੍ਹਾਂ ਸਾੜਕੇ ਦੇਵੀ ਨੇ ਸ਼ਸਤ੍ਰ ਅਸਤ੍ਰ ਹੱਥ ਵਿਚ ਫੜ ਲਏ ਸਨ। ਪਹਿਲੇ ਬੂੰਦਾਂ ਵਾਂਗੂ ਬਾਣਾ ਦੀ ਵਰਖਾ ਕੀਤੀ ਤੇ ਮਗਰੋਂ ਸਿੰਘ ਨਾਦ ਕੀਤਾ ਹੈ, (ਅਰਥਾਤ, ਸ਼ੇਰ ਵਾਂਗੂ ਬੜ੍ਹਕ ਮਾਰੀ)। ੩੨ ॥**

ਭਰਾ ਦੀ ਮੌਤ ਸੁਣ ਕੇ **ਸੁੰਭ** ਜਿਵੇ ਵਡੇ ਕ੍ਰੋਧ ਨਾਲ ਯੁੱਧ ਲਈ ਚੜ੍ਹਿਆ ਅਤੇ ਸਾਰੇ ਭਗਵਾਨਾਂ ਨੂੰ ਕਾਂਬਾ ਛਿੜ ਗਿਆ ਸੀ ਉਸ ਦਾ ਹਾਲ ਉਪ੍ਰੋਕਤ ੧੫੭ ਨੰਬਰ ਛੰਦ ਵਿਚ ਆ ਚੁੱਕਾ ਹੈ, ਪਰ ਏਥੇ ਫਿਰ ?:---

**ਰਸਾਵਲ ਛੰਦ ॥**

**ਸੁਣਯੋ ਸੁੰਭ ਰਾਯੰ ॥ ਚੜਯੋ ਚਉਪ ਚਾਯੰ ॥ ਸਜੈ ਸ਼ਸਤ੍ਰ ਪਾਣੰ ॥ ਚੜ੍ਹੇ ਜੰਗ ਚਾਯੰ ॥ ੩੩ ॥**
**ਲਗੇ ਢੋਲ ਢੰਕੇ ॥ ਕਮਾਣੰ ਕੜੰਕੇ ॥ ਭਏ ਨੱਦ ਨਾਦੰ ॥ ਧੁਣੰ ਨਿਰ ਬਿਖਾਯੰ ॥ ੩੪ ॥**
**ਚਮਕੀ ਕ੍ਰਿਪਾਣੰ ॥ ਹਠੇ ਤੇਜ ਮਾਣੰ ॥ ਮਹਾਂ ਬੀਰ ਹੁੰਕੇ ॥ ਸੁ ਨੀਸਾਣੁ ਦ੍ਰੰਕੇ ॥ ੩੫ ॥**
**ਚਹੂੰ ਓਰ ਗਰਜੇ ॥ ਸਬੈ ਦੇਵ ਲਰਜੇ ॥ ਸਰੰ ਧਾਰ ਬਰਖੇ ॥ ਮੀਯਾ ਪਾਣ ਪਰਖੇ ॥ ੩੬ ॥[੧੯੨॥**

**ਅਰਥ**:--ਸੁੰਭ ਰਾਜੇ ਨੇ ਸੁਣਿਆਂ ਹੈ। ਸ਼ੌਕ ਤੇ ਉਤਸ਼ਾਹ ਨਾਲ ਜੰਗ ਨੂੰ ਚੜ੍ਹਿਆ ਹੈ। ਹੱਥਾਂ ਵਿਚ ਸ਼ਸਤ੍ਰ ਸਜਾਏ ਹਨ। ਜੁਆਨ ਜੰਗ ਨੂੰ ਚੜ੍ਹੇ ਹਨ **।੩੩।** ਢੋਲਾਂ ਪੁਰ ਡਗੇ ਵਜੈ ਹਨ। ਕਮਾਨਾਂ ਕੜਕੀਆਂ ਹਨ। ਧੌਂਸਿਆਂ ਦੀ ਗੂੰਜ ਹੋਈ ਹੈ। ਇਹ ਗੂੰਜ ਇੱਕਸਾਰ ਹੋ ਰਹੀ ਸੀ । ੩੪ । ਤਲਵਾਰਾਂ ਚਮਕੀਆਂ ਹਨ। ਹਠੀ ਤੇਜ ਵਾਲੇ ਮਹਾਂ ਸੂਰਮਿਆਂ ਨੇ ਲਲਕਾਰੇ ਦਿੱਤੇ ਹਨ ਧੌਂਸਿਆਂ ਦੀ ਗੂੰਜ ਉਠੀ ਹੈ । ੩੫ ॥ ਚੌਹਾਂ ਪਾਸਿਆਂ ਤੋਂ ਦੈਂਤ ਗੱਜਦੇ ਹਨ। ਤੀਰਾਂ ਦਾ ਮੀਂਹ ਵੱਸ ਰਿਹਾ ਹੈ। ਦੁਰਗਾ ਦੇ ਹੱਥ ਦੈਂਤਾਂ ਨੇ ਪਰਖੇ ਹਨ । ੩੫। ਕੀ ਸਮਝਿਆ ਜਾਵੇ ? ਕੀ, ਪਿੱਛੇ ਹੁਣ ਤੱਕ ਦਾ (੧੫੭ ਤੋਂ ੧੯੮ ਤੱਕ ਦਾ) ਸਾਰਾ ਰੋਲਾ ਗੌਲਾ ਐਵੇਂ ਵਿਅਰਥ ਵਿਚ ਸਮੇਂ ਦਾ ਹੀ ਨਸ਼ਟ ਹੋ ਰਿਹਾ ਸੀ ? ਇਸ ਤਰ੍ਹਾਂ ਦੇ ਬੇ ਸੁਰੇ ਅਤੇ ਗਿਆਨ ਹੀਣ, ਉਤਸ਼ਾਹ ਹੀਣ, ਝੂਠ ਵਾਰਤਾ ਵਿਚ ਮੁੜ ਮੁੜ ਡਮਰੂ, ਢੋਲ, ਵਾਜੇ, ਭੂਤ, ਚੜੇਲਾਂ,--**ਨਚੇ ਬੀਰ ਬੇਤਾਲ ਭੂਤੰ ਭਭੱਕੰ ॥ ੫੮ ॥ ੨੧੪ ॥** ਵਿਅਰਥ ਦੀ ਬਕੜਵਾਹ--ਅਤੇ ਅੰਤ ਜਦੋਂ ਯੁੱਧ ਦੀ ਸਮਾਪਤੀ ਕਰਨੀ ਚਾਹੀ ਤਾਂ---

**ਬੇਲੀ ਬਿੱਦ੍ਰਮ ਛੰਦ ॥**

**ਸਰਬ ਸਸਤ੍ਰ ਆਵਤ ਭੇ ਜਿਤੇ ॥ ਸਭ ਕਾਟ ਦੀਨ ਦ੍ਰਗਾ ਤਿਤੇ ॥**
**ਅਰਿ ਅਉਰ ਜੋਤਿਕ ਡਾਰੀਐਂ ॥ ਤੇਉ ਕਾਟਿ ਭੂਮਿ ਉਤਾਰੀਐਂ ॥ ੫੯ ॥**
**ਸਰ ਆਪ ਕਾਲੀ ਛੰਡੀਐਂ ॥ ਸਰਬਾਸਤ੍ਰ ਸਤ੍ਰ ਬਿਹੰਡੀਐਂ ॥**
**ਸ਼ਸਤ੍ਰ ਹੀਨ ਜਬੈ ਨਿਹਾਰਯੋ ॥ ਜੈ ਸਬਦ ਦੇਵਨ ਉਚਾਰਯੋ** ॥ ੬੦ ॥
**ਨਭਿ ਮੱਧ ਬਾਜਨ ਬਾਜਹੀਂ ॥ ਅਲਿਕੋਕਿ ਦੇਵਾ ਗਾਜਹੀਂ ॥**
**ਲਖਿ ਦੇਵ ਬਾਰਣ ਬਾਰ ਹੀਂ ॥ ਜੈ ਸਬਦ ਸਰਬ ਪੁਕਾਰ ਹੀਂ ॥ ੬੧ ॥੨੧੭।**
**ਰਣ ਕੋਪ ਕਾਲ ਕਰਾਲੀਯੰ ॥ ਖਟ ਅੰਗ ਪਾਣ ਉੜ੍ਹਾਲਯੰ ॥**
**ਸਿਰ ਸੁੰਭ ਹਥਦੁ ਛੰਡੀਯੰ ॥ ਇਕ ਚੋਟ ਦੁਸਟ ਬਿਹੰਡੀਯੰ ॥ ੬੨ ॥ ੨੧੮ ॥**

**ਅਰਥ**:-ਸਾਰੇ ਸ਼ੱਤ੍ਰੂ ਜਿੰਨੇ ਆਣਕੇ ਸਾਹਮਣੇ ਹੋਏ ਦੁਰਗਾ ਨੇ ਸਾਰੇ ਕੱਟ ਦਿੱਤੇ। ਜਿੰਨੇ ਅਸਤ੍ਰ ਵੈਰੀ ਸੁੱਟਦੇ ਦੁਰਗਾ ਸਾਰਿਆਂ ਨੂੰ ਕੱਟ ਕੇ ਧਰਤੀ ਤੇ ਸੁੱਟ ਦਿੰਦੀ। ੫੯। ਕਾਲੀ ਨੇ ਜਦ ਆਪ ਤੀਰ ਛੱਡੇ ਤਾਂ ਵੈਰੀ ਦੇ ਸਾਰੇ ਅਸਤ੍ਰ ਟੋਟੇ ਹੋ ਗਏ। ਜਦੋਂ (ਸੰਭ ਨੂੰ) ਸ਼ਸਤ੍ਰਾਂ ਤੋਂ ਹੀਨਾ ਵੇਖਿਆ ਤਾਂ ਦੇਵਤਿਆਂ ਨੇ ਦੁਰਗਾ ਦੀ ਜੈ ਦਾ ਨਾਹਰਾ ਬੋਲ ਦਿੱਤਾ । ੬੦ । ਅਕਾਸ਼ ਦੇ ਵਿਚ ਵਾਜੇ ਵੱਜਦੇ ਹਨ। ਦੇਵੀ ਨੂੰ ਗੱਜਦਾ ਵੇਖਦੇ ਹਨ। ਦੇਵਤੇ ਲੱਖਾਂ ਵਾਰਨੇ ਵਾਰਦੇ ਹਨ ਅਤੇ ਦੁਰਗਾ ਦੀ ਜੈ ਦਾ ਨਾਰਾ ਲਾਉਂਦੇ ਹਨ। ੫੧ ॥ ਕਾਲੀ ਕ੍ਰੋਧ ਨਾਲ ਡਰੌਣਾ ਰੂਪ ਧਾਰੀ ਰਣ ਵਿਚ ਫਿਰਦੀ ਹੈ, (ਉਸ ਨੇ ਸੁੰਭ ਨੂੰ ਫੜਕੇ ਉਸਦੇ) ਸਰੀਰ ਨੂੰ ਦੋਹਾਂ ਹੱਥਾਂ ਨਾਲ ਉਛਾਲਿਆ ਅਤੇ ਹੈਠਾਂ ਆਉਂਦੇ ਦਾ ਸਿਰ ਵੱਢ ਕੇ ਦੁਸ਼ਟ ਮਾਰ ਦਿੱਤਾ ।੬੨।

**ਜ਼ਰੂਰੀ ਸੂਚਨਾ**:--ਪਾਠਕ ਸੱਜਣ ਧਿਆਨ ਦੇਣ ਕਿ ਮੁੜ ਮੁੜ ਏਹੀ ਪ੍ਰਭਾਵ ਮਿਲ ਰਿਹਾ ਹੈ ਕਿ, ਦੁਰਗਾ ਅਤੇ ਦੈਂਤਾਂ ਦੀ ਜੰਗ ਵਿਚ, ਦੇਵਤੇ ਜਾਂ ਡਰਦੇ ਕੰਬਦੇ ਲੁਕਦੇ ਫਿਰਦੇ ਦਰਸਾਏ ਗਏ ਹਨ ਅਤੇ ਜਾਂ ਮਰਾਸੀਆਂ ਵਾਂਗ ਦੇਵੀ ਦੀ ਜੈ-ਜੈਕਾਰ ਅਤੇ ਉਸਤਤਿ ਕਰਦੇ ਹੀ ਨਜ਼ਰ ਆਏ ਹਨ। ਬਹਾਦਰੀ, ਅਤੇ ਸਾਹਸ ਕੇਵਲ ਉਨ੍ਹਾਂ ਦੈਂਤਾਂ ਵਿਚ ਜਿਨ੍ਹਾਂ ਨੂੰ ਅਤਿ ਦਰਜੇ ਦੇ ਪਾਪੀ ਕਹਿ ਕੇ ਜਾਨੋਂ ਮਾਰ ਦੇਣਾ ਪੁੰਨ ਸਮਝਿਆ ਜਾ ਰਿਹਾ ਹੈ? **ਧਰਮ ਜੁੱਧ ਕੇ ਚਾਇ** ਵਾਲੇ, ਅਥਵਾ-- **ਅਤ ਹੀ ਰਨ ਮੈ ਤਬ ਜੂਝ ਮਰੋਂ**-- ਕਹਿਣ ਵਾਲੇ ਧਰਮੀ, ਡਰ ਨਾਲ ਕੰਬ ਰਹੇ ਹਨ, ਅਤੇ ਪਾਪੀ ਸ਼ਹੀਦੀਆਂ ਪਾਉਣ ਦੇ ਜੋਸ਼ ਵਿਚ ਢੋਲ ਵਜਾ ਰਹੇ ਹਨ। ਕਿਆ ਸੋਹਣੀ ਪ੍ਰੇਰਨਾ ਮਿਲ ਰਹੀ ਹੈ ? ਕੀ, ਅਜੇਹੀ ਕਾਵ-ਰਚਨਾ ਤੋਂ ਬਹਾਦਰ ਬਣਨ ਦਾ ਉਤਸ਼ਾਹ ਮਿਲਦਾ ਹੈ ਕਿ, ਜਾਂ ਡਰੂ ਭੰਡ ਬਣ ਕੇ ਤਕੜੇ ਨੂੰ ਵਡਿਆ ਕੇ ਅਥਵਾ ਉਸ ਦੀ ਝੋਲੀ ਚੁੱਕ ਕੇ, ਉਸ ਨੂੰ ਖ਼ੁਸ਼ ਕਰ ਕੇ ( ਉਸ ਨੂੰ ਉੱਲੂ ਬਣਾ ਕੇ ?), ਉਸ ਦੀ ਸ਼ਕਤੀ ਦੁਆਰਾ ਰਾਜ ਭਾਗ ਸਾਂਭ ਲੈਣ ਦੀ ਕੂਟਲ ਨੀਤੀ ਸਿਖਾਉਂਦਾ ਹੈ ?

**ਦੋਹਰਾ ॥**

**ਜਿਮ ਸੁੰਭਾਸੁਰ ਕੋ ਹਨਾ, ਅਧਿਕ ਕੋਪ ਕੈ ਕਾਲਿ ॥ ਤਿਯੋ ਸਾਧਨ ਕੈ ਸਤ੍ਰ ਸਭ ਚਾਬਤ ਜਾਂਹਿ ਕਰਾਲ ॥ ੬੩ ॥ ੨੧੯ ॥**

**ਅਰਥ**:--ਹੇ ਕਾਲੀ ! ਜਿਵੇਂ ਤੂੰ **ਵਡਾ ਕ੍ਰੋਧ** ਕਰਕੇ ਸੰਭ ਦੈਂਤ ਨੂੰ ਮਾਰਿਆ ਸੀ, ਤਿਵੇ ਸੰਤਾਂ (ਬਾਕੀ ਬਚੇ) ਸਭਨਾ ਵੈਰੀਆਂ ਨੂੰ ਡਰਾਉਣਾ (ਰੂਪ ਧਾਰ ਕੇ) **ਚੱਬ** ਜਾਹ । ੬੩ ।

ਚੌਰਾਸੀਹ ਲੱਖ ਜੂਨਾਂ ਦੀ ਸਿਰਦਾਰ, ਦੁਰਲੱਭ ਮਨੁੱਖਾ ਦੇਹੀ ਨੂੰ ਚੱਬ ਕੇ ਖਾ ਜਾਣ ਵਾਲੀ ਇਸ **ਸ਼ਿਵ**-ਕਾਲਿਕਾ, ਕਾਲੀ, ਕਾਲ, ਚੰਡਿਕਾ ਨੂੰ ਹਰ ਸਮੇਂ ਕ੍ਰੋਧਵਾਨ ਹੋਈ ਵੇਖਦੇ ਆ ਰਹੇ ਹਾਂ। ਕ੍ਰੋਧ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਇਸ ਪ੍ਰਕਾਰ ਹੈ:--

**੩੯- ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ ॥ ਬਿਖਯੰਤ ਜੀਵੰ ਵਸੵੰ ਕਰੋਤਿ ਨਿਰਤੵੰ**
**ਕਰੋਤਿ ਜਥਾ ਮਰਕਟਹ ॥ ਅਨਿਕ ਸਾਸਨ ਤਾੜੰਤਿ ਜਮਦੂਤਹ ਤਵ ਸੰਗੇ ਅਧਮੰ ਨਰਹ ॥**
**ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖੵਾ ਕਰੋਤਿ ॥੪੭॥** {੧੩੫੮}

**ਅਰਥ**:--ਹੇ ਝਗੜੇ ਦੇ ਮੁੱਢ ਕ੍ਰੋਧ ! (ਤੇਰੇ ਅੰਦਰ) ਕਦੇ ਦਇਆ ਨਹੀਂ ਉਪਜਦੀ । ਤੂੰ ਵਿਕਾਰੀ ਜੀਵਾਂ ਨੂੰ ਆਪਣੇ ਵੱਸ ਵਿਚ ਕਰ ਲੈਂਦਾ ਹੈਂ । ਤੇਰੇ ਵੱਸ ਵਿਚ ਆਇਆ ਜੀਵ ਇਉਂ ਨੱਚਦਾ ਹੈ ਜਿਵੇਂ ਬਾਂਦਰ । ਤੇਰੀ ਸੰਗਤ ਵਿਚ ਨੀਚ (ਸੁਭਾਵ ਵਾਲੇ) ਬਣ ਜਾਂਦੇ ਹਨ । ਜਮਦੂਤ ਉਨ੍ਹਾਂ ਨੂੰ ਅਨੇਕਾਂ ਹੁਕਮ ਤੇ ਦੰਡ ਦਿੰਦੇ ਹਨ । ਹੇ ਨਾਨਕ ! ਦੀਨਾਂ ਦੇ ਦੁੱਖ ਦੂਰ ਕਰਨ ਵਾਲਾ ਦਿਆਲ ਪ੍ਰਭੂ ਹੀ (ਇਸ ਕ੍ਰੋਧ ਤੋਂ) ਸਭ ਜੀਵਾਂ ਦੀ ਰਖਿਆ ਕਰਦਾ ਹੈ (ਹੋਰ ਕੋਈ ਨਹੀਂ ਕਰ ਸਕਦਾ) । ੪੭ ।

ਇਨ੍ਹਾਂ ਦੇਵੀ ਚਰਿਤ੍ਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਫ਼ਤਵਾ ਕਿ, ਕ੍ਰੋਧ, ਝਗੜੇ ਫ਼ਸਾਦਾਂ ਦਾ ਮੂਲ ਹੈ, ਅੱਖਰ ਅੱਖਰ ਸੱਚ ਸਿੱਧ ਹੋਇਆ ਅਸਾਂ ਕਈ ਵਾਰ ਵੇਖ ਲਿਆ ਹੈ। ਹਰ ਸਮੇ ਕ੍ਰੋਧ ਵਾਨ ਹੋਈ ਦੁਰਗਾ ਦੈਂਤਾਂ ਅਤੇ ਦੇਵਤਿਆਂ ਨੂੰ ਸੁਲਾਹ ਸਫ਼ਾਈ ਨਾਲ ਰਹਿਣ ਦੀ ਗੱਲ ਕਰਨੀ ਜਾਣਦੀ ਹੀ ਨਹੀਂ। ਦੇਵਤਿਆਂ ਦੀ ਇੱਕ ਤਰਫ਼ੀ ਗੱਲ ਸੁਣਦਿਆਂ ਸਾਰ ਯੁੱਧ ਦਾ ਸੰਖ ਵਿਜਾਉਣ ਲਈ ਤਿਆਰ ਬਰ ਤਿਆਰ ਨਜ਼ਰੀਂ

ਆਉਂਦੀ ਹੈ। ਅਜੇਹੇ ਕ੍ਰੋਧੀ ਇਸ਼ਟ ਦੇ ਪੁਜਾਰੀ ਕ੍ਰੋਧ ਅਗਨੀ ਵਿਚ ਸੜਦੇ ਰਹਿਣ ਨੂੰ ਧਰਮ ਮੰਨ ਬੈਠਦੇ ਹਨ। ਇਨ੍ਹਾਂ ਦੇਵੀ ਦੇਵਤਿਆਂ ਨੂੰ ਪ੍ਰਸੰਨ ਕਰਕੇ ਮਨ ਇਛੇ ਵਰ ਪ੍ਰਾਪਤ ਕਰਨ ਲਈ ਤਪੱਸਵੀ ਅਥਵਾ ਤੀਰਥਾਂ ਤੇ ਇਸ਼ਨਾਨ ਕਰਦੇ ਫਿਰਦੇ ਕ੍ਰੋਧੀ ਸੰਨਿਆਸੀ ਬਾਰੇ ਸਤਿਗੁਰਾਂ ਦਾ ਫੁਰਮਾਨ:--

੪●- **ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ ॥ ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ**
**ਭਇਆ ਗੁਮਾਨਾ ॥ ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ ॥੨॥**{੧●●੩}-੬-੧੫

ਧਿਆਨ ਨਾਲ ਗੁਰੂ ਬਾਣੀ ਦਾ ਪਾਠ ਕਰਨ ਵਾਲੇ ਗੁਰਮੁੱਖ ਜਾਣਦੇ ਹਨ ਕਿ ਗੁਰਬਾਣੀ ਵਿਚ ਕ੍ਰੋਧ ਦੇ ਨਾਲ ਕਾਮ ਦਾ ਜ਼ਿਕਰ ਵਿਸ਼ੇਸ਼ ਕਰਕੇ ਆਇਆ ਹੈ। ਅਤੇ ਕਾਮੀ ਅਥਵਾ ਕ੍ਰੋਧੀ ਵਿਯਕਤੀ ਬਾਰੇ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਫ਼ਤਵਾ ਇਸ ਪ੍ਰਕਾਰ ਹੈ:--

੪੧- **ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥ ਕਸਿ ਕਸਵਟੀ ਸਹੈ ਸੁ ਤਾਉ ॥**
**ਨਦਰਿ ਸਰਾਫ ਵੰਨੀ ਸਚੜਾਉ ॥ ਜਗਤੁ ਪਸੂ ਅਹੰ ਕਾਲੁ ਕਸਾਈ ॥ ਕਰਿ ਕਰਤੈ ਕਰਣੀ ਕਰਿ ਪਾਈ ॥**
**ਜਿਨਿ ਕੀਤੀ ਤਿਨਿ ਕੀਮਤਿ ਪਾਈ ॥ ਹੋਰ ਕਿਆ ਕਹੀਐ ਕਿਛੁ ਕਹਣੁ ਨ ਜਾਈ ॥੧੮॥** {੯੩੨}

ਸ਼ੁੰਭ ਦੀ ਮੌਤ ਹੁੰਦੇ ਸਾਰ, ਛੇਵੇ ਅਧਿਆਇ ਦੀ ਸਮਾਪਤੀ ਦੀ ਘੋਸ਼ਨਾ--

**ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰ ਸੁੰਭ ਬਦਹ ਖਸ਼ਟਮੋ ਧਿਆਯਿ**
**ਸੰਪੂਰਣ ਮਸਤੁ ਸੁਭ ਮਸਤੁ ॥ ੬ ॥ ਅਫ਼ਜੂ ॥**

## ੧੩- ਅਥ ਜੈਕਾਰ ਸਬਦ ਕੱਥਨੰ ॥

ਇਸ ਤੋਂ ਅੱਗੇ ਦੇਵੀ ਦੀ ਜੈ-ਜੈਕਾਰ ਅਤੇ ਉਸ ਦੀ ਉਸਤਤਿ ਹੈ:--

**ਬੇਲੀ ਬਿੱਦ੍ਰਮ ਛੰਦ ॥**

ਜੈ ਸਬਦ ਦੇਵ ਪੁਕਾਰ ਹੀਂ ॥ ਸਬ ਫੂਲ ਫੂਲਨ ਡਾਰ ਹੀਂ ॥
ਘਨਸਾਰ ਕੁਕਮ ਲਿਆਇਕੈ ॥ ਟੀਕਾ ਦੀਯੋ ਹਰਖਾਇਕੈ ॥ ੧ ॥ ੨੨੦ ॥

**ਅਰਥ**:--ਜੈ ਹੋ, ਜੈ ਹੋ ਸਬਦ ਦੇਵਤੇ ਬੋਲਦੇ ਹਨ। ਸਾਰੇ ਖ਼ੁਸ਼ ਹੋ ਕੇ ਫੁੱਲ ਸੁਟਦੇ ਹਨ। ਚੰਦਨ ਤੇ ਕੇਸਰ ਲਿਆਕੇ ਪ੍ਰਸੰਨਤਾ ਨਾਲ (ਦੇਵੀ ਨੂੰ) ਤਿਲਕ ਕਰ ਦਿੱਤਾ ।੧।

**ਚੌਪਈ ॥**

ਉਸਤਤ ਸਬਹੂੰ ਕਰੀ ਅਪਾਰਾ ॥ ਬ੍ਰਹਮ ਕਵਚ ਕੋ ਜਾਪ ਉਚਾਰਾ ॥
ਸੰਤ ਸੰਬਹੁ ਪ੍ਰਫੁੱਲਤ ਭਏ ॥ ਦੁਸਟ ਅਰਿਸਟਿ ਨਾਸ ਹ੍ਵੈ ਗਏ ॥ ੨ ॥

**ਅਰਥ**:--ਸਾਰਿਆਂ ਨੇ (ਦੇਵੀ ਦੀ) ਬਹੁਤ ਉਸਤਤੀ ਕੀਤੀ। ਬ੍ਰਹਮ ਕਉਚ ਜਾਪ ਨੂੰ ਪੜ੍ਹਿਆ। ਸਾਰੇ ਦੇਵਤੇ ਵਡੇ ਅਨੰਦ ਹੋਏ ਹਨ। (ਕਿਉਂਕਿ) ਦੁਖ ਦੇਣ ਵਾਲੇ ਸਾਰੇ ਦੁਸ਼ਟ ਨਾਸ ਹੋ ਗਏ ਹਨ। ੨ ।

**ਸਾਧਨ ਕੋ ਸੁਖ ਬਢੇ ਅਨੇਕਾ ॥ ਦਾਨਵ ਦੁਸਟ ਨ ਬਾਚਾ ਏਕਾ ॥**
**ਸੰਤ ਸਹਾਇ ਸਦਾ ਜਗ ਮਾਈ ॥ ਜਹ ਤੱਹ ਸਾਧਨ ਹੋਹਿ ਸਹਾਈ ॥ ੩ ॥**

**ਅਰਥ**:--ਦੇਵਤਿਆਂ ਨੂੰ ਅਨੇਕਾਂ ਸੁਖ ਵਧੇ ਹਨ। ਦੁਸ਼ਟ ਦੈਂਤ ਇੱਕ ਵੀ ਨਹੀਂ ਬਚਿਆ ਹੈ। ਜਗਤ ਮਾਤਾ ਸਦਾ ਹੀ ਜਿੱਥੇ ਕਿਥੇ ਸੰਤਾਂ ਦੀ ਸਹਾਇਕ ਹੈ । ੪ ।

ਸੁਰਗਾਂ ਵਿਚ ਦੇਵਤਿਆਂ ਤੋਂ ਬਿਨਾ ਹੋਰ ਸੰਤ ਕੌਣ ਸੀ ? ਦੈਂਤਾਂ ਤੋਂ ਬਿਨਾ ਕੋਈ ਦੁਸ਼ਟ ਨਹੀਂ ਸੀ। ਜਦੋਂ ਕੋਈ ਅਜੀਬ ਤਮਾਸ਼ੇ ਵਾਲਾ ਨਾਟਕ ਰਚਨ ਨੂੰ ਦਿਲ ਕੀਤਾ, ਦੋਹਾਂ ਧੜਿਆਂ ਦੀ ਲੜਾਈ ਕਰਵਾ ਲਈ ਅਤੇ ਫਿਲਮੀ ਹੀਰੋ ਵਾਂਗ, **ਦੁਰਗਾ ਦੇਵੀ** ਜਾਂ **ਵਿਸ਼ਨੂੰ** ਭਗਵਾਨ, ਹੀਰੋ ਬਣ ਬੈਠੇ ?

**ਦੇਵੀ ਜੂ ਕੀ ਉਸਤਤਿ ॥ ਭੁਜੰਗ ਪ੍ਰਯਾਤ ਛੰਦ ॥**

**ਨਮੋ ਜੋਗ ਜ੍ਵਾਲੰ ਧਰੀਅੰ ਜੁਆਲੰ ॥ ਨਮੋ ਸੁੰਭ ਹੰਤੀ ਨਮੋ ਕ੍ਰੂਰ ਕਾਲੰ ॥**
**ਨਮੋ ਸ੍ਰੋਣ ਬੀਜਾਰਦ੍ਨੀ ਧੂਮ੍ਰ ਹੰਤੀ ॥ ਨਮੋ ਕਾਲਕਾ ਰੂਪ ਜੁਆਲਾ ਜਯੰਤੀ** ॥ ੪ ॥ ੨੨੩॥੦

ਦੇਵੀ ਲਈ ਨਮੋ ਦੀ ਇਹ ਮੁਹਾਰਨੀ ੩੭ਵੇਂ ਛੰਦ ਤੱਕ ਨਿਰੰਤਰ ਤੁਰੀ ਜਾਂਦੀ ਹੈ । ਦਾਸ ਦਾ ਮਨ ਕਿਸੇ ਹਾਲਤ ਵਿਚ ਵੀ ਇਹ ਮੰਨਣ ਨੂੰ ਤਿਆਰ ਨਹੀਂ ਹੋ ਰਿਹਾ ਕਿ, ਕੇਵਲ ਇੱਕ ਅਕਾਲ ਪੁਰਖ ਦੀ ਭਗਤੀ ਨਾਲ ਜੋੜਨ ਲਈ ਸੰਸਾਰ ਵਿਚ ਆਏ ਦਸ਼ਮੇਸ਼ ਜੀ ਦੀ ਕਲਮ, ਦੁਰਗਾ ਲਈ ਜਾਂ ਕਿਸੇ ਵੀ ਦੇਵੀ ਦੇਵਤੇ ਲਈ ' **ਨਮੋ** ' ਸਬਦ ਲਿਖਣਾ ਝੱਲ ਸਕਦੀ ਸੀ। ਫਿਰ ਇਹ ਕਹਿਣਾ ਬੜਾ ਹੀ ਬੇਦਲੀਲਾ ਅਤੇ ਕੁਟਲਨੀਤੀ ਨਾਲ ਘੜਿਆ ਢੁੱਚਰ ਹੈ, ਕਿ ਦਸ਼ਮੇਸ਼ ਜੀ ਨੇ ਆਪਣੇ ਵੱਲੋਂ ਕੁਝ ਨਹੀਂ ਲਿਖਿਆ, ਉਹ ਤਾਂ ਸਿੱਖਾਂ ਦੀ ਜਾਣਕਾਰੀ ਲਈ ਹਿੰਦੂਆਂ ਦੇ ਗ੍ਰੰਥਾਂ ਦਾ ਕੇਵਲ ਅਨੁਵਾਦ ਹੀ ਕਰ ਰਹੇ ਸਨ। **ਕਾਰਨ ?**:--

(੧) ਜੇ ਦਸਮ ਗ੍ਰੰਥ ਦੀ ਬਾਣੀ ਕੇਵਲ ਅਨਵਾਦ ਹੀ ਹੈ ਤਾਂ ਉਸ ਵਿਚਲੀ ਬਾਣੀ ਦਾ ਕੋਈ ਵੀ ਹਿੱਸਾ ਨਿੱਤਨੇਮ ਦਾ ਭਾਗ ਕਿਸ ਦਲੀਲ ਨਾਲ ਬਣਾ ਲਿਆ ਗਿਆ ?

(੨) ਨਿਰਾ ਨਿੱਤ ਨੇਮ ਦਾ ਹਿੱਸਾ ਹੀ ਨਹੀਂ ਸਗੋਂ ਖੰਡੇ ਬਾਟੇ ਦੇ ਅੰਮ੍ਰਿਤ ਦੀ ਤਿਆਰੀ ਸਮੇ ਦਸਮ ਗ੍ਰੰਥ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲੋਂ ਵੀ ਅੱਗੇ ਲੰਘ ਤੁਰੀ ਹੋਈ ਹੈ ।



www.virsaradio.com Virsa Radio 107 FM New Zealand

(੩) ਫਿਰ **ਨਮੋ ਨਮੋ** ਵਾਲੀ ਇਸ ਬਾਣੀ ਬਾਰੇ ਏਨਾ ਲਿਖ ਦੇਣਾ ਹੀ ਕਾਫ਼ੀ ਸੀ ਕਿ--" **ਅੱਗੇ ਏਨੇ ਛੰਦ ਦੇਵੀ ਦੀ ਭਗਤੀ ਦੇ ਹਨ ?** " ਦੇਵੀ ਦੇ ਵੱਡੇ ਭਗਤਾਂ ਵਾਲੀ ਬੋਲੀ ਵਿਚ, ਏਡੀ ਲੰਮੀ ਕਵਿਤਾ ਦਾ ਨਿਰਮਾਣ ? ਸਿੱਧ ਕਰਦਾ ਹੈ ਕਿ ਦਸ਼ਮੇਸ਼ ਜੀ ਦੇ ਪਾਵਨ ਨਾਮ ਨਾਲ ਇਹ ਕੁਝ ਮੜ੍ਹਨਾ ਖ਼ਾਲਸਾ ਪੰਥ ਦੇ ਨਿਰਮਲ ਗਿਆਨ-ਅੰਮ੍ਰਿਤ ਸਰੋਵਰ ਨੂੰ ਗਦਲਾ ਕਰਨ ਦੀ ਬੜੀ ਗੰਭੀਰ ਕੁਟਲਤਾ ਤੋਂ ਦੂਜੀ ਹੋਰ ਗੱਲ ਹੋ ਹੀ ਨਹੀਂ ਸਕਦੀ ।

ਦੇਵੀ ਦੀ ਉਸਤਤਿ ਵਾਲੀ ਕਵਿਤਾ ਵਿਚੋਂ ਉਦਾਹਰਣ ਵਜੋਂ ਕੁਝ ਚੁਣਵੇਂ ਛੰਦ :--

**ਨਮੋ ਜੁੱਧਨੀ ਕ੍ਰੁਧਨੀ ਕ੍ਰੂਰ ਕਰਮਾ ॥ ਮਹਾਂ ਬੁੱਨਨੀ ਸਿੱਧਨੀ ਸੁੱਧ ਕਰਮਾ ॥**
**ਪਰੀ ਪਦਮਨੀ ਪਾਰਬਤੀ ਪਰਮ ਰੂਪਾ ॥ ਸਿਵੀ ਬਾਸਵੀ ਬ੍ਰਹਮੀ ਰਿੱਧ ਕੂਪਾ ॥ ੯ ॥ ੨੨੮ ॥**

**ਅਰਥ**:--ਜੁਧ ਕਰਨ ਵਾਲੀ, ਕ੍ਰੋਧ ਕਰਨ ਵਾਲੀ ਅਤੇ ਕ੍ਰੂਰ ਕੰਮਾ ਵਾਲੀ ਨੂੰ ਨਮਸਕਾਰ ਹੈ। ਵੱਡੀ ਬੁਧਿ ਵਾਲੀ, ਸਿਧੀਆਂ ਵਾਲੀ ਅਤੇ ਸਿੱਧ ਕਰਮਾਂ ਵਾਲੀ (ਨੂੰ ਨਮਸ਼ਕਾਰ ਹੈ)। ਅਪੱਛਰਾਂ, ਪਦਮਨੀ ਤੇ ਪਾਰਬਤੀ (ਆਦਿਕ ਅਤੀਅੰਤ ਸੁੰਦਰ) ਰੂਪ ਵਾਲੀ ਨੂੰ ਨਮਸਕਾਰ ਹੈ। ੯ ।

ਪੁਸਤਕ --" ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ " ਪਹਿਲੇ ਹਿੱਸੇ ਵਿਚ ਬ੍ਰਾਹਮਣ ਦੇ ਆਚਰਨ ਦੇ ਇਸ ਘਟੀਆ ਪੱਖ ਨੂੰ, ਕਿ ਉਹ ਹਰ ਪਰਕਾਰ ਦੀ ਆਪਣੀ ਹਵਸ ਦੇਵੀ ਦੇਵਤਿਆਂ ਦੇ ਰਾਹੀ ਪੂਰੀਆਂ ਕਰ ਲੈਣ ਵਿਚ ਨਿਪੁੰਨ ਹੈ, ਬੜੇ ਵਿਸਥਾਰ ਨਾਲ ਉਜਾਗਰ ਕੀਤਾ ਹੋਇਆ ਹੈ। ਮਾਇਆ ਦੇ ਢੇਰ ਉਸਾਰ ਲੈਣ ਦੀ ਲਾਲਸਾ, ਮਾਸ ਖਾਣ ਦੀ ਸ਼ਰਾਬ ਪੀਣ ਦੀ ਹਿਰਸ, ਅਤੇ ਕਾਮ-ਭੁੱਖ ਵਾਲੀ ਅਪਾਰ ਹਵਸ ਦੀ ਪੂਰਤੀ ਲਈ ਦੇਵੀ ਦੇਵਤਿਆਂ ਦੀ ਵਰਤੋਂ ਕਰਕੇ ਸਾਰੇ ਉਪੱਦਰ ਧਰਮ ਅਸਥਾਨਾ ਤੋਂ ਹੀ ਅਰੰਭ ਕਰਨ ਵਿਚ, ਬਿੱਪ੍ਰ ਪੂਰੀ ਤਰ੍ਹਾਂ ਸਫ਼ਲ ਹੋ ਚੁੱਕਾ ਹੈ। ਇਸ ਗ੍ਰੰਥ ਵਿਚ ਦੁਰਗਾ ਨੂੰ ਸਰਬ ਸ਼ਕਤੀ ਮਾਨ ਵੀ ਲਿਖਿਆ ਹੈ ਅਤੇ ਹੁਣ ਉਸਿਤਤਿ ਦੇ ਬਹਾਨੇ ਦੁਰਗਾ ਵਿਚ ਹੀ **ਪਰੀ ਰੂਪ ਪਦਮਨੀ** ਇਸਤ੍ਰੀ ਵੇਖ ਰਿਹਾ ਹੈ। --ਪਿਛਲੇ ਛੰਦ ਵਿਚ ਇਸ ਨੂੰ--ਕਾਮ ਰੂਪਾ--ਭਾਵ ਅਤਿ ਦਰਜੇ ਦੀ **Sexy** ਇਸਤ੍ਰੀ ਦੇ ਰੂਪ ਵਿੱਚ ਵੀ ਵੇਖ ਕੇ ਆਪਣੇ ਅੰਦਰ ਦੀ ਕਾਮ-ਭੁੱਖ ਦਾ ਹਲਕ ਪੂਰਾ ਕਰ ਚੁੱਕਾ ਹੈ। ਹੁਣ ਫੇਰ ਦੇਵੀ ਨੂੰ ਮਨਮੋਹਣੀ ਕਾਮਣੀ ਦੀ ਸ਼ਕਲ ਵਿਚ ਚਿਤਵਿਆ ਹੈ। ਅਜੇਹੀਆਂ ਗੱਲਾਂ ਆਪਣੇ ਇਸ਼ਟ ਨਾਲ ਕੇਵਲ ਬ੍ਰਾਹਮਣ ਹੀ ਜੋੜ ਸਕਦਾ ਹੈ। ਅਤੇ ਫਿਰ ਏਥੇ ਹੀ ਬਸ ਨਹੀਂ ਦੇਵੀ ਨੂੰ " **ਤੋਤਲਾਯੰ** " ਭਾਵ, ਸ਼ਰਾਬ ਦੇ ਨਸ਼ੇ ਵਿਚ ਥਥਲਾ ਕੇ ਤੋਤਲੀ ਬੋਲਦੀ ਹਈ ਤੇ ਵੀ ਕੁਰਬਾਨ ਹੋ ਰਿਹਾ ਹੈ :--

**ਮਿੜਾ ਮਾਰਜਨੀ ਸੂਰਤਵੀ ਮੋਹ ਕਰਤਾ ॥ ਪਰਾ ਪਸਟਣੀ ਪਾਰਬਤੀ ਦੁਸਟ ਹਰਤਾ ॥**
**ਨਮੋ ਹਿੰਗਲਾ ਪਿੰਗਲਾ ਤੋਤਲਾਯੰ ॥ ਨਮੋ ਕਰਤਿਕਯਾਨੀ ਸਿਵਾ ਸੀਤਲਾਯੰ ॥ ੧੦ ॥੨੨੯॥**

**ਪਦ ਅਰਥ**:--ਮਿੜਾ=[ਮ੍ਰਿਤ=ਸ਼ਿਵ] ਸ਼ਿਵ ਦੀ ਇਸਤ੍ਰੀ ਦੁਰਗਾ । ਮਾਰਜਨੀ=ਸੁਧ ਕਰਨ ਵਾਲੀ, ਦੋਸ਼ਾਂ ਨੂੰ ਦੂਰ ਕਰਨ ਵਾਲੀ, ਨਿਹਕਲੰਕ ਬਣਾ ਦੇਣ ਵਾਲੀ। ਸੁਰਤਵੀ=[ਸੁਰਤ=ਦਯਾਲੂ] ਕਿਰਪਾ ਕਰਨ ਵਾਲੀ। ਪਰਾ=ਬ੍ਰਹਮ ਵਿਯਾ । ਪਸਟਣੀ=ਪ੍ਰਸੰਨ ਹੋਣ ਵਾਲੀ, ਰੀਝਣ ਵਾਲੀ। **ਤੋਤਲਾਯੰ=ਕਾਲੀ ਦੇ ਰੂਪ ਵਿਚ ਜਦੋਂ ਸ਼ਰਾਬ ਨਾਲ ਲੇੜ੍ਹ ਕੇ, ਸਪੱਸ਼ਟ ਨਹੀਂ ਬੋਲ ਸਕਦੀ।** ਕਰਤਿਕਯਾਨੀ=ਕਾਰਿਤਕੇਪ [ਕੜਾਨਨ ਦੀ ਸ਼ਕਤੀ] ਸ਼ਿਵਾ=ਸ਼ਿਵ ਦੀ ਅਰਧਾਂਗਣੀ। ਸੀਤਲਾ= ਚੇਚਕ ਦੀ ਦੇਵੀ ਜਿਸ ਦਾ ਰੂਪ ਇਉਂ ਹੈ--ਸੁਨੈਹਰੀ ਰੰਗ, ਖੋਤੇ ਤੇ ਸਵਾਰ, ਹਥ ਵਿਚ ਝਾੜੀ, ਸਿਰ ਤੇ ਛੱਜ, ਲਾਲ ਰੰਗ ਦੇ ਕੱਪੜੇ ਪਹਿਨੇ ਹੋਏ । ੧੦। ੨੨੯ ।

**ਪਰਮਾਤਮਾ ਨੂੰ ਸੁੰਦਰ ਰੂਪ ਵਿਚ ਸਤਿਗੁਰਾਂ ਨੇ ਵੀ ਚਿਤਵਿਆ ਹੈ**, ਪਰ ਉਸ ਨਾਲ ਪ੍ਰੇਮ ਕਰਨ ਵਾਲੇ ਸਾਧਕ ਨੂੰ ਸੁੰਦਰ ਬਣਾ ਦੇਣ ਦੀ ਇਛਿਆ ਨਾਲ, ਜੀਵ-ਇਸਤ੍ਰੀ ਦੇ ਰੂਪ ਵਿਚ ਪ੍ਰਭੂ ਪਤੀ ਦੇ ਸੁੰਦਰ ਮਿਲਾਪ ਦੀ ਚਿਤਵਣੀ-- ਵਣਗੀ ਮਾਤ੍ਰ ਗੁਰੂ ਬਾਣੀ-ਫੁਰਮਾਨਾਂ ਦੇ ਦਰਸ਼ਨ:--

੪੨- **ਜਨਮ ਮਰਣ ਦੁਖੁ ਕਟੀਐ ਪਿਆਰੇ ਜਬ ਭੇਟੈ ਹਰਿ ਰਾਇ ॥੧॥ ਸੁੰਦਰੁ ਸੁਘਰੁ ਸੁਜਾਣੁ ਪ੍ਰਭੁ ਮੇਰਾ ਜੀਵਨੁ ਦਰਸੁ ਦਿਖਾਇ ॥੨॥ ਜੋ ਜੀਅ ਤੁਝ ਤੇ ਬੀਛੁਰੇ ਪਿਆਰੇ ਜਨਮਿ ਮਰਹਿ ਬਿਖੁ ਖਾਇ ॥੩॥ ਜਿਸੁ ਤੂੰ ਮੇਲਹਿ ਸੋ ਮਿਲੈ ਪਿਆਰੇ ਤਿਸ ਕੈ ਲਾਗਉ ਪਾਇ ॥੪॥ ਜੋ ਸੁਖੁ ਦਰਸਨੁ ਪੇਖਤੇ ਪਿਆਰੇ ਮੁਖ ਤੇ ਕਹਣੁ ਨ ਜਾਇ ॥੫॥ ਸਾਚੀ ਪ੍ਰੀਤਿ ਨ ਤੁਟਈ ਪਿਆਰੇ ਜੁਗੁ ਜੁਗੁ ਰਹੀ ਸਮਾਇ ॥੬॥ ਜੋ ਤੁਧੁ ਭਾਵੈ ਸੋ ਭਲਾ ਪਿਆਰੇ ਤੇਰੀ ਅਮਰੁ ਰਜਾਇ ॥੭॥ ਨਾਨਕ ਰੰਗਿ ਰਤੇ ਨਾਰਾਇਣੈ ਪਿਆਰੇ ਮਾਤੇ ਸਹਜਿ ਸੁਭਾਇ ॥੮॥੨॥੪॥** {੪੩੧-੩੨}

੪੩- **ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ ॥ ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ ॥ ਖੋਜਉ ਤਾ ਕੇ ਚਰਣ ਕਹਹੁ ਕਤ ਪਾਈਐ ॥ ਹਰਿਹਾਂ ਸੋਈ ਜਤੰਨੁ ਬਤਾਇ ਸਖੀ ਪ੍ਰਿਉ ਪਾਈਐ ॥੧੩॥**{੧੩੬੨}-ਫੁਨਹੇ

**ਅਰਥ**:--ਹੇ (ਸਤਸੰਗਣ) ਸਹੀਲੀਏ ! ਸੁਪਨੇ ਵਿਚ (ਪ੍ਰਭੂ-ਪਤੀ ਨੂੰ ਵੇਖ ਕੇ) ਮੈ ਉੱਠ ਖਲੋਤੀ (ਪਰ ਮੈਂ ਉਸ ਦਾ ਪੱਲਾ ਨਾ ਫੜ ਸਕੀ)। ਮੈ (ਉਸ ਦਾ) ਪੱਲਾ ਕਿਉਂ ਨ ਫੜਿਆ ? (ਇਸ ਵਾਸਤੇ ਨਾ ਫੜ ਸਕੀ ਕਿ) ਉਸ ਸੋਹਣੇ ਦਗ-ਦਗ ਕਰਦੇ ਪ੍ਰਭੂ-ਪਤੀ ਨੂੰ ਵੇਖ ਕੇ (ਮੇਰਾ) ਮਨ ਮੋਹਿਆ ਗਿਆ (ਮੈਨੂੰ ਆਪਣੇ ਆਪ ਦੀ ਸੁਰਤਿ ਹੀ ਨਾ ਰਹੀ)। ਹੁਣ ਮੈਂ ਉਸ ਦੇ ਕਦਮਾਂ ਦੀ ਖੋਜ ਕਰਦੀ ਫਿਰਦੀ ਹਾਂ। ਦਸੋ, ਹੇ ਸਹੇਲੀਏ ! ਉਹ ਕਿਵੇਂ ਮਿਲੇ ? ਹੇ ਸਹੇਲੀਏ ! ਉਹ ਜਤਨ ਦੱਸ ਜਿਸ ਨਾਲ ਉਹ ਪਿਆਰਾ ਮਿਲ ਪਏ ॥ ੧੩ ॥

੪੪- **ਨੇਤ੍ਰ ਪੁਨੀਤ ਭਏ ਦਰਸ ਪੇਖੇ ਮਾਥੈ ਪਰਉ ਰਵਾਲ ॥ ਰਸਿ ਰਸਿ ਗੁਣ ਗਾਵਉ ਠਾਕੁਰ ਕੇ ਮੋਰੈ ਹਿਰਦੈ ਬਸਹੁ ਗੋਪਾਲ ॥੧॥ ਤੁਮ ਤਉ ਰਾਖਨਹਾਰ ਦਇਆਲ ॥ ਸੁੰਦਰ ਸੁਘਰ ਬੇਅੰਤ ਪਿਤਾ ਪ੍ਰਭ ਹੋਹੁ ਪ੍ਰਭੂ ਕਿਰਪਾਲ ॥੧॥ ਰਹਾਉ ॥ ਮਹਾ ਅਨੰਦ ਮੰਗਲ ਰੂਪ ਤੁਮਰੇ ਬਚਨ ਅਨੂਪ ਰਸਾਲ ॥ ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ॥੨॥੭॥੩੮॥**{੬੮●}

੪੫- **ਸਲੋਕੁ ॥ ਸੁੰਦਰ ਸਾਂਤਿ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ ॥**
**ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹੁ ਜੀਉ ॥੧॥{੮੪੮}-ਛੰਤ**

੪੬- **ਚਿਤਵਉ ਚਿਤ ਨਾਥ ਚਿਤਵਉ ਚਿਤ ਨਾਥ ਹੇ ਰਖਿ ਲੇਵਹੁ ਸਰਣਿ ਅਨਾਥ ਹੇ ਮਿਲੁ ਚਾਉ ਚਾਈਲੇ ਪ੍ਰਾਨ ॥ ਸੁੰਦਰ ਤਨ ਧਿਆਨ ਸੁੰਦਰ ਤਨ ਧਿਆਨ ਹੇ ਮਨੁ ਲੁਬਧ ਗੋਪਾਲ ਗਿਆਨ ਹੇ ਜਾਚਿਕ ਜਨ ਰਾਖਤ ਮਾਨ ॥ ਪ੍ਰਭ ਮਾਨ ਪੂਰਨ ਦੁਖ ਬਿਦੀਰਨ ਸਗਲ ਇਛ ਪੁਜੰਤੀਆ ॥ ਹਰਿ ਕੰਠਿ ਲਾਗੇ ਦਿਨ ਸਭਾਗੇ ਮਿਲਿ ਨਾਹ ਸੇਜ ਸੋਹੰਤੀਆ ॥ ਪ੍ਰਭ ਦ੍ਰਿਸਟਿ ਧਾਰੀ ਮਿਲੇ ਮੁਰਾਰੀ ਸਗਲ ਕਲਮਲ ਭਏ ਹਾਨ ॥ ਬਿਨਵੰਤਿ ਨਾਨਕ ਮੇਰੀ ਆਸ ਪੂਰਨ ਮਿਲੇ ਸ੍ਰੀਧਰ ਗੁਣ ਨਿਧਾਨ ॥੪॥੧॥੧੪॥{੪੬੨}**

**ਅਰਥ:**--ਹੇ ਖ਼ਸਮ-ਪ੍ਰਭੂ ਮੈਂ ਚਿੱਤ ਵਿਚ ਤੈਨੂੰ ਯਾਦ ਰੱਖਦਾ ਹਾਂ। ਮੈਨੂੰ ਅਨਾਥ ਨੂੰ ਆਪਣੀ ਸਰਨ ਵਿੱਚ ਰੱਖ ਲੈ। (ਹੇ ਨਾਥ ! ਮੈਨੂੰ) ਮਿਲ (ਤੈਨੂੰ ਮਿਲਣ ਲਈ ਮੇਰੇ ਅੰਦਰ) ਚਾਉ ਹੈ, ਮੇਰੀ ਜਿੰਦ ਤੇਰੇ ਦਰਸਨ ਲਈ ਉਤਸ਼ਾਹ ਵਿਚ ਆਈ ਹੈ। ਹੇ ਪ੍ਰਭੂ ! ਤੇਰੇ ਸੋਹਣੇ ਸਰੂਪ ਵਿਚ ਮੇਰੀ ਸੁਰਤਿ ਜੁੜੀ ਹੋਈ ਹੈ, ਤੇਰੇ ਸੋਹਣੇ ਸਰੀਰ ਵੱਲ ਮੇਰਾ ਧਿਆਨ ਲੱਗਾ ਹੋਇਆ ਹੈ। ਹੇ ਗੋਪਾਲ ! ਮੇਰਾ ਮਨ ਤੇਰੇ ਨਾਲ ਡੂੰਘੀ ਸਾਂਝ ਪਾਉਂਣ ਵਾਸਤੇ ਲਲਚਾ ਰਿਹਾ ਹੈ। ਤੂੰ ਉਨ੍ਹਾਂ ਵਡਭਾਗੀਆਂ ਦਾ ਮਾਣ ਰੱਖਦਾ ਹੈ ਜਿਹੜੇ ਤੇਰੇ ਦਰ ਦੇ ਮੰਗਤੇ ਬਣਦੇ ਹਨ। ਹੇ ਪ੍ਰਭੂ ! ਆਪਣੇ ਦਰ ਦੇ ਮੰਗਤਿਆਂ ਦਾ ਆਦਰ ਮਾਣ ਕਰਦਾ ਹੈਂ (ਤੇਰੀ ਮੇਹਰ ਨਾਲ ਉਨ੍ਹਾਂ ਦੀਆਂ) ਸਾਰੀਆਂ ਮਨੋਂ-ਕਾਮਨਾ ਪੂਰੀਆਂ ਹੁੰਦੀਆਂ ਹਨ। ਹੇ ਭਾਈ ! ਜੇਹੜੇ (ਵਡ-ਭਾਗੀ ਮਨੁੱਖ) ਪ੍ਰਭੂ-ਪਤੀ ਦੇ ਗਲ ਨਾਲ ਲੱਗਦੇ ਹਨ, ਉਨ੍ਹਾਂ ਦੀ ਜ਼ਿੰਦਗੀ ਦੇ ਦਿਨ ਭਾਗਾਂ ਵਾਲੇ ਹੋ ਜਾਂਦੇ ਹਨ, ਖ਼ਸਮ-ਪ੍ਰਭੂ ਨੂੰ ਮਿਲ ਕੇ ਉਨ੍ਹਾਂ ਦੇ ਹਿਰਦੇ ਦੀ ਸੇਜ ਸੋਹਣੀ ਬਣ ਜਾਂਦੀ ਹੈ। ਜਿਨ੍ਹਾਂ ਉੱਤੇ ਪ੍ਰਭੂ ਮੇਹਰ ਦੀ ਨਿਗਾਹ ਕਰਦਾ ਹੈ, ਜਿਨ੍ਹਾਂ ਨੂੰ ਪਰਮਾਤਮਾ ਮਿਲ ਪੈਂਦਾ ਹੈ, ਉਨ੍ਹਾਂ ਦੇ (ਪਿਛਲੇ ਕੀਤੇ) ਸਾਰੇ ਪਾਪ ਨਾਸ ਹੋ ਜਾਂਦੇ ਹਨ। ਨਾਨਕ ਬੇਨਤੀ ਕਰਦਾ ਹੈ (-ਹੇ ਭਾਈ !) ਲੱਛਮੀ-ਪਤੀ ਪ੍ਰਭੂ ਸਾਰੇ ਗੁਣਾ ਦਾ ਖ਼ਜ਼ਾਨਾ-ਪ੍ਰਭੂ ਮੈਨੂੰ ਮਿਲ ਪਿਆ ਹੈ, ਮੇਰੀ ਮਨ ਦੀ ਮੁਰਾਦ ਪੂਰੀ ਹੋ ਗਈ ਹੈ । ੪ ।

ਅਗਲਾ ਛੰਦ-- **ਭਵੀ ਭਾਰਗਵੀਯੰ ਨਮੋ ਸਸਤ੍ਰ ਪਾਣੰ ॥ ਨਮੋ ਅਸਤ੍ਰ ਧਰਤਾ ਨਮੋ ਤੇਜ ਮਾਣੰ ॥**
**ਜਯਾ ਆਜਯਾ ਚਰਮਣੀ ਚਾੱਡਾਯੰ ॥ ਕ੍ਰਿਪਾ ਕਾਲਕਾਯੰ ਨਯੰ ਨਿਤਿ ਨਿਆਯੰ ॥ ੧੧ ॥ ੨੩੦ ॥**

ਪਦ ਅਰਥ:--**ਭਵੀ**=ਜਮ ਸ਼ਕਤੀ। **ਭਾਰਗਵੀਯੰ**=ਭ੍ਰਿਗੁ ਸ਼ਕਤੀ। ਜਯਾ=ਜੈ ਕਰਨ ਵਾਲੀ। ਆਜਯਾ=ਨਾ ਜਿੱਤੀ ਜਾਣ ਵਾਲੀ। **ਚਰਮਣੀ**=ਢਾਲ ਰੂਪ, (੨) ਚੱਬ ਜਾਣ ਵਾਲੀ।

**ਨਮੋ ਮਰਮ ਪਰਮੇਸ੍ਵਰੀ ਧਰਮ ਕਰਣੀ ॥ ਨਈ ਨਿੱਤ ਨਾਰਾਇਣੀ ਦੁਸਟ ਦਰਣੀ ॥**
**ਛਲਾ ਆਛਲਾ ਈਸੁਰੀ ਜੋਗ ਜੁਆਲੀ ॥ ਨਮੋ ਬਰਮਣੀ ਚਰਮਣੀ ਕ੍ਰੂਰ ਕਾਲੀ ॥ ੧੭ ॥ ੨੩੬ ॥**

**ਅਰਥ:**--ਵਡੇ ਤੋਂ ਵਡੇ ਐਸ਼ਵਰਜ ਵਾਲੀ ਤੇ **ਧਰਮ ਦੇ ਕਰਨ ਵਾਲੀ** ਨੂੰ ਨਮਸ਼ਕਾਰ ਹੈ । ਜੋ ਦੁਰਗਾ ਨਿਤ ਨਵੀਂ ਅਤੇ ਦੁਸ਼ਟਾਂ ਦੇ ਦਲਣ ਵਾਲੀ ਹੈ, ਛਲਾਂ ਤੋਂ ਅਛਲ ਹੈ, ਈਸ਼ਵਰ ਸ਼ਕਤੀ ਵੀ ਆਪ ਹੀ ਹੈ, ਜੋ ਜੋਗ ਅਗਨੀ ਹੈ, ਸੰਜੋਅ ਵਾਲੀ ਹੈ, ਢਾਲ ਵਾਲੀ ਅਤੇ ਭਿਆਨਕ (ਰੂਪ ਵਾਲੀ) ਕਾਲੀ ਨੂੰ ਨਮਸਕਾਰ ਹੈ। ੧੧ ।

ਸਤਿਕਾਰ ਜੋਗ ਜਥੇਦਾਰ ਸਾਹਿਬਾਨ ਦੇ ਧਿਆਨ ਗੋਚਰੀ ਉਚੇਚੀ ਬੇਨਤੀ ਹੈ, ਕਿ, ਜਦ ਈਸ਼ਵਰੀ ਸ਼ਕਤੀ ਵਾਲੀ ਸ਼ਸਤ੍ਰਾਂ ਅਸਤ੍ਰਾਂ, ਸੰਜੋਆਂ, ਢਾਲਾਂ ਆਦਿ ਨੂੰ ਆਪਣੇ ਸਰੀਰ ਤੇ ਸਜਾ ਕੈ ੪੫ ਪਦਮ ਦੈਂਤ ਦੁਸ਼ਟਾ ਦਾ ਸਰਬ ਨਾਸ ਕਰਕੇ ਧਰਮ ਚਲਾ ਲੈਣ ਵਾਲੀ, ਸ਼ੇਰ ਤੇ ਚੜ੍ਹੀ ਸਾਖ਼ਸ਼ਾਤ ਰੂਪ ਵਾਲੀ ਇਹ **ਦੁਰਗਾ,** ਪਹਿਲਾਂ ਤੋਂ ਹੀ ਸੁਮੇਰ ਪਰਬਤ ਤੇ ਬਿਰਾਜਮਾਨ ਆਪਣੀਆਂ ਜਿੱਤਾਂ ਦੀ ਧਾਕ ਜਮਾਈ ਬੈਠੀ ਸੀ ਤਾਂ:--

**(੧)-** ਉਨ੍ਹਾਂ ਪਹਾੜਾਂ ਦੇ ਨੇੜੇ ਹੇਮਕੁੰਡ ਤੇ ਬੈਠੇ ਇੱਕ ਤਪੱਸਵੀ ਦਸ਼ਮੇਸ਼ ਜੀ ਕੋਲ ਜਾ ਕੇ ਈਸ਼ਵਰ ਨੂੰ " ਅਕਾਲਪੁਰਖ ਬਾਚ ਇਸ ਕੀਟ ਪ੍ਰਤਿ " ਬੋਲਣ ਦੀ ਕੀ ਲੋੜ ਸੀ ? ਦੁਰਗਾ ਦੇ ਹੁੰਦਿਆਂ ਅਕਾਲ ਪੁਰਖ ਜੀ ਨੂੰ ਦਸ਼ਮੇਸ਼ ਜੀ ਕੋਲ ਰੋਣੇ ਰੋਣ ਦੀ ਕੀ ਲੋੜ ਸੀ ?

**(੨)** ਫਿਰ ਉਸ " ਬਾਚ " ਵਿਚ **[ਜਬ ਪਹਿਲੇ ਹਮ ਸ੍ਰਿਸ਼ਟਿ ਬਨਾਈ ॥ ਦਈਤ ਰਚੇ ਦੁਸ਼ਟ ਦੁਖ ਦਾਈ** " (ਬਚਿੱਤ੍ਰ ਨਾਟਕ) ] ਦੁਰਗਾ ਦਾ ਨਾਮ ਰੱਬ ਨੇ ਕਿਸ ਕਾਰਨ ਨਹੀਂ ਲਿਆ ? ਕੀ, ਇਸ ਨੂੰ ਅਕਾਲਪੁਰਖ ਦਾ ਝੂਠ ਅਥਵਾ ਹੇਰਾ ਫੇਰੀ ਨਹੀਂ ਕਹਿਣਾ ਚਾਹੀਦਾ ?

**(੩)** ਜੇ ਦੁਰਗਾ ਰੂਪ ਹੋ ਕੇ ਰੱਬ ਦੁਸ਼ਟਾ ਦਾ ਨਾਸ ਕਰਦਾ ਹੋਇਆ ਲਹੁ ਦੇ ਦਰਿਆ ਆਪ ਹੀ ਵਗਾ ਲਿਆ ਕਰਦਾ ਸੀ ਤਾਂ, ਦਸ਼ਮੇਸ਼ ਜੀ ਨੂੰ ਦੁਸ਼ਟ ਦਮਨ ਬਣਾ ਕੇ ਹੇਮ ਕੁੰਡ ਵਾਲੇ ਸੰਸਾਰ ਤੋਂ ਪੱਟਨਾ ਸ਼ਹਿਰ ਵਾਲੇ ਸੰਸਾਰ ਵਿਚ ਭੇਜਣ ਲਈ ਏਡੇ ਹਾੜੇ ਕਿਉਂ ਕੱਢਣੇ ਸਨ ?

**(੪)** ਦੋਹਾਂ ਕਹਾਣੀਆਂ ਵਿਚੋਂ ਕਿਹੜੀ ਸੱਚੀ ਹੈ ?

**(੫)** ਕਿ, ਜਾਂ ਦੋਹਾਂ ਨਾਲ ਹੀ ਦਸ਼ਮੇਸ਼ ਜੀ ਦਾ ਕੋਈ ਸੰਬੰਧ ਨਹੀਂ, ਇਹ ਸਾਰਾ ਗੰਭੀਰ ਮਾਇਆ ਜਾਲ ਹੀ ਹੈ ਜਿਹੜਾ, ਨਿਰਮਲੇ, ਸੰਪ੍ਰਦਾਈਏ, ਮਹੰਤ ਰੂਪ ਬਿੱਪ੍ਰ ਨੇ ਗੁਰੂ ਨਾਨਕ ਜੀ ਦੀ ਸਿੱਖੀ ਨੂੰ ਮੁੜ ਹਿੰਦੂਆਂ ਦਾ ਅੰਗ ਬਣਾ ਲੈਣ ਲਈ ਖਿਲਾਰਿਆ ਹੋਇਆ ਹੈ ?

**ਅਗਲਾ ਛੰਦ:--**

**ਨਮੋ ਰੂਪ ਕਾਲੀ ਕਪਾਲੀ ਅਨੰਦੀ ॥ ਨਮੋ ਚੰਦ੍ਰਣੀ ਭਾਨਵੀਯੰ ਗੁਬਿੰਦੀ ॥**
**ਨਮੋ ਛੈਲ ਰੂਪਾ ਦੁਸਟ ਦਰਣੀ ॥ ਨਮੋ ਕਾਰਣੀ ਤਾਰਣੀ ਸ੍ਰਿਸ਼ਟਿ ਭਰਣੀ ॥ ੨੦ ॥ ੨੩੯ ॥**

**ਅਰਥ**:--ਕਾਲੀ ਨੂੰ ਨਮਸਕਾਰ ਹੈ। ਕੱਪਰ ਵਾਲੀ ਨੂੰ ਨਮਸਕਾਰ ਹੈ, ਅਤੇ ਅਨੰਦ ਰੂਪ ਵਾਲੀ ਨੂੰ ਨਮਸਕਾਰ ਹੈ। ਚੰਦਰ ਸ਼ਕਤੀ, ਸੂਰਜ ਸ਼ਕਤੀ, ਤੇ ਗੋਬਿੰਦ ਸ਼ਕਤੀ ਨੂੰ ਨਮਸਕਾਰ ਹੈ। ਛੈਲ ਰੂਪ ਵਾਲੀ ਨੂੰ ਨਮਸਕਾਰ ਹੈ, ਦੁਸ਼ਟਾਂ ਨੂੰ ਪੂਹਣ ਵਾਲੀ ਨੂੰ ਨਮਸਕਾਰ ਹੈ। ਸ੍ਰਿਸ਼ਟੀ ਨੂੰ ਕਰਣ ਵਾਲੀ ਨੂੰ, ਤਾਰਨ ਵਾਲੀ ਅਤੇ ਪਾਲਣ ਵਾਲੀ ਨੂੰ ਨਮਸਕਾਰ ਹੈ । ੨੦।

**ਨਮੋ ਚਤੁਰ ਬਾਹੀ ਨਮੋ ਅਸਟ ਬਾਹਾ ॥ ਨਮੋ ਪੋਖਣੀ ਸਰਬ ਆਲਮ ਪਨਾਹਾ ॥**
**ਨਮੋ ਅੰਬਕਾ ਜੰਭਹਾ ਕਰਤਿਯਾਨੀ ॥ ਮ੍ਰਿੜਾਲੀ ਕਪਰਦੀ ਨਮੋ ਸ੍ਰੀ ਭਵਾਨੀ ॥ ੨੬॥ ੨੪੫**

**ਅਰਥ**:--ਚਾਰ ਬਾਹਾਂ ਵਾਲੀ ਨੂੰ ਨਮਸਕਾਰ ਹੈ, ਅੱਠ ਬਾਹਾਂ ਵਾਲੀ ਨੂੰ ਨਮਸਕਾਰ ਹੈ। ਸਾਰੇ (ਆਲਮ) ਸੰਸਾਰ ਦਾ ਆਸਰਾ ਤੇ ਜੀਆਂ ਨੂੰ ਪਾਲਨ ਵਾਲੀ ਨੂੰ ਨਮਸਕਾਰ ਹੇ। ਜਬਹਾ ਦੈਂਤ ਨੂੰ ਮਾਰਨ ਵਾਲੀ ਦੁਰਗਾ ਤੇ ਖੜਾਨਨ ਸ਼ਕਤੀ ਨੂੰ ਨਮਸਕਾਰ ਹੈ। ਮੁਰਦੇ ਦੀ ਸੂਰਤ ਤੇ ਜੂੜਾ ਰਖਣ ਵਾਲੀ ਸ੍ਰੀ ਭਵਾਨੀ ਨੂੰ ਨਮਸਕਾਰ ਹੈ ।੨੬।

**ਅਛੇਦੰ ਅਭੇਦੰ ਅਕਰਮੰ ਸੁਧਰਮੰ ॥ ਨਮੋ ਬਾਣ ਪਾਣੀ ਧਰੇ ਚਰਮ ਬਰਮੰ ॥**

**ਅਜੇਯੰ ਅਭੇਯੰ ਨਿਰੰਕਾਰ ਨਿਤਯੰ ॥ ਨਿਰੂਪੰ ਨ੍ਰਿਬਾਣੰ ਨਮਿਤਿਯੰ ਅਕਿਤਿਯੰ ॥ ੩੩ ॥ ੨੫੨ ।**

**ਅਰਥ**:--ਕਟੀ ਨਹੀਂ ਜਾਂਦੀ, ਭੇਦ ਤੋਂ ਰਹਿਤ ਹੈ, ਕਰਮ ਤੋਂ ਬਿਨਾਂ ਸ਼ੁਭ ਧਰਮ ਰੂਪ ਹੈ। ਹੱਥ ਵਿਚ ਤੀਰ ਤੇ ਢਾਲ ਧਾਰੇ (ਹੋਏ ਤੇ) ਸੰਜੋਇ (ਪਹਿਨੇ ਹੋਏ ਰੂਪ ਵਾਲੀ ਨੂੰ) ਨਮਸਕਾਰ ਹੈ। ਜਿਤੀ ਨਹੀਂ ਜਾਂਦੀ, ਭੇਦ ਨਹੀਂ ਮਿਲਦਾ, ਅਕਾਲ ਤੋਂ ਬਿਨਾ ਤੇ ਨਿੱਤ ਸਰੂਪ ਹੈ। ਰੂਪ ਤੋਂ ਬਿਨਾਂ, ਸਵਭਾਵ ਤੋਂ ਬਿਨਾਂ ਹੈ, (ਸਭ ਦਾ) ਨਮਿੱਤ (ਕਾਰਣ) ਹੈ ਅਤੇ ਆਪ ਅਕਿਤਿਯੰ ਕਾਰਣ ਤੋਂ ਬਿਨਾਂ ਹੈ ਉਸ ਨੂੰ ਨਮਸਕਾਰ ਹੈ। ੩੩ ।

ਜ਼ਰਾ ਗਹੁ ਨਾਲ ਵਿਚਾਰ ਕਰ ਕੇ ਨਿਰਣਾ ਕਰੀਏ--ਕੀ, ਲਗ-ਪਗ ਇਹੀ ਸਿਫ਼ਤਾਂ ਜਾਪ ਸਾਹਿਬ ਵਾਲੇ ਰੱਬ ਵਿਚ ਵੀ ਨਜ਼ਰ ਆਉਂਦੀਆਂ ਹਨ ਕਿ ਨਹੀਂ ? ਆਉ ਹੁਣ " ਦੇਵੀ ਦੀ ਉਸਤਤਿ ਵਾਲੇ ਭੁਜੰਗ ਪ੍ਰਯਾਤ ਛੰਦ ਦਾ ਆਖ਼ਰੀ ਛੰਦ ਵਿਚਾਰ ਕੇ ਅੱਗੇ ਤੁਰੀਏ:--

**ਸਬੈ ਸੰਤ ਉਬਾਰਨੀ ਬਰੰ ਬਯੂਹ ਦਾਤਾ ॥ ਨਮੋ ਤਾਰਣੀ ਕਾਰਣੀ ਲੋਕ ਮਾਤਾ ॥**
**ਨਮਸਰਯੰ ਨਮਸਤਯੰ ਨਮਸਤਯੰ ਭਵਾਨੀ ॥ ਸਦਾ ਰਾਖ ਲੈ ਮੁਹਿ ਕ੍ਰਿਪਾ ਕੈ ਕ੍ਰਿਪਾਨੀ ॥ ੩੭ ॥ ੨੫੬ ॥**

**ਅਰਥ**:--ਸਾਰੇ ਸੰਤਾਂ ਨੂੰ ਬਚਾਉਣ ਵਾਲੀ ਤੇ ਸਾਰੇ ਹੀ ਵਰਾਂ ਦੇ ਦੇਣ ਵਾਲੀ (ਨੂੰ ਨਮਸਕਾਰ ਹੈ) ਤਾਰਨ ਵਾਲੀ ਕਰਨ ਵਾਲੀ ਜਗਤ ਮਾਤਾ ਨੂੰ ਨਮਸਕਾਰ ਹੈ। ਹੇ ਭਵਾਨੀ ! ਤੈਨੂੰ ਮਨ, ਬਾਣੀ ਤੇ ਸਰੀਰ ਕਰਕੇ ਨਮਸਕਾਰ ਕਰਦਾ ਹਾਂ । ਹੇ ਕ੍ਰਿਪਾ ਕਰਨ ਵਾਲੀ ਮੈਨੂੰ ਸਦਾ ਹੀ ਰੱਖ ਲੈ । ੩੭ ।

**ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਦੇਬੀ ਜੂ ਕੀ ਉਸਤਤਿ ਬਰਨਨੰ ਨਾਮ ਸਪਤਮੋ ਧਿਆਯ ਸੰਪੂਰਨ ਮਸਤੁ ਸੁਭ ਮਸਤੁ ॥ ੭ ॥ ਅਫਜੂ ॥**

ਖ਼ਾਲਸਾ ਜੀ, ਨੂੰ ਤਾਂ ਪੱਕਾ ਯਕੀਨ ਬਣਿਆਂ ਰਹਿਣਾ ਚਾਹੀਦਾ ਸੀ ਕਿ, ਸਿਵਾਏ ਉਸ ਅਕਾਲ ਪੁਰਖ ਨਿਰੰਕਾਰ ਦੇ, ਬਾਕੀ ਅਜੇਹੀ ਨਾ ਕੋਈ ਸ਼ਕਤੀ ਹੈ ਅਤੇ ਨਾ ਹੀ ਕੋਈ ਵਯਕਤੀ ਹੈ, ਜੋ ਮੌਤ ਤੋਂ ਬਚਿਆ ਰਹਿ ਸਕੇ। ਆਪਣੇ ਸਤਿਗੁਰਾਂ ਦੇ ਇਸ ਬਚਨ ਨੂੰ ਯਾਦ ਰਖਦਿਆਂ ਕਿਸੇ ਦੂਜੀ ਦੀ ਉਸਤਤਿ ਵਾਲੀ ਬਾਣੀ ਨਾਲ ਕਦੇ ਕੋਈ ਵਾਸਤਾ ਨਹੀਂ ਰੱਖਣਾ:--

੪੭- ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥ ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ ॥ ਜਿਨ ਮੇਰਾ ਸਾਹਿਬੁ ਵੀਸਰੈ ਵਡੜੀ ਵੇਦਨ ਤਿਨਾਹ ॥੧॥ ਭੀ ਸਾਲਾਹਿਹੁ ਸਾਚਾ ਸੋਇ ॥ ਜਾ ਕੀ ਨਦਰਿ ਸਦਾ ਸੁਖੁ ਹੋਇ ॥ ਰਹਾਉ ॥ ਵਡਾ ਕਰਿ ਸਾਲਾਹਣਾ ਹੈ ਭੀ ਹੋਸੀ ਸੋਇ ॥ ਸਭਨਾ ਦਾਤਾ ਏਕੁ ਤੂ ਮਾਣਸ ਦਾਤਿ ਨ ਹੋਇ ॥ ਜੋ ਤਿਸੁ ਭਾਵੈ ਸੋ ਥੀਐ ਰੰਨ ਕਿ ਰੁੰਨੈ ਹੋਇ ॥੨॥ ਧਰਤੀ ਉਪਰਿ ਕੋਟ ਗੜ ਕੇਤੀ ਗਈ ਵਜਾਇ ॥ ਜੋ ਅਸਮਾਨਿ ਨ ਮਾਵਨੀ ਤਿਨ ਨਕਿ ਨਥਾ ਪਾਇ ॥ ਜੇ ਮਨ ਜਾਣਹਿ ਸੂਲੀਆ ਕਾਹੇ ਮਿਠਾ ਖਾਹਿ ॥੩॥ ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥ ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ ॥ ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ ॥੪॥੧॥ {੫੯੫॥

---

## ੧੪- ਅਥ ਚੰਡੀ ਚਰਿਤ੍ਰ ਉਸਤਤ ਬਰਨਨੰ ॥

ਪਹਿਲਾਂ ਚੰਡੀ ਦੀ ਉਸਤਤਿ ਸੀ ਅਤੇ ਹੁਣ ਉਸ ਦੇ ਚਰਿਤ੍ਰ ਦੀ ਉਸਤਤਿ ? ਭਾਵ, ਕਵਿਤਾ ਰੂਪ ਉਸ ਪ੍ਰਸੰਗ ਦੀ ਉਸਤਤਿ, ਜਿਸ ਦੁਆਰਾ ਚੰਡੀ ਦਾ ਚਰਿਤ੍ਰ **ਅਨਰੂਪਿਆ** ਗਿਆ ਹੈ। ਕਾਵ ਦੇ ਪੜ੍ਹਨ ਤੋਂ ਜੋ ਫੱਲ ਮਿਲਦੇ ਹਨ ਉਨ੍ਹਾਂ ਦਾ ਜ਼ਿਕਰ ਕਰਨ ਤੋਂ ਪਹਿਲਾਂ ਉਸ **ਵਿਕਰਾਲ ਝੂਠ** ਦੇ ਦਰਸ਼ਨ ਕਰਉਣੋ ਲਿਖਾਰੀ ਨਹੀਂ ਭੁੱਲਿਆ, ਜਿਹੜਾ ਅਰੰਭ ਤੋਂ ਹੀ ਇਸ ਗਾਥਾ ਦਾ ਅਧਾਰ ਬਣਿਆਂ ਆ ਰਿਹਾ ਸੀ :--

**ਭੁਜੰਗ ਪ੍ਰਯਾਤ ਛੰਦ ॥**

**ਭਰੇ ਜੋਗਣੀ ਪੱਤ੍ਰ ਚਉਸਠ ਚਾਰੰ ॥ ਚਲੀ ਠਾਮ ਠਾਮੰ ਡਕਾਰੰ ਡਕਾਰੰ ॥**
**ਭਰੇ ਨੇਹ ਗੇਹੰ ਗਏ ਕੰਕ ਬੰਕੰ ॥ ਰੁਲੇ ਸੂਰ ਬੀਰੰ ਅਹਾੜੰ ਨ੍ਰਿਸੰਕੰ ॥ ੧ ॥ [੨੫੭ ॥**

**ਪਦ ਅਰਥ**:--ਬੰਕੰ=ਛੋਟੀਆਂ ਗਿਰਝਾਂ । ਅਹਾੜੰ=ਰਣ ਭੂਮੀ ਵਿਚ। [ਯਾਦ ਰਹੇ ਕਿ ਮਨੁੱਖਾਂ ਦੇ ਹੁੰਦਿਆਂ, ਖ਼ਾਸ ਤੌਰ ਤੇ ਜੰਗ ਦੇ ਮੈਦਾਨ ਵਿਚ ਜਿੱਥੇ ਕਈ ਪ੍ਰਕਾਰ ਦੇ ਸ਼ਸਤ੍ਰ ਅਸਤ੍ਰ ਚੱਲ ਰਹੇ ਹੋਣ ਅਤੇ ਢੋਲ ਧਮੱਕਿਆਂ ਦੀ ਗੜਗੱਜ ਪੈ ਰਹੀ ਹੋਵੇ--ਕੋਈ ਗਿੱਦੜ, ਕਾਂ, ਇੱਲ, ਗਿਰਝ ਆਦਿ ਜਾਨਵਰ ਕਦੇ ਨਹੀਂ ਆ ਸਕਦੇ]

**ਅਰਥ**--ਚੌਸਠ ਜੋਗਨੀਆਂ ਨੇ ਨਕੋ ਨਕ ਖਪਰ (ਲਹੂ ਦੇ) ਭਰੇ ਹਨ। ਡਕਾਰ ਤੇ ਡਕਾਰ (ਮਾਰਦੀਆਂ ਹੋਈਆਂ, ਆਪੋ ਆਪਣੀ) ਜਗ੍ਹਾ ਨੂੰ ਤੁਰੀਆਂ ਜਾਂਦੀਆਂ ਹਨ। ਨੇਹ ਦੇ ਭਰੇ ਹੋਏ ਕਾਂ ਤੇ ਗਿਰਝਾਂ ਘਰ ਨੂੰ ਚਲੇ ਗਏ। ਰਣ ਭੂਮੀ ਵਿਚ ਸੂਰਬੀਰ ਰੁਲ ਰਹੇ ਹਨ । ੧ ।

ਹੁਣ ਉਜਾੜ ਵਿਚ ਤਾਂ ਸਗੋਂ ਗਿਰਝਾਂ ਕਾਵਾਂ ਆਦਿ ਨੇ ਧਮਾਲਾਂ ਪਾਉਣੀਆਂ ਸਨ। ਪਰ ਲਿਖਾਰੀ ਉਨ੍ਹਾਂ ਨੂੰ ਉਦਾਸ ਚਿਤ ਘਰਾਂ ਨੂੰ ਤੁਰੇ ਜਾਂਦੇ ਦਰਸਾ ਰਿਹਾ ਹੈ। ਲਿਖਾਰੀ ਨੂੰ ਆਪਣੇ ਲਿਖਣ-ਢੰਗ ਤੇ ਭਰੋਸਾ ਸੀ ਕਿ ਉਸ ਦਾ ਇਹ ਡਰਾਉਣਾ ਝੂਠ ਵੀ ਪੂਜਨੀਕ ਬਣ ਜਾਣਾ ਹੈ।

**ਚਲੇ ਨਾਰਦ ਉ ਹਾਥ ਬੀਨਾ ਸੁਹਾਏ ॥ ਬਨੇ ਬਾਰਦੀ ਡੰਕ ਡਉਰੂ ਬਜਾਏ ॥**
**ਗਿਰੇ ਬਾਜਿ ਗਾਜੀ ਗਜੀ ਬੀਰ ਖੇਤੰ ॥ ਰੁਲੇ ਤੱਛ ਮੁਛੰ ਨਚੈ ਭੂਤ ਪ੍ਰੇਤੰ ॥ ੨ ॥ ੨੫੮ ॥**
**ਨਚੇ ਬੀਰ ਬੈਤਾਲ ਅੱਧੰ ਕਮੱਧੰ ॥ ਬਧੇ ਬੱਧ ਗੋਪਾ ਗਲਿਤ੍ਰਾਣ ਬੱਧੰ ॥**
**ਭਏ ਸਾਧੁ ਸੰਬੂਤ ਭੀਤੰ ਅਭੀਤੰ ॥ ਨਮੋ ਲੋਕ ਮਾਤਾ ਭਲੇ ਸਤ੍ਰ ਜੀਤੇ ॥ ੩ ॥ ੨੫੯ ॥**

ਅਰਥ:--(ਉਹ) ਨਾਰਦ ਭੀ ਚਲਾ ਗਿਆ, (ਜਿਸਦੇ) ਹੱਥ ਵਿਚ ਬੀਨਾ ਹੈ, ਸਜੇ ਹੋਏ ਬਲਦ ਵਾਲਾ ਸ਼ਿਵਜੀ ਵੀ ਡੁਕ ਡੁਕ ਡਉਰੂ ਵਜਾਉਂਦਾ (ਚਲਾ ਗਿਆ ਹੈ। ਰਣ ਭੂਮੀ ਵਿਚ ਘੋੜਿਆਂ ਵਾਲੇ ਗਾਜੀ ਤੇ ਹਾਥੀਆਂ ਵਾਲੇ ਸੂਰਮੇ ਡਿੱਗੇ ਪਏ ਹਨ। ਵਢੇ ਟੁੱਕੇ (ਮੁਰਦੇ) ਰੁਲ ਰਹੇ ਹਨ ਅਤੇ ਭੂਤ ਪ੍ਰੇਤ ਨੱਚ ਰਹੇ ਹਨ । ੨ । ਬੀਰ ਬੈਤਾਲ ਤੇ ਅਧੋ ਅਧੇ ਹੋਏ ਧੜ

ਨੱਚ ਰਹੇ ਹਨ । (ਜਿਨ੍ਹਾਂ ਨੇ ਵੈਰੀ ਨੂੰ) ਮਾਰਨ ਵਾਸਤੇ ਗੋਪੀਏ ਫੜੇ ਹੋਏ ਹਨ ਹੱਥਾ ਉਤੇ ਦਸਤਾਨੇ ਬੱਧੇ ਹੋਏ ਹਨ। ਸਾਰੇ ਸਾਧੂ ਡਰ ਤੋਂ ਨਿਡਰ ਹੋ ਗਏ ਹਨ। ਜਗਤ ਮਾਤਾ ਦੁਰਗਾ ਨੂੰ ਨਮਸਕਾਰ ਹੈ, ਜਿਸਨੇ ਭਲੀ ਤਰ੍ਹਾਂ ਨਾਲ ਵੈਰੀ ਜਿਤੇ ਹਨ । ੩।

(੧) ਕਿਸੇ ਸਾਧੂ ਦਾ ਕੋਈ ਵੈਰੀ ਵੀ ਹੁੰਦਾ ਹੈ ? ਇਸ ਗੱਲ ਨੂੰ ਗੁਰਮਤਿ ਇੱਕ ਦਮ ਰੱਦ ਕਰਦੀ ਹੈ। । ਵੈਰੀ ਕੇਵਲ ਉਸੇ ਦਾ ਹੁੰਦਾ ਹੈ ਜਿਸਦੇ ਆਪਣੇ ਮਨ ਵਿਚ ਵੈਰ ਭਾਵਣਾ ਹੁੰਦੀ ਹੈ । **(੨)** ਜੇ ਦੇਵੀ ਕਿਸੇ ਨੂੰ ਵੈਰੀ ਮੰਨਦੀ ਸੀ ਤਾਂ ਉਹ ਜਗਤ ਮਾਤਾ ਕਿਸੇ ਹਾਲਤ ਵਿਚ ਨਹੀਂ ਮੰਨੀ ਜਾ ਸਕਦੀ। ਮਾਂ ਆਪਣੇ ਬਚਿਆਂ ਨੂੰ ਵੈਰੀ ਕਿਵੇਂ ਮੰਨੇ ? ਏਨੀ ਕੁ ਹੇਰਾ ਫੇਰੀ ਕਰਨ ਉਪ੍ਰੰਤ, ਲਿਖਾਰੀ ਆਪਣੇ ਅਸਲ ਮੰਤਵ ਵੱਲ ਆਉਂਦਾ ਹੈ:--

**ਪੜ੍ਹੈ ਮੂੜ੍ਹ ਯਾਕੋ ਧਨੰ ਧਾਮ ਬਾਢੇ ॥ ਸੁਨੈ ਸੂਮ ਸੋਫ਼ੀ ਲਰੈ ਜੁੱਧ ਗਾਢੇ ॥**
**ਜਗੈ ਰੈਣ ਜੋਗੀ ਜਪੈ ਜਾਪ ਯਾਕੇ ॥ ਧਰੈ ਪਰਮ ਜੋਗੰ ਲਹੈ ਸਿੱਧਤਾ ਕੋ ॥ ੪ ॥ ੨੬੦ ॥**

**ਅਰਥ:**--ਜੋ ਮੂਰਖ ਵੀ ਇਸ (ਚਰਿਤ੍ਰ) ਨੂੰ ਪੜ੍ਹੇਗਾ, (ਉਸਦੇ) ਘਰ ਧਨ ਵਧੇਗਾ । ਜੋ ਮਹਾਂ ਕਾਇਰ (ਭੀ ਇਸ ਚਰਿਤ੍ਰ ਨੂੰ) ਸੁਣੇਗਾ (ਉਸ ਵਿਚ ਬੀਰ ਰਸ ਜਾਗੇਗਾ ਅਤੇ ਉਹ) ਮਹਾਂ ਜੰਗ ਵਿਚ (ਅੱਗੇ ਹੋ ਕੇ) ਲੜੇਗਾ। (ਜੋ) ਜੋਗੀ ਇਸ ਜਾਪ ਨੂੰ ਜਪੇਗਾ, (ਉਹ) ਸਾਰੀ ਰਾਤ ਜਾਗਦਾ ਰਹੇਗਾ, ਭਾਵ, ਉਸਨੂੰ ਮੋਹਾਦਿਕ ਵਿਕਾਰ ਪ੍ਰਾਪਤ ਨਹੀਂ ਹੋਣਗੇ । (ਉਹ) ਉਟਮ ਜੋਗ ਨੂੰ ਪ੍ਰਾਪਤ ਹੋਕੇ, ਸਿੱਦਤਾ ਨੂੰ ਪਾ ਲਵੇਗਾ । ੪ ।

**ਪੜ੍ਹੈ ਯਾਹਿ ਬਿੱਦਯਾਰਥੀ ਬਿਦਯਾ ਹੇਤੰ ॥ ਲਹੈ ਸਰਬ ਸਾਸਤ੍ਰਾਨ ਕੋ ਮੱਧ ਚੇਤੰ ॥**
**ਜਪੈ ਜੋਗ ਸੰਨਯਾਸ ਬੈਰਾਗ ਕੋਈ ॥ ਤਿਸੈ ਸਰਬ ਪੁੰਨਯਾਨ ਕੋ ਪੁੰਨਿ ਹੋਈ ॥ ੫ ॥ ੨੬੧ ॥**

**ਅਰਥ:**--ਵਿਦਿਆ ਵਾਸਤੇ ਜਿਹੜਾ ਵਿਦਿਆਰਥੀ ਇਸ ਨੂੰ ਪੜ੍ਹੇਗਾ, ਉਹ ਸਾਰੇ ਸ਼ਾਸਤ੍ਰਾਂ ਦਾ ਨਿਚੋੜ ਗਿਆਨ ਪਾ ਲਵੇਗਾ ॥ ਜਿਹੜਾ ਕੋਈ ਜੋਗੀ, ਸੰਨਿਆਸੀ ਜਾਂ ਬੈਰਾਗੀ ਜਪੇਗਾ ਉਸ ਨੂੰ ਸਾਰੇ ਪੁੰਨਾ ਦਾ ਪੁੰਨ ਪ੍ਰਾਪਤ ਹੋਵੇਗਾ । ੫ ।

ਇਸ ਤੱਥ ਬਾਰੇ ਅਸੀਂ ਪਿੱਛੇ ਲਿਖ ਆਏ ਹਾਂ ਕਿ, ਝੂਠ ਬਾਣੀ ਲਿਖਣ ਵਾਲਾ ਲਿਖਾਰੀ ਉਸ ਬਾਣੀ ਦੇ ਪਾਠ ਪੜ੍ਹਨ ਸੁਣਨ ਵਾਲੇ ਨੂੰ ਉਚੇਚੇ ਫਲਾਂ ਦੇ ਪ੍ਰਾਪਤ ਹੋਣ ਦੀ ਗੱਲ ਜ਼ਰੂਰ ਲਿਖਦਾ ਹੈ ।

**ਦੋਹਰਾ ॥**

**ਜੇ ਜੇ ਤੁਮਰੇ ਧਿਆਨ ਕੋ ਨਿਤ ਉਠਿ ਧਿਐਂਹੈ ਸੰਤ ॥**
**ਅੰਤ ਲਹੈਗੇ ਮੁਕਤਿ ਫਲੁ ਪਾਵਹਿਗੇ ਭਗਵੰਤ ॥ ੬ ॥ ੨੬੨ ॥**

ਭਾਵੇ ਲਿਖਾਰੀ ਨੇ ਅੰਤ ਵਿਚ ਸਾਫ਼ ਲਿਖ ਵੀ ਦਿੱਤਾ ਹੈ ਕਿ ਉਪ੍ਰੋਕਤ ਸਾਰੀ ਉਸਤਤਿ, ਜਾਂ ਚੰਡੀ ਦੀ ਹੈ ਜਾਂ ਫਿਰ ਉਸੇ ਦੇ ਚਰਿਤ੍ਰ ਦੀ ਹੈ। ਪਰ ਫਿਰ ਵੀ, ਇਹ ਦੋਹਰਾ ਖ਼ਾਲਸਾ ਜੀ ਨੂੰ ਪਸੰਦ ਆ ਗਿਆ ਅਤੇ ਗੁਰੂ ਬਾਣੀ ਤੁੱਲ ਹੀ ਮਿਥ ਲਿਆ ? ਹਾਲਾਂ ਕਿ ਤੁਮਰੇ ਧਿਆਨ ਤੋਂ ਕਵੀ ਨੇ ਆਪ ਹੀ ਸਾਫ਼ ਕਰ ਦਿੱਤਾ ਹੈ ਕਿ ਇਹ ਧਿਆਨ, **ਚੰਡੀ ਦੇ ਚਰਿਤ੍ਰ ਨੂੰ ਪੜ੍ਹਨ ਜਾਂ ਫਿਰ ਉਸ ਦੇ ਚਰਿਤ੍ਰ ਦੀ ਉਸਤਤਿ ਕਰਨ ਵਿਚ** ਜੋੜਨ ਦੀ ਗੱਲ ਹੈ:---

**ਇਤਿ ਸ੍ਰੀ ਬਚਿਤ੍ਰ ਨਾਟਕ ਚੰਡੀ ਚਰਿਤ੍ਰੇ, ਚੰਡੀ ਚਰਿਤ੍ਰ**
**ਉਸਤਤ ਬਰਨਨੰ ਨਾਮ ਅਸਟਮੋ ਧਿਆਯ ਸੰਪੂਰਣ**
**ਮਸਤੁ ਸੁਭ ਮਸਤੁ ॥ ੮ ॥ ਅਫਜੂ ॥**

# ਤੀਜਾ ਕਾਂਡ

੧

## ਵਾਰ ਸ੍ਰੀ ਭਗਉਤੀ ਜੀ ॥ ਪਹਿਲੀ ਪਉੜੀ

ਪਹਿਲਾਂ ਜਿਸ ਗਾਥਾ ਦਾ ਨਾਮ-" **ਅਬ ਚੰਡੀ ਚਰਿਤ੍ਰ ਉਕਤਿ ਬਿਲਾਸ** " ਸੀ ਦੂਜੇ ਥਾਂ ਉਸੇ ਨੂੰ--**ਅਥ ਚੰਡੀ ਚਰਿਤ੍ਰ ਲਿਖਯਤੇ** ॥ ਨਾ ਦੇ ਦਿੱਤਾ ਤੇ ਹੁਣ, ਤੀਜੇ ਥਾਂ ਭਾਵੇਂ ਗਾਥਾ ਅਤੇ ਉਸ ਦੇ ਨਾਇਕ ਉਹੀ ਸਭ ਕੁਝ ਉਹੀ ਹੈ, ਪਰ ਉਸ ਦਾ ਨਾਮ ਬਦਲ ਕੇ, **ਵਾਰ ਸ੍ਰੀ ਭਗਉਤੀ ਜੀ ਕੀ ॥ ਪਾਤਸਾਹੀ ੧੦ ॥** ਕਰ ਦਿੱਤਾ । ਜਦ ਖ਼ਾਲਸਾ ਜੀ ਦੇ ਧਰਮ ਅਸਥਾਨਾਂ ਦੇ ਸੰਚਾਲਕ ਉਹ ਆ ਬਣੇ ਜਿਹੜੇ ਗੁਰਮਤਿ ਗਿਆਨ ਦੇ ਵੈਰੀ ਬਣ ਚੁੱਕੇ ਸਨ ਅਤੇ ਖ਼ਾਲਸਾ ਜੀ ਨੂੰ ਮੁੜ ਦੇਵੀ ਮੰਦਰਾਂ ਵਿਚ ਹੀ ਟੱਲ ਖੜਕਾਉਂਦੇ ਵੇਖਣਾ ਚਾਹੁੰਦੇ ਸਨ, ਤਾਂ ਇਸ " ਵਾਰ " ਦੀ ਪਹਿਲੀ ਪਉੜੀ ਖ਼ਾਲਸਾ ਜੀ ਦੀ ਅਰਦਾਸ ਦਾ ਹਿੱਸਾ ਕਿਵੇਂ ਨਾ ਬਣਦੀ ? ਅਰਦਾਸ ਦਾ ਓਂਗ ਬਣ ਚੁੱਕੀ ਇਸ ਪਉੜੀ, ਬਾਰੇ ਸਤਿਗੁਰਾਂ ਨੇ ਜੋ ਗੁਰਮਤਿ ਵਿਚਾਰ ਦਾਸ ਤੋਂ ਲਿਖਵਾਏ ਸਨ ਉਹ ਮਿਤੀ ੨੦ ਅਕਤੂਬਰ ੧੯੯੭ ਨੂੰ ਬੇਨਤੀ ਪੱਤਰ ਦੇ ਰੂਪ ਵਿਚ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਸਾਹਿਬ ਦੀ ਸੇਵਾ ਵਿਚ ਭੇਜ ਦਿੱਤੇ ਸਨ। ਉਸੇ ਚਿੱਠੀ ਦਾ ਉਤਾਰਾ ਭਾਈ ਰੂਪ ਸਿੰਘ ਜੀ, ਜੋ ਸ੍ਰੀ ਦਰਬਾਰ ਸਾਹਿਬ ਤੋਂ ਛਪਦੇ **ਗੁਰਮਤਿ ਪ੍ਰਕਾਸ਼ ਮਾਸਕ ਪੱਤਰ ਦੇ** ਐਡੀਟਰ ਹਨ ਅਤੇ ਸ਼ਾਇਦ ਧਰਮ ਪਰਚਾਰ ਕਮੇਠੀ ਦਰਬਾਰ ਸਾਹਿਬ ਦੇ ਭਾਈਵਾਲ ਵੀ ਹਨ, ਉਹ ਦਾਸ ਨੂੰ ਗੁਰਦੁਅਰਾ ਰੌਸ ਸਟੀਰੀਟ ਵੈਨਕੂਵਰ ਦੇ

ਗੁਰਦੁਅਰੇ ਦੇ ਗ੍ਰੰਥੀ ਸਿੰਘ ਦੇ ਘਰ ਮਿਲੇ ਸਨ, ਦੇ ਹੱਥੀਂ ਵੀ ਕਮੇਟੀ ਦੀ ਵਿਚਾਰ ਲਈ ਭੇਜਿਆ ਸੀ. ਉੱਤਰ ਦੀ ਉਡੀਕ ਅਜੇ (ਅਕਤੂਬਰ ੧੯੯੯) ਤੱਕ ਦਾਸ ਨੇ ਨਹੀਂ ਮੁਕਾਈ। **ਉਪ੍ਰੋਕਿਤ ਵਰਣਨ ਚਿੱਠੀ ਦਾ ਉਤਾਰਾ ਹਾਜ਼ਰ ਹੈ:--**

**ੴ ਸਤਿਗੁਰ ਪ੍ਰਸਾਦਿ ॥**

੪੮- **ਗੁਰੁ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥**
**ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥੮॥** {੪੪੪}-੨-੯

14727 Bothel Way NE # 5
Shore Line WA 98155
Oct:- 20, 1997

ਸੇਵਾ ਵਿਖੇ ਪ੍ਰਧਾਨ ਸਾਹਿਬ ਸ਼੍ਰੋ:ਗੁ: ਪ੍ਰ: ਕਮੇਟੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤ ਸਰ ਸਾਹਿਬ।

**ਵਿਸ਼ਾ**--ਗੁਰਮਤਿ ਮਰਯਾਦਾ ਪ੍ਰਤੀ ਸ਼ੰਕਿਆਂ ਦੀ ਨਿਵਰਤੀ ਲਈ ਜੋਦੜੀ--

ਸਨਮਾਨ ਜੋਗ ਪੰਥ ਦੇ ਮੁੱਖ ਜਥੇਦਾਰ ਸਾਹਿਬ ਜੀਉ, ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫਤਹ ॥

ਮਿਤੀ-- (੧) ਫ਼ਰਵਰੀ ੨੦ ੧੯੯੬ (੨) ੧੦ ਮਈ ੧੯੯੭ (੩) ੨੧ ਜੁਲਾਈ ੧੯੯੭ ਬੇਨਤੀ ਪੱਤ੍ਰਾਂ ਦੀ ਲੜੀ ਵਿਚ ਚੌਥੀ ਵਾਰ ਬੇਨਤੀ ਹੈ ਕਿ, ਰਾਗ ਆਸਾ ਛੰਤ ਮਹਲਾ ੪ ਦੇ ੨-੯ ਦੀ ਉਪ੍ਰੋਕਤ ਪਾਵਨ ਤੁਕ ਤੋਂ ਸਪੱਸ਼ਟ ਹੁੰਦਾ ਹੈ ਕਿ, ਆਪਣੇ ਸਤਿਗੁਰਾਂ ਦੇ ਉਪਦੇਸ਼ ਤੋਂ ਸੰਸਾਰ ਨੂੰ ਜਾਣੂੰ ਕਰਵਾਉਣ ਵਿਚ ਸਦਾ ਯਤਨਸ਼ੀਲ ਰਹਿਣ ਵਾਲੇ ਗੁਰਸਿੱਖ ਨੂੰ ਸਤਿਗੁਰਾਂ ਨੇ ਆਪਣਾ ਰੂਪ ਮੰਨਿਆਂ ਹੈ। ਭਾਵ, ਸਤਿਗੁਰਾਂ ਦੇ ਉਪਦੇਸ਼ ਦੇ ਪਰਚਾਰ ਦੀ ਸੇਵਾ ਨੂੰ ਸਤਿਗੁਰੂ ਜੀ ਨੇ ਸਰਬਸ੍ਰੇਸ਼ਟ ਫ਼ੁਰਮਾਨ ਕੀਤਾ ਹੈ। ਗੁਰੂ-ਪੰਥ ਦੇ ਜਥੇਦਾਰ ਦੀ ਸਰਦਾਰੀ ਤਦ ਹੀ ਸਰਬ ਪਰਵਾਨਤ ਹੈ ਜੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਦੇ ਅਨਕੂਲ ਜੀਵਨ-ਮਰਯਾਦਾ ਨਾਲ ਪੰਥ ਨੂੰ ਜੋੜੀ ਰੱਖਣ ਲਈ ਸਦਾ ਯਤਨ-ਸ਼ੀਲ ਰਹੇ। ਦਾਸ ਵਲੋਂ ਕੀਤੀਆਂ ਬੇਨਤੀਆਂ ਕੇਵਲ ਗੁਰਮਤਿ ਮਰਯਾਦਾ ਬਾਰੇ ਸੰਕੇ ਦੂਰ ਕਰਨ ਹਿਤ ਹੀ ਹੁੰਦੀਆਂ ਹਨ। ਬੜੇ ਦੁਖ ਦੀ ਗੱਲ ਹੈ ਕਿ, ਤੁਹਾਡੀ ਸਰਦਾਰੀ ਹੇਠ ਚੱਲ ਰਹੇ ਦਫ਼ਤਰ ਵਲੋਂ ਕਦੇ ਕੋਈ ਸੰਕੇਤ ਤੱਕ ਨਹੀਂ ਪਰਤਿਆ ਕਿ, ਦਾਸ ਦੇ ਬੇਨਤੀ ਪੱਤਰਾਂ ਦਾ ਕੀ ਬਣਿਆਂ ? ਇਹ ਸਾਰਾ ਕੁਝ ਲਿਖਣ ਆਰੰਭ ਕਰਨ ਦੀ ਮਜਬੂਰੀ ਦਾ ਮੂਲ--" **ਜਬ ਲੱਗ ਖ਼ਾਲਸਾ ........ ਪ੍ਰਤੀਤ।।**" ਪੰਥ ਪਰਵਾਨਤ ਬਚਨ ਹਨ। ਤੁਹਾਡੇ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਤੋਂ ਅਰੰਭ ਹੋ ਕੇ ਖ਼ਾਲਸਾ ਪੰਥ ਨਾਲ ਸੰਬਧਤ ਲਗ-ਪਗ ਸਾਰੇ ਵਿਦਵਾਨ ਲਿਖਾਰੀ, ਪੰਥ ਵਲੋਂ ਸਨਮਾਨੇ ਹੋਏ ਪਰਚਾਰਕ, ਲਗ-ਪਗ ਸਾਰੇ ਰਾਗੀ ਢਾਡੀ, ਗ੍ਰੰਥੀ ਸਾਹਿਬਾਨ, ਇਨ੍ਹਾਂ ਬਚਨਾਂ ਨੂੰ ਦਸ਼ਮੇਸ਼ ਜੀ ਦੀ ਪਾਵਨ ਹਸਤੀ ਨਾਲ ਨਿਰੰਤਰ ਜੋੜਦੇ ਆ ਰਹੇ ਹਨ। ਇਸ ਲਈ ਇਸ ਕੀਟ ਦੀ ਸਨਿਮ੍ਰ ਬੇਨਤੀ ਹੈ ਕਿ ਜੇ --

**(੧)** ਦਾਸ ਨੂੰ ਇਹ ਲਿਖ ਭੇਜੋ, ਕਿ ਇਨ੍ਹਾਂ ਉਪ੍ਰੋਕਤ ਬਚਨਾਂ (**ਜਬ ਲਗ ਖ਼ਾਲਸਾ....... ਪ੍ਰਤੀਤਿ**) ਨਾਲ ਪੰਥ ਦਾ ਕੋਈ ਵਾਸਤਾ ਨਹੀਂ ਹੈ। ਖ਼ਾਲਸਾ ਜੀ ਨਿਹਕਲੰਕ ਹੋਣ ਦੇ ਕਾਰਨ **ਸਦਾ ਲਈ ਨਿਆਰੇ** ਹਨ ਅਤੇ ਬਿੱਪ੍ਰਨ ਕੀ ਰੀਤ ਤੋਂ ਬਚੇ ਰਹਿਣ ਦੀ ਖ਼ਾਲਸਾ ਜੀ ਤੇ ਕੋਈ ਪਾਬੰਦੀ ਨਹੀਂ ਹੈ। ਅਤੇ,

**(੨)** ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਗੁਰਿਆਈ ਦੀ ਮਾਲਕੀ, ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋਲ ਹੀ ਨਹੀਂ ਹੈ ਸਗੋਂ, ਦਸਮ ਗ੍ਰੰਥ ਸਾਹਿਬ, ਖ਼ਾਲਸਾ ਪੰਥ ਕੋਲ, ਅਤੇ (ਅੱਡ ਅੱਡ ਡੇਰਿਆਂ ਅਤੇ ਸੰਸਥਾਵਾਂ ਤੋਂ ਬਣੇ, ਅੱਡ ਅੱਡ ਵਿਧੀਆਂ ਨਾਲ ਅੰਮ੍ਰਿਤ ਛਕਾਉਣ ਵਾਲੇ, ਨਵੇਂ ਤੋਂ ਨਵੇਂ ਅਜੋਕੇ) ਪੰਜ ਪਿਆਰਿਆਂ ਕੋਲ ਵੀ ਗੁਰਿਆਈ ਦੇ ਅਧਿਕਾਰ ਸਾਵੇਂ ਹੀ ਹਨ । ਅਤੇ ਗੁਰਿਆਈ ਦੇ ਬਾਕੀ ਤਿੰਨੇ ਭਾਈਵਾਲ, ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਨ ਦੀ ਜ਼ਿੰਮੇਵਾਰੀ ਤੋਂ ਮੁਕਤ ਹਨ।

ਕੇਵਲ ਇਹ ਦੋ ਗੱਲਾਂ ਲਿਖ ਭੇਜੋ, ਦਾਸ ਦੇ ਮਨ ਵਿਚ ਉਪਜੇ, ਜਾਂ ਉਪਜ ਰਹੇ, ਸਾਰੇ ਸ਼ੰਕੇ ਖੂਹ ਖਾਤੇ ਵਿਚ ਪੈ ਜਾਣਗੇ। ਫਿਰ ਹੋਰ ਤਾਂ ਲਿਖਣਾ ਹੀ ਕੀ ਹੈ, ਪਹਿਲੀਆਂ ਛਪ ਚੁਕੀਆਂ (ਆਪਣੀਆਂ) ਪੁਸਤਕਾਂ ਵੀ, ਦਾਸ ਵਾਪਸ ਲੈ ਲਵੇਗਾ। ਪਰ ਜੇ ਤੁਸੀਂ ਇਹ ਨਹੀਂ ਲਿਖ ਸਕਦੇ ਤਾਂ ਫਿਰ ਦਾਸ ਦੇ ਇਸ ਸ਼ੰਕਾ-ਪੱਤਰ ਤੋਂ ਅੱਗਾਂਹ, ਹੋਰ ਵੀ ਲਿਖਤੀ ਜੋਦੜੀਆਂ ਅਥਵਾ ਬੇਨਤੀਆਂ, ਆਪ ਜੀ ਦੀ ਸੇਵਾ ਵਿਚ ਪੁੱਜਦੀਆਂ ਹੀ ਰਹਿਣੀਆਂ ਹਨ। ਸੁਣਿਆਂ ਹੈ ਬਾਰ੍ਹੀਂ ਵਰ੍ਹੀ ਰੂੜੀ ਦੀ ਵੀ ਸੁਣੀ ਜਾਂਦੀ ਹੈ, ਸ਼ਾਇਦ ਕਦੇ ਦਾਸ ਦੀ ਫ਼ਰਿਆਦ ਵੀ ਆਪ ਜੀ ਦੇ ਦਰਬਾਰ ਵਿਚ ਸੁਣੀ ਹੀ ਜਾਵੇ ?

ਸਤਿਗੁਰਾਂ ਦੇ ਹੁਕਮ ਨੂੰ ਨਾ ਮੰਨਣਾ ਮਨਮੁਖਤਾਈ ਹੈ, ਭਾਵ, ਅਸਿੱਖੀ ਹੈ, ਪਰ ਸਤਿਗੁਰਾਂ ਦੇ ਹੁਕਮ ਤੋਂ ਅੱਗੇ ਲੰਘ ਤੁਰਨਾ ਭਿਆਨਕ ਅਪਰਾਧ ਹੈ। ਕਿਉਂਕਿ ਅਜੇਹਾ ਕਰਨਾ ਆਪਣੇ ਆਪ ਨੂੰ ਸਿਆਣਾ ਅਤੇ ਸਤਿਗੁਰਾਂ ਨੂੰ ਭੁੱਲੜ ਕਹਿਣ ਦਾ ਪਾਪ ਕੀਤਾ ਜਾ ਰਿਹਾ ਹੁੰਦਾ ਹੈ। ਸਤਿਗੁਰਾਂ ਨਾਲੋਂ ਅੱਗੇ ਲੱਘ ਤੁਰਨ ਵਾਲੀ ਭੁੱਲ ਦਾ ਸਿੱਟਾ ਅੰਤ ਤਬਾਹੀ ਅਤੇ ਕੌਮੀ ਬਰਬਾਦੀ ਦਾ ਕਾਰਨ ਬਣਦਾ ਹੈ।

੪੯- **ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**
**ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥੭॥** {੮੩੬}-੫-੮

ਕਿਉਂਕਿ ਬਿੱਪ੍ਰਨ ਕੀ ਰੀਤ ਤੋਂ ਖ਼ਾਲਸਾ ਜੀ ਦਾ ਕੇਵਲ ਨਿਆਰਾ ਰੂਪ ਹੀ ਖ਼ਤਮ ਨਹੀਂ ਹੁੰਦਾ, ਸਗੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਵੀ ਇੱਕ ਫੋਕਾ ਡਰਾਮਾ ਬਣ ਕੇ ਰਹਿ ਜਾਂਦੀ ਹੈ । ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੇ ਦਸਾਂ ਸਰੂਪਾਂ ਵਿਚ ਜੋ ਘਾਲਣਾ ਘਾਲੀ ਸੀ ਉਹ ਸਾਰੀ ਨਿਸਫ਼ਲ ਹੋ ਜਾਂਦੀ ਹੈ। ਏਸੇ ਹੀ ਤੌਖ਼ਲੇ ਦੇ ਅਸਰ ਅਧੀਨ ਦਾਸ ਨੇ ੧੯੮੪ ਤੋਂ ਗੁਰਮਤਿ ਗਿਆਨ ਦੀ ਅਤੇ ਬਿੱਪ੍ਰਨ ਕੀ ਰੀਤ ਦੀ

ਅਸਲੀਯਤ ਜਾਣਨ ਲਈ ਪੂਰੀ ਖੋਜ ਅਰੰਭੀ ਹੋਈ ਹੈ। ਸਟਿਗੁਰੂ ਜੀ ਨੇ ਦਾਸ ਨੂੰ, ਰਾਤ ਦਿਨ ਗੁਰਬਾਣੀ ਵਿਚਾਰ ਵਿਚ ਲੱਗੇ ਰਹਿਣ ਦਾ, ਅਨੁਪਮ ਉਦੱਮ ਬਖ਼ਸ਼ਸ਼ ਕੀਤਾ ਜਿਸ ਤੋਂ, ਇਹ ਦਾਸਰਾ ਦਸ-ਭਾਗਾਂ ਵਾਲੀ ਵਿਸ਼ਾਲ ਪੁਸਤਕ " ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ " ਲਿਖਣੀ ਅਰੰਭ ਕਰਨ ਜੋਗ ਬਣਿਆ। ਦੇਸ਼ ਪ੍ਰਦੇਸ਼ ਵਿਚ ਵੱਸਦੇ ਸੁਹਿਰਦ ਗੁਰਸਿੱਖ ਵਿਦਵਾਨਾਂ ਵਲੋਂ ਜੋ ਹੁੰਗਾਰਾ ਪ੍ਰਾਪਤ ਹੋਇਆ ਉਸ ਤੋਂ ਦਾਸ ਨੂੰ ਭਰੋਸਾ ਬੱਝਾ ਕਿ ਦਾਸ ਦੀ ਘਾਲਣਾ ਵਿਚ ਸਤਿਗੁਰਾਂ ਦੀ ਨਿੱਜੀ ਮਿਹਰ ਰਲੀ ਹੋਈ ਹੈ, ਅਤੇ ਦਾਸ ਦੀ ਖੋਜ ਨੇ ਸਹੀ ਰਸਤਾ ਅਪਨਾਇਆ ਹੈ। ਇਸ ਨਿਮਾਣੇ ਦਾਸਰੇ ਨੇ ਜਿਧਰੋਂ ਵੀ ਅਤੇ ਜਿਸ ਰੂਪ ਵਿਚ ਵੀ ਬਿੱਪ੍ਰਨ ਕੀ ਰੀਤ ਪੰਥ ਵਿਚ ਆ ਵੜੀ ਹੈ ਉਸ ਵੱਲ ਪੰਥ ਦੇ ਉਨ੍ਹਾਂ ਗੁਰਮੁਖਾਂ ਦਾ ਧਿਆਨ ਦਿਵਾ ਰਿਹਾ ਹਾਂ ਜੋ ਗੁਰੂ ਪੰਥ ਦੀ ਚੜ੍ਹਦੀ ਕਲਾ ਵੇਖਣ ਲਈ ਫ਼ਿਕਰਮੰਦ ਹਨ। ਤਾਂ ਜੋ ਅਸੀਂ ਸਾਰੇ ਰਲ ਮਿਲ ਕੇ ਪੰਥ ਦੀ ਪ੍ਰਬੰਧਕ ਜਥੇਦਾਰੀ ਨੂੰ ਸੁਚੇਤ ਕਰ ਸਕੀਏ ਕਿ, ਉਹ ਅਜੇਹੇ ਪ੍ਰਬੰਧ ਕਰੇ ਜਿਸ ਤੋਂ ਖ਼ਾਲਸਾ ਪੰਥ ਬ੍ਰਾਹਮਣੀ ਰੀਤਾਂ ਵਿਚ ਫਸਦਾ ਜਾ ਕੇ ਹਿੰਦੂ ਮਹਾਂਸਾਗਰ ਵਿਚ ਗ਼ਰਕ ਹੋਣੋਂ ਬਚ ਸਕੇ ਅਤੇ ਅਪਣੀ ਅੱਡਰੀ ਹੋਂਦ ਦਾ ਨਾਮੋਨਿਸ਼ਾਨ ਮਿਟਾ ਲੈਣ ਵਾਲੇ ਰਾਹ ਤੋਂ ਮੋੜਾ ਖਾ ਕੇ, ਅਪਣੀ ਨਿਆਰੀ ਅਤੇ ਅਨੂਪਮ ਹਸਤੀ ਵੱਲ ਪਰਤ ਆਵੇ। ਇਸ ਨਾਚੀਜ਼ ਦੇ ਮਨ ਵਿਚ ਇਹ ਸੱਧਰ ਵੀ ਠਾਠਾਂ ਮਾਰ ਰਹੀ ਹੈ ਕਿ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਮਿਹਰ ਦਾ ਸਦਕਾ ਤੱਤ ਗੁਰਮਤਿ ਗਿਆਨ ਦਾ ਜੋ ਝਲਕਾਰਾ ਦਾਸ ਦੇ ਹਿਰਦੇ ਵਿਚ ਵੱਜਾ ਹੈ, ਉਸ ਤੋਂ ਵੀ, ਸਰਬੱਤ ਖ਼ਾਲਸਾ ਜੀ ਨੂੰ ਜਾਣੂੰ ਕਰਵਾਵਾਂਉਣ ਲਈ ਸਨਮਾਨਤ ਜਥੇਦਾਰੀ ਕੋਲੋਂ ਸਹਾਇਤਾ ਪ੍ਰਾਪਤ ਕਰ ਸਕਾਂ।

ਆਪਣੇ ਗੁਰੂ ਪਰਮੇਸ਼ਰ ਜੀ ਦੇ ਹੁਕਮਾਂ ਦੀ ਅਸਲ ਭਾਵਨਾ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਬਣਾਉਣ ਦੀ ਲੋੜ ਤਿਆਗਦੇ ਜਾਣ ਦੀ ਰੁਚੀ ਅਤੇ, ਗੁਰੂ ਬਾਣੀ ਦੇ ਆਸ਼ੇ ਨੂੰ ਵਿਗਾੜ ਕੇ ਗੁਰੂ ਫ਼ੁਰਮਾਨ ਨੂੰ ਆਪਣੀ ਮਤਿ ਅਨੁਸਾਰ ਢਾਲ ਕੇ, ਆਪਣੀ ਵਿਉਂਤ ਦੀ ਜੀਵਨ ਮਰਯਾਦਾ ਬਣਾ ਲੈਣ ਵਾਲਾ ਦੁਸ਼ਕਰਮ ਵਡੀ ਅਕ੍ਰਿਘਣਤਾ ਹੀ ਨਹੀਂ, ਸਗੋਂ ਸਤਿਗੁਰੂ ਨਾਨਕ ਜੀ ਦੀ ਸਿੱਖੀ ਦੀ ਰੂਪ ਰੇਖਾ ਨੂੰ ਸਦਾ ਲਈ ਤਬਾਹ ਕਰਨ ਵਾਲੀ ਸਾਜ਼ਸ਼ ਹੋ ਦਿੱਸੀ। ਸਤਿਗੁਰੂ ਜੀ ਨੇ ਆਪ ਸਹਾਈ ਹੋ ਕੇ ਦਾਸ ਕੋਲੋਂ " ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ " ਅਤੇ -**ਮਾਸੁ ਮਾਸੁ ਕਰਿ ਮੂਰਖੁ ਝਗੜੇ**--ਪੁਸਤਕਾਂ ਦੁਆਰਾ ਅਜੇਹੇ ਲਿਖਾਰੀਆਂ ਦੀ ਕੁਟਲਤਾ ਨੂੰ ਨੰਗਾ ਕਰਵਾਇਆ ਹੈ ਜਿਨ੍ਹਾਂ ਨੇ ਗੁਰੂ ਬਾਣੀ ਦੀ ਵਰਤੋਂ ਆਪਣੀ ਵਿਉਂਤ ਨਾਲ ਕਰ ਕੇ, ਸਿੱਖ ਜਗਤ ਨੂੰ ਵਿਅਰਥ ਦੇ ਭਰਮਾਂ ਵਹਿਮਾਂ ਵਿਚ ਨਿਰੰਤਰ ਫਸਾਈ ਰੱਖਣ ਲਈ ਘਿਣਾਵਣਾ ਜਾਲ ਖਿਲਾਰਿਆ ਹੋਇਆ ਹੈ।

ਪੰਥਕ ਰਹਿਤ ਮਰਯਾਦਾ ਦੇ ਖਰੜੇ ਬਾਰੇ ਵੀ ਗੁਰੂ ਬਾਣੀ ਪਰਮਾਣਾ ਨਾਲ ਗੁੰਦਿਆ ਹੋਇਆ ਸੁਝ ਲਿਖਿਆ ਸੀ। ਗੁਰਮਤਿ ਵਿਰੋਧੀ ਹੋਰ ਕਈ ਵਿਸ਼ਿਆਂ ਬਾਰੇ ਗੁਰੂ ਮਤਿ ਦੇ ਅਨਕੂਲ ਵਿਚਾਰ ਲਿਖ ਕੇ, ਉਪ੍ਰੋਕਤ ਵਰਣਨ ਚਿਠੀਆਂ ਦੁਆਰਾ ਆਪ ਜੀ ਦੀ ਸੇਵਾ ਵਿਚ ਪੁਚਾ ਚੁਕਿਆ ਹਾਂ। ਉਸੇ ਲੜੀ ਵਿਚ ਰਹਿਤ ਮਰਯਾਦਾ ਵਿਚਲੀ ' **ਵਾਰ ਸ੍ਰੀ ਭਗਉਤੀ ਜੀ ਪਾਤਿਸ਼ਾਹੀ ੧੦**' ਬਾਰੇ ਸ਼ੰਕੇ ਦੂਰ ਕਰਨ ਲਈ ਜੋਦੜੀਆਂ ਲੈ ਕੇ ਹਾਜ਼ਰ ਹੋਇਆ ਹਾਂ ਜੀ--

**(੧)** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਥਮ ਮਹਾਨ ਬਾਣੀ,**੧** ਤੋਂ **ਪ੍ਰਸਾਦਿ** ਤੱਕ, ਹੈ। ਜੋ ( ਸ਼ਾਯਿਦ ੧੭੧੭ ਤੋਂ ੧੯੨੧ ਤੱਕ ਬਣੇ ਰਹੇ ਧਾਰਮਿਕ ਆਗੂ ਦੀ ਵਿਉਂਤ ਹੀ ਪਰਧਾਨ ਕਾਰਨ ਬਣੀ ਹੋਵੇ) ਮੂਲਮੰਤ੍ਰ ਦੇ ਨਾਮ ਨਾਲ ਪ੍ਰਸਿੱਧ ਹੈ--ਇਸ ਬਾਣੀ ਦਾ ਸੰਖੇਪ ਰੂਪ **੧ ਓਂ ਸਤਿ ਗੁਰਪ੍ਰਸਾਦਿ ॥** ਗੁਰੂ ਬਾਣੀ ਵਿਚ ਇੱਕ ਦੋ ਵਾਰੀ ਨਹੀਂ ਸਗੋਂ ੫੨੩ ਵਾਰੀ ਲਿਖਿਆ ਮਿਲਦਾ ਹੈ। ਪਰ **੧ਓ ਵਾਹਿਗੁਰੂ ਜੀ ਕੀ ਫਤਹ ॥** ਸਾਰੀ ਗੁਰੂਬਾਣੀ ਵਿਚ ਕਿਤੇ ਸੰਕੇਤ ਮਾਤ੍ਰ ਲਿਖਿਆ ਵੀ ਨਹੀਂ ਮਿਲਦਾ । ਸਪੱਸ਼ਟ ਹੈ ਕਿ ਇਹ **ਗੁਰੂ ਬਾਣੀ**,--**ਧੁਰ ਕੀ ਬਾਣੀ**--ਅਥਵਾ **ਹੁਕਮਾਉ**-- ਨਹੀਂ ਹੈ । ਹੈਰਾਨੀ ਹੈ ਕਿ, ਸਿੱਖ ਰਹਿਤ ਮਰਯਾਦਾ ਦੇ ਖਰੜੇ ਦੇ ੯ ਸਫ਼ੇ ਤੇ ਅਰਦਾਸ ਦੇ ਨਮੂਨੇ ਦੇ ਅਰੰਭ ਵਿਚ **੧ਓ ਸਤਿਗੁਰ ਪ੍ਰਸਾਦਿ ॥** ਨਹੀਂ ਸਗੋਂ ' **੧ਓ ਵਾਹਿਗੁਰੂ ਜੀ ਕੀ ਫਤਹ ॥** ਲਿਖਿਆ ਹੈ । ਇਸ ਬਾਰੇ ਉਪਜੇ ਸ਼ੰਕੇ ਆਪ ਜੀ ਤੋਂ ਬਿਨਾਂ ਹੋਰ ਕਿੱਥੋ ਦੂਰ ਹੋਣੇ ਸਨ ? ਸੋ ਬੇਨਤੀ ਹੈ--

(ੳ) ਕਿ **੧ਓ ਸਤਿਗੁਰ ਪ੍ਰਸਾਦਿ ॥** ਪਾਵਨ ਬਾਣੀ ਦੇ ਅਰਥ ਸਾਹਿਬ ਸਿੰਘ ਜੀ ਡੀ. ਲਿਟ. ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ--(ਸਰਬ ਪ੍ਰਵਾਣਤ ਸਟੀਕ) ਵਿਚ, ਬੜੇ ਖੋਹਲ ਕੇ ਲਿਖੇ ਹੋਏ ਹਨ। ਪਰ **੧ਓ ਵਾਹਿਗੁਰੂ ਜੀ ਕੀ ਫਤਹ ॥** ਦੇ ਅਰਥ ਕਿਤੋਂ ਨਹੀਂ ਮਿਲ ਰਹੇ। ਸ਼ੰਕੇ ਦੀ ਗੰਭੀਰਤਾ ਇਸ ਕਾਰਨ ਵਧੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਓਅੰਕਾਰ ਦਾ ਅਰਥ ਸਿਰਜਣਹਾਰ ਵਾਹਿਗੁਰੂ ਬੜੀ ਵਾਰੀ ਸਪੱਸ਼ਟ ਕੀਤਾ ਹੋਇਆ ਹੈ--ਉਦਾਹਰਣ ਵਜੋ--

**੪੯- ਓਅੰਕਾਰ ਆਦਿ ਮੈ ਜਾਨਾ ॥ ਲਿਖਿ ਅਰੁ ਮੇਟੈ ਤਾਹਿ ਨ ਮਾਨਾ ॥**
**ਓਅੰਕਾਰ ਲਖੈ ਜਉ ਕੋਈ ॥ ਸੋਈ ਲਖਿ ਮੇਟਣਾ ਨ ਹੋਈ ॥੬॥ {੩੪●}**

**੫●- ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥ ਓਅੰਕਾਰਿ ਸੈਲ ਜੁਗ ਭਏ ॥**
**ਓਅੰਕਾਰਿ ਬੇਦ ਨਿਰਮਏ ॥ ਓਅੰਕਾਰਿ ਸਬਦਿ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥**
**ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰੁ ਤ੍ਰਿਭਵਣ ਸਾਰੁ ॥੧॥ ਸੁਣਿ ਪਾਡੇ ਕਿਆ ਲਿਖਹੁ**
**ਜੰਜਾਲਾ ॥ ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥੧॥ {੯੨੯-੩●}**

**੫੧- ਓਅੰਕਾਰ ਆਦਿ ਮੈ ਜਾਨਾ ॥ ਲਿਖਿ ਅਰੁ ਮੇਟੈ ਤਾਹਿ ਨ ਮਾਨਾ ॥**
**ਓਅੰਕਾਰ ਲਖੈ ਜਉ ਕੋਈ ॥ ਸੋਈ ਲਖਿ ਮੇਟਣਾ ਨ ਹੋਈ ॥੬॥{੯੮੫}**

੫੨- **ਓਅੰਕਾਰਿ ਸਭ ਸ੍ਰਿਸਟਿ ਉਪਾਈ ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥ ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ ॥੨॥ ਬਾਜੀਗਰਿ ਇਕ ਬਾਜੀ ਪਾਈ ॥ ਪੂਰੇ ਗੁਰ ਤੇ ਨਦਰੀ ਆਈ ॥ ਸਦਾ ਅਲਿਪਤੁ ਰਹੈ ਗੁਰ ਸਬਦੀ ਸਾਚੇ ਸਿਉ ਚਿਤੁ ਲਾਇਦਾ ॥੩॥** {੧੦੬੧}-੪-੧੮

੫੩- **ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ ॥ ਏਕੋ ਰੂਪੁ ਏਕੋ ਬਹੁ ਰੰਗੀ ਸਭੁ ਏਕਤੁ ਬਚਨਿ ਚਲਾਵੈਗੋ ॥੪॥** {੧੩੧੦}

ਹਰ ਥਾਂ ਓਅੰਕਾਰ ਦਾ ਅਰਥ ਇੱਕ ਰਸ ਸਰਬ ਵਿਆਪੀ ਪਰਮਾਤਮਾ, ਵਾਹਿਗੁਰੂ ਜੀ ਹੀ ਹੈ । ਅੱਗੇ **ਸਤਿ** ਅਤੇ **ਗੁਰਪ੍ਰਸਾਦਿ** ਦੇ ਵੀ ਬੜੀ ਜ਼ਰੂਰੀ ਜਾਣਕਾਰੀ ਵਾਲੇ ਅਰਥ ਹਨ। । ਹੈਰਾਨੀ ਹੈ ਜਿਥੇ **੧ ਓ** ਆ ਗਿਆ ਸੀ ਉਥੇ ਨਾਲ **ਵਾਹਿਗੁਰੂ ਜੀ**--- ਕੀ ਫਤਹਿ ਦਾ ਕੀ ਅਰਥ ? ਜਦ, **ਵਾਹਿਗੁਰੂ ਜੀ ਕਾ ਖ਼ਾਲਸਾ ॥** ਦੇ ਨਾਲ-- **ਵਾਹਿਗੁਰੂ ਜੀ ਕੀ ਫ਼ਤਹਿ ॥** ਦਾ ਸਪੱਸ਼ਟ ਅਤੇ ਢੁਕਵਾਂ ਅਰਥ ਬਣਦਾ ਹੈ--ਤਾਂ **੧ੴ ਵਾਹਿਗੁਰੂ ਜੀ ਕੀ ਫਤਹ ॥** ਕਿਸ ਕਾਰਨ ? **:--**

(ਅ) ਇਸ ਬਾਰੇ ਵੀ ਪੰਥ ਵਿਚ ਕਦੇ ਕੋਈ ਕਿੰਤੂ ਪ੍ਰੰਤੂ ਦਾ ਝਗੜਾ ਨਹੀਂ ਸੁਣਿਆਂ ਗਿਆ ਕਿ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤ-ਜੁਗਤ ਦੇ ਦਸਵੇਂ ਪ੍ਰਕਾਸ਼, ਦਸ਼ਮੇਸ਼ ਪਿਤਾ ਜੀ ਨੇ ਦਮਦਮਾ ਸਾਹਿਬ ਵਿਖੇ ਤਿਆਰ ਕਰਵਾਈ ਪਾਵਨ ਬੀੜ ਨੂੰ ਉਸੇ ਮਰਯਾਦਾ ਅਨੁਸਾਰ ਗੁਰਿਆਈ ਸੌਂਪੀ ਸੀ, ਜਿਹੜੀ ਮਰਯਾਦਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬਾਬਾ ਲਹਿਣਾ ਜੀ ਨੂੰ ਗੁਰਿਆਈ ਸੌਂਪਣ ਸਮੇ ਸਥਾਪਤ ਕੀਤੀ ਸੀ। ਉਸ ਮਰਯਾਦਾ ਤੋਂ ਬਿਨਾ ਗੁਰੂ ਬਣ ਬੈਠੇ ਧੀਰ ਮੱਲੀਏ ਜੇ ਸਾਡੇ ਗੁਰੂ ਨਹੀਂ ਸਨ ਬਣ ਸਕੇ। ਜ਼ਾਹਰ ਹੈ ਕਿ ਬਿਨਾ **ਬਾਕਾਇਦਾ ਗੁਰਿਆਈ ਮਿਲਿਆਂ ਵਿਅਕਤੀ ਜਾਂ ਕੋਈ ਬਾਣੀ ਸਾਡਾ ਗੁਰੂ ਨਹੀਂ ਸੀ ਬਣ ਸਕਦਾ** ? **ਫਿਰ** ਜਦ ਗੁਰਬਾਣੀ ਵਿਚੋਂ ਕੇਵਲ " **ਮੁਸਲਮਾਨ** " ਦੇ ਥਾਂ " **ਬੇਈਮਾਨ** " ਕਹਿਣ ਦੇ ਦੋਸ਼ ਵਿਚ **ਗੁਰੂ ਹਰਿਰਾਇ ਸਾਹਿਬ** ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ, **ਰਾਮਰਾਏ ਜੀ** ਨੂੰ ਪੰਥ ਵਿਚੋਂ ਛੇਕ ਦਿੱਤਾ ਸੀ, ਤਾਂ ਪਾਵਨ ਪਵਿਤੱਰ ਮੂਲ ਬਾਣੀ ਦੀ ਸਪੱਸ਼ਟ ਖੰਡਨਾ ਖ਼ਾਲਸਾ ਪੰਥ ਨੇ ਕਿਸ ਦਲੀਲ ਨਾਲ ਪ੍ਰਵਾਨ ਕਰ ਲਈ ? ਇਹ ਗੱਲ ਤਾਂ ਮੁਢੋਂ ਹੀ ਮੰਨਣ ਯੋਗ ਹੀ ਨਹੀਂ ਹੈ ਕਿ ਦਸਮ ਗੁਰੂ ਨਾਨਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਹੀ ਇਹ ਤਬਦੀਲੀ ਕੀਤੀ ਹੋਵੇਗੀ। ਉਨ੍ਹਾਂ ਨੇ ਸਿਵਾਏ ਉਸ ਪਾਵਨ ਬਾਣੀ ਦੇ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ, ਕਿਸੇ ਦੂਜੀ ਬਾਣੀ ਨੂੰ ਗੁਰਿਆਈ ਦੇ ਯੋਗ ਜੇ ਸਮਝਿਆ ਹੁੰਦਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਬਣਾ ਦੇਣ ਵਿਚ ਉਹ ਹਰ ਪੱਖੋਂ ਸਮਰੱਥ ਸਨ। ਸੋ ਇਸ ਖੰਡਿਤ ਬਾਣੀ--**੧ੴ ਵਾਹਿਗੁਰੂ ਜੀ ਕੀ ਫਤਹ ॥** ਨਾਲ ਸਾਡਾ ਵਾਸਤਾ ਕੀ ਅਤੇ ਕਿਵੇਂ ?

**(੨)** ਹੈਰਾਨੀ ਹੈ ਕਿ ਦਸਮ ਗ੍ਰੰਥ ਵਿਚੋਂ ਕਈ ਬਾਣੀਆਂ ਗੁਰੂ ਬਾਣੀ ਤੁੱਲ ਹੀ ਨਿਤਨੇਮ ਦਾ ਹਿੱਸਾ ਹਨ। ਇਸ ਤੋਂ ਵੀ ਵਡੀ ਹੈਰਾਨੀ ਵਾਲਾ ਭਾਣਾ ਇਹ ਵਰਤਿਆ ਹੋਇਆ ਹੈ ਖੰਡੇ ਬਾਟੇ ਦੇ ਅੰਮ੍ਰਿਤ ਦੀ ਤਿਆਰੀ ਸਮੇ ਪੜ੍ਹੀ ਜਾਣ ਵਾਲੀਆਂ ਬਾਣੀਆਂ ਵਿਚ, ਸ੍ਰੀ ਦਸਮ ਗ੍ਰੰਥ ਜੀ ਦੀ ਬਾਣੀ, ਗੁਰਿਆਈ ਪ੍ਰਾਪਤ ਪਾਵਨ ਗੁਰੂ-ਬਾਣੀ ਨਾਲੋਂ ਵੀ ਬਹੁਤੀ ਮੁਹੱਤਤਾ ਪ੍ਰਾਪਤ ਕਰੀ ਬੈਠੀ ਹੈ। ੨ ਅਤੇ ੩ ਦਾ ਅਨੁਪਾਤ ਕਿਸ ਨੇ ਕਿਵੇਂ ਬਣਾ ਦਿੱਤਾ ?

**(੩)** ਪੱਕੀ ਮਰਯਾਦਾ ਅਨੁਸਾਰ ਬਾਕਾਇਦਾ ਗੁਰਿਆਈ ਪ੍ਰਾਪਤ ਹੋਣ ਤੋਂ ਬਿਨਾ ਜੇ ਕੋਈ ਬਾਣੀ ਸਾਡੀ ਗੁਰੂ ਬਣ ਸਕਦੀ ਹੈ ਤਾਂ, ਜਦ (ਏਸੇ ਖੰਡਿਤ ਨਿਯਮ ਅਨੁਸਾਰ) ਨਿਰੰਕਾਰੀ--ਨਾਨਕ ਸਰੀਏ-- ਨਾਮਧਾਰੀਏ--ਰਾਧਾ ਸਵਾਮੀ--ਆਦਿ ਸਾਧ ਡੇਰੇਦਾਰ, ਜਾਂ ਕੋਈ ਸਿਰ ਫਿਰਿਆ ਗ੍ਰਿਹਸਤੀ, ਗੁਰੂ ਨਾਨਕ ਬਣ ਬੈਠੇ ਤਾਂ (ਅਸੀਂ ਜਿਨ੍ਹਾਂ ਨੇ ਗੁਰਿਆਈ ਮਿਲਣ ਦਾ ਨਿਯੰਮ ਆਪ ਭੰਗ ਕੀਤਾ ਹੈ) ਕਿਸ ਦਲੀਲ ਨਾਲ ਉਨ੍ਹਾਂ ਦੀ ਗੁਰਿਆਈ ਦੇ ਵਿਰੁੱਧ ਰੌਲਾ ਪਾ ਰਹੇ ਹੁੰਦੇ ਹਾਂ ?

ਗੁਰਮਤਿ ਅਨੁਸਾਰ ਸੋਧਾਂ ਬਖ਼ਸ਼ਸ਼ ਕਰਕੇ ਕਿਰਤਾਥ ਕਰਨ ਦੀ ਮਿਹਰ ਦਾ ਜਾਚਕ--

ਦਾਸਰਾ ਗੁਰਬਖ਼ਸ਼ ਸਿੰਘ

## ੨- ਵਾਰ ਸ੍ਰੀ ਭਗਉਤੀ ਜੀ ਕੀ---

ਪੰਡਿਤ ਨਰੈਣ ਸਿੰਘ ਗਿਆਨੀ ਵਿਦਿਆ ਮਾਰਤੰਡ ਟੀਕਾਕਾਰ-ਦਸਮ ਗੁਰੂ ਗ੍ਰੰਥ ਸਾਹਿਬ " ਨੇ ਇਸ ਵਾਰ ਵਿਚਲੇ **ਭਗੌਤੀ** ਲਫ਼ਜ਼ ਦ ਅਰਥ ਅਤੇ ਫਿਰ ਵਾਰ ਦੇ ਕਰਮ-ਵਾਰ ਅਰਥ ਇਸ ਪ੍ਰਕਾਰ ਲਿਖੇ ਹਨ :--

**੧ੴ ਵਾਹਿਗੁਰੂ ਜੀ ਕੀ ਫਤਹ ॥**

**ਇਸ ਅਰੰਭਕ ਬਾਣੀ ਦੇ ਅਰਥ ਲਿਖਣੋਂ ਪਤਾ ਨਹੀ,' ਪੰਡਿਤ ਜੀ ਕਿਸ ਕਾਰਨ ਖਿਸਕ ਗਏ ?**

**ਸ੍ਰੀ ਭਗਉਤੀ ਜੀ ਸਹਾਇ ॥**

**ਪਦ ਅਰਥ:-ਭਗੌਤੀ=** (੧) **ਮਹਾਂ ਕਾਲ, ਪਾਰ ਬ੍ਰਹਮ ਦਾ ਸਰਬ ਨਾਸ ਰੂਪ ॥** (**ਭਵ, ਸ਼ਿਵ ਰੂਪ ਰੱਬੀ ਸ਼ਕਤੀ** ?) (੨) ਤਲਵਾਰ। ਯਥਾ--" ਨਾਉ ਭਗੌਤੀ ਲੋ ਘੜਿਆ ॥ [ਭਾ: ਗੁਰਦਾਸ] (੩) ਭਗਵਤੀ ਦੁਰਗਾ ਦੇਵੀ। (੪) ਭਗਤ। ' **ਭਗਉਤੀ ਭਗਵੰਤ ਭਗਤਿ ਕਾ ਰੰਗ।** (ਸੁਖਮਨੀ)। **ਸ੍ਰੀ ਭਗਉਤੀ ਜੀ ਸਹਾਇ=ਸ੍ਰੀ ਤਲਵਾਰ** ਜੀ ਦੀ ਸਹਾਇਤਾ ਹੋਵੇ। **(ਸਪੱਸ਼ਟ ਹੈ ਕਿ ਪੰਡਿਤ ਜੀ ਨੇ ਵੀ ਭਗਉਤੀ ਦਾ ਅਰਥ-- ਸਰਬ ਪਾਲਕ ਸ੍ਰਬ ਖ਼ਾਲਕ-" ਖਾਲਿਕੁ ਖਲਕ ਖਲਕ ਮਹਿ ਖਾਲਕੁ ਪੂਰਿ ਰਹਿਓ ਸ੍ਰਬ ਠਾਂਈ ॥ ੧ ॥[੧੩੫੦] ਪਰਵਰਦਗਾਰ ਨਹੀਂ ਕੀਤਾ ।**

**ਵਾਰ ਸ੍ਰੀ ਭਗਉਤੀ** ਜੀ ਕੀ ਪਾਤਸ਼ਾਹੀ ੧੦ ।

**ਵਾਰ=ਜੰਗ, ਯੁੱਧ ਸੰਬੰਧੀ ਕਾਵਯ, ਉਹ ਰਚਨਾ ਜਿਸ ਵਿਚ ਸੂਰਬੀਰਤਾ ਦਾ ਵਰਨਣ ਹੋਵੇ ।** ਪਾਤਸ਼ਾਹੀ ੧੦=ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ।

ਦਸਵੇਂ ਸਤਿਗੁਰੂ ਜੀ ਦੁਰਗਾ ਦੇ ਜੁਧ ਸਬੰਧੀ ਕਾਵਯ ਦੀ ਰਚਨਾ ਕਰਦੇ ਹਨ, ਜੋ ਪੌੜੀ ਛੰਦਾਂ ਵਿਚ ਵਰਣਨ ਹੈ, ਇਹ ਰਚਨਾ " **ਦੁਰਗਾ ਪਾਠ " ਦਾ ਸੁਤੰਤਰ ਅਨੁਵਾਦ ਹੈ,** ਪਹਿਲੇ ਮੰਗਲਾ ਚਰਨ ਕਰਦੇ ਹਨ:--

**(੧) ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਜੀ ਲਈ ਧਿਆਇ।**
**(੨) ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈ ਸਹਾਇ।**
**(੩) ਅਰਜਨ ਹਰਗੋਬਿੰਦ ਨੋ ਸਿਮਰੌ ਸ੍ਰੀ ਹਰਿ ਰਾਇ।**
**(੪) ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭਿ ਦੁਖਿ ਜਾਇ।**
**(੫) ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ। ਸਭ ਥਾਈ ਹੋਇ ਸਹਾਇ।**

**ਕਰਮ ਵਾਰ ਅਰਥ:--**

(੧) (ਸਭ ਤੋਂ) ਪਹਿਲੇ **ਮਹਾਂਕਾਲ** ਨੂੰ ਸਿਮਰਦਾ ਹਾਂ ਅਤੇ ਗੁਰੂ ਨਾਨਕ ਜੀ ਨੂੰ ਸਿਮਰ ਲੈਂਦਾ ਹਾਂ।
(੨) ਫਿਰ ਗੁਰੂ ਅੰਗਦ (ਗੁਰੂ) ਅਮਰਦਾਸ ਜੀ ਤੇ (ਗੁਰੂ) ਰਾਮਦਾਸ (ਜੀ ਨੂੰ ਅਰਾਧਦਾ ਹਾਂ, ਇਹ ਮੇਰੇ ਸਹਾਈ ਹੋਵਨ।
(੩) (ਗੁਰੂ) ਅਰਜਨ, (ਜੀ ਗੁਰੂ) ਹਰਿਗੋਬਿੰਦ (ਜੀ ਅਤੇ ਸ੍ਰੀ ਗੁਰੂ) ਹਰਿ ਰਾਇ (ਜੀ) ਨੂੰ ਸਿਮਰਦਾ ਹਾਂ।
(੪) ਸ੍ਰੀ (ਗੁਰੂ) ਹਰਿ ਕ੍ਰਿਸ਼ਨ (ਜੀ ਨੂੰ) ਧਿਆਉਂਦਾ ਹਾਂ, ਜਿਨ੍ਹਾਂ ਦੇ ਦਰਸ਼ਨ ਵੇਖਣ ਨਾਲ ਹੀ ਸਾਰੇ ਦੁਖ (ਮਿਟ) ਜਾਂਦੇ ਹਨ।
(੫) (ਸ੍ਰੀ ਗੁਰੂ) ਤੇਗ ਬਹਾਦਰ (ਜੀ ਦਾ) ਸਿਮਰਨ ਕਰੀਏ, (ਤਾਂ) ਨੌ ਨਿਧਾਂ (ਘਰ ਵਿਚ) ਭੱਜ ਕੇ ਆ ਜਾਂਦੀਆਂ ਹਨ। (ਸਾਰੇ ਗੁਰੂ ਮੈਨੂੰ) ਸਭ ਜਗ੍ਹਾ (ਪੁਰ) ਸਹਾਈ ਹੋਵਨ।

ਇਨ੍ਹਾਂ ਉਪ੍ਰੋਕਤ ਅਰਥਾਂ ਪ੍ਰਤੀ ਗੁਰਮਤਿ ਵਿਚਾਰ ਦਾ ਕਰਮ ਵਾਰ ਵੇਰਵਾ ਇਸ ਪ੍ਰਕਾਰ ਹੈ:--

**(੧)** ਬਚਿੱਤ੍ਰ ਨਾਟਕ ਦੀ ਵਿਚਾਰ (ਜੋ ਵੀ ਆਪ ਜੀ ਦੇ ਦਰਬਾਰ ਵਿਚ ਪੁੱਜ ਚੁੱਕੀ ਹੈ ਉਸ) ਵਿਚ ਵਿਸਥਾਰ ਨਾਲ ਲਿਖਿਆ ਜਾ ਚੁਕਿਆ ਹੈ ਕਿ ਰੱਬ ਦਯ ਲਗ-ਪਗ ਸਾਰੇ ਇਸਲਾਮੀ ਨਾਮ-(ਮਉਲਾ, ਅਲਾਹੁ, ਪਰਵਰਦਗਾਰ, ਖ਼ੁਦਾ, ਖ਼ੁਦਾਇ, ਅਥਵਾ ਖ਼ੁਦਾਇਆ, ਖ਼ਾਲਕ, ਦਸਤਗੀਰ, ਕਰੀਮ, ਰਹੀਮ, ਵਡ-ਬੇਸ਼ੁਮਾਰ, ਪੈਕਾਂਬਰ, ਆਦਿ) ਗੁਰਬਾਣੀ ਵਿਚ ਲਿਖੇ ਮਿਲਦੇ ਹਨ। ਏਸੇ ਤਰ੍ਹਾਂ " ਹਿੰਦੂ ਧਰਮ ਦੇ ਗ੍ਰੰਥਾਂ ਵਿਚਲੇ (ਰਾਮ, ਕ੍ਰਿਸ਼ਨ, ਸਿਆਮ, ਮੁਰਾਰੀ, ਗਵਰਧਨ ਧਾਰੀ, ਲਖਮੀ ਬਰ, ਪੀਉ, ਭਗਵੰਤ, ਭਗਵਾਨ, ਜਗਜੀਵਨ, ਜਗਦੀਸ, ਪਾਰਬ੍ਰਹਮ, ਪ੍ਰਭੁ, ਗੋਵਿੰਦ, ਗੋਪਾਲ, ਸਾਰੰਗਪਾਣੀ, ਨਰਹਰ, ਨਿਹਕਾਮੁ, ਮੁਰਾਰਿ, ਨਰ ਨਾਰਾਇਣ, ਜਗੰਨਾਥ, ਪਾਰਬ੍ਰਹਮ, ਪਰਮੇਸ਼ਰ, ਗੁਸਾਈ, ਪ੍ਰਾਨਪਤਿ, ਦਮੋਦਰ, ਮਧਸੂਦਨ, ਦੀਨ-ਦਇਆਲ, ਅਬਿਨਾਸੀ, ਰਘੁਪਤਿ ਰਾਜਾ, ਮਾਧਵੈ, ਮੁਰਾਰ, ਨਰਹਰ, ਪੁਰਖੋਤਮ, ਦੁਖਭੰਜਨ, ਪੁਰਖ ਨਿਰੰਜਨ, ਕੇਸਵ, ਕੇਸੋ, ਕਲੇਸਨਾਥ, ਅਘਖੰਡਨ, ਜਗਦੀਸ, ਪਰਮਾਨੰਦੇ, ਭਗਤ-ਵਛਲ, ਵਾਸਦੇਵ, ਬੀਠਲ, ਠਰਣੀਧਰ, ਸਾਰੰਗਧਰ, ਸ੍ਰੀਧਰ, ਸ੍ਰੀਰੰਗੋ, ਆਦਿ) ਸਾਰੇ ਨਾਮ ਆਏ ਹਨ। ਅਤੇ **ਇਹ ਵੀ ਸੱਚ ਹੈ ਕਿ:--(ੳ)** ਗੁਰੂ ਨਾਨਕ ਪਾਤਸ਼ਾਹ ਜੀ ਪਰਮਾਤਮਾ ਦੇ ਸਾਰੇ ਨਾਵਾਂ ਤੋਂ ਬਲਿਹਾਰੀ ਜਾਂਦੇ ਵੀ ਦਿੱਸ ਅਉਂਦੇ ਹਨ--**ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥੪॥੨॥{੧੧੬੮}** **(ਅ)** ਬ੍ਰਾਹਮਣਾ ਸਮੇਤ ਭਾਰਤ ਵਿਚ ਵੱਸਦੇ ਲਗ-ਪਗ ਸਾਰੇ ਵਰਗਾਂ ਦੇ ਮਹਾਂਪੁਰਖਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ-- ਫਿਰ ਵੀ ਇਹ ਕਿਡੀ ਵਚਿਤ੍ਰ ਗੱਲ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪਰਮਾਤਮਾ ਲਈ--**ਕਾਲ** ਜਾਂ **ਮਹਾਂ-ਕਾਲ** ਪਦ ਕਿਸੇ ਥਾਂ ਵਰਤਿਆ ਨਹੀਂ ਮਿਲਦਾ ਹੈ। ਸੋ ਸਪੱਸ਼ਟ ਹੈ ਕਿ ਪੰਡਿਤ ਨਰਾਇਣ ਸਿੰਘ ਜੀ ਵੱਲੋ ਕੀਤੇ " **ਭਗਉਤੀ** " ਦੇ ਉਪਰੋਕਤ **ਮਹਾਂ-ਕਾਲ** ਅਰਥ, ਜੁਗੋ ਜੁਗ ਅਟੱਲ ਗੁਰਿਆਈ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਰੱਦ ਕਰ ਦਿਤੇ ਹੋਏ ਹਨ।

ਉਪ੍ਰੋਕਤ ਦੂਜੀ ਅਤੇ ਤੀਜੀ ਸਤਰ ਵਿਚਲੇ ਅਰਥ ਗੁਰਮਤਿ ਦੇ ਉਲਟ ਨਹੀਂ ਹਨ ਪਰ **ਚੌਥੀ ਥਾਂ ਤੇ**--ਸ੍ਰੀ (ਗੁਰੂ) ਹਰਿ ਕ੍ਰਿਸ਼ਨ (ਜੀ ਨੂੰ) ਧਿਆਉਂਦਾ ਹਾਂ, ਜਿਨ੍ਹਾਂ ਦੇ ਦਰਸ਼ਨ ਵੇਖਣ ਨਾਲ ਹੀ ਸਾਰੇ ਦੁਖ (ਮਿਟ) ਜਾਂਦੇ ਹਨ। ਇਹ ਅਰਥ ਗੁਰਮਤਿ ਦੀ ਖੰਡਨਾ ਕਰ ਰਹੇ ਹਨ। ਕਿਉਂਕਿ **ਗੁਰਬਾਣੀ ਦਾ ਫ਼ਤਵਾ ਇਸ ਪ੍ਰਕਾਰ ਹੈ:--**

**੫੪- ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥ ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥{੫੯੪}-ਵਾ-੨੧**

**ਅਰਥ**:--ਜਿਤਨਾ ਇਹ ਸਾਰਾ ਸੰਸਾਰ ਹੈ (ਇਸ ਵਿਚ) ਹਰੇਕ ਜੀਵ ਸਤਿਗੁਰੂ ਦੇ **ਦਰਸ਼ਨ ਕਰਦਾ** ਹੈ, (ਪਰ) ਨਿਰਾ ਦਰਸ਼ਨ ਕੀਤਿਆਂ ਮੁਕਤਿ ਨਹੀਂ ਮਿਲਦੀ, ਜਦ ਤਾਈ ਜੀਵ ਸਤਿਗੁਰੂ ਦੇ ਸ਼ਬਦ ਦੀ ਵਿਚਾਰ (ਕਰਕੇ ਉਸ ਅਨੁਸਾਰ ਆਪਣਾ ਜੀਵਨ ਨਹੀਂ ਢਾਲਦਾ, ਕਿਉਂਕਿ ਅਜੇਹਾ ਉੱਦਮ ਕੀਤੇ ਬਿਨਾ) ਅਹੰਕਾਰ (-ਰੂਪ ਮਨ ਦੀ) ਮੈਲ ਨਹੀਂ ਉਤਰਦੀ ਤੇ ਨਾਮ ਵਿਚ ਪਿਆਰ ਨਹੀਂ ਬਣਦਾ । ਕਈ ਮਨੁੱਖਾਂ ਨੂੰ ਪ੍ਰਭੂ ਨੇ ਆਪ ਹੀ ਮੇਹਰ ਕਰ ਕੇ ਮਿਲਾ ਲਿਆ ਹੈ ਜਿਨ੍ਹਾਂ ਨੇ ਮੇਰ-ਤੇਰ ਤੇ ਵਿਕਾਰ ਛੱਡੇ ਹਨ । ਹੇ ਨਾਨਕ ! ਕਈ ਮਨੁੱਖ (ਸਤਿਗੁਰਾਂ ਦਾ) ਦਰਸ਼ਨ ਕਰਕੇ ਸਤਿਗੁਰੂ ਦੇ ਪਿਆਰ ਦੇ ਆਸਰੇ (ਭਾਵ, ਆਪਾ ਭਾਵ ਗੁਆ ਕੇ) ਹਰੀ ਵਿਚ ਮਿਲ ਗਏ ਹਨ। ੧ । [ਪ੍ਰਿੰਸਿ: ਸਾਹਿਬ ਸਿੰਘ ਪੋਥੀ ੪ ਅੰਕ ੪੯੦]

ਅਸੀਂ ਉਸ ਪ੍ਰਸਿੱਧ ਸਾਖ਼ੀ ਨੂੰ ਅਖੋਂ ਉਹਲੇ ਨਹੀਂ ਕਰ ਸਕਦੇ-- ਕਿ, ਦਿੱਲੀ ਨੂੰ ਜਾਂਦਿਆ ਰਸਤੇ ਵਿਚ ਪੰਜੋਖਰਾ ਜ਼ਿਲਾ ਅੰਬਾਲਾ (ਹਰਿਆਣਾ) ਵਿਚ ਸਤਿਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੂੰ ਬ੍ਰਾਹਮਣਾ ਨੇ (ਕਥਿਤ ਤੌਰ ਤੇ) ਸ੍ਰੀ ਕ੍ਰਿਸ਼ਨ ਜੀ ਦੀ ਉਚਾਰਨ ਕੀਤੀ " **ਗੀਤਾ** " ਦੇ ਅਰਥ ਸੁਣਾਉਣ ਲਈ ਕਿਹਾ ਸੀ। ਸਤਿਗੁਰਾਂ ਨੇ ਫ਼ੁਰਮਾਇਆ ਕਿ ਗੁਰੂ ਨਾਨਕ ਜੀ ਦੀ ਮਿਹਰ ਹੋ ਜਾਵੇ ਤਾਂ ਗੀਤਾ ਦੇ ਅਰਥ ਕੋਈ ਵੀ ਸੁਣਾ ਸਕਦਾ ਹੈ। ਸਪੱਸ਼ਟ ਹੈ ਕਿ ਉਨ੍ਹਾਂ ਕੁਟਲ ਬ੍ਰਾਹਮਣਾਂ ਨੇ ਨਿਰੇ ਦਰਸ਼ਨ ਹੀ ਨਹੀਂ ਸਨ ਕੀਤੇ ਸਗੋਂ ਸਤਿਗੁਰਾਂ ਨਾਲ ਬਚਨ ਬਿਲਾਸ ਵੀ ਕੀਤੇ ਸਨ। ਪਰ ਮਾਨਸਕ ਕੁਟਲਤਾ-ਰੂਪੀ ਦੁਖ ਦੂਰ ਹੋਣ ਦੇ ਥਾਂ ਉਨ੍ਹਾਂ ਮਨਮੁਖਾਂ ਦੇ ਮਾਨਸਕ ਰੋਗ ਵਿਚ ਏਨਾਂ ਵਾਧਾ ਹੋਇਆ ਕਿ, ਸਤਿਗੁਰਾਂ ਦਾ ਮੌਜੂ ਉਡਾਉਣ ਦੀ ਨੀਯਤ ਨਾਲ ਉਹ ਇੱਕ ਗੁੰਗੇ ਅਤੇ ਬੋਲੇ ਛੱਜੂ ਨਾਮੀ ਝੀਵਰ ਨੂੰ ਬੜੇ ਵਿਦਵਾਨ ਦੇ ਵੇਸ ਵਿਚ, ਬੜਾ ਬਣਾ ਸੁਆਰ ਕੇ, ਗੀਤਾ ਦੇ ਅਰਥ ਕਰਵਾਉਣ

ਲਈ ਸਤਿਗੁਰਾਂ ਦੀ ਹਜ਼ੂਰੀ ਵਿਚ ਲੈ ਆਏ ਸਨ। ਗੁਰੂ ਘਰ ਦੇ ਦੋਖੀ ਕਈ ਹੋਰਨਾਂ ਨੇ ਵੀ ਸਤਿਗੁਰਾਂ ਦੇ ਦਰਸ਼ਨ ਕੀਤੇ ਸਨ ਪਰ ਉਨ੍ਹਾਂ ਦੇ --**ਸਭ ਦੁਖ**--ਦੂਰ ਨਹੀਂ ਸਨ ਹੋਏ। ਗੁਰੂ ਹਰਿਕ੍ਰਿਸ਼ਨ ਜੀ ਨੂੰ ਕੇਵਲ ਵੇਖਣ ਨਾਲ ਹੀ ਦੁਖ ਦੂਰ ਹੋ ਜਾਣ ਦੀ ਗੱਲ ਨੂੰ ਗੁਰੂਬਾਣੀ ਨਹੀਂ ਮੰਨਦੀ। ਸੋ ਭਗੌਤੀ ਦੀ ਵਾਰ ਦੇ ਇਹ ਬਚਨ ਵੀ ਗੁਰਮਤਿ ਦੇ ਆਸ਼ੇ ਦੇ ਵਿਰੁੱਧ ਹਨ।

## ਦਰਸ਼ਨਾਂ ਦਾ ਇੱਕ ਇਹ ਪੱਖ--

ਉਪ੍ਰੋਕਤ ਵਿਚਾਰੇ ਪਾਵਨ ਸਲੋਕ ਦੀਆਂ (ਆਮ ਤੌਰ ਤੇ ਪੜ੍ਹ ਸੁਣਾਈਆਂ ਜਾਂਦੀਆਂ) ਕੇਵਲ ਪਹਿਲੀਆਂ ਦੋ ਤੁਕਾਂ ਹੀ ਪੜ੍ਹ ਕੇ, ਸਾਡਾ ਧਿਆਨ ਝਟ ਪਟ ਗੁਰਬਾਣੀ ਦੀ ਇਸ ਪੰਗਤੀ ਵੱਲ ਚਲਾ ਜਾਵੇਗਾ ਜਿਹੜੀ ਕਿ, ਸਤਿਗੁਰਾਂ ਦਾ ਮੁੱਖਵਾਕ ਲੈਣ ਸਮੇ ਪੜ੍ਹਨੀ ਲਗ-ਪਗ ਗੁਰੂ-ਮਰਯਾਦਾ ਹੀ ਬਣ ਚੁੱਕੀ ਹੈ--" **ਹੋਵੈ ਸਿਫਤਿ ਖਸਮ ਦੀ, ਨੂਰੁ ਅਰਸਹੁ ਕੁਰਸਹੁ ਝਟੀਐ ॥ ਤੁਧੁ ਡਿਠੈ ਸਚੇ ਪਾਤਿਸ਼ਾਹ, ਮਲ ਜਨਮ ਜਨਮ ਦੀ ਕਟੀਐ ॥** "। ਮੁੱਖ-ਵਾਕ ਲੈਣ ਸਮੇਂ ਪੜ੍ਹੀ ਜਾਂਦੀ ਇਸ ਤੁਕ ਵਿਚਲੇ " **ਡਿਠੈ** " ਅਤੇ ਉਪ੍ਰੋਕਤ ਸਲੋਕ ਵਿਚਲੇ " **ਵੇਖਦਾ** " ਦੋਹਾਂ ਪਦਾਂ ਦੇ ਅਰਥ ਸਰੀਰਕ ਦਰਸ਼ਨ ਦੀਦਾਰੇ ਹੀ ਸਮਝ ਲਈਏ ਤਾਂ ਸਾਡੇ ਚੰਚਲ, ਅਮੋੜ ਅਤੇ ਮੂੜ੍ਹ ਮਨ ਨੂੰ ਇਹ ਦੁਬਿਧਾ ਨੱਪ ਖਲੋਵੇਗੀ-- ' ਕੀ ਜਾਗਤ ਜੋਤਿ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵਿਚਾਰਾਂ ਦਾ ਭੇੜ ਹੈ? ਕੀ, ਸਤਿਗੁਰਾਂ ਨੇ ਆਪਣੇ ਵਿਚਾਰ ਆਪ ਹੀ ਰੱਦ ਕਰ ਦਿੱਤੇ? ਇੱਕ ਥਾਂ ਲਿਖਿਆ ਹੈ ਕਿ ਸਤਿਗੁਰਾਂ ਨੂੰ ਡਿਠਿਆਂ--ਵਿਕਾਰਾਂ ਤੋਂ ਮੁਕਤੀ ਨਹੀਂ ਹੋ ਸਕਦੀ ਅਰਥਾਤ ਕੇਵਲ ਦਰਸ਼ਨਾਂ ਨਾਲ ਮਨੁੱਖ ਦਾ ਨਾ ਹਲਤ ਅਤੇ ਨਾ ਹੀ ਪਲਤ ਸੌਰਦਾ ਹੈ। ਭਾਵ, ਕੇਵਲ ਦਰਸ਼ਨ ਮਾਤ੍ਰ ਨਿਸਫ਼ਲ ਹਨ। ਪਰ ਦੂਜੀ ਥਾਂ ਸੱਚੇ ਪਾਤਸ਼ਾਹ ਸਤਿਗੁਰੂ (ਅੰਗਦ ਦੇਵ) ਜੀ ਨੂੰ ਕੇਵਲ ਵੇਖਣ ਨਾਲ ਹੀ ਜਨਮਾਂ ਜਨਮਾਂਤ੍ਰਾਂ ਦੀ ਮੈਲ ਕੱਟੀ ਜਾਂਣ ਦਾ ਵਿਸ਼ਵਾਸ਼ ?

ਸਾਡੀ ਸਮੱਸਿਆ ਇਹ ਹੈ ਕਿ, ਅਸੀਂ ਪੂਰੇ ਗੁਰੂ ਫ਼ੁਰਮਾਨ ਦੀ ਸਮੁੱਚੀ ਵਿਚਾਰ ਦੁਆਰਾ ਗੁਰੂ ਫ਼ੁਰਮਾਨਾਂ ਦੇ ਸ਼ੁੱਧ ਅਤੇ ਅੰਤ੍ਰਵੀ ਭਾਵ ਨੂੰ ਸਮਝਣ ਦਾ ਯਤਨ, ਬੜਾ ਘੱਟ ਕਰਦੇ ਹਾਂ। ਉਪ੍ਰੋਕਤ ਪੰਗਤੀ ਰਾਮਕਲੀ ਕੀ ਵਾਰ-- '**ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ** ॥ ਦੀ ਦੂਜੀ ਪਉੜੀ ਵਿਚੋਂ ਹੈ। ਪੂਰੀ ਪਉੜੀ ਇਸ ਪ੍ਰਕਾਰ ਹੈ:--

ਪਪ– **ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥ ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥ ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥ ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ ॥ ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥ ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ ॥ ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥ ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥ ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥ ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥ ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ ॥ ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ ॥ ਕਉਣੁ ਹਾਰੇ ਕਿਨਿ ਉਵਟੀਐ ॥੨॥ {੯੬੭}**

**ਅਰਥ:**- (ਬਾਬਾ ਲਹਿਣਾ ਜੀ ਦੇ ਸਿਰ ਉਤੇ) ਸੰਦਰ ਰੱਬੀ ਛਤਰ ਝੁੱਲ ਰਿਹਾ ਹੈ। ਗੁਰੂ ਨਾਨਕ ਸਾਹਿਬ ਜੀ ਦੀ ਹੱਟੀ ਵਿਚ (ਬਾਬਾ ਲਹਣਾ) (ਗੁਰੂ ਨਾਨਕ ਸਾਹਿਬ ਜੀ ਪਾਸੋਂ ' ਨਾਮ ' ਪਦਾਰਥ ਲੈ ਕੇ ਵੰਡਣ ਲਈ) ਗੱਦੀ ਮੱਲ ਕੇ ਬੈਠਾ ਹੈ। (ਬਾਬਾ ਲਹਿਣਾ ਜੀ) ਗੁਰੂ ਨਾਨਕ ਸਾਹਿਬ ਜੀ ਦੇ ਫ਼ੁਰਮਾਏ ਹੋਏ ਹੁਕਮ ਨੂੰ ਪਾਲ ਰਹੇ ਹਨ--' ਹੁਕਮ ਪਾਲਣ "- ਰੂਪ ਜੋਗ ਦੀ ਕਮਾਈ ਅਲੂਣੀ ਸਿਲ ਚੱਟਣ (ਵਾਂਗ ਬੜੀ ਕਰੜੀ ਕਾਰ) ਹੈ। (ਬਾਬਾ ਲਹਿਣਾ ਜੀ) ਅਕਾਲਪੁਰਖ ਦੀ ਦਿੱਤੀ ਹੋਈ ਨਾਮ-ਦਾਤਿ ਵੰਡ ਰਹੇ ਹਨ, ਆਪ ਵੀ ਵਰਤਦੇ ਹਨ ਤੇ (ਹੋਰਨਾਂ ਨੂੰ ਵੀ) ਦਬਾ-ਦਬ ਦਾਨ ਕਰ ਰਹੇ ਹਨ, (ਗੁਰੂ ਨਾਨਕ ਜੀ ਦੀ ਹੱਟੀ ਵਿਚ) ਗੁਰੂ ਦੇ ਸ਼ਬਦ ਦੀ ਰਾਹੀਂ (ਨਾਮ ਦਾ) ਲੰਗਰ ਚੱਲ ਰਿਹਾ ਹੈ, (ਪਰ ਬਾਬਾ ਲਹਿਣਾ ਜੀ ਦੀ) ਨਾਮ-ਕਮਾਈ ਵਿਚ ਕੋਈ ਘਾਟਾ ਨਹੀਂ ਪੈਂਦਾ।

(ਗੁਰੂ ਅੰਗਦ ਸਾਹਿਬ ਜੀ ਦੇ ਦਰਬਾਰ ਵਿਚ) ਮਾਲਕ ਅਕਾਲ ਪੁਰਖ ਦੀ ਸਿਫ਼ਤਿ ਸਾਲਾਹ ਹੋ ਰਹੀ ਹੈ, ਰੂਹਾਨੀ ਦੇਸਾਂ ਤੋਂ ( ਉਸ ਦਰ ਤੇ) ਨੂਰ ਝੜ ਰਿਹਾ ਹੈ। ਹੇ ਸੱਚੇ ਸਤਿਗੁਰੂ (ਅੰਗਦ ਦੇਵ ਜੀ !) ਤੇਰਾ ਦੀਦਾਰ ਕੀਤਿਆਂ ਕਈ ਜਨਮਾਂ ਦੀ (ਵਿਕਾਰਾਂ ਦੀ) ਮੈਲ ਕੱਟੀ ਜਾਂਦੀ ਹੈ। (ਕਿਉਂਕਿ) (ਹੇ ਗੁਰੂ ਅੰਗਦ ਸਾਹਿਬ ਜੀ !) ਗੁਰੂ (ਨਾਨਕ ਸਾਹਿਬ ਜੀ) ਨੇ ਜੋ ਹੁਕਮ ਕੀਤਾ, ਆਪ ਨੇ ਸੱਚ (ਕਰਕੇ ਮੰਨਿਆ, ਅਤੇ ਆਪ ਨੇ) ਉਸ ਦੇ ਮੰਨਣ ਤੋਂ ਨਾਂਹ ਨਹੀਂ ਕੀਤੀ, (ਸਤਿਗੁਰੂ ਜੀ ਦੇ) ਪੁੱਤਰਾਂ ਬਚਨ ਨਾ ਮੰਨਿਆ, ਉਹ ਗੁਰੂ ਵਲ ਪਿੱਠ ਦੇ ਕੇ ਹੀ (ਹੁਕਮ) ਮੋੜਦੇ ਰਹੇ। ਜੋ ਲੋਕ ਖੋਟਾ ਦਿਲ ਹੋਣ ਦੇ ਕਾਰਨ (ਗੁਰੂ ਵਲੋਂ) ਆਕੀ ਹੋਏ ਫਿਰਦੇ ਹਨ, ਉਹ ਲੋਕ (ਦੁਨੀਆ ਦੇ ਧੰਧਿਆਂ ਦੀ) ਛੱਟ ਦਾ ਭਾਰ ਬੰਨ੍ਹ ਕੇ ਚੁੱਕੀ ਰੱਖਦੇ ਹਨ। (ਪਰ ਜੀਵਾਂ ਦੇ ਕੀਹ ਵੱਸ ਹੈ? ਆਪਣੀ ਸਮਰੱਥਾ ਦੇ ਆਸਰੇ, ਇਸ ਹੁਕਮ-ਖੇਡ ਵਿਚ) ਨ ਕੋਈ ਹਾਰਨ ਵਾਲਾ ਹੈ ਤੇ ਨ ਕੋਈ ਜਿੱਤਣ-ਜੋਗ ਹੈ। ਜਿਸ ਗੁਰੂ ਨਾਨਕ ਜੀ ਨੇ ਇਹ ਰਜ਼ਾ-ਮੰਨਣ ਦਾ ਹੁਕਮ ਫ਼ੁਰਮਾਇਆ, ਉਹ ਆਪ ਹੀ ਕਾਰ ਕਰਨ ਵਾਲਾ ਸੀ, ਜਿਸ ਨੇ ਇਹ (ਹੁਕਮ-ਖੇਡ) ਰਚੀ, ਉਸੇ ਨੇ ਆਪ ਹੀ ਬਾਬਾ ਲਹਿਣਾ ਜੀ ਨੂੰ ਹੁਕਮ ਮੰਨਣ ਦੇ) ਸਮਰੱਥ ਬਣਾਇਆ । ੨ ।

ਦੋਹੀਂ ਥਾਂਈ ਆਪਾ ਭਾਵ ਗੁਆ ਕੇ ਹੁਕਮ ਮੰਨਣ ਦੀ ਸਿਖਿਆ ਹੈ। ਕੇਵਲ ਬਾਹਰੀ ਦਰਸ਼ਨਾ ਦੀ ਗੱਲ ਨਹੀਂ ਹੈ। ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਾਉਂਦਿਆਂ ਉਨ੍ਹਾਂ ਦੇ ਹੁਕਮ ਮੰਨਣ ਵਾਲੇ ਗੁਣ ਅਤੇ ਸਤਿਗੁਰਾਂ ਦੇ ਬੇਟਿਆਂ ਦੇ ਆਕੀ ਹੋਏ ਫਿਰਨ ਵਾਲੇ ਅਵਗੁਣ ਦਾ ਚੇਤਾ ਵੀ ਨਾਲ ਹੀ ਕਰਾਇਆ ਗਿਆ ਹੈ। ਅਸਲ ਸਿਖਿਆ ਹੁਕਮ ਅਨੁਸਾਰ ਜੀਵਨ-ਜੁਗਤ ਸੁਧਾਰ ਲੈਣ ਦੀ ਹੀ ਹੈ। ਜੇ ਕੇਵਲ ਬਾਹਰੀ ਨੇਤ੍ਰਾਂ ਨਾਲ ਦਰਸ਼ਨ ਦੀਦਾਰਿਆਂ ਦੀ ਗੱਲ ਹੋਵੇ ਤਾਂ ਨੇਤ੍ਰਹੀਣਾ ਦਾ ਕੀ ਬਣੇ ? ਸੋ ਗੁਰੂ ਬਾਣੀ ਵਿਚ **ਦਰਸ਼ਨ** ਆਤਮਕ ਅੱਖਾਂ ਦੇ ਹਨ, ਹਿਰਦੇ ਵਿਚ ਪ੍ਰਗਟ ਹੋਣ ਵਾਲੇ ਅਨੰਦ ਮਈ ਦਰਸ਼ਨਾ ਦੀ ਗੱਲ ਹੈ। ਗੁਰਮਤਿ ਕੇਵਲ ਮਨ ਅਥਵਾ ਆਤਮਾ ਦੇ ਰੋਗਾਂ ਦਾ ਦਾਰੂ ਹੈ। ਸਰੀਰਕ ਜਨਮ ਮਰਨ, ਦੁਖ ਸੁਖ ਸਭ ਹੁਕਮ ਵਿਚ, **ਹਰਿ ਕਾ ਕੀਆ** ਹੈ। ਪਰ, ਸਤਿਗੁਰਾਂ ਦੇ ਹੁਕਮਾਂ ਤੇ ਚਲਦਿਆਂ, ਜੀਵਨ-ਜੁਗਤਿ ਸੁਧਾਰਨ ਦੀ ਘਾਲਣਾ, ਅਸਾਂ ਆਪ ਘਾਲਣੀ ਹੈ। ਇਸ ਗੁਰਮਤਿ ਸਿਧਾਂਤ ਨੂੰ ਪੁਸਤਕ ਦੇ ਨੌਵੇਂ ਭਾਗ ਦੇ " **ਦਰਸ਼ਨ ਦੀਦਾਰੇ** " ਲੇਖ ਵਿਚ ਕਈ ਗੁਰੂ ਫ਼ੁਰਮਾਨਾਂ ਦੇ ਪਰਮਾਣਾ ਦੁਆਰਾ, ਬੜਾ ਖੋਹਲ ਕੇ ਵਿਚਾਰਿਆ ਗਿਆ ਹੈ।

**(੫)** (ਸ੍ਰੀ ਗੁਰੂ) ਤੇਗ਼ ਬਹਾਦਰ (ਜੀ ਦਾ) ਸਿਮਰਨ ਕਰੀਏ, (ਤਾਂ) ਨੌ ਨਿਧਾਂ (ਘਰ ਵਿਚ) ਭੱਜ ਕੇ ਆ ਜਾਂਦੀਆਂ ਹਨ। (ਸਾਰੇ ਗੁਰੂ ਮੈਨੂੰ) ਸਭ ਜਗ੍ਹਾ (ਪੁਰ) ਸਹਾਈ ਹੋਵਨ।

**ਮਹਾਂਨ ਕੋਸ਼ ਅਨੁਸਾਰ** ਨਉ ਨਿਧਿ ਦੇ ਅਰਥ=ਨਵ ਨਿਧਿ, ਨੌ ਨਿਧੀਆਂ। ਨੌ ਖ਼ਜ਼ਾਨੇ.। ਸੰਸਿਕ੍ਰਿਤ ਗ੍ਰੰਥਾਂ ਵਿਚ ਖ਼ਾਸ ਗਿਣਤੀ ਦੀਆਂ ਇਹ ਨਿਧੀਆਂ ਹਨ--" ੧- ਪਦਮ, ੨- ਮਹਾਪਦਮ, ੩- ਸੰਖ, ੪- ਮਕਰ, ੫- ਕੱਛਪ, ੬- ਮੁਕੰਦ, ੭- ਕੰਦ, ੮- ਨੀਲ ਅਤੇ ੯- ਵਰਚ। ਨਉ ਨਿਧਿ ਤੋਂ ਭਾਵ ਸਭ ਧਨ ਸੰਪਦਾ "।

ਮਹਾਨ ਕੋਸ਼ ਤੋਂ ਸਪੱਸ਼ਟ ਹੋਇਆ ਹੈ ਕਿ ਬ੍ਰਾਹਮਣ ਨੇ ਬੜੇ ਵਿਸ਼ਾਲ ਮਾਇਆ-ਜਾਲ ਨੂੰ **ਨਉ ਨਿਧਿ** ਕਿਹਾ ਹੋਇਆ ਹੈ। ਅਤੇ ਜਿਸ ਨੌਵੇਂ ਪਾਤਸ਼ਾਹ ਜੀ ਦੇ ਪਾਵਨ ਨਾਮ ਨਾਲ ਬੜੇ ਵਡੇ ਧਨ ਦੌਲਤ ਦੀ ਬਖ਼ਸ਼ਸ਼ ਵਾਲੀ ਇਹ ਗੱਲ ਜੋੜੀ ਹੋਈ ਹੈ (ਮਾਇਆ ਬਿਖ, ਮਾਇਆ ਨਾਗਨੀ ਬਾਰੇ) ਉਨ੍ਹਾਂ ਦੇ ਆਪਣੇ ਫ਼ੁਰਮਾਨ ਇਉਂ ਹਨ:--

੫੬- **ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ ॥**
**ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ ॥੧॥** {੫੩੬}-੧

੫੭- **ਜੋ ਸੰਪਤਿ ਅਪਨੀ ਕਰਿ ਮਾਨੀ ਛਿਨ ਮਹਿ ਭਈ ਪਰਾਈ ॥**
**ਕਹੁ ਨਾਨਕ ਯਹ ਸੋਚ ਰਹੀ ਮਨਿ ਹਰਿ ਜਸੁ ਕਬਹੂ ਨ ਗਾਈ ॥੨॥੨॥** {੧●●੮}

**ਸਲੋਕ ਮਹਲਾ ੯ ॥--**

੫੮- **ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥**
**ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥੫॥** {੧੪੨੬}

੫੯- **ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥**
**ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥** {੧੪੨੭}

[ਸਗਲੀ ਬਿਖਿਆ=ਸਾਰੀ ,ਮਾਇਆ । ਹਰ ਪ੍ਰਕਾਰ ਦੀ ਮਾਇਆ[ਗੁਰਬਾਣੀ ਵਿਚ ਮਾਇਆ ਨੂੰ **ਨਾਗਨੀ**, ਭੁਅੰਗਮ ਭਾਵ ਸੱਪ, ਡਾਇਨ ਆਦਿ ਵੀ ਕਿਹਾ ਹੈ]

੬●- **ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥**
**ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥੧੮॥** {੧੪੨੭}

**ਅਰਥ**:--ਜਿਸ ਮਨੁੱਖ ਨੇ ਮਾਇਆ ਦਾ ਮੋਹ ਛੱਡ ਦਿੱਤਾ, (ਜਿਹੜਾ ਮਨੁੱਖ ਮਾਇਆ ਦੀ ਉਪਜ) ਅਪਣੱਤ (=ਰੋਗ) ਵਲੋਂ ਉਪਰਾਮ ਹੋ ਗਿਆ ਉਸ ਦੇ ਹਿਰਦੇ ਵਿਚ (ਪਰਤੱਖ ਤੌਰ ਤੇ) ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ।੧੮। ਭਾਵ, ਮਾਇਆ-ਧਾਰੀ ਮਨੁੱਖ ਕਦੇ ਵੀ ਪ੍ਰਭੂ ਦਾ ਭਗਤ ਨਹੀਂ ਬਣ ਸਕਦਾ।

੬੧- **ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥ ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥੨੨॥** {1427}

੬੨- **ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥ ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥**

੬੧- **ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ ॥ ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ ॥੨੬॥**

੬੩- **ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥**
**ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ ॥੨੮॥**{੧੪੨੭}

੬੪- **ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥**
**ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥੩●॥**

੬੫- **ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ ॥**
**ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥੩੧॥** {੧੪੨੮}

੬੬- **ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ ॥**
**ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ ॥੩੨॥** {੧੪੨੮}

ਉਂਜ ਤਾਂ ਨੌਵੇਂ ਪਾਤਸ਼ਾਹ ਜੀ ਦੀ ਸਾਰੀ ਬਾਣੀ ਹੀ ਮਾਇਆ ਦੇ ਮੋਹ ਵਿਚ ਫਸਣ ਤੋਂ, ਅਥਵਾ ਲੋਭੀ ਬਣਨ ਤੋਂ ਪੁਕਾਰ ਪੁਕਾਰ ਕੇ ਵਰਜ ਰਹੀ ਹੈ, ਪਰ ਗੁਰੂ ਗ੍ਰੰਥ ਸਾਹਿਬ ਦੇ ਭੋਗ ਸਮੇਂ ਪੜ੍ਹੇ ਜਾਣ ਵਾਲੇ ਸਤਿਗੁਰਾਂ ਦੇ ਸਲੋਕਾਂ ਵਿਚ ਮਾਇਆ ਦੇ ਮੋਹ ਦਾ ਤਿਆਗ ਕਰਨ ਲਈ ਤਾਂ ਇਉ ਲੱਗਦਾ ਹੈ ਜਿਵੇ ਸਤਿਗੁਰੂ ਜੀ ਆਪਣੇ ਚੌਥੇ ਸਰੂਪ ਵਿਚ ਉਚਾਰੇ ਮਹਾਂਵਾਕ ਨੂੰ ਹੀ ਮੁੜ ਮੁੜ ਕਹਿ (**Repeat** ਕਰ) ਰਹੇ ਹੋਣ--

੬੭- **ਸੰਤਹੁ ਸੁਨਹੁ ਸੁਨਹੁ ਜਨ ਭਾਈ ਗੁਰਿ ਕਾਢੀ ਬਾਹ ਕੁਕੀਜੈ ॥**

**ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ ਪਵੀਜੈ ॥੫॥** {੧੩੨੬}-੬

ਹੇ ਮੇਰੇ ਪਿਆਰੇ ਸੰਤ ਜਨੋ, ਤੁਹਾਡਾ ਗੁਰੂ ਕਾਢੀ ਬਾਹ (=ਬਾਹਾਂ ਖੜੀਆਂ ਕਰ ਕੇ) ਕੂਕ ਪੁਕਾਰ ਕਰ ਰਿਹਾ ਹੈ ਉਸਦੀ ਗੱਲ ਤਾਂ ਸੁਣ ਲਉ, ਹੇ ਮੇਰੇ ਭਾਈਓ ! ਮੇਰੀ ਗਲ ਸੁਣੋ, ਜੇ ਸਾਰੇ ਦਾ ਸਾਰਾ ਆਤਮਕ ਸੁਖ ਚਾਹੁੰਦੇ ਹੋ ਤਾਂ ਆਪਣੇ ਸਤਿਗੁਰੂ ਦੇ ਕਹੇ ਅਨੁਸਾਰ ਜੀਵਨ ਬਣਾ ਲਉ । ਸਾਰੇ ਵਿਕਾਰਾਂ ਦੀ ਜੜ੍ਹ ਇਸ ਮਾਇਆ ਨਾਗਨੀ ਦੇ ਮੋਹ ਵਿਚ ਫਸ ਕੇ ਆਪਣਾ ਹੀਰਾ ਜਨਮ ਬਰਬਾਦ ਨਾ ਕਰੋ। ਪਰ ਅਸੀ ਪ੍ਰੋਹਿਤ-ਮੰਗਤੇ ਦੇ ਚੇਲੇ ਬਣੇ

ਉਸੇ ਮਹਾਂਨ ਤਿਆਗੀ ਸੱਜਣ ਸੂਰੇ ਸਤਿਗੁਰੂ ਜੀ ਤੋਂ **ਨਉ ਨਿਧਾਂ** (=ਵਡੇ ਤਕੜੇ ਮਾਇਆ ਅਸਰਾਲ) ਦੀ ਝਾਕ ਆਪਣੀ ਅਰਦਾਸ ਵਿਚ ਲਾਈ ਬੈਠੇ ਆਪਣਾ ਪੰਥਕ ਆਚਰਨ ਨਸ਼ਟ ਕਰ ਰਹੇ ਹੁੰਦੇ ਹਾਂ।

**ਸਤਿਕਾਰ ਜੋਗ ਟੌਹੜਾ ਸਾਹਿਬ ਜੀਓ !** ਨੌਂਵੇਂ ਮਹਲੇ ਦੇ ਸਲੋਕ ਬੜੀਆਂ ਨਿਆਰੀਆਂ ਸੁਰਾਂ ਵਿਚ ਪੜ੍ਹ ਕੇ, ਅਖੰਡ ਪਾਠ ਸਾਹਿਬ ਦੇ, ਅਥਵਾ ਕਈ ਤਰ੍ਹਾਂ ਦੀਆਂ ਵਿਧੀਆਂ ਵਾਲੇ ਦੂਜੇ ਗੁਰੂ-ਬਾਣੀ ਪਾਠਾਂ ਦੀ ਨਿਰਵਿਘਨ ਸਮਾਪਤੀ ਦੀ ਅਰਦਾਸ ਕਰਦੇ ਸਮੇਂ, ਕੀ ਅਸੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਸੰਬੋਧਨ ਕਰਕੇ ਇਹ ਕਹਿ ਰਹੇ ਹੁੰਦੇ ਹਾਂ ਜੀ?---" ਹੇ ਨੌਂਵੇ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀਓ ! ਮਾਇਆ-ਮੋਹ ਦੇ ਵਿਰੁੱਧ ਰੌਲਾ ਪਾ ਪਾ ਕੇ ਕਿਉਂ ਐਵੇਂ ਸਾਨੂੰ ਮਾਇਆ ਤੋਂ ਉਪਰਾਮਤਾ ਦਾ ਉਪਦੇਸ਼ ਕਰ ਰਹੇ ਹੋ। ਤੁਹਾਡੇ ਆਪਣੇ ਕੋਲ ਤਾਂ ਪਤਾ ਨਹੀਂ ਮਾਇਆ ਦੇ ਕਿੰਨੇ ਅਤੇ ਕਿਡੇ ਵੱਡੇ ਢੇਰ ਹਨ। ਤੁਹਾਡਾ ਤਾਂ ਨਾਮ ਲੈਣ ਦੀ ਢਿੱਲ ਹੈ ਕਿ ਨਉ ਨਿਧੀਆਂ ਸਾਡੇ ਘਰਾਂ ਵੱਲ ਨੂੰ ਦੌੜੀਆਂ ਆਉਣ ਲੱਗ ਪੈਂਦੀਆਂ ਹਨ। ਹੇ ਸੱਚੇ ਪਾਤਸ਼ਾਹ ਜੀਉ ਕੀ ਤੁਹਾਡਾ ਇਹ ਫ਼ੁਰਮਾਨ ਤੁਹਾਡੇ ਤੇ ਲਾਗੂ ਨਹੀਂ ਹੁੰਦਾ ਜੀ--ਅਵਰੁ ਉਪਦੇਸੈ ਆਪਿ ਨ ਕਰੈ........ ਧਨ ਸਿੱਖੀ। ਹੇ ਸਤਿਗੁਰੂ ਤੇਗ਼ ਬਹਾਦਰ ਜੀਓ ! ਆਪ ਜੀ ਦਾ ਇਹ ਬਚਨ ਵੀ ਸਾਡੇ ਲਈ ਵਿਅਰਥ ਬਣ ਚੁੱਕਾ ਹੈ:--

੬੮- **ਮਾਈ ਮੈ ਮਨ ਕੋ ਮਾਨੁ ਨ ਤਿਆਗਿਓ ॥**

**ਮਾਇਆ ਕੇ ਮਦਿ ਜਨਮੁ ਸਿਰਾਇਓ ਰਾਮ ਭਜਨਿ ਨਹੀ ਲਾਗਿਓ ॥੧॥ ਰਹਾਉ ॥** {੧●●੮}

ਆਪਣੇ ਸਤਿਗੁਰਾਂ ਦੀ ਕਰੜੀ ਘਾਲਣਾ ਭਰੀਆਂ ਕੁਰਬਾਨੀਆਂ ਨੂੰ, ਅਤੇ ਸਦੀਵੀ ਸੱਚ ਨਾਲ ਜੋੜਨ ਵਾਲੇ ਉਨ੍ਹਾਂ ਦੇ ਵਡਮੁੱਲੇ ਉਪਦੇਸ਼ ਨੂੰ, ਭੁਲਾ ਕੇ ਉਨ੍ਹਾਂ ਦੇ ਉਪਦੇਸ਼ ਦੀ ਸਾਰੀ ਭਾਵਣਾ ਦਾ ਖੰਡਨ ਕਰਨ ਵਾਲੀ ਅਰਦਾਸ ਅਪਣਾਉਣ ਵਾਲੇ ਸਾਡੇ ਜਿਹੇ ਅਕਿਰਤਘਣਾ ਮੂਰਖਾਂ ਨੂੰ ਸ਼ਰਮ ਨਾਲ ਡੁੱਬ ਮਰਨ ਲਈ ਚੱਪਣੀ ਦਾ ਪਾਣੀ ਵੀ ਨਹੀਂ ਮਿਲ ਰਿਹਾ ਜੀ। ਨੌ ਨਿਧਾਂ ਦਾ ਧਾ ਕੇ ਆ ਜਾਣ ਦਾ ਭਰੋਸਾ, ਕੀ ਮਨ ਵਿਚ ਮਾਇਆ ਦੀ ਪ੍ਰਾਪਤੀ ਲਈ **ਲਿਉਂ ਲਿਉਂ ਦੀ ਰੁਚੀ** ਪੈਦਾ ਨਹੀਂ ਕਰ ਰਿਹਾ ਹੁੰਦਾ ਜੀ? ਅਤੇ ਫਿਰ--**ਲਿੰਉ ਲਿੰਉ ਕਰਤ ਫਿਰੈ ਸਭੁ ਲੋਗੁ ॥ ਤਾ ਕਾਰਣਿ ਬਿਆਪੈ ਬਹੁ ਸੋਗੁ** ॥[੩੪੨] ਵਾਲਾ ਭਾਣਾ ਵੀ ਜ਼ਰੂਰ ਵਰਤਣਾ ਹੀ ਸੀ। ਐਵੇਂ ਤਾਂ ਨਹੀਂ ਪੰਥ ਨਿਰੰਤਰ ਨਿਘਰਦਾ ਹੀ ਤੁਰਿਆ ਜਾ ਰਿਹਾ। ਕੌਣ ਕਰੇ ਅੱਜ ਪੰਥ ਦੀ ਅਗਵਾਈ ? ਕਿਹੜਾ ਹੈ ਜੋ ਪੰਥਕ ਮਰਯਾਦਾ ਨੂੰ ਮੁੜ ਨਿਆਰੀ ਬਣਾ ਲੈਣ ਲਈ ਸਿਰ ਤਲੀ ਤੇ ਲੈ ਕੇ ਮੈਦਾਨ ਵਿਚ ਨਿੱਤਰੇ ?

## ਏਸੇ ਪਉੜੀ ਦੇ ਅਰਥਾਂ ਦਾ ਦੂਜਾ ਪੱਖ ?--

**ਸੰਤ ਸਿਪਾਹੀ ਰਸਾਲੇ ਦੇ ਅਪ੍ਰੈਲ ੧੯੯੮ ਦੇ ਅੰਕ ਵਿਚ ਭਾਈ ਅਮਰਜੀਤ ਸਿੰਘ ਖੋਸਾ ਨੇ ਪੰਡਿਤ ਨਰੈਣ ਸਿੰਘ ਜੀ ਦੇ ਕੀਤੇ ਉਪ੍ਰੋਕ ਅਰਥਾਂ ਨੂੰ ਬੜੀਆਂ ਦਲੀਲਾਂ ਦੇ ਅਧਾਰ ਤੇ ਗੁਰਮਤਿ ਦੇ ਪ੍ਰਤਿਕੂਲ ਦੱਸ ਕੇ, ਆਪਣੇ ਵਿਚਾਰਾਂ ਅਨੁਸਾਰ ਉਪ੍ਰੋਕਤ ਪਉੜੀ ਦੇ ਠੀਕ ਅਰਥ ਇਸ ਪ੍ਰਕਾਰ ਹਨ:---**

> ਇਸ ਵਿਚ ਗੁਰੂ ਜੀ ਕਹਿੰਦੇ ਹਨ ਮੈਂ ਪਹਿਲਾਂ ਉਸ ਸਰਬ ਸ਼ਕਤੀਮਾਨ ਜੋਤਿ ਪ੍ਰਭੂ ਨੂੰ ਯਾਦ ਕਰਕੇ (ਇਹ ਰਚਨਾ ਲਿਖਣੀ ਸ਼ੁਰੂ ਕਰਦਾ ਹਾਂ) ਜੋ ਗੁਰੂ ਨਾਨਕ ਜੀ ਨੇ ਵੀ ਧਿਆ ਲਈ ਸੀ, ਗੁਰੂ ਅੰਗਦ, ਅਮਰਦਾਸ ਤੇ ਰਾਮਦਾਸ ਜੀ ਨੂੰ ਸਹਾਈ ਹੋਈ ਸੀ, ਗੁਰੂ ਅਰਜਨ, ਹਰਿਗੋਬਿੰਦ ਤੇ ਸ੍ਰੀ ਹਰਿਰਾਇ ਜੀ ਨੇ ਭੀ ਇਸ ਨੂੰ ਸਿਮਰਿਆ ਸੀ। ਉਹ ਹੀ ਸ਼ਕਤੀ ਸ੍ਰੀ ਹਰਿ ਕ੍ਰਿਸ਼ਨ ਜੀ ਨੇ ਭੀ ਧਿਆਈ, ਜਿਸ ਸ਼ਕਤੀ ਦੀ ਇੱਕ ਮਿਹਰ ਭਰੀ ਤੱਕਣੀ ਨਾਲ ਸਭ ਦੁੱਖ ਦੂਰ ਹੋ ਜਾਂਦੇ ਹਨ, ਉਸੇ ਨੂੰ ਹੀ ਗੁਰੂ ਤੇਗ਼ ਬਹਾਦਰ ਨੇ ਸਿਮਰਿਆ ਹੈ ਜਿਸ ਦੇ ਸਿਮਰਨ ਸਦਕਾ ਘਰ ਵਿਚ ਨਉ ਨਿਧਾਂ ਦਾ ਆਉਣਾ ਬਣਦਾ ਹੈ। ਉਹ ਆਦਿ ਸ਼ਕਤੀ (ਭਗੌਤੀ) ਜਿਸਨੇ ਵੀ, ਧਿਆਈ ਹੈ, ਸਿਮਰੀ, ਉਸ ਦਾ ਧਿਆਨ ਧਰਿਆ ਹੈ ਉਸ ਨੂੰ ਉਸੇ ਜਗ੍ਹਾ ਸਭ ਥਾਂਈਂ ਸਹਾਈ ਹੋਈ ਹੈ।

ਇਨ੍ਹਾਂ ਅਰਥਾਂ ਨੂੰ ਹੀ ਗੁਰਮਤਿ ਦੇ ਅਨਕੂਲ ਸਿੱਧ ਕਰਨ ਲਈ ਕਈ ਦਲੀਲਾਂ ਦਿੱਤੀਆਂ ਹਨ । ਪਰ ਬੜੀ ਹੈਰਾਨੀ ਇਸ ਗੱਲ ਦੀ ਹੈ ਕਿ ਖੋਸਾ ਸਾਹਿਬ ਨੇ ਇਹ ਸਪੱਸ਼ਟ ਨਹੀਂ ਕੀਤਾ ਹੋਇਆ ਕਿ ਅਰਦਾਸ ਵਿਚ (ਸ੍ਰੀ ਗੁਰ) ਤੇਗ਼ ਬਹਾਦੁਰ ਸਿਮਰੀਐ ਘਰ ਨੌ ਨਉ ਨਿਧਿ ਆਵੈ ਧਾਇ ॥ ਲਿਖਣ ਉਪ੍ਰੰਤ--" **ਸਭ ਥਾਈਂ ਹੋਇ ਸਹਾਇ** "-- ਅਤੇ ਫਿਰ--ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ! **ਸਭ ਥਾਈ ਹੋਇ ਸਹਾਇ**---ਦੋਹੀ ਥਾਈਂ ਕਿਸ ਨੂੰ ਸਹਾਈ ਹੋਣ ਦੀ ਮੰਗ ਕੀਤੀ ਗਈ ਹੈ ? ਜੇ ਇਹ ਸਹਾਇਤਾ ਪਹਿਲੇ ਨੌਂ ਗੁਰੂ ਸਾਹਿਬਾਨ ਤੋਂ ਅਤੇ ਵਿਰ ਦਸਵੇਂ ਪਾਤਸ਼ਾਹ ਜੀ ਤੋਂ ਹੀ ਮੰਗੀ ਹੋਈ ਹੈ ਤਾਂ ਇਸ ਤੋਂ ਏਹੀ ਸਪੱਸ਼ਟ ਹੁੰਦਾ ਹੈ ਕਿ ਸਾਰੀ ਪਉੜੀ ਦੇ ਅਰਥ ਉਹੀ ਠੀਕ ਢੁੱਕਦੇ ਹਨ ਜੋ ਪੰਡਿਤ ਨਰਾਇਣ ਸਿੰਘ ਜੀ ਨੇ ਕੀਤੇ ਹਨ। ਇਸ ਅਸੀਲਯਤ ਨੂੰ ਖੋਸਾ ਸਾਹਿਬ ਰੱਦ ਨਹੀਂ ਕਰ ਸਕੇ ਕਿ, ਇਹ ਸਾਰੀ ਪਉੜੀ ਗੁਰਮਤਿ ਦੇ ਵਿਰੁੱਧ ਹੈ।

## ਭਗਉਤੀ ਪਦ ਅਤੇ ਗੁਰੂ ਬਾਣੀ-

ਕੀ ਗੁਰਬਾਣੀ ਵਿਚ ਵੀ ਰੱਬ ਲਈ **ਭਗਉਤੀ** ਪਦ ਕਿਤੇ ਵਰਤਿਆ ਹੋਇਆ ਹੈ? ਇਸ ਪੱਖ ਤੇ ਖੋਜ ਕਰਨ ਨਾਲ ਜੋ ਪਤਾ ਲੱਗਾ ਹੈ ਉਸ ਤੋਂ ਹੋਰ ਵੀ ਵੱਧ ਪ੍ਰੇਸ਼ਾਨੀ ਹੋਈ ਹੈ। ਜੇ ਤਾਂ ਮਹਾਂ-ਕਾਲ ਵਾਂਗ ਹੀ " **ਭਗਉਤੀ** " ਪਦ ਵੀ ਗੁਰਬਾਣੀ ਵਿਚ ਨਾ ਆਇਆ ਹੁੰਦਾ ਤਾਂ ਉਸ ਪਦ ਦੀ ਵਰਤੋਂ ਮਰਜ਼ੀ ਅਨੁਸਾਰ ਕਰ ਲੈਣੀ ਗੁਰਬਾਣੀ ਦੀ ਸਿੱਧੀ ਵਿਰੋਧਤਾ ਕਰਨ ਦੇ ਦੋਸ਼ ਤੋਂ ਅਸੀਂ ਭਾਵੇਂ ਬਚ ਹੀ ਨਿਕਲਦੇ। ਪਰ ਗੁਰਬਾਣੀ ਵਿਚ ਭਗਉਤੀ ਪਦ ਜਿਨ੍ਹਾਂ ਅਰਥਾਂ ਵਿਚ ਆਇਆ ਹੈ ਉਨ੍ਹਾਂ ਅਰਥਾਂ ਨੂੰ ਪੰਥਕ ਅਰਦਾਸ ਵਿਚ ਬੇਲੋੜਾ ਸਮਝਿਆ ਜਾਣ ਦੇ ਕਾਰਨ ਸਾਡੇ ਤੇ ਸਤਿਗੁਰਾਂ ਤੋਂ ਬੇਮੁਖਤਾ ਦਾ ਗੰਭੀਰ ਦੋਸ਼ ਲੱਗ ਰਿਹਾ ਹੈ। ਇਸ ਦੁਖਾਂਤ ਦਾ ਵੇਰਵਾ ਸਪੱਸ਼ਟ ਕਰ ਰਹੇ ਗੁਰੂ-ਬਾਣੀ ਦੇ ਪਾਵਨ ਗੁਰੂ-ਸ਼ਬਦ ਇਸ ਪ੍ਰਕਾਰ ਹਨ:--

੬੯- **ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥ ਧਿਆਨੀ ਧਿਆਨੁ ਲਾਵਹਿ ॥**

**ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥ ਭਗਉਤੀ ਰਹਤ ਜੁਗਤਾ ॥ ਜੋਗੀ ਕਹਤ**

**ਮੁਕਤਾ ॥ ਤਪਸੀ ਤਪਹਿ ਰਾਤਾ ॥੨॥ ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥ ਉਦਾਸੀ ਉਦਾਸਿ**

ਰਾਤਾ ॥੩॥ ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥ ਗਿਰਸਤੀ ਗਿਰਸਤਿ ਧਰਮਾਤਾ ॥੪॥ ਇਕ ਸਬਦੀ ਬਹੁ ਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥ ਇਕਿ ਤੀਰਥਿ ਨਾਤਾ ॥੫॥ ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ ॥ ਇਕਿ ਮਨ ਹੀ ਗਿਆਤਾ ॥੬॥ ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥ ਜਿਸੁ ਮੇਲੇ ਸੋ ਭਗਤਾ ॥੭॥ ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥{੭੧}

੭੦- ਸੋ **ਭਗਉਤੀ** ਜੁੋ ਭਗਵੰਤੈ ਜਾਣੈ ॥ ਗੁਰ ਪਰਸਾਦੀ ਆਪੁ ਪਛਾਣੈ ॥ ਧਾਵਤੁ ਰਾਖੈ ਇਕਤੁ ਘਰਿ ਆਣੈ ॥ ਜੀਵਤੁ ਮਰੈ ਹਰਿ ਨਾਮੁ ਵਖਾਣੈ ॥ ਐਸਾ **ਭਗਉਤੀ** ਉਤਮੁ ਹੋਇ ॥ ਨਾਨਕ ਸਚਿ ਸਮਾਵੈ ਸੋਇ ॥੨॥{੮੮}-ਵਾ-੧੪

੭੧- ਅੰਤਰਿ ਕਪਟੁ **ਭਗਉਤੀ** ਕਹਾਏ ॥ ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥ ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥ ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥ ਸਤਸੰਗਤਿ ਸਿਉ ਬਾਦੁ ਰਚਾਏ ॥ ਅਨਦਿਨੁ ਦੁਖੀਆ ਦੂਜੈ ਭਾਇ ਰਚਾਏ ॥ ਹਰਿ ਨਾਮੁ ਨ ਚੇਤੈ ਬਹੁ ਕਰਮ ਕਮਾਏ ॥ ਪੂਰਬ ਲਿਖਿਆ ਸੁ ਮੇਟਣਾ ਨ ਜਾਏ ॥ ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ ॥੩॥ {੮੮}-ਵਾ-੧੪

੭੨- **ਭਗਉਤੀ** ਭਗਵੰਤ ਭਗਤਿ ਕਾ ਰੰਗੁ ॥ ਸਗਲ ਤਿਆਗੈ ਦੁਸਟ ਕਾ ਸੰਗੁ ॥ ਮਨ ਤੇ ਬਿਨਸੈ ਸਗਲਾ ਭਰਮੁ ॥ ਕਰਿ ਪੂਜੈ ਸਗਲ ਪਾਰਬ੍ਰਹਮੁ ॥ ਸਾਧਸੰਗਿ ਪਾਪਾ ਮਲੁ ਖੋਵੈ ॥ ਤਿਸੁ **ਭਗਉਤੀ** ਕੀ ਮਤਿ ਊਤਮ ਹੋਵੈ ॥ ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥ ਮਨੁ ਤਨੁ ਅਰਪੈ ਬਿਸਨ ਪਰੀਤਿ ॥ ਹਰਿ ਕੇ ਚਰਨ ਹਿਰਦੈ ਬਸਾਵੈ ॥ ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥੩॥ {੨੭੪}-ਅ:-੯

੭੩- ਮਨ ਮਹਿ ਕ੍ਰੋਧੁ ਮਹਾ ਅਹੰਕਾਰਾ ॥ ਪੂਜਾ ਕਰਹਿ ਬਹੁਤੁ ਬਿਸਥਾਰਾ ॥ ਕਰਿ ਇਸਨਾਨੁ ਤਨਿ ਚਕ੍ਰ ਬਣਾਏ ॥ ਅੰਤਰ ਕੀ ਮਲੁ ਕਬ ਹੀ ਨ ਜਾਏ ॥੧॥ ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ ॥ **ਭਗਉਤੀ** ਮੁਦ੍ਰਾ ਮਨੁ ਮੋਹਿਆ ਮਾਇਆ ॥੧॥ ਰਹਾਉ ॥ ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥ ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮ ਪੁਰਿ ਬਾਂਧਿ ਖਰੇ ਕਾਲੰਕ ॥੨॥ {੧੩੪੮}-੧

੭੪- ਕਿਨਹੀ ਗ੍ਰਿਹੁ ਤਜਿ ਵਣ ਖੰਡਿ ਪਾਇਆ ॥ ਕਿਨਹੀ ਮੋਨਿ ਅਉਧੂਤੁ ਸਦਾਇਆ ॥ ਕੋਈ ਕਹਤਉ ਅਨੰਨਿ **ਭਗਉਤੀ** ॥ ਮੋਹਿ ਦੀਨ ਹਰਿ ਹਰਿ ਓਟ ਲੀਤੀ ॥੨॥ {੯੧੨}-੧

ਦਾਸ ਨੇ ਬੜੀ ਕਰੜੀ ਮਿਹਨਤ ਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਕੇਵਲ ਛੇ ਗੁਰੂ ਸ਼ਬਦਾਂ ਵਿਚ ਅੱਠ ਵਾਰ " ਬਗੁਤੀ " ਲਫ਼ਜ਼ ਲਿਖਿਆ ਮਿਲ ਸਕਿਆ ਹੈ, ਅਤੇ ਜਿਸ ਲਗਨ ਅਤੇ ਤਰੀਕੇ ਨਾਲ ਬਾਲ ਕੀਤੀ ਹੈ ਉਸ ਤੋਂ ਯਕੀਨ ਬਣਿਆਂ ਹੈ ਕਿ, ਗੁਰੂ ਬਾਣੀ ਵਿਚ ਕੇਵਲ ਏਨੇ ਹੀ ਹਨ। ਸਤਿਗੁਰਾਂ ਦਾ ਇਸ਼ਾਰੇ ਮਾਤ੍ਰ ਬਚਨ ਹੀ ਗੁਰਸਿੱਖ ਲਈ ਰੱਬੀ ਫ਼ੁਰਮਾਨ ਹੋਣਾ ਚਾਹੀਦਾ ਹੈ ਏਥਏ ਤਾਂ ਛੇ ਗੁਰੂ ਸ਼ਬਦਾਂ ਤੋਂ ਸਪੱਸ਼ਟ ਹੋ ਰਿਹਾ ਹੈ ਕਿ ਸਤਿਗੁਰਾਂ ਨੇ ਖ਼ਾਸ ਧਾਰਮਿਕ ਵੇਸ ਵਾਲੇ ਕਰਮਕਾਂਡੀ ਪਖੰਡੀ ਨੂੰ **ਭਗੁਤੁਤੀ** ਕਿਹਾ ਹੈ । ਓਜੇਹਾ ਭਗਉਤੀ ਭਗਤੀ ਦੇ ਓਹਲੇ ਪਾਪ ਕਮਾ ਰਿਹਾ ਹੁੰਦਾ ਹੈ। ਸਿੱਧਾ ਹੈ ਕਿ, ਗੁਰਬਣੀ ਨੇ ਭੁਗੁਤੀ ਪਦ ਨੂੰ, ਅਕਾਲਪੁਰਖ ਲਈ ਵਰਤਨ ਤੋਂ ਸਾਨੂੰ ਵਰਜਿਆ ਹੈ॥ ਦਾਸ ਦੀ ਤੁੱਛ ਬੁਧੀ ਅਨੁਸਾਰ--ਭਗਉਤੀ ਪਦ ਦੁਆਰਾ ਅਕਾਲਪੁਰਖ ਦੀ ਉਪਾਸ਼ਨਾ ਸਤਿਗੁਰਾਂ ਦੇ ਬਚਨਾਂ ਤੋਂ ਉਲਟ ਵਿਹਾਰ ਕਰਨ ਦਾ ਦੋਸ਼ ਹੈ। ਅਜੇਹਾ ਕਰਨਾ ਗੁਰਮਤਿ ਦੀ ਨਿਆਰੀ ਆਭਾ ਨੂੰ ਦੂਸ਼ਤ ਕਰਨ ਦਾ ਅਪਰਾਧ ਹੈ।

ਅਗਲੇ ਗੁਰੂ ਫ਼ੁਰਮਾਨ ਵਿਚ ਸ਼ਿਵ ਦੇ ਦੋ ਰੂਪਾਂ (ਭੈਰਉ ਅਤੇ ਸ਼ਿਵ) ਸਮੇਤ ਸਾਰੇ ਦੇਵੀ ਦੇਵਤੇ, ਅਤੇ ਜਗਤ ਦਾ ਆਦਿ ਮੰਨੀ ਜਾ ਰਹੀ, **ਦੁਰਗਾ** ਅਥਵਾ **ਭਗਵਤੀ** ਦੇ ਹੀ ਨਾਮ, **ਸੀਤਲਾ, ਮਹਾਂ-ਮਾਈ** ਅਤੇ **ਭਵਾਨੀ** ਬਾਰੇ ਗੁਰਬਾਣੀ ਦਾ ਫ਼ਤਵਾ ਇਸ ਪ੍ਰਕਾਰ ਹੈ:----

੭੫- ਭੈਰਉ ਭੂਤ **ਸੀਤਲਾ** ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥੧॥ ਹਉ ਤਉ ਏਕੁ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥੧॥ ਰਹਾਉ ॥ ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥੨॥ ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥੩॥ ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥ ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥ {੮੭੪}

**ਅਰਥ:**--ਜੋ ਮਨੁੱਖ ਭੈਰਉ ਵੱਲ ਜਾਂਦਾ ਹੈ (ਭਾਵ, ਜੋ ਭੈਰਉ ਦੀ ਅਰਾਧਨਾ ਕਰਦਾ ਹੈ--ਜਿਵੇ ਹੁਣ ਸੰਤ ਸਿਪਾਹੀ ਅਦਾਰੇ ਨੂੰ ਸ਼ਸਤਰਾਂ ਦੀ ਅਤੇ ਭਗੌਤੀ ਆਦਿ ਰੂਪ ਰਬ ਦੀ ਪੂਜਾ ਦਾ ਚਾ ਨਜ਼ਰ ਆ ਰਿਹਾ ਹੈ?) ਉਹ (ਵਧ ਤੋਂ ਵਧ ਭੈਰੋਂ ਵਰਗਾ ਹੀ) ਭੂਤ ਬਣ ਜਾਂਦਾ ਹੈ। ਜੋ ਸੀਤਲਾ ਨੂੰ ਅਰਾਧਦਾ ਹੈ ਉਹ (ਸੀਤਲਾ ਵਾਂਗ) ਖੋਤੇ ਦੀ ਸਵਾਰੀ ਕਰਦਾ ਹੈ ਤੇ (ਖੋਤੇ ਵਾਂ ਫਿਰ) ਸੁਆਹ ਹੀ ਉਡਾਉਂਦਾ ਫਿਰਦਾ ਹੈ । ੧ । (ਹੇ ਬ੍ਰਾਹਮਣ ਜੀ !) ਮੈ ਤਾਂ ਇੱਕ ਸੋਹਣੇ (ਬੰਕੇ ਨੈਨ ਅਤੇ ਦੰਤ ਰਿਸਾਲੂ ਅਤੇ ਲੰਬੜੇ ਵਾਲਾਂ ਵਾਲੇ ਕਿਰਪਾਨ, ਖੜਗ, ਖੰਡੇ, ਬਰਛੀ, ਬਾਨ, ਅਸਿ ਮਹਾਂਕਾਲ ਆਦਿ=ਰੂਪ ਰੱਬ**?**) ਈਸ਼ਵਰ ਦਾ ਨਾਮ ਹੀ ਲਵਾਂਗਾ, (ਤੁਹਾਡੇ) ਹੋਰ ਸਾਰੇ ਦੇਵਤਿਆਂ ( ਸ਼ਸਤਰਾਂ ਬਾਰੇ ਕੀ ਖ਼ਿਆਲ ਹੈ?) ਨੂੰ ਉਸ ਨਾਮ ਦੇ ਵੱਟੇ ਵਿਚ ਦੇ ਦਿਆਂਗਾ, (ਭਾਵ, ਪ੍ਰਭੂ-ਨਾਮ ਦੇ ਟਾਕਰੇ ਤੇ ਮੈਨੂੰ ਤੁਹਾਡੇ ਕਿਸੇ ਦੇਵੀ ਦੇਵਤੇ ਦੀ ਲੋੜ ਨਹੀਂ ਹੈ) । ੧ । ਰਹਾਉ । ਜੋ ਮਨੁੱਖ ਸ਼ਿਵ ਦਾ (ਕਾਲ, ਮਹਾਂਕਾਲ ਆਦਿ) ਨਾਮ ਜਪਦਾ ਹੈ ਉਹ (ਵਧ ਤੋਂ ਵਧ ਜੋ ਕੁਝ ਹਾਸਲ ਕਰ ਸਕਦਾ ਹੈ ਇਹ ਹੈ ਕਿ ਸ਼ਿਵ ਦਾ ਰੂਪ ਲੈ ਕੇ ਸ਼ਿਵ ਦੀ ਸਵਾਰੀ) ਬਲਦ ਉੱਤੇ ਚੜ੍ਹਿਆ ਡੰਬਰੂ ਵਜਾਉਂਦਾ ਫਿਰਦਾ ਹੈ। ੨ । ਜੋ ਮਨੁੱਖ ਪਾਰਬਤੀ (ਭਗਉਤੀ, ਦੁਰਗਾ, ਕਾਲਕਾ ਆਦਿ) ਦੀ ਪੂਜਾ ਕਰਦਾ ਹੈ ਉਹ ਮਨੁੱਖ ਤੋਂ ਜ਼ਨਾਨੀ ਹੋ ਕੇ ਜਨਮ ਲੈਂਦਾ ਹੈ (ਕਿਉਂਕਿ ਪੂਜਾ ਕਰਨ ਵਾਲਾ ਆਪਣੇ ਪੂਜਯ ਦਾ ਰੂਪ ਬਣ ਸਕਦਾ ਹੈ) । ੩ । ਹੇ ਭਵਾਨੀ ! (ਹੇ , ਚੰਡੀ, ਚੰਡਕਾ, ਭਗਵਤੀ !) ਤੂੰ ਸਭ ਦਾ ਮੁੱਢ ਅਖਵਾਉਂਦੀ ਹੈਂ, ਪਰ (ਆਪਣੇ ਭਗਤਾਂ ਨੂੰ) ਮੁਕਤੀ ਦੇਣ ਵੇਲੇ ਤੂੰ ਭੀ, ਪਤਾ ਨਹੀਂ ਕਿਥੇ ਲੁਕ ਜਾਂਦੀ ਹੈਂ (ਭਾਵ, ਮੁਕਤੀ ਦੁਰਗਾ ਭਵਾਨੀ ਕੋਲ ਵੀ ਨਹੀਂ ਹੈ)। ੪ । ਸੋ, ਨਾਮਦੇਵ ਬੇਨਤੀ ਕਰਦਾ ਹੈ--ਹੇ ਮਿੱਤਰ ! ਸਤਿਗੁਰਾਂ ਦੀ ਸਿਖਿਆ ਲੈ ਕੇ ਪਰਮਾਤਮਾ ਦੇ ਨਾਮ ਦੀ ਓਟ ਲੈ, (ਤੁਹਾਡੀ ਧਰਮ ਪੁਸਤਕ) ਗੀਤਾ ਵੀ ਇਹੀ ਆਖਦੀ ਹੈ। ੫ ।

ਸੋ ਮੋਟੇ ਅਖਰਾਂ ਵਿਚ ਲਿਖੇ ਇਹ ਉਪ੍ਰੋਕਤ ਬਚਨ, ਗੁਰਮਤਿ ਦੇ--**ਜੇਹਾ ਸਿਮਰੇ ਤੇਹਾ ਹੋਵੇ**--ਵਾਲੇ ਸਿਧਾਂਤ ਦੀਆਂ ਧੱਜੀਆਂ ਉਡਾ ਰਹੇ ਹਨ। ਗੁਰੂ ਨਾਨਕ ਪਾਤਿਸ਼ਾਹ ਜੀ ਦੇ ਸਿੱਖ ਦੀ ਅਰਦਾਸ ਵਿਚ **ਭਗਵਤੀ** ਦਾ ਲਿਆ ਵਾੜਨਾ, ਨਿਰਸੰਦੇਹ ਸਿੱਖੀ ਸਿਧਾਂਤ ਦੀ ਨਿਆਰੀ ਆਭਾ ਨੂੰ ਦੂਸ਼ਤ ਕਰਨ ਦੇ ਯਤਨ ਵਿਚ ਲੱਗੇ ਕਿਸੇ ਕੱਟੜ ਵੈਰੀ ਦਾ ਕਾਰਾ ਹੈ, ਅਥਵਾ ਉਦਾਸੀਆਂ, ਨਿਰਮਲਿਆਂ ਮਹੰਤ ਸੰਪ੍ਰਦਾਈਆਂ ਦੀ ਕਿਰਪਾ ਹੈ।

**ਇੱਕ ਇਹ ਪੱਖ ?**----ਪ੍ਰੋਹਿਤਵਾਦ ਦੇ ਜਿਨ੍ਹਾਂ ਏਜੰਟਾਂ ਨੇ ਸਿੱਖ ਪੰਥ ਵਿਚ ਬਿੱਪ੍ਰਵਾਦ ਦੀ ਪ੍ਰਧਾਨਗੀ ਬਣਾਈ ਰੱਖਣ ਦੀ ਸੌਂਹ ਖਾਧੀ ਹੋਈ ਹੈ, ਉਨ੍ਹਾਂ ਨੇ ਨਿੰਮਨ ਲਿਖੇ ਗੁਰੂ ਸ਼ਬਦ ਵਿਚਲੇ **ਭਗਉਤ** ਸ਼ਬਦ ਤੋਂ ਭਗਉਤੀ ਬਣਾ ਕੇ ਇਹ ਕਹਿਣਾ ਹੈ ਕਿ ਜਦ ਗੁਰੂ ਗ੍ਰੰਥ ਸਾਹਿਬ ਜੀ ਨੇ ਆਪ ਹੀ ਆਪਣੇ ਸਿਧਾਂਤ ਨੂੰ ਤੋੜ ਦਿੱਤਾ ਹੈ ਤਾਂ ਪੰਥ ਭਗਉਤੀ ਨੂੰ ਰੱਬ ਕਿਵੇਂ ਨਾ ਮੰਨਦਾ? ਗੁਰੂ ਫ਼ੁਰਮਾਨ ਇਸ ਪ੍ਰਕਾਰ ਹੈ:--

੭੬- **ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ ॥**

**ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥੨॥** {੧੨੯੩}-੧

**ਅਰਥ:**--ਤਾੜੀ ਦੇ ਰੁੱਖ ਅਪਵਿਤ੍ਰ ਮੰਨੇ ਜਾਂਦੇ ਹਨ, ਉਸੇ ਤਰ੍ਹਾਂ ਹੀ ਉਨ੍ਹਾਂ ਰੁੱਖਾਂ ਤੋਂ ਬਣੇ ਹੋਏ ਕਾਗ਼ਜ਼ਾਂ ਬਾਰੇ ਲੋਕ ਵਿਚਾਰ ਕਰਦੇ ਹਨ (ਭਾਵ, ਉਨ੍ਹਾਂ ਦੇ ਕਾਗ਼ਜ਼ਾਂ ਨੂੰ ਭੀ ਅਪਵਿਤ੍ਰ ਸਮਝਦੇ ਹਨ), ਪਰ ਜਦੋਂ ਭਗਵਾਨ ਦੀ ਸਿਫ਼ਤਿ-ਸਾਲਾਹ ਉਨ੍ਹਾਂ ਉਤੇ ਲਿਖੀ ਜਾਂਦੀ ਹੈ ਤਾਂ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ।੨।

**ਪ੍ਰਿੰ: ਸਾਹਿਬ ਸਿੰਘ ਜੀ** ਨੇ ਭਗਉਤੁ ਦਾ ਅਰਥ ਭਗਵਾਨ ਲਿਖਿਆ ਹੈ। **ਮਹਾਨ ਕੋਸ਼ ਦੇ** ੯੦੧ ਸਫ਼ੇ ਤੇ **ਭਗਉਤ** ਦੇ ਅਰਥ ਇਸ ਪ੍ਰਕਾਰ ਹਨ--ਭਗਵਤ, ਵਿ-ਭਾਗ (ਐਸ਼੍ਵਰਯ) । **੨-** ਭਗਵਤ ਦੀ,-- " **ਭਗਉਤੀ ਮੁਦ੍ਰਾ, ਮਨ ਮੋਹਿਆ ਮਾਇਆ** " (ਪ੍ਰਭਾ: ਅ: ਮ: ੫) ਪਰਮੇਸ਼ਰ ਦੇ ਭੇਖ ਦੀ ਮੁਦ੍ਰਾ ਹੈ, ਪਰ ਮਨ ਮਾਇਆ ਮੋਹਿਆ ?। **੩-** ਭਗਵਤੀ, ਦੁਰਗਾ ਦੇਵੀ " ਵਾਰ ਸ੍ਰੀ ਭਗਉਤੀ ਜੀ ਕੀ " (ਚੰਡੀ ੩) । **੪-** ਖੜਗ, ਸ੍ਰੀ ਸਾਹਿਬ, ਤਲਵਾਰ-- " ਲਈ ਭਗਉਤੀ ਦੁਰਗਸਾਹ " (ਚੰਡੀ ੩) ' ਲਏ ਭਗਉਤੀ ਨਿਕਸ ਹੈ ਆਪ ਕਲੰਕੀ ਹਾਥ। " (ਸਨਾਮਾ) " ਨਾਉ ਭਗਉਤੀ ਲੋਹ ਘੜਾਇਆ " (ਭਾਗੁ) **੫-** ਮਹਾ ਕਾਲ। " ਪ੍ਰਿਥਮ ਭਗਉਤੀ ਸਿਮਰਕੈ " (ਚੰਡੀ ੩) **੬-** ਇੱਕ ਛੰਦ। ਕਈ ਥਾਈਂ " ਸ੍ਰੀ ਭਗਵਤੀ " ਭੀ ਇਸ ਛੰਦ ਦਾ ਨਾਮ ਹੈ। ਦਸਮਗ੍ਰੰਥ ਵਿਚ ਇਸ ਦੇ ਦੋ ਰੂਪ ਹਨ। ਇੱਕ ਸੋਮਰਾਜੀ ਅਥਵਾ ਸ਼ੰਖਨਾਰੀ ਦਾ ਹੈ।

ਮਹਾਨ ਕੋਸ਼ ਵਿਚ ਵੀ ਭਗਉਤੀ ਦਾ ਅਰਥ **ਅਕਾਲ ਪੁਰਖ** ਕਿਤੇ ਨਹੀਂ ਲਿਖਿਆ ਸਗੋਂ ੩ ਨੰਬਰ ਵਾਲੇ ਅਰਥਾਂ ਵਿਚ ਅਰਦਾਸ ਵਿਚਲੇ ਭਗਉਤੀ ਸ਼ਬਦ ਨੂੰ **ਦੁਰਗਾ ਦੇਵੀ** ਸਪੱਸ਼ਟ ਕਰਕੇ ਲਿਖਿਆ ਹੋਇਆ ਹੈ। ਏਵੇਂ ਹੀ ਗੁਰਬਾਣੀ ਵਿਚਾਰ ਤੋਂ ਸਪੱਸ਼ਟ ਹੋਇਆ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਨੇ ਭਗਉਤੀ ਲਫ਼ਜ਼ ਨੂੰ ਅਕਾਲਪੁਰਖ ਲਈ ਵਰਤਣਾ ਪਸੰਦ ਨਹੀਂ ਕੀਤਾ। ਸਗੋਂ ਇਸ ਦੇ ਉਪਾਸ਼ਕ ਨੂੰ ਨਰ ਤੋਂ ਨਾਰ ਬਣ ਕੇ ਜਨਮ ਲੈਣ ਦੇ ਬਚਨ ਕਹੇ ਹਨ।

**ਬਿਬੇਕ ਵਿਚਾਰ:**--

ਜੇ ਅਸੀਂ ਇਹ ਕਹਿ ਸਕਦੇ ਹਾਂ ਕਿ **ਭਗ਼ਉਤੀ** ਸਾਡੇ ਲਈ ਰੱਬ ਦਾ ਨਾਮ ਹੈ, ਤਾਂ ਫਿਰ ਮੂਰਤੀ ਦੇ ਪੁਜਾਰੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਪੱਥਰਾਂ ਵਿਚ ਰੱਬ ਦੇ ਦਰਸ਼ਨ ਹੁੰਦੇ ਹਨ, ਉਨ੍ਹਾਂ ਨੂੰ ਪੱਥਰ ਪੂਜ ਕਹਿ ਕੇ ਨਿੰਦਿਆ ਨਹੀਂ ਜਾਣਾ ਚਾਹੀਦਾ। ਸਾਡੀ ਆਪਣੀ ਹੂੜ-ਮਤਿ ਦੇ ਕਾਰਨ--**ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥ ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥ ੧ ॥** [੧੧੬੦]--ਸਤਿਗੁਰੂ ਬਚਨ, ਆਪਣੇ ਆਪ ਵਿਅਰਥ ਬਣ ਕੇ ਰਹਿ ਜਾਣਗੇ। ਜਿਸ ਦਾ ਜੀਅ ਕਰਦਾ ਜਿਹੋ ਜਿਹਾ ਮਰਜ਼ੀ ਹੈ ਰੱਬ ਥਾਪ ਬੈਠੇ। ਨੇਕੀ ਬਦੀ, ਸ਼ੁੱਧ ਅਸ਼ੁੱਧ,, ਗੁਰਮਤਿ ਜਾਂ ਮਨਮਤ ਦਾ ਨਿਰਣਾ ਕਰ ਸਕਣ ਲਈ, ਗੁਰਸਿੱਖ ਕੋਲ **ਕੇਵਲ ਮਾਤ੍ਰ ਕਸਵੱਟੀ,** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। ਜਦ ਆਪਣੇ ਸਤਿਗੁਰੂ ਜੀ ਦਾ ਮਿਥਿਆ ਨਿੱਯਮ ਅਸਾਂ ਆਪ ਭੰਗ ਕਰ ਲਿਆ, ਜਦ ਅਸੀਂ ਆਪ ਹੀ " ਲਛਮਣ-ਰੇਖਾ " ਟੱਪ ਖਲੋਤੇ ਹਾਂ, ਜਦ ਸਾਡਾ ਆਪਣਾ ਹੀ ਕੋਈ ਇੱਕ ਧੁਰਾ ਨਾ ਰਿਹਾ, ਤਾਂ ਅਸੀਂ ਕਿਸੇ ਨਿਰੰਕਾਰੀ, ਰਾਧਾ ਸੁਆਮੀ, ਨਾਮਧਾਰੀ ਆਦਿ, ਕਿਸੇ ਵੀ ਦੇਹ-ਧਾਰੀ ਗੁਰੂ ਵਿਰੁੱਧ ਕੋਈ ਬਚਨ ਕਿਵੇਂ ਬੋਲ ਸਕਦੇ ਹਾਂ? ਜਦ ਅਸਾਂ ਆਪ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਾਂ ਦੀ ਉਲੰਙਣਾ ਕਰਨ ਨੂੰ ਧਰਮ ਮੰਨ ਲਿਆ, ਤਾਂ ਸਾਡਾ ਨਿਖਸਮਿਆਂ ਦਾ ਕੀ ਹੱਕ ਰਹਿ ਗਿਆ ਕਿ ਅਸੀਂ ਕਿਸੇ ਦੂਜੇ ਨੂੰ ਉਪਦੇਸ਼ ਕਰੀਏ ਕਿ ਮਨੁੱਖ ਦਾ ਗੁਰੂ ਕੇਵਲ " ਸ਼ਬਦ (-ਗਿਆਨ) " ਹੀ ਹੁੰਦਾ ਹੈ। ਇਹ ਕਿਵੇਂ ਕਹਿ ਸਕਦੇ ਹਾਂ ਕਿ ਮਨੁੱਖ ਕਦੇ ਧਰਮ-ਗੁਰੂ ਨਹੀਂ ਬਣ ਸਕਦਾ? ਜੇ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਮੰਨਣ ਵਾਲੇ ਲਈ **ਭਗਉਤੀ** ਰੱਬ ਹੈ, ਤਾਂ ਦੇਹ ਧਾਰੀਆਂ ਤੇ ਵਿਸ਼ਵਾਸ਼ ਰੱਖਣ ਵਾਲਿਆਂ ਨੂੰ ਉਹੀ ਪ੍ਰਤੱਖ ਰੱਬ (ਦਾ ਰੂਪ) ਹਨ। ਕੇਵਲ ਇੱਕੋਂ ਹੀ ਬੰਨਾ ਸੀ, ਜਦ ਉਹ ਅਸਾਂ ਆਪ ਹੀ ਟੱਪ ਲਿਆ, ਤਾਂ ਗੁਰੂ ਦੀ ਸਿੱਖੀ, ਸਤਿਗੁਰਾਂ ਦਾ ਇਹ ਪੰਥ, ਜਿੰਨੇ ਧੜਿਆਂ ਵਿਚ ਮਰਜ਼ੀ ਹੈ ਵੰਡਿਆ ਤੁਰਿਆ ਜਾਵੇ, ਕੋਈ ਰੋਕ ਨਾ ਰਹੀ?

**ਦੂਜਾ ਪੱਖ --ਪੰਡਿਤ ਨਰੈਣ ਸਿੰਘ ਜੀ ਅੱਗੇ ਲਿਖਦੇ ਹਨ**--ਦੇਵੀ ਭਾਗਵਤ ਪੁਰਾਣ ਵਿਚ ਭਗੌਤੀ ਦੇ ਤਿੰਨ ਸਰੂਪ ਲਿਖੇ ਹਨ ਅਤੇ ਤਿੰਨਾਂ ਦੇ ਅਰਥ ਭੀ ਵਖੋ ਵੱਖ ਹਨ, ਜੈਸਾ ਕਿ--

**(੧) ਭਗੌਤੀ**=ਤਲਵਾਰ । (੨) ਭ**ਗਉਤੀ**=ਬਰਛਾ। **(੩) ਭਗਵਤੀ**=ਦੇਵੀ।

ਇਨ੍ਹਾਂ ਤਿੰਨਾ ਵਿਚੋਂ ਦੋ ਰੂਪ (ਭਗਉਤੀ ਅਤੇ ਭਗੌਤੀ) ਏਸੇ ਵਾਰ ਵਿਚ ਆ ਚੁੱਕੇ ਹਨ ਅਤੇ ਏਹੋ ਹੀ ਦੋਵੇਂ ਅਰਥ ਦੇਂਦੇ ਹਨ। ਜੇ ਏਹੋ ਹੀ ਅਰਥ ਸਿੱਧ ਮੰਨੀਏ ਤਾਂ " ਪ੍ਰਿਥਮ ਭਗੌਤੀ " ਪਦ ਦਾ ਅਰਥ= ਸਰਬ ਸ੍ਰੇਸ਼ਟ ਤਲਵਾਰ ਸਿਧ ਹੁੰਦਾ ਹੈ।

## **ਜੇ ਭਗਉਤੀ ਦਾ ਅਰਥ ਤਲਵਾਰ** ਜਾਂ **ਕਿਰਪਾਨ** ਹੈ ਤਾਂ ਖ਼ਾਲਸਾ ਪੰਥ ਨੂੰ ਇਸ ਦੀ ਉਪਾਸ਼ਨਾ ਦੀ ਪਰੇਰਨਾ ਕਿੱਥੋ ਮਿਲੀ?

(੧) ਕੀ ਇਹ ਤਲਵਾਰ-ਰੂਪ **ਭਗਉਤੀ** ਦਾ ਸਿਮਰਣ ਕਰਨ ਦਾ ਸੰਕੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਮਿਲਿਆ? ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਹੀ ਕਿਸੇ ਦੂਜੇ ਗ੍ਰੰਥ ਨੂੰ ਵੀ ਗੁਰਿਆਈ ਮਿਲੀ ਹੋਈ ਹੈ? ਜੇ ਨਹੀਂ ਤਾਂ ਸਤਿਗੁਰਾਂ ਤੋਂ ਛੁੱਟ ਹੋਰ ਦੂਜਾ ਅਜੇਹਾ ਕੌਣ ਹੈ ਜੋ ਗੁਰਮਤਿ ਦਾ ਸਪੱਸ਼ਟ ਸਿਧਾਂਤ ਬਦਲ ਰਿਹਾ ਹੈ? ਜੇ ਇਹ ਰੀਤ ਦਸਮ ਗ੍ਰੰਥ ਤੋਂ ਲਈ ਹੈ, ਤਾਂ ਕੀ ਦਸਮ ਗ੍ਰੰਥ ਸਾਡਾ ਗੁਰੂ ਹੈ ? ਜੇ ਅਜੇਹੀ ਕੋਈ ਗੱਲ ਹੈ ਸੀ ਤਾਂ ਸਿੱਖ ਰਹਿਤ ਮਰਯਾਦਾ ਵਿਚ ਦਸਮ ਗ੍ਰੰਥ ਸਾਹਿਬ ਦੀ ਗੁਰਿਆਈ ਦਾ ਸਪੱਸ਼ਟ ਜ਼ਿਕਰ ਕਰ ਦੇਣ ਵਿਚ ਸ਼ਰਮ ਕਿਸ ਕਾਰਨ ਮੰਨੀ ਗਈ? ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਤੇ ਤੁੱਲ ਹੀ ਸਾਵਾਂ ਗੁਰੂ ਮੰਨਣ ਦਾ ਹੁਕਮਨਾਮਾ ਜਾਰੀ ਹੋ ਜਾਣਾ ਚਾਹੀਦਾ ਸੀ। ਨਹੀਂ ਤਾਂ ਸਾਡੇ ਲਈ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਹਰ ਫ਼ੁਰਮਾਨ, ਅਕਾਲ ਪੁਰਖ ਜੀ ਦੇ ਆਪਣੇ ਹੁਕਮ ਹਨ। **ਉਸ ਖਸਮ ਨੂੰ ਛੱਡ ਕੇ ਦੂਜੇ ਨਾਲ ਜੁੜਨ ਡੁੱਬ ਮਰਨ ਵਾਲੀ ਭੁੱਲ ਹੈ--ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥[੪੭੦]**

(੨) ਜਿਸ ਅਕਾਲਪੁਰਖ ਨੂੰ ਗੁਰਮਤਿ ਸਿਧਾਂਤ ਦਾ ਮੂਲ " **ਨਿਰਵੈਰ** " ਕਹਿੰਦਾ ਹੈ ਉਸੇ ਸਿਧਾਂਤ ਦੇ ਪੁਜਾਰੀ ਗੁਰਸਿੱਖ ਨੇ, ਗੁਰੂ ਨਾਨਕ ਜੀ ਦੇ " **ਨਿਰਵੈਰ** " ਅਕਾਲਪੁਰਖ ਨੂੰ ਸੰਘਾਰ ਕਰਨ ਵਾਲੀ ਤਲਵਾਰ ਦੇ ਰੂਪ ਵਿਚ ਮੰਨਣਾ ਅਰੰਭ ਕਰ ਲਿਆ? ਗੁਰਬਾਣੀ ਵਿਚ ਅਕਾਲ ਪੁਰਖ ਨੂੰ ਜੇ ਮਾਰਨ ਵਾਲਾ ਕਿਹਾ ਹੈ ਤਾਂ ਨਾਲ ਹੀ ਰਖਿਆ ਕਰਨ ਵਾਲਾ ਹੀ ਮੰਨਿਆਂ ਹੈ--**ਮਾਰੈ ਰਾਖੈ ਏਕੋ ਆਪਿ ॥** [੨੮੧] **ਬਿਨੁ ਭਗਵੰਤ ਨਾਹੀ ਅਨ ਕੋਇ ॥ ਮਾਰੈ ਰਾਖੈ ਏਕੋ ਸੋਇ ॥** [੧੯੨]-- ਉਹ ਕਿਸੇ ਦਾ ਵੈਰੀ ਨਹੀ ਹੈ--**ਆਪੇ ਮਿਹਰ ਦਇਆ ਪਤਿ ਦਾਤਾ ਨਾ ਕਿਸੈ ਕੋ ਬੈਰਾਈ ਹੇ ॥੧੧॥** [੧੦੨੧]--**ਤੂ ਨਿਹਚਲੁ ਨਿਰਵੈਰੁ ਸਚੁ ਸਚਾ ਤੁਧੁ ਦਰਬਾਰੁ ॥** [੯੬੨] ਇੱਕ ਅਕਾਲਪੁਰਖ ਹੀ ਤਾਂ ਸਾਡਾ ਸੱਚਾ ਮਿੱਤਰ ਹੈ--

੭੭- **ਮੀਤੁ ਹਮਾਰਾ ਸੋਈ ਸੁਆਮੀ ॥ ਥਾਨ ਥਨੰਤਰਿ ਅੰਤਰਜਾਮੀ ॥**
**ਸਿਮਰਿ ਸਿਮਰਿ ਪੂਰਨ ਪਰਮੇਸੁਰ ਚਿੰਤਾ ਗਣਤ ਮਿਟਾਈ ਹੇ ॥੮॥**{੧●੭੧ }-੧.

ਉਸ ਦਇਆਲੂ ਨੂੰ **ਵੱਢਣ ਟੁੱਕਣ ਵਾਲੀ ਤਲਵਾਰ** ਕਹਿਣ ਵਾਲੇ ਵੀਰੋ ! ਚੇਤਾ ਰਖੋ ਕਿ---ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ ਨਦਰਿ ਕਰੇਇ ॥ [੯੯੩]--**ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ ॥੯॥।੭੬੬॥**--ਉਸ ਨੂੰ **ਖੜਗ** ਕਹਿਣ ਵਾਲੇ ਪਿਆਰਿਓ ! ਇਹ ਨਾ ਭੁਲੋ ਕਿ ਸ੍ਰੀ ਗੁਰੂ ਨਾਨਕ ਜੀ ਨੇ ਸਾਨੂੰ ਉਸ ਪ੍ਰਭੂ-ਖ਼ਸਮ ਦੀ ਚਰਨੀ ਲਾਇਆ ਹੈ ਜਿਹੜਾ----**ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ॥**[੭੮੩]--**ਮਾਤ ਪਿਤਾ ਸੁਤ ਬੰਧਪੋ ਤੂੰ ਮੇਰੇ ਪ੍ਰਾਣ ਅਧਾਰ ॥ {੨●੩}** ਫਿਰ---**ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ ॥੧॥{੬੭੪}** ਦਸਮੇਂ ਜਾਮੇਂ ਵਿਚ ਆ ਕੇ ਅਕਾਲ ਪੁਰਖ ਲਈ ਵਰਤੀ ਜਾਣ ਵਾਲੀ ਸਾਰੀ ਭਾਸ਼ਾ ਬਦਲ ਜਾਣ ਦਾ ਕਾਰਨ ਕੀ ਸੀ? ਇਸ ਵਿਚ ਕੋਈ ਸੰਦੇਹ ਨਹੀਂ ਰਹਿ ਜਾਂਦਾ ਕਿ ਖ਼ਾਲਸਾ ਜੀ ਪੂਰੀ ਤਰ੍ਹਾਂ ਵੈਰੀਆਂ ਦੀ ਚਾਲ ਦਾ ਸ਼ਿਕਾਰ ਹੋ ਚੁੱਕੇ ਹੋਏ ਵੀ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਭੁਲਾਈ ਬੈਠੇ ਹਨ। ਏਹੀ ਸਥਿਤੀ ਸਾਬਤ ਕਰਦੀ ਹੈ ਕਿ, ਅਸੀਂ ਆਪਣੇ ਗੁਰੂ ਪਰਮੇਸ਼ਰ ਤੋਂ ਟੁੱਟ ਚੁੱਕੇ ਹਾਂ।

## ੩- ਵਾਰ ਸ੍ਰੀ ਭਗਉਤੀ ਜੀ ਕੀ ॥ ਪਾਤਸਾਹੀ ੧੦

### ਦੀਆਂ

## ਅਗਲੀਆਂ ਪਉੜੀਆਂ

### ਪਉੜੀ ॥

**ਖੰਡਾ ਪਿਥ੍ਰਮੈ ਸਾਜਕੈ ਜਿਨਿ ਸਭ ਸੈਸਾਰੁ ਉਪਾਇਆ ॥ ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤੀ ਦਾ ਖੇਲੁ ਬਣਾਇਆ ॥**
**ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ ॥ ਤੈ ਹੀ ਦੁਰਗਾ ਸਾਜਕੈ ਦੈਤਾ ਦਾ ਨਾਸੁ ਕਰਾਇਆ ॥**
**ਤੈਥੋ ਹੀ ਬਲੁ ਰਾਮ ਲੈ ਨਾਲਿ ਬਾਣਾ ਦਹਸਿਰੁ ਘਾਇਆ ॥ ਤੈਥੋ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ ॥**
**ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ ॥ ਕਿਨੀ ਤੇਰਾ ਅੰਤੁ ਨ ਪਾਇਆ ॥ ੨ ॥**

ਪੰਡਿਤ ਨਰੈਣ ਸਿੰਘ ਜੀ ਨੇ ਇਸ ਪਉੜੀ ਦੇ ਅਰਥ ਇਸ ਪ੍ਰਕਾਰ ਲਿਖੇ ਹਨ:--

**ਅਰਥ**:--ਸਭ ਤੋਂ ਪਹਿਲਾਂ (ਖੰਡਾ,=) ਮਾਯਾ ਨੂੰ ਸਾਜਿਆ ਹੈ, ਜਿਸ (ਮਾਯਾ) ਨੇ ਸਾਰੇ ਸੰਸਾਰ ਨੂੰ ਪੈਦਾ ਕੀਤਾ ਹੈ। ਬ੍ਰਹਮਾ ਬਿਸ਼ਨ ਤੇ ਸ਼ਿਵਜੀ ਨੂੰ ਬਣਾ ਦਿੱਤਾ, (ਇਸ ਸੰਸਾਰ ਦੀ) ਖੇਲ ਨੂੰ (ਜਿਨ੍ਹਾਂ ਨੇ) ਕੁਦਰਤ ਤੋਂ ਰਚਿਆ ਅਤੇ ਬਣਾਇਆ ਹੈ। ਸਮੁੰਦਰ ਪਹਾੜ ਤੇ ਧਰਤੀ (ਬਨਾਈ ਹੈ ਅਤੇ) ਥੰਮਾਂ ਤੋਂ ਬਿਨਾਂ ਅਕਾਸ਼ ਨੂੰ ਟਿਕਾਇਆ ਹੈ। ਫੇਰ ਦੈਂਤ ਤੇ ਦੇਵਤੇ ਬਨਾਏ ਹਨ ਅਤੇ ਉਨ੍ਹਾਂ ਦੇ ਅੰਦਰ (ਅਪਸ ਵਿਚ ਦਾ) ਵੈਰ ਭਾਵ ਕਰ ਦਿਤਾ। ਤੂੰਹੀ ਦੁਰਗਾ ਨੂੰ ਪੈਦਾ ਕਰਕੇ, (ਉਸ ਤੋਂ) ਦੈਂਤਾਂ ਦਾ ਨਾਸ ਕਰਾਇਆ ਹੈ। ਸ੍ਰੀ ਰਾਮ (ਜੀ ਨੇ ਭੀ) ਤੇਰੇ ਪਾਸੋਂ ਹੀ ਜ਼ੋਰ ਲੈਕੇ ਤੀਰਾਂ ਨਾਲ ਰਾਵਣ ਨੂੰ ਮਾਰਿਆ ਸੀ। ਸ੍ਰੀ ਕ੍ਰਿਸ਼ਨ (ਜੀ ਨੇ ਭੀ) ਤੇਰੇ ਪਾਸੋਂ ਜ਼ੋਰ ਲੈਕੇ ਕੰਸ ਨੂੰ ਕੇਸਾਂ ਤੋਂ ਫੜ ਕੇ ਡੇਗ ਦਿਤਾ ਸੀ, (ਅਤੇ ਕੇਸੀ ਦੈਂਤ ਮਾਰਿਆ ਸੀ)। ਵਡੇ ਵਡੇ ਮੁਨੀ ਤੇ ਦੇਵਤੇ (ਹੋਏ ਹਨ ਅਤੇ) ਉਨ੍ਹਾਂ ਨੇ ਕਈ ਜੁਗਾਂ (ਤਕ ਆਪਣੇ) ਤਨ ਨੂੰ ਕਸ਼ਟ ਦਿਤਾ ਹੈ। ਪਰ ਇਨ੍ਹਾਂ ਵਿਚੋਂ) ਕਿਸੇ ਨੇ ਭੀ ਤੇਰਾ ਅੰਤ ਨਹੀਂ ਪਾਇਆ ਹੈ।੨।

ਦਸਮ ਗ੍ਰੰਥ ਵਿਚ ਹੀ ਇਹ ਚੌਥੇ ਢੰਗ ਨਾਲ ਸ੍ਰਿਸ਼ਟੀ ਸਿਰਜਨਾਂ ਦੀ ਗੱਲ ਲਿਖੀ ਮਿਲਦੀ ਹੈ। ਸ੍ਰਿਸ਼ਟੀ ਸਿਰਜਣਾ ਬਾਰੇ ਦੋ ਅੱਡ ਅੱਡ ਵਿਚਾਰ ਬਚਿੱਤ੍ਰ ਨਾਟਕ ਵਿਚ ਹੀ ਹਨ ਅਤੇ ਦੁਰਗਾ ਦੇ ਪਹਿਲੇ " **ਅਥ ਚੰਡੀ ਚਰਿਤ੍ਰ ਉਕਤਿ ਬਿਲਾਸ** ਦੇ ਅਠਵੇਂ ਛੰਦ ਵਿਚ ਏਹੀ ਕਥਾ ਹੋਰ ਸ਼ਬਦਾਂ ਵਿਚ ਹੈ। ਇੱਕੋ ਲਿਖਾਰੀ ਇਕੋ ਗੱਲ ਨੂੰ ਚੋਹਾਂ ਅੱਡ ਅੱਡ ਅਰਥਾਂ ਵਿਚ ਲਿਖਦਾ ਹੈ। ਉਸ ਦੀ ਕਿਹੜੀ ਗੱਲ ਸੱਚੀ ਹੈ ? ਇਹ ਪੱਕਾ ਪਤਾ

ਨਾ ਲੱਗਣ ਤੇ ਚਾਰੇ ਗੱਲਾਂ ਸ਼ੱਕੀ ਅਥਵਾ ਝੂਠੀਆਂ ਬਣ ਜਾਂਦੀਆਂ ਹਨ। ਸੋ ਗੁਰਸਿੱਖ ਲਈ ਸੰਸਾਰ ਸਿਰਜਣਾ ਦੀ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਹੀ ਸੱਚ ਮੰਨਣੀ ਲੋੜੀਏ। ਉਪ੍ਰੋਕਤ ਪਉੜੀ ਨਿਰਸੰਦੇਹ ਝੂਠ-ਬਾਣੀ ਹੈ। ਇਸ ਬਾਰੇ ਵਿਸਥਾਰ ਨਾਲ ਗੁਰਮਤਿ-ਵਿਚਾਰ ਬਚਿਤ੍ਰ ਨਾਟਕ ਪ੍ਰਤੀ ਲਿਖੇ, ਲੇਖ ਵਿਚ ਆ ਚੁੱਕੇ ਹਨ।

## ੪- ਭਗਉਤੀ ਦੀ ਅਰਾਧਨਾ ਕਰ ਲੈਣ ਉਪ੍ਰੰਤ ਅਰੰਭ ਕੀਤੀ ਵਾਰ ਵਿਚਲਾ ਪਹਿਲਾਂ ਭਿਆਨਕ ਝੂਠ ?

**(ੳ)** ਵਾਰ ਰੂਪ ਚੰਡੀ ਦੀ ਇਹ ਗਾਥਾ ਵੀ, ਅੱਖਰ ਅੱਖਰ ਉਹੀ ਹੈ ਜੋ ਪਿੱਛੇ ਦੋ ਥਾਈਂ ਪੜ੍ਹ ਚੁੱਕੇ ਹਾਂ। ਇੱਕ ਵਾਧਾ ਜ਼ਰੂਰ ਹੈ ਕਿ ਇਸ ਵਿਚ ਦੁਰਗਾ ਅਤੇ ਦੈਂਤਾਂ ਵਿਚ ਵਰਤੇ ਧਛਾਣੇ ਦੇ ਝੂਠ-ਜੁੱਧ-ਭਾਣੇ ਦੇ ਵਰਤਣ ਦਾ ਝੂਠਾ ਸਮਾ ਵੀ ਲਿਖਿਆ ਹੋਇਆ ਹੈ:--

**ਸਾਧੂ ਸਤਿਜੁਗੁ ਬੀਤਿਆ ਅਧਸੀਲੀ ਤ੍ਰੇਤਾ ਆਇਆ ॥ ਨੱਚੀ ਕਲ ਸਰੋਸਰੀ ਕਲਿ ਨਾਰਦ ਡਉਰੂ ਵਾਇਆ ॥**
**ਅਭਿਮਾਨੁ ਉਤਾਰਨ ਦੇਵਤਿਆ ਮਹਿਖਾਸੁਰ ਸੁੰਭ ਉਪਾਇਆ॥ ਜੀਤ ਲਏ ਤਿਨ ਦੇਵਤੇ, ਤਿਹ ਲੋਕੀ ਰਾਜੁ ਕਮਾਇਆ॥**
**ਵੱਡਾ ਬੀਰੁ ਅਖਾਇਕੈ ਸਿਰ ਉਪਰਿ ਛਤ੍ਰ ਫਿਰਾਇਆ ॥ ਦਿੱਤਾ ਇੰਦ੍ਰ ਨਿਕਾਲਕੈ ਤਿਨ ਗਿਰਿ ਕੈਲਾਸੁ ਤਕਾਇਆ ॥**
**ਡਰਿ ਕੈ ਹਥੋ ਦਾਨਵੀ ਦਿਲ ਅੰਦਰਿ ਤ੍ਰਾਸ ਵਧਾਇਆ ॥ ਪਾਸ ਦੁਰਗਾ ਦੇ ਇੰਦਰ ਆਇਆ ॥ ੩ ॥**

**ਪਦ ਅਰਥ:--ਸਾਧੂ**=ਉਪਕਾਰੀ । **(੨)** ਉੱਤਮ, ਸ੍ਰੇਸਟ, ਭਲਾ, ਨੇਕ। **(੩)** ਮਨੋਹਰ, ਸੁੰਦਰ। **ਅਧਸ਼ੀਲੀ**=ਅਰਧ ਸੀਲ ਵਾਲਾ, ਜਿਸ ਵਿਚ ਅੱਧਾ ਸ੍ਰਿਸ਼ਟਾਚਾਰ (ਭਲਾ ਵਰਤਾਉ) ਹੈ। (੨) ਅਧੋ (ਨੀਵਾਂ) ਹੋਇਆ, ਅਰਥਾਰ, ਧਰਮ ਦਾ ਇੱਕ ਪੈਰ ਘਟ ਗਿਆ। **ਸਰੋਸਰੀ**=ਸਿਰੋ ਸਿਰੀ, ਹਰੇਕ ਸਿਰ। (੨) ਸਰਾਸਰ, ਮੁੱਢ ਤੋਂ ਲੈਕੇ ਅੰਤ ਤੱਕ। ਕਾਲ=ਅਵਿਦਿਆ। ਕਲਿ=ਕਲਹ, ਲੜਾਈ, ਝਗੜੇ, (੩) ਪੁਰਾਣਾਨੁਸਾਰ ਕ੍ਰੋਧ ਦਾ ਇੱਕ ਪੁਤ੍ਰ ਜੋ ਹਿੰਸਾ ਤੋਂ ਪੈਦਾ ਹੋਇਆ ਸੀ, ਦਰੁਕਤਿ ਇਸਦੀ ਭੈਣ ਹੈ, ਅਤੇ ਡਰ ਤੇ ਮੌਤ, ਇਸ ਦੇ ਪੁੱਤਰ ਹਨ।

**ਅਰਥ:**--ਉਪਕਾਰੀ ਸਤਜੁਗ ਬੀਤ ਗਿਆ ਤੇ ਅਧ-ਧਰਮ **ਤ੍ਰੇਤਾ ਜੁਗ** ਆ ਗਿਆ ਹੈ। ਅਵਿਦਿਆ ਹਰੇਕ ਸਿਰ ਤੇ ਸਵਾਰ ਹੋ ਗਈ, ਕਲਿ ਤੇ ਨਾਰਦ ਨੇ ਡੌਰੂ ਖੜਕਾ ਦਿਤਾ (ਅਰਥਾਤ ਚੁਗ਼ਲਾਂ ਨੇ ਇਧਰ ਉਧਰ ਦੀ ਲਾ ਕੇ ਸਭਨਾਂ ਦੇ ਮਨ ਵਿਚ ਖਟਪਟੀ ਪਾ ਦਿੱਤੀ। ਉਸ ਵੇਲੇ ਦੇਵਤਿਆਂ ਦੇ ਅਭਿਮਾਨ ਨੂੰ ਦੂਰ ਕਰਨ ਵਾਸਤੇ (ਨਰੰਕਾਰ ਨੇ) ਮਹਿਖਾਸੁਰ ਹਾਥੀ ਨੂੰ ਪੈਦਾ ਕਰ ਦਿੱਤਾ । ਉਸ ਨੇ ਸਾਰੇ ਦੇਵਤੇ ਜਿੱਤ ਲਏ ਅਤੇ ਤਿੰਨਾਂ ਲੋਕਾਂ ਦਾ ਰਾਜ ਕਰਨ ਲੱਗਾ ਅਤੇ ਆਪਣੇ ਸਿਰ ਤੇ ਛਤਰ ਝੁਲਾ ਲਿਆ। ਇੰਦਰ ਨੂੰ ਸੁਰਗਾਂ ਵਿਚ ਕੱਢ ਦਿੱਤਾ ਉਹ ਕੈਲਾਸ਼ ਪਰਬਤ ਤੇ ਆ ਗਿਆ ਅਤੇ ਦੈਤਾਂ ਤੋਂ ਬੜੇ ਡਰੇ ਹੋਏ ਨੇ ਦੁਰਗਾ ਕੋਲ ਫਰਿਆਦ ਕੀਤੀ । ੩ ।

**ਇਸ ਪਉੜੀ ਦੁਆਰਾ ਪ੍ਰਾਪਤ ਹੋਏ ਅਦਭੁਤ ਗਿਆਨ ਦਾ ਵੇਰਵਾ:--**

**(੧)** ਇਹ ਵਾਰਤਾ , ਸ੍ਰੀ ਕ੍ਰਿਸ਼ਨ ਜੀ ਦੇ ਅਵਤਾਰੀ ਹੋਣ ਵਾਲੇ ਦੁਆਪਰ ਤੋਂ ਪਹਿਲੇ, ਸ੍ਰੀ ਰਾਮਚੰਦਰ ਜੀ ਦੇ ਅਵਤਾਰੀ ਹੋਣ ਵਾਲੇ ਤ੍ਰੇਤੇ ਜੁੱਗ ਨਾਲ ਸੰਬੰਧਤ ਹੈ।

**(੨)** ਦੇਵਤਿਆਂ ਦਾ ਅਭਮਾਨ ਦੂਰ ਕਰਨ ਲਈ ਮਹਿਖਾਸੁਰ ਦੈਂਤ ਨੂੰ ਸਿਰਜਣਹਾਰ ਨਿਰੰਕਾਰ ਨੇ ਆਪ ਹੀ ਸੰਸਾਰ ਵਿਚ ਭੇਜਿਆ ਸੀ।

**(੩)** ਮਹਿਖਾਸੁਰ ਦਾ ਦੇਵਤਿਆਂ ਕੋਲੋਂ ਰਾਜ ਖੋਹ ਲੈਣਾ, ਦੇਵਤਿਆਂ ਨੂੰ ਘਰਾਂ ਤੋਂ ਨਸਾ ਕੱਢਣਾ ਅਤੇ ਉਨ੍ਹਾਂ ਨੂੰ ਹੋਰ ਕਰੜੇ ਡੰਨ ਦੇਣੇ, ਸਭ ਕੁਝ, ਅਕਾਲ ਪੁਰਖ ਜੀ ਦੇ ਹੁਕਮ ਦੀ ਪਾਲਣਾ ਵਿਚ ਹੀ ਹੋਇਆ ਸੀ ?

**(੧)** ਇਸ ਪਹਿਲੇ ਨੰਬਰ ਵਾਲੇ ਜਾਣ ਬੁੱਝ ਕੇ ਲਿਖੇ ਝੂਠ Deliberate lie ਦੀ ਅਸਲੀਯਤ ਲਿਖਣ ਤੋਂ ਪਹਿਲਾਂ, ਉਪਰੋਕਤ **(੨)** ਤੇ **(੩)** ਨੰਬਰ ਤੇ ਲਿਖੇ ਗਿਆਨ ਦੀ ਅਸਲੀਯਤ ਵਿਚਾਰ ਲਈਏ :--

(A) ਇਸ ਪਉੜੀ (ਦੀ ਤੀਜੀ ਚੌਥੀ ਪੰਗਤੀ) ਵਿਚ ਲਿਖਾਰੀ ਨੇ ਲਿਖਿਆ ਹੈ ਕਿ ਦੇਵਤਿਆਂ ਦਾ ਅਭਿਮਾਨ ਤੋੜਨ ਲਈ ਨਿਰੰਕਾਰ ਨੇ ਮਹਿਖਾਸੁਰ ਅਤੇ ਸੁੰਭ ਦੈਂਤ ਪੈਦਾ ਕੀਤੇ ਸਨ। ਪਰ ਬਚਿੱਤ੍ਰ ਨਾਟਕ ਦੇ **ਛੇਵੇਂ ਅਧਿਆਇ** ਵਿਚ, ਗ੍ਰੰਥ ਕਰਤਾ ਦੀ ਆਪਣੀ ਕਥਾ--ਵਿਚ ਅਕਾਲ ਪੁਰਖ ਦੇ ਆਪਣੇ ਬਚਨ ਇਉਂ ਲਿਖੇ ਹੋਏ ਹਨ:---

**ਅਕਾਲਪੁਰਖ ਬਾਚ ਇਸ ਕੀਟ ਪ੍ਰਤਿ ॥**

**ਜਬ ਪਹਿਲੇ ਹਮ ਸ੍ਰਿਸਟਿ ਬਨਾਈ ॥ ਦਈਤ ਰਚੇ ਦੁਸਟ ਦੁਖ ਦਾਈ ॥**
**ਤੇ ਭੁਜ ਬਲ ਬਵਰੇ ਹ੍ਵੈ ਗਏ ॥ ਪੂਜਤ ਕਰਮ ਪੁਰਖੁ ਰਹਿ ਗਏ ॥ ੬ ॥**
**ਤੇ ਹਮ ਤਮਿਕ ਤਨਿਕ ਮੋ ਖਾਪੇ ॥ ....... ੭ ॥**

ਭਾਵ, ਜਦੋਂ ਮੈਂ ਸ੍ਰਿਸ਼ਟੀ ਦੀ ਸਿਰਜਣਾ ਕੀਤੀ ਤਾਂ ਪਹਿਲਾਂ ਦੁਖਦਾਈ **ਦੁਸ਼ਟ ਦੈਂਤ ਰਚ** ਲਏ। ਉਹ ਆਪਣੇ ਬਾਹੂ ਬਲ ਦੇ ਘੁਮੰਡ ਵਿਚ ਪਾਗ਼ਲ ਹੋ ਗਏ ਕਿਉਂਕਿ ਉਹ ਪਰਮ ਪੁਰਖ ਵਾਹਿਗੁਰੂ ਨੂੰ ਪੂਜਣ ਤੋਂ ਹਟ ਗਏ। **ਤਾਂ (ਤਮਿਕ=) ਕ੍ਰੋਧਵਾਨ ਹੋ ਕੇ ਉਨ੍ਹਾਂ ਨੂੰ** (ਮੋ=) **ਮੈਂ ਆਪ (ਤਨਿਕ=) ਥੋਹੜੇ ਸਮੇ ਵਿਚ** ਹੀ ਮਾਰ ਮੁਕਾਇਆ। ਭਾਵ, (੧) ਪਹਿਲਾਂ ਕੇਵਲ ਦੈਂਤ ਹੀ ਰਚੇ ਗਏ ਸਨ, ਅਤੇ ਉਸ ਵੇਲੇ ਦੇਵੀ ਦੇਵਤਿਆਂ ਦਾ ਕੋਈ ਨਾਮ ਨਿਸ਼ਾਨ ਨਹੀਂ ਸੀ। (੨) ਹੰਕਾਰੀ ਦੈਂਤਾਂ ਦਾ ਖ਼ਾਤਮਾ ਵੀ ਕ੍ਰੋਧਵਾਨ ਹੋਏ ਅਕਾਲਪੁਰਖ ਜੀ ਨੇ ਆਪ ਹੀ ਕੀਤਾ ਸੀ।

**ਦੋਹਾਂ ਵਿਚੋਂ** ਕਿਹੜੀ ਗੱਲ ਨੂੰ ਸੱਚ ਮੰਨਿਆਂ ਜਾਵੇ ? ਅਕਾਲ ਪੁਰਖ ਦੇ ਆਪਣੇ ਬਚਨ, ਕਿ (ਜ਼ਾਂ ਅਜੇ ਤੱਕ ਵਿਵਾਦ ਗ੍ਰਸਤ ਲਿਖਾਰੀ ਦੀ) ਇਸ ੩ ਨੰਬਰ ਪਉੜੀ ਨੂੰ ?

(B) ਭਗਉਤੀ ਦੀ ਵਾਰ ਇਸ ਤੀਜੀ ਪਉੜੀ ਦੀ ਤੀਜੀ ਪੰਗਤੀ ਤੋਂ--**ਅਭਿਮਾਨੁ ਉਤਾਰਨ ਦੇਵਤਿਆਂ ਮਹਿਖਾਸੁਰ ਸੁੰਭ ਉਪਾਇਆ ॥** ( ਅਥਵਾ ਪੰਡਿਤ ਨਰੈਣ ਸਿੰਘ ਜੀ ਵਲੋਂ ਕੀਤੇ ਇਸ ਪੰਗਤੀ ਦੇ ਅਰਥਾਂ ਤੋਂ) ਸਾਫ਼ ਸਿੱਧ ਹੁੰਦਾ ਹੈ ਕਿ ਦੇਵਤਿਆਂ ਨੂੰ ਭਜਾ ਕੇ ਕੈਲਾਸ਼ ਪਰਬਤ ਦੀਆਂ ਖੋਹਾਂ ਵਿਚ ਵਾੜ ਦੇਣ ਵਾਲਾ ਉੱਦਮ ਕਰਕੇ, **ਦੈਂਤਾਂ ਨੇ**, ਨਿਰੰਕਾਰ ਜੀ ਦੇ ਹੁਕਮ ਦੀ ਹੀ ਪਾਲਣਾ ਕੀਤੀ ਸੀ। ਸਪੱਸ਼ਟ ਹੈ ਕਿ

ਦੇਵਤਿਆਂ ਦਾ ਹੰਕਾਰ ਉਤਾਰਨ ਲਈ ਜਿਨ੍ਹਾਂ ਦੈਂਤਾਂ ਨੂੰ ਪਰਮਾਤਮਾ ਨੇ ਉਚੇਚੇ ਤੌਰ ਤੇ ਆਪ ਪੈਦਾ ਕੀਤਾ ਸੀ, ਉਹ ਤਾਂ ਖ਼ੁਦਾਈ ਸਿਰਕਾਰ (Devine Government) ਦੇ ਨਿੱਜੀ ਦੂਤ ਮੰਨੇ ਜਾਣੇ ਚਾਹੀਦੇ ਸਨ। ਨਿਰੰਕਾਰ ਦੇ ਹੁਕਮ ਦੀ ਪਾਲਣਾ ਕਰਨ ਵਾਲੇ ਰੱਬੀ
ਦੂਤ ਦੇ ਕਾਤਲ ਨੂੰ, ਸਰਕਾਰੀ ਅਫ਼ਸਰ ਦੇ ਕਤਲ ਦੇ ਅਪਰਾਧੀ ਨਾਲੋਂ ਕਿਤੇ ਵੱਧ ਕਰੜੀ ਸਜ਼ਾ ਮਿਲਣੀ ਚਾਹੀਦੀ ਸੀ । ਮਹਾਂਕਾਲ ਜੀ ਦੀ ਉਚੇਚੀ ਮਨਸ਼ਾ ਦੁਆਰਾ ਪੈਦਾ ਹੋਏ ਦੂਤਾਂ ਨੂੰ, ਜੀਊਂਦਿਆਂ ਚੱਬ ਚੱਬ ਕੇ ਖਾਣ ਵਾਲੀ, ਉਨ੍ਹਾਂ ਦਾ ਖ਼ੂਨ ਪੀਣ ਵਾਲੀ, ਉਨ੍ਹਾਂ ਨੂੰ ਬੁਰੇ ਹਾਲੀ ਮਾਰਨ ਵਾਲੀ **ਚੰਡਕਾ ਨੇ** ਕੀ, ਪਰਮਾਤਮਾ ਦੀ ਨਿੱਜੀ ਨਿਰਾਦਰੀ ਨਹੀਂ ਸੀ ਕੀਤੀ ? ਕੀ, ਅਜੇਹੀ ਦੇਵੀ ਨੂੰ ਘੋਰ ਅਪਰਾਧਨ ਘੋਸ਼ਤ ਕਰਕੇ ਕਰੜੀ ਤੋਂ ਕਰੜੀ ਸਜ਼ਾ ਮਿਲਣੀ ਚਾਹੀਦੀ ਸੀ, ਕਿ ਜਾਂ ਫੁੱਲਾਂ ਦੀ ਬਰਖਾ ਕਰਦਿਆਂ ਉਸ ਦੀ, ਪੂਜਾ ਵੰਦਨਾਂ ਅਥਵਾ ਉਸਤਤਿ ਕੀਤੀ ਜਾਣੀ ਚਾਹੀ ਦੀ ਸੀ ? ਸਾਰੀਆਂ ਕਮਜ਼ੋਰੀਆਂ ਨੂੰ ਮੁੱਖ ਰੱਖਦਿਆਂ, **ਕੀ,** ਇਸ ਵਾਰ ਵਿਚਲਾ ਇਹ ਕੂੜ, **ਭਿਆਨਕ ਝੂਠ** ਮੰਨਿਆਂ ਜਾਣਾ ਵਾਜਬ ਨਹੀਂ? ਸੁਹਿਰਦ ਗੁਰਸਿੱਖਾਂ ਦੇ ਮਨ ਵਿਚਲੇ ਅਜੇਹੇ ਸ਼ੰਕਿਆਂ ਦੀ ਨਿਵਰਤੀ, ਜੇ ਸਰਬ ਸ੍ਰੇਸ਼ਟ ਪਦਵੀਆਂ ਤੇ ਬੈਠੇ ਜਥੇਦਾਰ ਸਾਹਿਬਾਨ ਅਥਵਾ ਪੰਥਕ ਮਸਲਿਆਂ ਵਿਚ ਸਦਾ ਦੇ ਸਲਾਹਕਾਰ, ਸੰਤ ਸਿੰਘ ਮਸਕੀਨ ਜੀ ਨਾ, ਕਰਨ ਤਾਂ ਫਿਰ ਹੋਰ ਕਿਸ ਦੇ ਦਰ ਦਾ ਕੁੰਡਾ ਖੜਕਾਈਏ ਜੀ? [ਨੋਟ:--ਜਥੇਦਾਰ ਸਾਹਿਬਾਨ ਦੇ ਤੋਂ ਪਹਿਲਾਂ ਇਹ ਲੇਖ ਸ੍ਰੀ ਸੰਤ ਸਿੰਘ ਮਸਕੀਨ ਜੀ ਦੀ ਸੇਵਾ ਵਿਚ ਆਪ ਹਾਜ਼ਰ ਹੋ ਕੇ ਉਨ੍ਹਾਂ ਨੂੰ ਫੜਾਇਆ ਸੀ। ਮਸਕੀਨ ਜੀ ਨੂੰ ਲਿਖਿਆ ਬੇਨਤੀ ਪੱਤਰ ਪਾਠਕ ਪੜ੍ਹ ਚੁੱਕੇ ਹਨ]

### (ਅ) ਜਾਣ ਬੁੱਝ ਕੇ ਲਿਖੇ ਉਪ੍ਰੋਕਤ ਝੂਠ ਦਾ ਦੂਜਾ ਪੱਖ ?

**ਕਾਬੁਲ** ਰਾਜਧਾਨੀ ਵਾਲੇ ਦੇਸ਼, ਆਫ਼ਗਾਨਿਸਤਾਨ ਦੇ, ਵਸਨੀਕ ਮੁਸਲਮਾਨ ਜਿਨ੍ਹਾਂ ਦੀ ਬੋਲੀ ਪਸ਼ਤੋ ਹੈ, **ਪਠਾਣ** ਆਖਵਾਉਂਦੇ ਹਨ। " ਸ੍ਰੀ ਅਸਿਧੁਜ ਜੀ ਦੀ ਕਥਾ (ਚਾਰ ਸੌ ਚੌਥਾ ਚਰਿਤ੍ਰ) ਦੀ ਜੰਗ ਵਿਚ, ਜਿਵੇ ਅਸੀਂ ਵਿਸਥਾਰ ਨਾਲ ਵਿਚਾਰ ਆਏ ਹਾਂ ਕਿ ੨੧ ਜੂਨ ਸੰਨ ੭੧੨ ਤੋਂ ਪਹਿਲਾਂ ਸਾਰੇ ਭਾਰਤ ਵਿਚ ਮੁਸਲਮਾਨਾਂ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਸੀ। ਭਾਰਤ ਉੱਤੇ ਪਠਾਣ ਮੁਸਲਮਾਨਾਂ ਦੇ ਬੜੇ ਘਾਤਕ ਅਤੇ ਲਗਾਤਾਰ ਹਮਲੇ, ਸੰਨ ੯੮੬ ਤੋਂ ਅਰੰਭ ਹੋਏ ਸਨ। ਇਸ ਤੋਂ ਪਹਿਲਾਂ ਭਾਰਤ ਵਾਸੀਆਂ ਨੂੰ ਪਠਾਣਾਂ ਦਾ ਭੈ ਹੋਣਾ ਤਾਂ ਕਿਤੇ ਰਿਹਾ, ਕਿਸੇ ਨੂੰ ਉਨ੍ਹਾਂ ਬਾਰੇ ਵਿਸ਼ੇਸ਼ ਜਾਣਕਾਰੀ ਵੀ ਕੋਈ ਨਹੀਂ ਸੀ ।

ਇਸ ਵਾਰ ਦੀ ਉਪ੍ਰੋਕਤ ਤੀਜੀ ਪਉੜੀ ਵਿਚ ਲਿਖਾਰੀ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਲਿਖਿਆ ਹੈ ਕਿ, ਦੁਰਗਾ ਦੀ ਇਹ ਜੰਗ ਤ੍ਰੇਤਾ ਜੁੱਗ ਵਿਚ ਹੋਈ ਸੀ। ਪਰ ਅੱਗੇ **੨੦ ਵੀਂ ਪਉੜੀ** ਵਿਚ ਜਦ ਇਸ ਲਿਖੇ ਨੂੰ ਇੱਕ ਦਮ ਝੂਠ ਸਿੱਧ ਕਰਨ ਵਾਲੀਆਂ ਇਹ ਪੰਗਤੀਆਂ " **ਮੰਗਣ ਨਾਹੀਂ ਪਾਣੀ ਦਲੀਂ ਹਕਾਰ ਕੈ ॥ ਜਣੁਕਰੀ ਸਮਾਇ ਪਠਾਣੀ ਸੁਣਕੈ ਰਾਗ ਨੂੰ ॥** ਪੜ੍ਹੀਆਂ ਤਾਂ ਸਖ਼ਤ ਹੈਰਾਨੀ ਹੋਈ। (ਪੰਡਿਤ ਨਰੈਣ ਸਿੰਘ ਅਨੁਸਾਰ ਅਰਥ=) ਦਲ ਨੂੰ ਲਲਕਾਰਦੇ ਹੋਏ ਸੂਰਮੇ ਪਾਣੀ ਤੱਕ ਨਹੀਂ ਮੰਗਦੇ। ਇਉਂ ਮਲੂਮ ਹੁੰਦਾ ਹੈ ਜਾਣੀ **ਪਠਾਣਾਂ ਨੇ** ਰਾਗ ਨੂੰ ਸੁਣ ਕੇ ਵਜਦ ਹਾਸਲ ਕਰ ਲਈ ਹੈ। ਮੁਸਲਮਾਨਾਂ ਬਾਰੇ ਨਿਰੀ ਏਹੀ ਗੱਲ ਨਹੀਂ, ਸਗੋਂ ੪੫ ਵੀਂ ਪਉੜੀ ਵਿਚ ਤਾਂ ਮਸਲਮਾਨਾਂ ਦੇ ਸਮੇਂ ਨੂੰ ਇਸ ਗਾਥਾ ਦਾ ਅੰਗ ਬਣਾ ਕੇ ਤ੍ਰੇਤਾ ਜੁੱਗ ਵਾਲੀ ਗੱਲ ਪੂਰੀ ਤਰ੍ਹਾਂ ਝੁਠਲਾ ਦਿੱਤੀ ਹੋਈ ਹੈ :--

**ਪਉੜੀ ॥ ਆਹਰ ਮਿਲਿਆ ਆਹਰੀਆਂ ਸੈਣ ਸੂਰਿਆਂ ਸਾਜੀ ॥ ਚੱਲੇ ਸਉਹੇਂ ਦੁਰਗ ਸਾਹ ਜਣੁ ਕਾਬੈ ਕਾਜੀ ॥**
**ਤੀਰੀਂ ਤੇਗੀਂ ਜਮਧੜੀਂ ਰਣਿ ਵੰਡੀ ਭਾਜੀ ॥ ਇਕਿ ਘਾਇਲ ਘੂਮਨ ਸੂਰਮੇ ਜਣੁ ਮਕਤਬ ਕਾਜੀ ॥**
**ਇਕਿ ਬੀਰ ਪਰੋਤੇ ਬਰਛੀਏ ਜਿਉ ਝੁਕ ਪਉਨ ਨਿਵਾਜੀ ॥ ...॥ ੪੫ ॥**

**ਅਰਥ:**--ਉਦਮੀਆਂ ਨੂੰ ਉੱਦਮ ਮਿਲਿਆ (ਕਿ) ਸੂਰਮਿਆਂ ਨੇ ਸੈਨਾ ਸਜਾ ਲਈ ਹੈ। ਦੁਰਗਾ ਦੇ ਸਾਹਮਣੇ (ਦੈਂਤ ਇਉਂ) ਚਲ ਰਹੇ ਹਨ, ਜਾਣੀ **ਹਾਜੀ ਲੋਕ ਕਾਬੇ** (ਵੱਲ ਚੱਲੇ ਹੋਣ। ਤੀਰ, ਤਲਵਾਰਾਂ ਤੇ ਕਟਾਰਾਂ ਨੇ ਜੰਗ ਦੀ ਭਾਜੀ ਵੰਡੀ ਹੈ। ਇਕ ਜ਼ਖ਼ਮੀ ਹੋਏ ਸੂਰਮੇ (ਇਉਂ) ਝੂੰਮਦੇ ਹਨ, ਜਿਵੇਂ ਮਦਰਸੇ (**ਵਿਚ ਕੁਰਾਨ ਪੜ੍ਹਦਾ) ਕਾਜ਼ੀ** (ਝੂਮਦਾ ਹੈ) । ਇਕ ਸੂਰਮੇ ਬਰਛੇ ਵਿਚ ਪਰੋਤੇ ਹੋਏ (ਇਉਂ ਝੁਕੇ ਹੋਏ ਹਨ), **ਜਿਵੇਂ ਨਿਮਾਜ਼ੀ (ਨਿਮਾਜ਼ ਪੜ੍ਹਦੇ ਸਮੇ)** ਝੁਕ ਪੈਂਦਾ ਹੈ ।

ਤ੍ਰਤੇ ਜੁਗ ਸਮੇਂ ਹੋਈ ਦਰਸਾਈ ਜੰਗ ਵਿਚ ਪਠਾਣਾਂ, ਕਾਜ਼ੀਆਂ, ਹਾਜੀਆਂ ਅਥਵਾ ਨਿਮਾਜ਼ੀਆਂ ਦਾ ਜ਼ਿਕਰ ਕਿਧਰੋਂ ਆ ਵੜਿਆ ? ਜਿਸ ਪੁਰਾਣ ਦਾ ਇਹ ਅਨੁਵਾਦ ਮੰਨਿਆਂ ਜਾਂਦਾ ਹੈ ਉਸ ਵਿਚ ਪਠਾਣਾਂ, ਨਿਮਾਜ਼ੀਆਂ ਆਦਿ ਦਾ ਜਿਕਰ ਕਦੇ ਨਹੀਂ ਹੋ ਸਕਦਾ। ਅਜੇਹਾ ਸਪੱਸ਼ਟ ਝੂਠ, ਗੰਭੀਰ ਭੁੱਲ ਜਾਂ ਕੱਚੀ ਗੱਲ, ਅਭੁੱਲ ਅਤੇ ਸੁਜਾਨ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਨਾਮਣੇ ਨਾਲ ਜੋੜਨ ਵਾਲੇ ਲੋਕ ਕੀ, ਦਸ਼ਮੇਸ਼ ਜੀ ਦੇ ਹੀ ਸਿੱਖ ਸਮਝੇ ਜਾਣੇ ਚਾਹੀਦੇ ਹਨ ਜੀ ?

## ੫- ਪੁਰਾਣਾ ਦੀ ਇਸ ਝੂਠ-ਗਾਥਾ ਦੇ ਅੱਡ ਅੱਡ ਪੱਖਾਂ ਨਾਲ ਸੰਬੰਧਤ ਕੁਝ ਚੋਣਵੇ ਛੰਦ

ਪਾਠਕਾਂ ਦੀ ਦਿਲਚਸਪੀ ਲਈ ਅਥਵਾ ਜਾਣਕਾਰੀ ਲਈ, ਇਸ ਝੂਠ-ਗਾਥਾ ਦੇ ਅੱਡ ਅੱਡ ਪੱਖਾਂ ਨਾਲ ਸੰਬੰਧਤ ਕੁਝ ਚੋਣਵੇ ਛੰਦਾਂ ਆਦਿ ਦੀ ਵਿਚਾਰ ਇਸ ਪ੍ਰਕਾਰ ਹੈ :--

ਦੁਰਗਾ ਦੇਵੀ ਜੀ ਦੇ ਪਿੱਛਲੇ ਦੋਹਾਂ ਚਰਿਤ੍ਰ-ਕਹਾਣੀਆਂ ਵਿਚ ਅਸੀਂ ਵੇਖਦੇ ਆ ਰਹੇ ਹਾਂ ਕਿ, ਦੇਵੀ ਦੀ ਸ਼ਰਨ ਵਿਚ ਆਉਣ ਤੋਂ ਪਹਿਲਾਂ ਰਾਕਸ਼ਾਂ ਵਲੋਂ ਹੋਏ ਧਾਵੇ ਵਿਚ ' ਗਲ ਪਿਆ ਢੋਲ ਵਜਾਉਣ " ਵਾਲੀ ਕਹਾਵਤ ਅਨੁਸਾਰ, ਦੈਂਤਾਂ ਨਾਲ ਲੜਦੇ ਮਰਦੇ ਦੇਵਤਿਆਂ ਨੂੰ ਵੀ ਦਰਸਾਇਆ ਹੈ, ਪਰ ਦੈਂਤਾਂ ਕੋਲੋਂ ਸਭ ਕੁਝ ਖੁਹਾ ਕੇ, ਦੇਵੀ ਦੀ ਸ਼ਰਨ ਵਿਚ ਆਉਣ ਪਿੱਛੋਂ ਹੋਏ ਯੁੱਧਾਂ ਬਾਰੇ ਲਿਖੀਆਂ ਚੌਪਈਆਂ ਅਥਵਾਂ ਛੰਦਾਂ ਆਦਿਕ ਨੂੰ ਪੜ੍ਹਨ ਤੋਂ ਝੌਲਾ ਤਾਂ ਏਹੀ ਪੈਂਦਾ ਹੈ ਕਿ, ਦੋ ਵਿਰੋਧੀ ਦਲਾਂ ਵਿਚ ਬੜੀ ਲਹੂ ਡੋਹਲਵੀਂ ਜੰਗ ਹੋ ਰਹੀ ਹੈ, ਪਰ ਕਿਸੇ ਇੱਕ ਥਾਂ ਵੀ ਕਿਸੇ ਨਿੱਕੇ ਵੱਡੇ (ਇੰਦਰ, ਸ਼ਿਵ, ਵਿਸ਼ਨੂੰ, ਕੁਬੇਰ, ਪਵਨ ਦੇਵਤਾ, ਹੈ-ਗ੍ਰੀਵ, ਨਾਰਦ, ਚੰਦ, ਸੂਰਜ ਆਦਿ ਕਿਸੇ ਵੀ) ਦੇਵਤੇ ਨੂੰ ਜੰਗ ਵਿਚ ਜੁਝਦੇ ਦਾ ਕੋਈ ਸੰਕੇਤ ਤੱਕ ਨਹੀਂ ਹੈ। ਹਰ ਥਾਂ **ਦੁਰਗਾ** ਅਥਵਾ ਉਸੇ ਦਾ ਦੂਜਾ ਰੂਪ **ਕਾਲੀ** ਹੀ ਦੈਂਤਾਂ ਦਾ ਸੰਘਾਰ ਕਰਨ ਵਿਚ ਅਥਵਾ, ਦੈਂਤਾਂ ਨੂੰ ਚੱਬ ਚੱਬ ਕੇ ਖਾਈ ਜਾਣ ਵਿਚ ਅਤੇ ਉਨ੍ਹਾਂ ਦਾ

ਲਹੂ ਪੀਣ ਵਿਚ ਰੁਝੀਆਂ ਨਜ਼ਰ ਆਉਂਦੀਆਂ ਹਨ, ਜਦ ਕਿ ਦੂਜੇ ਬੰਨਿਓਂ ਦੈਂਤਾਂ ਦੇ ਜਰਨੈਲਾਂ ਤੋਂ ਲੈ ਕੇ ਸੈਨਾਂ ਦੇ ਛੋਟੇ ਮੋਟੇ ਸਾਰੇ ਸੈਨਿਕ, ਬੜੀ ਦਲੇਰੀ ਨਾਲ, ਦੁਰਗਾ ਨੂੰ ਦੈਂਤ ਰਾਜੇ ਦੀ ਪਤਨੀ ਬਣ ਜਾਣ ਦੇ ਸੁਝਾ ਦੇਣ ਤੋਂ ਲੈ ਕੇ,, ਮੌਤ ਤੋਂ ਲਾਪ੍ਰਵਾਹ ਹੋ ਕੇ ਲੜਦੇ ਮਰਦੇ, ਆਪਣੇ ਜਰਨੈਲਾਂ ਨੂੰ ਅਥਵਾ ਆਪਣੇ ਰਾਜੇ ਨੂੰ ਸੁਨੇਹੇ ਦਿੰਦੇ ਦਰਸਾਇਆ ਹੈ। ਉਨ੍ਹਾਂ ਚਰਿਤ੍ਰਾਂ ਦੀ ਵਿਚਾਰ ਸਮੇ, ਕਥਾ ਦੇ ਇਸ ਪੱਖ ਵੱਲ ਸੰਕੇਤ ਮਾਤ੍ਰ ਧਿਆਨ ਜ਼ਰੂਰ ਦਿਵਾਇਆ ਹੈ, ਪਰ ਅੱਡਰੇ ਤੌਰ ਤੇ ਗਾਥਾ ਦੇ ਇਸ ਪੱਖ ਤੋਂ ਪਏ ਅਤੇ ਪੈ ਰਹੇ ਘਾਤਕ ਘਾਟੇ ਬਾਰੇ ਗੁਰਮਤਿ ਵਿਚਾਰ ਨਹੀਂ ਲਿਖ ਸਕੇ। ਇਸ ਵਾਰ ਦੀਆਂ ਕਈ ਪਉੜੀਆਂ ਵਿਚੋਂ ਕੁਝ ਪਉੜੀਆਂ ਵਿਚ ਦੇਵਤਿਆਂ ਅਤੇ ਦੈਂਤਾਂ ਦੇ ਆਚਰਨ ਦੇ ਉਸ ਪੱਖ ਵੱਲ ਉਚੇਚਾ ਧਿਆਨ ਰੱਖਦਿਆਂ ਗੁਰਮਤਿ ਦੇ ਉਸ ਬੜੇ ਜ਼ਰੂਰੀ ਸਿੱਧਾਂਤ ਨੂੰ ਸਮਝਣਾ ਹੈ ਜਿਸ ਤੋਂ ਤੋੜ ਕੇ ਖ਼ਾਲਸਾ ਪੰਥ ਦੇ ਨਿਆਰੇ ਆਚਰਨ ਦਾ ਘਾਤ ਕਰ ਕੇ ਇਸ ਨੂੰ ਮੁੜ ਓਸੇ ਨੀਵੀਂ ਪੱਧਰ ਤੇ ਲੈ ਆਉਣ ਲਈ ਇਹ (ਦਸਮ-ਗ੍ਰੰਥ ਰੂਪੀ) ਮਾਇਆ ਜਾਲ ਰਚਿਆ ਗਿਆ ਸੀ :----

**ਪਉੜੀ ॥** **ਦੁਰਗਾ ਬੈਣ ਸੁਣੰਦੀ ਹੱਸੀ ਹੜ ਹੜਾਇ ॥ ਓਹੀ ਸੀਹ ਮੰਗਾਇਆ ਰਾਕਸ ਭੱਖਣਾ ॥**
**ਚਿੰਤਾ ਕਰਹੁ ਨ ਕਾਈ ਦੇਵਾ ਨੂੰ ਆਖਿਆ ॥ ਰੋਹ ਹੋਈ ਮਹਾ ਮਾਈ ਰਾਕਸ ਮਾਰਣੇ ॥ ੫ ॥**

**ਅਰਥ:**--(ਇੰਦਰ ਦੇ) ਬਚਨ ਸੁਣਦਿਆਂ ਹੀ ਦੁਰਗਾ ਖਿੜ ਖਿੜਾਕੇ ਹੱਸ ਪਈ। ਉਸ ਨੇ ਰਾਕਸ਼ ਖਾਣਾ ਸ਼ੇਰ ਮੰਗਵਾ ਲਿਆ। ਦੇਵਤਿਆਂ ਨੂੰ ਆਖਿਆ ਕਿ ਤੁਸੀ ਹੁਣ ਕੋਈ ਚਿੰਤਾ ਨਾ ਕਰੋ ਅਤੇ ਮਹਾਂ ਮਾਈ (=ਕਿ ਜਾਂ ਭਿਆਨਕ ਡੈਣ ?) ਦੈਂਤਾਂ ਨੂੰ ਮਾਰਣ ਵਾਸਤੇ ਕ੍ਰੋਧਵਾਨ ਹੋ ਗਈ । ੫ ।

ਰਾਜ ਭਾਗ, ਘਰ-ਘਾਟ ਖੁਹਾ ਲੈਣ ਉਪ੍ਰੰਤ ਦੁਰਗਾ-ਰੂਪ ਆਪਣੇ ਸਾਈਂ ਕੋਲ (--**ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥੧●॥**) ਆਪਣੀ ਦਰਦਾਂ ਭਰੀ ਵੇਦਨ ਕਹਿ ਸੁਣਾਈ। (ਨਿਰਦਈ ਲਿਖਾਰੀ ਬ੍ਰਾਹਮਣ ਦੇ ਆਪਣੇ ਆਚਰਨ ਦਾ ਝਲਕਾਰਾ ਹੈ ਕਿ, ਦੁਖੀਆਂ ਦੀ ਦਰਦ ਭਰੀ ਵੇਦਨਾ ਸੁਣ ਕੇ ਹਮਦਰਦੀ ਦੇ ਸ਼ਬਦ ਬੋਲਣ ਦੇ ਥਾਂ) ਦੁਰਗਾ (ਨੂੰ) **ਖਿੜ ਖੜਾਕੇ ਹੱਸਦੀ** (ਦਰਸਾਇਆ) ਹੈ। (ਉਸ ਸਮੇਂ ਅਜੇਹਾ ਹਾਸਾ ਦੁਖਿਆਰੇ ਦੇਵਤਿਆਂ ਦੀ ਮਾਂਦੀ ਦਸ਼ਾ ਦਾ ਮਖ਼ੌਲ ਉਡਾਉਣ ਵਾਲਾ ਕਠੋਰ ਵਿਹਾਰ ਸੀ । ਬੇਬਸੀ ਦੀ ਖਿੱਲੀ ਉਡਾ ਲੈਣ ਉਪ੍ਰੰਤ ਦੁਰਗਾ ਨੇ) ਦੈਂਤਾਂ ਦਾ ਖ਼ਾਤਮਾ ਕਰਨ ਦਾ ਜ਼ਿੰਮਾ ਆਪਣੇ ਸਿਰ ਲੈ ਕੇ ਦੇਵਤਿਆਂ ਨੂੰ ਨਿਸਚਿੰਤ ਰਹਿਣ ਲਈ ਕਹਿ ਦਿੱਤਾ । ਦੇਵੀ ਦੇ ਕੰਨੀ ਇਹ ਸ਼ਕਾਇਤ ਪੁਚਾਉਣ ਸਾਰ ਹੀ ਦੇਵਤਿਆਂ ਲਈ ਜੰਗ ਵਿਚ ਹਿੱਸਾ ਲੈਣ ਦੀ ਲੋੜ, ਮੁੱਕ ਗਈ? ਪਰ ਓਧਰੋਂ, ਮੌਤ ਦਾ ਪ੍ਰਤੱਖ ਭਿਆਨਕ ਰੂਪ ਬਣ ਕੇ ਜੰਗ ਦੇ ਮੈਦਾਨ ਵਿਚ ਧਮਾਲਾਂ ਪਾਉਂਦੀ, ਕੱਚਿਆਂ ਨੂੰ ਚੱਬ ਜਾਣ ਲਈ, ਮੂੰਹ ਪਾੜੀ ਵਧੀ ਆ ਰਹੀ, ਭਿਆਣਕ ਮੌਤ ਦਾ ਰੂਪ, ਦੁਰਗਾ ਨਾਲ ਜੂਝ ਕੇ ਮਰ ਮਿਟਣ ਲਈ, ਦੈਂਤਾਂ ਦੀਆਂ ਫੌਜਾਂ ਵਿਚ ਸੂਰਮਿਆਂ ਦੇ ਜੋਸ਼ ਦੀਆਂ ਉਦਾਹਰਣਾ--

(੧) **ਦੋਹਰਾ ॥ ਰਾਕਸ ਆਏ ਰੋਹਲੇ ਖੇਤ ਭਿੜਨ ਕੇ ਚਾਇ ॥ ਲਸਕਰ ਤੇਗਾਂ ਬਰਛੀਆਂ ਸੂਰਜੁ ਨਦਰਿ ਨ ਪਾਇ ॥ ੬ ॥**

**ਅਰਥ:**--ਕ੍ਰੋਧ ਵਿਚ ਭਰੇ ਰਾਕਸ਼, ਲੜਨ ਤੇ ਚਾਉ ਨਾਲ ਮੈਦਾਨ ਵਿਚ ਆ ਗਏ। ਫ਼ੌਜ ਦੀਆਂ ਤਲਵਾਰਾਂ ਤੇ ਬਰਛੀਆਂ (ਅਜੇਹੀਆਂ) ਚਮਕੀਆਂ ਹਨ ਕਿ, ਸੂਰਜ ਵੀ ਨਜ਼ਰ ਆਉਣੋਂ ਹਟ ਗਿਆ।( ਸ਼ੰਕਾ– ਦੈਂਤਾਂ ਦੇ ਮਨਾਂ ਅੰਦਰ " ਧਰਮ ਜੁੱਧ ਕਾ ਚਾਇ " ਸੀ? ਕੀ ਦੇਵੀ ਅਧਰਮ ਕਮਾ ਰਹੀ ਸੀ? ਉਸ ਦੇ ਵਤੀਰੇ ਵਿਚ ਜੁੱਧ ਦਾ " ਚਾਇ " ਹੋਣ ਦੇ ਥਾਂ ਕ੍ਰੋਧ ਹੀ ਕ੍ਰੋਧ ਨਜ਼ਰੀਂ ਆ ਰਿਹਾ ਹੈ ?

(੨) **ਪਉੜੀ ॥** **ਦੇਖਨ ਚੰਡ ਪ੍ਰਚੰਡ ਨੂੰ ਰਨ ਘੁਰੇ ਨਗਾਰੇ ॥ ਧਾਏ ਰਾਕਸ ਰੋਹਲੇ ਚੌਗਿਰਦੇ ਭਾਰੇ ॥**
**ਹੱਥੀ ਤੇਗਾ ਪਕੜਿ ਕੈ ਰਣ ਭਿਰੇ ਕਰਾਰੇ ॥ ਕਦੇ ਨ ਨੱਠੇ ਜੁੱਧ ਤੇ ਜੋਧਾ ਜੁਝਾਰੇ ॥**
**ਦਿਲ ਵਿਚਿ ਰੋਹ ਬਢਾਇਕੈ ਮਾਰਿ ਮਾਰਿ ਪੁਕਾਰੇ ॥ ... ੯ ॥**

**ਅਰਥ:**--ਚੰਡੀ ਦੇ ਤੇਜ ਨੂੰ ਵੇਖਦਿਆਂ ਹੀ ਰਣ ਵਿਚ ਧੌਸੇ ਗੂੰਜ ਉਠੇ ।ਵਡੇ ਕ੍ਰੋਧ ਦੇ ਭਰੇ ਹੋਏ ਦੈਂਤ ਚੌਹਾਂ ਪਾਸਿਆਂ ਤੋਂ ਭਜੇ ਆਉਂਦੇ ਹਨ। ਹੱਥ ਵਿਚ ਤਲਵਾਰਾਂ ਫੜਕੇ, ਜੰਗ ਵਿਚ ਕਰੜੇ ਹੋ ਕੇ ਲੜਨ ਵਾਲੇ ਅਜੇਹੇ ਲੜਾਕੇ ਜੋਧੇ ਕਿ ਜੰਗ ਵਿਚੋਂ ਕਦੇ ਨਹੀਂ ਨੱਸਦੇ। ਅਤੇ ਦਿਲ ਵਿਚ ਗੁੱਸਾ ਵਧਾ ਕੇ ਮਾਰ ਲੌ ਮਾਰ ਲੌ ਕਹਿੰਦੇ ਹਨ।

(੩) **ਪਉੜੀ ॥** **ਲੱਖ ਨਗਾਰੇ ਵਜਨ ਆਮ੍ਹੋ ਸਾਮ੍ਹਣੇ ॥ ਰਾਕਸ ਰਣੋ ਨ ਭੱਜਨ ਰੋਹੇ ਰੋਹਲੇ ॥**
**ਸੀਹਾਂ ਵਾਂਗੂ ਗੱਜਨ ਸੱਭੇ ਸੂਰਮੇ ॥ ਤਣਿ ਤਣਿ ਕੈਬਰ ਛੱਡਨ ਦੁਗਾ ਸਾਮ੍ਹਣੇ ॥ ੧੨ ॥**

[**ਰੋਹੇ ਰੋਹਲੇ**=ਗੁੱਸੇ ਵਿਚ ਆਏ ਗੁਸੈਲ ਰਾਕਸ਼। **ਕੈਬਰ**=ਤੀਰ ]

(੪) **ਪਉੜੀ ॥** **ਘੁਰੇ ਨਗਾਰੇ ਦੋਹਰੇ ਰਣ ਸੰਗਲੀਆਲੇ ॥ ਧੂੜਿ ਲਪੇਟੇ ਧੂਹਰੇ ਸਿਰਦਾਰ ਜਟਾਲੇ ॥**
**ਉਖਲੀਆਂ ਨਾਸਾਂ ਜਿਨਾਂ ਮੁਹਿ ਜਾਪਨ ਆਲੇ ॥ ਧਾਏ ਦੇਵੀ ਸਾਹਮਣੇ ਬੀਰ ਮੁੱਛੀਆਲੇ ॥**
**ਸੁਰਮਤਿ ਜਿਹੇ ਲੜ ਹਟੇ ਬੀਰ ਟਲੇ ਨ ਟਾਲੇ ॥ ਗੱਜੇ ਦੁਰਗਾ ਘੇਰਿ ਕੈ ਜਣੁ ਘਣੀਅਰ ਕਾਲੇ ॥੧੩॥**

**ਪਦ ਅਰਥ**:--**ਨਗਾਰੇ ਦੋਹਰੇ**=ਦੂਹਰੇ ਧੌਸੇ, ਦੋ ਦੋ ਧੌਸੇ, ਜੋ ਊਠ ਘੋੜੇ ਆਦਿਕਾਂ ਤੇ ਲੱਦੇ ਹੁੰਦੇ ਹਨ। **ਸੰਗਲੀਆਲੇ**=ਜ਼ੰਜੀਰ ਦਾਰ, ਦੋ ਨਗਾਰੇ ਆਪੋ ਵਿਚ ਸੰਗਲਾਂ ਨਾਲ ਬੱਧੇ ਹੋਂਦੇ ਹਨ। **ਧੂਹਰੇ**=ਧੂੜ ਨਾਲ ਲਿਬੜੇ ਪੇਥੂ। **ਜਵਾਲੇ**=ਜਟਾਂ ਵਾਲੇ । **ਘਣੀਅਰ**=ਬੱਦਲ ।

ਇਹ ਤਾਂ ਹੋ ਹੀ ਨਹੀਂ ਸਕਦਾ ਕਿ ਮਹਿਖਾਸੁਰ ਨੂੰ ਦੁਰਗਾ ਦੀ ਅਪਾਰ ਘਾਤਕ ਸ਼ਕਤੀ ਦਾ ਕੁਝ ਵੀ ਪਤਾ ਨਾ ਹੋਵੇਂ ? ਇਹ ਜਾਣਦਾ ਹੋਇਆ ਵੀ ਕਿ ਦੁਰਗਾ ਅਜੇਹੀ ਅਜਿਤ ਰਾਕਸ਼-ਭੱਖਣੀ ਹੈ ਜਿਸ ਨਾਲ ਜੂਝਣਾ ਮੌਤ ਦੀ ਭਿਆਨਕ ਜਵਾਲਾ ਵਿਚ ਛਾਲ ਮਾਰਨ ਵਾਲੀ ਗੱਲ ਹੈ, ਫੇਰ ਵੀ ਵੇਖੋ ਮਹਿਖਾਸੁਰ ਦੀ ਚੜ੍ਹਤ:--

(੫) **ਪਉੜੀ ॥** **ਉਮਲ ਲਥੇ ਜੋਧੇ ਮਾਰੂ ਬੱਜਿਆ ॥ ਬੱਦਲ ਜਿਉ ਮਹਿਖਾਸੁਰ ਰਣ ਵਿਚ ਗੱਜਿਆ ॥**
**ਇੰਦਰ ਜੇਹਾ ਜੋਧਾ ਮੈਥਉ ਭੱਜਿਆ ॥ ਕਉਣੁ ਵਿਚਾਰੀ ਦੁਰਗਾ ਜਿਨ ਰਣੁ ਸੱਜਿਆ ॥ ੧੬ ॥**

**ਬਿਬੇਕ ਵਿਚਾਰ:**

ਵਲ-ਵਿੰਗ ਪਾ ਕੇ--**ਅਵਰ ਬਾਸਨਾ ਨਹਿਂ ਕਿਛ, ਧਰਮਯੁਧ ਕੈ ਚਾਇ " ਪੰਗਤੀ** ਜਿਵੇ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਜੋੜ ਕੇ ਗੁਰਮਤਿ ਦੀ ਖੰਡਨਾ ਕੀਤੀ ਹੋਈ ਹੈ, ਉਸ ਬਾਰੇ ਬੜੇ ਵਿਸਥਾਰ ਨਾਲ ਗੁਰਮਤਿ ਵਿਚਾਰ, ਪੁਸਤਕ--ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ " ਦੇ ਪੰਜਵੇਂ ਭਾਗ ਦੇ ਚੌਥੇ ਕਾਂਡ ਦੇ ੧੯ ਨੰਬਰ, ਲੇਖ ਵਿਚ ਲਿਖੀ ਜਾ ਚੁੱਕੀ ਹੈ। ਏਥੇ ਕੇਵਲ ਇਸ ਪੱਖ ਵੱਲ ਹੀ ਧਿਆਨ ਦਿਵਾਉਣਾ ਹੈ ਕਿ, ਓਧਰ ਕਥਿਤ ਧਰਮੀਆਂ ਵਲ ਤਾਂ--ਧਰਮਜੁੱਧ ਦੇ **ਚਾ** ਦੀ, ਕੇਵਲ ਗੱਲ ਹੀ ਹੈ, ਪਰ ਏਥੇ ਜੰਗ ਵਿਚ ਸਨਮੁਖ ਜੂਝ ਕੇ ਮਰ ਮਿਟਨ ਵਾਲਿਆਂ ਦੇ ਸਾਖ਼ਸ਼ਾਤ ਦਰਸ਼ਨ ਹੋ ਰਹੇ ਹਨ ? ਵਡਾ ਘਾਟਾ ਇਹ ਹੈ ਕਿ ਏਥੇ ਸੱਭ ਤੋਂ ਵਡੀ ਕਥਿਤ ਧਰਮੀ ਸ਼ਖ਼ਸ਼ੀਯਤ ਦੁਰਗਾ-ਚੰਡਕਾ-ਗਿਰਜਾ-ਕਾਲੀ ਨੂੰ ਅਜੇਹੀਆਂ ਖ਼ੁਦਾਈ ਸ਼ਕਤੀਆਂ ਦੀ ਮਾਲਕ ਦਰਸਾਇਆ ਹੈ, ਜਿਹੜੀਆਂ ਹੋਰ ਕਿਸੇ (ਬ੍ਰਹਮਾ, ਵਿਸ਼ਨੂੰ, ਇੰਦਰ, ਆਦਿ ਵੱਡੇ ਤੋਂ ਵਡੇ ਭਗਵਾਨਾਂ ਜਾਂ ਬਾਕੀ ਦੇਵੀ ਦੇਵਤਿਆਂ ਵਿਚ ਤਾਂ) ਕੀ ਹੋਣੀਆਂ ਸਨ, ਦੁਰਗਾ ਦੇ ਆਪਣੇ ਪਤੀ **ਸ਼ਿਵ** (ਜੋ ਕੇਵਲ ਦੁਰਗਾ ਦਾ ਦੂਤ ਬਣਿਆਂ ਹੀ ਨਜ਼ਰ ਆਇਆ ਹੈ--**ਸਿਵਹਿ ਦੂਤ ਕਰਿ ਉਤ ਪਠਾਵਾ ॥** (੪੦-੧੯੬) ਵਿਚ ਵੀ ਨਜ਼ਰੀਂ ਨਹੀਂ ਆ ਰਹੀਆਂ । ਦੁਰਗਾ ਦੀਆਂ ਕਰਾਮਾਤੀ ਬਹਾਦਰੀਆਂ ਤੋਂ ਸੂਰਮਤਾਈ ਦੀ ਪ੍ਰੇਰਨਾ ਲੈਣੀ ਮਨੁੱਖ ਮਾਤ੍ਰ ਲਈ ਸੰਭਵ ਕਿਸੇ ਵੀ ਹਲਤ ਵਿਚ ਨਹੀਂ ਹੋ ਸਕਦੀ। ਸਗੋਂ ਲੋਕਾਂ ਲਈ ਪੂਜਨੀਕ ਬਣ ਚੁੱਕੀ ਉਸ ਚੰਡਕਾ ਨੂੰ ਮਨੁੱਖਾ-ਮਾਸ ਖਾਂਦੀ ਹੋਣ ਦੇ ਨਾਲ **ਕੈਫ਼ਾਂ** ਦਾ, (ਭਾਵ, ਭੰਗ, ਪੋਸਤ ਅਫ਼ੀਮ ਅਤੇ ਵਧੀਆ ਸ਼ਰਾਬ ਚੌਹਾਂ ਨਸ਼ਿਆਂ ਦਾ ਮਿਸ਼ਰਨ) ਸੇਵਨ ਕਰਨ ਵਾਲੀ ਅਤੇ ਪਾਨ ਚਬਾਉਣ ਦੀ ਸ਼ੌਕੀਨ--**[ ਸ਼ਾਬਾਸ਼ ਪਾਨ ਚਬਾਨ ਕੱਉ ॥ ਸਦ ਰਹਿਮਤ ਕੈਫ਼ਾਂ ਖਾਣ ਕੱਉ ॥** (੫੦) **]** ਦਰਸਾਉਣ ਤੋਂ, ਅਤੇ ਉਸ ਨੂੰ ਮੁੜ ਮੁੜ ਕਾਮਨਾ ਗੁਸੇ ਕ੍ਰੋਧ ਵਿਚ ਪ੍ਰਵਿਰਤ ਰਹਿੰਦੀ ਦਰਸਾਉਣ ਨਾਲ," **ਜੇਹਾ ਸੇਵੈ ਤੇਹੋ ਹੋਵੈ ਜੇ ਚਲੈ ਤਿਸੈ ਰਜਾਇ॥**"{੫੪੯} ਗੁਰੂ-ਵਾਕ ਅਨੁਸਾਰ, ਦੁਰਗਾ ਦੇ ਪੁਜਾਰੀ ਮਨੁੱਖ ਨੂੰ ਨਸ਼ਈ ਅਤੇ ਵਿਕਾਰੀ ਬਣਨ ਦਾ ਬਹਾਨਾਂ ਖ਼ੂਬ ਬਣ ਜਾਂਦਾ ਹੈ। ਦੁਰਗਾ ਦੇ ਉਪਾਸ਼ਕਾਂ ਵਿਚ ਨਸ਼ਿਆਂ ਦੀ ਆਦਤ ਦੀ ਭਰਮਾਰ ਹੋ ਜਾਣੀ, ਅਟੱਲ ਕੁਦਰਤੀ ਨਿੱਯਮ ਹੈ। ਏਹੀ ਕਾਰਨ ਹੈ ਕਿ, ਚੰਡੀ ਚਰਿਤ੍ਰ ਦਾ ਪਾਠੀ ਬਣੇ ਹੋਏ **ਨਿਹੰਗਾਂ ਦੇ ਦਲ** ਦੇ (ਕੋਈ ਵਿਰਲਾਂ ਕਰਮਾਂ ਵਾਲਾ ਛਡ ਕੇ) ਲਗ-ਪਗ ਸਾਰੇ ਸਿੰਘ " ਭੰਗੜ, ਅਫ਼ੀਮੀ ਅਥਵਾ ਪੋਸਤ ਅਤੇ ਸ਼ਰਾਬ ਵਰਗੇ ਨਸ਼ਿਆਂ ਦਾ ਸੇਵਨ ਕਰਦੇ ਵੇਖੇ ਜਾ ਸਕਦੇ ਹਨ। ਆਮ ਸ਼ਕਾਇਤਾਂ ਹਨ, ਕਿ ਇਹ ਲਾਣਾ ਉਚੇਚੇ ਤੌਰੇ ਤੇ ਕਈ ਪ੍ਰਕਾਰ ਦੇ ਨਸ਼ਿਆਂ ਗੁਸੇ ਵੈਲਾਂ ਵਿਚ ਫੱਸ ਚੁੱਕਾ ਹੈ।

ਦੁਰਗਾ ਦੀਆਂ ਇਨ੍ਹਾਂ ਵਾਰਾਂ ਤੋਂ ਭਾਰਤੀ ਜਨਤਾ ਬਹਾਦਰ ਬਣ ਜਾਣ ਦੀ ਗ਼ਲ਼ਲ ਲਿਖਣ ਵਾਲੇ ਪਿਆਰਾ ਸਿੰਘ ਪਦਮ ਵਰਗੇ ਸਾਰੇ ਲਿਖਾਰੀ ਕੇਵਲ ਝੂਠੇ ਨਹੀ' ਸਗੋਂ ਪਰਲੇ ਦਰਜੇ ਦੇ ਪੰਥ ਵਿਰੋਧੀ ਕੁਟਲ ਬਹੁਰੂਪੀਏ ਵੀ ਹਨ। ਇਨ੍ਹਾਂ ਚਰਿਤ੍ਰਾਂ ਵਿਚ--ਮੌਤ ਨੂੰ ਮਖ਼ੌਲਾਂ ਕਰਦੀ ਜਵਾਨੀ, ਭੈ ਤੋਂ ਅਣਜਾਣ ਮਰਦਾਂਨਗੀ, ਪੁਰਜਾ ਪੁਰਜਾ ਹੋ ਕੇ ਕੱਟ ਮਰਨ ਵਾਲੀ ਸੂਰਮਤਾਈ, ਜੰਗ ਦੇ ਮੈਦਾਨ ਵਿਚੋਂ ਪਿੱਠ ਦੇ ਕੇ ਨਾ ਭਜਣ ਵਾਲੀ ਅਦੁਤੀ ਬਹਾਦਰੀ, ਦੀ ਪ੍ਰੇਰਣਾ ਵੀ ਜ਼ਰੂਰ ਮਿਲ ਰਹੀ ਹੈ--**ਪਰ ਕਿੱਧਰੋਂ?** ਸਰਬ ਸ਼ਕਤੀ-ਮਾਨ ਦੁਰਗਾ ਦੀ ਨਿਰਦਾਇਤਾ ਗ੍ਰਸੀ ਕਥਿਤ ਕਰਾਮਾਤੀ ਝੂਠ-ਜਾਦੂਗਰ ਤੋਂ, ਜਿਹੜੀ-ਭਿਆਨਕ ਮੌਤ ਦਾ ਰੂਪ ਬਣੀ, ਸਰਬੱਤ ਦਾ ਭਖ਼ਸ਼ਨ ਕਰੀ ਆਂਉਂਦੀ ਚੱਬ ਚੱਬ ਕੇ ਖਾਈ ਜਾਣ ਲਈ ਮੂੰਹ ਪਾੜੀ ਦੌੜੀ ਆਉਂਦੀ ਦੁਰਗਾ ਜਵਾਲ ਦੇ ਕਿਰਦਾਰ ਵਿਚੋ ਕਿ ਜਾਂ ਉਨ੍ਹਾਂ ਸਿਰਲੱਥਕਥਿਤ ਮਹਾਂ ਪਾਪੀ ਦੈਂਤਾਂ ਤੋਂ ਜਿਹੜੇ ਆਪਣੇ ਭਰਾਵਾਂ ਨੂੰ ਭਸਮ ਹੁੰਦੇ ਵੇਖ ਕੇ ਜ਼ਰਾ ਕਾਂਬਾ ਨਹੀਂ ਖਾਂਦੇ। ਜਿਹੜੇ ਇਹ ਜਾਣਦੇ ਹੋਏ ਕਿ ਉਹ ਦੇਵੀ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਦੇ, ਫਿਰ ਵੀ ਉਸ ਵੱਲ ਸ਼ਸਤ੍ਰ ਵਗਾਹੁੰਦੇ ਖਿੜ ਖਿੜ ਹੱਸਦੇ, ਨਿਰੰਤਰ ਭੱਜੇ ਜਾਂਦੇ ਜੂਝ ਕੇ ਸ਼ਹੀਦੀਆਂ ਪਾਉਣ ਦੀ ਅਨੁਪਮ ਬਹਾਦਰੀ ਦੇ ਪੂਰਨੇ ਪਾ ਰਹੇ ਹਨ ? ਸਿਖਿਆ ਅਤੇ ਪ੍ਰੇਰਨਾ ਦੇ ਸੋਮਾ ਕਿਹੜੀ ਧਿਰ ਹੈ ? ਸਰਬ-ਕਲਾ ਸਮਰੱਥ **ਦੁਰਗਾ ਮੱਯਾ** ਕਿ ਜਾਂ ਕਥਿਤ **ਮਹਾਂ ਪਾਪੀ ਦੈਂਤ** ? ਪਰ ਉਨ੍ਹਾਂ ਦੀ ਬਹਾਦਰੀ ਦਾ ਕੀ ਮੁੱਲ ਜਿਨ੍ਹਾਂ ਪ੍ਰਤੀ ਮਨੁੱਖ ਦੇ ਮਨ ਵਿਚ ਪਹਿਲਾਂ ਹੀ ਘਿਰਣਾ ਪੈਦਾ ਕੀਤੀ ਜਾ ਚੁੱਕੀ ਸੀ ? ਗੁਣ ਤਾਂ ਉਸ ਦੇ ਗ੍ਰਹਣ ਕਰੀਦੇ ਹਨ ਜਿਸ ਪ੍ਰਤੀ ਅਪਾਰ ਸ਼ਰਧਾ ਅਤੇ ਸਨੇਹ ਬਣ ਚੁੱਕਾ ਹੋਵੇ ? ਹੋਰ ਪੜ੍ਹੋ:---

**ਪਉੜੀ ॥** **ਅਗਣਤ ਦਾਨੋ ਭਾਰੇ ਹੋਏ ਲੋਹੂਆ ॥ ਜੋਧੇ ਜੇਡ ਮੁਨਾਰ, ਅੰਦਰਿ ਖੇਤ ਦੈ ॥**
**ਦੁਰਗਾ ਨੋ ਲਲਕਾਰੇ, ਆਵਨ ਸਾਮਣੇ ॥ ਦੁਰਗਾ ਸਭ ਸੰਘਾਰੇ ਰਾਕਸ ਆਂਵਦੇ ॥**
**ਰਤੂ ਦੇ ਪਰਨਾਲੇ ਤਿਨ ਤੇ ਭੁਇ ਪਏ ॥ ਉਠੇ ਕਾਣਿਆਰੇ ਰਾਕਸ ਹੜ ਹੜਾਇ ॥ ੩੮ ॥**

**ਅਰਥ:**--ਜੁਧ ਭੂਮੀ ਵਿਚ ਮੁਨਾਰਿਆਂ ਜਿੱਡੇ ਦਿੱਸ ਰਹੇ ਅਣਗਿਣਤ ਹੀ ਵਡੇ ਭਾਰੇ ਦੈਂਤ ਲਹੂ ਲੁਹਾਨ ਹੋ ਗਏ। (ਪਰ ਫਿਰ ਵੀ) (ਭਾਵੇਂ) ਸਾਹਮਣੇ ਆਉਣ ਵਾਲਿਆਂ ਰਾਕਸ਼ਾਂ ਦਾ ਦੁਰਗਾ ਸੰਘਾਰ ਕਰੀ ਜਾ ਰਹੀ ਸੀ ਪਰ ਫਿਰ (ਲਹੂ ਲੁਹਾਨ ਹੋਏ ਸੂਰਮੇਂ) ਦੈਂਤ, ਲਲਕਾਰ ਰਹੇ ਸਨ-ਕਿਹੜੀ ਹੈ ਦੁਰਗਾ ? ਆਵੇ ਸਾਡੇ ਸਾਹਮਣੇ। (ਹੈਰਾਨੀ ਹੈ, ਭਾਵੇਂ) ਉਨ੍ਹਾਂ ਦੇ ਸਰੀਰ ਵਿਚੋਂ ਲਹੂ ਦੇ ਪਰਨਾਲੇ ਧਰਤੀ ਤੇ ਡਿੱਗ ਰਹੇ ਸਨ, ਪਰ ਉਹ **ਫਿਰ ਵੀ ਖਿੜ ਖਿੜ ਕਰਕੇ ਹੱਸਦੇ** (ਮੁੜ ਮੁੜ) ਖੜੇ ਹੋ ਰਹੇ ਸਨ।

ਇਨ੍ਹਾਂ ਚਰਿਤਰਾਂ ਵਿਚ ਦੇਵਤਾ ਰੂਪ " ਸੰਤ " ਤਾਂ ਰੋਂਦੇ, ਮੌਤ ਕੋਲੋਂ ਲੁਕਦੇ, ਮੌਤ ਦੇ ਸਮੇ ਦੀ ਯਾਦ ਤੋਂ ਘਾਬਰੇ ਅਰਦਾਸਾਂ ਕਰਦੇ, ਦੇਵੀ ਰੂਪ ਇਸਤ੍ਰੀ ਦੀ ਛਾਂ ਲੱਭਦੇ, ਭੰਡਾਂ ਵਾਂਗ ਦੇਵੀ ਦੇ ਸੋਹਿਲੇ ਗਾਉਂਦੇ, ਨਜ਼ਰ ਆ ਰਹੇ ਹਨ ਅਤੇ ਬਹਾਦਰੀ ਦੇ ਪੂਰਨੇ ਪਾਉਣ ਵਾਲੇ ਉਹ ਹਨ **ਜਿਨ੍ਹਾਂ ਨੂੰ** --ਪਰਲੇ ਦਰਜੇ ਦੇ ਜ਼ਾਲਮ, ਧੱਕੇ ਖੋਰ, ਨਿਰਦਈ, ਸੰਤਾਂ ਦੇ ਵੈਰੀ, ਵਡੇ ਕਾਂਮੀ, ਬਲਾਤਕਾਰੀਏ, ਧੀਆਂ ਭੈਣਾ ਨੂੰ ਧੱਕੇ ਨਾਲ ਚੁੱਕ ਖੜਨ ਵਾਲੇ, ਬੇਜ਼ਬਾਨੇ, ਝੂਠੇ-- ਗੱਲ ਕੀ ਹਰ ਕਿਸਮ ਦੇ ਵਿਕਾਰਾਂ ਦੇ ਭੰਡਾਰ ਦਰਸਾਇਆ ਹੋਇਆ ਹੈ। ਸੋ ਜੇ ਕਿਸੇ ਨੇ ਇਨ੍ਹਾਂ ਦੈਂਤਾਂ ਤੋਂ ਬਹਾਦਰੀ ਦਾ ਅਸਰ ਕਬੂਲ ਕਰਨਾ ਹੈ, ਤਾਂ ਉਸ ਦੇ ਆਚਰਨ ਵਿਚ ਦੈਂਤਾਂ ਵਿਚਲੇ ਸਾਰੇ ਵਿਕਾਰ ਵੀ ਜ਼ਰੂਰ ਆ ਵੜਨੇ ਹਨ। ਪਹਿਲਾਂ ਕਈ ਥਾਂਈ ਲਿਖਿਆ ਜਾ ਚੁੱਕਿਆ ਹੈ ਕਿ ਰਾਮਾਇਆਣ ਵਿਚ ਵੀ ਰਾਮ ਨੂੰ ਰੋਂਦੂ ਅਤੇ ਰਾਵਣ ਨੂੰ ਆਖ਼ਰੀ ਸੁਆਸਾਂ ਤੱਕ ਮੌਤ ਨੂੰ ਠੱਠੇ ਕਰਦਾ, ਬੜ੍ਹਕਾਂ ਮਾਰਦਾ ਹੀ ਦਰਸਾਇਆ ਹੈ। ਬ੍ਰਾਹਮਣ ਦੇ ਏਸੇ ਲਿਖਣ ਢੰਗ ਨੇ ਲਗਪਗ ਸਾਰੀ ਭਾਰਤੀ ਜਨਤਾ ਨੂੰ ਉਹ ਕੁਝ ਬਣਾ ਦਿੱਤਾ ਸੀ ਜਿਸ ਦੀ ਰੂਪ ਰੇਖਾ ਦੌਲਤਰਾਏ

ਨੇ ਬੜੀ ਤਫ਼ਸੀਲ ਨਾਲ ਚਿਤ੍ਰੀ ਹੋਈ ਹੈ, ਜਿਸ ਦਾ ਪੂਰਾ ਵੇਰਵਾ ਪੁਸਤਕ--**ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ**--ਦੇ ਪਹਿਲੇ ਭਾਗ ਦੇ ਪਹਿਲੇ ਹੀ ਕਾਂਡ ਵਿਚ ਆ ਚੁੱਕਾ ਹੈ। ਸਿੱਖੀ ਸਿਧਾਂਤ ਵਿਚਲੇ ਉੱਚ ਕੋਟੀ ਦੇ ਗੁਣਾ ਤੋਂ ਚਿੜੇ ਹੋਏ, ਤਜਰਬੇ ਕਾਰ ਬ੍ਰਾਹਮਣ ਨੇ ਆਪਣਾ ਅਜ਼ਮਾਇਆ ਹੋਇਆ ਉਹੀ ਘਾਤਕ ਵਾਰ, ਖ਼ਾਲਸਾ ਪੰਥ ਵਿਰੁੱਧ ਵੀ ਪੂਰੀ ਸਫ਼ਲਤਾ ਨਾਲ ਵਰਤ ਲਿਆ ?

ਭਾਵੇਂ ਰਕਤ ਬੀਜ ਨੂੰ ਵੀ ਦੇਵਤਿਆਂ ਨਾਲੋਂ ਨੀਵਾਂ ਹੀ ਸਿੱਧ ਕਰੀ ਆ ਰਿਹਾ ਸੀ, ਪਰ ਉਸੇ ਜੋਧੇ ਰਤਕਬੀਜ ਤੇ ਪਰੀਆਂ ਦੇ ਕੁਰਬਾਨ ਹੋਣ ਵਾਲੀ ਗੱਲ ਲਿਖਣ ਤੋਂ ਉਹੀ ਬ੍ਰਾਹਮਣ ਨਹੀਂ ਰੁਕ ਸਕਿਆ, ਜਿਸ ਨੇ ਦੈਂਤਾਂ ਬਾਰੇ ਕੋਈ ਚੰਗੀ ਗੱਲ ਕਦੇ ਨਹੀਂ ਲਿਖੀ-- **ਹੂਰਾਂ ਸ੍ਰਣਵਤਬੀਜ ਨੂੰ ਘੱਤਿ ਘੇਰ ਖਲੋਈਆਂ ॥ ਲਾੜਾ ਦੇਖਣ ਲਾੜੀਆਂ ਚਉਗਿਰਦੇ ਹੋਈਆਂ ॥ ੪੨ ॥**

ਹੇਰਾ ਫੇਰੀ ਵਾਲੀ ਇਸ ਕੁਟਲ ਲਿਖਣ-ਵਿਧੀ ਦਾ ਕੀ ਭਾਵ ? ਵਿਖਾਵਾ ਬੜੀਆਂ ਸ਼ਕਤੀ ਸ਼ਾਲੀ ਦੋ ਫ਼ੌਜਾਂ [ (੧) ਦੇਵਤਿਆਂ ਦੀ ਫ਼ੌਜ (੨) ਦੈਂਤਾਂ ਦੀ ਫ਼ੌਜ] ਦੇ ਸੂਰਮਿਆਂ ਵਿਚ ਮਚੇ ਘੋਰ ਯੁੱਧ ਦਾ ਕੀਤਾ ਗਿਆ ਹੈ। ਪਰ ਨਾਲੋ ਨਾਲ ਅਸਲੀਅਤ ਨੰਗੀ ਇਹ ਹੋ ਰਹੀ ਹੈ ਕਿ, ਇੱਕ ਪਾਸੇ ਦੈਂਤਾਂ ਦਾ ਕਟਕ ਹੈ, ਦੂਜੇ ਪਾਸੇ ਕਟਾ ਵੱਢ ਵਿੱਚ ਰੁਝੀ **ਕੇਵਲ ਦੁਰਗਾ** ? ਇਸ ਦੁਰੰਗੀ ਮਦਾਰੀ-ਖੇਡ ਤੋਂ ਲਿਖਾਰੀ ਦਾ ਅੰਤ੍ਰੀਵ ਭਾਵ ਕੀ ਸਮਝਿਆ ਜਾਵੇ ? ਅਜੇਹੀਆਂ ਕਈ ਪਉੜੀਆਂ ਵਿਚੋ ਕੇਵਲ ਵਣਗੀ ਮਾਤ੍ਰ:--

**ਦੁਹਾਂ ਕੰਧਾਰਾਂ ਮੁਹਿ ਜੁੜੇ ਜਾਂ ਸੱਟ ਪਈ ਪਰਵਾਰ ਕੱਉ ॥**
**ਤਕਿ ਤਕਿ ਕੈਬਰ ਦੁਰਗ ਸਾਹ ਤਕਿ ਮਾਰੇ ਭਲੇ ਜੁਝਾਰ ਕਉ ॥**
**ਪੈਦਲ ਮਾਰੇ ਹਾਥੀਆਂ ਸੰਗਿ ਰਥ ਗਿਰੇ ਅਸਵਾਰ ਕੱਉ ॥**
**ਸੋਹਨ ਸੰਜਾ ਬਾਗੜਾਂ ਜਣੁ ਲੱਗੇ ਫੁੱਲ ਅਨਾਰ ਕੱਉ ॥**
**ਗੁਸੇ ਆਈ ਕਾਲਿਕਾ ਹੱਥ ਸੱਜ ਲੈ, ਤਰਵਾਰ ਕਉ ॥**
**ਏਦੂ ਪਾਰਉ ਓਤ ਪਾਰ ਹਰ ਰਾਖਸ ਕਈ ਹਜਾਰ ਕੱਉ ॥**
**ਜਿਣਿ ਇੱਕਾ ਰਹੀ ਕੰਧਾਰ ਕੱਉ॥ ਸਦ ਰਹਿਮਤ ਤੇਰੇ ਵਾਰ ਕਉ ॥ ੪੯ ॥**

**ਬਾਗੜ**=ਤੀਰ ਦਾ ਪਿਛਲਾ ਹਿੱਸਾ ਜੋ ਚਿੱਲੇ ਵਿਚ ਜੋੜੀਦਾ ਹੈ।

**ਅਰਥ**:--ਜਦ (ਖਰਵਾਰ=) ਧੌਂਸੇ ਤੇ ਸੱਟ ਵੱਜੀ, ਤਾਂ ਦੋਹਾਂ ਪਾਸਿਆਂ ਦੀਆਂ ਫੌਜਾਂ ਦੇ ਮੂੰਹ ਜੁੜ ਗਏ (ਭਾਵ, ਦੋਹਾਂ ਪਾਸਿਆਂ ਤੋਂ ਜੁੜੀਆਂ ਫ਼ੌਜਾਂ ਦਾ ਭੇੜ ਹੋ ਗਿਆ)। ਦੁਰਗਾ ਰਾਣੀ ਨੇ ਤੱਕ ਤੱਕ ਕੇ ਚੰਗੇ ਚੰਗੇ ਜੁਆਨਾਂ ਨੂੰ ਤੀਰ ਮਾਰੇ । ਪੈਦਲ ਮਾਰੇ, ਹਾਥੀਆਂ ਨੂੰ ਮਾਰਿਆ, ਅਤੇ ਨਾਲੇ ਰਥਾਂ (ਤੇ ਘੋੜਿਆਂ ਦੇ) ਅਸਵਾਰਾਂ ਨੂੰ ਵੀ (ਦੁਰਗਾ ਨੇ) ਡੇਗ ਲਿਆ। ਸੂਰਮਿਆਂ ਦੀਆਂ ਸੰਜੋਆਂ ਵਿਚ ਬਾਗੜਾਂ ਇਉਂ ਸੋਭਦੀਆਂ ਹਨ ਜਾਣੀ ਅਨਾਰ ਨੂੰ ਫੁੱਲ ਲਗੇ ਹਨ। ਕਾਲਕਾ ਗੁਸੇ ਵਿਚ ਆਈ ਅਤੇ ਸਜੇ ਹੱਥ ਵਿਚ ਤਲਵਾਰ ਨੂੰ ਲੈ ਕੇ (ਤੁਰ ਪਈ)। (ਫ਼ੌਜ ਵਿਚ ਇਸ) ਪਾਸਿਓਂ ਵੜਕੇ, ਓਸ ਪਾਸੇ (ਜਾ ਨਿਕਲੀ, ਜਿਸਨੇ) ਕਈ ਹਜ਼ਾਰ ਦੈਂਤਾਂ ਨੂੰ ਨਾਸ ਕਰ ਦਿੱਤਾ । ਇਕੋ (ਦੇਵੀ ਇੱਕਲੀ ਹੀ, ਦੈਂਤਾਂ ਦੇ ਸਾਰੇ ਵਿਸ਼ਾਲ ਇੱਕਠ) ਨੂੰ ਜਿੱਤ ਰਹੀ ਹੈ।(ਹੇ ਦੇਵੀ !) ਤੇਰੇ ਵਾਰ ਨੂੰ ਸਦਾ ਸ਼ਾਬਾਸ਼ ਹੈ। ੪੯ ।

**ਪਹਿਲੀ ਪੰਗਤੀ** ਵਾਲੀਆਂ ਦੋਹਾਂ ਪਾਸਿਆਂ ਦੀਆਂ **ਦੋ ਫੌਜਾ,** ਸਤਵੀਂ ਪੰਗਤੀ ਵਿਚ **ਇੱਕ ਫੌਜ** ਅਤੇ ਇੱਕੋ ਦੇਵੀ ਰਹਿ ਗਈ ?

ਸਿੱਖੀ ਵਿਚਲੇ ਉੱਚ ਗੁਣਾ ਤੋਂ ਚਿੜੇ ਹੋਏ ਬ੍ਰਾਹਮਣ ਨੇ ਆਪਣਾ ਉਹੀ ਮਾਰੂ ਵਾਰ, ਖ਼ਾਲਸਾ ਪੰਥ ਵਿਰੁਦਡ ਵੀ ਪੂਰੀ ਸਫ਼ਲਤਾ ਨਾਲ ਵਰਤ ਲਿਆ ? ਅਜੇਹੀਆਂ ਉਦਾਹਰਣਾਂ ਤੋਂ, ਇਸ ਝੂਠ ਗਾਥਾ ਨੂੰ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਜੋੜਨ ਦੀ ਜ਼ਿੱਦ ਕਰ ਰਿਹਾ ਵਿਦਵਾਨ ਕੀ ਦਸ਼ਮੇਸ਼ ਜੀ ਦਾ ਹੀ ਸਿੱਖ ਹੈ ? ਇਸ ਪ੍ਰਸ਼ਨ ਚਿੰਨ੍ਹ ਨੂੰ ਕਿਸ ਗੁਰਮਤਿ ਦਲੀਲ ਨਾਲ ਰੱਦ ਕਰੀਏ ?

## ਝੂਠ ਦੀ ਇੱਕ ਵਣਗੀ ਇਹ --

ਪੁਰਾਣਾ ਅਨੁਸਾਰ ਦੇਵਤੇ ਅਤੇ ਦੈਂਤ ਦੋਵੇਂ ਅਸਮਾਨੀ ਬਣੇ ਕਥਿਤ ਲੋਕਾਂ ਦੇ ਅਥਵਾ ਪੁਰੀਆਂ ਦੇ ਵਾਸੀ ਹਨ। ਝਗੜਾ ਵੀ ਅਸਮਾਨਾ ਵਿਚ ਕਿਸੇ ਦੂਰ ਦੁਰਾਡੇ ਪਰਲੋਕ ਵਿਚ ਬਣੇ ਸੁਰਗਾਂ ਦੇ ਵਾਸੀ ਇੰਦ੍ਰ ਦਾ ਰਾਜ ਖੁੱਸ ਜਾਣ ਤੋਂ ਵਧਿਆ। ਹੈਰਾਨੀ ਹੈ ਕਿ ਪਰਲੋਕ ਦੇ ਝਗੜੇ ਬਾਰੇ ਸ਼ਕਾਇਤ ਸੁਣਨ ਵਾਲੀ ਦੁਰਗਾ ਦੇਵੀ ਦਾ ਟਿਕਾਣਾ, ਭਾਰਤ ਦੇ ਵਾਸੀ ਬ੍ਰਾਹਮਣਾ ਦੇ ਮਿਥੇ ਤੀਰਥ ਅਸਥਾਨ ? ਕੀ, ਹਮਾਲੀਆ ਪਹਾੜ ਦੀ ਕੈਲਾਸ਼ ਨਾਮਕ ਚੋਟੀ ਧਰਤੀ ਤੋਂ ਕਿਤੇ ਉੱਪਰ ਹਵਾ ਵਿਚ ਘੁੱਮ ਰਹੀ ਹੈ ? ਮਹਿਖਾਸੁਰ, ਸੁੰਭ, ਨਿਸੁੰਭ, ਰਕਤਬੀਜ ਆਦਿ ਦੈਂਤਾਂ ਦੀ ਜਨਮ ਭੂਮੀ ਦਾ ਕਿਤੇ ਨਾਂ ਥੇਹ ਹੀ ਨਹੀਂ ਹੈ। ਇਹ ਕਿਤੇ ਨਹੀਂ ਲਿਖਿਆ ਕਿ ਉਹ ਅਚਨਚੇਤ ਕਿਹੜੇ ਥਾਉਂ ਪ੍ਰਗਟ ਹੋ ਕੇ ਦੇਵਤਿਆਂ ਦਾ ਰਾਜ ਖੋਹਣ ਆ ਪੈਂਦੇ ਰਹੇ। ਇਸ ਗੱਲ ਦਾ ਵੀ ਕੋਈ ਸੰਕੇਤ ਨਹੀਂ ਕਿ ਦੇਵਤੇ ਜਾਂ ਦੈਂਤ ਆਪਣੇ ਹਥਿਆਰ ਅਥਵਾ ਜੰਗ ਦਾ ਹੋਰ ਸਮਾਨ, ਹਾਥੀ ਘੋੜੇ ਧਰਤੀ ਦੇ ਹੀ ਕਿਸੇ ਦੇਸ਼ ਤੋਂ ਖੋਹ ਲਿਆ ਕਰਦੇ ਸਨ। ਇਹ ਵੀ ਕੋਈ ਟੋਹ ਨਹੀਂ ਮਿਲਦੀ ਕਿ ਸੁੰਭ ਨਿਸੁੰਭ ਦਾ ਸੰਪਰਕ ਧਰਤੀ ਦੇ ਕਿਸੇ ਸ਼ਹਿਰ ਦੇ ਵਾਸੀਆਂ ਨਾਲ ਬਣਿਆ ਹੋਇਆ ਸੀ। ਪਰ ਲਿਖਾਰੀ ਏਡਾ ਲਾਪਰਵਾਹ ਹੈ ਕਿ ਜਿਹੜੀ ਮਰਜ਼ੀ ਹੋਵੇ ਬਿਨਾਂ ਕਿਸੇ ਪਿਛੋਕੜ ਦੇ ਨਿਰੋਲ ਝੂਠੀ ਗੱਲ ਜੋ ਕਿਸੇ ਪੁਰਾਣ ਵਿਚ ਵੀ ਨਹੀਂ ਮਿਲਦੀ, ਲਿਖਣੋ ਜ਼ਰਾ ਨਹੀਂ ਸੰਗਦਾ। ਪਿੱਛੇ ਅਸੀਂ ਇਹ ਤਾਂ ਪੜ੍ਹ ਹੀ ਆਏ ਹਾਂ ਕਿ, ਦੇਵੀ ਅਤੇ ਦੈਂਤਾਂ ਦੀ ਇਸ ਜੰਗ ਵਿਚ ਮੁਸਲਮਾਨ ਪਠਾਨ, ਸਯੱਦ ਕਾਜ਼ੀ ਆਦਿ ਦੈਂਤਾਂ ਦੀ ਸਹਾਇਤਾ ਵਿਚ ਸ੍ਰੀ ਅਸਿਧੁਜ ਜੀ ਨਾਲ ਜਾਂ ਦੂਲ੍ਹਾ ਦੇਵੀ ਨਾਲ ਆ ਭਿੜੇ ਸਨ, ਪਰ ਅਜੇ ਤੱਕ ਇਹ ਨਹੀਂ ਸੀ ਆਇਆ ਕਿ ਦੈਂਤ ਆਪਣੇ ਲਈ ਵਧੀਆਂ ਧਨੁਸ਼ ਭਾਰਤ ਦੇ ਕਿਸੇ ਸ਼ਹਿਰ ਤੋਂ ਮੰਗਵਾ ਲਿਆ ਕਰਦੇ ਸਨ। ਅਚਨਚੇਤ ਘੜੇ ਉਸ ਝੂਠ ਦਾ ਵੇਰਵਾ, ਅਤੇ ਪਉੜੀ ਦੇ ਅੰਤ ਵਿਚ ਸ਼ਰਾਬ ਆਦਿ ਨਸ਼ਿਆਂ ਦਾ ਸੇਵਨ ਕਰਨ ਦੀ ਆਦਤ ਤੋਂ ਦੁਰਗਾ ਦੇਵੀ ਨੂੰ ਦਿੱਤੀ ਜਾ ਰਹੀ ਸ਼ਾਬਾਸ਼ ਦੇ ਦਰਸ਼ਨ:---

**ਪਉੜੀ॥**(੧) ਦੁਹਾਂ ਕੰਧਾਰਾਂ ਮੁਹਿ ਜੁੜੇ ਸੱਟ ਪਈ ਜਮਧਾਣ ਕੱਉ ॥
(੨) ਤਦ ਖਿੰਗ ਨਸੁੰਭ ਨਚਾਇਆ ਡਾਲਿ ਉਪਰ ਬਰਗਸਤਾਣ ਕੱਉ ॥
(੩) ਫੜੀ ਬਿਲੰਦ ਮਗਾਇ ਉਸ ਫੁਰਮਾਇਸਿ ਕਰਿ **ਮੁਲਤਾਨ** ਕੱਉ ॥
(੪) ਗੁੱਸੇ ਆਈ ਸਾਮ੍ਹਣੇ ਰਣਿ ਅੰਦਰਿ ਘੱਤਣ ਘਾਣ ਕੱਉ ॥
(੫) ਅੱਗੇ ਤੇਗ਼ ਵਗ਼ਾਈ **ਦੁਰਗਸ਼ਾਹ** ਬਢਿ ਸੁੰਭਨ ਬਹੀ ਪਲਾਣ ਕੱਉ ॥
(੬) ਰੜਕੀਜਾਇਕੈ ਧਰਤ ਕੱਉ ਬਢਿ ਪਾਖਰ ਬਢਿ ਕਿਕਾਣ ਕੱਉ ॥
(੭) ਬੀਰ ਪਲਾਣੋ ਡਿੱਗਿਆ ਕਰਿ **ਸਿਜਦਾ** ਸੁੰਭ ਸੁਜਾਣ ਕੱਉ ॥
(੮) ਸ਼ਾਬਾਸ਼ ਸਲੋਣੇ ਖਾਣ ਕਉ ॥ ਸਦਾ ਸ਼ਾਬਾਸ਼ ਤੇਰੇ ਤਾਣ ਕਉ ॥
(੯) **ਤਾਰੀਫ਼ਾਂ ਪਾਨ ਚਬਾਨ ਕਉ ॥ ਸਦ ਰਹਿਮਤ ਕੈਫ਼ਾਂ ਖਾਨ ਕਉ ॥**
(੧੦) **ਸਦ ਰਹਮਤ ਤੁਰੇ ਨਚਾਣ ਕੱਉ ॥ ੫੦ ॥**

ਪੰਡਤਿ ਨਰੈਣ ਸਿੰਘ ਦੇ ਲਿਖੇ ਕਰਮ ਵਾਰ ਅਰਥ ਟਿੱਪਣੀ ਸਹਿਤ:--

**(੧)** [ਜਮਧਾਣ= ਧੌਸਾ ] ਧੌਂਸੇ ਤੇ ਡਗਾ ਵੱਜਾ, ਤਾਂ ਦੋਹਾਂ ਪਾਸਿਆਂ ਦੀਆਂ ਫੌਜਾਂ ਦੇ ਮੂੰਹ ਜੁੜ ਗਏ।
ਦੋ ਵਿਸ਼ਾਲ ਫ਼ੋਜਾਂ ਦੇ ਭੇੜ ਦਾ ਭਰਮ ਪਾਉਣ ਮਗਰੋਂ ਅਸਲੀਅਤ ਕੀ ? ਦੈਂਤਾਂ ਦੀ ਬੇਸ਼ੁਮਾਰ ਫੌਜ ਦੇ ਟਾਕਰੇ ਤੇ, ਕੇਵਲ ਦੁਰਗਾ ਹੈ। ਸੰਸਾਰ ਵਿਚ ਅਜੇਹਾ ਯੁੱਧ ਨਾ ਕਦੇ ਹੋਇਆ ਹੈ ਅਤੇ ਨਾ ਕਦੇ ਹੋ ਹੀ ਸਕਦਾ ਹੈ, ਜਿਸ ਵਿਚ ਕ੍ਰੋੜਾਂ ਦੀ ਫੌਜ ਦੇ ਟਾਕਰੇ ਤੇ ਕੇਵਲ ਇਕੱਲਾ ਸੂਰਮਾਂ ਲੜ ਕੇ ਜਿੱਤਾਂ ਪ੍ਰਾਪਤ ਕਰ ਸਕਦਾ ਹੋਵੇ। ਦੁਰਗਾ ਦੀ ਬਹਾਦਰੀ ਦੇ ਅਣਹੋਣੇ ਸਾਕਿਆਂ ਵਾਲੀ ਇਸ ਗਾਥਾ ਤੋਂ ਕਿਸੇ ਅਦਭੁੱਤ (ਅਣਹੋਣੀ) ਰੱਬੀ ਸ਼ਕਤੀ ਅੱਗੇ ਅਰਦਾਸਾਂ ਕਰਨ (ਵਿਚ ਸਮਾਂ ਗੁਆਉਣ) ਦੀ ਸਿਖਲਾਈ ਤਾਂ ਭਾਵੇ ਮਿਲਦੀ ਹੋਵੇਗੀ, ਪਰ ਗਾਥਾ ਪੜ੍ਹਨ ਸੁਣਨ ਵਾਲਿਆਂ ਵਿਚ ਬਹਾਦਰਾਂ ਵਾਂਗ ਲੜ ਮਰਨ ਦਾ ਸਾਹਸ ਪੈਦਾ ਕਦੇ ਨਹੀਂ ਹੋ ਸਕਦਾ।

**(੨)** [ਖਿੰਗ= ਨੁਕਰਾ ਘੋੜਾ, ਜਿਸ ਦਾ ਮੂੰਹ ਅਤੇ ਚਾਰੇ ਸੁੰਮ ਗੁਲਾਬੀ ਝਲਕ ਵਾਲੇ ਚਿੱਟੇ ਹੋਣ। ਬਰਗਸਤਾਨ=ਘੋੜੇ ਦਾ ਕਵਚ, ਜੋ ਜੰਗ ਸਮੇ ਘੋੜੇ ਨੂੰ ਪਹਿਰਾਇਆ ਜਾਂਦਾ ਹੈ, ਲੋਹੇ ਦਾ ਜਾਲੀਦਾਰ ਝੁੱਲ।]
ਤਦੋਂ ਨਿਸੁੰਭ ਨੇ ਨੁਕਰੇ ਘੋੜੇ ਉਤੇ ਪਾਖਰ ਰੂਪ ਕਵਚ ਪਾ ਕੇ ਉਸ ਨੂੰ ਨਚਾਇਆ।

**(੩)** [ਫੜੀ=ਚੌੜੀ ਫੱਟੀ ਵਾਲੀ ਕਮਾਣ। ਬਿਲੰਦ=ਵੱਡੀ। ਫ਼ੁਰਮਾਇਸ=ਹੁਕਮ, ਆਗਿਆ] ਉਸ ਨੇ ਉਹ ਵੱਡੀ ਕਮਾਨ ਆਪਣੇ ਹੱਥ ਵਿਚ ਫੜੀ ਜਿਹੜੀ ਉਸ ਨੇ ਉਚੇਚੇ ਹੁਕਮ ਦੁਆਰਾ ਮੁਲਤਾਨ (ਪਾਕਿ..) ਤੋਂ ਮੰਗਵਾਈ ਸੀ। ਮੁਲਤਾਨ ਜਿਹੇ ਸ਼ਹਿਰ ਦਾ ਜ਼ਿਕਰ ਪੁਰਾਣਾ ਦੀ ਕਿਸੇ ਗਾਥਾ ਵਿਚ ਨਹੀਂ ਆਇਆ । ਅਤੇ ਫਿਰ ਦੇਵੀ ਦੇ ਕਿਸੇ ਵੀ ਚਰਿਤ੍ਰ ਵਿਚ ਅਜੇਹਾ ਸੰਕੇਤ ਨਹੀਂ ਮਿਲਦਾ ਕਿ ਸ਼ਸਤ੍ਰ ਲੈਣ ਲਈ ਦੈਂਤਾਂ ਦਾ, ਜਾਂ ਦੇਵਤਿਆਂ ਦਾ ਧਰਤੀ ਦੇ ਕਿਸੇ ਲੋਹਾਰ (Blacksmith) ਨਾਲ ਕਦੇ ਕੋਈ ਸੰਬੰਧ ਬਣਿਆਂ ਹੋਵੇ ? ਇਹੀ ਪੜ੍ਹਿਆ ਹੈ ਕਿ ਦੇਵਤਿਆਂ ਦੇ ਸ਼ਸਤ੍ਰ ਪਰਮ ਮਿਸਤਰੀ ਵਿਸ਼੍ਕਮਾ ਹੀ ਬਣਾਉਂਦਾ ਸੀ। ਦੈਂਤਾਂ ਕੋਲ ਹਾਥੀ ਘੋੜੇ ਰਥ ਅਤੇ ਹਥਿਆਰ ਕਿਥੋਂ ਆਉਂਦੇ ਸਨ ? ਇਸ ਬਾਰੇ ਤਾਂ ਕੇਵਲ ਬਿੱਪ੍ਰ ਹੀ ਜਾਣੇ । ਬਿਨਾ ਕਿਸੇ ਪਿਛੋਕੜ ਦੇ, ਅਚਨਚੇਤ ਹੀ ਅਜੋਕੇ ਪਾਕਿਸਤਾਨ ਵਿਚਲੇ **ਮੁਲਤਾਨ** ਸ਼ਹਿਰ ਤੋਂ **ਨਿਸੁੰਭ ਦੈਂਤ** ਦੇ ਹੁਕਮ ਤੇ ਕਮਾਨ ਤਿਆਰ ਹੋ ਕੇ ਆਉਣ ਵਾਲੀ ਗੱਲ, ਲਿਖੇ ਜਾ ਰਹੇ ਬਾਕੀ ਝੂਠ ਦੇ ਰੰਗ ਨੂੰ ਹੋਰ ਵੱਧ ਗੂੜ੍ਹਾ ਕਰਨ ਲਈ ਘੜੀ ਗਈ ਹੈ। ਅਜੇਹਾ ਧਿੰਙਾਣੇ ਦਾ ਵਿਅਰਥ ਦਾ ਬੇਦਲੀਲਾ ਝੂਠ, ਸੁਜਾਨ ਸਗੁਿਰੂ ਸ੍ਰੀ ਦਸ਼ਮੇਸ਼ ਜੀ, ਲਿਖਣਾ, ਕਦੇ ਨਹੀਂ ਸਨ ਝੱਲ ਸਕਦੇ।

**(੪)** ਓਧਰੋਂ ਗੁੱਸੇ (ਦੀ ਭਰੀ ਦੁਰਗਾ) ਰਣ ਵਿਚ ਘਮਸਾਨ ਘੱਤਨ ਨੂੰ (ਨਿਸੁੰਭ ਦੇ ਸਾਹਮਣੇ ਆਈ । ਕ੍ਰੋਧ ਵਾਨ ਹੋਇਆ ਮਨੁੱਖ ਅਕਲ ਦਾ ਸੰਤੁਲਣ ਗੁਆ ਬੈਠਦਾ ਹੈ। ਦੁਰਗਾ ਦੇਵੀ ਨੂੰ ਅਸੀਂ ਸਦਾ ਕ੍ਰੋਧ ਵਿਚ ਸੜਦੀ ਭੁੱਜਦੀ ਹੀ ਵੇਖਦੇ ਆ ਰਹੇ ਹਾਂ। ਕ੍ਰੋਧੀ ਇਸ਼ਟ ਦਾ ਸੇਵਕ, ਸ਼ਾਂਤ ਚਿਤ ਅਤੇ ਖਿਮਾਂ ਗੁਣ ਵਾਲਾ ਕਦੇ ਹੋ ਹੀ ਨਹੀਂ ਸਕਦਾ । ਐਵੇਂ ਤਾਂ ਨਹੀਂ ਖ਼ਾਲਸਾ ਜੀ ਗੁਰੂ ਦਰਬਾਰਾਂ ਵਿਚ ਸ੍ਰੀ ਸਾਹਿਬ ਕੱਢ ਖਲੋਂਦੇ ? ਕੇਵਲ ਏਸੇ ਝੂਠ ਬਾਣੀ ਦਾ ਹੀ ਚਮਤਕਾਰ ਹੈ ਕਿ, ਕਮੇਟੀਆਂ ਤੇ ਕਬਜ਼ਾ ਕਰਕੇ ਗੁਰੂ ਦੀ ਗੋਲਕ ਵਿਚੋਂ ਘਪਲੇ ਕਰਨ ਦੀ ਲਾਲਸਾ ਨਾਲ, ਅੰਮ੍ਰਿਤਧਾਰੀ ਭਰਾਂਵਾਂ ਦੀਆਂ ਦਾਹੜੀਆਂ ਦੇ ਵਾਲ ਪੈਰਾ ਵਿਚ ਰੋਲਣ ਦੀ ਸੂਰਮਤਾਈ ਵਿਖਾ ਰਹੇ ਹੁੰਦੇ। ਝੂਠ ਨੂੰ ਗੁਰਬਾਣੀ ਸਮਝਣ ਵਾਲਾ ਸਚਿਆਰ ਰਹਿ ਹੀ ਨਹੀਂ ਸਕਦਾ। ਏਸ ਬਾਣੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਇਸ ਅਨਮੋਲ ਫ਼ੁਰਮਾਨ--**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ**--ਦੇ ਭਾਵ ਨੂੰ ਆਚਰਨ ਵਿਚ ਗ੍ਰਹਣ ਕਰਨ ਦੀ ਵਿਚਾਰ ਨੂੰ ਬੇਲੋੜਾ ਬਣਾ ਦਿੱਤਾ ।

**(੫)** ਦੁਰਗਾ ਰਾਣੀ ਨੇ ਸਾਹਮਣਿਓ ਅਜੇਹੀ ਤਲਵਾਰ ਚਲਾਈ ਜੋ ਨਿਸੁੰਭ ਨੂੰ ਵੱਢ ਕੇ ਪਾਲਾਣ ਪਲਾਣੇ ਤੋਂ (ਵੀ ਪਾਰ ਜਾ) ਨਿਕਲੀ।

**(੬)** [ਪਾਖਰ=ਬਰਗਸਤਣ, ਲੋਹੇ ਦਾ ਸੰਜੋਇ। ਕਿਕਾਣ=ਘੋੜਾ। ਸਿਜਦਾ=ਨਮਦਕਾਰ ਸਲਾਮ।] ਲੋਹੇ ਦੇ ਸੰਜੋਇ ਨੂੰ ਵੱਢ ਕੇ, ਘੋੜੇ ਨੂੰ ਵੱਢ ਕੇ ਧਰਤੀ ਵਿਚ ਜਾ ਰੜਕੀ ।
ਸ਼ਕਤੀ ਦਾ ਵੱਧ ਤੋਂ ਵੱਧ ਪ੍ਰਦਰਸ਼ਨੀ ਕਰਨ ਵਿਚ ਦੇਵੀ ਦੀ ਅਸਲੀ ਸੇਵਾ ਮੰਨੀ ਬੈਠੇ, ਦੁਰਗਾ-ਭਗਤ ਲਿਖਾਰੀ ਨੇ, **ਨਿਸੁੰਭ ਦੈਂਤ** ਨੂੰ ਵੱਢ ਕੇ, ਫਿਰ ਕਰੜੇ ਲੋਹੇ ਦੇ ਬਣੇ ਸੰਜੋਇ ਨੂੰ, ਫਿਰ ਕਾਠੀ ਸਮੇਤ ਘੋੜੇ ਨੂੰ ਸਭ ਕੁਝ ਨੂੰ ਇੱਕੋ ਵਾਰ ਨਾਲ ਦੋ ਟੋਟੇ ਕਰਨ ਉਪ੍ਰੰਤ, ਸ਼ੁਕਰ ਹੈ ਕਿ ਦੇਵੀ ਦੀ ਤਲਵਾਰ ਨੂੰ [(ਲਿਖਾਰੀ ਨੇ) ਧਰਤੀ ਤੱਕ ਹੀ ਰੋਕ ਲਿਆ ਹੈ। ੧੯ ਨੰਬਰ ਪਉੜੀ ਵਿਚ ਤਾਂ ਦੁਰਗਾ ਨੇ ਧਰਤੀ ਵੀ ਝਟਕਾ ਦਿੱਤੀ ਹੋਈ ਹੈ। ਲਿਖਾਰੀ ਨੇ ਵਡੀ ਛਾਲ ਪਹਿਲਾਂ ਮਰਵਾ ਲਈ, ਉਸ ਦੇ ਟਾਕਰੇ ਤੇ ਇਹ ਮਾਮੂਲੀ ਛਾਲੀ ਜਿਹੀ ਹੁਣ ਲਿਆ ਮਰਵਾਈ ਹੈ। ਪਰ, ਇਨ੍ਹਾਂ ਚਰਿਤ੍ਰਾਂ ਵਿਚਲਾ **ਮੁਲਤਾਨੋਂ ਕਮਾਣ** ਮੰਗਵਾਉਣ **ਵਾਲਾ ਝੂਠ**, ਨੰਗਾ ਕਰਨ ਦੇ ਨਾਲ, ਦਾਸ ਨੇ ਇਹ



www.radiovirsa.com Radio Virsa New Zealand 107 FM

ਛੋਟੀ ਛਾਲ ਪਹਿਲਾਂ ਵਿਖਾ ਲਈ ਹੈ। ਇਸ ਤੋਂ ਅੱਗੇ ਪਾਠਕਾਂ ਨੇ ੧੯ ਨੰਬਰ ਪਉੜੀ ਵਿਚਲੇ ਉਸੇ **ਪਰਮ ਝੂਠ** ਦੇ ਦਰਸ਼ਨ ਕਰਨੇ ਹਨ

**(੭)** ਸੂਰਮਾ ਇਸ ਤਰ੍ਹਾਂ ਉਲਟ ਕੇ ਪਲਾਣੇ ਤੋਂ ਡਿਗ ਪਿਆ, (ਜਾਣੀ) ਸੁੰਭ ਨੂੰ ਸਲਾਮ ਕਰਦਾ ਹੈ।

ਪਰ ਸੁੰਭ ਤਾਂ ਅਜੇ ਜੰਗ ਦੇ ਮੈਦਾਨ ਵਿਚ ਆਇਆ ਹੀ ਨਹੀਂ ਸੀ। ਸ਼ਹੀਦ ਹੋਇਆ ਨਿਸੁੰਭ ਦੈਂਤ, ਸ਼ਾਇਦ ਦੇਵੀ ਨੂੰ ਇਹ ਅਨੁਭਵ ਕਰਾ ਰਿਹਾ ਹੋਵੇ--ਕਿ ਹੇ ਚੰਡਕਾ ਇਸ ਤੋਂ ਵੱਧ ਤੂੰ ਹੋਰ ਕਰ ਵੀ ਕੀ ਸਕਦੀ ਸੀ ? ਅਸੀਂ ਦੇਵਤਿਆਂ ਵਾਂਗ ਡਰ ਕੇ ਤੇਰੀ ਸ਼ਰਨ ਵਿਚ ਆਉਣ ਨਾਲੋਂ ਸਨਮੁੱਖ ਲੜ ਕੇ ਸ਼ਹੀਦ ਹੋਣ ਵਿਚ ਆਪਣੀ ਜਿੱਤ ਮੰਨਦੇ ਹਾਂ। ਤੇਰੇ ਜਹੀ ਬੰਦੇ ਖਾਣੀ ਦੇਵੀ ਨੂੰ, ਮੱਥਾ ਈ ਟੇਕਿਆ, ਭਾਵ ਤੈਥੋਂ ਦੂਰ ਹੀ ਚੰਗੇ ਹਾਂ ?

**(੮)** [**ਸਲੂਣੇ**=ਮਸਾਲੇਦਾਰ ਮਾਸ] ਉਸ ਵੇਲੇ ਰਣ ਵਿਚੋਂ ਆਵਾਜ਼ ਆਈ, (ਜੋ ਤੇਰੇ) ਸਲੂਣੇ ਖਾਣ ਨੂੰ ਸ਼ਾਬਾਸ਼।

ਜੁੱਧ ਦੇ ਮੈਦਾਨ ਵਿਚ ਦੈਂਤਾਂ ਅਤੇ ਦੇਵੀ ਤੋਂ ਬਿਨਾਂ, ਦੇਵੀ ਨੂੰ ਸ਼ਾਬਾਸ਼ੀਆਂ ਦੇਣ ਵਾਲਾ ਹੋਰ ਕੋਣ ਸੀ ? ਲਿਖਾਰੀ ਨੇ ਉਸ ਨੂੰ ਪਰਦੇ ਵਿਚ ਕਿਸ ਕਾਰਨ ਰਖਿਆ ਹੈ ?

## ਪਾਨ ਖਾਣ ਦਾ ਅਤੇ ਪੋਸਤ ਭੰਗ ਅਫ਼ੀਮ ਤੇਜ਼ ਸ਼ਰਾਬ ਦਾ ਮਿਸ਼ਰਨ, (Cocktail) ਭਾਵ, ਕੈਫ਼ਨ ਦੇ ਸੇਵਨ ਦਾ ਉਤਸ਼ਾਹ ?

(੯) (ਕੈਫਾਂ=ਤੇਜ਼ ਸ਼ਰਾਬ, ਮਿਲਵੇ ਚਾਰ ਨਸ਼ੇ । " ਪੋਸਤ ਭਾਂਗ ਅਫ਼ੀਮ ਮੰਗਾਯ ਪਿਯੋ ਸਭ ਸ਼ੋਕ ਵਿਦਾ ਕਰ ਡਾਰਯੋ ॥ ਮੱਤ ਹ੍ਵੈ ਚਾਰੋਈ **ਕੈਫਨ** ਸੋਂ ਸੁਤ ਇੰਦ੍ਰ ਕੇ ਸਿਉਂ ਇਮ ਬੈਠ ਉਚਰਯੋ ॥" (ਮਹਾ: ਕੋ: ੩੪੯) ਤੇਰੇ ਤਾਣ ਨੂੰ ਸ਼ਾਬਾਸ਼ ਹੈ। ਤੇਰੇ ਪਾਨ ਚੱਬਨ ਨੂੰ (ਤਾਰੀਫ਼ਾਂ) ਸ਼ਾਬਾਸ਼ ਹੈ। **ਤੇਰੇ ਅਮਲ ਖਾਣ ਨੂੰ ਸਦਾ ਸ਼ਾਬਾਸ਼ ਹੈ**।

ਦੇਵੀ ਨੂੰ ਪਾਨ ਖਾਂਦੀ ਕੌਣ ਵੇਖਣਾ ਲੋਚਦਾ ਹੈ? ਕੋਈ ਕਾਮੀ ਕਿ ਜਾਂ ਭਗਤ ? ਲਿਖਾਰੀ ਨੇ, ਦੈਂਤ ਨੂੰ ਪਾਨ ਖਾਣ ਦੀ ਆਦਤ ਵਾਲਾ, ਕਿਸੇ ਥਾਂ ਨਹੀਂ ਦਰਸਾਇਆ । ਪਰ ਜਿਸ ਨੂੰ ਇਸ਼ਟ ਮੰਨ ਕੇ ਲੋਕਾਂ ਨੇ ਪੂਜਾ ਕਰਨੀ ਹੈ, ਜਿਸ ਦੇ ਪ੍ਰਸੰਗ ਵਾਲੀ ਬਾਣੀ ਦੇ ਪਾਠ ਵੀ ਲੋਕਾਂ ਨੇ ਕਰਨੇ ਹਨ, " **ਫੇਰ ਨ ਜੋਨੀ ਆਇਆ ਜਿਨ ਇਹ ਗਾਇਆ** " (੫੫) ਲਿਖ ਕੇ, ਜਿਸ ਭਗਉਤੀ ਦੀਆਂ ਭੇਟਾਂ ਗਾਈਆਂ ਜਾਣ ਦਾ ਉਤਸ਼ਾਹ ਵੀ ਦਿੱਤਾ ਗਿਆ ਹੈ--ਉਸ ਵਡੇ ਇਸ਼ਟ ਰੂਪ ਦੇਵੀ ਭਗਉਤੀ-ਭਗਵਤੀ-ਦੁਰਗਾ ਨੂੰ ਪੋਸਤ ਭੰਗ ਅਫ਼ੀਮ ਅਤੇ ਤੇਜ਼ ਸ਼ਰਾਬ ਦੇ ਮਿਲਵੇਂ ਅਮਲ ਖਾਣ ਦੀ ਸ਼ੌਕੀਨ ਦੱਸਿਆ ਜਾ ਰਿਹਾ ਹੈ। ਕੀ ਦਸ਼ਮੇਸ਼ ਜੀ ਆਪਣੇ ਹੀ ਲਿਖੇ ਸਿਧਾਂਤ--**ਜੈਸਾ ਸੇਵੈ ਤੈਸੋ ਹੋਏ**--ਨੂੰ ਭੁੱਲ ਗੇਏ ਸਨ ? ਕੀ, ਪਹਿਲੇ ਸਰੂਪ ਤੋਂ ਅਰੰਭੇ, ਨਿਆਰੇ ਪੰਥ ਦੀ ਸਿਰਜਣਾ ਦੇ ਕਾਰਜ ਨੂੰ ਨੇਪਰੇ ਚਾੜ੍ਹਨ ਦੀ ਲਗਨ ਵਿਚ ਆਪਣਾ ਸਰਬੰਸ ਕੁਰਬਾਨ ਕਰ ਦੇਣ ਵਾਲੇ, ਦਸ਼ਮੇਸ਼ ਜੀ ਨੇ ਅਜੇਹੀ ਘਾਤਕ ਸਮੱਗਰੀ ਆਪ ਹੀ ਤਿਆਰ ਕਰ ਜਾਣੀ ਸੀ ? ਪਾਠਕਾਂ ਵਿਚ ਪਾਨ ਦੇ ਨਾਲ ਅਮਲ ਖਾਣ ਦੀਆਂ ਖੁਲ੍ਹਾਂ ਕਰਨ ਦੀ ਨਿਯੱਤ ਨਾਲ ਅਜੇਹੇ ਕੁਫ਼ਰ ਲਿਖਣ ਵਾਲਾ ਸਿਵਾਏ ਬਿੱਪ੍ਰ ਦੇ, ਦੂਜਾ ਕੋਈ ਹੋਰ ਹੋ ਹੀ ਨਹੀਂ ਸਕਦਾ ।

**(੧੦)** **ਤੇਰੇ ਘੋੜੇ ਨਚਾਉਣ ਨੂੰ ਸ਼ਾਬਾਸ਼**। ਕਿੱਡਾ ਧੰਗਾਣੇ ਦਾ ਝੂਠ **Deliberate Lie** । ਸਾਰੇ ਗ੍ਰੰਥ ਵਿਚ ਦੁਰਗਾ ਨੂੰ ਸ਼ੇਰ ਤੇ ਚੜ੍ਹੀ ਹੀ ਵਿਖਾਇਆ ਗਿਆ ਹੈ। ਘੋੜੇ ਦੇ ਨੇੜੇ ਤੱਕ ਨਾ ਜਾਣ ਵਾਲੀ ਨੂੰ ਘੋੜਾ ਨਿਚਾਉਣ ਤੇ ਸ਼ਬਾਸ਼ ਦਿੱਤੀ ਜਾ ਰਹੀ ਹੈ।

ਅਜੇਹਾ ਬੇਸੁਰਾ ਗ੍ਰੰਥ ਦਸ਼ਮੇਸ਼ ਜੀ ਦੇ ਪਾਵਨ ਪਵਿਤ੍ਰ ਨਾਮ ਨਾਲ ਜੋੜਨਾ, ਸ਼ੁੱਭ-ਚਿੰਤਕ ਸੱਜਣਾ ਦਾ ਕਰਮ ਨਹੀਂ ਮੰਨਿਆਂ ਜਾ ਸਕਦਾ।

੭੮- **ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥**
**ਹਉਮੈ ਜਾਇ ਸਬਦਿ ਘਰੁ ਲਹੀਐ ॥੧॥ ਰਹਾਉ ॥**{੯●੪}

## ੬- ਤਲਵਾਰ ਨਾਲ ਧਰਤੀ ਦਾ ਝਟਕਾ ? ਝੂਠਾਂ ਸਿਰ ਝੂਠ ?

ਮਹਾਨ ਕੋਸ਼ ਅਨੁਸਾਰ, ਉਪਮਾਂ ਦਾ ਅਰਥ=ਸਮਾਨ, ਤੁੱਲ ,ਮਿਣਨ ਅਤੇ ਤੋਲਣ ਦੀ ਕਿਰਯਾ, ਸਮਾਨਤਾ, ਦ੍ਰਿਸ਼ਟਾਂਤ, ਮਿਸਾਲ ਹਨ। ਅਤੇ ਅਲੰਕਾਰ ਬਾਰੇ ਇਉਂ ਲਿਖਿਆ ਹੈ=ਗਹਿਣਾ, ਜ਼ੇਵਰ, ਭੂਖਣ--" Alµkwr imil QYlI hoeI hY qw qy kink vKwnI ]3]{੬੭੨} ਸ਼ਬਦ ਅਤੇ ਅਰਥ ਦੇ ਵਰਣਨ ਕਰਨ ਦੀ ਉਹ ਰੀਤਿ, ਜੋ ਕਾਵਯ ਦੀ ਸੋਭਾ ਵਧਾਵੇ। ਜਿਵੇਂ ਸੁੰਦਰਤਾ, ਸੀਤਲਤਾ।, ਕੋਮਲਤਾ ਨੂੰ ਚੰਦ੍ਰਮਾ ਨਾਲ, ਫੁੱਲ ਦੀਆਂ ਪੰਖੜੀਆਂ ਨਾਲ ਉਪਮਾ ਦੇਣੀ, ਮਨੁੱਖਾ ਸ਼ਕਤੀ ਦੀ ਉਪਮਾ ਸ਼ੇਰ ਨਾਲ ਜਾਂ ਵੱਧ ਤੋਂ ਵੱਧ ਹਾਥੀ ਨਾਲ ਦੇਣੀ ਥੋਹੜੀ ਬਹੁਤ ਫੱਬ ਜਾਂਦੀ ਹੈ, ਪਰ ਅਜੇਹੇ ਪਦਾਰਥ ਨਾਲ ਜਿਸ ਨੂੰ ਕਿਸੇ ਨੇ ਕਦੇ ਵੇਖਿਆ ਸੁਣਿਆਂ ਹੀ ਨਾ ਹੋਵੇ, ਅਥਵਾ ਅਜੇਹੀ ਸ਼ਕਤੀ ਦੀ ਉਪਮਾਂ ਦੇਣੀ ਜਿਸ ਤੋਂ ਪਰਮਾਤਮਾ ਦੀ ਅਪਾਰ ਸਿਰਜਣਾ ਦਾ ਮੌਜੂ ਉਡਾਇਆ ਜਾਂਦਾ ਅਨੁਭਵ ਹੋਵੇ, ਵਡੀ ਗੱਪ ਰੂਪ ਅਜੇਹੀ ਉਪਮਾ ਕਾਵਯ ਦਾ ਸੋਹਜ ਬਣਨ ਦੇ ਥਾਂ ਸ਼ੰਕਿਆਂ ਦੀ ਜਨਮ ਦਾਤੀ ਬਣਦੀ ਹੈ। ਪਰ ਕਿਸੇ ਧਰਮ ਗ੍ਰੰਥ ਵਿਚ ਅਲੰਕਾਰ ਦੇ ਬਹਾਨੇ ਅਜੇਹੀ ਅਣਹੋਣੀ ਗੱਪ ਲਿਖ ਦੇਣੀ ਜਿਹੜੀ ਅਗਿਆਨੀ ਲਈ, ਅਥਵਾ ਭੋਲੇ ਸ਼ਰਧਾਵਾਨ ਲਈ ਧਰਮ ਦਾ ਅੰਗ ਬਣ ਜਾਵੇ, ਅਤੇ ਸੂਝਵਾਨਾ ਲਈ ਉਹ ਧਰਮ-ਗ੍ਰੰਥ ਮਖ਼ੌਲ ਦੀ ਥਾਂ ਬਣ ਕੇ ਧਰਮ ਤੋਂ ਉਪ੍ਰਾਮਤਾ ਦਾ ਕਾਰਨ ਬਣਨ ਦੀ ਸੰਭਾਵਣਾ ਬਣਦੀ ਹੋਵੇ ਤਾਂ, ਅਜੇਹੀ ਉਪਮਾ ਲਿਖਾਰੀ ਦੀ ਵੱਡੀ ਅਗਿਆਨਤਾ ਜਾਂ ਉਸ ਦੀ ਕੁਟਲਤਾ ਹੋ ਨਿਬੜਦੀ ਹੈ। ਆਉ ਹੇਠਾਂ ਲਿਖੀ ਇਸ ਵਾਰ ਦੀ ੧੯ਵੀਂ ਪਉੜੀ ਨੂੰ ਇਕਾਗਰਤਾ ਨਾਲ ਵਿਚਾਰ ਕੇ, ਸੁਹਿਰਦਤਾ ਨਾਲ ਫੈਸਲਾ ਕਰੀਏ ਕਿ, ਕੀ, ਇਹ ਪਉੜੀ ਉਸੇ ਮਹਾਨ ਸਤਿਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ **ਓਸੇ ਦਸਵੇਂ ਪ੍ਰਗਟ ਸਰੂਪ** ਨੇ ਹੀ ਲਿਖੀ ਹੋਵੇਗੀ, ਜੋ ਸੱਚ ਨਾਲ ਜੁੜ ਕੇ ਆਪ **ਪੂਰਨ ਸੱਚ** ਬਣ ਚੁੱਕੇ

ਸਨ ਅਤੇ ਮਨੁੱਖ-ਮਾਤ੍ਰ ਨੂੰ **ਸੱਚ** ਨਾਲ ਜੋੜ ਰਹੇ ਸਨ। ਆਉ ਅੰਦਰ ਬੈਠੇ ਉਸ ਸੱਚ ਦੀ ਹਜ਼ੂਰੀ ਵਿਚ ਪੇਸ਼ ਹੋ ਕੇ ਨਿਰਣਾ ਕਰੀਏ ਕਿ, ਇਸ ਵਾਰ ਨੂੰ ਸ੍ਰੀ ਦਸ਼ਮੇਸ਼ ਜੀ ਦੇ ਪਾਵਨ ਪਵਿਤੱਰ ਨਾਮਣੇ ਨਾਲ ਜੋੜ ਕੇ ਕਿਤੇ ਅਸੀਂ ਕਿਸੇ ਅਜੇਹੇ ਪਾਪ ਦੇ ਭਾਗੀ ਤਾਂ ਨਹੀਂ ਬਣ ਰਹੇ ਜੋ ਕਦੇ ਬਖ਼ਸ਼ਿਆ ਹੀ ਨਾ ਜਾ ਸਕਦਾ ਹੋਵੇ?:---

**ਪਉੜੀ॥ (੧) ਸੱਟ ਪਈ ਜਮਧਾਣੀ ਦਲਾਂ ਮੁਕਾਬਲਾ ॥ (੨) ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ ॥**
**(੩) ਚੰਡੀ ਰਾਖਸ ਖਾਣੀ ਵਾਹੀ ਦੈਤ ਨੂੰ ॥ (੪) ਕੋਪਰ ਚੂਰ ਚਵਾਣੀ ਲੱਥੀ ਕਰਗ ਲੈ ॥**
**(੫) ਪਾਖਰ ਤੁਰਾ ਪਲਾਣੀ ਰੜਕੀ ਧਰਤਿ ਜਾਇ ॥ (੬) ਲੈਂਦੀ ਅਘਾਂ ਸਿਧਾਣੀ ਸਿੰਗਾਂ ਧਉਲ ਦਿਆ॥**
**(੭) ਕੂਰਮ ਸਿਰ ਲਹਲਾਣੀ ਦੁਸਮਨ ਮਾਰਿ ਕੈ ॥ (੮) ਵਢੇ ਗੱਣ ਤਿਖਾਣੀ ਮੂਏ ਖੇਤਿ ਵਿਚ ॥**
**(੯) ਰਣ ਵਿਚ ਘੱਤੀ ਘਾਣੀ ਲਹੂ ਮਿੱਜ ਦੀ ॥ (੧੦) ਚਾਰੇ ਜੁਗ ਕਹਾਣੀ ਚੱਲਗੁ ਤੇਗ਼ ਦੀ ॥**
**(੧੧) ਵਿੱਧਣ ਖੇਤ ਵਹਾਣੀ ਮਹਿਖੇ ਦੈਤ ਨੂੰ ॥ ੧੯॥**

(੧) **ਜਮਧਾਣੀ**=ਧੌਂਸਿਆਂ ਉਤੇ। **ਮੁਕਾਬਲਾ**=ਮੁੱਠ ਭੇੜ ਹੋਇਆ। ਜਿਸ ਵੇਲੇ ਧੌਂਸਿਆਂ ਪੁਰ ਸੱਟ ਪਈ, (ਤਾਂ) ਫੌਜਾਂ ਦਾ ਮੁਠਭੇੜ ਹੋਇਆ।

(੨) **ਕ੍ਰਿਪਾਣੀ**=ਤਲਵਾਰ। ਦੇਵੀ ਨੇ ਭੀ ਮਿਆਨ ਵਿਚੋਂ (ਚੰਡੀ) ਤਲਵਾਰ ਸੂਤ ਲਈ ।

(੩) **ਚੰਡੀ**=ਤਲਵਾਰ । ਰਾਖ਼ਸ਼ਾਂ ਨੂੰ ਖਾਣ ਵਾਲੀ (ਉਹ) ਤਲਵਾਰ-ਰੂਪ ਚੰਡੀ ਮਹਿਖੇ ਦੈਂਤ ਨੂੰ ਵਾਹ ਦਿੱਤੀ ।

(੪) **ਖੋਪਰ**=ਖੋਪਰੀ ਸਿਰ ਦੀ ਉਪਰਲੀ ਹੱਡੀ, ਜੋ ਕਟੋਰੇ ਮੁੱਧੇ ਪਏ ਤੀ ਸ਼ਕਲ ਦੀ ਹੁੰਦੀ ਹੈ। **ਚਵਾਣੀ**=ਮੂੰਹ । **ਕਰਗ**=ਪਿੰਜਰ । **ਲਥੀ**=ਉਤਰ ਗਈ, ਧਸ ਗਈ।
ਉਹ ਤਲਵਾਰ (ਮਹਿਖੇ ਦੇ) ਸਿਰ ਅਤੇ ਮੂੰਹ ਨੂੰ ਚੂਰ ਕਰਕੇ ਪਿੰਜਰ ਤੱਕ ਜਾ ਉਤਰੀ।

(੫) **ਪਾਖਰ**=ਹਾਥੀ, ਘੋੜੇ ਨੂੰ ਪਹਿਨਾਉਣ ਵਾਲੀ ਜ਼ੰਜੀਰ ਦਾਰ ਜਾਲੀ ਦਾ ਝੁੱਲ ਜੋ ਜੁੱਧ ਸਮੇਂ ਸਰੀਰ ਦਾ ਬਚਾਉ ਕਰਦਾ ਹੈ, ਸੰਜੋਇ। **ਤੁਰਾ**=ਘੋੜਾ । **ਪਲਾਣੀ**=ਤਾਰਹੂ ਤੇ ਖੁਰਗੀਨ ।
**ਰੜਕੀ**=ਟਕਰਾਈ। ਫਿਰ ਕਾਠੀ, ਘੋੜਾ ਤੇ ਪਲਾਣਾ ਕੱਟਕੇ ਧਰਤੀ ਨਾਲ ਜਾ ਟਕਰਾਈ।

(੬) ਉਸ ਨੂੰ ਲਾਹੁੰਦੀ ਹੋਈ ਅੱਗਾਂਹ ਬੌਲਦ ਦਿਆਂ ਸਿੰਗਾਂ ਤੱਕ ਚਲੀ ਗਈ ।

(੭) **ਕੂਰਮ ਸਿਰ**=**ਕਛੂ-ਕੁੰਮੇ ਦੇ ਸਿਰ ਤੇ।** **ਲਹਲਾਣੀ**=ਚਮਕੀ। ਇਉਂ ਦੁਸ਼ਮਨ ਨੂੰ ਮਾਰ ਕੇ (ਤਲਵਾਰ ਅੰਤ ਨੂੰ ਬਲਦ ਦੇ ਹੇਠਾਂ) ਕੱਛੂ ਕੁੰਮੇ ਦੇ ਸਿਰ ਤੇ ਜਾ ਚਮਕੀ। **(ਝੂਠ ਦਾ ਸਿਖ਼ਰ?)**

(੮) **ਗੰਨ**=ਟੋਟੇ, ਮੋਛੇ, ਗੇਲੀਆਂ (ਰੁੱਖਾਂ ਦੀਆਂ)। **ਤਿਖਾਣੀ**=ਤ੍ਰਖਾਣ ਨੇ। **ਚੱਲਗੁ**=ਤੁਰੇਗੀ ।
**ਜੁਧ ਭੂਮੀ ਵਿਚ (ਇਉਂ ਦੈਂਤ) ਮੋਏ (ਪਏ ਹਨ, ਜਾਣੀ) ਤਰਖਾਣ ਨੇ ਮੋਛੇ ਵੱਢਕੇ ਸੁੱਟੇ ਹੁੰਦੇ ਹਨ।**

(੯-੧੦) **ਰਣ ਵਿਚ ਲਹੂ ਮਿੱਝ ਦੀ ਘਾਣੀ ਮੱਚੀ ਹੋਈ ਹੈ । (ਦੇਵੀ ਦੀ ਇੰਜ) ਤਲਵਾਰ ਦੀ ਕਹਾਣੀ ਚੌਹਾਂ ਜੁਗਾਂ ਵਿਚ ਚਲੇਗੀ।**

(੧੧) **ਵਿੱਧਣ**=ਦੁਖ ਦੀ ਘੜੀ। ਇਉ ਮਹਿਖੇ ਦੈਂਤ ਨੂੰ ਦੁਖ ਦੀ ਘੜੀ ਬੀਤੀ ਹੈ । ੧੯ ।

## ਹੱਡ ਬੀਤੀ ਘਟਨਾ--

੧੭ ਅਕਤੂਬਰ ੧੯੬੯ *f* ਦਾਸ ਦੀ ਉਮਰ ੭੮ ਸਾਲ ਦੀ ਹੋ ਗਈ ਹੈਂ। ਅੱਜ ਵੀ ਉਵੇਂ ਹੀ ਯਾਦ ਹੈ ਜਿਵੇਂ ਅਜੇ ਕੱਲ੍ਹ ਦੀਆਂ ਗੱਲਾਂ ਹਨ । ਸਾਡੇ ਪਿੰਡ ਦਾ ਢਾਡੀ ਜਥਾ (ਤੇਜਾ ਸਿੰਘ, ਮੱਸਾ ਸਿੰਘ ਅਤੇ ਸਰੰਗੀ-ਮਾਸਟਰ ਭਾਈ ਕਰਤਾਰ ਸਿੰਘ) ਉਪ੍ਰੋਕਤ ਵਾਰ ਨੂੰ ਗਾ ਗਾ ਕੇ ਬੜੇ ਜੋਸ਼ ਨਾਲ ਦੱਸਿਆ ਕਰਦੇ ਸਨ ਕਿ ਦੇਵੀ ਦੀ ਤਲਵਾਰ ਨੇ ਧਰਤੀ ਦਾ ਝਟਕਾ ਕਰ ਦਿੱਤਾ ਸੀ, ਤਦੇ ਹੀ ਅਮਰੀਕਾ ਦੇਸ ਸਾਥੋਂ ਦੂਰ ਚਲਾ ਗਿਆ ਹੋਇਆ ਹੈ। ਜਥੇਦਾਰ ਤੇਜਾ ਸਿੰਘ ਨੇ ਨਾਲ ਇਹ ਤੁਕ--**ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥{੬੯੪} ਪੜ੍ਹ ਕੇ ਕਹਿਣਾ ਕਿ, ਸਤਿਗੁਰੂ ਜੀ ਤਾਂ ਲਿਖਦੇ ਹੀ ਉਹ ਪ੍ਰਸੰਗ ਹਨ ਜੋ ਉਨ੍ਹਾਂ ਆਪਣੇ ਅੱਖੀਂ ਵੇਖਿਆ** ਹੁੰਦਾ ਹੈ। ਦੇਵੀ ਦਾ ਇਹ ਸਾਕਾ ਇਸ ਢੰਗ ਨਾਲ ਸੱਚ ਕਰ ਸੁਣਾਉਂਦੇ, ਕਿ, ਸੰਗਤਿ ਵਿਚੋਂ ਧੰਨ ਦਸ਼ਮੇਸ਼ ਜੀ ਦੀ ਗੂੰਜ ਵਿਚ ਰਲੇ ਇਹ ਬਚਨ ਵੀ ਸੁਣੇ ਜਾਇਆ ਕਰਦੇ ਸਨ--' ਧੰਨ ਹਨ ਦਸ਼ਮੇਸ਼ ਜੀ ਜਿਨ੍ਹਾਂ ਨੇ ਏਡਾ ਵੱਡਾ ਸਾਕਾ ਆਪਣੇ ਅੱਖੀਂ ਵੇਖਿਆ? "

ਕਰੀਬ ੧੦ ਸਾਲ ਦੀ ਉਮਰੇ " **ਚੌਥੀ ਜਮਾਤ** ਤੋਂ ਦਾਸ ਨੇ ਇਸ ਗਾਥਾ ਦਾ ਅਜੇਹਾ ਅਸਰ ਕਬੂਲਿਆ ਕਿ, ਕਾਲਜ ਪੁੱਜਦਿਆਂ ਤੱਕ, ਦਸ਼ਮੇਸ਼ ਜੀ ਦੇ ਜੀਵਨ ਨਾਲ ਸੰਬਧਤ ਮਿਥੀ ਹੋਈ ਇਹ ਅਦਭੁਤ ਗਾਥਾ, ਵਿਦਿਆਰਥੀ ਸੱਜਣਾਂ ਨੂੰ ਸੁਣਾ ਕੇ ਚਕ੍ਰਿਤ ਕਰ ਦਿਆ ਕਰਦਾ ਸਾਂ। ਸ਼ਾਇਦ, ਦਸ਼ਮੇਸ਼ ਜੀ ਦਾ ਵੱਡਾ ਪ੍ਰੇਮੀ ਸਮਝ ਕੇ, ਸਿੱਖ ਵਿਦਿਆਰਥੀਆਂ ਨੇ ਦਾਸ ਨੂੰ (੧੯੪੫ ਵਿਚ ਤਾਜ਼ੀ ਬਣੀ) ਸਿੱਖ ਸਟੂਡੈਂਟ ਫੈਡਰੇਸ਼ਨ ਦਾ ਪ੍ਰਧਾਨ ਚੁਣ ਲਿਆ। ਫਿਰ ਦਸ਼ਮੇਸ਼ ਜੀ ਦੇ ਕਰਕੰਵਲਾਂ ਨਾਲ ਲਿਖੇ ਦੇਵੀ ਦੇ ਜੰਗ-ਨਾਮੇ ਦੀ ਗੱਲ ਸੁਣਾਉਣ ਦੇ ਨਾਲ, ਕਿਰਪਾਨ ਦੇ ਇੱਕੋ ਵਾਰ ਨਾਲ ਸਾਰੀ ਧਰਤੀ ਦਾ ਝਟਕਾ ਕਰ ਦੇਣ ਦੇ ਕਾਰਨ ਕਰਾਚੀ ਨੇੜਿਉਂ ਟੁੱਟ ਕੇ ਅਮਰੀਕਾ ਦੇਸ਼ ਦਾ ਸਾਥੋਂ ਦੂਰ ਹਟ ਜਾਣ ਵਾਲਾ ਮਹਾਂਨ ਸਾਕਾ ਬੜੇ ਜੋਸ਼ ਨਾਲ ਸੁਣਾਇਆ ਕਰਦਾ ਸਾਂ। ਖ਼ਾਸ ਕਰਕੇ ਜਦੋਂ ਉਹ ਸਮਾਂ ਯਾਦ ਆਉਂਦਾ ਹੈ ਤੇ ਸ਼ਰਮ ਨਾਲ ਪਾਣੀ ਪਾਣੀ ਹੋ ਜਾਂਦਾ ਹਾਂ, ਜਦ ਸਾਡੀ ਫੈਡਰੇਸ਼ਨ ਦੇ ਪਰਾਪੇਗੰਡਾਂ ਸਕੱਤਰ ਜਗਜੀਤ ਸਿੰਘ ਨੇ ਇਸ ਨੂੰ ਵੱਡੀ ਗੱਪ ਕਹਿਣਾ ਤਾਂ ਸਿਖ਼ਰਾਂ ਤੇ ਪੁੱਜੀ ਸਾਡੀ ਮੂਰਖਤਾਈ ਨੇ ਸਾਥੋਂ ਇਹ ਅਖਵਾ ਦੇਣਾ---' ਸਤਿਗੁਰਾਂ ਦੇ ਬਚਨਾਂ ਤੇ ਸ਼ੱਕ ? ਡੁੱਬ ਮਰ ਪਰ੍ਹਾਂ ਇਹੋ ਜਿਹਾ ਨਾਸਤਕ '। ਉਸ ਨੇ ਮੂਰਖਾਂ ਦੀ ਸੰਗਤਿ ਵਿਚ ਰਹਿਣ ਨਾਲੋਂ ਤਿਆਗ ਪੱਤਰ ਦੇ ਦੇਣਾ ਚੰਗਾ ਸਮਝਿਆ। ਜਗਜੀਤ ਸਿੰਘ ਫੈਡਰੇਸ਼ਨ ਤੋਂ ਲਾਂਭੇ ਹੋ ਗਿਆ।

ਗੋਰਮਿੰਟ ਕਾਲਜ ਮਿੰਟਗੁਮਰੀ ਦਾ ਪ੍ਰਿੰਸੀਪਲ ਸ੍ਰੀ ਏ-ਆਰ-ਖੰਨਾ (A.R Khanna) ਜੀ ਸਾਨੂੰ ਇਤਿਹਾਸ **History** ਪੜ੍ਹਾਇਆ ਕਰਦੇ ਸਨ। ਦਾਸ ਨੂੰ ਉਹ ਦਿਨ ਮਰਦੇ ਦਮ ਤੱਕ ਨਹੀਂ ਭੁੱਲਣਾ ਜਦੋਂ ਧਰਤੀ ਦਾ ਝਟਕਾ ਕਰਨ ਵਾਲੀ ਮੇਰੀ ਇਹ ਗੱਲ, ਜਗਜੀਤ ਸਿੰਘ ਨੇ ਮੁਸਲਮਾਨ, ਹਿੰਦੂ ਅਤੇ ਈਸਾਈ ਵਿਦਿਆਰਥੀਆਂ ਦੀ ਬਹੁ ਗਿਣਤੀ ਵਾਲੀ ਉਸ ਕਲਾਸ ਵਿਚ ਕਹਿ ਸੁਣਾਈ। ਪ੍ਰਿੰਸੀਪਲ ਸਾਹਿਬ ਬੜੇ ਮਖ਼ੌਲੀਆ ਸੁਭਾਅ ਦੇ ਹਸਮੁਖ ਵਿਦਵਾਨ ਸਨ। ਉਨ੍ਹਾਂ ਨੇ ਮੇਰੀ ਇਸ ਗੱਲ ਦਾ ਮੌਜੂ ਬਣਾ ਲਿਆ। ਗੱਲ ਛੇੜ ਕੇ ਕਈ ਵਾਰੀ ਖ਼ੂਬ ਹਾਸਾ ਖਿਲਾਰਿਆ ਜਾਂਦਾ ਅਤੇ ਮੈਨੂੰ ਬਾਰ ਬਾਰ ਪੁੱਛਦੇ ਕਿ, ਏਡਾ ਸੱਚਾ ਭੋਗੋਲਕ-ਸਾਕਾ ਤੂੰ ਪੜ੍ਹਿਆ ਕਿਥੋਂ? ਉਹੀ ਗੱਲ ਜਿਹੜੀ ਸਿੱਖ ਵਿਦਿਆਰਥੀਆਂ ਦੇ ਇਕੱਠ ਵਿਚ ਬੜੀ ਸ਼ੇਖ਼ੀ ਭਰੇ ਅੰਦਾਜ਼ ਵਿਚ ਸੁਣਾਇਆ ਕਰਦਾ ਸਾਂ, ਦੂਜੇ ਧਰਮਾ ਵਾਲੇ ਜਮਾਤੀਆਂ ਵਿਚ ਕਹਿਣੋ, ਪਤਾ ਨਹੀਂ ਕਿਉਂ ਸੰਗਦਾ ਸਾਂ ? ਫਿਰ ਮਨ ਵਿਚ ਇਹ ਗੱਲ ਵੀ ਆਉਣੀ--" ਆਪਣੇ ਦਸ਼ਮੇਸ਼ ਜੀ ਦਾ ਅੱਖੀਂ ਡਿੱਠਾ ਪ੍ਰਸੰਗ ਸੁਨਾਉਣ ਵਿਚ ਸ਼ਰਮ ਕਿਉਂ ਮੰਨਣੀ ਹੋਈ? " ਇੱਕ ਦਿੱਨ ਪ੍ਰਿੰਸੀਪਲ ਸਾਹਿਬ ਨੇ ਬੜੇ ਹਸਾਉਣੇ ਵਾਤਾਵਰਨ ਵਿਚ ਮੈਥੋਂ ਇਸ ਸਾਕੇ ਦੀ ਜਦ ਗੱਲ ਪੁੱਛ ਲਈ, ਤਾਂ ਜਗਜੀਤ ਸਿੰਘ ਨੇ ਹੱਥ ਖੜਾ ਕਰਕੇ ਬੋਲਣ ਦੀ ਆਗਿਆ ਲੈ ਲਈ--" ਸਰ (Sir)-- ਸਾਨੂੰ ਤਾਂ ਦੱਸਦਾ ਹੈ ਕਿ, ਗੁਰੂ ਗੋਬਿੰਦ ਸਿੰਘ ਜੀ ਨੇ ਇਹ ਸਾਕਾ ਆਪਣੇ ਅੱਖੀ ਵੇਖਿਆ ਸੀ " **ਅਤੇ ਇਹ ਤਾਂ ਨਾਲ ਹੀ ਬੜੀ ਲੈ ਵਿਚ ਇਹ ਬਚਨ ਵੀ ਸੁਣਾਇਆ ਕਰਦਾ ਸੀ--ਸੰਤਨ ਕੀ ਸੁਨਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ॥"** ਪ੍ਰਿੰਸੀਪਲ ਸਾਹਿਬ ਬੋਲੇ--" Is it not Very Strange Gurbakhsh ? " ਮੈਂ ਕੀ ਬੋਲਾਂ ? ਇਕ ਭੂਤਰੇ ਹੋਏ ਮੁਸਲਮਾਨ ਵਿਦਿਆਰਥੀ ਨੇ ਤਾਂ ਏਥੋਂ ਤੱਕ ਕਹਿ ਦਿੱਤਾ ਕਿ, ਜਦ ਇਨ੍ਹਾਂ ਦਾ ਗੁਰੂ ਹੀ ਏਡਾ........ਤਾਂ ਇਸ ਨੇ ਸਿਆਣਾ ਕਿੱਥੋਂ ਹੋਣਾ ਸੀ ? ਪ੍ਰਿੰਸੀਪਲ ਸਾਹਿਬ ਨੇ ਇਉਂ ਕਹਿ ਕੇ ਗੱਲ ਮੁਕਾ ਦਿੱਤੀ---" ਮੈ ਬਿਲਕੁਲ ਨਹੀਂ ਮੰਨਦਾ ਕਿ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗੇ ਰੌਸ਼ਨ ਦਿਮਾਗ਼ ਅਤੇ ਸੱਚੇ ਸੁੱਚੇ ਮਹਾਂਪੁਰਖ ਨੇ ਅਜੇਹੀ ਝੂਠੀ ਅਤੇ ਅਣਹੋਣੀ ਗੱਲ ਕਦੇ ਕਹੀ ਜਾਂ ਲਿਖੀ ਹੋਵੇਗੀ। ਗੁਰਬਖ਼ਸ਼ ਸਿੰਘ ਨੇ ਵੀ ਸੁਣੀ ਸੁਣਾਈ ਗੱਲ ਸੱਚ ਮੰਨ ਲਈ ਹੋਣੀ ਹੈ "।

ਚਰਿਤ੍ਰਾਂ ਵਾਲੇ ਇਸ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਵਿਚਾਰਦੇ ਸਮੇਂ, ਪ੍ਰਾਣਾ ਤੋਂ ਪਿਆਰੇ ਸਤਿਗੁਰੂ, ਦਸ਼ਮੇਸ਼ ਜੀ ਦਾ ਮਖ਼ੌਲ ਉਡਾਉਂਦੀ ਹੋਈ, ਉਹ ਮੁਸਕਰਾਹਟ ਅਤੇ [ ਉਨ੍ਹੀ ਦਿਨੀ (੧੯੪੬ ਵਿਚ)-" **ਲੇ ਕੇ ਰਹੇਂਗੇ ਪਾਕਿਸਤਾਨ** " ਦਾ ਨਾਹਰਾ ਲਾਉਣ ਵਾਲੇ, ਕੱਟੜ ਪੰਥੀਏ ਉਸ ਮੁਸਲਮਾਨ ਵਿਦਿਆਰਥੀ) ਅਲੀਸ਼ੇਰ ਦੀ ਕਟਾਖ਼ਸ਼ ਭਰੀ **ਆਵਾਜ਼**, ਮੇਰੇ ਮਨ ਦਿਆਂ ਕੰਨਾ ਵਿਚ ਗੂੰਜਦੀ ਹੋਈ ਮੈਨੂੰ ਅੱਜ ਵੀ ਲਾਹਣਤਾ ਪਾ ਰਹੀ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚ-ਗਿਆਨ ਤੋਂ ਟੁੱਟ ਕੇ ਅਜੇਹੇ ਗ੍ਰੰਥ ਦੀ ਝੂਠ-ਬਾਣੀ ਬਾਰੇ ਸ਼ਰਧਾ ਬਣਾ ਲੈਣੀ ਜਿਸ ਦੀ ਇੱਕ ਪੰਗਤੀ ਵੀ ਦਸ਼ਮੇਸ਼ ਜੀ ਨੇ ਗੁਰਿਆਈ ਦੇ ਕਾਬਲ ਨਹੀਂ ਸੀ ਸਮਝੀ-- ਸਿਵਾਏ ਲੋਕ-ਪ੍ਰਲੋਕ ਵਿਚ ਖ਼ੁਆਰੀ ਪੱਲੇ ਪੈਣ ਦੇ ਹੋਰ ਕੀ ਖਟਣਾ ਸੀ ?

ਬੱਕਰੇ ਦਾ ਸਿਰ ਲਾਹੁਣ ਵਾਂਗ ਧਰਤੀ ਦਾ **ਝਟਕਾ** ਕਰ ਦੇਣ ਵਾਲਾ ਇਹ ਝੂਠ-ਵਿਸ਼ਵਾਸ਼ ਦਾਸ ਦੇ ਮਨ ਵਿਚੋਂ ਉਸ ਸਮੇ ਤੱਕ ਨਾ ਨਿਕਲ ਸਕਿਆ ਜਦ ਤੱਕ ਬ੍ਰਾਹਮਣ ਦੇ ਲਿਖੇ ਪੁਰਾਣਾਂ ਵਿਚਲੇ ਇਸ ਤੋਂ ਵੀ ਵਡੇ ਝੂਠ ਨਹੀਂ ਸਨ ਪੜ੍ਹੇ। ਬ੍ਰਹਮਾਂ ਜੀ ਨਾਲ ਨਰਾਜ਼ ਹੋ ਕੇ ਧਰਤੀ ਨੂੰ ਦੈਂਤ ਚੁੱਕ ਕੈ ਦੌੜ ਗਿਆ। ਕਿਸੇ ਨੇ ਕਦੇ ਨਾ ਪੁੱਛਿਆ ਕਿ, ਧਰਤੀ ਨੂੰ ਸਿਰ ਤੇ ਚੁੱਕ ਲੈਣ ਵਾਲਾ ਦੈਂਤ, ਦੌੜਿਆ ਕਿਹੜੀ ਧਰਤੀ ਤੇ ਸੀ ? ਵਿਸ਼ਨੂੰ ਜੀ ਸੂਰ ਬਣ ਕੇ ਆਏ ਅਤੇ ੧੦ ਹਜ਼ਾਰ ਸਾਲ ਤੱਕ ਜੰਗ ਕਰਕੇ ਦੈਂਤ ਕੋਲੋਂ ਧਰਤੀ ਦੀ ਖ਼ਲਾਸੀ ਕਰਵਾ ਲਿਆਏ। ਧਰਤੀ ਮਾਤਾ ਸੂਰ ਰੂਪ ਵਿਸ਼ਨੂੰ ਦੀ ਸੂਰਮਤਾਈ ਤੇ, ਕਿ, ਜਾਂ ਸੂਰ ਵਾਲੀ ਸ਼ਕਲ ਤੇ--**ਆਸ਼ਕ ਹੋ ਗਈ**। ਵਿਸ਼ਨੂੰ ਕੋਲੋਂ ਗਰਭਵਤੀ ਹੋ ਕੇ ਧਰਤੀ ਨੇ **ਭੂਮਾਸੁਰ ਦੈਂਤ** ਨੂੰ ਜਨਮ ਦਿੱਤਾ। ਪਾਪੀਆਂ ਦੇ ਭਾਰ ਨਾਲ ਔਖੀ ਹੋ ਕੇ ਫ਼ਰਿਆਦ ਲਈ ਕੈਲਾਸ਼ ਪਰਬਤ ਤੇ ਆਉਣ ਦੇ ਥਾਂ ਖੀਰ ਸਮੁੰਦਰ ਵਿਚ ਵਿਸ਼ਨੂੰ ਕੋਲ ਪੁੱਜਣ ਵਾਲੀ ਧਰਤੀ ਮਾਂ ਜੀ ਦਾ ਦੁਰਗਾ ਦੇਵੀ ਨੇ ਤਲਵਾਰ ਦੇ **ਇੱਕੋ ਵਾਰ ਨਾਲ ਝਟਕਾ ਕਰ ਦਿੱਤਾ** ? ਸ਼ਾਇਦ ਏਹੀ ਕਾਰਨ ਹੋਵੇ ਕਿ ਮੁੜ ਕਿਸੇ ਵੀ ਪ੍ਰਕਾਰ ਦੀ ਫ਼ਰਿਆਦ ਲੈ ਕੇ ਧਰਤੀ ਕਿਸੇ ਭਗਵਾਨ ਕੋਲ ਨਹੀਂ ਸੀ ਗਈ? ਧੰਨ ਹਨ ਸਤਿਗੁਰੂ ਗ੍ਰੰਥ ਸਾਹਿਬ ਜੀ ਜਿਨ੍ਹਾਂ ਦੀ ਮਿਹਰ ਨਾਲ ਅਜੇਹੇ ਬੇਸ਼ੁਮਾਰ ਝੂਠ-ਭਰਮਾਂ ਤੋਂ ਪਿੱਛਾ ਛੁਟਿਆ।

ਜਪੁ (ਜੀ ਸਾਹਿਬ) ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਪੱਸ਼ਟ ਕਰ ਰਹੇ ਹਨ ਕਿ, ਧਰਤੀ ਦੇ ਹੇਠ ਵਾਹਿਗੁਰੂ ਜੀ ਦੇ ਆਪਣੇ ਅਟੱਲ ਨਿਯੱਮ ਰੂਪ ਸੱਤਾ ਤੋਂ ਛੁੱਟ, ਕੋਈ ਵੀ ਹੋਰ ਸ਼ਕਤੀ, ਆਸਰਾ ਦੇਣ ਯੋਗ ਨਹੀਂ ਹੈ। ਧਰਤੀ ਦੇ ਹੇਠਾਂ ਕਿਸੇ **ਬਲਦ, ਸ਼ੇਸ਼ ਨਾਗ** ਅਥਵਾ **ਕੂਰਮ** ਆਦਿ ਦੇ ਹੋਣ ਦੀ ਬ੍ਰਾਹਮਣੀ ਗੱਲ ਨੂੰ, ਸਤਿਗੁਰਾਂ ਨੇ ਇਕ-ਦਮ ਰੱਦ ਕਰ ਦਿੱਤਾ ਹੋਇਆ ਹੈ। ਬੜੇ ਦੁੱਖ ਦੀ ਗੱਲ ਹੈ ਕਿ, ਆਪਣੇ ਸਤਿਗੁਰਾਂ ਦੀ ਸਿਖਿਆ ਵਲੋਂ ਮੂੰਹ ਮੋੜ ਕੇ ਦੇਵੀ-ਚਰਿਤ੍ਰ-ਰੂਪ ਇਸ ਬਾਣੀ ਦਾ ਅਸਰ ਕਬੂਲ ਕਰਦੇ ਹੋਏ ਅਸੀਂ ਸਮਝ ਬੈਠਦੇ ਹਾਂ ਕਿ ਸੱਚ ਮੁੱਚ ਹੀ ਧਰਤੀ ਨੂੰ ਬੌਲਦ ਨੇ ਸਿੰਗਾਂ ਤੇ ਚੁਕਿਆ ਹੋਇਆ ਹੈ। ਇਸ ਵਾਰ ਵਿਚ ਗੁਰਮਤਿ ਵਿਰੋਧੀ ਝੂਠ-ਅਲੰਕਾਰਾਂ ਦੁਆਰਾ ਸਾਡੇ ਮਨਾਂ ਵਿਚ ਬ੍ਰਾਹਮਣੀ ਭਰਮ ਪੱਕਾ ਕਰ ਕੇ ਸਾਨੂੰ ਗੁਰਮਤਿ ਗਿਆਨ ਸਮਝਣ ਦੀ ਲੋੜ ਤੋਂ ਅਵੇਸਲੇ ਕਰ ਦਿੱਤਾ ਹੋਇਆ ਹੈ।

ਸ਼ਰਮ ਨਾਲ ਸਿਰ ਝੁਕ ਜਾਂਦਾ ਹੈ ਜਦ ਇਹ ਪਤਾ ਲੱਗਦਾ ਹੈ ਡੇਰੇ-ਦਾਰ ਸੰਤ ਮਹਾਂਪੁਰਖ ਇਸ ਝੂਠ ਬਾਣੀ ਦਾ ਆਪ ਵੀ ਜਾਪ ਕਰਦੇ ਅਤੇ ਲੋਕਾਂ ਕੋਲੋਂ ਵੀ ਕਰਵਾਉਂਦੇ ਹਨ। ਵਾਰ ਦੀਆਂ ਅੰਤਲੀਆਂ ਇਨ੍ਹਾਂ ਦੋ ਪੰਗਤੀਆਂ ਦੀ ਵਿਸ਼ੇਸ਼ ਵਰਤੋਂ ਕੀਤੀ ਜਾਂਦੀ ਹੈ:--

**ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ॥**
**ਫੇਰਿ ਨ ਜੂਨੀ ਆਇਆ ਜਿਨ ਇਹ ਗਾਈਆਂ ॥ ੫੫ ॥**

ਦੇਗ ਵਿਚੋਂ ਇੱਕ ਦਾਣਾ ਟੋਹਣ ਦੀ ਗੱਲ ਤਾਂ ਛੱਡੀ, ਹੁਣ ਤੱਕ ਤਾਂ ਤਕਰੀਬਨ ਅੱਧੀ ਤੋਂ ਵੱਧ ਦੇਗ ਟੋਹੀ ਜਾ ਚੁੱਕੀ ਹੈ। ਜੇ ਇਹ ਨਿਰੋਲ ਕੱਚ ਹੀ ਕੱਚ ਹੈ, ਤਾਂ ਬਾਕੀ ਸਾਰੀ ਦੇਗ਼ ਮੁਢੋਂ ਹੀ ਕੱਚੀ ਹੈ। ਬੁਲ੍ਹੇ ਸ਼ਾਹ ਦਾ ਕਹਿਣ--**ਇੱਕੋ ਅਲਫ਼ ਤੇਰੇ ਦਰਕਾਰ, ਲਫ਼ੋਂ ਬੱਸ ਕਰੀਂ**

**ਉਇ ਯਾਰ**--ਅਸੀਂ ਤਾਂ ਅੱਧੀ ਪੈਂਤੀ ਪੜ੍ਹ ਕੇ ਅਲਫ਼ **ਅੱਲਾ** ਵਾਲੀ ਰਮਜ਼ ਸ਼ਾਇਦ ਅਜੇ ਵੀ ਨਾ ਹੀ ਸਮਝੀ ਹੋਵੇ ? ਫ਼ਾਰਸੀ ਦੇ ਵਿਦਵਾਨ ਦਾ ਕਥਨ--ਆਕਲ ਰਾ ਇਸ਼ਾਰਾ ਕਾਫ਼ੀ ਅਸਤ-- ਪਰ ਏਧਰ ਤਾਂ, ਕੇਵਲ ਸੱਚ ਝੂਠ ਦੀ ਪਰਖ ਕਰਦਿਆਂ ਇੱਕ ਨਵਾਂ ਗ੍ਰੰਥ ਸਿਰਜਿਆ ਗਿਆ ਹੈ।

੭੯- **ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥**
**ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥੧੫੮॥{੧੩੭੨}**

**ਪਰਮ ਸਨਮਾਨ ਜੋਗ ਜਥੇਦਾਰ ਸਾਹਿਬਾਨ** ਵਿਚੋਂ ਕੀ ਕੋਈ ਵੀ ਇਹ ਗੱਲ ਪੂਰੇ ਭਰੋਸੇ ਨਾਲ ਲਿਖ ਸਕਦਾ ਹੈ ਕਿ, ਨਿਆਰੇ ਪੰਧਰ ਦੇ ਝੂਠ ਨਾਲ, **ਕੰਢਿਆਂ ਤੱਕ** ਲਬਾ ਲਬ ਭਰੀ ਹੋਈ ਭਗਉਤੀ ਦੀ ਇਸ ਵਾਰ ਦਾ ਪਾਠ, ਗੁਰੂ ਨਾਨਕ ਨਾਮ ਲੇਵਾ ਸਿੱਖਾਂ ਵਿਚੋਂ ਕੋਈ ਵੀ ਸਿੰਘਣੀ ਜਾਂ ਸਿੰਘ ਨਹੀਂ ਕਰਦਾ ? ਜੇ ਚੰਡੀ ਦੀ ਇਸ ਬਾਣੀ ਦਾ ਨਿਤਨੇਮ (ਭਾਵੇਂ ਕਿਸੇ ਵੀ ਰੂਪ ਵਿਚ) ਪੰਥ ਵਿਚ ਪ੍ਰਵੇਸ ਕਰ ਚੁੱਕਾ ਹੈ ਤਾਂ ਫਿਰ ਉਹ ਸਾਰੇ ਐਬ ਜੋ ਅਸਾਂ ਇਨ੍ਹਾਂ ਚਰਿਤ੍ਰਾਂ ਵਿਚ ਕਈ ਥਾਂਈਂ ਪੜ੍ਹੇ ਹਨ, ਨਿਰਸੰਦੇਹ ਪੰਥ ਵਿਚ ਪ੍ਰਵੇਸ਼ ਕਰ ਚੁੱਕੇ ਹਨ। ਅੰਦਰ ਆ ਰਹੀਆਂ ਕਮਜ਼ੋਰੀਆਂ ਦਾ ਅਨੁਭਵ ਕਰਾਈ ਰੱਖਣ ਲਈ, ਖ਼ਾਲਸਾ ਪੰਥ ਕਿਤੇ ਆਪਾ ਫ਼ਰੋਲਣ ਵਾਲੇ ਗੁਰਮਤਿ ਦੇ ਅਨਮੋਲ ਸਿਧਾਂਤ ਦੀ ਵਰਤੋਂ ਕਰਨ ਦੀ ਮਹੱਤਾ ਨਾ ਸਮਝ ਜਾਵੇ, ਇਸ ਲਈ ਹੰਕਾਰੀ ਬਣਾਈ ਰੱਖਣ ਵਾਲੇ ਕਈ ਟੀਕੇ ਲਾਈ ਰੱਖਣ ਵਾਲੇ, ਕਈ ਵਿਸ਼ਵਾਸ਼ ਪ੍ਰਚਲਤ ਕਰ ਦਿੱਤੇ। (ਵੇਰਵਾ ਪੁਸਤਕ ਦੇ ਪੰਜਵੇਂ ਭਾਗ ਵਿਚ ਆ ਚੁੱਕਾ ਹੈ)

## ੭- ਸ਼ੰਕੇ ਅਤੇ ਬਿਬੇਕ ਵਿਚਾਰਾਂ--

ਸ਼ੰਕੇ ਅਤੇ ਗੁਰਮਤਿ ਵਿਚਾਰਾਂ ਲਿਖਣ ਤੋਂ ਪਹਿਲਾਂ ਯਾਦ ਰੱਖਣ ਵਾਲੀਆਂ ਜ਼ਰੂਰੀ ਗੱਲਾਂ :---

(1) **ਪਹਿਲੀ ਗੱਲ**:--ਸਿੱਖੀ ਦੇ ਮੁਢਲੇ ਅਤੇ ਸੱਭ ਤੋਂ ਵੱਧ ਖ਼ਤਰਨਾਕ **ਵੈਰੀ, ਬਿੱਪਰ ਦਾ ਅਸਲੀ ਰੂਪ**:---

**(ੳ) ਮੁਢਲਾ ਰੂਪ- (ਕਬੀਰ ਬਾਮਨੁ ਗੁਰੂ ਹੈ ਜਗਤ ਕਾ....** ? " ਪੁਸਤਕ ਬਿੱਪਰਨ ਕੀ ਰੀਤ ਤੋਂ ਸੱਚ ਦਾ ਮਾਰਗ " ਦੇ ਪਹਿਲੇ ਭਾਗ ਵਿਚ ਬੜੇ ਵਿਸਥਾਰ ਨਾਲ ਲਿਖਿਆ ਗਿਆ ਹੈ ਕਿ--" **ਜਗਤ ਦਾ ਗੁਰੂ** ਬਣੀ ਬੈਠੇ ਹੰਕਾਰੀ ਪ੍ਰੋਹਿਤ ਨੇ ਹਿੰਦੂ ਬਰਾਦਰੀ ਦੇ ਵਿਸ਼ਾਲ ਇੱਕਠ ਵਿਚ, ਜਦ, ਬਾਲਕ (ਸ੍ਰੀ ਗੁਰੂ) ਨਾਨਕ ਜੀ ਨੂੰ ਜਨੇਊ ਪਾਉਣਾ ਚਾਹਿਆ ਤਾਂ (ਸੱਚੇ ਸਤਿਗੁਰੂ) ਨਾਨਕ (ਜੀ) ਨੇ ਸੂਤਰ ਦੇ ਧਾਗੇ ਦੇ ਨਾਸਵੰਤ ਜਨੇਊ ਦੀ ਥਾਂ, ਕਿਸੇ ਅਜੇਹੇ ਜਨੇਊ ਦੀ ਮੰਗ ਕਰ ਲਈ ਜੋ ਮੈਲਾ ਹੋ ਕੇ ਨਾ ਟੁੱਟੇ ਨਾ ਅੱਗ ਨਾਲ ਸੜੇ ਅਤੇ ਜੋ ਨਾ ਕਦੇ ਸਾਥ ਹੀ ਛੱਡੇ, ਭਾਵ, " **ਦਇਆ ਕਪਾਹ ਸੰਤੋਖੁ ਸੂਤੁ, ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ** "॥ ਫ਼ੁਰਮਾਨ ਕਰਨ ਦੇ ਨਾਲ ਉਸ ਦੀ ਹਜ਼ਾਰਾਂ ਸਾਲ ਦੀ ਇਸ ਪੁਰਾਣੀ ਰਸਮ ਨੂੰ ਫੋਕਟ ਕਹਿ ਕੇ ਧੁਰੋਂ ਬਣ ਕੇ ਆਏ ਸਤਿਗੁਰੂ ਜੀ ਨੇ ਬ੍ਰਾਹਮਣ ਦਾ ਚੇਲਾ ਬਣਨੋਂ ਨਾਂਹ ਕਰ ਦਿੱਤੀ। " ਹਿੰਦੂਆਂ ਦੇ ਘਰ ਜਨਮੇ, ਕੱਲ੍ਹ ਦੇ ਛੋਕਰੇ ਵਿਚ ਏਡੀ ਨਿਰਭੈਤਾ ? " ਚਕ੍ਰਿਤ ਰਹਿ ਗਿਆ ਬੇਦੀਆਂ ਦੀ ਕੁਲ ਦਾ ਪ੍ਰੋਹਿਤ। ਦੈਵੀ ਬਾਲਕ ਤੋਂ ਬ੍ਰਾਹਮਣ ਨੇ ਆਪਣੀ ਗੱਦੀ ਨੂੰ ਸਖ਼ਤ ਖ਼ਤਰਾ ਅਨੁਭਵ ਕੀਤਾ। ਸਾਰਾ ਬ੍ਰਾਹਮਣ ਵਰਗ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜਾਨ ਦਾ ਵੈਰੀ ਬਣ ਖਲੋਤਾ। ਬਟਾਲੇ ਵਿਖੇ ਕੰਧ ਹੇਠ ਦੇ ਕੇ ਖ਼ਤਮ ਕਰ ਦੇਣ ਵਾਲਾ ਜਾਨ-ਲੇਵਾ, ਪ੍ਰੋਹਤ-ਵਾਦੀ-ਯਤਨ, ਨਿਸਫ਼ਲ ਰਿਹਾ ? ਫਿਰ ਸਤਿਗੁਰਾਂ ਦੀ ਗਿਆਨ-ਜੋਤਿ ਦੇ ਅਨੂਪਮ ਪ੍ਰਕਾਸ਼ ਤੋਂ ਅਗਿਆਨਤਾ ਦੇ ਸਿਰ ਤੇ ਪਰਫੁੱਤਰ ਹੁੰਦੀ ਆ ਰਹੀ ਆਪਣੀ ਗੁਰਿਆਈ ਲਈ ਬੜਾ ਸਖ਼ਤ ਖ਼ਤਰਾ ਪ੍ਰਤੱਖ ਹੋ ਦਿੱਸਿਆ। ਹਜ਼ਾਰਾਂ ਸਾਲਾਂ ਤੋਂ ਲੋਕਾਂ ਦੀ ਕਮਾਈ ਤੇ ਗੁਲਸ਼ੱਰੇ ਉਡਾਉਂਦਾ ਆ **ਪ੍ਰੋਹਿਤਵਾਦ**, ਗੁਰਮਤਿ ਗਿਆਨ ਲਈ ਸੱਭ ਤੋਂ ਵਡਾ ਅਤੇ ਸੱਭ ਤੋਂ ਵੱਧ **ਘਾਤਕ ਖ਼ਤਰਾ** ਬਣ ਖਲੋਤਾ ਸੀ *। [* Foot note:--- " ਸਭ ਤੋਂ ਵੱਡਾ ਅਤੇ ਸੱਭ ਤੋਂ ਵੱਧ " ਸ਼ਬਦਾਂ ਦੀ ਵਰਤੋਂ ਪੜ੍ਹ ਕੇ ਹੋ ਸਕਦਾ ਹੈ ਪਾਠਕਾਂ ਦੇ ਮਨ ਵਿਚ ਇਹ ਪ੍ਰਸ਼ਨ ਪੈਦਾ ਹੋਵੇ ਕਿ, ਕੀ ਬਿੱਪਰ ਤੋਂ ਛੁੱਟ ਸਤਿਗੁਰਾਂ ਦੇ ਗਿਆਨ ਦਾ ਵੈਰੀ ਕੋਈ ਹੋਰ ਵੀ ਸੀ? ਹਾਂ ਵੈਰੀ ਹੋਰ ਵੀ ਹਨ। ਲੋਕਾਂ ਨੂੰ ਲੁੱਟ ਕੇ ਖਾਣ ਲਈ ਸਾਰੇ ਧਰਮਾਂ ਦੇ ਧਰਮ-ਆਗੂਆਂ ਦਾ ਸੱਭ ਤੋਂ ਵਡਾ ਹਥਿਆਰ (ਵਹਿਮਾਂ ਭਰਮਾਂ, ਭੁਲੇਖਿਆਂ ਦੀ ਜਨਮ ਦਾਤੀ) **ਅਗਿਆਨਤਾ** ਹੀ ਹੈ। ਭਾਰਤੀ ਜਨਤਾ ਵਿਚ ਧਰਮ ਆਗੂਆਂ ਵਲੋਂ ਪਸਾਰੇ ਗਏ ਅਗਿਆਨਤਾ ਦੇ ਧੁੰਦੂਕਾਰ ਦੇ ਜ਼ਿਕਰ ਦੇ ਨਾਲ, ਸਤਿਗੁਰਾਂ ਦੇ ਗਿਆਨ ਸੂਰਜ ਦੇ ਉਦੇ ਹੋਣ ਦੀ ਗੱਲ ਭਾਈ ਗੁਰਦਾਸ ਜੀ ਨੇ ਇਉਂ ਲਿਖੀ ਹੈ--**ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣੁ ਹੋਇਆ ॥ ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ ॥** (ਵਾਰ-੧ ਪਉੜੀ ੨੭) ਮੁਸਲਮਾਨ ਧਰਮ ਦੇ ਪੀਰ ਫ਼ਕੀਰ, ਮੌਲਾਣੇ ਕਾਜ਼ੀ ਆਧ ਧਾਰਮਿਕ ਆਗੂਆਂ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗਿਆਨ ਨੂੰ ਆਪਣੇ ਲਈ ਖ਼ਤਰੇ ਦੀ ਘੰਟੀ ਸਮਝਿਆ ਸੀ। ਜੈਨੀ, ਬੋਧੀ, ਸਰੇਵੜੇ ਆਦਿ ਧਰਮ ਆਗੂ ਵੀ ਗੁਰਮਤਿ ਗਿਆਨ ਦੇ ਚਾਨਣੇ ਤੋਂ ਦੁਖੀ ਸਨ। ਇਹ ਸਚਾਈ ਵੀ ਨਾ ਭੁੱਲੀਏ ਕਿ, ਭਾਰਤ ਵਿਚ ਆਪਣਾ ਸਾਸ਼ਨ ਸਥਾਪਤ ਕਰ ਲੈਣ ਵਾਲੇ ਈਸਾਈ ਧਰਮ ਦੇ ਅੰਗ੍ਰੇਜ਼ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਨੂੰ ਈਸਾਈ ਧਰਮ ਲਈ ਖ਼ਤਰਾ ਮੰਨ ਲਿਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸਿੱਖ ਦਾ ਵਿਸ਼ਵਾਸ਼ ਅਤੇ ਸ਼ਰਧਾ ਨੂੰ ਢਿੱਲੀ ਕਰਕੇ **ਦਸਮ ਗ੍ਰੰਥ ਨੂੰ ਹੀ ਗੁਰੂ ਪਦਵੀ ਦਿਵਾਉਣ ਲਈ** ਈਸਾਈ ਵਿਦਵਾਨ ਵੀ ਅੱਜ ਪੂਰਾ ਜ਼ੋਰ ਲਾ ਰਹੇ ਹਨ। ਸੋ ਉਪ੍ਰੋਕਤ ਵਰਣਨ ਇਨ੍ਹਾਂ ਸਾਰਿਆਂ ਖ਼ਤਰਿਆਂ ਵਿਚੋਂ **ਪ੍ਰੋਹਿਤ-ਵਾਦ** ਗੁਰੂ ਨਾਨਕ ਜੀ ਦੀ ਸਿੱਖੀ ਦਾ ਵੱਡਾ ਵੈਰੀ ਹੈ ]

**ਦੂਜਾ ਰੂਪ**--ਗੁਰੂ ਨਾਨਕ ਜੀ ਦੀ ਸਿੱਖੀ ਲਈ ਦੂਜਾ ਗੰਭੀਰ ਖ਼ਤਰਾ ਬਣ ਖਲੋਤੇ ਸਨ (ਬ੍ਰਾਹਮਣ ਦੇ ਹੀ ਚੇਲੇ-) ਬਾਬਾ ਸ੍ਰੀ ਚੰਦ=ਰੂਪ ਉਦਾਸੀ **>> **** [ ** **Foot note**:--ਪੁਸਤਕ--ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ--ਦੇ ਚੌਥੇ ਭਾਗ ਦੇ ਪੰਜਵੇਂ ਕਾਂਡ ਦੇ ਪੰਜਵੇ ਲੇਖ-**ਗੁਰੂ ਨਾਨਕ ਸਾਹਿਬ ਜੀ ਦੇ ਸਾਹਿਬਜ਼ਾਦੇ ਅਤੇ ਸੁਰਗ ਨਰਕ** " ਤੋਂ ਤੇਰ੍ਹਵੇਂ--ਅਜੀਬ ਕਿਸਮ ਦਾ ਗੁਰਮਤਿ-ਵਿਰੋਧੀ ਢੁੱਚਰ " ਲੇਖ ਤੱਕ ਪੜ੍ਹ ਕੇ ਬਾਬਾ ਸ੍ਰੀ ਚੰਦ ਜੀ ਦੇ ਅਸਲੀ ਰੂਪ ਦੇ ਦਰਸ਼ਨ ਕਰੋ]

**<<** ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਾਹਿਬਜ਼ਾਦੇ ਹੋਣ ਦੇ ਕਾਰਨ ਪ੍ਰੋਹਿਤ ਦੇ ਹੀ **ਦੂਜੇ ਭਿਆਨਕ ਰੂਪ** ਉਦਾਸੀਆਂ ਨੇ ਬਾਬਾ ਸ੍ਰੀ ਚੰਦ ਜੀ ਦਾ ਨਾਮ ਅਜੇਹੇ ਢੰਗ ਨਾਲ ਵਰਤਿਆ ਕਿ ਉਨ੍ਹਾਂ ਦੇ ਨਾਮ ਤੇ ਚਲਾਏ ਉਦਾਸੀ ਮਤਿ ਨੂੰ ਸਿੱਖੀ ਦਾ ਅੰਗ ਮਨਵਾ ਲਿਆ। ਇਸ ਟੋਲੇ ਨੇ ਗੁਰਮਤਿ ਮਰਯਾਦਾ ਦੀ ਰੂਪ ਰੇਖਾ ਬ੍ਰਾਹਣੀ ਮਤਿ ਵਿਚ ਤਬਦੀਲ ਕਰਨ ਦੇ ਕਾਰਜ ਵਿਚ ਸਭ ਤੋਂ ਵੱਧ ਹਿੱਸਾ ਪਾਇਆ ? **ਤੀਜਾ ਰੂਪ**:--ਦਸਮ ਗ੍ਰੰਥ ਜੀ ਨੂੰ ਸਿੱਖਾਂ ਲਈ ਧਰਮ-ਗ੍ਰੰਥ ਬਾਨਾਉਣ ਵਾਲੇ, **ਨਿਰਮਲੇ** *** ਬਿੱਪ੍ਰ ਦਾ **ਤੀਜਾ ਖ਼ਤਰਨਾਕ ਰੂਪ ਹਨ। ਇਨ੍ਹਾਂ ਨਿਰਮਲਿਆਂ ਦੇ ਪ੍ਰਗਟ ਹੋਣ** ਵਾਲੀ ਗਾਥਾ ਨੂੰ ਸ੍ਰੀ ਦਸ਼ਮੇਸ਼ ਜੀ ਦੇ ਹੀ ਪਾਵਣ ਨਾਮਣੇ ਨਾਲ ਜੋੜ ਦੇਣਾ ਵੀ, ਬਿੱਪਰ ਦੀ ਹੀ ਕਰਾਮਾਤ ਹੈ। ਗੁਰੂ ਬਾਣੀ ਸਿਧਾਂਤ ਦੀ ਘੋਰ

ਖੰਡਨਾ ਕਰ ਰਹੇ ਨਿਰਮਲਿਆਂ ਦੇ ਆਖਾੜੇ, ਦਸ਼ਮੇਸ਼ ਜੀ ਦੇ ਖ਼ਾਲਸਾ ਪੰਥ ਲਈ ਧਰਮ ਪ੍ਰਚਾਰ ਦੇ ਥੰਮ ਬਣ ਖਲੋਤੇ। {*** Foot note:--ਨਿਰਮਲਿਆਂ ਦੀ ਅਸਲੀਯਤ ਸਮਝਣ ਲਈ ਪੜ੍ਹੋ ਪੁਸਤਕ-ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ ਦੇ ਪੰਜਵੇਂ ਭਾਗ ਦੇ ਦੂਜੇ ਕਾਂਡ ਦੇ ਪਹਿਲੇ ਛੇ ਲੇਖ]

## ੮- ਧਰਮੀ ਮਹਾਂਪੁਰਖ ਅਤੇ ਧਾਰਮਿਕ ਆਗੂ

ਸਿਵਾਏ ਇੱਕ ਹਿੰਦੂ ਧਰਮ ਦੇ * [ *Foot note:--ਪੁਸਤਕ ਬਿੱਪਰਨ ਕੀ ਰੀਤ ਤੋਂ ਸੱਚ ਦਾ ਮਾਰਗ ਦੇ ਪਹਿਲੇ ਭਾਗ ਵਿਚ ਬੜੇ ਵਿਸਥਾਰ ਨਾ ਸਪੱਸ਼ਟ ਕੀਤਾ ਜਾ ਚੁਕਿਆ ਹੈ ਕਿ ਜਿਵੇ ਯਹੂਦੀਆਂ ਦਾ ਧਰਮ ਹਜ਼ਤ ਮੂਸਾ ਜੀ ਤੋ, ਈਸਾਈ ਧਰਮ ਖ਼ੁਦਾਈ ਬੇਟੇ ਹਜ਼ਤ ਯਸੂਹ ਮਸੀਹ ਤੋਂ ਅਥਵਾ ਇਸਲਾਮ ਧਰਮ ਹਜ਼ਰਤ ਇਬਰਾਹੀਮ ਅਥਵਾ ਹਜ਼ਰਤ ਮਹੰਮਦ ਸਾਹਿਬ ਪੈਗੰਬਰਾਂ ਤੋਂ ਅਤੇ ਸਿੱਖੀ ਸਿਧਾਂਤ ਦੇ ਜਨਮ ਦਾਤਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਹਨ ਪਰ ਹਿੰਦੂ ਧਰਮ ਕਿਸੇ ਅਵਤਾਰ ਜਾਂ ਪੈਗੰਬਰ ਨੇ ਨਹੀਂ ਸਗੋਂ ਵਰਨ ਵੰਡ ਵਿਚ ਦੂਜੇ ਸਮਾਜ ਨਾਲੋਂ ਸ੍ਰੈਸ਼ਟ ਬਣ ਬੈਠੇ ਬ੍ਰਾਹਮਣ ਵਰਣ ਨੇ ਚਲਾਇਆ ਹੈ। ਹਜ਼ਾਰਾਂ ਸਾਲਾ ਪੁਰਾਣੀ ਵਰਣ ਵੰਡ ਦੇ ਸਮੇ ਤੋਂ ਬ੍ਰਾਹਮਣ ਵਰਗਲ ਹੀ ਹਿੰਦੂ ਧਰਮ ਦਾ ਸੰਚਾਲਕ ਅਥਵਾ ਰਾਖਾ ਬਣਿਆਂ ਹੋਇਆ ਹੈ] ਸੰਸਾਰ ਦੇ ਸਾਰੇ ਧਰਮਾਂ ਨੂੰ ਚਲਾਇਆ **ਧਰਮੀ ਮਹਾਂ ਪੁਰਖਾਂ** ਨੇ ਹੈ, ਅਤੇ ਉਸ ਧਰਮ ਨੂੰ ਅਗਾਂਹ ਤੋਂ ਅਗਾਂਹ **ਧਾਰਮਿਕ ਆਗੂਆਂ** ਨੇ ਤੋਰਿਆ। ਹਜ਼ਰਤ ਈਸਾ ਜੀ ਧਰਮੀ ਮਹਾਂਪੁਰਖ ਸਨ ਪਰ ਪਾਦਰੀ ਅਤੇ ਪੋਪ ਆਦਿ ਧਾਰਮਿਕ ਆਗੂ, ਹਜ਼ਰਤ ਮੁਹੰਦ ਸਾਹਿਬ ਧਰਮੀ ਮਹਾਂਪੁਰਖ ਅਤੇ ਖ਼ਲੀਫ਼ੇ, ਮੌਲਾਣੇ ਕਾਜ਼ੀ, ਹਾਜੀ, ਪੀਰ-ਫ਼ਕੀਰ ਆਦਿ ਧਾਰਮਿਕ ਆਗੂ, ਮਹਾਤਮਾ ਬੁੱਧ ਧਰਮੀ ਮਹਾਂਪੁਰਖ ਸਨ, ਅਤੇ ਭਿਕਸ਼ੂ ਭਿਕਸ਼ਨੀਆਂ ਆਦਿ ਧਾਰਮਿਕ ਆਗੂ, ਗੁਰੂ ਨਾਨਕ ਸਾਹਿਬ ਜੀ ਅਵਾ ਉਨ੍ਹਾਂ ਦੇ ਦਸੇ ਰੂਪ, ਧਰਮੀ ਮਹਾਂਪੁਰਖ ਸਨ, **ਪਰ ਅਜੋਕੇ** ਪੰਜ ਪਿਆਰੇ, ਜਥੇਦਾਰ, ਗ੍ਰੰਥੀ, ਪਰਚਾਰਕ, ਡੇਰੇਦਾਰ ਸਾਧ ਸੰਤ ਆਦਿ ਸੱਭ ਧਾਰਮਿਕ ਆਗੂ ਹਨ। ਇਸਲਾਮ ਧਰਮ ਦੀਆਂ ਚੰਗਿਆਈਆਂ ਤੋਂ ਪ੍ਰਭਾਵਤ ਹੋ ਕੇ ਲੋਕ ਧੜਾ ਧੜ ਮੁਸਲਮਾਨ ਬਣਦੇ ਗਏ। ਪਰ ਮਗਰੋਂ ਧਾਰਮਿਕ ਆਗੂਆਂ ਨੇ ਉਸ ਹਰਮਨ ਪਿਆਰੇ ਬਣ ਰਹੇ ਧਰਮ ਵਿਚ ਕਈ ਅਜੇਹੇ ਬੇ-ਅਸੂਲੇ ਝਮੇਲੇ ਰਲਾ ਲਏ ਜਿਸ ਤੋਂ ਧਰਮ ਆਪਣੀ ਪਹਿਲੀ ਆਭਾ ਗੁਆ ਬੈਠਾ। ਇੱਕੋ ਅੱਲਾਹ ਨੂੰ ਮੰਨਣ ਵਾਲਾ, ਬਹੁਤੇ ਦੇਵਤਿਆਂ ਦੇ ਅਥਵਾ ਮੂਰਤੀਆਂ ਦੇ ਪੁਜਾਰੀ ਹਿੰਦੂਆਂ ਨੂੰ ਕਾਫ਼ਰ ਘੋਸ਼ਤ ਕਰਕੇ ਇਨ੍ਹਾਂ ਦਾ ਸਮੂਹਕ ਕਤਲ ਕਰਨ ਦਾ ਫਤਵਾ ਸੁਨਾਉਣ ਵਾਲਾ ਮੌਲਾਣਾ, ਆਪ ਕਬਰਾਂ ਅਤੇ ਮਿਜ਼ਾਰਾਂ ਦਾ ਪੁਜਾਰੀ ਬਣ ਗਿਆ।

ਧਾਰਮਿਕ ਆਗੂ ਲਈ ਜ਼ਰੂਰੀ ਹੈ ਕਿ ਉਹ ਧਰਮ ਚਲਾਉਣ ਵਾਲੇ ਧਰਮੀ ਮਹਾਂਪੁਰਖ ਦੀ ਗਿਆਨ ਜੋਤਿ ਤੋਂ, ਸੱਚੀ ਸੁਹਿਰਦਤਾ ਨਾਲ ਠੀਕ ਤਰ੍ਹਾਂ ਜਾਣੂੰ ਹੋ ਕੇ, ਆਪਣੀ ਜੀਵਨ ਜੁਗਤਿ ਉਸ ਅਨੁਸਾਰ ਪੂਰੀ ਤਰ੍ਹਾਂ ਢਾਲ ਲਵੇ। ਨਹੀਂ ਤਾਂ ਉਹੀ ਧਰਮ ਜਿਹੜਾ ਪਹਿਲਾਂ ਹਰਮਨ ਪਿਆਰਾ ਹੋ ਕੇ ਦਿਨੋ ਦਿਨ ਵਧੇ ਤੇ ਸੀ, ਢਹਿੰਦੀਆਂ ਕਲਾਂ ਵੱਲ ਨੂੰ ਚਾਲੇ ਪਾ ਤੁਰਦਾ ਹੈ। ਸਤਿਗੁਰੂ ਜੀ ਦੇ ਬਚਨਾਂ ਸੁਣ ਕ ਕਮਾਉਣੇ ਹਨ। ਕਮਾਉਣ ਦਾ ਅਰਥ ਗੁਰੂ ਸਿਖਿਆਂ ਅਨੁਸਾਰ ਅਪਣਾ ਜੀਵਨ ਢਾਲ ਲੈਣਾ ਹੈ। ਆਪਣੀ ਜੀਵਨ ਜੁਗਤਿ ਸਤਿਗੁਰੂ ਜੀ ਦੀ ਸਿਖਿਆ ਅਨਸਾਰ ਬਣਾ ਲੈਣੀ ਹੀ ਅਸਲ ਸਿੱਖੀ ਹੈ। ਅਜੇਹਾ ਗੁਰਮੁਖ ਫਿਰ ਦੂਜਿਆਂ ਦੇ ਜੀਵਨ ਸੁਧਾਰਦਾ ਹੈ:--

੮●- **ਉਤਮ ਸਲੋਕ ਸਾਧ ਕੇ ਬਚਨ ॥ ਅਮੁਲੀਕ ਲਾਲ ਏਹਿ ਰਤਨ ॥ ਸੁਨਤ ਕਮਾਵਤ ਹੋਤ ਉਧਾਰ ॥**
**ਆਪਿ ਤਰੈ ਲੋਕਹ ਨਿਸਤਾਰ ॥ ਸਫਲ ਜੀਵਨੁ ਸਫਲੁ ਤਾ ਕਾ ਸੰਗੁ ॥ ਜਾ ਕੈ ਮਨਿ ਲਾਗਾ ਹਰਿ ਰੰਗੁ ॥**
**ਜੈ ਜੈ ਸਬਦੁ ਅਨਾਹਦੁ ਵਾਜੈ ॥ ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ ॥ ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥**
**ਨਾਨਕ ਉਧਰੇ ਤਿਨ ਕੈ ਸਾਥੇ ॥੩॥ {੨੯੫}-੨੪**

ਖ਼ਾਲਸਾ ਜੀ ਲਈ ਵੱਡੀ ਘਾਟ ਇਹ ਆ ਪਈ ਕਿ, ਜਿਨ੍ਹਾਂ ਗੁਰਮੁਖਾਂ ਨੇ ਸਤਿਗੁਰਾਂ ਦੇ ਬਚਨਾਂ ਅਨੁਸਾਰ ਆਪਣਾ ਜੀਵਨ ਢਾਲ ਲਿਆ ਹੋਇਆ ਸੀ, ਉਹ ਦਸ਼ਮੇਸ਼ ਜੀ ਦੇ ਨਿੱਜ-ਧਾਮ ਨੂੰ ਪਰਤਦਿਆਂ, (ਸੰਨ ੧੭੦੮ ਤੋਂ ਹੀ) ਅਜੇਹੀਆਂ ਜਾਨ ਲੇਵਾ ਔਕੜਾਂ ਵਿਚ ਘਿਰ ਗਏ ਕਿ, ਸਤਿਗੁਰਾਂ ਦੇ ਸ਼ੁੱਧ ਗਿਆਨ ਦੀ ਅਸਲੀਯਤ ਤੋਂ ਅਤੇ ਬਿੱਪ੍ਰ ਦੀਆਂ ਕੁਟਲ ਚਾਲਾਂ ਤੋਂ ਆਉਣ ਵਾਲੀਆਂ ਪੀਹੜੀਆਂ ਨੂੰ ਪੂਰੀ ਤਰ੍ਹਾਂ ਸੁਚੇਤ ਨਾ ਕਰ ਸਕੇ। ਜਿਨ੍ਹਾਂ ਦਿਨਾਂ ਵਿਚ ਪੰਥ ਆਪਣੀ ਹੋਂਦ ਨੂੰ ਬਚਾਉਂਦਾ ਹੋਇਆ ਜ਼ੁਲਮੀ ਰਾਜ ਨੂੰ ਖਤਮ ਕਰਕੇ ਜਨਤਾ ਦੇ ਦੁਖਾਂ ਨੂੰ ਸੁਖਾਂ ਵਿਚ ਬਦਲ ਦੇਣ ਲਈ ਸੰਤ ਸੂਰਮੇ ਖ਼ਾਲਸਾ ਜੀ ਦਾ ਹਲੇਮੀ ਰਾਜ ਸਥਾਪਤ ਕਰਨ ਲਈ ਜੂਝ ਰਿਹਾ ਸੀ, ਸਾਡੇ ਧਰਮ ਅਸਥਾਂਨਾ ਦੇ ਸੰਚਾਲਕ ਅਤੇ ਸਿੱਖ ਧਰਮ ਦੇ ਪਰਚਾਰਕ, **ਸਾਡੇ ਧਰਮ ਆਗੂ,** ਉਹ ਆ ਬਣੇ ਜਿਹੜੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਦੇ ਸੱਭ ਤੋਂ ਵਡੇ ਵੈਰੀ ਬਣੇ ਹੋਏ ਸਨ। ਉਦਾਸੀ, ਨਿਰਮਲੇ, ਸੰਪਰਦਾਈਏ=ਡੇਰੇਦਾਰ=ਰੂਪ ਬਿੱਪ੍ਰ ਨੂੰ ਹੀ ਅਸਾਂ ਆਪਣੇ ਧਰਮ ਦਾ ਸੱਚਾ ਪਰਚਾਰਕ ਅਤੇ ਆਪਣਾ ਧਾਰਮਿਕ ਆਗੂ ਮੰਨ ਲਿਆ। ਸਾਧ ਭੇਖ ਵਿਚ ਲਪੇਟੇ ਹੋਏ ਉਨ੍ਹਾਂ ਕਥਿਤ ਮਹਾਂਪੁਰਖਾਂ ਦਾ ਹਰ ਬਚਨ ਸਿੱਖਾਂ ਲਈ ਅਸਲੀ ਗੁਰਮਤਿ ਬਣਦਾ ਗਿਆ? ਪ੍ਰੋਹਿਤ ਜੀ, ਅਤੇ ਉਸੇ ਦਾ ਹੀ ਰੂਪ ਉਦਾਸੀਆਂ, ਨਿਰਮਲਿਆਂ ਆਦਿ ਦੀ ਚਤੁਰਾਈ ਅਤੇ ਦੂਰ-ਦ੍ਰਿਸ਼ਟੀ ਵੱਲ ਧਿਆਨ ਜਾਂਦਾ ਹੈ ਤਾਂ ਕੰਬਣੀ ਆ ਜਾਂਦੀ ਹੈ। ਅਖੰਡ-ਪਾਠਾਂ, ਸਹਿਜ ਪਾਠਾਂ ਰੈਣ ਸਬਾਈ ਕੀਰਤਨਾਂ ਤੋਂ ਕਈ ਤਰ੍ਹਾਂ ਦੇ ਫਲਾਂ ਦੇ ਪ੍ਰਾਪਤ ਹੋਣ ਦੇ, ਅਤੇ ਪਦਾਰਥਕ ਮੰਗਾਂ ਬਾਰੇ ਕੀਤੀਆਂ ਅਰਦਾਸਾਂ ਦੇ ਅਥਵਾ ਸੁੱਖਣਾ ਆਦਿ ਦੇ ਪੂਰੇ ਹੋਣ ਦੇ ਚੱਕਰ ਵਿਚ ਉਲਝਾ ਕੇ, ਲਗ-ਪਗ ਸਾਰੇ ਪੰਥ ਨੂੰ ਗੁਰਮਤਿ ਗਿਆਨ ਸਮਝਣ ਦੀ ਲੋੜ ਤੋਂ ਮੁਕਤ ਕਰ ਲਿਆ। ਪੰਥ ਦਾ ਧਰਮ ਆਗੂ ਬਣਨ ਉਪ੍ਰੰਤ ਲਗ ਪਗ ਸਾਰੇ ਗੁਰ ਸਿੱਖਾਂ ਦੇ ਮਨਾ ਵਿਚ ਭਰਮ ਬਣਾ ਦਿੱਤਾ ਕਿ ਗੁਰੂ ਬਾਣੀ ਨੂੰ ਉਹੀ ਸਮਝ ਸਕਦਾ ਹੈ ਜਿਸ ਦੀ ਆਤਮਕ ਉੱਚਤਾ ਸਤਿਗੁਰਾਂ ਵਰਗੀ ਹੋਵੇ। ਸੋ ਕੇਵਲ (ਸਾਧ ਭੇਖਾਂ ਵਾਲੇ) ਧਰਮ ਆਗੂ ਹੀ ਗੁਰੂ ਬਾਣੀ ਦੇ ਅਰਥ ਸਮਝ ਸਕਦੇ ਮੰਨ ਲਏ ਗਏ। ਸਾਡੀ ਆਪਣੀ ਬੋਲੀ ਵਿਚ ਲਿਖੀ ਗੁਰੂ-ਬਾਣੀ, ਸਾਡੇ ਲਈ ਸੰਸਕ੍ਰਿਤ ਵਿਚ ਲਿਖੇ ਵੇਦਾਂ ਸ਼ਾਸਤਰਾਂ ਦੀ ਸ਼ਕਲ ਧਾਰ ਬੈਠੀ। ਏਹੀ ਕਾਰਨ ਹੈ ਕਿ ਅੱਜ ਤੱਕ ਵੀ ਪੰਥ ਵਿਚ (ਕਿਸੇ ਵਿਰਲੇ ਗੁਰਮੁਖ ਪਿਆਰੇ ਤੋਂ ਛੁੱਟ), ਸਮੁੱਚੀ ਗੁਰਬਾਣੀ-ਗਿਆਨ ਦੇ ਹਰ ਪੱਖ ਨੂੰ ਕੋਈ ਵੀ (ਸਿੰਘਣੀ ਜਾਂ ਸਿੰਘ, ਚੰਗੀ ਤਰ੍ਹਾਂ) ਨਹੀਂ ਸਮਝ ਸਕਿਆ। ਇਨ੍ਹਾਂ ਕੁਟਲ ਧਰਮ ਆਗੂਆਂ ਨੇ ਗੁਰੂ ਬਾਣੀ ਦੇ ਅਰਥ ਆਪਣੀ ਵਿਉਂਤ ਅਨੁਸਾਰ ਕਰਕੇ ਸੰਗਤਾਂ ਵਿਚ

ਕਈ ਤਰ੍ਹਾਂ ਦੇ ਉਹੀ ਬ੍ਰਾਹਮਣੀ ਭਰਮ ਪ੍ਰਚਲਤ ਕਰ ਲਏ, ਜਿਨ੍ਹਾਂ (ਭਰਮਾਂ) ਦੀ ਗੁਰੂ ਬਾਣੀ ਖੰਡਨਾ ਕਰ ਰਹੀ ਹੈ।**>>** * [*Foot noTe:--ਗੁਰੂ ਬਾਣੀ ਦੀਆਂ ਢੁਕਵੀਆਂ ਪੰਗਤੀਆਂ ਦੇ, ਸਲੋਕਾਂ ਦੇ ਅਥਵਾ ਪਾਵਨ ਗੁਰੂ-ਸ਼ਬਦਾਂ ਦੇ ਹਵਾਲਿਆਂ ਦੁਆਰਾ, ਪੰਥਕ ਰਹਿਤ ਮਰਯਾਦਾ ਵਿਚਲੀਆਂ ਉਹ ਗੱਲਾਂ ਜਿਨ੍ਹਾਂ ਤੋਂ ਪੰਥ ਬਿੱਪ੍ਰਵਾਦੀ ਰੀਤੀ-ਰਿਵਾਜ ਦਾ ਧਾਰਨੀ ਬਣਦਾ ਤੁਰਿਆ ਗਿਆ, ਅਥਵਾ ਹੋਰ ਉਨ੍ਹਾਂ ਰਸਤਿਆਂ ਦਾ ਵੇਰਵਾ, ਜਿਨ੍ਹਾਂ ਰਾਹੀ ਪੰਥ ਵਿਚ ਬਿੱਪ੍ਰਨ ਕੀ ਰੀਤ ਆ ਵੜੀ ਹੈ, ਦਾਸ ਨੇ ਪੁਸਤਕ" **ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ** " ਦੇ ੧੧ ਭਾਗਾਂ ਵਿਚ ਬੜੇ ਵਿਸਥਾਰ ਨਾਲ ਖੋਹਲ ਕੇ ਵਰਣਨ ਕੀਤਾ ਹੈ । ਉਨ੍ਹਾਂ ੧੧ ਭਾਗਾਂ ਵਿਚੋਂ, ਪੰਜ ਭਾਗ ਛਪ ਕੇ ਗੁਰੂ ਸੰਗਤਾਂ ਦੇ ਦਰਬਾਰ ਵਿਚ ਪੁੱਜ ਚੁੱਕੇ ਹਨ। ਛੇਵਾਂ ਭਗ ਛਪਾਈ ਲਈ "**ਸ੍ਰੀ ਅਕਾਲ ਸਹਾਇ ਸੋਸਾਇਟੀ ਅੰਮ੍ਰਿਤਸਰ** " ਕੋਲ ਪੁੱਜ ਚੁੱਕਾ ਹੈ ]

ਮਾਇਆ-ਦਾਨ ਨੂੰ ਵਡਾ ਫਲ ਦਾਇਕ ਘੋਸ਼ਤ ਕਰ ਕੇ, ਦਿਨ ਦੀਵੀਂ ਨਿਰਦਾਇਤਾਂ ਨਾਲ ਲੁੱਟੀ ਜਾ ਕੇ ਹਰ, ਪ੍ਰਕਾਰ ਦੇ ਵਿਕਾਰਾਂ ਨਾਲ ਨਕਾ-ਨੱਕ- ਭਰੀ ਹੋਈ, ਧਾਰਮਿਕ ਆਗੂਆਂ ਦੀ ਰਾਜਿਆਂ ਮਹਾਰਾਜਿਆਂ ਵਾਲੀ ਰਹਿਣੀ ਸਹਿਣੀ, ਸ਼ਰਧਾਲੂਆਂ ਲਈ ਪੂਜਨੀਕ ਤੱਦ ਹੀ ਬਣੀ ਰਹਿੰਦੀ ਹੈ, ਜੇ ਧਰਮੀ-ਮਹਾਂਪੁਰਖਾਂ ਦੀ ਚਲਾਈ ਉਸ ਮਰਯਾਦਾ ਤੋਂ (ਅਵੱਲ ਤਾਂ ਸਾਰੇ, ਨਹੀਂ ਤਾਂ ਘੱਟੋ ਘੱਟ ਬਹੁਗਿਣਤੀ) ਪੂਰੀ ਤਰ੍ਹਾਂ ਅਣਜਾਣ ਰਹੇ। ਜਿਸ ਉੱਤਮ ਮਰਯਾਦਾ ਦੇ ਕਾਰਨ ਕੋਈ ਧਰਮ ਸੰਸਾਰ ਵਿਚ ਫੈਲਿਆ ਸੀ ਉਸੇ ਮਰਯਾਦਾ ਵਾਪਸ ਮੁੜ ਆਉਣਾ, ਲੁਟੇਰਾ ਬਣ ਚੁੱਕੇ ਧਾਰਮਿਕ ਆਗੂ ਲਈ ਮੌਤ ਨਾਲੋਂ ਵੀ ਵੱਧ ਖ਼ਤਰਨਾਕ ਗੱਲ ਹੋਇਆ ਕਰਦੀ ਹੈ। ਸਾਡੀ ਬਦਕਿਸਮਤੀ ਇਹ ਹੈ ਕਿ ੧੯ਵੀ ਸਦੀ ਤੋਂ ਖ਼ਾਲਸਾ ਪੰਥ ਲਈ ਬਣ ਬੈਠਾ, ਧਾਰਮਿਕ ਆਗੂ ਕੇਵਲ ਲੁੱਟ ਦੀ ਨਿਯੱਤ ਨਾਲ ਹੀ ਨਹੀਂ ਸੀ ਪੰਥ ਵਿਚ ਆ ਵੜਿਆ, ਉਸ ਦਾ ਅਸਲ ਮੰਤਵ ਖ਼ਾਲਸਾ ਜੀ ਨੂੰ ਮੁੜ ਉਨ੍ਹਾਂ ਮੰਦਰਾਂ ਵਿਚ ਹੀ ਟੱਲ ਖੜਕਾਉਂਦੇ ਵੇਖਣ ਦਾ ਸੀ--(ਜੋ ਅੱਜ ਵੀ ਹੈ) ਜਿਥੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਇਨ੍ਹਾਂ ਨੂੰ ਕੱਢ ਕੇ--**ਇਸ਼ਟ ਸੁਹਿਰਦ, ਸੱਜਣ ਸੂਰਾ,** ਏਥੋਂ ਤੱਕ ਕਿ, **ਸਤਿਗੁਰ ਪੂਰਾ** ਵੀ ਬਣਾ ਕੇ, ਸਾਰੇ ਦੇ ਸਾਰੇ ਤੇਜ ਪ੍ਰਤਾਪ ਦਾ ਮਾਲਕ ਬਣਾਇਆ ਸੀ। ਇਸ ਬਹੁ-ਰੂਪੀਏ ਬਿੱਪਰ ਜੀ ਨੇ ਸਾਡੇ ਇਤਿਹਾਸ ਵਿਚ ਅਜੇਹਾ ਕੁੜ ਅਜੇਹੀ ਚਤੁਰਾਈ ਨਾਲ ਰਲਾਇਆ ਅਤੇ ਸਾਨੂੰ ਅਜੇਹੇ ਮਨਮੋਹਣੀ ਵਿਧੀ ਨਾਲ ਸੁਨਾਉਣਾ ੦ਅਰੰਭਿਆ, ਕਿ ਅਸੀਂ ਗੁਰਮਤਿ ਗਿਆਨ ਤੋਂ ਪੂਰੀ ਤਰ੍ਹਾਂ ਅਣਜਾਣ, ਅਤੇ ਪੁੱਜ ਕੇ ਹੰਕਾਰੀ ਅਤੇ ਜੰਗ ਜੁਧ ਨੂੰ ਹੀ ਧਰ-ਯੁੱਧ ਮੰਨਣ ਵਾਲੇ ਬਣਦੇ ਤੁਰੇ ਗਏ। ਧਰਮ ਆਗੂਆਂ-ਰੂਪ ਉਸੇ ਪ੍ਰੋਹਿਤ ਨੇ (ਜੋ ਜਨੇਊ ਪਾਉਣ ਵਾਲੇ ਦਿਨ ਤੋਂ ਸਾਡਾ ਵੈਰੀ ਬਣ ਬੈਠਾ ਸੀ) ਅਜੇਹੀ ਮਰਯਾਦਾ ਸਾਡੇ ਲਈ ਗੁਰਮਤਿ ਬਣਾ ਦਿੱਤੀ ਕਿ, ਅਸੀਂ ਗੁਰੂਬਾਣੀ ਦੇ ਗਿਆਨ ਨੂੰ ਸਮਝਣ ਦੀ ਲੋੜ ਦਾ ਅਰਥ ਹੀ ਭੁੱਲ ਗਏ । ਗੁਰੂ ਬਾਣੀ ਦੇ ਅਰਥ ਕਰਨੇ ਸਤਿਗੁਰਾਂ ਨੂੰ ਨੰਗਾ ਕਰਨ ਦਾ ਭਰਮ ਪੈਦਾ ਕਰ ਦਿੱਤਾ। (੧੭੦੮ ਤੋਂ ੧੯੨੨ ਤੱਕ) ੨੦੦ ਸਾਲ ਤੋਂ ਵੱਧ ਸਮਾ ਧਾਰਮਿਕ ਆਗੂ ਦੀ ਹਰ ਗੱਲ ਨੂੰ ਗੁਰਮਤਿ ਸਮਝਣ ਦੇ ਸੰਸਕਾਰ ਸਾਡੇ ਆਚਰਨ ਵਿਚ ਏਡੇ ਡੂੰਘੇ ਉੱਕਰੇ ਗਏ ਕਿ ਅੱਜ ਤੱਕ ਵੀ ਅਸੀਂ (ਭੇਖੀ) ਧਾਰਮਿਕ-ਆਗੂਆਂ ਦੀ ਗੁਰਮਤਿ ਵਿਰੋਧੀ ਗੱਲਾਂ ਨੂੰ ਅਸਲੀ ਗੁਰਮਤਿ ਸਮਝਣ ਵਿਚ ਹੀ ਆਪਣੀ ਕਲਿਆਣ ਮੰਨੀ ਤੁਰੇ ਜਾ ਰਹੇ ਹਾਂ।

ਗੁਰੂ ਮਰਯਿਆਦਾ ਤੋਂ ਅਗਿਆਨਤਾ ਦਾ ਇਹ ਹਾਲ ਬਣ ਗਿਆ ਕਿ, ਆਮ ਸਿੱਖਾਂ ਦੀ ਗੱਲ ਤਾਂ ਕੀ ਕਰਨੀ ਹੈ, ਡੇਰੇ ਸਿਰਜੀ ਬੈਠੇ ਇਨ੍ਹਾਂ ਕਥਿਤ ਸੰਤਾਂ-ਮਹਾਂਪੁਰਖਾਂ ਤੋਂ ਅਰੰਭ ਹੋ ਕੇ, ਜਥੇਦਾਰ ਸਾਹਿਬਾਨ, ਗ੍ਰੰਥੀਆਂ, ਅਥਵਾ ਸਾਡੇ ਧਰਮ-ਪਰਚਾਰਕਾਂ ਵਿਚੋਂ ਵੀ ਬੜੇ ਘੱਟ ਗੁਰੂ ਸਿੱਖਾਂ ਨੂੰ ਪਤਾ ਹੈ ਕਿ, ਚੌਰ ਅਤੇ ਛਤਰ ਕਿਉਂ ਅਤੇ ਕਦੋਂ ਤੋਂ ਸਤਿਗੁਰਾਂ ਦੇ ਪਾਵਨ ਦਰਸ਼ਨਾਂ ਦਾ ਅੰਗ ਮੰਨਿਆਂ ਜਾਣਾ ਅਰੰਭ ਹੋਇਆ ਸੀ ? ਇਹ ਗੱਲ ਤਾਂ ਲਗ-ਪਗ ਸਾਰੇ ਹੀ ਕਹੀ ਜਾਂਦੇ ਹਨ ਕਿ, ਬਾਬਾ ਬੁੱਢਾ ਜੀ ਨੇ, ਬਾਲਕ ਸਾਹਿਬਜ਼ਾਦੇ (ਸ੍ਰੀ ਗੁਰੂ) ਹਰਗੋਬਿੰਦ ਸਾਹਿਬ ਜੀ ਨੂੰ ਧਾਰਮਿਕ ਵਿਦਿਆ ਦੇ ਨਾਲ ਸ਼ਸਤਰ ਵਿਦਿਆ ਵੀ ਸਿਖਲਾਈ ਸੀ ? ਇਹ ਵੀ ਕਹੀਂ ਜਾਂਦੇ ਹਾਂ ਕਿ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ " **ਪੀਰੀ** " ਦੀ ਕਿਰਪਾਨ ਦੇ ਨਾਲ " **ਮੀਰੀ** " ਦੀ **ਤਲਵਾਰ** ਵੀ ਪਹਿਨ ਲਈ ਸੀ--ਪਰ ਇਸ ਪਾਸੇ ਵਿਚਾਰ ਲੈ ਜਾਣ ਨੂੰ ਵਡੀ ਔਖ ਮੰਨ ਲਿਆ ਹੋਇਆ ਹੈ ਕਿ " ਗੁਰਿਆਈ ਸੌਂਪਣ ਸਮੇਂ " ਮੌਲੀ ਨਾਰੀਅਲ ਪੰਜ ਪੈਸੇ, ਸੇਲੀ ਟੋਪੀ " ਆਦਿ ਬ੍ਰਾਹਮਣੀ ਸਮੱਗ੍ਰੀ ਨਹੀਂ ਸੀ ਵਰਤੀ ਗਈ ਸਗੋਂ " **ਪੀਰੀ** " ਨਾਲ ਸੰਬੰਧਤ **ਕਿਰਪਾਨ ਪਹਿਨਾਉਣੀ, ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਤੋਂ ਹੀ ਅਰੰਭ ਕਰ ਦਿੱਤੀ ਹੋਈ ਸੀ**। ਏਸੇ ਲਈ ਛੇਵੇ ਪਾਤਿਸ਼ਾਹ ਜੀ ਨੇ, ਜਦ ਐਲਾਨੀਆਂ ਤੌਰ ਤੇ **ਮੀਰੀ** ਦਾ ਰਾਹ ਅਪਣਾਉਣਾ ਸੀ ਤਾਂ ਉਨ੍ਹਾਂ ਨੇ, ਗੁਰਿਆਈ ਨਾਲ ਜੁੜੀ ਆ ਰਹੀ ਪੀਰੀ ਦੀ ਕਿਰਪਾਨ ਦੇ ਨਾਲ ਮੀਰੀ ਦੀ ਦੂਜੀ ਕਿਰਪਾਨ ਪ੍ਰਹਿਨੀ ਸੀ। **ਗ਼ਰੀਬੀ ਗਦਾ ਹਮਾਰੀ** ਦਾ ਸਬਕ ਸਿਖਾਉਂਦੀ ਆ ਰਹੀ ਗੁਰੂ ਨਾਨਕ ਸਾਹਿਬ ਜੀ ਦੀ ਖੜਗ ਨੂੰ ਹੀ, ਛੱਟਮ ਪੀਰ ਜੀ ਸ਼ਾਹੀ ਠਾਠ ਦੀ ਪ੍ਰਤੀਕ ਬਣਾਉਣਾ ਪਰਵਾਨ ਨਾ ਕੀਤਾ। ਨਿਮਰਤਾ ਰੂਪ ਗ਼ਰੀਬੀ ਅਤੇ ਗ਼ਰੀਬਾਂ ਦੀ ਰਖਿਆ ਰੂਪ ਸੂਰਬੀਰਤਾ, ਦੋਹਾਂ ਪੱਖਾਂ ਦੀ ਸਿਖਲਾਈ ਸਾਵੀਂ ਅਰੰਭ ਹੋ ਰਹੀ ਸੀ। ਗੁਰੂ ਬਾਣੀ ਵਿਚੋਂ ਵੀ ਗੁਰੂ ਅੰਗਦ ਸਾਹਿਬ ਦੀ ਗੁਰਿਆਈ ਨਾਲ ਖੜਕ ਦੇ ਆ ਜੁੜਨ ਦਾ ਸੰਕੇਤ ਮਿਲਦਾ ਹੈ---**ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥ ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ ॥** [੯੬੬] ਅਤੇ ਸਤਿਗੁਰੂ ਨਾਨਕ ਜੀ ਨੇ--**ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥** [੧੨੮੬] ਫ਼ੁਰਮਾ ਕੇ ਸੇਲੀ ਟੋਪੀ ਲੈਣ ਦੇਣ ਵਾਲੇ ਦੋਹਾਂ ਨੂੰ ਨਿਲੱਜ ਫ਼ੁਰਮਾ ਕੇ ਅਜੇਹੀ ਹਰ ਰਸਮ ਦੀ ਭਪੂਰ ਖੰਡਨਾਂ ਵੀ ਕਰ ਦਿੱਤੀ ਹੋਈ ਹੈ, ਪਰ ਧਰਮ ਆਗੂ ਆ ਬਣੇ ਕੁਟਲ ਵੈਰੀ ਨੇ ਅਜੇਹਾ ਮਾਇਆ ਜਾਲ ਖਿਲਾਰਿਆ ਕਿ, ਅਸੀਂ ਗੁਰੂ ਇਤਿਹਾਸ ਦੀ ਇਸ ਸਚਾਈ ਨੂੰ ਭੁੱਲ ਕੇ ਗੁਰਿਆਈ ਨਾਲ ਨਾਰੀਅਲ ਮੌਲੀ **ਸੇਲ੍ਹੀ ਟੋਪੀ** ਆਦਿ ਜੋੜਨੀ ਗੁਰਮਤਿ ਦਾ ਹਿੱਸਾ ਮੰਨ ਬੈਠੇ ।

ਇਨ੍ਹਾਂ ਧਰਮ ਆਗੂਆਂ ਦੇ ਮਾਇਆ ਜਾਲ ਤੋਂ ਸੱਭ ਤੋਂ ਵਡਾ ਦੁਖਦਾਈ ਭਾਣਾ ਇਹ ਵਰਤਾਇਆ ਕਿ, ਅਸੀਂ ਗੁਰਮਤਿ ਤੋਂ ਅਗਿਆਨੀ ਹੁੰਦੇ ਹੋਏ ਵੀ, ਹਰ ਪੱਖੋਂ ਪਰਬੀਨ ਹੋਣ ਦੇ ਹੰਕਾਰੀ ਬਣ ਬੈਠੇ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਇਹ ਅਨਮੋਲ ਬਚਨ--**ਹਮ ਨਹੀਂ ਚੰਗੇ ਬੁਰਾ ਨਹੀਂ ਕੋਇ ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥ ੪ ॥**[੭੨੮]--ਨਾਨਕ **ਮੂਰਖ ਏਕੁ ਤੂ ਅਵਰ ਭਲਾ ਸੈਸਾਰੁ ॥ ਜਿਤੁ ਤਨਿ ਨਾਮੁ ਨ ਊਪਜੈ ਸੇ ਤਨ ਹੋਹਿ ਖੁਆਰ ॥ ੪ ॥[**੧੩੨੮] (ਏਸੇ ਸਿਖਿਆ ਵਾਲੇ ਹੋਰ ਕਈ ਗੁਰੂ-ਬਚਨ) ਸਾਡੇ ਲਈ

ਵਿਅਰਥ ਬਣ ਗਏ। ਆਪਣੇ ਸਤਿਗੁਰਾਂ ਦੇ ਇਸ ਅਨਮੋਲ ਫ਼ੁਰਮਾਨ ਦੀ ਅਸਲ ਭਾਵਣਾ ਨੂੰ ਸਮਝ ਕੇ ਉਸ ਅਨੁਸਾਰ ਮੋੜਾ ਖਾਣ ਦੀ ਲੋੜ ਬਹੁਤ ਪਿੱਛੇ ਛੱਡ ਤੁਰੇ:--

੮੧- **ਮਃ ੧ ॥ ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥ ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥ ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥ ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥ ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥ ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥੨॥** {੮੫}-ਵਾ-੭

## ੬

## ਗੁਰਮਤਿ-ਮਰਯਾਦਾ ਦਾ ਘਾਤ ?

ਗੁਰਮਤਿ ਦੇ ਸਮੂਹਕ ਸਿਧਾਤਾਂ ਤੋਂ ਜਾਣੂੰ ਹੋ ਚੁੱਕੇ ਇਨ੍ਹਾਂ ਉਦਾਸੀ ਨਿਰਮਲਿਆਂ ਰੂਪ ਪ੍ਰੋਹਿਤਾਂ ਨੇ ਜਿਸ ਗੁਰਮਤਿ ਸਿਧਾਂਤ ਦੀ ਜਿਵੇਂ ਭਰਪੂਰ ਵਰਤੋਂ ਕੀਤੀ ਉਸ ਦਾ ਵੇਰਵਾ ਲਿਖਣ ਤੋਂ ਪਹਿਲਾਂ ਗੁਰਮਤਿ ਦੇ ਉਸ ਪਾਵਨ ਸਿਧਾਂਤ ਦੀ ਅਸਲੀਯਤ ਨੂੰ ਹੋਰ ਵੀ ਚੰਗੀ ਤਰ੍ਹਾਂ ਦ੍ਰਿੜ ਕਰ ਲੈਣਾ ਚਾਹੀਦਾ ਹੈ:--

ਕੁਦਰਤ ਦਾ ਨਿਯਮ ਹੈ ਕਿ, ਮਨੁੱਖ ਦੇ ਆਚਰਨ ਤੇ ਸੰਗਤਿ ਦੀ ਰੰਗਤ ਚੜ੍ਹਨੋ ਕੋਈ ਨਹੀਂ ਰੋਕ ਸਕਦਾ--**ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥** [੧੩੬੯]--**ਭਾਰ ਅਠਾਰਹ ਮਹਿ ਚੰਦਨੁ ਊਤਮ, ਚੰਦਨ ਨਿਕਟਿ ਸਭ ਚੰਦਨੁ ਹੁਈਆ** ॥[੮੩੩] ਏਸੇ ਲਈ ਸਤਿਗੁਰਾਂ ਨੇ ਭੈੜੇ ਮਨੁੱਖ ਦੀ ਸੰਗਤ ਤੋਂ--**ਦੂਰਹਿ ਜਾਈਐ ਭਾਗਿ**--ਦੂਰੋਂ ਹੀ ਦੌੜ ਜਾਣ ਦੀ ਤਾਕੀਦ ਲਿਖੀ ਹੋਈ ਹੈ। ਪਰ ਜੇ ਕਿਸੇ ਸਾਧ ਦੀ ਸੰਗਤਿ ਕਰਨ ਦੀ ਪੱਕੀ ਲਗਨ ਲੱਗ ਜਾਵੇ ਤਾਂ--**ਕਬੀਰ ਸੰਗਤਿ ਕਰੀਏ ਸਾਧ** (=ਗੁਰੂ ਗ੍ਰੰਥ ਸਾਹਿਬ) **ਕੀ, ਅੰਤਿ ਕਰੈ ਨਿਰਬਾਹ ॥"** ਪਰ ਕੇਵਲ ਸਰੀਰਕ ਸੰਗਤ ਕਰਨ ਤੋਂ ਅਗਾਂਹ ਟੱਪ ਕੇ, ਜਿਹੜਾ ਕੋਈ ਜਿਸ ਦੇ ਪਿਆਰ ਵਿਚ ਹਿਰਦੇ ਤੋਂ ਰੰਗਿਆ ਗਿਆ, ਉਹ ਆਪ ਵੀ ਉਹੋ ਜਿਹਾ ਹੀ ਬਣ ਗਿਆ:---

੮੨- **ਪੇਈਅੜੈ ਜਗਜੀਵਨੁ ਦਾਤਾ ਗੁਰਮਤਿ ਮੰਨਿ ਵਸਾਇਆ ॥ ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਹਉਮੈ ਮੋਹੁ ਚੁਕਾਇਆ ॥ ਜਿਸੁ ਸਿਉ ਰਾਤਾ ਤੈਸੋ ਹੋਵੈ ਸਚੇ ਸਚਿ ਸਮਾਇਆ ॥੫॥** {੬੪}-੧-੧੯

**ਅਰਥ:**--ਜਿਨ੍ਹਾਂ ਮਨੁੱਖਾਂ ਨੇ ਇਸ ਜੀਵਨ ਵਿਚ ਹੀ ਜਗਤ ਦੇ ਜੀਵਨ ਤੇ ਦਾਤਾਰ ਪ੍ਰਭੂ ਨੂੰ ਗੁਰੂ ਦੀ ਮਤਿ ਲੈ ਕੇ ਆਪਣੇ ਮਨ ਵਿਚ ਵਸਾਇਆ ਹੈ, ਉਹ ਦਿਨ ਰਾਤ ਹਰ ਵੇਲੇ ਪਰਮਾਤਮਾ ਦੀ ਭਗਤੀ ਕਰਦੇ ਹਨ, ਉਹ (ਆਪਣੇ ਅੰਦਰੋਂ) ਹਉਮੈ ਤੇ ਮਾਇਆ ਦਾ ਮੋਹ ਦੂਰ ਕਰ ਲੈਂਦੇ ਹਨ।

(ਇਹ ਇੱਕ ਕੁਦਰਤੀ ਨਿਯਮ ਹੈ ਕਿ ਜੇਹੜਾ ਮਨੁੱਖ) ਜਿਸ ਦੇ ਪ੍ਰੇਮ ਵਿਚ ਰੰਗਿਆ ਜਾਂਦਾ ਹੈ ਉਸੇ ਵਰਗਾ ਹੋ ਜਾਂਦਾ ਹੈ (ਸੋ, ਸਦਾ-ਥਿਰ ਪ੍ਰਭੂ ਦੇ ਪ੍ਰੇਮ ਵਿਚ ਰੱਤਾ ਹੋਇਆ ਮਨੁੱਖ) ਸਦਾ-ਥਿਰ ਪ੍ਰਭੂ ਵਿਚ ਹੀ ਲੀਨ ਹੋ ਜਾਂਦਾ ਹੈ (ਉਹੋ ਜਿਹਾ ਹੀ ਬਣ ਜਾਂਦਾ ਹੈ)।

ਰੱਬ ਦਾ ਸੱਚਾ ਆਸ਼ਕ ਆਪ ਵੀ ਰੱਬ ਬਣ ਜਾਂਦਾ ਹੈ--**(੧)ਜੋ ਧਿਆਵਹਿ ਹਰਿ ਅਪਰੰਪਰੁ ਹਰਿ ਹਰਿ ਹਰਿ ਧਿਆਇ ਹਰੇ ਤੇ ਹੋਨਾ ॥**{੧੩੧੪}-(੨)" **ਜਿਨ੍ ਸੇਵਿਆ ਜਿਨ੍ ਸੇਵਿਆ ਮੇਰਾ ਹਰਿ ਜੀਉ ਤੇ ਹਰਿ ਹਰਿ ਰੂਪਿ ਸਮਾਸੀ ॥**"[੩੮੪]-(੩) **ਹਰਿ ਕਾ ਸੇਵਕੁ ਸੋ ਹਰਿ ਜੇਹਾ ॥ ਭੇਦੁ ਨ ਜਾਣਹੁ ਮਾਣਸ ਦੇਹਾ ॥**{੧●੭੬}

੮੩- **ਸਚੁ ਮਨ ਕਾਰਣਿ ਤਤੁ ਬਿਲੋਵੈ ॥ ਸੁਭਰ ਸਰਵਰਿ ਮੈਲੁ ਨ ਧੋਵੈ ॥ ਜੈ ਸਿਉ ਰਾਤਾ ਤੈਸੋ ਹੋਵੈ ॥ ਆਪੇ ਕਰਤਾ ਕਰੇ ਸੁ ਹੋਵੈ ॥੩॥** {੪੧੧}-੧

**ਅਰਥ:**--ਜਿਹੜਾ ਮਨੁੱਖ ਆਪਣੇ ਮਨ ਨੂੰ ਵੱਸ ਵਿਚ ਕਰਨ ਵਾਸਤੇ ਸਦਾ-ਥਿਰ ਪ੍ਰਭੂ ਨੂੰ (ਚੇਤੇ ਰੱਖਦਾ ਹੈ) ਮੁੜ ਮੁੜ ਯਾਦ ਕਰਦਾ ਹੈ (ਜਿਵੇਂ ਦੁੱਧ ਰਿੜਕੀਦਾ ਹੈ) ਤੇ ਆਪਣੇ ਅਸਲੇ ਪ੍ਰਭੂ ਦੀ ਭਾਲ ਕਰਦਾ ਹੈ, ਜੇਹੜਾ ਮਨੁੱਖ (ਨਾਮ-ਅੰਮ੍ਰਿਤ ਨਾਲ) ਭਰੇ ਸਰੋਵਰ ਵਿਚ (ਜਿੱਥੇ ਕੋਈ ਵਿਕਾਰਾਂ ਦੀ ਮੈਲ ਨਹੀਂ ਹੈ ਆਪਣੇ ਆਪ ਨੂੰ ਧੋਂਦਾ ਹੈ, ਉਹ **ਮਨੁੱਖ ਉਹੋ ਜਿਹਾ ਹੀ ਬਣ ਜਾਂਦਾ ਹੈ ਜਿਹੋ ਜਿਹੇ ਪ੍ਰਭੂ ਨਾਲ ਪਿਆਰ ਪਾਉਂਦਾ ਹੈ**। (ਉਸ ਨੂੰ ਫਿਰ ਇਹ ਸੂਝ ਆ ਜਾਂਦੀ ਹੈ ਕਿ) ਜਗਤ ਵਿਚ ਉਹੀ ਕੁਝ ਹੁੰਦਾ ਹੈ ਜੋ ਕਰਤਾਰ ਆਪ ਹੀ ਕਰਦਾ ਹੈ। ੩ ।

੮੪- **ਸਤਿਗੁਰੁ ਸੇਵੇ ਸੋ ਜੋਗੀ ਹੋਇ ॥ ਭੈ ਰਚਿ ਰਹੈ ਸੁ ਨਿਰਭਉ ਹੋਇ ॥ ਜੈਸਾ ਸੇਵੈ ਤੈਸੋ ਹੋਇ ॥ ੪॥{੨੨੩}-੭**

**ਅਰਥ:**--ਜੋ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਤੁਰਦਾ ਹੈ, ਉਹ (ਅਸਲ) ਜੋਗੀ ਬਣਦਾ ਹੈ। (ਸਤਿਗੁਰਾਂ ਦੇ ਹੁਕਮ ਅਨੁਸਾਰ ਜਦ) ਉਹ ਪਰਮਾਤਮਾ ਦੇ ਡਰ-ਅਦਬ ਵਿਚ (ਜੀਵਨ ਪੰਧ ਤੇ) ਤੁਰਦਾ ਹੈ ਤਾਂ ਉਹ (ਕਾਮਾਦਿਕ ਵਿਕਾਰਾਂ ਦੇ ਹੱਲਿਆਂ ਤੋਂ) ਨਿਡਰ ਰਹਿੰਦਾ ਹੈ (ਕਿਉਂਕਿ ਇਹ ਕੁਦਰਤਿ ਦਾ ਇੱਕ ਅਟੱਲ ਅਸੂਲ ਹੈ ਕਿ) ਮਨੁੱਖ ਜਿਹੋ ਜਿਹੇ ਦੀ ਸੇਵਾ (-ਭਗਤੀ) ਕਰਦਾ ਹੈ ਉਹ ਆਪ ਵੀ ਉਹੋ ਜਿਹਾ ਬਣ ਜਾਂਦਾ ਹੈ (ਨਿਰਭਉ ਨਿਰੰਕਾਰ ਨੂੰ ਸਿਮਰ ਕੇ, ਸਾਧਕ ਨਿਰਭਉ ਹੀ ਬਣ ਜਾਂਦਾ ਹੈ। ੪ ।

੮੫- **ਗੁਰ ਕੀ ਸੇਵਾ ਚਾਕਰੀ ਭੈ ਰਚਿ ਕਾਰ ਕਮਾਇ ॥ ਜੇਹਾ ਸੇਵੈ ਤੇਹੋ ਹੋਵੈ ਜੇ ਚਲੈ ਤਿਸੈ ਰਜਾਇ ॥**

**ਨਾਨਕ ਸਭੁ ਕਿਛੁ ਆਪਿ ਹੈ ਅਵਰੁ ਨ ਦੂਜੀ ਜਾਇ ॥੨॥ {੫੪੯}-ਵਾਰ-੩**

**ਅਰਥ:**--ਜੇ ਮਨੁੱਖ (ਪ੍ਰਭੂ ਦੇ) ਡਰ ਵਿਚ ਰਚ ਕੇ ਗੁਰੂ ਦੀ ਦੱਸੀ ਹੋਈ ਸੇਵਾ ਚਾਕਰੀ ਵਾਲੀ ਕਾਰ ਕਰੇ ਤੇ ਉਸੇ ਪ੍ਰਭੂ ਦੀ ਰਜ਼ਾ ਵਿਚ ਤੁਰੇ ਤਾਂ ਉਸ ਪ੍ਰਭੂ ਵਰਗਾ ਹੀ ਹੋ ਜਾਂਦਾ ਹੈ ਜਿਸ ਨੂੰ ਇਹ ਸਿਮਰਦਾ ਹੈ, ਫਿਰ ਹੇ ਨਾਨਕ ! (ਐਸੇ ਮਨੁੱਖ ਨੂੰ) ਸਭਨੀ ਥਾਈਂ ਪ੍ਰਭੂ ਹੀ ਦਿੱਸਦਾ ਹੈ, (ਉਸ ਤੋਂ ਬਿਨਾ) ਕੋਈ ਹੋਰ ਨਹੀਂ ਦਿੱਸਦਾ, ਤੇ ਨਾ ਕੋਈ ਹੋਰ (ਆਸਰੇ ਦੀ) ਥਾਂ ਦਿੱਸਦੀ ਹੈ। ੨ ।

੮੬- ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥ ਹਉਮੈ ਮੈਲੁ ਗੁਰ ਸਬਦੇ ਧੋਵੈ ॥
ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥੪॥ {੧੨੧}-੧੯-੨●

**ਅਰਥ:**--ਜੇਹੜਾ ਮਨੁੱਖ ਪਵਿੱਤ੍ਰ ਪਰਮਾਤਮਾ ਦਾ ਸਿਮਰਨ ਕਰਦਾ ਹੈ, ਉਹ (ਆਪ ਭੀ) ਪਵਿੱਤ੍ਰ ਹੋ ਜਾਂਦਾ ਹੈ, ਗੁਰੂ ਦੇ ਸਬਦ ਦੀ ਬਰਕਤਿ ਨਾਲ ਉਹ (ਆਪਣੇ ਮਨ ਵਿਚੋਂ) ਹਉਮੈ ਦੀ ਮੈਲ ਧੋ ਲੈਂਦਾ ਹੈ। ਉਸ ਮਨੁੱਖ ਦੇ ਅੰਦਰ ਇਕ ਰਸ ਲਗਨ ਪੈਦਾ ਕਰਨ ਵਾਲੀ ਸਿਫ਼ਤਿ ਸਾਲਾਹ ਦੀ ਪਵਿੱਤ੍ਰ ਬਾਣੀ ਆਪਣਾ ਪ੍ਰਭਾਵ ਪਾਈ ਰੱਖਦੀ ਹੈ, ਤੇ ਉਹ ਸਦਾ ਥਿਰ ਪ੍ਰਭੂ ਦੇ ਦਰ ਤੇ ਸੋਭਾ ਪਾਉਂਦਾ ਹੈ। ੪ ।

ਏਵੇਂ ਹੀ ਜਿਹੜਾ--" **ਮੁਕਤੇ ਸੇਵੇ ਮੁਕਤਾ ਹੋਵੈ ॥** "[੧੧੬] ਜਿਹੜਾ ਮਨੁੱਖ ਮਾਇਆ ਦੇ ਮੋਹ ਤੋਂ ਮੁਕਤ ਸਤਿਗੁਰੂ ਦੀ ਸਰਨ ਲੈਂਦਾ ਹੈ, ਉਹ ਆਪ ਵੀ ਮਾਇਆ ਦੇ ਮੋਹ ਦੀ ਜਕੜ ਤੋਂ ਸੁਤੰਤਰ ਹੋ ਜਾਂਦਾ ਹੈ। ਅਤੇ ਸਤਿਗੁਰਾਂ ਦਾ ਇਹ ਫ਼ੁਰਮਾਨ--**ਨਿਹਚਲੁ ਏਕੁ ਆਪਿ ਅਬਿਨਾਸੀ, ਸੋ ਨਿਹਚਲੁ ਜੋ ਤਿਸਹਿ ਧਿਆਇਦਾ ॥ ੬ ॥** [੧੦੭੫] ਨਿਹਚਲ ਅਥਵਾ ਅਟੱਲ ਪਦਵੀ ਵਾਲੇ ਇਕੋ ਇੱਕ ਪ੍ਰਭੂ ਨਾਲ ਸੱਚਾ ਪਿਆਰ ਪਾ ਲੈਣ ਵਾਲਾ ਮਨੁੱਖ ਆਪ ਨਿਹਚਲ ਹੋ ਜਾਂਦਾ ਹੈ ਭਾਵ, ਜਨਮ ਮਰਨ ਦੇ ਗੇੜ ਵਿਚ ਪੈਣ ਵਾਲੀ ਭਟਕਣਾ ਤੋਂ ਛੁਟਕਾਰਾ ਪਾ ਲੈਂਦਾ ਹੈ। ਜਿਨ੍ਹਾਂ ਗੁਣ-ਵਡਿਆਈਆਂ ਦੇ ਕਾਰਨ ਹਿਰਦੇ ਵਿਚ ਇਸ਼ਟ ਦਾ ਸਤਿਕਾਰ ਬਣਿਆਂ ਅਤੇ ਉਸ ਪ੍ਰਤੀ, ਸ਼ਰਧਾ ਅਤੇ ਪਿਆਰ ਬਣਿਆ ਹੋਵੇ, ਇਹ ਕਦੇ ਹੋ ਹੀ ਨਹੀਂ ਸਕਦਾ ਕਿ ਉਸ (ਸੱਚੇ ਪ੍ਰੇਮੀ) ਦੇ ਆਚਰਨ ਤੇ, (ਇਸ਼ਟ ਦੀਆਂ ਉਨ੍ਹਾਂ) ਗੁਣ ਵਡਿਆਈਆਂ ਦਾ ਰੰਗ ਨਾ ਚੜ੍ਹੇ । ਏਹੀ ਕਾਰਨ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਨਿੱਤ ਸਵੇਰੇ ਨੇਮ ਨਾਲ ਪੜ੍ਹਨ ਵਾਲੀ ਪਾਵਨ ਬਾਣੀ ਜਪੁ (ਸਾਹਿਬ) ਦੀ ਚੌਥੀ ਪਉੜੀ ਵਿਚ ਜਦੋਂ ਪ੍ਰਭੂ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਪ੍ਰਭੂ ਨਾਲ ਮਿਲਾਪ ਦਾ ਜ਼ਿਕਰ ਕੀਤਾ ਤਾਂ ਭੇਟਾ ਕਰਨ ਦੀ ਅਤੇ ਮੂੰਹੋਂ ਬੋਲਣ ਵਾਲੇ ਬਚਨਾ ਵੱਲ ਉਚੇਚਾ ਧਿਆਨ ਲੈ ਜਾਣ ਲਈ ਉਨ੍ਹਾਂ ਅੱਗੇ ਪ੍ਰਸ਼ਨ ਚਿੰਨ੍ਹ ਲਾਇਆ--**ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ (?) ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥** (?) ਅਤੇ ਫਿਰ, ਭਰਮ ਭੁਲੇਖੇ ਦੀ ਗੁੰਜਾਇਸ਼ ਨਾ ਰਹਿਣ ਦਿੱਤੀ ਅਤੇ ਸਪੱਸ਼ਟ ਕਰ ਦਿੱਤਾ ਕਿ, ਸਦਾ ਅਕਾਲ ਪੁਰਖ ਦੀ ਅੰਮ੍ਰਿਤ ਰੂਪੀ **ਵਡਿਆਈਆਂ ਦੀ ਡੂੰਘੀ** ਵਿਚਾਰ ਨਾਲ ਜੁੜੇ ਰਹਿ ਕੇ ਆਪਣੀ ਦੁਰਲੱਭ ਮਨੁੱਖਾ ਜ਼ਿੰਦਗੀ ਵਾਲੇ ਵੇਲੇ ਨੂੰ ਅੰਮ੍ਰਿਤ ਬਣਾ ਲਵੋ। ਰੱਬ ਵਿਚ ਉਨ੍ਹਾਂ ਵਡਿਆਈਆਂ ਦੇ ਦਰਸ਼ਨ ਕਰਦੇ ਰਹਿਣਾ ਹੈ ਜਿਨ੍ਹਾਂ ਬੜੀਆਂ ਵਿਸ਼ਾਲ ਵਡਿਆਈਆਂ ਦੀ ਗੁਰੂ-ਬਾਣੀ ਕਰਵਾ ਰਹੀ ਹੈ। ਉਹੀ ਵਡਿਆਈਆਂ ਤੇਰੇ ਵਿਚ ਆ ਜਾਣੀ ਹਨ। ਗੁਣ ਕਹਿ ਗੁਣੀ ਸਮਾ ਜਾਵੋਗੇ।----**ਜੋ ਜਨੁ ਨਾਮ ਨਿਰੰਜਨ ਰਾਤਾ ॥ ਨਾਨਕ ਸੋਈ ਪੁਰਖੁ ਬਿਧਾਤਾ ॥ ੫੧ ॥[੯੪੩]**

ਬ੍ਰਾਹਮਣ ਸਮਝ ਚੁੱਕਾ ਸੀ ਕਿ ਜਿੰਨਾਂ ਚਿਰ ਗੁਰੂ ਨਾਨਕ ਸਾਹਿਬ ਦੀ **ਜੋਤਿ** ਦੀ **ਅਬਿਚਲ ਹੋਂਦ** (ਭਾਵ, ਇੱਕ ਤੋਂ ਪਿੱਛੋਂ ਦੂਜੇ ਸਤਿਗੁਰੂ ਜੀ ਵਿਚ ਵਿਚਰਦੀ ਰਹਿ ਕੇ ' **ਸਚੁ ਸਰੂਪ-ਸ੍ਰੀ ਗੁਰੂ ਗ੍ਰੰਥ ਸਾਹਿਬ** " ਵਿਚ ਸਥਾਪਤ ਹੋ ਚੁੱਕੀ) ਵਾਲੇ ਸਿੱਖੀ ਵਿਸ਼ਵਾਸ਼ ਦੇ ਨਾਲ **ਗੁਰੂ ਨਾਨਕ ਸਾਹਿਬ ਦੇ ਅਕਾਲ ਪੁਰਖ ਰੂਪੀ ਰੱਬ** ਤੋਂ ਤੋੜ ਕੇ, ਸਿੱਖ ਪੰਥ ਨੂੰ ਆਪਣੇ **ਅਜ਼ਮਾਏ ਹੋਏ ਈਸ਼ਵਰ** ਨਾਲ ਭਾਵ, **ਬਾਹਮਣੀ ਰੱਬ ਜੀ** ਨਾਲ ਨਹੀਂ ਜੋੜ ਲਿਆ ਜਾਂਦਾ ਉਨ੍ਹਾਂ, ਚਿਰ ਸਿੱਖੀ ਸਿਧਾਂਤ ਦੀਆਂ ਜੜ੍ਹਾਂ ਨਹੀਂ ਹਿੱਲਣੀਆਂ। ਦਸਮ ਗ੍ਰੰਥ ਨੇ ਬ੍ਰਾਹਮਣ ਦੀ ਉਹ ਸਰੀ ਯੋਜਨਾਂ ਲਗ ਪਗ ਸਿਰੇ ਚਾੜ੍ਹ ਦਿੱਤੀ ** [ ** **FooT note:--** ਬਚਿਤ੍ਰ ਨਾਟਕ ਬਾਰੇ ਲਿਖੇ ਨੋਟ ਵਿਚ ਪਾਠਕ ਸੱਜਣ ਚੰਗੀ ਤਰ੍ਹਾਂ ਸਮਝ ਚੁੱਕੇ ਹਨ ਕਿ, ਸ੍ਰੀ ਦਸ਼ਮੇਸ਼ ਜੀ ਨੂੰ **ਹੇਮਕੁੰਡ ਪਰਬਤ ਤੇ ਬੈਠਿਆਂ ਨੂੰ ਸਿੱਧਾ ਅਕਾਲਪੁਰਖ ਦਾ ਸੁੱਤ ਬਣ ਚੁੱਕੇ ਦਰਸਾ ਕੇ** ਸ੍ਰੀ ਗੁਰੂ ਨਾਨਕ ਜੀ ਦੀ ਜੋਤਿ-ਜੁਗਤਿ ਦੀ ਪ੍ਰਾਪਤੀ ਦੀ ਮੁਥਾਜੀ ਤੋਂ ਮੁਕਤਿ ਕਰ ਲਿਆ ਸੀ। ਫਿਰ ਕਈ ਤਰ੍ਹਾਂ ਦੀਆਂ ਲਿਖਤਾਂ ਅਤੇ ਹੁਕਮਨਾਮੇ ਬਣਾ ਕੇ ਸਿੱਖਾਂ ਦੇ ਮਨਾਂ ਅੰਦਰ ਵਿਸ਼ਵਾਸ਼ ਬਣਾ ਦਿੱਤਾ ਕਿ ਦਸਮ ਗ੍ਰੰਥ ਸ੍ਰੀ ਦਸ਼ਮੇਸ਼ ਜੀ ਨੇ ਆਪ ਲਿਖਿਆ ਹੈ। ਦਸ਼ਮੇਸ਼ ਜੀ ਪ੍ਰਤੀ ਉਚੇਚੀ ਅੱਡਰੀ ਕਿਸਮ ਦੀ ਸ਼ਰਧਾ ਬਣ ਗਈ। ਖ਼ਾਲਸਾ ਜੀ ਦਸਮ ਗ੍ਰੰਥ ਵਿਚਲੇ ਰੱਬ ਨਾਲ ਜੁੜ ਗਏ। ਵੈਰੀ ਦੇ ਘਰ ਘਿਉ ਦੇ ਦੀਵੇ ਜਗ ਪਏ ਕਿਉਂਕਿ ਉਨ੍ਹਾਂ ਦੀ ਯੋਜਨਾਂ ਅਨੁਸਾਰ ਖ਼ਾਲਸਾ ਜੀ ਢਹਿੰਦੀਆਂ ਕਲਾਂ ਵੱਲ ਨੂੰ ਤੁਰੇ ਹੋਏ ਵੀ ਆਪਣੇ ਆਪ ਵਿਚ ਚੜ੍ਹਦੀ ਕਲਾ ਦੇ ਮਾਲਕ ਹੋਣ ਦੇ ਭਿਆਨਕ ਹੰਕਾਰ ਰੂਪੀ ਭਰਮ ਵਿਚ ਜਕੜੇ ਜਾ ਚੁੱਕੇ ਸਨ। ਯਾਦ ਰੱਖੋ ਕਿ ਏਹੀ ਬਚਨ ਇਤਿਹਾਸਕਾਰ ਨੇ ਉਸ ਸਮੇ ਲਿਖਣੇ ਹਨ ਜਦ ਖ਼ਾਲਸਾ ਪੰਥ ਦੀ ਚੜ੍ਹਤ ਦੇ ਨਾਲ ਇਸ ਦੇ ਪੱਤਣ ਦਾ ਇਤਿਹਾਸ ਲਿਖਿਆ ਜਾਣਾ ਹੈ]

**ਦਾਸ ਇਸ ਸਚਾਈ ਤੋਂ ਅਵੇਸਲਾ ਨਹੀ ਹੈ ਕਿ ਸੰਸਾਰ ਦੇ ਸਾਰੇ** ਉੱਘੇ ਧਰਮ ਬਿਨਾ ਕਿਸੇ ਕਿੰਤੂ ਦੇ ਇਸ ਗੱਲ ਤੇ ਸਹਿਮਤ ਹਨ ਕਿ ਸਿਰਜਣਹਾਰ, ਪਾਰਮਾਤਮਾ ਕੇਵਲ ਇੱਕ ਹੈ ਅਤੇ ਉਹ ਆਪ ਧਰਤੀ ਦੇ ਕਣ ਕਣ ਵਿਚ ਸਮਾਇਆ ਹੋਇਆ ਹੋਣ ਦੇ ਕਾਰਨ, **ਇੱਕ ਤੋਂ ਅਨੇਕ** ਵੀ ਉਹੀ ਹੈ--(੧) **ਆਪਹਿ ਏਕ ਆਪਹਿ ਅਨੇਕ ॥** [੨੭੯] (੨) **ਆਪੇ ਕੀਤੋ ਰਚਨੁ ਆਪੇ ਹੀ ਰਤਿਆ ॥ ਆਪੇ ਹੋਇਓ ਇਕੁ ਆਪੇ ਬਹੁ ਭਤਿਆ ॥ ਆਪੇ ਸਭਨਾ ਮੰਝਿ ਆਪੇ ਬਾਹਰਾ ॥ ਆਪੇ ਜਾਣਹਿ ਦੂਰਿ ਆਪੇ ਹੀ ਜਾਹਰਾ ॥** [੯੬੬] (੩) **ਆਪਹਿ ਏਕੁ ਆਪਿ ਬਿਸਥਾਰੁ ॥** [੨੯੨] (੪) **ਏਕੋ ਏਕੁ ਏਕੁ ਹਰਿ ਆਪਿ ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥** [੨੮੯] (੫) **ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥ ੧ ॥ ਰਹਾਉ** ॥[੩੫੦] ਗੁਰੂ ਬਾਣੀ ਦੇ ਅਜੇਹੇ ਕਈ ਗੁਰੂ ਫ਼ੁਰਮਾਨਾ ਦਾ ਪਤਾ ਹੋਣ ਤੇ ਵੀ ਦਾਸ ਨੇ **ਗੁਰੂ ਨਾਨਕ ਜੀ ਦੇ ਰਬ ਨਾਲੋ ਬ੍ਰਾਹਮਣ ਦਾ ਰੱਬ ਅੱਡਰਾ ਕਿਸ ਕਾਰਨ ਲਿਖਿਆ ਹੈ** ?-----

ਗੁਰਮਤਿ ਦੇ ਇਸ ਪੱਖ ਨੂੰ ਦਾਸ ਪਿਛੇ ' ਸੁਬਧਿ ਬਾਚ '--ਦੀ ਵਿਚਾਰ ਸਮੇ ਅਥਵਾ ਬੇਨਤੀ ਚੌਪਈ ਦੀ ਵਿਚਾਰ ਸਮੇ ਨਾਲੋ ਨਾਲ ਕਈ ਥਾਂਈ ਸਪੱਸ਼ਟ ਕਰਦਾ ਆ ਰਿਹਾ ਹੈ। ਗੁਰਮਤਿ ਤੋਂ ਜਾਣਕਾਰੀ ਕਰਨ ਦੀ ਭੁੱਖ ਵਾਲੇ ਜਿਨ੍ਹਾਂ ਪਾਠਕਾਂ ਨੇ ਇਕਾਗਰਤਾ ਨਾਲ ਪੜ੍ਹਿਆ ਹੈ, ਉਹ ਇੱਕ ਤੋਂ ਦੂਜੇ ਰੱਬ ਦੇ ਭੇਤ ਤੋਂ ਭਲੀ ਭਾਂਤ ਜਾਣੂ ਹੋ ਗਏ ਹਨ। ਪਰ ਪਤਾ ਨਹੀਂ ਸ਼ਾਇਦ ਗੁਰੂ ਬਾਣੀ ਵਿਚ ਪੁਨਰਪਿ ਸਿਧਾਂਤ ਦੀ ਵਿਸ਼ਾਲ ਵਰਤੋਂ ਹੋਣ ਦੇ ਕਾਰਨ ਦਾਸ ਦਾ ਮਨ ਵੀ ਗੁਰਮਤਿ ਦੇ ਉਸ ਸਿਧਾਂਤ ਨੂੰ ਮੁੜ ਮੁੜ ਲਿਖਣ ਤੋਂ ਰਹਿ ਨਹੀਂ ਸਕਦਾ ਜਿਸ ਸਿਧਾਂਤ ਤੋਂ ਅਣਜਾਣ ਰਹਿਣ ਦੇ ਕਾਰਨ ਅਸੀਂ ਵਿਰੋਧੀਆਂ ਦੀ ਕੁਟਲਤਾ ਦਾ ਸ਼ਿਕਾਰ ਹੋ ਚੁੱਕੇ ਵੀ ਸਭ ਹੱਛਾ ਹੋਣ ਦੇ ਭਰਮ ਨੂੰ ਤਿਆਗ ਨਹੀਂ ਰਹੇ ।

## ਗੁਰੂ ਨਾਨਕ ਪਾਤਸ਼ਾਹ ਜੀ ਦਾ ਰੱਬ--

ਅਸੀਂ ਇਸ ਪਾਸੇ ਝਾਤੀ ਕਦੇ ਨਹੀਂ ਮਾਰਦੇ ਕਿ ਜਿਸ ਅਕਾਲ ਪਰਖ ਨੂੰ ਸਤਿਗੁਰਾਂ ਨੇ ਆਪਣੇ ਕਈ ਗੁਰੂ-ਸ਼ਬਦਾਂ ਦੁਆਰਾ--ਵਰਨਾ ਚਿਹਨਾ ਬਾਹਰਾ--ਨਿਰ ਅਕਾਰ-ਅਜੋਨੀ-ਅਵਿਯਕਤੀ--ਪਰਮ ਜੋਤਿ--ਕੇਵਲ ਨੂੰਰ ਹੀ ਨੂੰ ਫ਼ੁਰਮਾਨ ਕੀਤਾ ਹੈ, ਫਿਰ ਉਸ ਨੂੰ--ਸੁੰਦਰੁ ਚਤੁਰ ਸੁਜਾਨ ਸੁਆਮੀ---ਮਿਠ ਬੋਲੜਾ--ਕੌੜਾ ਬੋਲਣਾ ਜਾਣਦਾ ਹੀ ਨਹੀ--ਦਇਆਲ--**ਲੰਮੜੇ ਵਾਲਾ**--ਨਿਰਭਉ-- ਨਿਰਵੈਰ--ਪਕੜ ਤੋਂ ਬੇ-ਨਿਆਜ਼, ਆਪਣੀ ਕਿਰਤ ਨਾਲ ਮਾਤਾ ਪਿਤਾ ਵਾਲਾ ਪਿਆਰ ਕਰਨ ਵਾਲਾ, ਸ਼ਾਂਤ ਚਿਤ, ਧੀਰਜ ਵਾਨ, ਸਦਾ ਸਹਿਜ ਅਵਸਥਾ ਵਿਚ ਟਿਕੇ ਰਹਿਣ ਦੀ ਪ੍ਰੇਰਨਾ ਦੇ ਰਿਹਾ, ਕੇਵਲ ਭਾਉ ਹੀ ਜਿਸ ਦੀ ਭਾਖਿਆ ਹੈ, ਇੱਕ ਅਟੱਲ ਨਿਯਮ ਵਾਲਾ, ਆਪਣੀ ਕਿਰਤ ਵਿਚ ਓਤ ਪੋਤ, ਨਿਰਭੈ, ਕਿਸੇ ਨੂੰ ਵੀ ਵੈਰੀ ਜਾਂ ਦੁਸ਼ਟ ਨਾ ਸਮਝਣ ਵਾਲਾ, ਹਰ ਇੱਕ ਨਾਲ ਸਾਵਾਂ ਵਿਹਾਰ ਕਰਨ ਵਾਲਾ, ਪੱਕੇ ਨਿਯੱਮ ਵਿਚ ਇੱਕਰਸ ਨਿਰੰਤਰ ਬੱਝੀ ਜਿਸ ਦੀ ਸੰਸਾਰ-ਖੇਡ ਵਿਚ, ਪਾਪੀਆਂ ਦੀ ਪਾਲਣਾ ਵੀ ਓਵੇਂ ਹੀ ਹੋ ਰਹੀ ਹੈ ਜਿਵੇ ਭਗਤਾਂ ਦੀ, ਜਿਸ ਦੇ ਅਟੱਲ ਨਿਯਮ ਰੂਪੀ ਹੁਕਮ ਦੀ ਪਾਲਣਾ ਕਰਨ ਵਾਲਾ ਜੀਵ ਸੁਖ ਮਾਣਦਾ ਹੈ ਅਤੇ ਉਸ ਦੇ ਨਿੱਯ ਰੂਪੀ ਹੁਕਮਾਂ ਦੀ ਉਲੰਘਣਾ ਕਰਨ ਵਾਲਾ ਦੁਖੀ ਹੈ, ਜਿਸ ਸਿਰਜਣਾ ਦੇ ਬੱਝਵੇ ਅਟੱਲ ਨਿਯਮ ਵਿਚ ਸਦਾ ਸੱਚ ਨਿਆਂ ਹੋ ਰਿਹਾ ਹੈ। ਅਜੇਹਾ ਕਰਨ ਵਿਚ ਸਤਿਗੁਰਾਂ ਦੀ ਅੰਤ੍ਰੀਵ ਸੱਧਰ ਦਾ ਭੇਤ ਉਪ੍ਰੋਕਤ ੭੯ ਤੋਂ ੮੩ ਤਕ ਅਡੇ ਗੁਰੂ ਫ਼ੁਰਮਾਨ ਸਮਝਾ ਰਹੇ ਹਨ। ਭਾਵ, ਸੰਤ ਅਤੇ ਸੂਰਮਾ ਬਨਾਉਣ ਲਈ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸਾਨੂੰ ਆਪਣੇ ਅਜੇਹੇ ਅਕਲ ਪੁਰਖ ਦੀ ਅਰਾਧਨਾ ਨਾਲ ਜੋੜਿਆ ਸੀ ਜਿਸ ਵਰਗਾ ਉਹ ਸਾਨੂੰ ਬਣਾ ਰਹੇ ਸਨ। ਸਪੱਸ਼ਟ ਹੈ ਕਿ, ਗੁਰਦੇਵ ਜੀ ਸਾਨੂੰ ਲੰਮੇ ਵਾਲਾਂ ਵਾਲੇ ਰਿਸ਼ਟ ਪੁਸ਼ਟ ਅਤੇ ਸੁੰਦਰ ਕਾਇਆਂ ਵਾਲੇ ਵੇਖਣ ਦੇ ਨਾਲ ਉਪ੍ਰੋਕਤ ਸ਼ੁੱਭ ਗੁਣਾ ਦਾ ਭੰਡਾਰ ਬਣੇ ਹੋਏ ਵੀ ਵੇਖਣਾ ਚਾਹੁੰਦੇ ਸਨ।

ਗੁਰੂ ਨਾਨਕ ਸਾਹਿਬ ਜੀ ਦੀ ਨਿਆਰੇ ਗਿਆਨ-ਜੋਤਿ ਦੇ ਅਬਿਨਾਸ਼ੀ ਪ੍ਰਗਟ-ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਚੀ ਆਤਮਾ ਵਾਲੇ ਮਨੁੱਖਾਂ ਦੇ ਗੁਣਾ ਤੋਂ ਸਾਨੂੰ ਜਾਣੂੰ ਕਰਾ ਕੇ ਉਹੋ ਜਿਹੇ ਬਣਨ ਦਾ ਉਤਸ਼ਾਹ ਦੇ ਰਹੇ ਹਨ:--

**੮੭- ਮਾਰੂ ਮਹਲਾ ੫ ॥ ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥ ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥੧॥ ਮਨ ਮੇਰੇ ਰਾਮ ਰਉ ਨਿਤ ਨੀਤਿ ॥ ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥੧॥ ਰਹਾਉ ॥ ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ ॥ ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ ॥੨॥ ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ ॥ ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ ॥੩॥ ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ ॥ ਮਿਤ੍ਰ ਸਤ੍ਰੁ ਨ ਕਛੂ ਜਾਨੈ ਸਰਬ ਜੀਅ ਸਮਤ ॥੪॥ ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ ॥ ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ ॥੫॥ ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ ॥ ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ ॥੬॥ ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ ॥ ਆਪ ਪਰ ਕਾ ਕਛੁ ਨ ਜਾਣੈ ਸਦਾ ਸਹਜਿ ਸੁਭਾਇ ॥੭॥ ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ॥ ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ ॥੮॥੩॥ {੧੦੧੭}-ਅ:-੩**

**ਅਰਥ** :- ਰਹਾਉ ਦੀ ਤੁਕ ਵਿੱਚ ਗੁਰਦੇਵ ਜੀ ਦਾ ਫ਼ੁਰਮਾਨ ਹੈ, ਹੇ ਮੇਰੇ ਮਨ ! ਦਇਆਲ, ਪ੍ਰਕਾਸ਼-ਰੂਪ(ਦੇਵ) ਕਿਰਪਾਲ ਗੋਬਿੰਦ ਦੇ (ਸੰਤ ਜਨਾਂ ਦੀ ਸੰਗਤ ਵਿੱਚ ਰਹਿ ਕੇ) ਸਦਾ ਹੀ ਪਰਮਾਤਮਾ ਦਾ ਸਿਮਰਨ ਕਰਦਾ ਰਹੁ (ਉਹ ਸੰਤ ਜਨ ਹੁੰਦੇ ਕਿਹੋ ਜਿਹੇ ਹਨ ? ਉਨ੍ਹਾਂ) ਸੰਤ ਜਨਾਂ ਦੀ ਜੀਵਨ ਮਰਯਾਦਾ ਸੁਣ । ੧ ।

ਜਿਸ ਮਨੁੱਖ ਨੇ ਕਿਸੇ ਰੁੱਖ ਨੂੰ ਕਿਸੇ ਤੀਖਣਿ ਭਾਵ ਤੇਜ਼ ਹਥਿਆਰ ਨਾਲ ਕੱਟ ਸੁਟਿਆ, ਰੁੱਖ ਨੇ ਆਪਣੇ ਮਨ ਵਿੱਚ ਉਸ ਉਤੇ ਰੋਸੁ ਭਾਵ ਗੁੱਸਾ ਨਹੀਂ ਕੀਤਾ ਸਗੋਂ ਰੁਖ ਦੀ ਲੱਕੜੀ ਨੇ ਉਸ ਦਾ ਕੰਮ ਸਵਾਰ ਦਿੱਤਾ, ਤੇ ਕੱਟਣ ਵਾਲੇ ਨੂੰ ਰਤਾ ਭਰ ਕੋਈ ਦੋਸ਼ ਨਾਂ ਦਿੱਤਾ ।੧।

ਜਿਹੜਾ ਮਨੁੱਖ ਬੇੜੀ ਨੂੰ ਆਪਣੇ ਪੈਰਾਂ ਹੇਠ (ਉਗਾਹਿ) ਬੈਸਿਓ ਭਾਵ ਆਪਣੇ ਪੈਰਾਂ ਹੇਠ ਲਿਤੜ ਕੇ, ਨੱਪ ਕੇ ਉਸ ਵਿੱਚ ਬੈਹ ਗਿਆ ਉਸ ਮਨੁੱਖ ਦੇ ਸਰੀਰ ਵਿੱਚ ਪੈਂਡੇ ਦਾ ਸ੍ਰਮ ਭਾਵ ਥਕੇਵਾਂ ਨਾ ਰਿਹਾ । ਭਿਆਨਕ ਸਮੁੰਦਰ (ਦਰਿਆ ਆਦਿ) ਉਸ ਨੂੰ ਨਹੀਂ ਵਿਆਪ ਸਕਦਾ ਭਾਵ ਉਸ ਉਤੇ ਆਪਣਾ ਕੋਈ ਅਸਰ ਨਹੀਂ ਪਾ ਸਕਦਾ, ਬੇੜੀ ਵਿੱਚ ਬੈਠ ਕੇ ਝੱਟ ਪਾਰ ਜਾ ਉਤਰਿਆ ਬੇੜੀ ਨੇ ਆਪਣੀ ਹੋਈ ਕਿਸੇ ਬੇਅਦਬੀ ਵੱਲ ਕੋਈ ਧਿਆਨ ਨਹੀਂ ਦਿੱਤਾ ਸਗੋਂ ਉਸ ਨਾਲ ਨੇਕੀ ਹੀ ਕੀਤੀ । ੨ । ਜਿਹੜਾ ਮਨੁਖ ਧਰਤੀ ਉੱਤੇ ਚੰਦਨ ਅਗਰ ਕਪੂਰ ਨਾਲ ਲੇਪਨ ਕਰਦਾ ਹੈ ਉਸ ਮਨੁੱਖ ਨਾਲ ਧਰਤੀ ਕੋਈ ਖ਼ਾਸ ਪਿਆਰ ਨਹੀਂ ਕਰਦੀ, ਤੇ ਜਿਹੜਾ ਮਨੁੱਖ ਧਰਤੀ ਉੱਤੇ ਗੂੰਹ ਮੂਤਰ ਸੁਟਦਾ ਹੈ, ਧਰਤੀ ਨੂੰ ਪੁੱਟਦਾ ਹੈ ਉਸ ਮਨੁੱਖ ਵਿਰੁਧ ਧਰਤੀ ਕੋਈ ਰੋਸ ਨਹੀਂ ਕਰਦੀ । ੩ । ਕੋਈ ਉੱਚਾ ਹੋਵੇ ਕੋਈ ਨੀਵਾਂ ਹੋਵੇ, ਕੋਈ ਬੁਰਾਈ ਕਰੇ ਕੋਈ ਭਲਾਈ ਕਰੇ ਆਕਾਸ਼ ਦੇ ਵਤੀਰੇ ਵਿੱਚ ਕੋਈ ਫਰਕ ਨਹੀਂ ਪੈਂਦਾ ਅਤੇ ਸਭਨਾਂ ਵਾਸਤੇ ਸੁਖਾਂ ਦਾ ਛਤਰ ਬਣਿਆ ਰਹਿੰਦਾ ਹੈ । ਅਕਾਸ਼ ਨਾ ਕਿਸੇ ਨੂੰ ਮਿੱਤਰ ਸਮਝਦਾ ਹੈ ਅਤੇ ਨਾ ਕਿਸੇ ਨੂੰ ਵੈਰੀ, ਸਾਰੇ ਜੀਵਾਂ ਨਾਲ ਇੱਕ-ਸਮਾਨ ਹੈ । ੪ ।

ਸੂਰਜ ਆਪਣੀ ਪ੍ਰਚੰਡ ਭਾਵ ਤੇਜ਼ ਰੋਸ਼ਨੀ ਨਾਲ ਪ੍ਰਗਟ ਹੋ ਕੇ ਹਨੇਰੇ ਦਾ ਨਾਸ ਕਰਦਾ ਹੈ । ਚੰਗੇ ਮੰਦੇ ਸਭ ਜੀਵਾਂ ਨੂੰ ਉਸ ਦੀਆਂ ਕਿਰਣਾਂ ਲੱਗਦੀਆਂ ਹਨ, ਕਿਸੇ ਨਾਲ ਕੋਈ ਬਿਖਾਦੁ ਭਾਵ ਦੁੱਖ, ਵਿਤਕਰਾ ਨਹੀਂ ਕਰਦਾ । ੫ । ਠੰਡੀ, ਮਿੱਠੀ ਅਤੇ ਸੁਗੰਧੀ-ਭਰੀ ਹਵਾ ਸਭਨਾ ਥਾਂਵਾਂ ਤੇ ਇੱਕੋ ਜਿਹੀ ਚਲਦੀ ਹੈ, ਚੰਗੀਆਂ ਮੰਦੀਆਂ ਸੱਭ ਚੀਜ਼ਾਂ ਨੂੰ ਬਿਨਾ ਸੰਕੇ ਦੇ ਭਾਵ ਬਿਨਾ ਝਿਜਕ ਦੇ ਲੱਗਦੀ ਹੈ । ੬ ।

ਜਿਹੜਾ ਵੀ ਮਨੁੱਖ ਚੰਗੀ ਜਾਂ ਮੰਦੀ ਭਾਵਨਾ ਨਾਲ ਅੱਗ ਦੇ ਨੇੜੇ ਜਾਂਦਾ ਹੈ, ਅੱਗ ਉਸ ਦਾ ਪਾਲਾ ਦੂਰ ਕਰ ਦਿੰਦੀ ਹੈ । ਅੱਗ ਨੂੰ ਕਿਸੇ ਆਪਣੇ ਜਾਂ ਪਰਾਏ ਨਾਲ ਕੋਈ ਵਾਸਤਾ ਨਹੀਂ ਉਹ ਆਪਣੇ ਸੁਭਾ ਵਿੱਚ ਅਡੋਲ ਰਹਿੰਦੀ ਹੈ । ੭ । (ਹੇ ਮੇਰੇ ਮਨ ! ਇਸੇ ਤਰ੍ਹਾਂ ਪਰਮਾਤਮਾ ਦੇ ਸੰਤ ਜਨ) ਪਰਮਾਤਮਾ ਦੇ ਚਰਨਾਂ ਦੀ ਸਰਨ ਵਿਚ ਰਹਿ ਕੇ ਖ਼ਸਮ ਵਾਲੇ ਬਣ ਜਾਂਦੇ ਹਨ, ਉਹ ਸੋਹਣੇ ਪ੍ਰਭੂ ਦੇ ਪ੍ਰੇਮ-ਰੰਗ ਵਿਚ ਰਤੇ ਰਹਿੰਦੇ ਹਨ । ਹੇ ਮੇਰੇ ਮਨ ਤੂੰ ਵੀ ਗੋਪਾਲ ਪ੍ਰਭੂ ਦੇ ਗੁਣ ਗਾਉਂਦਾ ਰਿਹਾ ਕਰ ਤਾਂ ਜੋ ਤੇਰੇ ਤੇ ਵੀ ਪ੍ਰਭੂ ਦੀ ਮਿਹਰ ਹੋ ਜਾਏ । ੮ ।

ਪੂਰਨ ਪੁਰਖ ਅਥਵਾ ਸੰਤ ਦੇ ਇਹ ਛੇ ਲੱਛਣ ਵੀ ਹਿਰਦੇ ਵਿਚ ਵਾਸਾਉਣੇ ਹਨ:-

੮੮- **ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥ ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥ ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥ ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥ ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥ ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਿਾਗਿ ਸਗਲ ਰੇਣੁਕਹ ॥ ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥੪੦॥** {੧੩੫੭}

੧= ਪਰਮਾਤਮਾ ਦਾ ਨਾਮ ਜਪਣਾ ਅਤੇ ਉਸ ਨੂੰ ਸਰਬ ਵਿਆਪਕ ਜਾਣ ਕੇ ਉਸ ਵਿੱਚ ਸੁਰਤਿ ਜੋੜਨੀ ।

੨= ਸੁਖਾਂ ਦੁਖਾਂ ਨੂੰ ਇੱਕੋ ਜਿਹਾ ਸਮਝਣਾ , ਅਤੇ ਪਵਿਤ੍ਰ ਤੇ ਵੈਰ-ਰਹਿਤ ਜੀਵਨ ਜੀਉਣਾ ।

੩= ਸਾਰੇ ਜੀਵਾਂ ਨਾਲ ਪਿਆਰ-ਹਮਦਰਦੀ ਰੱਖਣੀ ਅਤੇ ਕਾਂਮਾਦਿਕ ਪੰਜੇ ਵਿਕਾਰਾਂ ਤੋਂ ਬਚੇ ਰਹਿਣਾ ।

੪= ਪਰਮਾਤਮਾ ਦੀ ਸਿਫ਼ਤਿ-ਸਾਲਾਹ ਨੂੰ ਜਿੰਦਗੀ ਦਾ ਆਸਰਾ ਬਣਾਨਾ ਅਤੇ ਮਾਇਆ ਤੋਂ ਇਉਂ ਨਿਰਲੇਪ ਰਹਿਨਾ ਜਿਵੇਂ ਕਉਲ ਫੁੱਲ ਪਾਣੀਂ ਤੋਂ ਅਭਿਜ ਰਹਿੰਦਾ ਹੈ ।

੫= ਸੱਜਣ ਅਤੇ ਵੈਰੀ ਨਾਲ ਇੱਕੋ ਜਿਹਾ ਪ੍ਰੇਮ-ਭਾਵ ਰੱਖਣਾ ਅਤੇ ਪਰਮਾਤਮਾਂ ਦੀ ਭਗਤੀ ਵਿੱਚ ਪਿਆਰ ਬਣਾਨਾ ।

੬= ਪਰਾਈ ਨਿੰਦਿਆ ਆਪਣੇ ਕੰਨਾ ਨਾਲ ਨਾ ਸੁਣਨੀ ਅਤੇ ਆਪਾ-ਭਾਵ ਤਿਆਗ ਕੇ ਸੱਭ ਦੇ ਚਰਨਾਂ ਦੀ ਧੂੜ ਬਣਨਾ - - ਹੇ ਨਾਨਕ ! **ਪੂਰਨ ਪੁਰਖਾਂ** ਵਿੱਚ ਇਹ ਛੇ ਲੱਛਣ ਹੁੰਦੇ ਹਨ , ਉਨ੍ਹਾਂ ਨੂੰ ਹੀ **ਸਾਧ** ਆਖੀਦਾ ਹੈ ।੪੦।

[**ਸੂਚਨਾ**:--ਉਪ੍ਰੋਕਤ ਦੋਵੇਂ ਪਾਵਨ ਗੁਰੂ ਬਾਣੀ ਸ਼ਬਦ ਪੁਸਤਕ ਦੇ ਦੂਜੇ ਭਾਗ ਦੇ ਛੇਵੇਂ ਕਾਂਡ ਦੇ ੨੧ਵੇਂ ਲੇਖ--ਸਾਧ ਸੰਤ ਅਤੇ ਗੁਰਮਤਿ--ਵਿਚ ਅਰਥਾਂ ਸਮੇਤ ਆ ਚੁੱਕੇ ਸਨ।]ਸਾਰੇ ਹੀ ਦਸਮ ਗ੍ਰੰਥ ਸਾਹਿਬ ਵਿਚੋਂ ਅਜੇਹੇ ਗਿਆਨ ਦਾ ਕਿਤੋਂ ਇਸ਼ਾਰਾ ਤੱਕ ਨਹੀਂ ਮਿਲਦਾ।

ਰੌਲਾ ਤਾਂ ਅਸੀਂ ਏਹੀ ਪਾਉਂਦੇ ਹਾਂ ਕਿ ਸਾਡਾ ਗੁਰੂ ਸ਼ਬਦ ਹੈ ਪਰ ਉਸ ਗੁਰੂ-ਸ਼ਬਦ ਦੀ ਪਛਾਣ ਅਸੀਂ ਬਿੱਲਕੁਲ ਭੁੱਲ ਚੁੱਕੇ ਹਾਂ। ਜਿਹੜਾ ਸ਼ਬਦ ਸਾਡਾ ਸਤਿਗੁਰੂ ਥਾਪ ਕੇ, ਜਿਸ ਦੇ ਪੱਲੇ ਲਾਇਆ ਸੀ, ਉਸ ਦੇ ਗਿਆਨ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਬਣਾਈ ਰੱਖਣ ਦੀ ਲੋੜ ਮੁਕਾ ਕੇ ਅਸੀਂ ਉਸ ਦੇ ਅੱਗੇ ਮੱਥੇ ਰਗੜਨ ਨੂੰ, ਉਸ ਦੇ ਮੰਤ੍ਰ ਪਾਠ ਕਰਨ ਨੂੰ ਧਰਮ ਮੰਨ ਲਿਆ। ਸਤਿਗੁਰ ਨਾਨਕ ਜੀ ਦੇ ਰੱਬ ਦੀ ਪਛਾਣ ਕਿਥੋਂ ਰਹਿਣੀ ਸੀ ਜਦ ਅਸੀ ਉਨ੍ਹਾਂ ਦੀ ਗਿਆਨ-ਜੋਤਿ ਨੂੰ ਗ੍ਰੰਥ-ਅਕਾਰ=ਰੂਪ ਨਿਰਜਿੰਦ ਮੂਰਤੀ ਹੋਬੈਠਾ ਬੈਠਾ ਮੰਦਰ ਦਾ ਦੇਵਤਾ ਸਮਝ ਲਿਆ ।

## ਦੂਜੇ ਰੱਬ ਦੇ ਇੱਕ ਵਾਰੀ ਫੇਰ ਦਰਸ਼ਨ?

ਪੁਸਤਕ " **ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ** " ਦੇ ਪਹਿਲੇ ਹਿੱਸੇ ਤੋਂ ਵੇਦ ਪੁਰਾਣਾਂ ਵਿਚਲੇ ਭਗਵਾਨ ਦੇ ਅਥਵਾ ਬ੍ਰਾਹਮਣ ਦੇ ਰੱਬ ਦੇ ਦਰਸ਼ਨ ਕਰਦੇ ਆ ਰਹੇ ਹਾਂ। ਜਿਵੇਂ ਦਾ ਬ੍ਰਾਹਮਣ ਆਪ ਵਿਕਾਰੀ ਸੀ ਉਸੇ ਤਰ੍ਹਾਂ ਦੇ ਵਿਕਾਰੀ ਦੇਵੀ ਦੇਵਤੇ ਅਤੇ ਭਗਵਾਨ ਉਸ ਨੇ ਆਪ ਲਿਖੇ ਹਨ? ਆਪਣੇ ਭਗਵਾਨਾਂ ਨੂੰ ਬਚਨਾ ਦੇ ਝੂਠੇ, ਵਿਸ਼ਵਾਸ਼ਘਾਤੀ, ਬ੍ਰਾਹਮਣ ਦਾ ਭੇਖ ਬਣਾ ਕੇ ਠੱਗੀਆਂ ਮਾਰਦੇ, ਕਾਮ ਕ੍ਰੋਧ ਲੋਭ ਦੇ ਕਾਰਨ ਆਪ ਖ਼ੁਆਰ ਹੁੰਦੇ ਅਤੇ ਦੂਜਿਆਂ ਨੂੰ ਪ੍ਰੇਸ਼ਾਨ ਕਰਦੇ, ਸੈਨਮੇ ਦੇ ਪਰਦੇ ਤੇ ਵੀ ਬ੍ਰਾਹਮਣ ਨੇ ਆਪ ਦਰਸਾਏ ਹੋਏ ਹਨ। ਅਤੇ ਭਗਵਾਨਾਂ ਦਾ ਪੁਜਾਰੀ (ਬ੍ਰਾਹਮਣ ਜਾਂ ਹਿੰਦੂ) ਇਨ੍ਹਾਂ ਉਪ੍ਰੋਕਤ ਵਿਕਾਰਾਂ ਦਾ ਧਾਰਨੀ ਹੋਣੋਂ ਕਿਵੇਂ ਬਚ ਸਕਦਾ ਸੀ ? ਏਸੇ ਲਈ (ਖ਼ਾਸ ਵਿਯਕਤੀਆਂ ਦੀ ਗੱਲ ਨਹੀਂ) ਕੌਮੀ ਤੌਰ ਤੇ ਕਹੀ ਇਨ੍ਹਾਂ ਦੀ ਕਿਸੇ ਗੱਲ ਤੇ ਇਤਬਾਰ ਕਰ ਲੈਣਾ ਆਤਮ ਹੱਤਿਆ ਕਰਨ ਤੁੱਲ ਹੈ।

ਉਸ ਸ੍ਰੀ ਅਸਧੁਜ ਜੀ ਦੇ ਅੱਗੇ ਆਪਣੀ ਰਖਿਆ ਲਈ ਪੁਕਾਰਾਂ ਕਰਨੀਆਂ ਆਪਣੇ ਨਿਤਨੇਮ ਦਾ ਹਿੱਸਾ ਬਣਾ ਲਈਆਂ ਜਿਸ ਦਾ ਭਿਆਨਕ ਰੂਪ ਅਤੇ ਲਹੂ-ਪੀਣੀਆਂ ਕਾਮ ਕ੍ਰੋਧ ਵਿਚ ਭਿਜੀਆਂ ਝੂਠ ਗ੍ਰਸੀਆਂ ਹਰਕਤਾਂ ਅਸੀਂ ਸ੍ਰੀ ਅਸਿਧੁਜ ਜੀ ਦੀ ਆਪਣੀ ਹੀ ਕਥਾ ਵਿਚ ਪੜ੍ਹ ਆਏ ਹਾਂ। ਅਤੇ ਫਿਰ (ਸ੍ਰੀ ਗੁਰੂ ਨਾਨਕ ਜੀ ਵਾਂਗ ਦੁਸ਼ਟਾਂ ਦੇ ਘਰੀਂ ਪੁੱਜ ਕੇ ਉਨ੍ਹਾਂ ਦੇ ਹਿਰਦੇ ਵਿਚੋਂ ਦੁਸ਼ਟਤਾਈ ਖ਼ਤਮ ਕਰਕੇ ਉਨ੍ਹਾਂ ਨੂੰ ਭਲੇ ਪੁਰਖ ਬਣਾ ਦੇਣ ਦੇ ਸੰਕੇਤ ਮਾਤ੍ਰ ਤੋਂ ਕੋਰੀ) ਇੱਕ ਦੁਰਗਾ ਦੇਵੀ ਦੇ ਤਿੰਨ ਚਰਿਤ੍ਰਾਂ ਵਿਚਲੀ **ਝੂਠ-ਗਾਥਾ** ਰਹਿੰਦੀ ਕਸਰ ਵੀ ਪੂਰੀ ਕਰ ਰਹੀ ਹੈ। ਧੰਙਾਣੇ ਦੇ ਲੜਾਈ ਝਗੜੇ ਸਹੇੜ ਕੇ ਜੀਵਾਂ ਦਾ ਸਮੂਹਕ ਸੰਘਾਰ, ਲਹੂ ਦੇ ਦਰਿਆਂ, ਹਰ ਪਾਸੇ ਮੁਰਦਾਰਾਂ ਨੂੰ ਖਾਂਦੀਆਂ ਗਿਰਝਾਂ, ਕਾਂ, ਡਾਕਣੀਆਂ ਡੈਣਾ, ਗਿੱਦੜ, ਲਹੂ ਪੀਂਦੀਆਂ ਕਲਜੋਗਨੀਆਂ, ਦੇ ਝੁਰਮਟ ਵਿਚ **ਜਗਤ ਮਾਤਾ ਦੁਰਗਾ-ਚੰਡਕਾ-ਕਾਲੀ-ਸੀਤਲਾ-ਸ਼ਿਵਾ** ਬੜਾ ਭਿਆਨਕ ਰੂਪ ਧਾਰੀ, ਜੀਵਾਂ ਦਾ ਲਹੂ ਪੀਂਦੀ, ਜੀਊਂਦਿਆਂ ਨੂੰ ਕਚਿਆਂ ਚਬਾਈ ਜਾਂਦੀ, ਸ਼ਰਾਬ ਅਫ਼ੀਮ, ਪੋਸਤ ਭੰਗ ਰਲਵੇ ਨਸ਼ੇ ਕੈਫਾਂ ਪੀਣ ਦੀ ਆਦਤ ਤੋਂ ਸ਼ਬਾਸ਼ੀਆਂ ਲੈ ਰਹੀ ਆਪਣੇ ਭਗਤਾਂ ਦੇ ਆਚਰਨ ਵਿਚ ਝੂਠ, ਵਿਕਾਰ, ਬੇਈਮਾਨੀ, ਨਿਰਦਾਇਤਾ, ਮੌਤ ਦਾ ਭੈ ਭਰਦੀ ਹੋਈ ਬੱਦਲ ਵਾਂਗ ਗੱਜਦੀ ਕੀ ਦਰਸ਼ਨ ਨਹੀਂ ਦੇ ਰਹੀ ? ਅਸਾਂ ਇਹ ਵੀ ਪੜ੍ਹ ਲਿਆ ਹੈ ਕਿ ਦੇਵੀ ਦੀ ਰੰਗਾ ਰੰਗ ਗਾਥਾ (੧+੨+੩) ਤੋਂ ਸਾਨੂੰ ਮੰਤ੍ਰ ਪਾਠਾਂ ਤੋਂ ਫਲ ਪ੍ਰਾਪਤ ਹੋਣ ਦਾ ਭਰਮ ਵੀ ਪੱਕਾ ਹੁੰਦਾ ਹੈ। ਗੁਰੂ ਨਾਨਕ ਜੀ ਦੇ ਉਪ੍ਰੋਕਤ ਗੁਣਾ ਵਾਲੇ ਅਕਾਲ ਪੁਰਖ ਤੋਂ ਖਿਸਕ ਕੇ ਦਸਮ ਗ੍ਰੰਥ ਵਿਚਲੇ ਰੱਬ ਨਾਲ ਜੁੜੇ ਸੱਖਾਂ ਵਿਚ ਸ਼ੁੱਭ ਗੁਣ ਕਿਵੇਂ ਬਚੇ ਰਹਿ ਸਕਦੇ ਸਨ?

ਸਤਿਗੁਰੂ ਨਾਨਕ ਜੀ ਦੀ ਬਾਣੀ ਤੋਂ ਸਿਖਿਆ ਪ੍ਰਾਪਤ ਕਰਕੇ ਬਿੱਪ੍ਰ ਨੇ--ਜੈਸਾ ਸੇਵੈ ਤੈਸੋ ਹੋਇ--ਗੁਮਤਿ ਸਿਧਾਂਤ ਬੜੀ ਸਫ਼ਲਤਾ ਨਾਲ ਸਾਡੇ ਤੇ ਹੀ ਵਰਤ ਲਿਆ। ਸਤਿਗੁਰਾਂ ਦੇ ਉਪਦੇਸ਼ ਤੋਂ ਟੁੱਟ ਗਏ--ਬ੍ਰਾਹਮਣ ਦੇ ਰਬ ਅਸਲੀਅਤ ਦੀ ਪਛਾਣ ਨਾ ਆ ਸਕੀ-ਦੁਸ਼ਟਾਂ ਨੂੰ ਮਾਰਨ ਆਏ ਭਗਵਾਨਾਂ ਨੇ ਸੱਜਣ ਸੁਆਮੀ ਦੀ ਯਾਦ ਹਿਰਦੇ ਵਿਚੋਂ ਢਿੱਲੀ ਕਰ ਦਿੱਤੀ----ਫਿਰ--**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥** ਵਾਲਾ ਵਰਤਣਾ ਹੀ ਸੀ। ਸਤਿਗੁਰਾਂ ਦਾ ਫ਼ੁਰਮਾਨ---

੮੯- **ਮਲਾਰ ਮਹਲਾ ੧ ॥ ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥ ਇਕੁ ਦੁਖੁ ਰੋਗੁ ਲਗੈ**

**ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥੧॥ ਵੈਦ ਨ ਭੋਲੇ ਦਾਰੂ ਲਾਇ ॥ ਦਰਦੁ ਹੋਵੈ ਦੁਖੁ ਰਹੈ ਸਰੀਰ ॥ ਐਸਾ ਦਾਰੂ ਲਗੈ ਨ ਬੀਰ ॥੧॥ ਰਹਾਉ ॥ ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥ ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥੨॥ ਚੰਦਨ ਕਾ ਫਲੁ ਚੰਦਨ ਵਾਸੁ ॥ ਮਾਣਸ ਕਾ ਫਲੁ ਘਟ ਮਹਿ ਸਾਸੁ ॥ ਸਾਸਿ ਗਇਐ ਕਾਇਆ ਢਲਿ ਪਾਇ ॥ ਤਾ ਕੈ ਪਾਛੈ ਕੋਇ ਨ ਖਾਇ ॥੩॥ ਕੰਚਨ ਕਾਇਆ ਨਿਰਮਲ ਹੰਸੁ ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥ ਦੂਖ ਰੋਗ ਸਭਿ ਗਇਆ ਗਵਾਇ ॥ ਨਾਨਕ ਛੂਟਸਿ ਸਾਚੈ ਨਾਇ ॥੪॥੨॥੭॥** {੧੨੫੬}

ਕਰੀਬ ੨੫੦ ਸਾਲ ਪਹਿਲਾਂ ਵਾਲੀ ਪੰਥਕ ਮਰਯਾਦਾ ਵਲ ਨੂੰ ਮੋੜਾ ਖਾ ਲੈਣ ਦਾ ਫੈਸਲਾ ਕਰਨਾ ਅਤੇ ਉਸ ਤੇ ਦ੍ਰਿੜ ਰਹਿਣ ਵਾਲਾ ਅਨੂਪਮ ਇਤਿਹਾਸਕ ਸਾਕਾ ਵਰਤਾਉਣਾ ਕੋਈ ਕੇਵਲ ਸਤਿਗੁਰਾਂ ਦੇ ਨਿਆਰੇ ਖ਼ਾਲਸਾ ਜੀ ਹਿੱਸੇ ਦੀ ਹੀ ਗੱਲ ਹੋਣੀ ਹੈ।

## ੧੦-- ਝੂਠ ਤੋਂ ਸੱਚ ਵੱਲ ਨੂੰ ਮੋੜਾ

੯●- ਜਿਨਾ ਅੰਦਰਿ ਕੂੜੁ ਵਰਤੈ ਸਚੁ ਨ ਭਾਵਈ ॥ ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ ॥ ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ ॥ ਜਿਸੁ ਹਰਿ ਹੋਇ ਕ੍ਰਿਪਾਲੁ ਸੋ ਨਾਮੁ ਧਿਆਵਈ ॥ ਹਰਿ ਗੁਰਮੁਖਿ ਨਾਮੁ ਅਰਾਧਿ ਕੂੜੁ ਪਾਪੁ ਲਹਿ ਜਾਵਈ ॥੧●॥{੬੪੬}-ਵਾਰ

**ਅਰਥ:**--ਜਿਨ੍ਹਾਂ ਦੇ ਹਿਰਦੇ ਵਿਚ ਝੂਠ ਵਰਰਦਾ ਹੈ (ਝੂਠ ਡੇਰੇ ਆ ਲਾਉਂਦਾ ਹੈ) ਉਨ੍ਹਾਂ ਨੂੰ ਸਚੁ ਚੰਗਾ ਨਹੀਂ ਲੱਗਦਾ, ਜੇ ਕੋਈ ਮਨੁੱਖ ਸੱਚ ਬੋਲੇ, ਤਾਂ ਝੂਠਾ (ਸੁਣ ਕੇ) ਸੜ ਜਾਂਦਾ ਹੈ, ਝੂਠ ਦਾ ਵਪਾਰੀ (ਸਿਆਸਤਦਾਨ ਬਣ ਬੈਠਾ ਧਾਰਮਿਕ ਜਥੇਦਾਰ, ਗ੍ਰੰਥੀ, ਢਾਡੀ, ਰਾਗੀ-"ਪ੍ਰੋਫੈਸਰ ਦਰਸ਼ਨ ਸਿੰਘ ਜਿਹਾ "ਜਥੇਦਾਰ ਧਰਮਦਾ ਪਰਚਾਰਕ ") ਝੂਠ ਵਿਚ ਹੀ ਪ੍ਰਸੰਨ ਹੁੰਦਾ ਹੈ, ਜਿਵੇਂ ਕਾਂ ਵਿਸ਼ਟਾ ਖਾ (ਪ੍ਰਸੰਨ ਹੁੰਦਾ ਹੈ)। ਜਿਸ ਮਨੁੱਖ ਤੇ ਹਰੀ ਦਇਆਲ ਹੋਵੇ, ਉਹ ਨਾਮ ਸਿਮਰਦਾ ਹੈ (ਪ੍ਰਭੂ ਦੀ ਸਦੀਵੀ ਯਾਦ ਹਿਰਦੇ ਵਿਚ ਵਸਾਉਂਦਾ ਹੈ) ਤਾਂ ਕੂੜ ਤੇ ਪਾਪ (-ਕਰਮਾਂ ਦੀ ਮੈਲ ਤੋਂ ਛੁਟਕਾਰਾ ਮਿਲ ਜਾਂਦਾ ਹੈ )॥

ਸਤਿਗੁਰਾਂ ਦੇ ਇਸ ਮਹਾਂਵਕ ਤੋਂ ਦਾਸ ਸੁਚੇਤ ਹੈ ਕਿ ਝੂਠ ਨੂੰ ਅੰਮ੍ਰਿਤ ਮੰਨ ਬੈਠੇ ਮਨੁੱਖ ਨੇ ਸੱਚ ਦਾ ਗਲ ਘੁਟਣ ਲਈ ਸਦਾ ਬੜੇ ਘਿਣਾਵਣੇ ਪਾਪ ਕੀਤੇ ਹਨ। ਅਤੇ ਅੱਜ ਸਿੱਖ ਪੰਥ ਵਿਚ ਵੀ ਗਿਆਨ ਦਾ ਘੜਗ ਵਰਤਣ ਦੇ ਥਾਂ ਵਿਸ਼ਵਾਸ਼ਘਾਤ ਨਾਲ ਗੋਲੀ ਮਾਰ ਦੇਣ ਵਾਲਾ ਸਿਧਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਦਾਰੀ ਮੱਲ ਸਕਦਾ ਹੈ। ਫਿਰ ਵੀ ਦਾਸ ਸੱਚ ਲਿਖਣ ਤੋਂ ਪਿੱਛੇ ਨਹੀਂ ਹਟਿਆ। ਉਪਰੋਕ ਗੁਰੂ ਫ਼ੁਰਮਾਨ ਦੀ ਅੰਤਲੀ ਪੰਗਤੀ ਤੇ ਅਮਲ ਕਰਦੇ ਹੋਏ ਆਉ ਝੂਠ ਦੀ ਦਲਦਲ ਵਿਚੋਂ ਬਾਹਰ ਨਿਕਲ ਆਈਏ :--

ਜਦੋਂ ਦੀ ਇਸ ਗ੍ਰੰਥ ਦੀ ਵਿਚਾਰ ਅਰੰਭ ਹੋਈ ਹੈ, ਇੱਕ ਤੋਂ ਇੱਕ ਵੱਧ ਝੂਠੀ ਗੱਲ ਪੜ੍ਹਦਿਆਂ ਏਹੀ ਸਮਝੀ ਦਾ ਸੀ ਕਿ ਇਸ ਤੋਂ ਵੱਡਾ **ਝੂਠ** ਹੋਰ ਕਿਹੜਾ ਹੋ ਸਕਦਾ ਹੈ ? ਸਾਰੇ ਝੂਠ ਆਪਣੇ ਥਾਂ ਬੜੇ ਮਹਾਂਨ ਨਜ਼ਰੀਂ ਆ ਰਹੇ ਸਨ। ਪਰ ਜਿਸ ਪ੍ਰਕਾਰ ਦੇ ਝੂਠ ਦੇ ਦਰਸ਼ਨ ਭਗੌਤੀ ਦੀ ਇਸ **ਵਾਰ** ਵਿਚ ਹੋਏ ਹਨ, ਪਿੱਛਲੇ ਸਾਰੇ **ਝੂਠ** ਫਿੱਕੇ ਪੈ ਗਏ **ਹਨ। ਜੇ ਦਾਸ ਦੀ ਇਹ ਦਲੀਲ ਵੀ ਕਿਸੇ ਪੱਖੋਂ ਫਿੱਕੀ ਹੈ ਤਾਂ ਗੁਰਮਤਿ-ਦਲੀਲ ਦੁਆਰਾ ਸਮਝਾ ਦਿਉ ਦਾਸ ਆਪਣੀ ਭੁੱਲ ਕਬੂਲ ਕਰਨ ਲੱਗਾ ਇੱਕ ਪਲ ਵੀ ਨਹੀਂ ਲਾਵੇਗਾ। ਜੈਸਾ ਸੇਵੈ ਤੈਸੋ ਹੋਇ--ਗੁਰੂ** ਬਾਣੀ ਦੇ ਸਿਧਾਂਤ ਅਨੁਸਾਰ **ਝੂਠ ਦਾ ਉਪਾਸ਼ਕ** ਮਨੁੱਖ, ਕਿਸੇ ਵੀ ਹਾਲਤ ਵਿਚ ਸਚਿਆਰ ਨਹੀਂ ਰਹਿ ਸਕਦਾ। ਏਹੀ ਕਾਰਨ ਹੈ ਕਿ, ਜਿਸ ਖ਼ਾਲਸਾ ਜੀ ਬਾਰੇ ਕਾਜ਼ੀ ਨੂਰ ਮੁਹੱਮਦ (ਜਿਹੜਾ ਸਿੱਖ ਨੂੰ **ਸਦਾ ' ਸਗ** ' ਭਾਵ ਕੁੱਤਾ ਹੀ ਲਿਦਾ ਰਿਹਾ ਸੀ, ਉਹ) ਵੀ, ਇਹ ਲਿਖ਼ਣ ਤੇ ਮਜਬੂਰ ਹੋ ਗਿਆ ਸੀ ਕਿ-**ਈਂ ਸਗਾਂ ਰਾ ਮਗੋ ਸਗ ਕਿ ਈ ਸ਼ੇਰ ਅੰਦ"** ਅਤੇ (ਸਿੰਘਾਂ ਦੇ ਆਚਰਨ ਵਿਚਲੀਆਂ ਕਈ ਹੋਰ ਨਿਰਾਲੀਆਂ ਸਿਫ਼ਤਾਂ ਦੇ ਨਾਲ ਇਹ ਵੀ ਲਿਖਿਆ ਕਿ--" ਇਹ (ਸਿੱਖ) ਝੂਠ ਬੋਲਣਾ ਅਤੇ ਚੋਰੀ ਕਰਨੀ ਜਾਣਦੇ ਹੀ ਨਹੀਂ "। ਪਰ ਅੱਜ ਆਮ ਵੇਖਣ ਵਿਚ ਆ ਰਿਹਾ ਹੈ, ਖ਼ਾਲਸਾ ਜੀ ਦੀ ਸਮਾਜਕ ਅਤੇ ਧਾਰਮਿਕ ਜ਼ਿੰਦਗੀ ਦਾ ਕੋਈ ਪੱਖ **ਬੇਪ੍ਰੀਤੀ** ਦੀ ਮੈਲ ਤੋਂ ਬਚਿਆ ਹੋਇਆ ਮਿਲਣਾ ਕਠਨ ਬਣ ਚੁੱਕਾ ਹੈ। ਸਿੱਖ ਦਾ ਬਚਨ ਕਦੇ ਪੱਥਰ ਤੇ ਲਕੀਰ ਮੰਨਿਆਂ ਜਾਂਦਾ ਸੀ। ਅੱਜ ਕਚਿਹਿਰੀਆਂ ਵਿਚ ਝੂਠੀਆਂ ਸੌਹਾਂ ਖਾਣ ਵਾਲੇ ਆਪਣੇ ਆਪ ਨੂੰ ਵਡੇ ਚਤੁਰ ਮੰਨਣ ਵਾਲੇ ਸਿੱਖਾਂ ਦਾ ਘਾਟਾ ਨਹੀਂ। ਝੂਠ ਬਾਣੀ ਨਾਲ ਜੁੜੇ ਹੋਏ ਹੇ ਮੇਰੇ ਮਨ ! ਸੁਣ ਆਪਣੇ ਸਤਿਗੁਰੂਜੀ ਦਾ ਫ਼ੁਰਮਾਨ-**ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ** ॥{੧੮} ਝੂਠ ਨਾਲ ਜਹੁੜਿਆ ਮਨੁੱਖ ਪ੍ਰਭੂ ਦੇ ਦਰਬਾਰ ਵਿਚੋਂ ਦੁਰਕਾਰਿਆ ਜਾਂਦਾ ਹੈ। ਲੋਕ ਪਰਲੋਕ ਸੁਹੇਲਾ ਕਰਨ ਵਾਲੇ, ਅੰਦਰੇ ਬੈਠੇ " ਆਦਿ ਸਚੁ " ਪਛਾਣ ਕਰਨ ਲਈ " ਝੂਠ ਦੀ ਕੰਧ ਢਾ ਕੇ " ਸਚਿਅਰਾ " ਬਣਨਦੀ ਲੋੜ ਸੀ--**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ** ॥ " ਸਤਿਗੁਰੂ ਜੀ ਨੇ- - ੨●● ਸਾਲ ਤੋਂ ਵੱਧ ਸਮਾ ਲਾ ਕੇ- **" ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ ॥ ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥ {੧੪੧}** - ਵਿਕਾਰਾਂ ਰੂਪੀ ਝੂਠ ਦੀ ਪਾਲ ਢਾ ਕੇ ਸਾਨੂੰ ਸਚਿਆਰ ਬਣਾਇਆ ਅਤੇ ਅੰਦਰ ਬੈਠੇ ਪ੍ਰਭੂ ਦੀ ਸਾਨੂੰ ਸੋਝੀ ਕਰਾਈ। ਜਿਸ ਤੋਂ ਅਸੀਂ ਸਤਿਗੁਰੂ ਜੀ ਦੀ ਪ੍ਰੀਖਿਆ ਵਿਚ ਪੂਰੇ ਉੱਤਰ ਕੇ " ਖ਼ਾਲਸਾ " ਬਣ ਕੇ ਸਾਰੇ ਸੰਸਾਰ ਵਿਚ ਪ੍ਰਗਟ ਹੋ ਗਏ। ਖ਼ਾਲਸਾ ਜੀ ਦੇ " ਸ਼ੁੱਭ ਆਚਾਰ " ਦੀ ਰੰਗਤ ਵਿਚ ਘੜੁੱਚ ਸੂਰਮਤਈ ਦੇ ਸੋਹਲੇ ਵੈਰੀਆਂ ਨੇ ਵੀ ਗਾਏ।

ਪਰ ਸਾਡੇ ਮੁਢਲੇ ਵੈਰੀ ਨੇ ਦਸਮਗ੍ਰੰਥ ਰੂਪ ਅਜੇਹਾ ਘਾਤਕ ਬਾਣ ਚਲਾਇਆ ਕਿ ਅਸੀਂ, ਗੁਰੂ ਬਾਣੀ ਦੀ ਖੰਡਣਾ ਕਰ

ਰਹੀ ਅਜੇਹੀ ਝੂਠ-ਬਾਣੀ ਦੇ ਸ਼ਰਦਾਲੂ ਬਣ ਗਏ ਕਿ, ਸਾਰੇ ਪਾਪਾਂ ਦਾ ਮੂਲ " **ਝੂਠ** " ਸਾਡੀ ਨਿਰਮਲ ਜੀਵਨ-ਜੁਗਤ ਦਾ ਪ੍ਰਧਾਨ ਹਿੱਸਾ ਆ ਬਣਿਆ। ਸਤਿਗੁਰੂ ਜੀ ਦੇ ਇਸ ਬਚਨ ਦੀ-**ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ ॥੮॥** ਮਹੱਤਤਾ ਹੀ ਭੁੱਲ ਗਏ। ਕੱਲ੍ਹ ਦਾ ਤਿਆਗੀ ਸੁਭਾ ਲਾਲਚੀ ਬਣਦਾ ਤੁਰਿਆ ਗਿਆ ਅਤੇ ਅਸੀ ਪੂਰੀ ਤਰ੍ਹਾਂ ਝੂਠ ਨਾਲ ਅਜੇਹੇ ਜੁੜੇ ਕਿ **ਸਚੁ** ਦੀ ਪਛਾਣ ਵਿੱਸਰ ਗਈ। " **ਸਚੁ** " ਹੀ ਤਾਂ ਸਭੁ ਕੁਝ ਸੀ। ਹਉਮੈ ਦਾ ਪ੍ਰਭਾਵ ਏਡਾ ਵਧ ਗਿਆ ਕਿ ਸਭ ਕੁਝ ਲੁਟਾ ਬੈਠੇ ਵੀ ਅਸੀਂ ਆਪਣੇ ਆਪ ਨੂੰ ਧਨਵੰਤ ਮਨੀ ਬੈਠੇ ਹਾਂ। ਸਚੁ ਦਾ ਹੋਕਾ ਸੁਣਨਾ ਸਾਡੀ " ਹੱਤਕ " ਬਣ ਗਿਆ। ਦਿਨੋ ਦਿਨ ਢਹਿੰਦੀਆਂ ਕਲਾਂ ਵਲੋ ਨੂੰ ਤੁਰੇ ਜਾਂਦੇ ਅਸੀਂ ਸਭ ਠੀਕ ਸਮਝ ਰਹੇ ਹਾਂ। ਆਉ ਆਪਣੇ ਕਿਰਦਾਰ ਵਲ ਨਜ਼ਰ ਮਾਰੀਏ, ਸਤਿਗੁਰੂ ਜੀ ਦਾ ਇਹ ਫ਼ੁਰਮਾਨ ਕਿਤੇ ਅੱਖਰ ਅੱਖਰ ਸਾਡੇ ਤੇ ਨਹੀਂ ਢੁੱਕ ਰਿਹਾ ?:-

੯੧- **ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥ ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥੩॥ ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ॥ ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ॥੪॥ ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ ॥ ਪਰ ਕੀ ਕਉ ਅਪੁਨੀ ਕਹੈ ਅਪੁਨੋ ਨਹੀ ਭਾਇਆ ॥੫॥ ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ॥ ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ ॥੬॥ ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥ ਪੋਖਰੁ ਨੀਰੁ ਵਰੋਲੀਐ ਮਾਖਨੁ ਨਹੀ ਰੀਸੈ ॥੭॥ ਇਸੁ ਪਦ ਜੋ ਅਰਥਾਇ ਲੇਇ ਸੋ ਗੁਰੂ ਹਮਾਰਾ ॥ ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ ॥੮॥**{੨੨੯}-੨-੧੮

**ਅਰਥ:_** (ਮਾਇਆ ਦੀ ਘੂਕੀ ਵਿਚ ਸੁੱਤਾ ਹੋਇਆ ਮਨੁੱਖ) ਜਿਸ ਧਨ-ਦੌਲਤ ਦਾ ਪ੍ਰਭੂ ਦੇ ਦਰ ਵਿਚ ਕੋਈ ਮੁੱਲ ਨਹੀਂ ਉਸ ਨੂੰ ਅਸਲੀ ਧਨ ਕਹਿੰਦਾ ਹੈ, (ਪਰ ਜਿਹੜਾ ਨਾਮ-ਧਨ) ਅਸਲ ਧਨ (ਹੈ ਉਸ) ਦੀ ਕਦਰ ਨਹੀਂ ਸਮਝ ਸਕਦਾ। ਮਾਇਆ (ਦੇ ਮੋਹ) ਵਿਚ ਅੰਨ੍ਹੇ ਹੋਏ ਮਨੁੱਖ ਨੂੰ ਸਿਆਣਾ ਆਖਿਆ ਜਾ ਰਿਹਾ ਹੈ-ਇਹ ਅਸਰਜ ਚਾਲ ਹੈ ਇਸ ਕਲ ਜੁਗ-ਸਮੇ (ਦੇ ਪ੍ਰਭਾਵ ਹੇਠ ਆਏ ਜੀਵ ਦੀ?) । ੩ । (ਮਾਇਆ ਦੇ ਮੋਹ ਵਿਚ) ਸੁੱਤੇ ਪਏ ਨੂੰ ਜਗਤ ਆਖਦਾ ਹੈ ਕਿ ਇਹ ਜਾਗਦਾ ਹੈ, ਪਰ ਜਿਹੜਾ ਮਨੁੱਖ (ਪਰਮਾਤਮਾ ਦੀ ਯਾਦ ਵਿਚ ਵਿਕਾਰਾਂ ਦੇ ਹੱਲਿਆਂ ਵਲੋਂ ਸਚੇਤ ਹੈ ਭਾਵ, ਜੋ ਵਾਸਤਵ ਵਿਚ) ਜਾਗਦਾ ਹੈ, ਉਸ ਨੂੰ ਜਗਤ ਸੁੱਤਾ ਪਿਆ ਕਹਿੰਦਾ ਹੈ। ਪ੍ਰਭੂ ਦੀ ਭਗਤੀ ਦੀ ਬਰਕਤਿ ਨਾਲ ਝਿਊਂਦੇ ਆਤਮਕ ਜੀਵਨ ਵਾਲੇ ਮਨੁੱਖ ਨੂੰ, ਲੋਕ ਆਖਦੇ ਹਨ ਕਿ ਇਹ (ਸਾਡੇ ਭਾ ਦਾ) ਮੋਇਆ ਹੋਇਆ ਹੈ। ਪਰ ਆਤਮਕ ਮੌਤ ਮਰੇ ਹੋਏ ਨੂੰ ਵੇਖ ਕੇ ਕੋਈ ਅਫ਼ਸੋਸ ਨਹੀਂ ਕਰਦਾ ।੪।
ਪਰਮਾਤਮਾ ਦੇ ਰਸਤੇ ਤੇ ਆਉਣ ਵਾਲੇ ਨੂੰ ਜਗਤ ਆਖਦਾ ਹੈ ਕਿ ਇਹ ਗਿਆ ਗੁਜ਼ਰਿਆ ਹੈ, ਪਰ ਪ੍ਰਭੂ ਵਲੋਂ ਗਏ-ਗੁਜ਼ਰੇ ਨੂੰ ਜਗਤ ਸਮਝਦਾ ਹੈ ਕਿ ਇਸੇ ਦਾ ਜਗਤ ਵਿਚ ਆਉਣ (ਦਾ (ਸੁਆਦ) ਹੈ। ਜਿਸ ਮਾਇਆ ਨੇ ਦੂਜੇ ਦੀ ਬਣ ਜਾਣਾ ਹੈ ਉਸ ਨੂੰ ਜਗਤ ਆਪਣੀ ਆਖਦਾ ਹੈ, ਪਰ ਜੇਹੜਾ ਨਾਮ-ਧਨ ਅਸਲ ਵਿਚ ਆਪਣਾ ਹੈ ਉਹ ਚੰਗਾ ਨਹੀਂ ਲੱਗਦਾ। ੫ । ਨਾਮ ਰਸ ਹੋਰ ਸਾਰੇ ਰਸਾਂ ਨਾਲੋਂ ਮਿੱਠਾ ਹੈ, ਇਸ ਨੂੰ ਜਗਤ ਕੌੜਾ ਆਖਦਾ ਹੈ। ਵਿਸ਼ਿਆਂ ਦਾ ਰਸ (ਅੰਤ ਨੂੰ) ਕੌੜਾ (ਦੁਖਦਾਈ ਸਾਬਤ ਹੁੰਦਾ ਹੈ) ਇਸ ਨੂੰ ਜਗਤ ਸੁਆਦਲਾ ਕਹਿ ਰਿਹਾ ਹੈ। ਪ੍ਰਭੂ ਦੇ ਨਾਮ-ਰੰਗ ਵਿਚ ਰੰਗੇ ਹੋਏ ਦੀ ਲੋਕ ਨਿੰਦਾ ਕਰਦੇ ਹਨ। ਜਗਤ ਵਿਚ ਇਹ ਅਚਰਜ ਤਮਾਸ਼ਾ ਵੇਖਣ ਵਿਚ ਆ ਰਿਹਾ ਹੈ। ੬ । ਲੋਕ (ਜਿਸ ਨੂੰ ਅਸਲ ਵਿਚ ਦਾਸੀ ਸਮਝਣਾ ਚਾਹੀਦਾ ਹੈ ਉਸ) ਦਾਸੀ (ਮਾਇਆ) ਦੀ ਤਾਂ ਸੇਵਾ-ਖ਼ੁਸ਼ਾਮਦ ਕਰਦੇ ਹਨ, ਪਰ (ਮਾਇਆ ਦਾ) ਮਾਲਕ ਕਿਸੇ ਨੂੰ ਦਿਸਦਾ ਹੀ ਨਹੀਂ।(ਮਾਇਆ ਵਿਚੋਂ ਸੁਖ ਲੱਭਣਾ ਇਉਂ ਹੈ ਜਿਵੇਂ ਪਾਣੀ ਰਿੜਕ ਕੇ ਉਸ ਵਿਚੋਂ ਮੱਖਣ ਲੱਭਣਾ)। ਜੇ ਛੱਪੜ ਨੂੰ ਰਿੜਕੀਏ ਜੇ ਪਾਣੀ ਰਿੜਕੀਏ, ਉਸ ਵਿਚੋ, ਮੱਖਣ ਨਹੀਂ ਨਿਕਲ ਸਕਦਾ ।੭। ਹੇ ਨਾਨਕ ! ਜਿਹੜਾ ਮਨੁੱਖ ਆਪਣੇ ਅਸਲੇ ਨੂੰ ਪਛਾਣ ਲੈਂਦਾ ਹੈ, ਉਹ ਉਸ (ਗੁਰੂ, ਭਾਵ) ਪਰਮਾਤਮਾ ਦਾ ਰੂਪ ਬਣ ਜਾਂਦਾ ਹੈ, ਜੋ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ, ਉਹ ਅਤੇ ਜਿਸ ਦੇ ਗੁਣਾਂ ਦਾ ਪਾਰਲਾ ਬੰਨਾ ਨਹੀਂ ਲੱਭ ਸਕਦਾ। ਆਪਾ ਪਛਾਣਨ ਦੇ ਆਤਮਕ ਦਰਜੇ ਨੂੰ ਜਿਹੜਾ ਮਨੁੱਖ ਪ੍ਰਾਪਤ ਕਰ ਲੈਂਦਾ ਹੈ, ਮੈਂ ਉਸ ਅੱਗੇ ਸਿਰ ਨਿਵਾਉਂਦਾ ਹਾਂ। ੮ ।

ਅੱਜ ਅਸੀਂ ਪੰਥਕ ਤੌਰ ਤੇ ਏਡੇ ਕੁਰਾਹੇ ਪੈ ਚੁੱਕੇ ਹਾਂ ਕਿ ਪੰਥ ਦੇ ਹਿਤੈਸ਼ੀ ਦੀ ਪਛਾਣ ਨਹੀਂ ਕਰ ਰਹੇ ਜਿਸ ਤੋਂ ਪੰਥ ਦੇ ਵੈਰੀਆਂ ਦਾ ਬੋਲ-ਬਾਲਾ ਹੋ ਰਿਹਾ ਹੈ ਅਤੇ ਪੰਥ ਦਾ ਜਥੇਦਾਰ ਅਜੇਹੇ ਕੁਟਲ ਲੋਕਾਂ ਦੇ ਸਾਹਮਣੇ ਬੇਬਸ ਹੋਇਆ ਨਜ਼ਰ ਆ ਰਹੀ ਹੈ। ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਕੇਵਲ ਸਮਰੱਥ ਸਤਿਗੁਰੂ ਜੀ ਦੀ ਸਰਨ ਵਿਚ ਆਉਣ ਦੀ ਢਿੱਲ ਹੈ-" ਅਨੇਕ **ਜਨਮ ਕੇ ਵਿਛੁੜੇ ਜਨ ਮੇਲੇ ਜਾ ਸਤਿ ਸਤਿ ਸਤਿਗੁਰ ਸਰਣਿ ਪਵਈਆ ॥੪॥** {੮੩੬} ਇਹ ਵੀ ਨਾ ਭੁੱਲੀਏ ਕਿ, ਸਤਿਗੁਰਾਂ ਦੀ ਦੀ ਸਰਨ ਵਿਚ ਆਉਣ ਦਾ ਅਰਥ, ਗੁਰਦੇਵ ਜੀ ਦੀ ਸਿਖਿਆ ਤੇ ਤੁਰ ਕੇ ਅਪਣੀ ਜੀਵਨ ਜੁਗਤ ਸੁਅਰਨ ਦੇ ਉੱਦਮੀ ਬਣਨਾ ਹੁੰਦਾ ਹੈ। ਅਤੇ ਗੁਰਮਖਿ ਬਣਿਆ (-ਗੁਰੂ ਦੀ ਸਿਖਿਆ ਤੇ ਤੁਰਨ ਵਾਲਾ ਹੀ ਗੁਰਮੁਖਿ ਹੁੰਦਾ ਹੈ) ਹੀ ਅਸੀਂ **ਆਦਿ ਸਚੁ** ਨਾਲ ਜੁੜ ਸਕਾਂਗੇ। ਸਚਿਆਰ ਬਣਨਾ ਲੋੜਦੇ ਹਾਂ ਤਾਂ ਸਚੁ ਦੇ ਅਵਤਾਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ**ਸਚੁ ਦੇ ਦਰਸ਼ਨ** ਕਰਨ ਲਈ, ਪੂਰੀ ਤਰ੍ਹਾਂ--**ਸਾਵਧਾਨ ਅਤੇ ਏਕਾਗਰ ਚੀਤ**-ਹੋਈਏ। ਤਾਂ ਜੋ, ਸਤਿਗੁਰੂ ਜੀ ਦੇ ਸ਼ਬਦ-ਗਿਆਨ ਨੂੰ ਸਮਝ ਕੇ ਉਸ ਅਨੁਸਾਰ ਜੀਵਨ-ਜੁਗਤਿ ਸੁਅਰਾਨ ਦੇ ਆਹਰੇ ਲੱਗ ਸਕੀਏ ਜੀ। ਸਚ ਪ੍ਰਤੀ ਗੁਰੂ ਉਪਦੇਸ਼ ਦੀ ਵਿਚਾਰ

ਅਰੰਭ ਕਰਨ ਤੋਂ ਪਹਿਲਾਂ ਆਉ ਆਪਣੇ ਅਨੁਪਮ ਸਤਿਗੁਰੂ ਜੀ ਦੀ ਪਛਾਣ ਤਾਜ਼ੀ ਕਰ ਲਈਏ " **ਸਚੁ** " ਬਾਣੀ ਦੇ ਨਿਧਿ, ਸਚ ਦੀ ਸੋਝੀ ਕਰਾਉਣ ਵਾਲੇ ਨਿਆਰੇ ਗਿਆਨ ਦੇ ਮਹਾਂ ਸਾਗਰ, ਗੁਰਦੇਵ ਜੀ ਬਾਰੇ ਗੁਰੁਬਾਣੀ ਦਾ ਫ਼ੁਰਮਾਨ :--

੯੨- ਜਉ ਗੁਰਦੇਉ ਤ ਮਿਲੈ ਮੁਰਾਰਿ ॥ ਜਉ ਗੁਰਦੇਉ ਤ ਉਤਰੈ ਪਾਰਿ ॥ ਜਉ ਗੁਰਦੇਉ ਤ ਬੈਕੁੰਠ ਤਰੈ ॥ ਜਉ ਗੁਰਦੇਉ ਤ ਜੀਵਤ ਮਰੈ ॥੧॥ ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥ ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ ॥੧॥ ਰਹਾਉ ॥ ਜਉ ਗੁਰਦੇਉ ਤ ਨਾਮੁ ਦ੍ਰਿੜਾਵੈ ॥ ਜਉ ਗੁਰਦੇਉ ਨ ਦਹ ਦਿਸ ਧਾਵੈ ॥ ਜਉ ਗੁਰਦੇਉ ਪੰਚ ਤੇ ਦੂਰਿ ॥ ਜਉ ਗੁਰਦੇਉ ਨ ਮਰਿਬੋ ਝੂਰਿ ॥੨॥ ਜਉ ਗੁਰਦੇਉ ਤ ਅੰਮ੍ਰਿਤ ਬਾਨੀ ॥ ਜਉ ਗੁਰਦੇਉ ਤ ਅਕਥ ਕਹਾਨੀ ॥ ਜਉ ਗੁਰਦੇਉ ਤ ਅੰਮ੍ਰਿਤ ਦੇਹ ॥ ਜਉ ਗੁਰਦੇਉ ਨਾਮੁ ਜਪ ਲਿਹਿ ॥੩॥ ਜਉ ਗੁਰਦੇਉ ਭਵਨ ਤ੍ਰੈ ਸੂਝੈ ॥ ਜਉ ਗੁਰਦੇਉ ਊਚ ਪਦ ਬੂਝੈ ॥ ਜਉ ਗੁਰਦੇਉ ਤ ਸੀਸੁ ਅਕਾਸਿ ॥ ਜਉ ਗੁਰਦੇਉ ਸਦਾ ਸਾਬਾਸਿ ॥੪॥ ਜਉ ਗੁਰਦੇਉ ਸਦਾ ਬੈਰਾਗੀ ॥ ਜਉ ਗੁਰਦੇਉ ਪਰ ਨਿੰਦਾ ਤਿਆਗੀ ॥ ਜਉ ਗੁਰਦੇਉ ਬੁਰਾ ਭਲਾ ਏਕ ॥ ਜਉ ਗੁਰਦੇਉ ਲਿਲਾਟਹਿ ਲੇਖ ॥੫॥ ਜਉ ਗੁਰਦੇਉ ਕੰਧੁ ਨਹੀ ਹਿਰੈ ॥ ਜਉ ਗੁਰਦੇਉ ਦੇਹੁਰਾ ਫਿਰੈ ॥ ਜਉ ਗੁਰਦੇਉ ਤ ਛਾਪਰਿ ਛਾਈ ॥ ਜਉ ਗੁਰਦੇਉ ਸਿਹਜ ਨਿਕਸਾਈ ॥੬॥ ਜਉ ਗੁਰਦੇਉ ਤ ਅਠਸਠਿ ਨਾਇਆ ॥ ਜਉ ਗੁਰਦੇਉ ਤਨਿ ਚਕ੍ਰ ਲਗਾਇਆ ॥ ਜਉ ਗੁਰਦੇਉ ਤ ਦੁਆਦਸ ਸੇਵਾ ॥ ਜਉ ਗੁਰਦੇਉ ਸਭੈ ਬਿਖੁ ਮੇਵਾ ॥੭॥ ਜਉ ਗੁਰਦੇਉ ਤ ਸੰਸਾ ਟੂਟੈ ॥ ਜਉ ਗੁਰਦੇਉ ਤ ਜਮ ਤੇ ਛੂਟੈ ॥ ਜਉ ਗੁਰਦੇਉ ਤ ਭਉਜਲ ਤਰੈ ॥ ਜਉ ਗੁਰਦੇਉ ਤ ਜਨਮਿ ਨ ਮਰੈ ॥੮॥ ਜਉ ਗੁਰਦੇਉ ਅਠਦਸ ਬਿਉਹਾਰ ॥ ਜਉ ਗੁਰਦੇਉ ਅਠਾਰਹ ਭਾਰ ॥ ਬਿਨੁ ਗੁਰਦੇਉ ਅਵਰ ਨਹੀ ਜਾਈ ॥ ਨਾਮਦੇਉ ਗੁਰ ਕੀ ਸਰਣਾਈ ॥੯॥੧॥੨॥੧੧॥ {੧੧੬੭}

ਮਸਾਂ ਹੀ ਝੂਠ ਦੁਰਗੰਧ ਤੋਂ ਪਿੱਛਾ ਛੁੱਟਾ ਹੈ ਤੇ ਸਚੁ ਦੇ ਸੁਗੰਧਤ ਵਾਤਾ-ਵਰਨ ਵਿਚ ਆਏ ਹਾਂ।

ਸਤਿਗੁਰੂ ਜੀ ਦਾ ਫ਼ੁਰਮਤਨ " ਕਿਰਤਮ ਨਾਮ ਕਥੇ ਤੇਰੇ ਜਿਹਬਾ ॥ **ਸਤਿ** ਨਾਮੁ ਤੇਰਾ ਪਰਾ ਪੂਰਬਲਾ ॥ ਕਹੁ ਨਾਨਕ ਭਗਤ ਪਏ ਸਰਣਾਈ ਦੇਹੁ ਦਰਸੁ ਮਨਿ ਰੰਗੁ ਲਗਾ ॥੨੦॥ "{੧੦੮੩} ਆਉ ਪਰਾ ਪੂਰਬਲਾ " **ਸਤਿ** " ਨਾਮ ਦੀਆਂ ਸੁਗੰਧੀਆਂ ਰੱਜ ਰੱਜ ਕੇ ਮਾਣੀਏ:--

੯੩- ਸਸਾ ਸਤਿ ਸਤਿ ਸਤਿ ਸੋਊ ॥ ਸਤਿ ਪੁਰਖ ਤੇ ਭਿੰਨ ਨ ਕੋਊ ॥ ਸੋਊ ਸਰਨਿ ਪਰੈ ਜਿਹ ਪਾਯੰ ॥ ਸਿਮਰਿ ਸਿਮਰਿ ਗੁਨ ਗਾਇ ਸੁਨਾਯੰ ॥ ਸੰਸੈ ਭਰਮੁ ਨਹੀ ਕਛੁ ਬਿਆਪਤ ॥ ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ ॥ ਸੋ ਸਾਧੂ ਇਹ ਪਹੁਚਨਹਾਰਾ ॥ ਨਾਨਕ ਤਾ ਕੈ ਸਦ ਬਲਿਹਾਰਾ ॥੩॥ {੨੫੦}

੯੪- ਸਤਿ ਸਤਿ ਸਤਿ ਪ੍ਰਭੁ ਸੁਆਮੀ ॥ ਗੁਰ ਪਰਸਾਦਿ ਕਿਨੈ ਵਖਿਆਨੀ ॥ ਸਚੁ ਸਚੁ ਸਚੁ ਸਭੁ ਕੀਨਾ ॥ ਕੋਟਿ ਮਧੇ ਕਿਨੈ ਬਿਰਲੈ ਚੀਨਾ ॥ ਭਲਾ ਭਲਾ ਭਲਾ ਤੇਰਾ ਰੂਪ ॥ ਅਤਿ ਸੁੰਦਰ ਅਪਾਰ ਅਨੂਪ ॥ ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ ॥ ਘਟਿ ਘਟਿ ਸੁਨੀ ਸ੍ਰਵਨ ਬਖ੍ਯਾਣੀ ॥ ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ ॥ ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥੮॥੧੨॥ {੨੭੯}

੯੫- ਰੂਪੁ ਸਤਿ ਜਾ ਕਾ ਸਤਿ ਅਸਥਾਨੁ ॥ ਪੁਰਖੁ ਸਤਿ ਕੇਵਲ ਪਰਧਾਨੁ ॥ ਕਰਤੂਤਿ ਸਤਿ ਸਤਿ ਜਾ ਕੀ ਬਾਣੀ ॥ ਸਤਿ ਪੁਰਖ ਸਭ ਮਾਹਿ ਸਮਾਣੀ ॥ ਸਤਿ ਕਰਮੁ ਜਾ ਕੀ ਰਚਨਾ ਸਤਿ ॥ ਮੂਲੁ ਸਤਿ ਸਤਿ ਉਤਪਤਿ ॥ ਸਤਿ ਕਰਣੀ ਨਿਰਮਲ ਨਿਰਮਲੀ ॥ ਜਿਸਹਿ ਬੁਝਾਏ ਤਿਸਹਿ ਸਭ ਭਲੀ ॥ ਸਤਿ ਨਾਮੁ ਪ੍ਰਭ ਕਾ ਸੁਖਦਾਈ ॥ ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥੬॥ ਸਤਿ ਬਚਨ ਸਾਧੂ ਉਪਦੇਸ ॥ ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ ॥ ਸਤਿ ਨਿਰਤਿ ਬੂਝੈ ਜੇ ਕੋਇ ॥ ਨਾਮੁ ਜਪਤ ਤਾ ਕੀ ਗਤਿ ਹੋਇ ॥ ਆਪਿ ਸਤਿ ਕੀਆ ਸਭੁ ਸਤਿ ॥ ਆਪੇ ਜਾਨੈ ਅਪਨੀ ਮਿਤਿ ਗਤਿ ॥ ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥ ਅਵਰ ਨ ਬੂਝਿ ਕਰਤ ਬੀਚਾਰੁ ॥ ਕਰਤੇ ਕੀ ਮਿਤਿ ਨ ਜਾਨੈ ਕੀਆ ॥ ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥੭॥ ਬਿਸਮਨ ਬਿਸਮ ਭਏ ਬਿਸਮਾਦ ॥ ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥ ਪ੍ਰਭ ਕੈ ਰੰਗਿ ਰਾਚਿ ਜਨ ਰਹੇ ॥ ਗੁਰ ਕੈ ਬਚਨਿ ਪਦਾਰਥ ਲਹੇ ॥ ਓਇ ਦਾਤੇ ਦੁਖ ਕਾਟਨਹਾਰ ॥ ਜਾ ਕੈ ਸੰਗਿ ਤਰੈ ਸੰਸਾਰ ॥ ਜਨ ਕਾ ਸੇਵਕੁ ਸੋ ਵਡਭਾਗੀ ॥ ਜਨ ਕੈ ਸੰਗਿ ਏਕ ਲਿਵ ਲਾਗੀ ॥ ਗੁਨ ਗੋਬਿਦ ਕੀਰਤਨੁ ਜਨੁ ਗਾਵੈ ॥ ਗੁਰ ਪ੍ਰਸਾਦਿ ਨਾਨਕ ਫਲੁ ਪਾਵੈ ॥੮॥੧੬॥ ਸਲੋਕੁ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥੧॥ ਅਸਟਪਦੀ ॥ ਚਰਨ ਸਤਿ ਸਤਿ ਪਰਸਨਹਾਰ ॥ ਪੂਜਾ ਸਤਿ ਸਤਿ ਸੇਵਦਾਰ ॥

ਦਰਸਨੁ ਸਤਿ ਸਤਿ ਪੇਖਨਹਾਰ ॥ ਨਾਮੁ ਸਤਿ ਸਤਿ ਧਿਆਵਨਹਾਰ ॥ ਆਪਿ ਸਤਿ ਸਤਿ ਸਭ ਧਾਰੀ ॥ ਆਪੇ ਗੁਣ ਆਪੇ ਗੁਣਕਾਰੀ ॥ ਸਬਦੁ ਸਤਿ ਸਤਿ ਪ੍ਰਭੁ ਬਕਤਾ ॥ ਸੁਰਤਿ ਸਤਿ ਸਤਿ ਜਸੁ ਸੁਨਤਾ ॥ ਬੁਝਨਹਾਰ ਕਉ ਸਤਿ ਸਭ ਹੋਇ ॥ ਨਾਨਕ ਸਤਿ ਸਤਿ ਪ੍ਰਭੁ ਸੋਇ ॥੧॥ ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥ ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥ ਬਸਤੁ ਮਾਹਿ ਲੇ ਬਸਤੁ ਗਡਾਈ ॥ ਤਾ ਕਉ ਭਿੰਨ ਨ ਕਹਨਾ ਜਾਈ ॥ ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥{੨੮੪-੮੫}

ਸ੍ਰੀ ਅਸਿਧੁਜ ਜੀ ਦੀ ਕਥਾ ਤੋਂ ਅਰੰਭ ਹੋ ਕੇ ਦੇਵੀ ਦੇ ਚਰਿਤ੍ਰਾਂ ਵਿਚ ਅਸਾਂ ਵੇਖ ਲਿਆ ਹੈ, ਕਿ, ਗ੍ਰੰਥ ਦਾ ਲਿਖਾਰੀ ਆਪਣੇ ਆਪ ਨੂੰ ਕਰਤੇ ਦਾ ਕੀਆ ਵੀ ਲਿਖਦਾ ਹੈ, ਪਰ ਉਸੇ ਕਰਤੇ ਨੂੰ ਥਾਂ ਥਾਂ ਤੇ ਆਪਣੀ ਵਿਉਂਤਾ ਨਾਲ ਨਚਾਉਂਦਾ ਵੀ ਦਿੱਸ ਆ ਰਿਹਾ ਹੈ। ਮਹਾਂਕਾਲ ਨੂੰ ਸੈਭੰ ਅਤੇ ਸਰਬ ਸ਼ਕਤੀਮਾਨ ਵੀ ਲਿਖੀ ਜਾ ਰਿਹਾ ਹੈ, ਪਰ ਹਰ ਮੋੜ ਤੇ ਉਸ ਨੂੰ ਆਤੁਰ ਅਤੇ ਝੂਠ ਦਾ ਸਹਾਰਾ ਲੈਣ ਵਾਲਾ ਵੀ ਦਰਸਾ ਰਿਹਾ ਹੈ। **ਏਧਰ ਗੁਰੂ ਗ੍ਰੰਥ ਸਾਹਿਬ ਉਸ ਸਤਿ ਬਾਰੇ ਸਾਨੂੰ ਇਉਂ ਦਾ ਵਡਮੁੱਲਾ ਉਪਦੇਸ਼ ਦੇ ਰਹੇ ਹਨ:--**

੯੬- ਸਤਿ ਸਤਿ ਸਤਿ ਪ੍ਰਭੁ ਸੋਈ ॥ ਸਦਾ ਸਦਾ ਸਦ ਆਪੇ ਹੋਈ ॥
ਚਲਿਤ ਤੁਮਾਰੇ ਪ੍ਰਗਟ ਪਿਆਰੇ ਦੇਖਿ ਨਾਨਕ ਭਏ ਨਿਹਾਲਾ ਜੀਉ ॥੪॥ ੨੬॥੩੩॥{੧●੪}

੯੭- ਸਤਿ ਸਤਿ ਸਤਿ ਪ੍ਰਭੁ ਜਾਤਾ ॥ ਗੁਰ ਪਰਸਾਦਿ ਸਦਾ ਮਨੁ ਰਾਤਾ ॥ ਸਿਮਰਿ ਸਿਮਰਿ ਜੀਵਹਿ ਜਨ ਤੇਰੇ ਏਕੰਕਾਰਿ ਸਮਾਈ ਹੇ ॥੧੫॥ ਭਗਤ ਜਨਾ ਕਾ ਪ੍ਰੀਤਮੁ ਪਿਆਰਾ ॥ ਸਭੈ ਉਧਾਰਣੁ ਖਸਮੁ ਹਮਾਰਾ ॥ ਸਿਮਰਿ ਨਾਮੁ ਪੁੰਨੀ ਸਭ ਇਛਾ ਜਨ ਨਾਨਕ ਪੈਜ ਰਖਾਈ ਹੇ ॥੧੬॥੧॥ {੧●੭੨}

੯੮- ਸਤਿ ਸਤਿ ਸਤਿ ਪ੍ਰਭੁ ਸੋਈ ॥ ਸਦਾ ਸਦਾ ਸਦ ਆਪੇ ਹੋਈ ॥
ਚਲਿਤ ਤੁਮਾਰੇ ਪ੍ਰਗਟ ਪਿਆਰੇ ਦੇਖਿ ਨਾਨਕ ਭਏ ਨਿਹਾਲਾ ਜੀਉ ॥੪॥ ੨੬॥੩੩॥ {੧●੭੨}

੯੯- ਸਤਿ ਸਤਿ ਹਰਿ ਸਤਿ ਸੁਆਮੀ ਸਤਿ ਸਾਧਸੰਗੇਹੁ ॥
ਸਤਿ ਤੇ ਜਨ ਜਿਨ ਪਰਤੀਤਿ ਉਪਜੀ ਨਾਨਕ ਨਹ ਭਰਮੇਹੁ ॥੨॥੯੧॥੧੧੪॥ {੧੨੨੬}

੧●●- ਹਰਿ ਤੁਮ੍ ਵਡ ਵਡੇ ਵਡੇ ਵਡ ਊਚੇ ਸਭ ਊਪਰਿ ਵਡੇ ਵਡੌਨਾ ॥ ਜੋ ਧਿਆਵਹਿ ਹਰਿ ਅਪਰੰਪਰੁ ਹਰਿ ਹਰਿ ਹਰਿ ਧਿਆਇ ਹਰੇ ਤੇ ਹੋਨਾ ॥ ਜੋ ਗਾਵਹਿ ਸੁਣਹਿ ਤੇਰਾ ਜਸੁ ਸੁਆਮੀ ਤਿਨ ਕਾਟੇ ਪਾਪ ਕਟੋਨਾ ॥ ਤੁਮ ਜੈਸੇ ਹਰਿ ਪੁਰਖ ਜਾਨੇ ਮਤਿ ਗੁਰਮਤਿ ਮੁਖਿ ਵਡ ਵਡ ਭਾਗ ਵਡੋਨਾ ॥ ਸਭਿ ਧਿਆਵਹੁ ਆਦਿ ਸਤੇ ਜੁਗਾਦਿ ਸਤੇ ਪਰਤਖਿ ਸਤੇ ਸਦਾ ਸਦਾ ਸਤੇ ਜਨੁ ਨਾਨਕੁ ਦਾਸੁ ਦਸੋਨਾ ॥੫॥ {੧੩੧੫}-ਵਾਰ

੧●੧- ਸਤਿ ਸਤਿ ਹਰਿ ਸਤਿ ਸਤਿ ਸਤੇ ਸਤਿ ਭਣੀਐ ॥ ਦੂਸਰ ਆਨ ਨ ਅਵਰੁ ਪੁਰਖੁ ਪਊਰਾਤਨੁ ਸੁਣੀਐ ॥ ਅੰਮ੍ਰਿਤੁ ਹਰਿ ਕੋ ਨਾਮੁ ਲੈਤ ਮਨਿ ਸਭ ਸੁਖ ਪਾਏ ॥ ਜੇਹ ਰਸਨ ਚਾਖਿਓ ਤੇਹ ਜਨ ਤ੍ਰਿਪਤਿ ਅਘਾਏ ॥ ਜਿਹ ਠਾਕੁਰੁ ਸੁਪ੍ਰਸੰਨੁ ਭਯੋ ਸਤਸੰਗਤਿ ਤਿਹ ਪਿਆਰੁ ॥ ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤਿਨ੍ ਸਭ ਕੁਲ ਕੀਓ ਉਧਾਰੁ ॥੬॥ ਸਚੁ ਸਭਾ ਦੀਬਾਣੁ ਸਚੁ ਸਚੇ ਪਹਿ ਧਰਿਓ ॥ ਸਚੈ ਤਖਤਿ ਨਿਵਾਸੁ ਸਚੁ ਤਪਾਵਸੁ ਕਰਿਓ ॥ ਸਚਿ ਸਿਰਜਿਉ ਸੰਸਾਰੁ ਆਪਿ ਆਭੁਲੁ ਨ ਭੁਲਉ ॥ ਰਤਨ ਨਾਮੁ ਅਪਾਰੁ ਕੀਮ ਨਹੁ ਪਵੈ ਅਮੁਲਉ ॥ ਜਿਹ ਕ੍ਰਿਪਾਲੁ ਹੋਯਉ ਗੋੁਬਿੰਦੁ ਸਰਬ ਸੁਖ ਤਿਨਹੂ ਪਾਏ ॥ ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਬਹੁੜਿ ਫਿਰਿ ਜੋਨਿ ਨ ਆਏ ॥੭॥ {੧੩੯੬}

**ਅਰਥ**:-(ਮਹਾਂਪੁਰਖ ਸਦਾ ਤੋਂ ) ਕਹਿੰਦੇ ਆਏ ਹਨ ਕਿ ਹਰੀ ਸਦਾ ਅਟੱਲ ਹੈ, ਸਦਾ ਕਾਇਮ ਰੁਹਣ ਵਾਲਾ ਹੈ, ਪੁਹੀ ਪੁਰਾਤਨ ਪੁਰਖ ਸੁਣੀਦਾ ਹੈ (ਭਾਵ, ਸਭ ਦਾ ਮੁੱਢ ਹੈ), ਕੋਈ ਹੋਰ ਉਸ ਵਰਗਾ ਨਹੀਂ ਹੈ। ਹੇ ਮਨ ! ਜਿਨ੍ਹਾਂ ਨੇ ਹਰੀ ਦਾ ਅਤਮਕ ਜੀਵਨ ਦੇਣ ਵਾਲਾ ਨਾਮ ਲਿਆ ਹੈ, ਉਨ੍ਹਾਂ ਨੂੰ ਸਾਰੇ ਸੁਖ ਲੱਭ ਪਏ ਹਨ। ਜਿੰਨ੍ਹਾ ਨੇ (ਨਾਮ-ਅੰਮ੍ਰਿਤ) ਜੀਭ ਨਾਲ ਚੱਖਿਆ ਹੈ, ਉਹ ਮਨੁੱਖ ਰੱਜ ਗਏ ਹਨ (ਭਾਵ, ਹੋਰ ਰਸਾਂ ਦੀ ਉਨ੍ਹਾਂ ਨੂੰ ਤਾਂਘ ਨਹੀਂ ਰਹੀ). ਜਿੰਨ੍ਹਾਂ ਮਨੁੱਖਾਂ ਉੱਤੇ ਮਾਲਕ-ਪ੍ਰਭੂ ਦਇਆਵਾਨ ਹੋ ਗਿਆ ਹੈ, ਉਨ੍ਹਾਂ ਦਾ ਸਾਧ (ਗੁਰੂ ਗ੍ਰੰਥ ਸਾਹਿਬ ਜੀ ਦੀ) ਸੰਗਤਿ ਵਿਚ ਪ੍ਰੇਮ (ਪੈ ਗਿਆ ਹੈ। (ਇਹੋ ਜਿਹੇ) ਹਰੀ-ਰੂਪ ਗੁਰੂ ਨਾਨਕ (ਦੇ ਚਰਨਾਂ) ਨੂੰ ਜਿੰਨ੍ਹਾਂ ਪਰਸਿਆ ਉਨ੍ਹਾਂ ਮਨੁੱਖਾਂ ਨੇ ਆਪਣੀ ਸਾਰੀ ਕੁਲ ਦਾ ਬੇੜਾ ਪਾਰ ਕਰ ਲਿਆ। ੬ ।

(ਅਕਾਲਪੁਰਖ ਦੀ) ਸਭਾ ਸਦਾ ਅਟੱਲ ਰਹਿਣ ਵਾਲੀ ਹੈ, (ਉਸ ਦੀ) ਕਚਿਹਿਰੀ ਸਦਾ ਥਿਰ ਹੈ, (ਅਕਾਲ ਪੁਰਖ ਨੇ ਆਪਣਾ ਆਪ) ਆਪਣੇ ਸਾਦ-ਥਿਰ-ਰੂਪ ਗੁਰੂ ਕੋਲ ਰਖਿਆ ਹੋਇਆ ਹੈ, (ਭਾਵ, ਹਰੀ ਗੁਰੂ ਦੀ ਰਾਹੀਂ ਮਿਲਦਾ ਹੈ), (ਅਕਾਲ ਪੁਰਖ ਦਾ) ਟਿਕਾਣਾ ਸਦਾ ਕਾਇਮ ਰਹਣ ਵਾਲੇ ਆਸਣ ਤੇ ਹੈ, ਅਤੇ ਉਹ ਸਦਾ ਸਚਾ ਨਿਆਂ ਕਰਦਾ ਹੈ। ਸਦਾ ਥਿਰ ਸੱਚੇ (ਅਕਾਲਪੁਰਖ) ਨੇ, ਜਗਤ ਨੂੰ ਰਚਿਆ ਹੈ, ਉਹ ਆਪ ਕਦੇ

ਭੁੱਲਣਹਾਰ ਨਹੀਂ, ਕਦੇ ਭੁੱਲ ਨਹੀਂ ਕਰਦਾ। (ਅਕਾਲਪੁਰਖ ਦਾ) ਸ੍ਰੇਸ਼ਟ ਨਾਮ ਵੀ ਬੇਅੰਤ ਹੈ, ਅਮੋਲਕ ਹੈ, (ਉਸ ਦੇ ਨਾਮ ਦਾ ਕਦੀ ਮੁੱਲ ਨਹੀਂ ਪੈ ਸਕਦਾ। ਜਿੰਨ੍ਹਾਂ ਮਨੁੱਖਾਂ ਉੱਤੇ ਪਰਮਾਤਮਾ ਦਇਆਵਾਨ ਹੋਇਆ ਹੈ, ਉਨ੍ਹਾਂ ਨੂੰ ਸਾਰੇ ਸੁਖ ਮਿਲੇ ਹਨ। (ਅਜੇਹੇ ਗੁਣਾਂ ਵਾਲੇ) ਅਕਾਲ ਪੁਰਖ ਦੇ ਰੂਪ ਗੁਰੂ ਨਾਨਕ (ਦੇ ਚਰਨਾਂ) ਨੂੰ ਜਿੰਨ੍ਹਾਂ ਪਰਸਿਆ ਹੈ, (ਫਾਵ, ਜਿਮਨ੍ਹਾਂ ਨੇ ਨਿਮਰਤਾ ਸਹਿਤ ਉਨ੍ਹਾਂ ਦੀ ਸਿਖਿਆ ਦੀ ਪਾਲਣਾ ਕੀਤੀ) ਉਹ ਫਿਰ ਪਰਤ ਕੇ ਜਨਮ (ਮਰਣ) ਵਿਚ ਨਹੀਂ ਆਏ । ੭ ।

ਉਪ੍ਰਕਤ ਗੁਰੂ ਸ਼ਬਦਾਂ ਵਿਚ " ਸਤਿ " ਸਦੀਵੀ ਅਟੱਲਤਾ ਦੇ ਅਰਥਾਂ ਵਿਚ ਹੈ ਅਵਾ ਸਦਾ ਥਿਰ ਸਦੀਵੀ ਹੋਂਦ ਵਾਲੇ ਪਰਮਾਤਮਾ ਲਈ ਆਇਆ ਹੈ। ਅਗਲੇ ਗੁਰੂ ਸ਼ਬਦ ਵਿਚ ਤਿੰਨ ਵਾਰੀ ਸਤਿ ਯਕੀਨੀ ਸਚੀ ਗੱਲ ਲਈ ਆਇਆ ਹੈ:--

੧●੨- **ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ** ਸਾਧਾ ॥ ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ ॥੧॥ ਰਹਾਉ ॥ ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥ ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥੧॥ ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥ ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥੨॥ ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥ ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥੩॥ ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ ॥ ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥੪॥੬॥{੧੨●੪}

**ਮੂਲਮੰਤ੍ਰ ਵਿਚ** ਅਕਾਲ ਪੁਰਖ ਸਿਰਜਣ ਹਾਰ ਦਾ ਨਾਮ ਸਤਿ ਫ਼ੁਰਮਾਨ ਕਰਨ ਤੋਂ ਝਟ ਪਟ ਨਾਲ ਹੀ ਉਸ ਸਦੀਵੀ **ਸੱਤਿ** " ਦੀ ਵਿਅਖਿਅ ਇਉ ਫ਼ੁਰਮਾਨ ਕੀਤੀ ਗਈ--**ਆਦਿ ਸਚੁ ਜੁਗਾਦਿ ਸਚੁ** ॥ **ਹੈ ਭੀ ਸਚੁ** ਨਾਨਕ **ਹੋਸੀ ਭੀ ਸਚੁ** ॥੧॥ ਇਸ ਸਚ ਦੀ ਵਡਿਆਈ ਵਿਚ ਬੇਅੰਤ ਗੁਰੂ ਬਾਣੀ ਸ਼ਬਦ ਰਚ ਕੇ ਮਨੁੱਖ ਮਾਤਰ ਨੂੰ ਉਸ ਸਦੀਵੀ " ਸਚੁ " ਜੁੜ ਕੇ ਸਦੀਵੀ ਸੁਖੀ ਹੋਣ ਦੀ ਸੁਮਤਿ ਬਖ਼ਸ਼ਸ਼ ਕੀਤੀ?:-

੧●੩- ਹਉ ਵਾਰੀ ਜੀਉ ਵਾਰੀ **ਸਚੁ ਸਚਾ** ਹਿਰਦੈ ਵਸਾਵਣਿਆ ॥
**ਸਚਾ** ਨਾਮੁ ਸਦਾ ਹੈ ਨਿਰਮਲੁ ਗੁਰ ਸਬਦੀ ਮੰਨਿ ਵਸਾਵਣਿਆ ॥੧॥ ਰਹਾਉ ॥ {੧੨੬}-

੧●੪- ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚਾ ਗੋਸਾਈ ॥ ਤੁਧੁਨੋ ਸਭ ਧਿਆਇਦੀ ਸਭ ਲਗੈ ਤੇਰੀ ਪਾਈ ॥ ਤੇਰੀ ਸਿਫਤਿ ਸੁਆਲਿਉ ਸਰੂਪ ਹੈ ਜਿਨਿ ਕੀਤੀ ਤਿਸੁ ਪਾਰਿ ਲਘਾਈ ॥ ਗੁਰਮੁਖਾ ਨੋ ਫਲੁ ਪਾਇਦਾ ਸਚਿ ਨਾਮਿ ਸਮਾਈ ॥ ਵਡੇ ਮੇਰੇ ਸਾਹਿਬਾ ਵਡੀ ਤੇਰੀ ਵਡਿਆਈ ॥੧॥ {੩●੧}-ਵਾਰ

੧●੫- ਇਹੁ ਜਗੁ **ਸਚੈ ਕੀ ਹੈ ਕੋਠੜੀ ਸਚੇ ਕਾ** ਵਿਚਿ ਵਾਸੁ ॥ ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ ॥ ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥ ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥ ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥{੪੬੩}-ਵਾ-੨

੧●੬- **ਸਚੁ ਸਚਾ** ਸਭ ਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ ॥ ਸੋ ਸਤਿਗੁਰੁ ਜਿ **ਸਚੁ** ਧਿਆਇਦਾ **ਸਚੁ ਸਚਾ** ਸਤਿਗੁਰੁ ਇਕੇ ॥ ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥ ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ ॥ ਓਇ ਬੋਲੇ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ ॥੮॥ {੩●੪}-ਵਾਰ

੧●੭- **ਤੁਹੈ ਸਚਾ ਸਚੁ** ਤੂ ਸਭ ਦੂ ਉਪਰਿ ਤੂ ਦੀਬਾਣੁ ॥ ਜੋ ਤੁਧੁ **ਸਚੁ** ਧਿਆਇਦੇ ਸਚੁ ਸੇਵਨਿ ਸਚੇ ਤੇਰਾ ਮਾਣੁ ॥ ਓਨਾ ਅੰਦਰਿ ਸਚੁ ਮੁਖ ਉਜਲੇ ਸਚੁ ਬੋਲਨਿ ਸਚੇ ਤੇਰਾ ਤਾਣੁ ॥ ਸੇ ਭਗਤ ਜਿਨੀ ਗੁਰਮੁਖਿ ਸਾਲਾਹਿਆ ਸਚੁ ਸਬਦੁ ਨੀਸਾਣੁ ॥ ਸਚੁ ਜਿ ਸਚੇ ਸੇਵਦੇ ਤਿਨ ਵਾਰੀ ਸਦ ਕੁਰਬਾਣੁ ॥੧੩॥{੩●੭}

੧●੮- **ਸਚੁ ਸੁਤਿਆ** ਜਿਨੀ ਅਰਾਧਿਆ ਜਾ ਉਠੇ ਤਾ **ਸਚੁ ਚਵੇ** ॥ ਸੇ ਵਿਰਲੇ ਜੁਗ ਮਹਿ ਜਾਣੀਅਹਿ ਜੋ **ਗੁਰਮੁਖਿ ਸਚੁ ਰਵੇ** ॥ ਹਉ ਬਲਿਹਾਰੀ ਤਿਨ ਕਉ ਜਿ **ਅਨਦਿਨੁ ਸਚੁ** ਲਵੇ ॥ ਜਿਨ ਮਨਿ ਤਨਿ **ਸਚਾ** ਭਾਵਦਾ ਸੇ **ਸਚੀ ਦਰਗਹ** ਗਵੇ ॥ ਜਨੁ ਨਾਨਕੁ ਬੋਲੈ **ਸਚੁ ਨਾਮੁ ਸਚੁ ਸਚਾ** ਸਦਾ ਨਵੇ ॥੨੧॥ {੩੧੨}

੧●੯- **ਸਚੁ ਖਾਣਾ ਸਚੁ ਪੈਨਣਾ ਸਚੁ ਨਾਮੁ ਅਧਾਰੁ** ॥ ਗੁਰਿ ਪੂਰੈ ਮੇਲਾਇਆ ਪ੍ਰਭੁ ਦੇਵਣਹਾਰੁ ॥
ਭਾਗੁ ਪੂਰਾ ਤਿਨ ਜਾਗਿਆ ਜਪਿਆ ਨਿਰੰਕਾਰੁ ॥ ਸਾਧੂ ਸੰਗਤਿ ਲਗਿਆ ਤਰਿਆ ਸੰਸਾਰੁ ॥
ਨਾਨਕ ਸਿਫਤਿ ਸਲਾਹ ਕਰਿ ਪ੍ਰਭ ਕਾ ਜੈਕਾਰੁ ॥੩੫॥ {੧੨੫੧}

**ਅਰਥ**:-ਪੂਰੇ ਸਤਿਗੁਰੂ ਜੀ ਨੇ (ਜਿਸ ਮਨੁੱਖ ਨੂੰ) ਸਭ ਦਾਤਾਂ ਦੇਣ ਵਾਲਾ ਪ੍ਰਭੂ ਮਿਲਾ ਦਿੱਤਾ ਹੈ ਉਸ ਦੀ (ਜਿੰਦ ਦੀ) ਖ਼ੁਰਾਕ ਤੇ ਪੁਸ਼ਾਕ, ਪ੍ਰਭੂ ਦਾ ਨਾਮ ਹੀ ਹੋ ਜਾਂਦਾ ਹੈ, ਪ੍ਰਭੂ-ਨਾਮ ਹੀ ਉਸ ਦਾ ਅਸਰਾ ਹੋ ਜਾਂਦਾ ਹੈ (ਜਿਵੇਂ ਖ਼ੁਰਾਕ ਤੇ ਪੁਸ਼ਾਕ ਸਰੀਰ ਵਾਸਤੇ ਜ਼ਰੂਰੀ ਹਨ ਪ੍ਰਭੂ ਦਾ ਨਾਮ ਆਤਮਕ ਜੀਵਨ ਲਈ ਉਵੇਂ ਹੀ ਜ਼ਰੂਰੀ ਹੈ)। ਜੋ ਨਿਰੰਕਾਰ ਦੀ ਯਾਦ ਹਿਰਦੇ ਵਿਚ ਵਸਾਈ ਰੱਖਦੇ ਹਨ ਸਮਜੋ ਉਨ੍ਹਾਂ ਦੀ ਕਿਸਮਤ ਖੁੱਲ੍ਹ ਗਈ ਹੈ॥ ਹੇ ਨਾਨਕ ! ਸਤਸੰਗ ਦਾ ਅਸਰਾ ਲੈ ਕੇ, ਪਰਮਾਤਮਾ ਦੀ ਸਿਫ਼ਤਿ-ਸਾਲਾਹ ਪਰਮਾਤਮਾ ਦੀ ਬਡਿਆਈ ਕਰ ਕੇ ਉਹ ਮਨੁੱਖ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਦੇ ਹਨ। ੩੫ ।

੧੧੦- ਸੁਇਨਾ ਰੁਪਾ ਸੰਚੀਐ ਧਨੁ ਕਾਚਾ ਬਿਖੁ ਛਾਰੁ ॥ ਸਾਹੁ ਸਦਾਏ ਸੰਚਿ ਧਨੁ ਦੁਬਿਧਾ ਹੋਇ ਖੁਆਰੁ ॥
ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ ॥ ਹਰਿ ਨਿਰਮਾਇਲੁ ਊਜਲੋ ਪਤਿ ਸਾਚੀ ਸਚੁ ਬੋਲੁ ॥ ਸਾਜਨੁ ਮੀਤੁ ਸੁਜਾਣੁ ਤੂ ਤੂ ਸਰਵਰੁ ਤੂ ਹੰਸੁ ॥ ਸਾਚਉ ਠਾਕੁਰੁ ਮਨਿ ਵਸੈ ਹਉ ਬਲਿਹਾਰੀ ਤਿਸੁ ॥ ਮਾਇਆ ਮਮਤਾ ਮੋਹਣੀ ਜਿਨਿ ਕੀਤੀ ਸੋ ਜਾਣੁ ॥ ਬਿਖਿਆ ਅੰਮ੍ਰਿਤੁ ਏਕੁ ਹੈ ਬੂਝੈ ਪੁਰਖੁ ਸੁਜਾਣੁ ॥੪॥ {੯੩੭}

**ਅਰਥ**:-(ਆਮ ਤੌਰ ਤੇ ਜਗਤ ਵਿਚ) ਸੋਨਾ ਚਾਂਦੀ ਹੀ ਇਕੱਠਾ ਕਰੀਦਾ ਹੈ, ਪਰ ਇਹ ਧਨ ਹੋਛਾ ਹੈ, ਵਿਹੁ (-ਰੂਪ, ਭਾਵ, ਦੁਖਦਾਈ) ਹੈ (ਸੁਆਹ ਤੁਲ) ਤੁੱਛ ਹੈ। ਜੋ ਮਨੁੱਖ (ਇਹ) ਧਨ ਜੋੜ ਕੇ (ਆਪਣੇ ਆਪ ਨੂੰ) ਸ਼ਾਹ ਸਦਾਉਂਦਾ ਹੈ ਉਹ ਮੇਰ-ਤੇਰ ਵਿਚ ਦੁਖੀ ਹੁੰਦਾ ਹੈ। ਸੱਚੇ ਵਪਾਰੀ ਨੇ ਸਦਾ ਥਿਰ ਰਹਿਣ ਵਾਲਾ ਨਾਮ-ਧਨ ਇਕੱਠਾ ਕੀਤਾ ਹੈ, ਸੱਚਾ ਅਮੋਲਕ ਨਾਮ ਵਿਹਾਜਿਆ ਹੈ, ਉੱਜਲ ਤੇ ਪਵਿਤ੍ਰ ਪ੍ਰਭੂ (ਦਾ ਨਾਮ ਖੱਟਿਆ ਹੈ), ਉਨ੍ਹਾਂ ਨੂੰ ਸੱਚੀ ਇੱਜ਼ਤ ਮਿਲਦੀ ਹੈ (ਪ੍ਰਭੂ ਦਾ) ਸੱਚਾ( ਮਿੱਠਾ ਆਦਰ ਵਾਲਾ) ਬੋਲ (ਮਿਲਦਾ ਹੈ)। (ਅਰਦਾਸ ਕਰੀਏ-ਹੇ ਪ੍ਰਭੂ !) ਤੂੰ ਹੀ (ਸੱਚਾ) ਸਿਆਣਾ ਹੈਂ, ਤੂੰ ਹੀ (ਜਗਤ-ਰੂਪ) ਸਰੋਵਰ ਹੈਂ ਤੇ ਤੂੰ ਹੀ (ਇਸ ਸਰੋਵਰ ਵਿਚ ਜੀਵ-ਰੂਪ ਹੰਸ ਹੈਂ; ਮੈਂ ਸਦਕੇ ਹਾਂ ਉਸ (ਜੀਵ ਹੰਸ) ਤੋਂ ਜਿਸ ਦੇ ਮਨ ਵਿਚ ਤੂੰ ਸੱਚਾ ਠਾਕੁਰ ਵੱਸਦਾ ਹੈਂ। ਉਸ ਗੋਪਾਲ ਨੂੰ ਸਦਾ ਚੇਤੇ ਰੱਖ ਜਿਸ ਨੇ ਮੋਹਣੀ ਮਾਇਆ ਦੀ ਮਮਤਾ (ਜੀਵਾਂ ਨੂੰ) ਲਾ ਦਿੱਤੀ ਹੈ, ਜਿਸ ਕਿਸੇ ਨੇ ਉਸ ਸੁਜਾਨ ਮੁਰਖ ਪ੍ਰਭੂ ਨੂੰ ਸਮਝ ਲਿਆ ਹੈ, ਉਸ ਲਈ ਸਿਰਫ਼ (ਨਾਮ-) ਅੰਮ੍ਰਿਤ ਹੀ ਮਾਇਆ ਹੈ। ੪ ।

੧੧੧- ਅੰਬਰੁ ਧਰਤਿ ਵਿਛੋੜਿਅਨੁ ਵਿਚਿ ਸਚਾ ਅਸਰਾਉ ॥ ਘਰੁ ਦਰੁ ਸਭੋ ਸਚੁ ਹੈ ਜਿਸੁ ਵਿਚਿ ਸਚਾ ਨਾਉ ॥ ਸਭੁ ਸਚਾ ਹੁਕਮੁ ਵਰਤਦਾ ਗੁਰਮੁਖਿ ਸਚਿ ਸਮਾਉ ॥ ਸਚਾ ਆਪਿ ਤਖਤੁ ਸਚਾ ਬਹਿ ਸਚਾ ਕਰੇ ਨਿਆਉ ॥ ਸਭੁ ਸਚੋ ਸਚੁ ਵਰਤਦਾ ਗੁਰਮੁਖਿ ਅਲਖੁ ਲਖਾਈ ॥੬॥ {੯੪੯}

੧੧੨- ਕੂੜਿ ਕਪਟਿ ਬੰਚਿ ਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ ॥
ਸਤਿ ਸਤਿ ਸਤਿ ਨਾਨਕਿ ਕਹਿਆ ਅਪਨੈ ਹਿਰਦੈ ਦੇਖੁ ਸਮਾਲੇ ॥੪॥੩॥੪੨॥ {੩੮੧}

**ਅਰਥ**:-ਮਨੁੱਖ ਸੀ ਇਸ ਜਗਤ ਵਿਚ ਚਾਰ-ਰੋਜ਼ਾ ਜ਼ਿੰਦਗੀ ਹੈ ਪਰ ਇਹ ਮਾਇਆ ਦੇ ਮੋਹ ਵਿਚ ਠੱਗੀ-ਫ਼ਰੇਬ ਵਿਚ ਆਤਮਕ ਜੀਵਨ (-ਧਨ) ਲੁਟਾ ਕੇ ਬੜੀ ਛੇਤੀ ਆਤਮਕ ਮੌਤ ਮਰ ਜਾਂਦਾ ਹੈ। ਹੇ ਭਾਈ ਨਾਨਕ (ਸਾਹਿਬ ਜੀ) ਨੇ ਇਹ ਗੱਲ ਯਕੀਨੀ ਤੌਰ ਤੇ ਸਚੁ ਕਹੀ ਹੈ ਕਿ ਪਰਮਾਤਮਾ ਦੇ ਨਾਮ ਵਿਚ ਠੱਗੀ-ਫ਼ਰੇਬ ਨੂੰ ਆਪਣੇ ਹਿਰਦੇ ਵਿਚ ਵਸਾ ਕੇ ਉਸ ਨੂੰ ਆਪਣੇ ਉਂਦਰ ਵੱਸਦਾ ਇਹੀ ਅਤਮਕ ਜੀਵਨ ਹੈ, ਇਹੀ ਜੀਵਨ ਮਨੋਰਥ ਹੈ) । ੪ ।

੧੧੩- ਜਿਥੈ ਜਾਈਐ ਜਗਤ ਮਹਿ ਤਿਥੈ ਹਰਿ ਸਾਈ ॥ ਅਗੈ ਸਭੁ ਆਪੇ ਵਰਤਦਾ ਹਰਿ ਸਚਾ ਨਿਆਈ ॥
ਕੂੜਿਆਰਾ ਕੇ ਮੁਹ ਫਿਟਕੀਅਹਿ ਸਚੁ ਭਗਤਿ ਵਡਿਆਈ ॥ ਸਚੁ ਸਾਹਿਬੁ ਸਚਾ ਨਿਆਉ ਹੈ ਸਿਰਿ ਨਿੰਦਕ ਛਾਈ ॥ ਜਨ ਨਾਨਕ ਸਚੁ ਅਰਾਧਿਆ ਗੁਰਮੁਖਿ ਸੁਖੁ ਪਾਈ ॥੫॥ {੮੫੧}

੧੧੪- ਸਾਚੀ ਕਾਰ ਕਮਾਵਣੀ ਹੋਰਿ ਲਾਲਚ ਬਾਦਿ ॥ ਇਹੁ ਮਨੁ ਸਾਚੈ ਮੋਹਿਆ
ਜਿਹਵਾ ਸਚਿ ਸਾਦਿ ॥ ਬਿਨੁ ਨਾਵੈ ਕੋ ਰਸੁ ਨਹੀ ਹੋਰਿ ਚਲਹਿ ਬਿਖੁ ਲਾਦਿ ॥੧॥ {੧੦੧੧}

੧੧੫- ਸਚੁ ਸਾਲਾਹੀ ਗਹਿਰ ਗੰਭੀਰੈ ॥ ਸਭੁ ਜਗੁ ਹੈ ਤਿਸ ਹੀ ਕੈ ਚੀਰੈ ॥ ਸਭਿ ਘਟ ਭੋਗਵੈ ਸਦਾ ਦਿਨੁ ਰਾਤੀ ਆਪੇ ਸੂਖ ਨਿਵਾਸੀ ਹੇ ॥੧॥ ਸਚਾ ਸਾਹਿਬੁ ਸਚੀ ਨਾਈ ॥ ਗੁਰ ਪਰਸਾਦੀ ਮੰਨਿ ਵਸਾਈ ॥ ਆਪੇ ਆਇ ਵਸਿਆ ਘਟ ਅੰਤਰਿ ਤੂਟੀ ਜਮ ਕੀ ਫਾਸੀ ਹੇ ॥੨॥ ਕਿਸੁ ਸੇਵੀ ਤੈ ਕਿਸੁ ਸਾਲਾਹੀ ॥ ਸਤਿਗੁਰੁ ਸੇਵੀ ਸਬਦਿ ਸਾਲਾਹੀ ॥ ਸਚੈ ਸਬਦਿ ਸਦਾ ਮਤਿ ਊਤਮ ਅੰਤਰਿ ਕਮਲੁ ਪ੍ਰਗਾਸੀ ਹੇ ॥੩॥ ਦੇਹੀ ਕਾਚੀ ਕਾਗਦ ਮਿਕਦਾਰਾ ॥ ਬੂੰਦ ਪਵੈ ਬਿਨਸੈ ਢਹਤ ਨ ਲਾਗੈ ਬਾਰਾ ॥ ਕੰਚਨ ਕਾਇਆ ਗੁਰਮੁਖਿ ਬੂਝੈ ਜਿਸੁ ਅੰਤਰਿ ਨਾਮੁ ਨਿਵਾਸੀ ਹੇ ॥੪॥ ਸਚਾ ਚਉਕਾ ਸੁਰਤਿ ਕੀ ਕਾਰਾ ॥ ਹਰਿ ਨਾਮੁ ਭੋਜਨੁ ਸਚੁ ਆਧਾਰਾ ॥ ਸਦਾ ਤ੍ਰਿਪਤਿ ਪਵਿਤ੍ਰੁ ਹੈ ਪਾਵਨੁ ਜਿਤੁ ਘਟਿ ਹਰਿ ਨਾਮੁ ਨਿਵਾਸੀ ਹੇ ॥੫॥ ਹਉ ਤਿਨ ਬਲਿਹਾਰੀ ਜੋ ਸਾਚੈ ਲਾਗੇ ॥ ਹਰਿ ਗੁਣ ਗਾਵਹਿ ਅਨਦਿਨੁ ਜਾਗੇ ॥ ਸਾਚਾ ਸੂਖੁ ਸਦਾ ਤਿਨ ਅੰਤਰਿ ਰਸਨਾ ਹਰਿ ਰਸਿ ਰਾਸੀ ਹੇ ॥੬॥ ਹਰਿ ਨਾਮੁ ਚੇਤਾ ਅਵਰੁ ਨ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥ ਪੂਰੈ ਗੁਰਿ ਸਭੁ ਸਚੁ ਦਿਖਾਇਆ ਸਚੈ ਨਾਮਿ ਨਿਵਾਸੀ ਹੇ ॥੭॥ {੧੦੪੮}-੫

੧੧੬- ਸੋ ਸਚੁ ਸੇਵਿਹੁ ਸਿਰਜਣਹਾਰਾ ॥ ਸਬਦੇ ਦੂਖ ਨਿਵਾਰਣਹਾਰਾ ॥ ਅਗਮੁ ਅਗੋਚਰੁ ਕੀਮਤਿ ਨਹੀ ਪਾਈ ਆਪੇ ਅਗਮ ਅਥਾਹਾ ਹੇ ॥੧॥ ਆਪੇ ਸਚਾ ਸਚੁ ਵਰਤਾਏ ॥ ਇਕਿ ਜਨ ਸਾਚੈ ਆਪੇ ਲਾਏ ॥ ਸਾਚੋ ਸੇਵਹਿ ਸਾਚੁ ਕਮਾਵਹਿ ਨਾਮੇ ਸਚਿ ਸਮਾਹਾ ਹੇ ॥੨॥ ਧੁਰਿ ਭਗਤਾ ਮੇਲੇ ਆਪਿ ਮਿਲਾਏ ॥ ਸਚੀ ਭਗਤੀ ਆਪੇ ਲਾਏ ॥ ਸਾਚੀ ਬਾਣੀ ਸਦਾ ਗੁਣ ਗਾਵੈ ਇਸੁ ਜਨਮੈ ਕਾ ਲਾਹਾ ਹੇ ॥੩॥ ਗੁਰਮੁਖਿ ਵਣਜੁ ਕਰਹਿ ਪਰੁ ਆਪੁ ਪਛਾਣਹਿ ॥ ਏਕਸ ਬਿਨੁ ਕੋ ਅਵਰੁ ਨ ਜਾਣਹਿ ॥ ਸਚਾ ਸਾਹੁ ਸਚੇ ਵਣਜਾਰੇ ਪੂੰਜੀ ਨਾਮੁ ਵਿਸਾਹਾ ਹੇ ॥੪॥ ਆਪੇ ਸਾਜੇ ਸ੍ਰਿਸਟਿ ਉਪਾਏ ॥ ਵਿਰਲੇ ਕਉ ਗੁਰ ਸਬਦੁ ਬੁਝਾਏ ॥ ਸਤਿਗੁਰੁ ਸੇਵਹਿ ਸੇ ਜਨ ਸਾਚੇ ਕਾਟੇ ਜਮ ਕਾ ਫਾਹਾ ਹੇ ॥੫॥ ਭੰਨੈ ਘੜੇ ਸਵਾਰੇ ਸਾਜੇ ॥ ਮਾਇਆ ਮੋਹਿ ਦੂਜੈ ਜੰਤ ਪਾਜੇ ॥ ਮਨਮੁਖ ਫਿਰਹਿ ਸਦਾ ਅੰਧੁ ਕਮਾਵਹਿ ਜਮ ਕਾ ਜੇਵੜਾ ਗਲਿ ਫਾਹਾ ਹੇ ॥੬॥ ਆਪੇ ਬਖਸੇ ਗੁਰ ਸੇਵਾ ਲਾਏ ॥ ਗੁਰਮਤੀ ਨਾਮੁ ਮੰਨਿ ਵਸਾਏ ॥ ਅਨਦਿਨੁ ਨਾਮੁ ਧਿਆਏ ਸਾਚਾ ਇਸੁ ਜਗ ਮਹਿ ਨਾਮੋ ਲਾਹਾ ਹੇ ॥੭॥ ਆਪੇ ਸਚਾ ਸਚੀ ਨਾਈ ॥ ਗੁਰਮੁਖਿ ਦੇਵੈ ਮੰਨਿ ਵਸਾਈ ॥ ਜਿਨ ਮਨਿ ਵਸਿਆ ਸੇ ਜਨ ਸੋਹਹਿ ਤਿਨ ਸਿਰਿ ਚੁਕਾ ਕਾਹਾ ਹੇ ॥੮॥ ਅਗਮ ਅਗੋਚਰੁ ਕੀਮਤਿ ਨਹੀ ਪਾਈ ॥ ਗੁਰ ਪਰਸਾਦੀ ਮੰਨਿ ਵਸਾਈ ॥ ਸਦਾ ਸਬਦਿ ਸਾਲਾਹੀ ਗੁਣਦਾਤਾ ਲੇਖਾ ਕੋਇ ਨ ਮੰਗੈ ਤਾਹਾ ਹੇ ॥੯॥ ਬ੍ਰਹਮਾ ਬਿਸਨੁ ਰੁਦ੍ਰੁ ਤਿਸ ਕੀ ਸੇਵਾ ॥ ਅੰਤੁ ਨ ਪਾਵਹਿ ਅਲਖ ਅਭੇਵਾ ॥ ਜਿਨ ਕਉ ਨਦਰਿ ਕਰਹਿ ਤੂ ਅਪਣੀ ਗੁਰਮੁਖਿ ਅਲਖੁ ਲਖਾਹਾ ਹੇ ॥੧੦॥ {੧੦੫੩}-੧-੧੦

੧੧੭- ਗੁਰਮੁਖਿ ਨਾਦ ਬੇਦ ਬੀਚਾਰੁ ॥ ਗੁਰਮੁਖਿ ਗਿਆਨੁ ਧਿਆਨੁ ਆਪਾਰੁ ॥ ਗੁਰਮੁਖਿ ਕਾਰ ਕਰੇ ਪ੍ਰਭ ਭਾਵੈ ਗੁਰਮੁਖਿ ਪੂਰਾ ਪਾਇਦਾ ॥੧॥ ਗੁਰਮੁਖਿ ਮਨੂਆ ਉਲਟਿ ਪਰਾਵੈ ॥ ਗੁਰਮੁਖਿ ਬਾਣੀ ਨਾਦੁ ਵਜਾਵੈ ॥ ਗੁਰਮੁਖਿ ਸਚਿ ਰਤੇ ਬੈਰਾਗੀ ਨਿਜ ਘਰਿ ਵਾਸਾ ਪਾਇਦਾ ॥੨॥ ਗੁਰ ਕੀ ਸਾਖੀ ਅੰਮ੍ਰਿਤ ਭਾਖੀ ॥ ਸਚੈ ਸਬਦੇ ਸਚੁ ਸੁਭਾਖੀ ॥ ਸਦਾ ਸਚਿ ਰੰਗਿ ਰਾਤਾ ਮਨੁ ਮੇਰਾ ਸਚੇ ਸਚਿ ਸਮਾਇਦਾ ॥੩॥ ਗੁਰਮੁਖਿ ਮਨੁ ਨਿਰਮਲੁ ਸਤ ਸਰਿ ਨਾਵੈ ॥ ਮੈਲੁ ਨ ਲਾਗੈ ਸਚਿ ਸਮਾਵੈ ॥ ਸਚੋ ਸਚੁ ਕਮਾਵੈ ਸਦ ਹੀ ਸਚੀ ਭਗਤਿ ਦ੍ਰਿੜਾਇਦਾ ॥੪॥ ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ ॥ ਗੁਰਮੁਖਿ ਸਚੁ ਕਮਾਵੈ ਕਰਣੀ ॥ ਸਦ ਹੀ ਸਚੁ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ ॥੫॥ ਗੁਰਮੁਖਿ ਸਚੀ ਊਤਮ ਬਾਣੀ ॥ ਗੁਰਮੁਖਿ ਸਚੋ ਸਚੁ ਵਖਾਣੀ ॥ ਗੁਰਮੁਖਿ ਸਦ ਸੇਵਹਿ ਸਚੋ ਸਚਾ ਗੁਰਮੁਖਿ ਸਬਦੁ ਸੁਣਾਇਦਾ ॥੬॥ ਗੁਰਮੁਖਿ ਹੋਵੈ ਸੁ ਸੋਝੀ ਪਾਏ ॥ ਹਉਮੈ ਮਾਇਆ ਭਰਮੁ ਗਵਾਏ ॥ ਗੁਰ ਕੀ ਪਉੜੀ ਊਤਮ ਊਚੀ ਦਰਿ ਸਚੈ ਹਰਿ ਗੁਣ ਗਾਇਦਾ ॥੭॥ ਗੁਰਮੁਖਿ ਸਚੁ ਸੰਜਮੁ ਕਰਣੀ ਸਾਰੁ ॥ ਗੁਰਮੁਖਿ ਪਾਏ ਮੋਖ ਦੁਆਰੁ ॥ ਭਾਇ ਭਗਤਿ ਸਦਾ ਰੰਗਿ ਰਾਤਾ ਆਪੁ ਗਵਾਇ ਸਮਾਇਦਾ ॥੮॥ ਗੁਰਮੁਖਿ ਹੋਵੈ ਮਨੁ ਖੋਜਿ ਸੁਣਾਏ ॥ ਸਚੈ ਨਾਮਿ ਸਦਾ ਲਿਵ ਲਾਏ ॥ ਜੋ ਤਿਸੁ ਭਾਵੈ ਸੋਈ ਕਰਸੀ ਜੋ ਸਚੇ ਮਨਿ ਭਾਇਦਾ ॥੯॥ ਜਾ ਤਿਸੁ ਭਾਵੈ ਸਤਿਗੁਰੁ ਮਿਲਾਏ ॥ ਜਾ ਤਿਸੁ ਭਾਵੈ ਤਾ ਮੰਨਿ ਵਸਾਏ ॥ ਆਪਣੈ ਭਾਣੈ ਸਦਾ ਰੰਗਿ ਰਾਤਾ ਭਾਣੈ ਮੰਨਿ ਵਸਾਇਦਾ ॥੧੦॥ ਮਨਹਠਿ ਕਰਮ ਕਰੇ ਸੋ ਛੀਜੈ ॥ ਬਹੁਤੇ ਭੇਖ ਕਰੇ ਨਹੀ ਭੀਜੈ ॥ ਬਿਖਿਆ ਰਾਤੇ ਦੁਖੁ ਕਮਾਵਹਿ ਦੁਖੇ ਦੁਖਿ ਸਮਾਇਦਾ ॥੧੧॥ ਗੁਰਮੁਖਿ ਹੋਵੈ ਸੁ ਸੁਖੁ ਕਮਾਏ ॥ ਮਰਣ ਜੀਵਣ ਕੀ ਸੋਝੀ ਪਾਏ ॥ ਮਰਣੁ ਜੀਵਣੁ ਜੋ ਸਮ ਕਰਿ ਜਾਣੈ ਸੋ ਮੇਰੇ ਪ੍ਰਭ ਭਾਇਦਾ ॥੧੨॥ ਗੁਰਮੁਖਿ ਮਰਹਿ ਸੁ ਹਹਿ ਪਰਵਾਣੁ ॥ ਆਵਣ ਜਾਣਾ ਸਬਦੁ ਪਛਾਣੁ ॥ ਮਰੈ ਨ ਜੰਮੈ ਨਾ ਦੁਖੁ ਪਾਏ ਮਨ ਹੀ ਮਨਹਿ ਸਮਾਇਦਾ ॥੧੩॥ ਸੇ ਵਡਭਾਗੀ ਜਿਨੀ ਸਤਿਗੁਰੁ ਪਾਇਆ ॥ ਹਉਮੈ ਵਿਚਹੁ ਮੋਹੁ ਚੁਕਾਇਆ ॥ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਦਰਿ ਸਚੈ ਸੋਭਾ ਪਾਇਦਾ ॥੧੪॥ ਆਪੇ ਕਰੇ ਕਰਾਏ ਆਪੇ ॥ ਆਪੇ ਵੇਖੈ ਥਾਪਿ ਉਥਾਪੇ ॥ ਗੁਰਮੁਖਿ ਸੇਵਾ ਮੇਰੇ ਪ੍ਰਭ ਭਾਵੈ ਸਚੁ ਸੁਣਿ ਲੇਖੈ ਪਾਇਦਾ ॥੧੫॥ ਗੁਰਮੁਖਿ ਸਚੋ ਸਚੁ ਕਮਾਵੈ ॥ ਗੁਰਮੁਖਿ ਨਿਰਮਲੁ ਮੈਲੁ ਨ ਲਾਵੈ ॥ ਨਾਨਕ ਨਾਮਿ ਰਤੇ ਵੀਚਾਰੀ ਨਾਮੇ ਨਾਮਿ ਸਮਾਇਦਾ ॥੧੬॥੧॥੧੫॥ {੧੦੫੮-੫੯}

੧੧੮- ਮਨੁ ਤਨੁ ਸੀਤਲੁ ਗੁਰ ਚਰਣੀ ਲਾਗਾ ॥ ਅੰਤਰਿ ਭਰਮੁ ਗਇਆ ਭਉ ਭਾਗਾ ॥ ਸਦਾ ਅਨੰਦੁ ਸਚੇ ਗੁਣ ਗਾਵਹਿ ਸਚੁ ਬਾਣੀ ਬੋਲਾਇਦਾ ॥੮॥ ਜਿਨਿ ਤੂ ਜਾਤਾ ਕਰਮ ਬਿਧਾਤਾ ॥ ਪੂਰੈ ਭਾਗਿ ਗੁਰ ਸਬਦਿ ਪਛਾਤਾ ॥ ਜਤਿ ਪਤਿ ਸਚੁ ਸਚਾ ਸਚੁ ਸੋਈ ਹਉਮੈ ਮਾਰਿ ਮਿਲਾਇਦਾ ॥੯॥ ਮਨੁ ਕਠੋਰੁ ਦੂਜੈ ਭਾਇ ਲਾਗਾ ॥ ਭਰਮੇ ਭੂਲਾ ਫਿਰੈ ਅਭਾਗਾ ॥ ਕਰਮੁ ਹੋਵੈ ਤਾ ਸਤਿਗੁਰੁ ਸੇਵੇ ਸਹਜੇ ਹੀ ਸੁਖੁ ਪਾਇਦਾ ॥੧੦॥ {੧੦੬੧}-੩-੧੨

੧੧੯- ਕਰਮੁ ਹੋਵੈ ਤਾ ਸਤਿਗੁਰੁ ਪਾਏ ॥ ਹਉਮੈ ਮੈਲੁ ਸਬਦਿ ਜਲਾਏ ॥ ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥੭॥ ਤੇਰੇ ਨਾਮ ਅਨੇਕ ਕੀਮਤਿ ਨਹੀ ਪਾਈ ॥ ਸਚੁ ਨਾਮੁ ਹਰਿ ਹਿਰਦੈ ਵਸਾਈ ॥ ਕੀਮਤਿ ਕਉਣੁ ਕਰੇ ਪ੍ਰਭ ਤੇਰੀ ਤੂ ਆਪੇ ਸਹਜਿ ਸਮਾਇਆ ॥੮॥ ਨਾਮੁ ਅਮੋਲਕੁ ਅਗਮ ਅਪਾਰਾ ॥ ਨਾ ਕੋ ਹੋਆ ਤੋਲਣਹਾਰਾ ॥ ਆਪੇ ਤੋਲੇ ਤੋਲਿ ਤੋਲਾਏ ਗੁਰ ਸਬਦੀ ਮੇਲਿ ਤੋਲਾਇਆ ॥੯॥ ਸੇਵਕ ਸੇਵਹਿ ਕਰਹਿ ਅਰਦਾਸਿ ॥ ਤੂ ਆਪੇ ਮੇਲਿ ਬਹਾਲਹਿ ਪਾਸਿ ॥ ਸਭਨਾ ਜੀਆ ਕਾ ਸੁਖਦਾਤਾ ਪੂਰੈ ਕਰਮਿ ਧਿਆਇਆ ॥੧੦॥ ਜਤੁ ਸਤੁ ਸੰਜਮੁ ਜਿ ਸਚੁ ਕਮਾਵੈ ॥ ਇਹੁ ਮਨੁ ਨਿਰਮਲੁ ਜਿ ਹਰਿ ਗੁਣ ਗਾਵੈ ॥ ਇਸੁ ਬਿਖੁ ਮਹਿ ਅੰਮ੍ਰਿਤੁ ਪਰਾਪਤਿ ਹੋਵੈ ਹਰਿ ਜੀਉ ਮੇਰੇ ਭਾਇਆ ॥੧੧॥ ਜਿਸ ਨੋ ਬੁਝਾਏ ਸੋਈ ਬੂਝੈ ॥ ਹਰਿ ਗੁਣ ਗਾਵੈ ਅੰਦਰੁ ਸੂਝੈ ॥ ਹਉਮੈ ਮੇਰਾ ਠਾਕਿ ਰਹਾਏ ਸਹਜੇ ਹੀ ਸਚੁ ਪਾਇਆ ॥੧੨॥ ਬਿਨੁ ਕਰਮਾ ਹੋਰ ਫਿਰੈ ਘਨੇਰੀ ॥ ਮਰਿ ਮਰਿ ਜੰਮੈ ਚੁਕੈ ਨ ਫੇਰੀ ॥ ਬਿਖੁ ਕਾ ਰਾਤਾ ਬਿਖੁ ਕਮਾਵੈ ਸੁਖੁ ਨ ਕਬਹੂ ਪਾਇਆ ॥੧੩॥ ਬਹੁਤੇ ਭੇਖ ਕਰੇ ਭੇਖਧਾਰੀ ॥ ਬਿਨੁ ਸਬਦੈ ਹਉਮੈ ਕਿਨੈ ਨ ਮਾਰੀ ॥ ਜੀਵਤੁ ਮਰੈ ਤਾ ਮੁਕਤਿ ਪਾਏ ਸਚੈ ਨਾਇ ਸਮਾਇਆ ॥੧੪॥ ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ ॥ਤਿਸ ਦੀ ਬੂਝੈ ਜਿ ਗੁਰ ਸਬਦੁ ਕਮਾਏ ॥ ਤਨੁ ਮਨੁ ਸੀਤਲੁ ਕ੍ਰੋਧੁ ਨਿਵਾਰੇ ਹਉਮੈ ਮਾਰਿ ਸਮਾਇਆ ॥੧੫॥ ਸਚਾ ਸਾਹਿਬੁ ਸਚੀ ਵਡਿਆਈ ॥ ਗੁਰ ਪਰਸਾਦੀ ਵਿਰਲੈ ਪਾਈ ॥ ਨਾਨਕੁ ਏਕ ਕਹੈ ਬੇਨੰਤੀ ਨਾਮੇ ਨਾਮਿ ਸਮਾਇਆ ॥੧੬॥੧॥੨੩॥ {੧੦੬੭}

੧੨੦- ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ ॥ ਗੁਰ ਕੈ ਭਾਣੈ ਜੇ ਚਲੈ
ਬਹੁੜਿ ਨ ਆਵਣੁ ਹੋਇ ॥ ਨਾਨਕ ਨਾਮਿ ਵਿਸਾਰਿਐ ਆਵਣ ਜਾਣਾ ਦੋਇ ॥੨॥ {੧੨੪੮}-ਵਾ-੨੯

੧੨੧- ਤੂ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ ॥ ਬੈਠਾ ਤਾੜੀ ਲਾਇ ਕਵਲੁ ਛਪਾਇਆ ॥ ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ ॥ ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ॥ ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ ॥ ਨਾ ਤਿਸੁ ਭੁਖ ਪਿਆਸ ਰਜਾ ਧਾਇਆ ॥ ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥ ਸਚੇ ਹੀ ਪਤੀਆਇ ਸਚਿ ਸਮਾਇਆ ॥੭॥ {੧੨੭੯}

੧੨੨- ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥
ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥ {੪੬੮}-ਵਾ-੧੦

**ਝੂਠ ਦਾ ਉਮਡਿਆ ਤੂਫ਼ਾਨ ਵੇਖ ਵੇਖ ਹਉਕੇ ਨਿਕਲਦੇ ਰਹੇ, " ਹੇ ਵਾਹਿਗੁਰੂ ਜੀਓ !** ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਅਪਾਰ ਘਾਲਣਾ ਕੀ, ਇਸੇ ਤਰ੍ਹਾਂ ਆਖ਼ਰ ਨਿਸਫ਼ਲ ਸਿਧਾ ਹੁੰਦੀ ਹੋਈ ਅਲੋਪ ਹੋ ਜਾਵੇਗੀ? " ਸੱਚੁ ਅੰਮ੍ਰਿਤ ਦੇ ਅਥਾਹ ਭੰਡਾਰ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਸਰਨ ਅਇਆਂ ਯਕੀਨ ਬੱਝਦਾ ਜਾ ਰਿਹਾ ਹੈ ਕਿ. ਉਸ ਕੌਤਕਹਾਰਦੀ ਮੌਜ ਨਾਲ ਪ੍ਰਗਟ ਹੋਏ ਬਹਾਦਰ ਖ਼ਾਲਸਾ ਜੀ ਨੇ ਆਪਣੇ ਵਿਰਸੇ ਦੀ ਪਛਾਣ ਜ਼ਰੂਰ ਕਰ ਲੈਣੀ ਹੈ ਅਤੇ ਕੋਠੇ ਤੇ ਚੜ੍ਹਨ ਥਾਂ ਬਾਬਾ ਅਟੱਲ ਜੀ ਦੇ ਬੁਰਜ ਦੀ ਧੁਰ ਉੱਪਰਲੀ ਜ਼ੱਤ ਤੇ ਖਲੋ ਕੇ, ਸੂਰਮੇ ਸਚਿਆਰਾਂ ਵਾਂਗ, ਬਾਹਾਂ ਉੱਚੀਆਂ ਕਰ ਕੇ ਦੁਹਾਈ ਦੇਣੋਂ ਸੰਕੋਚ ਨਹੀ' ਕਰਨਾ---" ਹੇ ਸੰਸਾਰ ਦੇ ਲੋਕੋ ! ਜਿਨ੍ਹਾਂ ਨੂੰ ਅਸੀ' (ਬਾਬਾ ਸ੍ਰੀ ਚੰਦ ਜੀ ਦੀ ਉੰਮੱਤ) ਸਮਝ ਕੇ ਸਤਿਗੁਰੂ ਨਾਨਕ ਜੀ ਦਾ ਹੀ ਰੂਪ ਸਮਝਦੇ ਸਾਂ ਜਿਨ੍ਹਾਂ ਨਿਰਮਲਿਆਂ ਨੂੰ ਦਸ਼ਮੇਸ਼ ਜੀ ਦੇ ਦੁਲਾਰੇ ਸਮਝ ਕੇ ਪੰਥ ਦੇ ਵਡੇ ਵਿਦਵਾਨ ਸੇਵਕ ਮੰਨਦੇ ਸਾਂ ਉਨ੍ਹਾਂ ਭਾਖੀਆਂ ਨੇ ਸਾਡੇ ਨਾਲ ਕਤੇ ਵਿਸ਼ਵਾਸ਼ਘਾਤ ਦੀ ਵਿਥਿਆ ਸੋਣ ਲਉ- " **ਜਦੋਂ ਸਾਡੇ ਸਿਰਾਂ ਦੇ ਮੁੱਲ ਪਾਉਣ ਵਾਲੀ ਮੁਗ਼ਲੀਆ**

**ਸਰਕਾਰ ਸਾਡੀ ਸੂਰਤ**-ਮੂਰਤਿ ਦਾ ਖੁਰਾ-ਖੋਜ ਮਿਟਾ ਦੇਣਂ ਲਈ ਸਾਰਾ ਜ਼ੋਰ ਲਾ ਰਹੀ ਸੀ, ਅਤੇ ਅਸੀਂ ਜੰਗਲਾਂ ਬੀਆ ਬਾਨਾਂ ਵਿਚ ਸਿਰ ਲੁਕਾਈ ਕਰ ਰਹੇ ਸਾਂ, ਤਾਂ ਇਹ ਉਦਾਸੀ ਅਤੇ ਇਨ੍ਹਾਂ ਦੇ ਸਾਥੀ ਨਿਰਮਲਿਆਂ ਮਹੰਤਾਂ ਨੇ ਸਾਡੇ ਧਰਮ ਅਸਥਾਨ ਸੰਭਾਲ ਲਏ। ਔਖੇ ਵੇਲੇ ਬਹੁੜੇ ਸਮਝ ਕੇ ਅਸੀਂ ਇਨ੍ਹਾਂ ਨੂੰ ਅਪਣਾ ਅੰਗ ਜਾਣ ਲਿਆ ਅਤੇ ਅਪਣੇ ਧਰਮ ਦੀ ਸੰਭਾਲ ਕਰਨ ਦੀ ਚਿੰਤਾ ਤੋਂ ਮੁਕਤ ਹੋ ਗਏ। ਜਨੇਊ ਪਾਉਣ ਤੋ ਨਾਹ ਕਰਨ ਵਾਲੇ ਦਿਨ ਤੋ ਗੁਰੂ-ਗਿਆਨ ਦਾ ਵੈਰੀ ਬਣ ਬੈਠਾ ਬ੍ਰਾਹਮਣ ਹੀ ਅਸਲ ਵਿਚ ਇਨ੍ਹਾਂ ਭੇਖੀਆਂ ਦੇ ਰੂਪ ਵਿਚ ਸੈਂਕੜੇ ਸਾਲ, ਸਾਡਾ ਧਰਮ-ਆਗੂ ਬਣਿਆ ਰਿਹਾ। ਜਿਵੇਂ ਵੇਦ-ਬਾਣੀ ਨੂੰ ਆਮ ਜਨਤਾ ਲਈ ਪੜਨਾ ਅਤੇ ਸੰਝਣਾ ਅਸੰਭਵ ਬਣਾ ਕੇ, ਧਰਮ ਦਾ ਕੇਵਲ-ਮਾਤ੍ਰ ਗਿਆਤਾ-ਠੇਕੇਦਾਰ ਸਭ ਕੁਝ, ਹਜ਼ਾਰਾਂ ਸਾਲਾਂ ਤੋਂ ਆਪ ਹੀ ਆਪ ਬਣਿਆਂ ਆ ਰਿਹਾ ਸੀ, ਉਵੇਂ ਹੀ ਇਨ੍ਹਾਂ ਅਕ੍ਰਿਤਘਨ ਵਿਸ਼ਵਾਸ਼ਘਾਤੀਆਂ ਨੇ, ਗੁਰੂ ਬਾਣੀ ਨੂੰ ਆਮ ਸੰਗਤ ਲਈ ਸਮਝਣੀ ਅਸੰਭਵ ਘੋਸ਼ਤ ਕਰ ਦਿੱਤਾ। ਅੱਜ ਤੱਕ ਅਸੀਂ ਏਹੀ ਮੰਨੀ ਬੈਠੇ ਹਾਂ ਕਿ ਗੁਰੂ ਬਾਣੀ ਨੂੰ, ਕੇਵਲ ਅਤੇ ਕੇਵਲ ਸਾਧ ਭੇਖਾਂ ਵਾਲੇ ਡੇਰੇਦਾਰ, ਕਥਿਤ ਬਹਾਂਪੁਰਖ ਹੀ ਸਮਝ ਸਕਦੇ ਹਨ।

ਇਨ੍ਹਾਂ ਭੇਖੀਆਂ ਨੇ ਉਹੀ ਬਿੱਪ੍ਰੀ ਮਰਯਾਦਾਬ ਗੁਰੂ ਨਾਨਕ ਜੀ ਦੇ ਨਿਰਮਲ-ਧਰਮ ਦਾ ਹਿੱਸਾ ਬਣਾ ਦਿੱਤੀ ਜਿਸ ਕਰਮਕਾਂਡੀ ਰੀਤਾਂ ਗ੍ਰਸੀ ਪੁਰਾਣਕ-ਮਰਿਯਾਦਾ ਤੋਂ ਸਤਿਗੁਰਾਂ ਨੇ ਸਾਨੂੰ ਮੁਕਤ ਕਰਾ ਕੇ " **ਸਚੁ** " **ਗਿਆਨ** ਨਾਲ ਜੋੜਿਆ ਅਤੇ ਅਸੀਂ ਨਿਆਰੇ ਤੇਜ ਪ੍ਰਤਾਪ ਦੇ ਮਾਲਕ ਬਣੇ ਸਾਂ। ਦਸਮ ਗ੍ਰੰਥ ਸਾਹਿਬ ਦੀ ਮਹੱਤਤਾ ਪੰਥ ਵਿਚ ਹੌਲੀ ਹੌਲੀ ਵਧਾਈ ਜਾਣੀ ਵੀ ਉਨ੍ਹਾਂ ਕੁਟਲ ਯਤਨਾ ਦਾ ਹੀ ਹਿੱਸਾ ਹੈ। ਪਿੱਛੇ ਅਸਾਂ ਜਿੰਨੀ ਬਾਣੀ ਲਿਖਤੀ ਰੂਪ ਵਿਚ ਵਿਚਾਰੀ ਹੈ, ਪਾਠਕ ਸੱਜਣਾ ਨੇ ਸਮਝ ਲਿਆ ਹੈ ਕਿ, ਦਸਮ ਗ੍ਰੰਥ ਦੀ ਬਾਣੀ ਦਾ ਬਹੁਤਾ ਭਾਗ ਅਜੇਹਾ ਵਿਅਰਥ ਦਾ ਨਿਸਫ਼ਲ ਕੁਫ਼ਰ ਅਤੇ ਅਸਲੀਲਤਾ ਹੈ, ਜਿਸ ਤੋਂ ਆਤਮਕ ਜੀਵਨ ਤਾਂ ਕੀ ਸੰਵਰਨਾ ਸੀ, ਸਗੋਂ ਪੰਥਕ ਤੌਰ ਤੇ ਸਾਡਾ ਆਚਰਨ ਦੁਖਦਾਈ ਹਦ ਤਕ ਵਿਗਾੜ ਵਾਲੇ ਪਾਸੇ ਨੂੰ ਹੀ ਗਿਆ।

ਜਿੱਥੋਂ ਤੱਕ ਦਾਸ ਦੀ ਤੁੱਛ ਬੁੱਧੀ ਨੇ ਸਮਝਿਆਂ ਹੈ ਸਾਰੇ ਹੀ ਦਸਮ ਗ੍ਰੰਥ ਵਿਚ ਕੋਈ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੁੱਲ ਨਹੀਂ ਹੈ। ਕਈ ਤਾਉਂ ਗੁਰਬਾਣੀ ਨਾਲ ਮੇਲ ਖਾਂਦੀ ਦੇ ਝੌਲੇ ਵਾਲੀ ਚੰਗੀ ਜਾਣਕਾਰੀ ਤਾਂ ਅਵੱਸ਼ ਮਿਲਦੀ ਹੋਵੇਗੀ ਪਰ, ਮਨੁੱਖ ਦੇ ਆਚਰਨ ਨੂੰ ਉਸਾਰੂ ਮੋੜਾ ਦੇਣ ਵਾਲਾ ਸਿਧਾਂਤ ਅਤੇ ਸਿਖਿਆ ਦੀ ਹਰ ਥਾਂ ਅਣਹੋਂਦ ਹੈ। ਉਦਾਹਰਣ ਵਜੋਂ, ਜਿਵੇਂ ਗੁਰੂ ਬਾਣੀ ਦਾ ਸਿਧਾਂਤ ਹੈ ਕਿ, ਮੁਨੱਖ ਦਾ ਜਿਸ ਨਾਲ ਸੱਚਾ ਪਿਆਰ ਹਿਰਦੇ ਤੋਂ ਬਣ ਗਿਆ ਹੋਵੇ ਉਹ ਆਪ ਵੀ ਪ੍ਰੀਤਮ ਜਿਹਾ ਬਣ ਜਾਂਦਾ ਹੈ-" **ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥**" ਇਸ ਸਿਧਾਂਤ ਤੋਂ-**ਜਿਨ ਨਿਰਭਉ ਨਾਮੁ ਧਿਆਇਆ ਤਿਨ ਕਉ ਭਉ ਕੋਈ ਨਾਹਿ** ॥ ਅਥਵਾ " **ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ** ॥ ਏਵੇ ਹੀ ਇਕ ਇਹ ਸਿਧਾਂਤ- " **ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ** ॥ " ਇਸ ਤੋਂ ਗੁਰਬਾਣੀ ਵਿਚਲੇ ਅਜੇਹੇ ਗੁਰੂ ਵਾਕ-" **ਆਉ ਸਖੀ ਹਰਿ ਮੇਲੁ ਕਰੇਹਾ ॥ ਮੇਰੇ ਪ੍ਰੀਤਮ ਕਾ ਮੈ ਦੇਇ ਸਨੇਹਾ ॥**" ਦਾ ਅਰਥ ਇਸਤ੍ਰੀ ਮਰਦ ਸਤਸੰਗੀ ਜੀਵ ਇਸਤੀਆਂ ਸਹੇਲੀਆਂ ਹੋਣ ਦੇ ਅਰਥ ਸਮਝਣੇ ਹਨ॥ ਕੇਵਲ ਇਸਤਰੀਆਂ ਸਮਝਣੀ ਉਪਰੋਕਤ ਸਿਧਾਂਤ ਦੀ ਖੰਡਣਾ ਹੈ। ਅਜੇਹੇ ਕਈ ਕੀਮਤੀ ਸਿਧਾਂਤ ਹਨ ਜਿਨ੍ਹਾਂ ਤੋਂ ਸਤਿਗੁਰੂ ਜੀ ਨੇ " ਸੰਤ ਸੂਰਮੇ " ਮਨੁੱਖ ਦਾ ਨਿਰਮਾਣ ਕੀਤਾ ਸੀ। ਅਜੇਹਾ ਕੋਈ ਇੱਕ ਵੀ ਸਿਧਾਂਤ ਦਸਮ ਗ੍ਰੰਥ ਦੀ ਬਾਣੀ ਵਿਚੋਂ ਨਹੀਂ ਮਿਲ ਸਕਿਆ। ਦਸਮ ਗ੍ਰੰਥ ਜੀ ਦਾ ਇਹ ਬਚਨ- " **ਜਾਪ ਜੇ ਕੀਏ ਤੇ, ਜੋ ਪੈ ਪਾਯਤ ਅਜਾਪ ਦੇਵ, ਪੂਦਨਾ ਸਦੀਵ ਤੁਹੀ ਤੁਹੀ ਉਚਰਤ ਹੈ** "- ਅਰਥਾਤ- ਪ੍ਰਭ ਦੇ ਕਿਸੇ ਵੀ ਨਾਮ ਦਾ ਜਾਪ ਕੀਤਿਆਂ ਉਸ ਦੀ ਪ੍ਰਾਪਤੀ ਜੇ ਹੋ ਸਕਦੀ ਹੁੰਦੀ ਤਾਂ ਸਦਾ ਤੁਹੀ ਤੁਹੀ ਬੋਲਦੇ ਰਹਿਣ ਵਾਲੇ ਪੂਦਨਾ ਪੰਛੀ ਨੂੰ ਪਰਮਾਤਮਾ ਜ਼ਰੂਰ ਆ ਮਿਲਦਾ। ਇਸ ਤੋਂ ਅਸੀਂ ਇਹ ਦਲੀਲ ਨਹੀਂ ਦੇ ਸਕਦੇ ਕਿ, ਅਸਲ ਵਿਚ ਦਸ਼ਮੇਸ਼ ਜੀ ਨੇ ਹਿਰਦੇ ਤੋਂ ਨਾਮ ਸਿਮਰਨ ਦੀ ਗਲ ਕਹੀ ਹੈ। (ਨੋਟ-ਨਾਸਤਕਤਾ ਦੇ ਪਰਚਾਰਕਾਂ ਲਈ ਇਹ ਤੁਕ ਬੜੀ ਲਾਹੇਵੰਦ ਬਣ ਜਾਂਦੀ ਹੈ । ) ਕਿਉਕਿ, ਪ੍ਰੋ: ਦਰਸ਼ਨ ਸਿੰਘ ਜੀ ਵਰਗੇ ਵਿਦਵਾਨ ਰਾਗੀ ਜੋ ਸ੍ਰੀ ਅਕਾਲਤਖ਼ਤ ਸਾਹਿਬ ਦੇ ਪ੍ਰਖ ਸੇਵਾਦਾਰ ਰਹਿ ਚੁੱਕੇ ਹਨ, ਰੀਕਾਰਡ ਹੋਈ ਆਪਣੀ ਟੇਪ (**Cassette**) ਵਿਚ ਦਸਮ ਗ੍ਰੰਥ ਦੀ ਇਸ ਤੁਕ- " ਮੁਖ ਤੇ **ਹਰਿ, ਚਿਤ** ਮੈ ਜੁੱਧ ਬੀਚਾਰੇ " ਦਾ ਅਰਥ ਬੜੇ ਜੋਸ਼ ਨਾਲ ਏਹੀ ਕਰ ਰਹੇ ਹਨ ਕਿ, ਦਸ਼ਮੇਸ਼ ਜੀ ਨੇ ਸਾਨੂੰ ਇਹ ਉਪਦੇਸ਼ ਦਿੱਤਾ ਹੈ ਕਿ, ਸਾਡੇ ਮੂੰਹ ਵਿਚ ਰੱਬ ਦਾ ਨਾਮ ਹੋਵੇ ਪਰ ਚਿਤ ਵਿਚ ਸਦਾ **ਜੰਗ ਯੁੱਦ** ਦੀ ਵਿਚਾਰ ਹੀ ਟਿਕੀ ਰਹਿਣੀ ਚਾਹਿਦੀ ਹੈ। ਜਦ ਕਿ, ਪਾਵਨ ਗੁਰੂ ਬਾਣੀ ਵਿਚ **ਚਿਤ** ਅਥਵਾ **ਹਿਰਦਾ** ਕੇਵਲ ਪ੍ਰਭੂ ਦਾ ਟਿਕਾਣਾ ਜਾਂ ਗੁਰੂ ਦੀ ਹੀ ਯਾਦ ਰਹਿਣ ਦੀ ਗਲ ਹੈ-(੧) " **ਜਹ ਚਿਤਿ ਆਵਹਿ ਸੋ ਥਾਨੁ ਸੁਹਾਵਾ** ॥ {੫੬੩}-(੨) " **ਜਿਤੁ ਪਾਰਬ੍ਰਹਮੁ ਚਿਤਿ ਆਇਆ ॥ ਸੋ ਘਰੁ ਦਯਿ ਵਸਾਇਆ ॥** " {੬੨੫} (੩) **ਮਾਇਆ ਲਾਲਚਿ ਅਟਿਆ ਪਿਆਰੇ ਚਿਤਿ ਨ ਆਵਹਿ ਮੂਲਿ ॥ ਜਿਨ ਤੂ ਵਿਸਰਹਿ ਪਾਰਬ੍ਰਹਮ ਸੁਆਮੀ ਸੇ ਤਨ ਹੋਏ ਧੂੜਿ ॥ {੬੪੧} (੪)**

**ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ ॥** {੬੪੮} (੫)-**ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ ॥ ਸਤਿਗੁਰ ਕਾ ਭਾਣਾ ਚਿਤਿ ਨ ਆਵੈ ਆਪਣੈ ਸੁਆਇ ਫਿਰਾਹੀ ॥** {੬੫੨} **ਗੁਰਬਾਣੀ ਵਿਚ** ਜਦੋਂ, ਤਪ ਰੂਪ ਜਾਪ ਦੀ ਗਲ ਅਈ ਤਾਂ, ਨਾਲ ਹੀ ਹਿਰਦੇ ਵਿਚ ਵੀ ਨਾਮ ਦੇ ਵਾਸੇ ਦੀ ਗਲ ਹੈ।" **ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥ ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੯॥੨॥** {੫੬੫} ਅਤੇ ਫ਼ਿਰ-**ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥ ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥੨॥** {੫੫੪} ਗੁਰੂ ਬਾਣੀ ਅਨੁਸਾਰ **ਹਿਰਦਾ, ਚਿਤ. ਘਟਿ** ਪ੍ਰਭੂ ਦਾ ਹੀ ਘਰ ਹੈ । ਗੁਰੂ ਬਾਣੀ ਦੇ ਅਨਕੂਲ ਕੇਵਲ ਤੁਕਾਂ, ਛੰਦ ਸਵਯਾ ਹੋਣਾ ਅਰਥਹਣਿ ਬਣ ਜਾਂਦਾ ਹੈ, ਜੇ ਉਸੇ ਬਾਣੀ ਵਿਚੋ (ਜਿਸ ਵਿਚੋਂ ਗੁਰਮਤਿ ਦੇ ਅਨਕੂਲ ਤੁਕ ਸਵੱਯੇ ਆਦਿ ਅਦਿ ਦੀ ਚੋਣ ਕੀਤੀ ਹੋਵੇ ) ਗੁਰਮਤਿ ਦੀ ਭਪੂਰ ਖੰਡਣਾ ਵਾਲੇ ਬਚਨ ਵੀ ਮਿਲ ਰਹੇ ਹੋਣ।

ਇਸ ਲਈ, " ਹੇ ਸੂਰਬੀਰ ਖ਼ਾਲਸਾ ਜੀਓ ! ਸਾਨੂੰ ਕਿਸੇ ਦੂਜੇ ਗ੍ਰੰਥ ਵਲ ਜਾਣ ਦੀ ਤਦ ਲੋੜ ਪਵੇ ਜੇ ਪਹਿਲਾਂ ਅਸੀ ਗੁਰੂ ਗੰਥ ਸਾਹਿਬ ਜੀ ਦੀ ਬਾਣੀ ਨੂੰ ਅਧੂਰੀ ਮੰਨ ਕੇ ਉਸ ਨੂੰ ਗੁਰੂ ਮੰਨਣ ਤੋਂ ਇਨਕਾਰੀ ਹੋ ਗਏ ਹੋਈਏ । ਉਂਜ ਅਪਣੇ ਗੁਰੂ ਖ਼ਸਮ ਨੂੰ ਛੱਡ ਕੇ ਕਿਸੇ ਦੂਜੇ ਵਲ ਧਿਆਨ ਕਰ ਲੈਣ ਦੇ ਕਾਰਨ- '**ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥**'{੪੭●} ਭਾਣਾ ਵਰਤਣੋ ਨਹੀਂ ਸੀ ਰਹਿ ਸਕਦਾ। ਜੇ ਕਿਸੇ ਵੈਰੀ ਨੇ, ਰੱਸੇ ਬਨ੍ਹ ਕੇ ਬੇੜੇ ਨੂੰ ਡੋਬਣ ਦਾ ਪ੍ਰਬੰਧ ਕੀਤਾ ਹੋਇਆ ਹੋਵੇ, ਤਾਂ ਉਨ੍ਹਾਂ ਰੱਸਿਆਂ ਨੂੰ ਵੱਢ ਕੇ ਪਰ੍ਹਾਂ, ਦੂਰ ਨਾ ਵਗਾਹ ਮਾਰਨਾ, ਆਤਮ ਹੱਤਿਆ ਕਰ ਲੈਣ ਦਾ ਦੋਸ਼ ਹੈ॥

ਇਸ ਨਿਮਾਣੇ ਦਾਸਰੇ ਦਾ ਲੂੰ ਲੂੰ ਨਿਰੰਤਰ ਜੋਦੜੀਆਂ ਕਰ ਰਿਹਾ ਹੈ ਕਿ. ਹੇ ਦਾਤਾਰ ਜੀਓ ! ਤੇਰੀ ਹੀ ਮੌਜ ਨਾਲ ਪ੍ਰਗਟ ਹੋਏ ਇਸ ਦੂਲੇ ਪੰਥ ਵਿਚ ਅਜੇਹਾ ਮੋੜਾ ਲਿਅ ਦੇ ਕਿ, ਆਪਣੇ ਵਿਰਸੇ ਵਲ ਮੋੜਾ ਖਾ ਲੈਣ ਦਾ ਜੋਸ਼ ਠਾਠਾਂ ਮਾਰਦਾ ਵੇਖ ਕੇ ਸਾਰਾ ਸੰਸਾਰ ਚੁਕ੍ਰਿਤ ਰਹਿ ਜਾਵੇ ? ਵਿਰਸੇ ਦੀ ਸੰਭਾਲ ਸਡਾ ਨਸੀਬ ਬਣ ਜਾਵੇ ਤਾਂ ਜੀਵਨ ਸਫ਼ਲ; ਹੋ ਜਾਵੇ। . " **ਕਹਨ ਕਹਾਵਨ ਸਗਲ ਜੰਜਾਰ ॥ ਨਾਨਕ ਦਾਸ ਸਚੁ ਕਰਣੀ ਸਾਰ ॥੪॥੫॥**{੧੨੯੯} ਸਚੇ ਪਾਤਸ਼ਾ ਜੀਓ ! ਉਪ੍ਰੋਕਤ ਸ਼ਬਦ ਵਿਚਾਰ ਤੋਂ ਸਤਿਗੁਰਾਂ ਦੇ ਬਚਨਾਂ ਦੀ ਅਜੇਹੀ ਸਮਝ ਆਈ ਹੈ ਕਿ, ਅਸੀਂ ਸਾਰੇ ਇਕ ਜ਼ਬਾਨ ਹੋ ਕੇ ਪੁਕਾਰਾਂ ਕਰ ਰਹੇ ਹਾਂ-**ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥ ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ ॥੧॥ ਰਹਾਉ ॥**{੧੨●੪}

ਹੁਣ- **ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥ ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥੧॥ ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥ ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥ ਰਹਾਉ ॥ ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥ ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥੨॥ ਅਛਲ ਅਛੇਦ ਅਪਾਰ ਪ੍ਰਭ ਊਚਾ ਜਾ ਕਾ ਰੂਪੁ ॥ ਜਪਿ ਜਪਿ ਕਰਹਿ ਅਨੰਦੁ ਜਨ ਅਚਰਜ ਆਨੂਪੁ ॥੩॥ ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ ॥ ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ ॥੪॥੩॥੨੭॥** {੬੭੮}

ਭੁੱਲਾਂ ਦੀ ਖਿਮਾ ਮੰਗਦਾ ਪਾਠਕਾਂ ਤੋਂ ਵਿਦਾ ਮੰਗਦਾ ਹੋਇਆ--

ਦਾਸਰਾ- ਗੁਰਬਖ਼ਸ਼ ਸਿੰਘ

---

੧੧

# ਗਿਆਨੀ ਹਰਬੰਸ ਸਿੰਘ ਨਿਰਣੈ ਭਵਨ ਪਟਿਆਲਾ ਨਾਲ ਹੋਇਆ ਚਿੱਠੀ ਪੱਤਰ

ਇਸ ਗ੍ਰੰਥ ਦਾ Part 1 ਛਪਣ ਵਿਰੁੱਧ ਗਿਆਨੀ ਹਰਬੰਸ ਸਿੰਘ ਨਿਰਣੈ ਕਾਰ ਵਾਸੀ ਪਟਿਆਲਾ ਦੀ ਲਿਖੀ ਚਿੱਠੀ, " **ਸਪੋਕਸ ਮੈਨ**" ਮਾਸਕ ਪੱਤਰ ਵਿਚ ਛਪਣ ਤੇ, ਦਾਸ ਵਲੋਂ ਲਿਖੇ ਬੇਨਤੀ ਪੱਤਰ ਦਾ ਉਤਾਰਾ ਇਸ ਪ੍ਰਕਾਰ ਹੈ:--

**ੴ ਸਤਿਗੁਰ ਪ੍ਰਸਾਦਿ ॥**

**ਨਾਨਕ ਹੁਕਮੁ ਵਰਤੈ ਖਸਮ ਕਾ ਮਤਿ ਭਵੀ ਫਿਰਹਿ ਚਲਚਿਤ ॥ ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ ॥ ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥ ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ ॥ ੬੬ ॥**

ਪਰਮ ਸਤਿਕਾਰ ਜੋਗ ਗਿਆਨੀ ਹਰਬੰਸ ਸਿੰਘ ਜੀਓ, **੭ ਜੁਲਾਈ ੧੯੯੯**

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

ਸੋਭਾ ਸੁਣਦਾ ਰਿਹਾ ਹਾਂ ਕਿ, ਤੁਸਾਂ " **ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ, ਤੁਲਿਆਤਮ ਅਧਿਐਨ** " ਲਿਖ ਕੇ ਗੁਰਬਾਣੀ ਗਿਆਨ ਨੂੰ ਹੋਰ ਵੀ ਵੱਧ ਸ਼ੁੱਧ ਅਤੇ ਸਪੱਸ਼ਟ ਕਰਕੇ ਸਮਝਾਇਆ ਹੈ। ਦਾਸ ਕਿਉਂਕਿ ਜਨਵਰੀ ੧੯੯੪ ਤੋਂ ਕੈਨੇਡਾ ਆ ਕੇ ਮੁੜ ਪੰਜਾਬ ਨਹੀਂ ਪਰਤ ਸਕਿਆ, ਸੋ (ਇਸ ਸਮੇ ਵਿਚ ਵਰਤੇ) ਕਈ ਭਾਣਿਆਂ ਤੋਂ ਦਾਸ ਅਣਜਾਣ ਰਿਹਾ। ਦੇਸ਼ ਦੀ ਵੰਡ ਤੋਂ ਬਦਲੇ ਹਾਲਾਤ ਦੇ ਕਾਰਨ ਘਰ ਵਿਚ ਆ ਵੜੀ ਗ਼ਰੀਬੀ ਅਤੇ ਭੁੱਖ ਤੋਂ ਮਜਬੂਰ ਹੋ ਕੇ ੧੯੪੭ ਤੋਂ ਸਿਪਾਹੀ ਭਰਤੀ ਹੋ ਕੇ ੧੯੮੧ ਤੱਕ ਪੁਲੀਸ ਦੇ ਮਹਿਕਮੇ ਵਿਚ ਰਹਿਣਾ ਪਿਆ। ਮਾਤਾ ਜੀ ਦੀ ਕਿਰਪਾ ਦਾ ਸਦਕਾ ਬਚਪਨ ਤੋਂ ਸਤਿਗੁਰੂ ਜੀ ਅਤੇ ਗੁਰੂਪੰਥ ਪ੍ਰਤੀ ਅਜੇਹੀ ਡੂੰਘੀ ਸ਼ਰਧਾ ਬਣ ਚੁੱਕੀ ਸੀ, ਕਿ, ਵਿਦੇਸ਼ ਆ ਕੇ, ਵੀ ਸਦਾ ਏਸੇ ਚਿੰਤਾ ਨੇ ਮਨ ਤੇ ਅਸਰ ਪਾਈ ਰਖਿਆ ਕਿ, ਸ੍ਰੀ ਗੁਰੂ ਨਾਨਕ ਸਾਹਿਬ ਨੇ ਦਸ ਸਰੂਪਾਂ ਵਿਚ ਲਾਮਿਸਾਲ ਕੁਰਬਾਨੀਆਂ ਵਾਲੀ ਕਰੜੀ ਘਾਲਣਾ ਘਾਲਦੇ ਰਹਿ ਕੇ ਜਿਸ ਅਨੂਪਮ ਖ਼ਾਲਸਾ ਪੰਥ ਦਾ ਨਿਰਮਾਨ ਕਰਕੇ, ਇਸ ਨੂੰ ਨਿਆਰੇ (ਅਧਿਆਤਮ ਅਤੇ ਸੰਸਾਰੀ) ਤੇਜ ਪ੍ਰਤਾਪ ਦਾ ਮਾਲਕ ਬਣਾਇਆ ਸੀ, ਪਰਮਾਤਮਾ ਦੀ ਮੌਜ ਨਾਲ ਪ੍ਰਗਟਿਆ ਉਹ ਦੂਲਾ ਪੰਥ, ਕਿਸ ਖੁਨਾਮੀ ਦੇ ਕਾਰਨ ਦਿਨੋਂ ਦਿਨ ਢਹਿੰਦੀਆਂ ਕਲਾਂ ਵਲ ਨੂੰ ਹੀ ਚਾਲੇ ਪਾਈ ਦੌੜਿਆ ਜਾ ਰਿਹਾ ਹੈ।

**ਜਬ ਲਗ ਖਾਲਸਾ ਰਹੇ ਨਿਆਰਾ । ਤਬ ਲਗ ਤੇਜ ਦੀਆ ਮੈਂ ਸਾਰਾ ।**
**ਜਬ ਇਹ ਗਹੇ ਬਿਪ੍ਰਨ ਕੀ ਰੀਤ । ਮੈਂ ਨਾ ਕਰੂੰ ਇਨਕੀ ਪਰਤੀਤ ।**

ਸਤਿਗੁਰੂ ਨਾਨਕ ਸਾਹਿਬ ਜੀ ਨੇ ਇਸ ਅਗਿਆਨੀ ਅਤੇ ਕੁਰਾਹੇ ਪਏ ਸੱਜਣ-ਠੱਗ ਦੇ ਸਿਰ ਤੇ ਹੱਥ ਆ ਟਿਕਾਇਆ। ਦਾਸ ਦੇ ਮਨ ਨੇ ਕਬੂਲ ਕਰ ਲਿਆ ਕਿ, ਬਿੱਪ੍ਰ ਅਥਵਾ ਉਸ ਦੀ ਰੀਤ, ਪੰਥ ਲਈ ਘਾਤਕ ਜ਼ਹਿਰ ਬਣ ਰਹੀ ਹੈ। ਜਿੱਥੋਂ ਵੀ ਬ੍ਰਾਮਣੀ ਰੀਤ ਪੰਥ ਵਿਚ ਰਲ ਰਹੀ ਹੈ ਉਸ ਛੋਟੀ ਤੋਂ ਛੋਟੀ ਮੋਰੀ ਤੋਂ ਵੀ, ਪੰਥ ਨੂੰ ਸੁਚੇਤ ਕਰਨ ਦਾ ਬੀੜਾ ਚੁੱਕ ਲਿਆ।

ਗੋਰੀ ਸਰਕਾਰ ਦੇ ਸਕੂਲਾਂ ਵਿਚੋਂ ਉਰਦੂ ਪੜ੍ਹੇ ਹੋਏ, ਰੁਲਦੇ ਫਿਰਦੇ ਦਾਸ ਵਰਗੇ, ਜਿਸ ਮੂੜ੍ਹ ਛੱਜੂ ਝੀਵਰ ਨੇ ਸਾਰੀ ਉਮਰ ਕਦੇ ਮਾੜਾ ਮੋਟਾ ਲੇਖ ਤਾਂ ਕੀ ਲਿਖਣਾ ਸੀ ਮੰਜਾਬੀ ਵਿਚ ਕੋਈ ਚੰਗੀ ਚਿੱਠੀ ਵੀ ਕਦੇ ਨਹੀਂ ਸੀ ਲਿਖੀ, ਪੰਜਾਂ ਵਿਕਾਰਾਂ ਦੇ ਵੱਸ ਪਏ ਚੰਚਲ ਮਤਿ ਵਾਲੇ ਉਸ ਅਸ਼ੁੱਧ ਮਤੀਏ ਵਿਦਿਆ-ਹੀਣ ਕੋਲੋਂ ਸਤਿਗੁਰਾਂ ਨੇ ਆਪ ਸਹਾਈ ਹੋ ਕੇ " **ਬਿੱਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ** " ਪੁਸਤਕ ਲਿਖਵਾਉਣੀ ਸ਼ੁਰੂ ਕਰਵਾ ਲਈ। ਪਹਿਲਾ ਭਾਗ ੧੯੯੫ ਵਿਚ ਛਪ ਗਿਆ। ਫਿਰ --**ਮਾਸੁ ਮਾਸੁ ਕਰਿ ਮੂਰਖ ਝਗੜੈ**--੧੯੯੬ ਵਿਚ ਅਤੇ ੧੯੯੮ ਤੇ--" ਬਿੱਪ੍ਰਨ ਕੀ ਰੀਤ ਤੋਂ ਸਚੁ ਦਾ ਮਾਗ " ਦੇ ਪੰਜ ਭਾਗ ਛਪੇ ਹੀ ਸਨ ਕਿ, ਛੇਵਾਂ ਭਾਗ ਵੀ ੧੯੯੯ ਵਿਚ ਛਪ ਗਿਆ। ਸਤਿਗੁਰਾਂ ਦਾ ਕੋਟਾਨ ਕੋਟ ਧਨਵਾਦ ਹੈ ਕਿ ਸੰਸਾਰ ਦੇ ਜਿਸ ਵੀ ਦੇਸ਼ ਵਿਚ ਪੁਸਤਕਾਂ ਪੁੱਜੀਆਂ ਪ੍ਰਸੰਸਾ ਪੱਤਰਾਂ ਦਾ ਤਾਂਤਾ ਲੱਗ ਰਿਹਾ ਹੈ।

ਦਾਸ ਦੀ ਨਾਸਵੰਤ ਗੁਣ-ਹੀਣ ਅਲਪ ਬੁੱਧੀ ਤੋਂ ਇਸ ਕੀਟ ਦੇ ਮਨ ਵਿਚ ਇਹ ਵਿਚਾਰ ਘਰ ਕਰ ਗਿਆ ਕਿ ਪੰਥ ਵਿਚ ਸਾਰਿਆਂ ਪਾਸਿਆਂ ਨਾਲੋਂ ਵੱਧ " **ਬਪ੍ਰਨ ਕੀ ਰੀਤ** " ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਨੇ ਵਾੜੀ ਹੈ ਅਤੇ ਆਖ਼ਰ. ਇਸ ਗ੍ਰੰਥ ਦੀ ਹੋਂਦ,ਪੰਥ ਨੂੰ ਲੈ ਡੁੱਬੇਗੀ।

" ਆਪਣੇ ਵਲੋਂ ਬੜੇ ਸ਼ੁੱਧ ਗੁਰਮਤਿ ਵਿਚਾਰਾਂ ਦੁਆਰਾ ਬਚਿੱਤਰ ਨਾਟਕ ਦੀ ਬਾਣੀ ਪ੍ਰਤੀ ਵਿਚਾਰ ਲਿਖ ਕੇ ਪੰਥ ਦੇ ਉੱਚ ਪਦਵੀ ਜਥੇਦਾਰ ਸਾਹਿਬਾਨ ਦੀ ਸੇਵਾ ਵਿਚ, ਅਤੇ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਗਿਆਤਾ ਅਤੇ ਸਮੱਰਥਕ ਵਿਦਵਾਨਾਂ ਦੀ ਸੇਵਾ ਵਿਚ ਗੁਰਮਤਿ ਸੇਧਾਂ ਦੀ ਬਖ਼ਸ਼ਸ਼ ਕਰਨ ਲਈ ਲਿਖ ਭੇਜੇ। ਹਾੜੇ ਅਤੇ ਤਰਲੇ ਲਿਖ ਲਿਖ ਕੇ ਮੁੜ ਮੁੜ ਭੇਜਦਾ ਰਹਿਣ ਉਪ੍ਰੰਤ ਡਬਲ ਰਜਿਸਟ੍ਰਡ ਡਾਕ ਲਫ਼ਾਫ਼ਿਆਂ ਰਾਹੀਂ ਵੀ ਜੋਦੜੀਆਂ ਲਿਖ ਭੇਜੀਆਂ। ਉਨ੍ਹਾਂ ਦੇ ਦਸਤਖ਼ਤਾਂ ਵਾਲੀਆਂ ਡਾਕ-ਰਸੀਤਾਂ ਤਾਂ ਮਿਲ ਗਈਆਂ ਪਰ ਸੁਖਾਵਾਂ ਸੇਧ ਪੱਤਰ ਕਿਸੇ ਧਿਰੋਂ ਵੀ ਨਾ ਬਹੁੜਿਆ। ਅਜੇਹੀਆਂ ਕੂਕ- ਪੁਕਾਰਾਂ ਦਾ ਮੰਤਵ ਕੇਵਲ ਏਹੀ ਸੀ, ਕਿ ਪੁਸਤਕ ਦੇ ਰੂਪ ਵਿਚ ਛਪ ਕੇ ਆਮ ਲੋਕਾਂ ਦੇ ਹੱਥਾਂ ਵਿਚ ਪੁੱਜਣ ਤੋਂ ਪਹਿਲਾਂ, ਜੇ ਦਾਸ ਨੇ ਗੁਰੂ ਬਾਣੀ ਦਾ ਆਸ਼ਾ ਸਮਝਣ ਵਿਚ ਉਕਾਈ ਖਾਧੀ ਹੋਵੇ, ਜਾਂ ਗੁਰਮਤਿ ਤੋਂ ਬਾਹਰ ਦੀ ਦਲੀਲ ਲਿਖੀ ਹੈ ਤਾਂ, ਭੁੱਲਾਂ ਦੀ ਸੋਧ ਕਰਵਾ ਲਈ ਜਾਵੇ ਅਤੇ ਜੇ ਦਾਸ ਦਾ ਵਿਚਾਰ ਮੁਢੋਂ ਹੀ ਗੁਰਮਤਿ ਦੀ ਖੰਡਣਾ ਵਾਲਾ ਸਿੱਧ ਹੁੰਦਾ ਹੈ. ਜਾਂ ਗੁਰੂਪੰਥ ਲਈ ਹਾਨੀਕਾਰਕ ਹੈ, ਤਾਂ ਗੁਰੂ ਬਾਣੀ ਦੇ ਪਾਵਨ ਸ਼ਬਦਾਂ ਦੀ ਠੰਢੀ ਛਾਂ ਮਾਣਦਾ ਹੁਕਮਨਾਮਾਂ ਲਿਖ ਭੇਜੋ, ਦਾਸ ਦਸਮ ਗ੍ਰੰਥ ਬਾਰੇ ਲਿਖਣ ਦਾ ਵਿਚਾਰ ਤਿਆਗ ਦੇਵੇਗਾ। "

ਜਦ ਕਿਸੇ ਪਾਸਿਉਂ ਕੋਈ ਸੇਧ ਪੱਤਰ ਨਹੀਂ ਪੁੱਜਾ ਤਾਂ ਦਾਸ ਨੇ ਉਹ ਖਰੜਾ ਭਾਈ ਸਾਹਿਬ ਜੋਗਿੰਦਰ ਸਿੰਘ ਜੀ " ਸਪੋਕਸਮੈਨ" ਵਲ ਭੇਜ ਦਿੱਤਾ। ਉਨ੍ਹਾਂ ਨੇ ਉਸ ਵਿਚੋਂ ਕੁਝ ਹਿੱਸਾ ਸਪੋਕਸਮੈਨ ਵਿਚ ਛਾਪ ਦਿੱਤਾ. ਦਾਸ ਵਲ ਤਾਂ ਕਈ ਥਾਂਉਂ ਵਡੀ ਪ੍ਰਸੰਸਾ ਵਾਲੇ ਫੋਨ ਆਏ ਪਰ ਜੋਗਿੰਦਰ ਸਿੰਘ ਜੀ ਨੇ ਦੱਸਿਆ ਕਿ, ਗਿਆਨੀ ਹਰਬੰਸ ਸਿੰਘ ਜੀ ਲਈ ਉਹ ਵਿਚਾਰ ਦੁਖਦਾਈ ਬਣ ਰਹੇ ਹਨ।

ਕੇਵਲ ਅਤੇ ਕੇਵਲ " **ਆਦਿ ਸਚੁ** " ਦੀ ਸੋਝੀ ਕਰਾ ਰਹੇ, ਸ਼ੁੱਧ, ਨਿਰਮਲ, ਹਰ ਪੱਖੋਂ ਸੰਪੂਰਨ ਅਤੇ ਇੱਕ ਅਟੱਲ ਸਿਧਾਂਤ ਵਾਲੇ ਗਿਆਨ ਦੇ ਅਥਾਹ ਸਾਗਰ, ਸਤਿਗੁਰੂ ਜੀ ਦੀ ਸਿੱਖੀ ਵੀ ਇੱਕ ਵਿਚਾਰ ਨਾਲ ਕਿਵੇਂ ਨਾ ਜੁੜੀ ਰਹੇ? ਸਤਿਗੁਰੂ ਨਾਨਕ ਸਾਹਿਬ ਜੀ ਦੇ ਪੰਥ ਵਿਚ ਧੜੇ-ਬੰਦੀ ਅਤੇ ਆਪਸੀ ਫੁੱਟ, ਕੁਟਲ-ਬੁੱਧੀ ਸ਼ਰਾਰਤੀ ਪੰਥ ਵੈਰੀ ਅਕਿਰਤਘਣਾਂ ਦੀਆਂ ਕਰਤੂਤਾਂ ਦੀ ਦੇਣ ਹੈ। ਧਮਕੀਆਂ ਦੇਣੀਆਂ ਜਾਂ ਧਮਕੀਆਂ ਤੋਂ ਡਰਨਾਂ, ਸਚੁ ਤੋਂ ਟੁੱਟੇ ਹੋਏ, ਵਡੇ ਡਰਪੋਕ, ਸੁਹਦੇ ਅਗਿਆਨੀ ਮਨਮੁਖਾਂ ਦਾ ਘਟੀਆ ਹਥਕੰਡਾ ਹੁੰਦਾ ਹੈ। ਆਪ ਜੀ ਤਾਂ ਦਾਤਾਰ ਜੀ ਦੀ ਮਿਹਰ ਦਾ ਸਦਕਾ, ਸਤਿਗੁਰਾਂ ਦੇ ਸੱਚ ਵਿਚ ਗੜੁੱਚ ਹੋ। **ਜੇ ਹੁਕਮ ਕਰੋ ਤਾਂ ਦਾਸ ਉਹ ਖਰੜਾ ਆਪਿ ਜੀ ਦੀ ਸੇਵਾ ਵਿਚ ਭੇਜ ਦਿੰਦਾ ਹੈ। ਤੁਸੀਂ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਸਰਪਰੱਸਤੀ ਹੇਠ ਰਹਿੰਦਿਆਂ ਕੇਵਲ ਉਨ੍ਹਾਂ ਦੀ ਵਿਚੋਲਗੀ ਕਬੂਲਦਿਆਂ ਦਾਸ ਦੀ ਤਸੱਲੀ ਕਰਾ ਦਿਉ, ਦਾਸ ਪੁਸਤਕ ਨਹੀਂ ਛਾਪੇਗਾ।**

ਠੀਕ ਨਿਰਣਾ ਕਰਨ ਦੀ ਸਹੂਲਤ ਹਿਤ, ਸਰਬ-ਉੱਚ ਜਥੇਦਾਰੀ ਵਲ ਅਤੇ ਹੋਰ ਵਿਦਵਾਨਾ ਵੱਲ ਲਿਖੀਆਂ ਕੁਝ ਚਿੱਠੀਆਂ ਦੇ (ਛੋਟੀ ਫ਼ਾਂਟ ਵਿਚ) ਉਤਾਰੇ ਵੀ ਆਪ ਜੀ ਦੀ ਜਾਣਕਾਰੀ ਲਈ, ਇਸ ਚਿੱਠੀ ਦੇ ਨਾਲ ਹੀ ਭੇਜ ਰਿਹਾ ਹਾਂ। ਜੇ ਆਪ ਜੀ ਦਾਸ ਵੱਲ ਸੇਧ ਪੱਤਰ ਭੇਜਣ ਦਾ ਵਿਚਾਰ ਬਣਾਉ ਤਾਂ ਫ਼ੋਨ ਤੇ ਸੂਚਤ ਕਰ ਦਿਉ, ਦਾਸ ਉਸੇ ਵੇਲੇ ਜੋਗਿੰਦਰ ਸਿੰਘ ਜੀ ਨੂੰ ਸੂਚਤ ਕਰ ਦੇਵੇਗਾ ਕਿ ਗਿਆਨੀ ਹਰਬੰਸ ਸਿੰਘ ਜੀ ਨਾਲ ਅਰੰਭ ਹੋਏ ਚਿੱਠੀ-ਪੱਤਰ ਦੇ ਖ਼ਾਤਮੇਂ ਤੱਕ ਪੁਸਤਕ ਦੀ ਛਪਾਈ ਰੋਕ ਲਈ ਜਾਵੇ? ਦਾਸ ਦਾ ਫੋਮ ਨੰਬਰ (੬੦੪) ੫੦੨-੮੦੫੩ ਹੈ- ਭੁੱਲਾਂ ਦੀ ਖਿਮਾਂ। ਗੁਰਮਤਿ ਅਨੁਸਾਰ ਜੀਵਨ ਜੀਉਂ ਰਹੇ ਗੁਰਮੁਖਾਂ ਦੀ ਚਰਨ ਧੂੜ-

ਦਾਸਰਾ ਗੁਰਬਖ਼ਸ਼ ਸਿੰਘ

੭ ਜੁਲਈ ਦੀ ਚਿੱਠੀ ਦਾ ਗਿਆਨੀ ਹਰਬੰਸ ਸਿੰਘ ਜੀ ਵਲੋਂ ਪੰਜ ਸਫ਼ਿਆਂ ਵਿਚ ਲਿਖਿਆ ਉੱਤਰ ਅੱਜ ਮਿਤੀ ੪ ਅਕਤੂਬਰ ੧੯੯੯ ਨੂੰ ਡੈਲਟਾ ਬੀ ਚੀ ਵਿਖੇ ਰਹਿੰਦਿਆਂ ਪ੍ਰਾਪਤ ਹੋਇਆ॥ ਉਤਾਰਾ ਇਸ ਪ੍ਰਕਾਰ ਹੈ। ਪੈਰਾਵਾਰ ਉੱਤਰ ਦੇਣ ਲਈ ਨੰਬਰ ਦੇ ਚਿੱਠੀ ਦੇ ਬਚਨਾ ਦੀ ਵੰਡ ਦਾਸ ਨੇ ਕੀਤੀ ਹੋਈ ਹੈ । ਲਿਖਤ ਜਿਉਂ ਦੀ ਤਿਉਂ ਹੈ:----

ੴ

ਗੁਰਮਤਿ ਨਿਰਣੈ ਭਵਨ ੧੭-ਏ,<br>
ਡੋਗਰਾਂ ਸਟਰੀਟ ਸਰਹਿੰਦੀ ਗੇਟ,<br>
ਪਟਿਆਲਾ- ੧੩-੦੯-੧੯੯੯

ਗੁਰੂ ਸਵਾਰੇ ਸ: ਗੁਰਬਖ਼ਸ਼ ਸਿੰਥ ਜੀ.

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ ।

੧- ਮਿਤੀ ੭ ਜੁਲਾਈ ੧੯੯੯ ਦੀ ਪਤ੍ਰਿਕਾ ੨੨-੭-੯੯ ਤੋਂ ਮਗਰੋਂ ਹੀ ਡਾਕ ਰਾਹੀ ਪ੍ਰਾਪਤ ਹੋਈ। ਵਾਪਸੀ ਡਾਕ ਤੁਹਾਨੂੰ ਉਤਰ ਨਹੀਨ ਦੇ ਸਕਿਆ, ਇਕ ਤਾਂ ਸਰੀਰ ਕੁਝ ਢਿਲਾ ਸੀ, ਦੂਜਾ " ਗੁਰਬਾਣੀ ਵਿਆਕਰਣ ਪਰਬੋਧ " ਪੁਸਤਕ ਲਿਖਣ ਵਿਚ ਰੁਝਿਆ ਹੋਇਆ ਸਾਂ। ਹੁਣ ਕਿਤੇ ਖਰੜਾ ਤਿਆਰ ਹੋਇਆ ਹੈ, ਤੇ ਤੁਹਾਡੀ ਪਤਿਰਕਾ ਦਾ ਉਤਰ ਤਿਅਰ ਕੀਤਾ ਹੈ।

੨- ਮੈਨੂੰ ਬਹੁਤ ਖੁਸ਼ੀ ਹੋਈ ਜਦੋਂ ਇਹ ਪੜ੍ਹਿਆ ਕਿ ਤੁਸੀ ਸੰਨ ੧੯੪੭ ਤੋਂ ਪੁਲਿਸ ਮਹਿਕਮੇ ਵਿਚ ਹੀ ਨੌਕਰੀ ਕਰਦੇ ਰਹੇ, ਪਰ ਤੁਸਾਂ ਆਪਣਾ ਰੈਂਕ ਨਹੀ ਲਿਖਿਆ। ਦਾਸਰਾ ਵੀ ਇਸ ਮਹਿਕਮੇ ਵਿਚ ਸੰਨ ੧੯੪੭ ਤੋਂ ਅਪਰੈਲ ੧੯੮੩ ਤੱਕ ਕੰਮ ਕਰਦਾ ਰਿਹਾ।

੩- ਤੁਸੀ ਮਹਿਕਮੇ ਪੁਲਿਸ ਵਿੱਚ ਕੰਮ ਕਰਦੇ ਇਤਨੇ ਵੱਡੇ ਵਿਦਵਾਨ ਕਿਸ ਦੀ ਸੰਗਤ ਨਾਲ ਬਣੇ ? ਤੁਸਾਂ ਮਾਤਾ ਦੀ ਅਸੀਸ ਦਾ ਜ਼ਿਕਰ ਕੀਤਾ ਹੈ ਆਪਣੇ ਪਿਤਾ ਦਾ ਕੋਈ ਸੰਕੇਤ ਨਹੀਂ ਦਿੱਤਾ। ਹਾਂ, ਤੁਸਾਂ ਆਪਣੀ ਚਿੱਠੀ ਚੰਗੀ ਨਿਮਰਤਾ ਅਤੇ ਵਿਦਵਤਾ ਦਿਖਾਈ ਹੈ, ਅਸਿਧੇ ਰੂਪ ਵਿਚ " ਜੋ ਜੀਇ ਹੋਇ ਸੁ ਉਗਵੈ, ਮੁਹ ਕਾ ਕਹਿਆ ਵਾਉ" ਵਾਲਾ ਭਾਹ ਵੀ ਪ੍ਰਗਟਾਇਆ ਹੈ।

੪- ਤੁਸੀਂ ਕੇਵਲ ਗੁਰਬਾਣੀ ਨੂੰ ਹੀ ਮੰਨਦੇ ਹੋ ਬਹੁਤ ਚੰਗੀ ਗਲ ਹੈ, ਪਰ ਕੀ ਇਸ ਤਰ੍ਹਾਂ ਤੁਸੀ ਇਤਿਹਾਸ ਨੂੰ ਨਕਾਰ ਨਹੀਂ ਰਹੇ ? ਦਸ ਗੁਰੂ ਸਾਹਿਬਾਨ ਦਾ ਪਿਛੋਕੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ-ਗਦੀ ਤੇ ਸਥਾਪਿਤ ਕਰਨ ਵਾਲੀ ਸਚਾਈ ਨੂੰ ਕਿਵੇਂ ਸਿੱਧ ਕਰੋਗੇ ?

੫- ਤੁਹਾਡੀ ਚਿਠੀ ਨਾਲ ਕੁਝ ਹੋਰ ਚਿਠੀਆਂ ਦੇ ਉਤਾਰੇ ਵੀ ਪੜ੍ਹੇ। ਉਨ੍ਹਾਂ ਵਲੋਂ ਉਤਰ ਨਾ ਮਿਲਣਾ ਤੇ ਤੁਹਾਡਾ ਗਿਲਾ ਠੀਕ ਹੈ। ਪਰ ਕਿਸੇ ਵਿਦਵਾਨ ਵਲੋਂ ਤੁਹਾਨੂੰ ਉਤਰ ਨਾ ਦੇਣਾ ਇਸ ਗਲ ਦਾ ਸਬੂਤ ਹੈ ਕਿ ਹਰ ਕੋਈ ਵਿਦਵਾਨ ਅਜਿਹੇ ਵਾਦ-ਵਿਵਾਦ ਵਿਚ ਪੈਣ ਤੋਂ ਸੰਕੋਚ ਕਰਦਾ ਹੈ। ਉਹ ਸਮਝਦਾ ਹੈ ਕਿ ਦਸਮ ਗ੍ਰੰਥ ਦੀ ਵਿਰੋਧਤਾ ਕਰਕੇ ਸਿਵਾਏ ਬਦਨਾਮੀ ਦੇ ਕੁਝ ਨਹੀਂਪ੍ਰਾਪਤ ਹੋਣਾ, ਇਸ ਸੰਬੰਧਾਂ ਵਿੱਚ ਜੋ ਹਸ਼ਰ ਗਿਆਨੀ ਭਾਗ ਸਿੰਘ ਜੀ ਦਾ ਹੋਇਆ, ਉਹ ਕਿਸੇ ਤੋਂ ਲੁਕਿਆ ਛਿਪਿਆ ਨਹੀਂ॥ ਗਿਆਨੀ ਜੀ ਨੇ ਆਪਣੇ ਜੀਵਨ ਵਿੱਚ ਜੋ ਕੁਝ ਪਰਚਾਰ ਕੀਤਾ ਕਥਾ ਕੀਤੀ, ਉਹ ਸਭ ਖੂਹ ਖਾਤੇ ਪੈ ਗਈ, ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਜੋ ਹੁਕਮਨਾਮਾ ਜਾਰੀ ਹੋਇਆ ਉਹ ਉਨ੍ਹਾਂ ਦੇ ਕਿਰਦਾਰ ਤੇ ਧੱਬਾ ਲਾਉਂਦਾ ਹੈ।

੬- ਤੁਸੀਂ ਆਪਣੀ ਚਿੱਠੀ ਨੂੰ ਆਰੰਭ ਕਰਨ ਤੋਂ ਪਹਿਲਾਂ ਜੋ ਪੰਕਤੀ ਲਿਖੀ, ਉਸ ਦਾ ਦਸਮ ਗ੍ਰੰਥ ਨਾਲ ਕੀ ਸਬੰਧ ਹੈ ? ਜੇ ਇਸ ਤਰ੍ਹਾਂ ਦੀਆਂ ਪੰਕਤੀਆਂ:--

ੳ) ਮਨਮੁਖ ਲੋਕ ਸਮਝਾਈਐ, **ਕਦੋ** ਸਮਝਾਇਅ ਜਾਇ । " (ਪੰਨਾ ੮੪)

ਅ) ਆਪਿ ਨ ਦੇਹਿ ਚੁਰੂ ਭਰਿ ਪਾਨੀ ॥ ਤਿਹ ਨਿੰਦਹਿ ਜਿਹ ਗੰਗਾ ਆਨੀ ॥੨॥ (ਪੰਨਾ ੩੩੨)

ੲ) ਹੰਸਾ ਸੇਤੀ ਚਿਤੁ ਉਲਾਸਹਿ, ਕੁਕੜ ਦੀ ਓਡਾਰੀ ॥ (ਪੰਨਾ- ੩੨੨}

ਸ) ਕਾਹੇ ਕੂਤ ਝਗਰਤ ਹੋ ਸੰਗਿ ਬਾਪ। ਜਿਨ ਕੇ ਜਣੇ ਬਡੀਰੇ ਤੁਮ ਹਉ, ਤਿਨ ਸਿਉ ਝਗਰਤ ਪਾਪ ॥(ਪੰਨਾ ੧੨●●) ਜੇ ਕੋਈ ਵਿਰੋਧੀ ਲਿਖੇ ਤਾਂ ਤੁਸੀਂ ਕੀ ਮਹਿਸੂਸ ਕਰੋਗੇ ?

੭- ਅਜੋਕੇ ਵਿਦਿਆ ਜੁਗ ਵਿਚ ਦਸਮ ਗ੍ਰਥ ਨੂੰ "ਗੁਰੂ" ਕੋਈ ਨਹੀਂ ਕਹਿਦਾ ਤੇ ਨਾ ਹੀ ਕਪਈ ਮੰਨਦਾ ਹੈ, ਇਹ ਤਾਂ ਕੇਵਲ ਦਸਮ ਗ੍ਰੰਥ ਦੇ ਵਿਰੋਧੀਆਂ ਦਾ ਹਥਿਆਰ ਹੈ। ਸਾਰਾ ਸੰਸਾਰ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਨੂੰ " ਗੁਰੂ " ਮੰਨਦਾ ਹੈ।

੮- ਦਸਮ ਗ੍ਰੰਥ ਦੀ ਬਾਣੀ ਵਿਚ ਜੋ ਰਹੱਸ ਤੇ ਰਮਜ਼ ਹੈ, ਉਹ ਤਿੰਨ ਗੁਣੀ ਜੀਵ ਦੀ ਸਮਝ ਤੋਂ ਪਰੇ ਦੀ ਗੱਲ ਹੈ।

੯- ਹੇਠ ਲਿਖੀਆਂ ਪੰਕਤੀਆਂ:--

(ੳ) ਕਹੂੰ ਨਿਜ ਨਾਰ ਪਰਨਾਰ ਕੇ ਨਿਕੇਤ ਹੋ। (੩-੧੩)

ਅ) ਕਹੂੰ ਜਤੀ ਕਹੰ ਕਾਮੀ ਕਹੰ ਦੇਤ ਕਹੰ ਲੇਤ ਹੋ । (੪-੧੪)

ੲ) ਕਤਹੂ ਪਯੂਖ ਹੋਇ ਕੈ ਪੀਵਤ ਪਿਵਾਵਤ ਹੋ । ਕਤਹੂ ਪਯੂਖ ਊਖ ਕਹੂੰ ਮਦ ਮਾਨ ਹੋ । (੬-੧੬)

ਸ) ਕਹੂੰ ਬਰ ਦੇਤ ਕਹੂੰ ਛਲ ਸਿਉ ਛਨਾਏ ਲੇਤ, ਸਰਬ ਕਾਲਿ ਸਰਬ ਠੋਰ ਏਕ ਸੇ ਲਗਤ ਹੋ। (੧●-੨●)

੧●- ਭਾਈ ਸਾਹਿਬ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਅਕਾਲੀ ਫੂਲਾ ਸਿਘ ਜੀ, ਖ਼ਾਲਸ ਪੰਥ ਦੇ ਥੰਮ ਮੰਨੇ ਜਾਂਦੇ ਹਨ। ਇਨ੍ਹਾਂ ਨੇ ਦਸਮ ਗ੍ਰੰਥ ਬਾਰੇ ਟੀਕਾ-ਟਿੱਪਣੀ ਨਹੀ ਕੀਤੀ।

੧੧- "ਸਪੋਕਸਮੈਨ" ਅਗਸਤ ੧੯੯੯ ਪੰਨਾ ੧੫ ਉਤੇ ਦੀਪ ਸਿੰਘ, ਦੁਬਈ ਦੇ ਇਹ ਸ਼ਬਦ ' ਜਿਨ੍ਹਾ ਵਿਦਵਾਨਾਂ ਦੇ ਨਾਮ ਗਿਆਨੀ ਹਰਬੰਸ ਸਿਘ ਟਿਆਲਾ ਵਾਲਿਆਂ ਨੇ ਲਿਖੇ ਹਨ, ਉਹ ਹਿੰਦੂ ਦਰਮ ਦੇ ਵਿਦਵਾਨ ਹੋ ਸਕਦੇ ਹਨ ਪਰ ਸਿੱਖ ਧਰਮ ਦੇ ਨਹੀ।" ਵੇਖ (੧) ਭਾ ਕੋਇਰ ਸਿੰਘ ਕਲਾਲ (ਕਿਰਤ ਗੁਰਬਿਲਾਸ ਗ੍ਰੰਥ) (੨) ਭਾ: ਰਟਨ ਸਿੰਘ ਭੰਗੂ ਿਫੰਥ ਪ੍ਰਕਾਸ਼) (੩) ਭਾ: ਸੰਤੋਖ ਸਿੰਘ ਜੀ (ਗੁਰ ਪਰਤਾਪ ਸੂਰਜ) (੪) ਕਾਲੀ ਕੌਰ ਸਿੰਘ ਜੀ. (੫) ਭਾਈ ਵੀਰ ਸਿੰਥ ਜੀ (੬) ਭਾ ਸਾਹਿਬ ਡਾ ਸ਼ੇਰ ਸਿੰਘ ਜੀ (੭) ਭ ਸਾਹਿਬ ਰਣਧੀਰ ਸਿੰਘ ਜੀ (੮) ਪੰ:ਰਾਇਣ ਸਿੰਥ

ਜੀ (੯) ਭਾ ਮਨੀ ਸਿੰਘ ਜੀ (੧●) ਡਾ ਧਰਮ ਅਨੰਤ ਸਿੰਘ ਜੀ (੧੧) ਡਾ ਤਾਰਨ ਸਿੰਘ ਜੀ (੧੨) ਡਾ: ਤ੍ਰਿਲੋਚਨ ਸਿੰਘ ਜੀ ੧੩) ਡਾ: ਧਰਮਪਾਲ ਅਸ਼ਟਤ (੧੪) ਡਾ: (ਭਾਇ) ਜੋਧ ਸਿੰਘ ਜੀ (੧੫) ਡਾ ਜੋਧ ਸਿੰਘ ਜੀ ਆਦਿ, ਕੀ ਇਹ ਸਾਰੇ ਵਿਦਵਾਨ ਕਿ ਪੰਥ ਦੇ ਰਤਨ ਹਨ ਜਾਂ ਹਿੰਦੂ ਧਰਮ ਦੇ ਮੁਦਈ ਹਨ ? ਅਜਿਹੀ ਘਟੀਆ ਗੱਲ ਲਿਖ ਕੇ ਪ੍ਰਸੰਸਕ ਨੇ ਅਪਣੀ ਅਕਲ ਦਾ ਦਿਵਾਲਾ-ਪਨ ਦਿਖਾਇਅ ਹੈ। ਇਸੇ ਤਰ੍ਹਾਂ ਗੁਰਮੀਤ ਸਿੰਘ ਕੁਰਾਲੀ (ਰੋਪੜ) ਦਾ ਸੁਝਾਉ ਚੰਗਾ ਹੈ ਉਨ੍ਹਾ ਨੇ ਲਿਖਿਆ ਹੈ ਖੋਜ ਤੇ ਪ੍ਰਚਾਰ ਲਈ ਮੀਡੀਏ ਵਿੱਚ ਭੰਡੀ ਪਰਚਾਰ ਤੋਂ ਗੁਰੇਜ਼ ਕੀਤਾ ਜਾਏ "। ਕੀ ਸ੍ਰ ਗੁਰਬਖ਼ਸ਼ ਸਿੰਥ ਜੀ ਤੁਸੀਂ ਇਸ ਤੇ ਅਮਲ ਕਰੋਗੇ ?

੧੨- ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ੍ਰੀ ਦਸਮ ਗ੍ਰੰਥ ਲਿਖਣ ਦਾ ਮਨੋਰਥ ਹੇਠ ਲਿਖੀਆਂ ਪੰਕਤੀਆਂ ਤੋਂ ਪ੍ਰਗਟ ਹੁੰਦਾ ਹੈ।

ਦਸਮ ਕਥਾ ਭਾਗਵਤ ਕੀ ਭਾਖਾ ਕਰੀ ਬਨਾਇ॥ ਅਵਰ ਬਾਸਨਾ ਨਾਹਿ ਪ੍ਰਭ **ਧਰਮ ਜੁਧ** ਕੇ ਚਾਇ ॥

੧੩- ਭਾਈ ਕੇਸਰ ਸਿੰਘ ਛਿੱਬਰ ਨੇ " ਭਮਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ " ਵਿਚ ਲਿਖਿਆ ਹੈ :--

ਗ੍ਰੰਥ ਸਾਹਿਬ ਦੋਵੇਂ ਹੰਨ ਸਕੇ ਬਾਈ । ਇਕ ਹੈ ਵਡਾ ਇਕ ਗ਼ੋਟਾ ਕਹਾਈ ॥

ਦੋਵਾਂ ਗ੍ਰੰਥਾਂ ਦੀ ਸਾਂਝ ਪੁਰਾਤਨ ਕਾਲ ਤੋਂ ਚਲੀ ਆ ਰਹੀ ਹੈ।

੧੪- ਬੇਨਤੀ ਇਹ ਹੈ ਕਿ ਦਸਮ ਗ੍ਰੰਥ ਦਾ ਦਰਸ਼ਨ ਕਰਨ ਵਾਲੇ ਸਿੱਖਾਂ ਦੀ ਕਿਤਨੀ ਗਿਣਤੀ ਹੈ ? ਕਿਤਨੇ ਕੁ ਅਸਥਾਨਾਂ ਤੇ ਦਸਮ ਗ੍ਰੰਥ ਦਾ ਪ੍ਰਕਾਸ਼ ਹੈ। ਐਵੇਂ ਇਕ ਗ੍ਰੰਥ ਬਾਰੇ ਵਾਵੇਲਾ ਪਾਈ ਜਾਣਾ ਕੋਈ ਸਿਅਣਪ ਵਾਲੀ ਗਲ ਨਹੀ।

**੧੫-** (ੳ) ਜਿਹੜੀਆਂ ਰਚਨਾਵਾਂ ਨਹੀ ਸੁਖਉਂਦੀਆਂ ਉਹ ਛੱਡ ਦਿਉ। ਜਿਹੜੀਆਂ ਚੰਗੀਆਂ ਹਨ, ਉਹ ਗ੍ਰਹਣ ਕਰ ਲਓ। (ਅ) ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਦਸਮ ਗ੍ਰੰਥ ਬਾਣੀ, ਰਚਨਾ ਭਾਈ ਗੁਰਦਾਸ ਅਤੇ ਗ਼ਜ਼ਲਾਂ ਭਾਈ ਨੰਦ ਲਾਲ ਜੀ, ਕੀਰਤਨ ਕਰਨ ਦਾ ਵਿਧਾਨ ਹੈ। ਕੀ ਤੁਸੀਂ ਇਨ੍ਹਾਂ ਨੂੰ ਰੋਕ ਸਕੋਗੇ ?

**੧੬-** (ੳ) " ਤ੍ਰਿਅ ਚਰਿਤ੍ਰ " ਦੀ ਸ਼ਬਦਾਵਲੀ ਤੇ ਕਿੰਤੂ ਪ੍ਰੰਤੂ ਕੀਤਾ ਜਾਂਦਾ ਹੈ, ਪਰ ਪੁਰਾਤਨ ਸਮੇਂ ਵਿੱਚ ਮੁਸਲਮਾਨਾਂ, ਹਿੰਦੂਆਂ ਆਦਿ ਸਾਰੇ ਧਰਮਾਂ ਵਿੱਚ ਦੁਰਾਚਾਰ ਦਾ ਦੌਰ-ਦੌਰਾ ਸੀ। ਕਿਸੇ ਔਰਤ ਦੀ ਮੱਕਰ-ਫਰੇਬੀ ਨੂੰ ਪ੍ਰਗਟ ਕਰਨਾ ਕਿਹੜਾ ਗੁਨਾਹ ਹੈ ?

(ਅ) ਇਕ ਡਾਕਟਰ ਜਦੋਂ ਕਿਸੇ ਇਸਤਰੀ ਦਾ ਇਲਾਜ ਕਰਦਾ ਹੈ, ਤਾਂ ਉਸ ਦੇ ਮਨ ਵਿਚ ਕੋਈ ਮੰਦ-ਭਾਵਣਾ ਨਹੀਂ ਹੁੰਦੀ, ਉਸ ਦਾ ਮਨੋਰਥ ਬੀਮਾਰੀ ਨੂੰ ਠੀਕ ਕਰਨਾ ਹੁੰਦਾ ਹੈ। ਕਾਮ-ਵਾਸਨਾ ਦੇ ਚਕਰ ਤੋਂ ਬਚਨ ਲਈ ਚੇਤੰਨ ਕਰਨਾ ਕਿਹੜੀ ਮਾੜੀ ਗਲ ਹੈ ? ਇਸਤ੍ਰੀਆਂ ਨੂੰ ਪੁਰਖ ਚਰਿਤ੍ਰਾਂ ਤੋਂ ਚੇਤੰਨ ਕੀਤਾ ਹੈ। ਪੜ੍ਹੋ **ਦਸਮਗ੍ਰੰਥ ਦਰਪਣ।**

**੧੭-** " ਬਿਪ੍ਰਨ ਕੀ ਰੀਤ ਤੋਂ ਸਚ ਦੇ ਮਾਰਗ ਤੱਕ " ਤੁਹਾਡੀ ਲਿਖੀ ਪੁਸਤਕ ਸੁਚੱਜੀ ਹੈ, ਪਰ " ਬਿੱਪ੍ਰਨ ਕੀ ਰੀਤ " ਦੀ ਰੱਟ ਲਾਈ ਰੱਖਣੀ ਵੀ ਵਧੀਆ ਗੱਲ ਨਹੀਂ ਹੈ।

**੧੮-** (ੳ) ਗੁਰਬਾਣੀ ਤੋਂ ਸਮਦਰਸੀ ਵੀਚਾਰ ਪ੍ਰਾਪਤ ਕਰਨ ਵਾਲਾ ਜਿਗਿਆਸੂ ਆਲੋਚਨਾ ਵਿਚ ਨਹੀ ਪੈਂਦਾ **ਕਿਉਂਕਿ ਉਹ " ਘਟਿ ਘਟਿ ਮਹਿ ਹਰਿ ਜੁ ਬਸੈ " ਦਾ ਅਨਿਆਈ ਹੁੰਦਾ ਹੈ। ਜਿਹੜਾ ਪ੍ਰੇਮੀ ਸ੍ਰੀ ਗੁਰੂ ਅਮਦਾਸ ਜੀ ਦੇ ਪਾਵਨ ਬਚਨ-**

**ਸਪਤ ਦੀਪ ਸਪਤ ਸਾਗਰਾ, ਨਵਖੰਡ ਚਾਰਿ ਵੇਦ ਦਸ ਅਸਟ ਪੁਰਾਣਾ ॥**
**ਹਰਿ ਸਭਨਾ ਵਿਚਿ ਤੂੰ ਵਰਤਦਾ, ਹਰਿ ਸਭਨਾ ਭਾਣਾ ॥ (ਪੰਨਾ ੪੫) "**

ਉਚਾਰਦਾ ਹੈ ਤਾਂ ਉਸ ਦੀ ਸੁਰਤਿ " ਬਿੱਪ੍ਰਨ ਕੀ ਰੀਤ " ਵਾਲੀ ਭੰਡੀ ਪਾਉਨ ਵਲ ਜਾਂਦੀ ਹੀ ਨਹੀਂ। (ੲ) ਇਹ ਦੱਸੋ ਕਿ ਦਸਮ ਗ੍ਰੰਥ ਨੇ ਕਿਹੜੀ **ਬਿਪ੍ਰਨ ਕੀ ਰੀਤ ਪੰਥ ਵਿਚ ਵਾੜੀ ਹੈ ?**

੧੯- **(ੳ)** "ੴ ਸਤਿਗੁਰ ਪ੍ਰਸਾਦਿ " ਦੀ ਥਾਂ " ੴ ਵਾਹਿਗੁਰੂ ਜੀ ਕੀ ਫ਼ਤਹਿ " ਕਿਸ ਅਧਿਕਾਰ ਅਧੀਨ ਲਿਖੀ ਗਈ, ਵਰਗਾ ਤਰਕਵਾਦੀ ਪ੍ਰਸ਼ਨ ਕੋਈ ਸਿੱਖ ਪੜ੍ਹਨਾ ਤੇ ਸੁਣਨਾ ਪਸੰਦ ਨਹੀ ਕਰੇਗਾ। **(ਅ)** ਭਾਈ ਦਇਆ ਸਿੰਘ ਜੀ ਜਦੋਂ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਦੇਣ ਗਏ ਸਨ, ਉਦੋਂ ਬਾਦਸ਼ਾਹ ਦੇ ਦਰਬਾਰ ਵਿਚ ਜਾਂਦਿਆ ਹੀ " ਵਾਹਿਗੁਰੂ ਜੀ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਗਜਾਈ। **(ੲ)** ਇਕ ਪਾਸੇ ਤੁਸੀਂ ਗੁਰੂ ਗ੍ਰੰਥ ਜੀ ਦੀ ਬਾਣੀ ਤੋਂ ਬਿਨਾ ਹੋਰ ਕਿਸੇ ਰਚਨਾ ਨੂੰ ਸਵੀਕਾਰ ਨਹੀਂ ਕਰਦੇ, ਦੂਜੇ ਪਾਸੇ " ਬਿੱਪ੍ਰਨ ਕੀ ਰੀਤ " ਤੇ " ਜਬਲਗ ਖ਼ਾਲਸਾ ਰਹੈ ਨਿਆਰਾ " ਆਦਿ ਕਈ ਪੰਕਤੀਆਂ ਦਾ ਪ੍ਰਯੋਗ ਕਰਦੇ ਹੋ, ਇਹ ਦੋਹਰੀ ਨੀਤੀ ਅਪਨਾਉਣੀ ਠੀਕ ਨਹੀ। ਤੁਹਾਡੀ ਵੀਚਾਰਧਾਰਾ ਮਿਸ਼ਨਰੀ ਪੱਖੀ ਹੈ।

੨●- ਸ੍ਰੀ ਦਸਮ ਗ੍ਰੰਥ ਵਿੱਚ ਜਾਪ ਸਾਹਿਬ, ਚੰਡੀ ਦੀ ਵਾਰ, ਚੰਡੀ ਚਰਿਤ੍ਰ, ਸ਼ਸਤ੍ਰਨਾਮ ਮਾਲਾ, ਚਉਬੀਸ ਅਵਤਾਰ, ਪਾਖਯਾਨ ਚਰਿਤ੍ਰ ਆਦਿ ਰਚਨਾਵਾਂ ਦਾ ਅਧਿਐਨ ਪੁਰਾਤਨ ਸਮੇਂ ਦੀਆਂ ਪ੍ਰਸਥਿਤੀਆਂ ਨੂੰ ਸਾਮਹਣੇ ਰੱਖ ਕੇ ਕਰੋ, ਵਰਤਮਾਨ ਸਮੇਂ ਦੀਆਂ ਪ੍ਰਸਥਿਤੀਆਂ ਨਾਲ ਉਸ ਰਚਨਾ ਨੂੰ ਮਾਪਣ-ਤੋਲਣ ਦਾ ਮੁਖ ਮੰਤਵ ਦਸਮ ਗ੍ਰੰਥ ਦੀ ਬੇ-ਲੋੜੀ ਵਿਰੋਧਤਾ ਕਰਨ ਤੋਂ ਸਿਵਾਏ ਹੋਰ ਕੁਝ ਨਹੀਂ ?

੨੧- ਤੁਸੀਂ ਦਸਮ ਗ੍ਰੰਥ ਦੇ ਵਿਰੋਧ ਵਿੱਚ ਜੋ ਮੈਟਰ ਇਕੱਤਰ ਕੀਤਾ ਹੈ, ਉਸ ਦੀ ਇਕ ਕਾਪੀ ਦਾਸਰੇ ਨੂੰ ਜ਼ਰੂਰ ਭੇਜੋ, ਨਿਰਪੱਖ ਹੋ ਕੇ ਵੀਚਾਰ ਕਰਨ ਦਾ ਜਤਨ ਕੀਤਾ ਜਾਵੇਗਾ, ਤਾਂ ਜੋ ਆਉਣ ਵਾਲੀ ਪਨੀਰੀ ਦੇ ਕੰਮ ਆ ਸਕੇ।

੨੨- ਇਕ ਬੇਨਤੀ ਹੈ ਆਪ ਹੇਠ ਲਿਖੀਆਂ ਪੁਛਾਂ ਦਾ ਉਤਰ ਦੇ ਕੇ ਦਾਸਰੇ ਨੂੰ ਧਨਵਾਦੀ ਬਣਾਉਨਾ ਜੀ:--

**1-** ਤੁਹਾਡੀ ਲੇਖਣੀ ਤੋਂ ਪ੍ਰਤੀਤ ਹੁੰਦਾ ਹੈ ਕਿ ਆਪ ਗੁਰਮਤਿ ਦੀ ਚੰਗੀ ਜਾਣਕਾਰੀ ਰਖਦੇ ਹੋ। ਆਪ ਜੀ ਨੇ ਕਿਹੜੇ ਸਾਲ ਕਿਸ ਥਾਂ ਤੇ ਅੰਮ੍ਰਿਤ ਛਕਿਆ ਸੀ ?

**2-** ਜਦੋਂ ਅੰਮ੍ਰਿਤ ਸਿੰਚਾਰ ਹੋਇਆ ਸੀ, ਕਿਹੜੀ ਪੰਜ ਬਾਣੀਆਂ ਦਾ ਉਚਾਰਨ ਕੀਤਾ ਗਿਆ ਸੀ ? ਕੀ, ਆਪ ਇਨ੍ਹਾਂ ਬਾਣੀਆਂ ਦੇ ਨਿਤਨੇਮੀ ਹੋ ?

**3-** ੧ੳ-ਗੁਰਪ੍ਰਸਾਦਿ ਦੀ ਥਾਂ ਵਾਹਿਗੁਰੂ ਜੀ ਕੀ ਫ਼ਤਹਿ" ਕਿਸ ਨੇ ਲਿਆਂਦੀ ? ਅਜਿਹੀ ਤਰਕ ਮੰਦਭਾਗੀ ਹੈ, ਆਪ ਵਰਗੇ ਸੂਝਵਾਨ ਪੁਰਸ਼ਾਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ।(ਅ) ਜਿਹੜਾ ਪਾਤਸ਼ਾਹ ਤਖ਼ਤ ਉਤੇ ਸ਼ੁਸੋਭਿਤ ਹੁੰਦਾ ਹੈ, ਉਸ ਨੂੰ ਤਬਦੀਲੀ ਕਰਨ ਦਾ ਸਭ ਅਧਿਕਾਰ ਹੁੰਦਾ ਹੈ।

**4-** "ਠੀਕਰ ਫੋਰ ਦਿਲੀਸ ਸਿਰਿ ਪ੍ਰਭ ਪੁਰ ਕੀਉ ਪਯਾਨ। ਤੇਗ ਬਹਾਦਰ ਸ੍ਰਿ ਕਿਰਿਆ ਕਰੀ ਨ ਕਿਨਹੂੰ ਆਨ " ਆਦਿ ਦੋਹਰੇ ਜੋ ਦਿਲੀ ਦੇ ਹਰੇਕ ਗੁਰਦੁਆਰੇ ਵਿਚ ਪੜ੍ਹੇ ਜਾਂਦੇ ਹਨ, ਕੀ, ਇਹ ਬੰਦ ਕਰਵਾ ਸਕਗੇ ?

**5-** ਨਿਹੰਗ ਸਿੰਘਾ ਵਿਚ ਦਸਮ ਗ੍ਰੰਥ ਦੀ ਬਾਣੀ ਦਾ ਬਹੁਤ ਸਤਿਕਾਰ ਤੇ ਪ੍ਰਚਾਰ ਕੀਤਾ ਜਾਂਦਾ ਹੈ, ਕੀ ਇਹਨਾਂ ਨੂੰ ਕੋਈ ਰੋਕ ਸਕਦਾ ਹੈ ?

**6-** ਦਸਮ ਗ੍ਰੰਥ ਦੇ ਵਿਰੋਧੀ ਗਿ ਭਾਗ ਸਿੰਘ ਜੀ ਹਰ ਥਾਂ ਸਾਕਤ ਕਵੀ ਦਾ ਜ਼ਿਕਰ ਕਰਦੇ ਰਹੇ, ਪਰ ਉਹ ਉਸ ਦਾ ਨਾਮ ਨਹੀ ਲਿਖ ਸਕੇ ਕਿ ਉਹ ਕਿਹੜਾ ਸਾਕਤ ਕਵੀ ਸੀ. ਜਿਸ ਨੇ ਇਤਨਾ ਵਡਾ ਗ੍ਰੰਥ ਰਚਿਆ ? ਅਜਿਹੀ ਸ਼ਬਦਾਵਲੀ ਵਰਤਣ ਦੇ ਫਲਸਰੂਪ ਹੀ ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋਇਆ।

੨੨- ਦਾਸਰੇ ਨੇ ਐਡੀਟਰ ਸ ਜਗਜੀਤ ਸਿੰਘ " ਸਪੋਕਸਮੈਨ" ਨੂੰ ਆਪਣੀ ਚਿੱਠੀ ਪ੍ਰਕਾਸ਼ਤ ਕਰਨ ਲਈ ਕੋਈ ਬੇਨਤੀ ਨਹੀਂ ਸੀ ਕੀਤੀ। ਮੇਰਾ ਮੰਤਵ ਤਾਂ ਤੁਹਾਡੇ ਵਿਚਾਰਾਂ ਨਾਲ ਸਾਂਝ ਕਰਨਾ ਸੀ। ਕਿਤਨੇ ਅਫ਼ਸੋਸ ਦੀ ਗੱਲ ਹੈ ਕਿ ਮੇਰੀ ਚਿੱਠੀ ਤਾਂ ਸਪੋਕਸਮੈਨ ਨੇ ਛਾਪ ਦਿੱਤੀ ਪਰ ਦਸਮ ਗ੍ਰੰਥ ਦੇ ਸੰਬੰਧ ਵਿਚ ਗਿ ਭਾਗ ਸਿੰਥ ਜੀ ਨੂੰ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਇਆ ਹੁਕਮਨਾਮਾ ਨਹੀਂ ਛਾਪਿਆਂ, ਕਿਉਂਕਿ ਹੁਕਮਨਾਮਾ ਸ੍ਰੀ ਦਸਮ ਗ੍ਰੰਥ ਦੁ ਹੱਕ ਵਿੱਚ ਜਾਂਦਾ ਸੀ। ਅਜਿਹੀ ਇਕ ਪਾਸੜ ਸੋਚ ਅਜਿਹੇ ਵਾਦ-ਵਿਵਾਦ ਤੋਂ ਕਿਵੇਂ ਛੁਟਕਾਰਾ ਦਿਵਾ ਸਕਦੀ ਹੈ ?

੨੩- ਸੋ **ਸਾਰਗ੍ਰਾਹੀ** ਬਣ ਕੇ ਚੰਗੀਆਂ ਗੱਲਥ ਨੂੰ ਅਪਨਾਉਣਾ ਹਰੇਕ ਲਈ ਲਾਭਦਾਇਕ ਹੋਵੇਗਾ। **ਨਿਰੀ ਨੁਕਤਾਚੀਨੀ ਥਰ ਤਬਾਹ ਕਰ ਦਿੰਦੀ ਹੈ।** " ਤ੍ਰਿਅ ਚਰਿਤ੍ਰ ਦਾ ਵਿਰੋਧ ਕਰਨ ਵਾਲੇ ਵਿਦਵਾਨਾਂ ਪਾਸੋਂ ਪੁਛੋ ਕਿ ਘਰ ਟੀ ਵੀ ਤੇ ਜੋ ਕੁਝ ਰੰਗ-ਮੰਚ ਵੇਖਦੇ ਹਨ ਉਹ ਤ੍ਰਿਆ ਚਰਿਤ੍ਰਾਂ ਨਾਲੋਂ ਕਿਤੇ ਘੱਟ ਹੁੰਦਾ ਹੈ ?

੨੪- ਪਤ੍ਰਕਾ ਵਿਚ ਪੂਰੀ ਪੁਸਤਕ ਦੇ ਭੇਦਾਂ ਦੀ ਪ੍ਰਦਰਸ਼ਨੀ ਕਰਨੀ ਲੇਖਕ ਦੀ ਸ਼ਕਤੀ ਤੋਂ ਬਾਹਰ ਹੈ। ਚਿੱਠੀ ਜ਼ਰੂਰ ਪਾਂਦੇ ਰਿਹਾ ਕਰੋ। ਦਾਸਰੇ ਦੀਆਂ ਰਚਿਤ ਪੁਸਤਕਾਂ ਦੀ ਸੂਚੀ ਇਸ ਪ੍ਰਕਾਰ ਹੈ:-
ਅਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ (ਤੁਲਨਾਤਮਕ ਅਧਿਐਨ) । ੪- ਭਾਗ ੧-ਨਿਤਨੇਮ ਨਿਰਣੈ (ਸਟੀਕ) ੨- ਜਪੁ ਨਿਰਣੈ ਸਟੀਕ ੩- ਚੰਡੀ ਦੀ ਵਾਰ ਨਿਰਣੈ ਸਟੀਕ ੪- ਗੁਰਮਤਿ ਬੈਰਤਗ ਦਰਸ਼ਨ। ੫- ਅਕਾਲ ਉਸਤਤਿ ਨਿਰਣੈ *ਸਟੀਕ) ੬- ਅਰਦਾਸਿ ਪਰੰਪਰਾ ਤੇ ਸ਼ਕਤੀ। ੭- ਸਿਧ ਗੋਸਟ ਨਿਰਣੈ ੮- ਬਾਰਹਮਾਹਾ ਦਰਪਣ ੯- ਮੌਤ ਕੀ ਹੈ ? ੧●- ਬਾਣੀ ਸੇਖ ਫਰੀਦ ਜੀ ਸਟੀਕ। ੧੧- ਰਾਮਕਲੀ ਕੀ ਵਾਰ ਮਹਲਾ ੩ ਸਟੀਕ। ੧੨-ਸੁਖਮਨੀ ਦਰਸ਼ਨ (ਸੰਕਲਪ ਤੇ ਸਿਧਾਂਤ) ੧੩- ਅਨੰਦ ਪਰਮਾਰਥ (ਇਕ ਅਧਿਆਤਮਿਕ ਅਧਿਐਨ) ੧੪-ਜੈਤਸਰੀ ਕੀ ਵਾਰ ਨਿਰਣੈ (ਸਟੀਕ) ੧੫- ਆਸਾ ਕੀ ਵਾਰ (ਸਟੀਕ) ੧੬- ਵੈਰਾਗ ਲਹਿਰਾਂ ਤੇ ਸਫਲ ਜੀਵਨ ੧੭- ਬਾਣੀ ਸ੍ਰੀ ਗੁਰੂ ਤੇਗਬਹਾਦਰ ਸਟੀਕ। ੧੮- ਨਿਰਬਾਣ ਕੀਰਤਨੁ। ੧੯-ਸਲੋਕ ਸਹਸਕ੍ਰਿਤੀ ਤੇ ਗਾਥਾ ਸਟੀਕ ੧੯- ਗੁਰਬਾਣੀ ਪਾਠ ਪਰੰਪਰਾ ਨਿਰਣੈ ੨●- ਕੜ੍ਹਾਹ ਪ੍ਰਸਾਦ ਪਰਨਾਦਾ ਨਿਰਣੈ (ਇਸਹਾਸਕ ਖੋਜ) ੨੧-ਰਾਮਕਲੀ ਕੀ ਵਾਰ ਰਇ ਬਲਵੰਡ ਤਥਾ ਸਤੈ ਡੂਮਿ ਆਖੀ ਸਟੀਕ ੨੨- ਜੀਵਨ ਗਾਥਾ ਅਜੀਤ ਸਿੰਘ

ਜੀ(ਨੱਥਲਪੁਰ ਵਾਲੇ) ੨੩-ਸਲੋਕ ਭਗਤ ਕਬੀਰ ਜੀ ਸਟੀਕ ੨੪- ਸਮਰਥ ਗੁਰੂ ੨੫- ਸਵਈਏ ਸ੍ਰੀ ਮੁਖਬਾਕ ਮਹਲਾ ੫ ਅਤੇ ਭੱਟਾਂ ਦੇ ਸਵਈਏ (ਸਟੀਕ) ੨੬-ਨਾਮ ਦਰਸ਼ਨ। ੨੭-ਦਡਸਮ ਗ੍ਰੰਥ ਦਰਪਣ ੨੮-ਗੁਰਮਤਿ ਪ੍ਰਚਾਰ ਕਿਨ੍ਹਾਂ ਲੀਹਾਂ ਤੇ ?

੨੫- ਸਿਖ ਜਨਤਾ ਨੂੰ ਦਸਮ ਗ੍ਰੰਥ ਦੀ ਵਿਰੋਧ ਕਰਨ ਹਿਤ ਉਕਸਾਉਣ ਵਾਸਤੇ ਤ੍ਰਿਅ ਚਰਿਤਰਾਂ ਚੋਂ ਅਸ਼ਲੀਲ ਸ਼ਬਦਾਵਲੀ ਦੇ ਪ੍ਰਮਾਣ ਅੰਕਿਤ ਕਰਕੇ ਉਨ੍ਹਾਂ ਨੂੰ ਅਸਲੀਓਤ ਤੋਂ ਗਮਰਾਹ ਕਰਨਾ ਹੈ। ਇਸ ਦੇ ਫਲਸਰੂਪ ਹੀ ਗਿ ਭਾਗ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋਇਆ ਜਿਸ ਦੀ ਕਾਪੀ ਨਿਮਲ ਲਿਖਤ ਹੈ:--

ੴ

ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਜੀ।

ਨੰ: ੩੫੭੪੮

## ਹੁਕਮਨਾਮਾ

ਸਿੱਖ ਧਰਮ ਦੇ ਕੁਝ ਕੁ ਬੁਨਿਆਦੀ ਅਸੂਲ ਹਨ ਜਿਨ੍ਹਾਂ ਵਿਚ ਅਰਦਾਸ ਚੌਪਈ (ਹਮਰੀ ਕਰੋ ਹਾਥ ਦੇ ਰੱਛਾ) ਭੀ ਹਨ, ਜੋ ਸਿੱਖ ਧਰਮ ਦੇ ਥੰਮ ਰੂਪ ਹਨ, ਜਿਨ੍ਹਾਂ ਦਾ ਸਮੁੱਚੇ ਤੌਰ ਤੇ ਸਾਰੇ ਸਿੱਖ ਜਗਤ ਨਾਲ ਸੰਬੰਧ ਹੈ। ਸਮੂਹ ਸਿੱਖ ਪੰਥ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਜਗਤ ਦੇ ਇਤਿਹਾਸਕਾਰ ਅਤੇ ਪੰਥ ਦੇ ਪ੍ਰਸਿੱਧ ਵਿਦਵਾਨਾਂ ਦੇ ਸਮੁੱਚੇ ਫ਼ੈਸਲੇ ਤੋਂ ਬਿਨਾ ਗਿਆਨੀ ਭਾਗ ਸਿੰਘ ਅੰਬਾਲਾ ਨੇ ਇੱਕ ਦਸਮ ਗ੍ਰੰਥ ਨਿਰਣੈ ਪੁਸਤਕ ਲਿਖ ਕੇ ਵਿਅਕਤੀਗਤ ਕਿੰਤੂ ਕਰਕੇ ਪੰਥ ਦੇ ਬੁਨਿਅਦੀ ਅਸੂਲਾਂ ਤੇ ਭਾਰੀ ਸੱਟ ਮਾਰ ਕੇ ਘੋਰ ਪਾਪ ਕੀਤਾ ਹੈ। ਇਸ ਲਈ**ਮੈ** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਹੈਸੀਅਤ ਵਿੰਚ ਦੇਸ਼ ਪ੍ਰਦੇਸ਼ ਦੀਆਂ ਸਮੂਹ ਸਿੱਖ ਸੰਗਤਾਂ ਨੂੰ ਸੂਚਿਤ ਕਰਦਾ ਹਾਂ ਕਿ ਜਦ ਤੀਕ ਗਿਆਨੀ ਭਾਗ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਆਪ ਹਾਜ਼ਰ ਹੋ ਕੇ ਇਸ ਕੀਤੇ ਘੋਰ ਪਾਪ ਦੀ ਪ੍ਰਾਸਚਿਤ ਵਜੋਂ ਮੁਆਫ਼ੀ ਨਹੀਂ ਮੰਗਦਾ ਸੰਗਤਾਂ ਉਸ ਨੂੰ ਮੂੰਹ ਨਾ ਲਾਉਣ ਅਤੇ ਦੀਵਾਨਾਂ, ਗੁਰਪੁਰਬਾਂ ਆਦਿ ਵਿਖੇ ਕਿਸੇ ਸੂਰਤ ਵਿੱਚ ਬੋਲਣ ਦੀ ਆਗਿਆ ਨਾ ਦੇਣ। ਸਿੱਖ ਸੰਗਤਾਂ ਇਸ ਤੇ ਸਖ਼ਤੀ ਨਾਲ ਅਮਲ ਕਰਨ।

ਸਹੀ
ਸਾਧੂ ਸਿੰਘ
ਜਥੇਦਾਰ
ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਜੀ।

ਤਤ ਇਹ ਹੈ ਹੈ ਕਿ ਅਸੀਂ ਅਜਿਹੇ ਵਾਦ-ਵਿਵਾਦ ਤੋਂ ਆਪਣਾ-ਆਪ ਬਚਾਈਏ ਅਤੇ ਨਾਮ ਸਿਮਰਣ ਦੁਆਰਾ ਆਪਣਾ ਲੋਕ-ਪਰਲੋਕ ਸੁਹਲਾ ਕਰੀਏ। ਜੇ ਤੁਸੀਂ ਯੋਗ ਸਮਝੋ ਤਾਂ ਦਸਮ ਗ੍ਰੰਥ ਬਾਰੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਨਾਲ ਚਿੱਠੀ-ਪੱਤਰ ਕਰੋ। ਆਸ ਤਾਂ ਕੋਈ ਨਹੀਂ, ਪਰ ਸ਼ਾਇਦ ਤੁਹਾਡੀ ਗਲ ਮੰਨ ਲੈਣ।

ਨੋਟ:-ਦਸਮ ਗ੍ਰੰਥ ਵਿਤਚ ਅਜਿਹੀਆਂ ਸੈਂਕੜੇ ਮੰਕਤੀਆਂ ਹਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਮੇਲ ਖਾਂਦੀਆਂ ਹਨ।

ਭੁਲ ਚੁਕ ਦੀ ਖਿਮਾ ਦਾ ਜਾਚਕ

ਗੁਰਸਿੱਖਾਂ ਦਾ ਦਾਸ
(ਹਰਬੰਸ ਸਿੰਘ)

**ੴ ਸਤਿਗੁਰ ਪ੍ਰਸਾਦਿ ॥**

**ਮੂ ਥੀਆਊ ਤਖਤੁ ਪਿਰੀ ਮਹਿੰਜੇ ਪਾਤਿਸਾਹ ॥ ਪਾਵ ਮਿਲਾਵੇ ਕੋਲਿ ਕਵਲ ਜਿਵੈ ਬਿਗਸਾਵਦੋ ॥੧॥**

11442-86/A Avenue Delta BC
V4C 2Y 8

ਸਤਿਕਾਰ ਜੋਗ ਗਿਆਨੀ ਹਰਬੰਸ ਸਿੰਘ ਜੀਓ, October 5- 1999

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ॥

੭ ਜੁਲਾਈ ੧੯੯੯ ਨੂੰ ਲਿਖੀ ਦਾਸ ਦੀ ਚਿੱਠੀ ਦਾ ਤੁਹਾਡਾ ਉੱਤਰ, ਪਤਾ ਗ਼ਲਤ ਲਿਖਿਆ ਹੋਣ ਦੇ ਕਾਰਨ, ਸ਼ਾਇਦ ਹੋਰ ਹੀ ਲੇਟ ਹੋ ਕੇ-ਸਨੀਚਰਵਾਰ ੧ ਅਕਤੂਬਰ ਸ਼ਾਮੀ ੫ ਵਜੇ ਮਿਲਿਆ। ਹਾਰਦਿਕ ਪ੍ਰਸੰਨਤਾ ਹੋਈ, ਸ਼ੁਕਰ ਹੈ ਦਾਤਾਰ ਦਾ, ਆਸ ਬਣੀ ਹੈ ਕਿ, ਚਿਰਾਂ ਤੋਂ ਜੋ ਸੱਧਰ ਕਿਸੇ ਧਿਰੋਂ ਵੀ ਪੂਰੀ ਨਹੀ ਸੀ ਹੋਈ, ਹੋ ਸਕਦਾ ਹੈ ਆਪ ਜੀ ਵਲੋਂ ਹੀ ਗੁਰਮਤਿ ਸੋਧਾਂ ਪ੍ਰਾਪਤੀ ਦੀ ਲੋਚਨਾ ਪੂਰੀ ਹੋ ਜਾਵੇ ? ਇਹ ਪੜ੍ਹ ਕੇ ਕਿ, ਦਾਸ ਵਾਂਗ ਤੁਸਾਂ ਵੀ ਪੁਲਿਸ ਦੇ ਮਹਿਕਮੇ ਵਿਚ ਕੰਮ ਕੀਤਾ ਹੈ, (ਤੁਹਾਡੇ ਵਾਂਗ ਹੀ) ਖ਼ੁਸ਼ੀ ਵਿਚ ਵਾਧਾ. ਏਧਾਰ ਵੀ ਹੋਇਆ। ਦੋਂਹੀਂ ਧਿਰੀਂ ਪੁਲਸੀਏ ਹੋਣ ਦੇ ਕਾਰਨ, ਨੇੜਤਾ ਵਧਾਉਣ ਦਾ, ਕੀ ਇਹ ਇਕ ਹੋਰ ਸਾਧਨ ਪੈਦਾ ਨਾ ਹੋ ਗਿਆ ਜੀ ? ਜੀਵਨ ਵਿਚ ਕਈ ਤਰ੍ਹਾਂ ਦਿਆ ਰੁਝੇਵਿਆਂ ਤੋਂ ਖ਼ਲਾਸੀ ਤਾਂ-" **ਕੂੜਾ ਸਉਦਾ ਕਰਿ ਗਏ <u>ਗੋਰੀ ਆਇ ਪਏ</u>** ॥ ਵਾਲਾ ਭਾਣਾ ਵਰਤਣ ਤੇ ਹੀ ਹੋਣੀ ਹੈ। ਨਿਕੰਮੇ ਰੁਝੇਵਿਆਂ ਦੇ ਕਾਰਨ ਉੱਤਰ ਲਿਖਣਾ ਅਰੰਭ ਕਰਨ ਵਿਚ ਪੰਜ ਦਿਨ ਲੇਟ ਹੋ ਗਿਆ ਹਾਂ। ਤੁਹਾਡੀ ਗਿਆਨ-ਪਤ੍ਰਕਾ ਵਿਚਲੀਆਂ ਪੁੱਛਾ ਦਾ ਉੱਤਰ ਲਿਖਣ ਦਾ ਹੀਆਂ ਕਰਨ ਲੱਗਾ ਹਾਂ ਜੀ, ਭੁੱਲਾਂ ਦੀ ਖਿਮਾ ਪਹਿਲਾਂ ਹੀ ਮੰਗ ਲਵਾਂ-

**੧-** ਤੁਸਾਂ ਗੁਰਬਾਣੀ ਦੀ ਪੰਕਤੀ, " **ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ** ॥ " ਵਰਤ ਕੇ ਜੋ ਸਿਖਿਆ ਦਿੱਤੀ ਹੈ ਉਸ ਅਨੁਸਾਰ, ਭੁੱਲਾਂ ਹੋਣ ਦੀ ਸੰਭਾਵਣਾ ਦੇ ਡਰੋਂ, ਲਿਖਣ ਤੋਂ ਪਹਿਲਾਂ ਹੀ ਖਿਮਾਂ ਮੰਗ ਰਿਹਾ ਹਾਂ ਜੀ !

**੨-** ਤੁਹਾਡੀ ਪਹਿਲੀ ਪੁੱਛ (" ਮੈਨੂੰ ਬਹੁਤ ਖ਼ੁਸ਼ੀ ਹੋਈ ਜਦੋਂ ਇਹ ਪੜ੍ਹਿਆ ਕਿ ਤੁਸੀ ਸੰਨ ੧੯੪੭ ਤੋਂ ਪੁਲਿਸ ਮਹਿਕਮੇ ਵਿਚ ਹੀ ਨੌਕਰੀ ਕਰਦੇ ਰਹੇ, ਪਰ ਤੁਸਾਂ ਆਪਣਾ ਰੈਂਕ ਨਹੀ ਲਿਖਿਆ। ") **ਉੱਤਰ:- (ੳ)-ਪੁਲਸ ਦੀ ਨੌਕਰੀ ਵਿਚ** ੧੯੪੭ ਤੋਂ ਅਪ੍ਰੈਲ ੧੯੮੩ ਤਕ ਕੰਮ ਕਰਦੇ ਰਹਿਣ ਦੀ ਗੱਲ ਤੋਂ ਵੱਧ ਜਦ, ਤੁਸਾਂ ਆਪਣੇ ਬਾਰੇ ਕੁਝ ਨਹੀਂ ਸੀ ਲਿਖਿਆ ਤਾਂ ਦਾਸ ਬਾਰੇ ਅਜੇਹੀ ਪੁੱਛ ਪੜਤਾਲ ਦਾ ਕੀ ਕਾਰਨ ਜੀ ? ਉਂਜ, (ਅ)- ਤੁਹਾਡੇ ਚਰਨਾ ਵਿਚ ਪੁੱਜੀ " ਪਾਤੀ " ਦੇ ਅਰੰਭਕ ਪੈਰੇ ਵਿਚ ਦਾਸ ਦੇ ਬਚਨ, " **ਦੇਸ਼ ਦੀ ਵੰਡ ਤੋਂ ਬਦਲੇ ਹਾਲਾਤ ਦੇ ਕਾਰਨ ਘਰ ਵਿਚ ਆ ਵੜੀ ਗ਼ਰੀਬੀ ਅਤੇ ਭੁੱਖ ਤੋਂ ਮਜਬੂਰ ਹੋ ਕੇ ੧੯੪੭ ਤੋਂ <u>ਸਿਪਾਹੀ ਭਰਤੀ</u> ਹੋ ਕੇ ੧੯੮੧ ਤੱਕ ਪੁਲੀਸ ਦੇ ਮਹਿਕਮੇ ਵਿਚ ਰਹਿਣਾ ਪਿਆ।**" ਜਦ ਦਾਸ ਨੇ " ਰੈਂਕ " ਵੀ **ਸਿਪਾਹੀ** ਸਾਫ਼ ਲਿਖਿਆ ਹੋਇਆ ਹੈ, ਫਿਰ ਵੀ ਦਾਸ ਦਾ ਰੈਂਕ ਜਾਣਨ ਦੀ ਉਤਸੁਕਤਾ ਦਾ ਕੀ ਅਰਥ ? ਭੁਲੱਕੜਾਂ ਵਾਲੀ ਗੱਲ ਦਾਸ ਤਾਂ ਹਰ ਸਮੇਂ ਕਰਦਾ ਹੈ ਪਰ ਤੁਹਾਡੇ ਵਰਗੇ " ਨਿਰਣੈਕਾਰ ਗਿਆਨੀ ਜੀ ਭੁੱਲ ਕਿਵੇਂ ਕਰ ਸਕਦੇ ਸਨ ? ਚੰਦਰਾ ਮਨ ਸੋਚੀਂ ਪੈ ਗਿਆ ਕਿ, ਮਹਾਂਪੁਰਖਾਂ ਦੀ, ਜ਼ਰੂਰ ਕੋਈ ਗੁੱਝੀ ਰਮਜ਼ ਹੈ। ਇਉਂ ਸਮਝ ਪਈ ਕਿ, ਸ਼ਾਇਦ ਤੁਹਾਡੇ ਇਸ ਫ਼ੁਰਮਾਨ ਦਾ ਅਰਥ ਇਹ ਹੋਵੇ, " ਹੇ ਭੜੂਏ ! ਸਾਰੀ ਨੌਕਰੀ ਪਿਆਦਾ ਹੀ ਰਿਹਾ ਕਿ ਜਾਂ ਕੋਈ ਤਰੱਕੀ ਵੀ ਕੀਤੀ ?" ਸੰਕੇਤ ਮਾਤ੍ਰ ਤੁਹਾਡੇ ਇਸ ਹੁਕਮ ਦੀ ਵੀ, ਤਾਮੀਲ ਨਾ ਕਰਨੀ ਕਿਤੇ (ਧੰਕਾਣੇ ਦੀ) ਗੁਸਤਾਖ਼ੀ ਨਾ ਬਣ ਜਾਵੇ ? ਸੋ ਗੁਜ਼ਾਰਸ਼ ਹੈ ਕਿ:-" ਮਿਤੀ ੫ ਨਵੰਬਰ ੧੯੪੭ ਨੂੰ ਪੁਲਿਸ ਵਿਚ ੫੮ ਰੁਪਈਏ ਮਹੀਨਾ ਵੇਤਨ ਤੇ ਸਿਪਾਹੀ ਭਰਤੀ ਹੋਇਆ। ਪਹਿਲਾਂ ਰੰਗਰੂਟੀ ਕੀਤੀ ਅਤੇ ਫਿਰ ਫਿਲੌਰੋਂ " ਲੋਇਰ " ਪਾਸ ਕਰ ਕੇ ੧ ਅਕਤੂਬਰ ੧੯੫● ਵਿਚ ਹਵਾਲਦਾਰੀ ਮਿਲਦਿਆਂ ਹੀ, ਸ੍ਰੀ ਹਰਗੋਬਿੰਦਪੁਰ ਥਾਣੇ **ਮੁਨਸ਼ੀ** ਜਾ ਲੱਗਾ। ਅਗਾਂਹ ਵੀ ਮਿਹਰਾਂ ਹੋਈਆਂ। ੧੯੬੩ ਤੱਕ " ਅੱਪਰ " ਕਰ ਲੈਣ ਤੋਂ ਘਰਿੰਡੇ ਥਾਣੇ ਦਾ ਪਹਿਲਾ ਚਾਰਜ ਮਿਲ ਗਿਆ। ਸੰਤ ਫ਼ਤਹਿ ਸਿੰਘ ਨੇ ੧੯੬੬ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸੜ ਮਰਨ ਲਈ ਜਦ ਮੜ੍ਹ (ਹਵਨ-ਕੁੰਡ) ਬਣਾਏ, ਤਾਂ ਉਸ ਮੋਰਚੇ ਸਮੇ ਸ੍ਰੀ ਬੀਰਬਲ ਨਾਥ ਉਸ ਸਮੇਂ ਦੇ **SSP** ਸਾਹਿਬ ਨੇ, ਦਾਸ ਨੂੰ ਅੰਮ੍ਰਿਤਸਰ ਕੋਤਵਾਲੀ ਦਾ ਇਨਚਾਰਜ ਲਾ ਲਿਆ। ਕਈ ਉਤਾਰ ਚੜ੍ਹਾ ਆਏ, ਆਖ਼ਰ ਸਤੰਬਰ ੧੯੮੧ ਤੋਂ-**ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥ ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥੪੨॥**" ਪਰ-ਅਧੀਨਗੀ ਤੋਂ ਛੁਟਕਾਰਾ ਪਾ ਲਿਆ। ਜੋ ਤੁਸਾਂ ਪੁਛਿਆ ਹੈ ਉਸ ਅਨੁਸਾਰ ਏਨਾ ਪਿਛੋਕੜ, ਕੀ, ਕਾਫ਼ੀ ਨਹੀਂ ਹੈ ਜੀ ? ਜੇ ਹੋਰ ਜਾਣਨ ਦੀ ਉਤਸੁਕਤਾ ਨਾ ਮਿਟੇ, ਤਾਂ ਬਾਕੀ ਹਾਲਾਤ ਸ: ਬਰਜਿੰਦਰ ਸਿੰਘ ਜੀ ਸਿੱਧੂ, ਸ: ਭਗਵਾਨ ਸਿੰਘ ਜੀ ਦਾਨੇਵਾਲੀਆ **(Rtd I.G.P.** ਸਾਹਿਬਾਨ) ਅਥਵਾ ਸ: ਗੁਰਭਗਤ ਸਿੰਘ ਜੀ ਗਿੱਲ, **Rtd DIG** ਪੁਲਸ ਚੰਡੀਗੜ੍ਹ ਤੁਹਾਡੇ ਨੇੜੇ ਹੀ ਹਨ, ਉਨ੍ਹਾਂ ਤੋਂ ਪਤਾ ਕਰ ਲੈਣਾ। ਹੋਰ ਵੀ ਵੱਧ ਜਾਣਕਾਰੀ ਲੈਣੀ ਪੈ ਜਾਵੇ, ਤਾਂ **Mr A.A. Sadique D.G, Principle PTC Phillour** ਨਾਲ ਸੰਪਰਕ ਬਣਾ ਲੈਣਾ ਜੀ- ਹੁਣ ਭਲਾ, ਜੇ ਦਾਸ ਵੀ ਤੁਹਾਡੇ ਪੁਲਸ-ਜੀਵਨ ਬਾਰੇ ਜਾਣਨਾ ਚਾਹੇ ਤਾਂ ਕੀ, ਤੁਸੀਂ ਵੀ ਸਭ ਕੁਝ ਲਿਖ ਭੇਜਣ ਲਈ ਸਮਾਂ ਕੱਢ ਸਕੋਗੇ ਜੀ ?**ਪਿਆਰ ਪਤ੍ਰਕਾ ਵਿਚ ਤੁਹਾਡੇ ਲਿਖਣ ਅਨੁਸਾਰ ਤੁਸੀਂ ਤਾਂ ਪੁਲਿਸ ਵਿਚੋਂ ੧੯੮੩ ਵਿਚ ਰੀਟਾਇਰ ਹੋਏ ਸੀ ਪਰ ਦਾਸ ੧੫ ਜੁਲਾਈ ੧੯੮੩ ਤੋਂ ਭਿੰਡਰਾਂ ਵਾਲੇ ਬਾਬਾ ਜਰਨੈਲ ਸਿੰਘ ਜੀ ਕੋਲ ਗੁਰੂ ਨਾਨਕ ਨਿਵਾਸ (ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ) ਦੀ ਧੁਰ ਉਤਲੀ ਛੱਤੇ ਜਾ ਬਿਰਾਜਿਆ ਅਤੇ ਉਨ੍ਹਾਂ ਦਾ ਸੇਵਕ ਬਣ ਗਿਆ ਸੀ। ੧ ਜਨਵਰੀ ੧੯੮੪ ਨੂੰ ਬਾਬਾ ਜਰਨੈਲ ਜੀ ਦੀ ਆਗਿਆ ਲੈ ਕੇ ਕੈਨੇਡਾ ਆ ਗਿਆ ਅਤੇ ਮੁੜ, ਵਾਪਸ ਨਾ ਪਰਤ ਸਕਿਆ।**

**੩- ਟੋਟਿਆਂ ਵਿਚ ਵੰਡੀ ਤੁਹਾਡੀ ਇਹ ਪੁੱਛ-" (ੳ)** **ਤੁਸੀ ਮਹਿਕਮਾ ਪੁਲਸ ਵਿੱਚ ਕੰਮ ਕਰਦੇ ਇਤਨੇ ਵੱਡੇ ਵਿਦਵਾਨ ਕਿਸ ਦੀ ਸੰਗਤ ਨਾਲ ਬਣੇ ?"**
**(ਅ)** ਤੁਸਾਂ ਮਾਤਾ ਦੀ ਅਸੀਸ ਦਾ ਜ਼ਿਕਰ ਕੀਤਾ ਹੈ ਪਰ ਆਪਣੇ ਪਿਤਾ ਦਾ ਕੋਈ ਸੰਕੇਤ ਨਹੀਂ ਦਿੱਤਾ। (**ੲ**) ਹਾਂ ਤੁਸਾਂ ਆਪਣੀ ਚਿੱਠੀ ਵਿਚ ਚੰਗੀ ਨਿਮਰਤਾ ਅਤੇ ਵਿਦਵਤਾ ਦਿਖਾਈ ਹੈ, ਅਸਿੱਧੇ ਰੂਪ ਵਿੱਚ '--ਜੋ ਜੀਅ ਹੋਇ ਸੁ ਉਗਵੈ, ਮੁਹ ਕਾ ਕਹਿਆ ਵਾਉ " ਵਾਲਾ ਭਾਵ ਵੀ ਪ੍ਰਗਟਾਇਆ ਹੈ
**" ਨਿਮਰਤਾ ਵਾਲੇ ਬਚਨ ਵੀ ਚੁੱਭ ਗਏ ?**

-----ਮੰਗੀਆਂ ਤਾਂ ਗੁਰਮਤਿ ਗਿਆਨ-ਸੇਧਾਂ ਸਨ, ਪਰ ਤੁਸੀ ਦਾਸ ਦਾ ਜੀਵਨ ਹੀ ਫਰੋਲਣ ਲੱਗ ਪਏ ? ਵਿਅੰਗ ਰੂਪ ਉਕਤੀ ਦਾ ਨਿਮਰਤਾ ਸਹਿਤ ਕਰਮ ਵਾਰ ਉੱਤਰ--

(ੳ)----ਦਾਸ ਤਾਂ ਤੁਹਾਡੇ ਸਮੇਤ ਸਾਰੇ ਵਿਦਵਾਨਾ ਕੋਲੋਂ ਸਦਾ ਗੁਰਮਤਿ ਸੇਧਾਂ ਦੀ ਬਖ਼ਸ਼ਸ਼ ਲਈ ਜੋਦੜੀਆਂ ਹੀ ਕਰਦਾ ਹੋਇਆ ਮਰਨ ਕਿਨਾਰੇ ਆ ਪੁੱਜਾ ਹੈ। ਤੁਹਾਨੂੰ ਦਾਸ ਦੇ ਵਿਦਵਾਨ ਹੋਣ ਦਾ ਝੂਠ-ਭਰਮ ਕਿਵੇਂ ਪੈ ਗਿਆ ਜੀ ? ਅਪਣੇ ਆਪ ਨੂੰ "ਨਿਰਣੈਕਾਰ" ਅਤੇ ਗਿਆਨੀ " ਲਿਖਣ ਵਾਲੇ ਉੱਚ ਕੋਟੀ ਦੇ ਵਿਦਵਾਨ, ਮਹਾਂਪੁਰਖ ਜੀਉ! ਸਤਿਗੁਰਾਂ ਦੇ ਇਨ੍ਹਾਂ ਬਚਨਾਂ ਤੋਂ- " **ਨਾਨਕ ਮੂਰਖੁ ਏਕੁ ਤੂ ਅਵਰੁ ਭਲਾ ਸੈਸਾਰੁ** " ॥ ਦਾਸ ਦਾ ਯਕੀਨ ਬਣ ਚੁੱਕਾ ਹੈ. ਕਿ, ਸਾਰਾ ਸੰਸਾਰ ਦਾਸ ਤੋਂ ਸਿਆਣਾ ਹੈ। ਤੁਹਾਡੀ ਇਹ ਚਿੰਤਾ ਕਿ, ਦਾਸ ਕਿਸ ਦੀ ਸੰਗਤਿ ਤੋਂ (ਤੁਹਾਡੀਆਂ ਨਜ਼ਰਾਂ ਵਿਚ) ਵਿਦਵਾਨ ਬਣਿਆਂ ? ਤੁਸੀਂ ਸਤਿਗੁਰਾਂ ਦੇ ਇਸ ਬਚਨ ਤੇ ਸ਼ਾਇਦ ਏਡਾ ਨਿਸਚਾ ਨਹੀਂ ਰੱਖਦੇ "**ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥ ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥੧॥** ਸੱਜਣ ਠੱਗ, ਕੌਡਾ ਭੀਲ, ਭੂਮੀਆਂ ਚੋਰ, ਅਤੇ ਹੋਰ ਬੇਅੰਤ ਖ਼ੂਨੀ ਠੱਗਾਂ ਦੇ ਵਿਹੜੇ ਜਾ ਵੜਨ ਵਾਲੇ. ਕੌੜਿਆਂ ਰੇਠਿਆਂ ਨੂੰ ਨਜ਼ਰਾਂ ਨਾਲ ਹੀ ਮਿੱਠਾ ਕਰ ਦੇਣ ਵਾਲੇ, ਬੇਬੇ ਨਾਨਕੀ ਜੀ ਦੇ ਵੀਰਨ ਜੀ, ਦਾਸ ਤੇ ਵੀ ਦਇਆਵਾਨ ਹੋ ਗਏ ਅਤੇ ਇਕਾਗਰਤਾ ਨਾਲ ਗੁਰਬਾਣੀ ਪੜ੍ਹਨ ਦੀ ਚਿਟਕ ਲਾ ਦੇਣ ਦੇ ਨਾਲ ਗੁਰਮਤਿ-ਗਿਆਨ ਸਮਝਣ ਜੋਗ ਬਣਾਉਣ ਦੀ ਬਖ਼ਸ਼ਸ਼ ਆ ਕੀਤੀ। ਦਾਸ ਲਈ ਗੁਰਮਤਿ ਗਿਆਨ ਦਾ ਸੋਮਾਂ ਸਤਿਗੁਰੂ ਨਾਨਕ ਸਾਹਿਬ ਜੀ ਹੀ ਹਨ। ਗੁਰਬਾਣੀ ਵਿਆਕਰਨ ਦੀ ਲੋਕਾਂ ਨੂੰ ਸੂਝ ਬਖ਼ਸ਼ਸ਼ ਕਰਨ ਵਾਲੇ, ਪੁਸਤਕਾਂ ਦੁਆਰਾ ਗੁਰਮਤਿ-ਗਿਆਨ ਦੇ ਹਰ ਪੱਖ ਦੀ ਜਾਣਕਾਰੀ ਨਰੰਤਰ ਸਮਝਾ ਰਹੇ, ਪਰਲੋਕ ਵਾਸੀ, (ਸ਼ਹੀਦ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਰਹਿ ਚੁੱਕੇ) ਗੁਰਮੁਖਿ ਪਿਆਰੇ ਸਾਹਿਬ ਸਿੰਘ ਜੀ ਦੀਆਂ ਲਿਖੀਆਂ ਪੁਸਤਕਾਂ, ਦਾਸ ਲਈ ਗੁਰਮਤਿ-ਜਾਣਕਾਰੀ ਲਈ ਸਹਾਈ ਹੋ ਜਾਣੀਆਂ, ਸਤਿਗੁਰਾਂ ਦੀ ਨਿੱਜੀ ਬਖ਼ਸ਼ਸ਼ ਦਾ ਹੀ ਚਮਤਕਾਰ ਹੈ ਜੀ।

(ਅ)----ਮਾਤਾ ਜੀ ਦੀ ਫੋਕੀ ਅਸੀਸ ਦੀ ਹੀ ਗੱਲ, ਦਾਸ ਨੇ ਨਹੀਂ ਸੀ ਕੀਤੀ। ਗੁਰੂ ਦਰਬਾਰ ਦੀ ਹਾਜ਼ਰੀ ਭਰਨ ਦੀ ਚਿਟਕ ਲਾਉਣ ਤੋਂ ਅਰੰਭ ਕਰਕੇ, ਹਿਰਦੇ ਵਿਚ ਗੁਰਮਤਿ ਪ੍ਰਤੀ ਪਿਆਰ ਸਤਿਕਾਰ ਦਾ ਬੀਜ ਬੀਜਣਾ, ਫਿਰ ਸਤਿਗੁਰਾਂ ਦਾ ਲੜ ਘੁੱਟ ਕੇ ਫੜਾਉਂਣ ਵਾਲੇ, ਉਪਕਾਰੀ ਮਾਤਾ ਜੀ ਲਈ> (ਅਨਮਤੀਏ ਵਿਦਵਾਨ ਦਾ ਕਥਨ-" **ਏਕ ਅੱਖਰ ਦਾਤਾ ਗੁਰ ਜੋ, ਜੋ ਸਿਮਰਤ ਨਹੀਂ ਤਾਸ । ਸੌ ਜਨਮ ਸੁਆਨ ਕੋ, ਫਿਰ ਸੁਵਚਪ ਘਰਿ ਬਾਸ** ".) < ਕਲਮ ਰਾਹੀਂ ਵਹਿ ਨਿਕਲੀ ਸ਼ਰਧਾਂਜਲੀ ਤੋਂ ਆਪ ਜੀ ਦੇ ਮਨ ਵਿਚ ਭੁਚਾਲ ਕਿਸ ਕਾਰਨ ਵਾਪਰਿਆ ਜੀ ? ਫ਼ਰੀਦ ਸਾਹਿਬ ਬਾਰੇ ਵੀ ਪੜਤਾਲ ਕਰਾ ਲੈਣੀ ਸੀ ਜੀ, ਕਿ, ਜਿਹੜਾ ਕੰਮ ਕੇਵਲ ਉਨ੍ਹਾਂ ਦੇ ਮਾਤਾ ਜੀ ਕਰਦੇ ਰਹੇ ਸਨ, ਉਨ੍ਹਾਂ ਦੇ ਪਿਤਾ ਜੀ ਕਿਸ ਕਾਰਨ ਨਹੀਂ ਸਨ ਕਰਿਆ ਕਰਦੇ ?ਇਹ ਤਾਂ ਹੋ ਹੀ ਨਹੀਂ ਸਕਦਾ ਕਿ, **ਤੁਸੀਂ " ਨਰਸਿੰਘ ਭਗਵਾਨ** ਵਾਂਗ (**ਥੰਮ੍ਹੁ ਉਪਾੜਿ ਹਰਿ ਆਪੁ ਦਿਖਾਇਆ ॥**) ਹੀ ਜਗਤ ਵਿਚ ਆ ਗਏ ਹੋਵੋ ? ਫਿਰ, ਜਦ ਤੁਸਾਂ ਆਪਣੇ ਮਾਤਾ ਪਿਤਾ ਜੀ ਬਾਰੇ, ਜਾਂ ਆਪਣੇ ਪਰਵਾਰ ਬਾਰੇ ਜਾਣਕਾਰੀ ਦੇ ਕੇ ਆਪਸੀ ਸਾਂਝ ਵਧਾਉਣ ਵਾਲੀ ਗੱਲ ਕਰਨੀ ਠੀਕ ਨਾ ਸਮਝੀ, ਤਾਂ ਕੇਵਲ ਮਾਤਾ ਦਾ ਜ਼ਿਕਰ, ਤੁਹਾਨੂੰ ਦਾਸ ਦੇ ਪਿਤਾ ਜੀ ਵਲ ਨੂੰ ਕਿਵੇਂ ਘਸੀਟ ਤੁਰਿਆ ਜੀ ? ਭਾਂਵੇਂ ਲੋੜ ਤਾਂ ਨਹੀਂ ਸੀ, ਫਿਰ ਵੀ ਤੁਹਾਡੇ ਭਰਮ ਦਾ ਘੋੜਾ ਤੁਹਾਨੂੰ ਕਿਸੇ ਵੱਡੇ ਉਪੱਦਰ ਵਲ ਨੂੰ ਨਾ ਲੈ ਦੌੜੇ, (ਦਾਸ ਨੂੰ ਕਿਤੇ, ਵੇਸਵਾ ਪੂਤ ਹੀ ਨਾ ਬਣਾ ਦਿਉ ?) ਜੇ ਤੁਹਾਡੀ ਵਿਅਰਥ ਦੀ ਉਤਸੁਕਤਾ ਨਾ ਮਿਟਾਈ, ਤਾਂ ਕਿਤੇ ਹੋਰ ਵੀ ਵੱਧ ਗ਼ੁਸਤਾਖ਼ ਨਾ ਸਮਝਿਆ ਜਾਵਾਂ ਸੋ-ਪਿਤਾ ਜੀ ਪ੍ਰਤੀ **ਦਾਸਰੇ ਦਾ ਬਿਆਨ** ਇਉਂ ਹੈ ਜੀ, " ਪਿਤਾ ਜੀ, ਗੁਰਮੁਖੀ ਦੇ ਮਾਮੂਲੀ ਅੱਖਰ-ਬੋਧ ਤੋਂ ਛੁੱਟ, ਕੋਰੇ ਅਨਪੜ੍ਹ ਸਨ। ਪਰ ਸਰੀਰ ਅਤੇ ਸਰੀਰਕ ਬਲ, ਪਰਮਾਤਮਾ ਵਲੋਂ, ਅਣੋਖੀ ਦਾਤ ਪ੍ਰਾਪਤ ਹੋਈ ਸਮਝੀ ਜਾਂਦੀ ਸੀ। ਅੰਗਰੇਜ਼ਾਂ ਦੇ ਸਮੇ ਰਸਾਲੇ ਵਿਚ ਭਰਤੀ ਹੋ ਗਏ ਅਤੇ ਪਿਆਦਿਉਂ ੧੨ ਘੋੜ ਸਵਾਰਾਂ ਤੇ ਸਰਦਾਰੀ ਮਿਲ ਗਈ। ਪਹਿਲੀ ਵਿਸ਼ਵ ਜੰਗ ਵਿਚ ਅੰਗ੍ਰੇਜ਼ ਅਫ਼ਸਰ ਦੀ ਨਜ਼ਰੀਂ ਚੜ੍ਹ ਗਏ, ਜ਼ਿਲਾ ਮਿੰਟਗੁਮਰੀ (ਪਾਕਿਸਤਾਨ) ਦੇ ਠਾਣਾ ਕੱਸੋਵਾਲ ਵਿਚਲੇ ਪਿੰਡ, ੩੯-੧੪/L ਵਿਚ ਵਧੀਆਂ ਗੁਜ਼ਾਰੇ ਜੋਗੀ ਦੋ ਮੁਰੱਬੇ ਜ਼ਮੀਨ ਅਤੇ ਵਲੈਤੀ ਘੋੜੀਆਂ ਦੇ ਨਾਲ ਇਕ ਮੁਰੱਬਾ ਭੋਇੰ ਹੋਰ ਮਿਲ ਗਈ। ਦਾਸ ਇਕਲੋਤਾ ਬੇਟਾ ਸੀ, ਵਡੇ ਭੈਣ ਜੀ ੧੨ ਸਾਲ ਵਡੇ ਸਨ (ਜੋ ਪੂਰੇ ਹੋ ਚੁੱਕੇ ਹਨ) ਦੂਜੀ ੬ ਸਾਲ ਛੋਟੀ, ਅੱਜ ਕੱਲ ਇੰਗਲੈਂਡ ਰਿਹਾਇਸ਼ ਹੈ॥ ਪਿਤਾ ਜੀ ਗੋਰੀ ਸਰਕਾਰ ਦੇ ਗੁਣ ਗਾਉਂਦੇ,

ਅਕਾਲੀਆਂ ਨੂੰ ਮਖ਼ੌਲਾਂ ਕਰਦੇ। ਮਾਤਾ ਜੀ ਸਾਰੇ ਪੰਥਕ ਮੋਰਚਿਆਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦੇ, ਜੇਲ੍ਹ ਯਾਤਰਾ ਤੋਂ ਵੀ ਨਾ ਘਾਬਰਦੇ। ਮਾਤਾ ਪਿਤਾ ਦੋਵੇਂ ਪਰਲੋਕ ਸਿਧਾਰ ਚੁੱਕੇ ਹਨ। ਦਾਸ ਦਾ ਜਨਮ ਮਿਤੀ ੧੭ ਅਕਤੂਬਰ ੧੯੨੧ ਨੂੰ ਜ਼ਿਲ੍ਹਾ ਗੁਰਦਾਸ ਪੁਰ ਰਾਤ ਦੇ ੨ ਵਜੇ ਹੋਇਆ ਸੁਣਿਆ ਗਿਆ ਸੀ। ਪਰ ਦੀਨਾਨਗਰ ਥਾਣੇ ਦੇ ਪਿੰਡ ਫ਼ਰੀਦਪੁਰ ਦੇ (ਸਿਵਲਸਰਜਣ ਕੋਲ ਪਏ) ਰੀਕਾਰਡ ਵਿਚੋਂ ਜਨਮ ਥਿਤੀ ਵਾਲੀ ਗਲ ਸੱਚ ਸਿੱਧ ਹੋਈ ਹੈ। ਜਟ ਸਰਦਾਰਾਂ ਦੇ ਛੋਕਰੇ ਇੱਲਤਾਂ ਵਿਚ ਮੋਹਰੀ ਅਤੇ ਪੜ੍ਹਨ ਤੋ ਘੁਸਾਈ ਮਾਰ ਜਾਣ ਵਾਲਿਆਂ ਦੇ ਲੀਡਰ? ਪਰ ਰਸਾਲੇ ਦੇ ਪੈਨਸ਼ਨਰ ਸਰਦਾਰ ਦਾ ਇਕੋਲਤਾ ਬੇਟਾ ਹੋਣ ਦੇ ਕਾਰਨ ਏਧਰ ਕੁਝ ਵਾਧੂ.....

**(ਸ)**----ਕਈਆਂ ਪੁਸਤਕਾਂ ਦੇ ਲਿਖਾਰੀ, ਨਿਰਨੈਕਾਰ ਉੱਚ ਕੋਠੀ ਦੇ ਗਿਆਨੀ ਜੀ ਨੂੰ ਦਾਸ ਦੀ**ਖਰਵੀ ਜਟਕੀ** ਬੋਲੀ ਵੀ ਜੇ ਬੜੀ ਨਿਮਰਤਾ ਭਰਪੂਰ ਹੋ ਦਿੱਸੀ ਹੈ, ਤਾਂ ਸਤਿਗੁਰਾਂ ਦੀ ਬੜੀ ਕਿਰਪਾ ਹੋਈ ਸਮਝਣੀ ਚਾਹੀਦੀ ਹੈ। ਦਸ਼ਮੇਸ਼ ਜੀ ਦੀ ਇਤਿਹਾਸਕ ਚਿੱਠੀ, **ਜ਼ਫ਼ਰਨਾਮੇ** ਵਿਚਲਾ ਫ਼ੁਰਮਾਨ- " **ਹਮੂੰ ਮਰਦ ਬਾਇਦ ਸ਼ਵਦ ਸੁਖ਼ਨਵਰ। ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ ॥** " ਸਿੱਖ ਕੀ ਸਮਝਣਾ ਹੈ, ਦਸ਼ਮੇਸ਼ ਜੀ ਤਾਂ, ਉਸ ਨੂੰ ਮਰਦ ਵੀ ਨਹੀਂ ਮੰਨਦੇ ਜਿਸ ਦੋਰੰਗੇ ਦੇ ਹਿਰਦੇ ਵਿਚ ਹੋਰ, ਅਤੇ ਮੂੰਹ ਵਿਚ ਕੁਝ ਹੋਰ ਹੋਵੇ । ਅੰਦਰ ਦਾ ਗੰਦ ਗਹਿਣਿਆਂ ਰੂਪ ਮਨਮੋਹਣੀ ਸ਼ਬਦਵਲੀ ਵਿਚ ਲੁਕਾਈ ਬੈਠੇ ਵਿਦਵਾਨ ਪੰਡਿਤ ਨੂੰ, (ਸਰਬ ਸਾਂਝਾ ਅਤੇ ਸਦੀਵੀ ਸਚੁ ਦ੍ਰਿੜ ਕਰਵਾ ਰਿਹਾ), ਸਤਿਗੁਰੂ ਨਾਨਕ ਸਾਹਿਬ ਜੀ ਦਾ ਉਪਦੇਸ਼- **ਮਃ ੧ ॥ ਪੜਿ ਪੁਸਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥ ਮੁਖਿ ਝੂਠ ਬਿਭੂਖਣ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥ ਗਲਿ ਮਾਲਾ ਤਿਲਕੁ ਲਿਲਾਟੰ ॥ ਦੁਇ ਧੋਤੀ ਬਸਤ੍ਰ ਕਪਾਟੰ ॥ ਜੇ ਜਾਣਸਿ ਬ੍ਰਹਮੰ ਕਰਮੰ ॥ ਸਭਿ ਫੋਕਟ ਨਿਸਚਉ ਕਰਮੰ ॥ ਕਹੁ ਨਾਨਕ ਨਿਹਚਉ ਧਿਆਵੈ ॥ ਵਿਣੁ ਸਤਿਗੁਰ ਵਾਟ ਨ ਪਾਵੈ ॥੨॥**{੪੭੦}

**ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥ ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥੨ ॥**

ਮਿਤਰਤਾਈ ਦੀ ਭਾਵਣਾ ਨਾਲ ਪਾਵਨ ਸਲੋਕ ਦੀ ਅਧੀ ਭਾਵੇਂ ਪੰਗਤੀ ਹੀ ਲਿਖ ਭੇਜਦੇ ਦਾਸ ਲਈ ਦੁਰਲੱਭ ਉਪਕਾਰ ਹੀ ਸੀ। ਪਰ, ਸਿੱਧੀ ਗਲ ਕਹਿ ਕੇ ਮਨ ਹੌਲਾ ਕਰ ਲੈਣ ਦੇ ਥਾਂ, ਗੁਰੂ ਬਾਣੀ ਦੀ ਕੁਟਲ-ਵਰਤੋ..? ਪੁਰਾਣਾ ਦੇ ਲਿਖਾਰੀ ਬ੍ਰਾਹਮਣ ਵਾਲੀ ਕਰਤੂਤ ? ਗੁਰਬਾਣੀ ਦੀ ਇਉਂ ਵਰਤੋਂ ਕਰਨੀ ਕਿਤੇ ਸਤਿਗੁਰੂ ਜੀ ਦੀ ਨਿਰਾਦਰੀ ਤਾਂ ਨਹੀਂ ਹੈ ਜੀ ?

**੪- ਚਿੱਠੀ ਵਿਚਲੇ ਤੁਹਾਡੇ ਬਚਨ:-** (-" ਤੁਸੀਂ ਕੇਵਲ ਗੁਰਬਾਣੀ ਨੂੰ ਹੀ ਮੰਨਦੇ ਹੋ ਬਹੁਤ ਚੰਗੀ ਗਲ ਹੈ, ਪਰ ਕੀ ਇਸ ਤਰ੍ਹਾਂ ਤੁਸੀ ਇਤਹਿਾਸ ਨੂੰ ਨਕਾਰ ਨਹੀਂ ਰਹੇ ? ....ਕਿਵੇ ਸਿੱਧ ਕਰੋਗੇ ? " ) - ਗਿਆਨੀ ਜੀਓ ! ਬੇਸ਼ਕ ਦੋਬਾਰਾ ਪੜ੍ਹ ਵੇਖੋ, ਦਾਸ ਦੇ ਹਥੋਂ ਲਿਖੀਆਂ ਪੱਤ੍ਰਕਾਂ ਵਿਚ, ਅਜੇਹੀ ਕੋਈ ਗਲ ਲਿਖੀ ਨਹੀਂ ਮਿਲ ਸਕਦੀ ਜਿਸ ਦਾ ਸਪੱਸ਼ਟ ਅਰਥ ਇਹ ਬਣਦਾ ਹੋਵੇ ਕਿ ਦਾਸ ਇਤਿਹਾਸਕ ਗੱਲ ਮੁਢੋਂ ਮੰਨਦਾ ਹੀ ਨਹੀਂ। ਇਹ ਫ਼ਤਵਾ ਤੁਸਾਂ ਕਿਸ ਅਧਾਰ ਤੇ ਲਿਖ ਘਲਿਆ ਕਿ, ਦਾਸ ਇਤਿਹਾਸ ਨੂੰ ਨਕਾਰਦਾ ਹੈ ? ਸਚਾਈ ਇਹ ਹੈ ਕਿ, ਗੁਰੂ ਇਤਿਹਾਸ ਅਥਵਾ ਸਿੱਖ ਇਤਿਹਾਸ ਦਾਸ ਲਈ ਬੜੀ ਵਡੀ ਮਹੱਤਤਾ ਰੱਖਦਾ ਹੈ। ਪਰ ਸ਼ਰਤ ਇਹ ਹੈ ਕਿ, ਜੇ ਉਹ ਸਤਿਗੁਰਾਂ ਦੀ ਬਾਣੀ ਦੀ ਕਸਵੱਟੀ ਤੇ ਪੂਰਾ ਉਤਰਦਾ ਹੋਵੇ, ਅਥਵਾ, ਉਸ ਵਿਚ ਗਰੂਬਾਣੀ ਦੇ ਕਿਸੇ ਸਿਧਾਂਤ ਦੀ ਖੰਡਣਾ ਵਾਲੀ ਕੋਈ ਗੱਲ ਨਾ ਹੋਵੇ। ਉਦਾਹਰਣ ਵਜੋਂ:-ਡ: ਭਾਈ ਵੀਰ ਸਿੰਘ ਜੀ, ਪ੍ਰਿੰ: ਨਰਿੰਜਨ ਸਿੰਘ, ਭਾਈ ਕਾਨ੍ਹ ਸਿੰਘ ਜੀ ਨਾਭਾ, ਮੇਰੇ ਮੁਹਸਨ ਪ੍ਰਿੰ: ਸਾਹਿਬ ਸਿੰਘ ਜੀ ਆਦਿ ਸਮੇਤ, ਕਈ ਗੁਰਸਿੱਖ ਵਿਦਵਾਨਾ ਦੀਆਂ ਲਿਖੀਆਂ ਪੁਸਤਕਾਂ ਵਿਚੋਂ ਏਹੀ ਪੜ੍ਹਿਆ ਹੈ ਕਿ, ਸਤਿਗੁਰੂ ਨਾਨਕ ਜੀ ਦੇ ਛੇਵੇਂ ਸਰੂਪ, ਛੱਟਮ ਪੀਰ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਡੇ ਸਾਹਿਬਜ਼ਾਦਾ ਬਾਬਾ ਗੁਰਦਿੱਤਾ ਜੀ, ਬਾਬਾ ਸ੍ਰੀ ਚੰਦ ਜੀ ਦੇ ਚੇਲੇ ਸਨ, ਅਤੇ ਉਦਾਸੀਨ ਮਤ ਦੀ ਮਹੰਤੀ ਦੇ ਕਾਰਨ ਹੀ ਉਨ੍ਹਾਂ ਨੂੰ ' ਬਾਬਾ ' ਪਦਵੀ ਮਿਲੀ ਸੀ। " ਹੋ ਸਕਦਾ ਹੈ ਆਪ ਜੀ ਦਾ ਵਿਚਾਰ ਵੀ ਇਨ੍ਹਾਂ ਵਿਦਵਾਨਾ ਦੇ ਨਾਲ ਹੀ ਮੇਲ ਖਾਂਦਾ ਹੋਵੇ ? ਪਰ ਦਾਸ ਲਈ ਇਹ ਗਲ ਗੁਰਮਤਿ ਵਿਰੋਧੀ ਬਣ ਗਈ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਘਰ ਵਿਚ, ਗ੍ਰਿਹਸਤ ਜੀਵਨ ਦੀ ਪ੍ਰਧਾਨਗੀ ਮੰਨੀ ਗਈ ਹੈ। ਗੁਰਿਆਈ ਬਾਬਾ ਲਹਿਣਾ ਜੀ ਦੇ ਸਪੁਰਦ ਹੁੰਦਿਆਂ ਸਾਰ ਹੀ ਬਾਬਾ ਸ੍ਰੀ ਚੰਦ, ਝਟ-ਪਟ ਗ੍ਰਿਹਸਤ ਦਾ ਤਿਆਗੀ ਨਾਂਗਾ ਉਦਾਸੀ?--**ਉਪਜੀ ਤਰਕ ਦਿਗੰਬਰੁ ਹੋਆ ਮਨੁ ਦਹ ਦਿਸ ਚਲਿ ਚਲਿ ਗਵਨੁ ਕਰਈਆ ॥ ਪ੍ਰਭਵਨੁ ਕਰੈ ਬੂਝੈ ਨਹੀ ਤ੍ਰਿਸਨਾ ਮਿਲਿ ਸੰਗਿ ਸਾਧ ਦਇਆ ਘਰੁ ਲਹੀਆ ॥੪॥**{੮੩੫} ਗੁਰਮਤਿ ਦੀ ਘੋਰ ਵਿਰੋਧਤਾ ? ਮਾਨੋ ਸਤਿਗੁਰੂ ਜੀ, ਵਿਰੁੱਧ ਜੰਗ ਦਾ ਬਿਗ਼ਲ ? ਸਤਿਗੁਰੂ ਨਾਨਕ ਸਾਹਿਬ ਜੀ ਦਿਆਂ ਸਾਹਿਜ਼ਾਦਿਆਂ ਵਿਚ ਦੂਜੀ ਬੜੀ ਗੰਭੀਰ ਊਣਤਾਈ- "**ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥ ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥** ਪਾਵਨ ਗੁਰੂਬਾਣੀ ਸਾਖ਼ੀ ਹੈ ਕਿ ਉਨ੍ਹਾਂ ਨੇ ਪਿਤਾ ਗੁਰਦੇਵ ਜੀ ਦਾ ਹੁਕਮ ਮੰਨਣ ਤੋ ਸਦਾ ਪਿੱਠ ਮੋੜੀ ਰੱਖੀ। ਅਜੇਹੇ ਸ੍ਰੀ ਚੰਦ ਦੇ ਉਦਾਸੀ ਮਤਿ ਵਿਚ, ਉਹ ਬਾਬਾ

ਗੁਰਦਿੱਤਾ ਜੀ ਜਾ ਵੜੇ, ਜੋ ਸਤਿਗੁਰਾਂ ਦੇ ਜੇਠੇ ਸਪੁੱਤਰ ਅਤੇ ਸਤਿਗੁਰੂ ਹਰਿ ਰਾਏ ਸਾਹਿਬ ਜੀ ਦੇ ਪੂਜਯ ਪਿਤਾ ਜੀ ਸਨ ? ਦਾਸ ਦਾ ਅਮੋੜ ਮਨ ਨਾ ਮੰਨੇ। ਜ਼ਰੂਰ ਕਿਤੇ ਵਡਾ ਘਪਲਾ ਹੈ। ਅਰਦਾਸਾਂ ਤੇ ਜੋਦੜੀਆਂ ਕਰਦਾ ਰਹਾਂ, ਹੇ ਅਬਿਨਾਸ਼ੀ ਦਾਤਾਰ ਜੀਓ ! ਜਿਸ ਸਤਿਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਪਹਿਲੇ ਸਰੂਪ ਸਮੇ ਸ੍ਰੀ ਚੰਦ ਨੂੰ ਗੁਰਿਆਈ ਦੇਣੀ ਨਾ ਸੀ ਝੱਲੀ, ਉਸੇ (ਬਾਬਾ) ਸ੍ਰੀ ਚੰਦ ਦੇ ਗੁਰਮਤਿ ਵਿਰੋਧੀ ਉਦਾਸੀ ਮਤਿ ਦੀ ਮਹੰਤੀ ਲੈਣੀ, ਛੇਵੇਂ ਸਰੂਪ ਗੁਰੂ ਨਾਨਕ ਸਾਹਿਬ ਜੀ, ਕਿਵੇਂ ਝੱਲ ਸਕਦੇ ਸਨ ? ਕੋਈ ਅਜੇਹੀ ਅਕੱਟ ਦਲੀਲ ਇਸ ਨਿਮਾਣੇ ਸੇਵਕ ਦੇ ਪੱਲੇ ਪਾ ਦਿਉ ਜਿਹੜੀ ਇਸ ਕੁਟਲ ਇਤਿਹਾਸ ਨੂੰ ਬਦਲ ਕੇ ਰੱਖ ਦੇਵੇ। ਆਖ਼ਰ ਮਿਹਰਾਂ ਹੋਈਆਂ। ਰਾਤ ਖ਼ਿਆਲ ਆਇਆ ਕਿ ਬਾਬਾ ਸ੍ਰੀ ਚੰਦ ਦੇ ਦਿਹਾਂਤ ਦੀ ਅਤੇ ਬਾਬਾ ਗੁਰਦਿੱਤਾ ਜੀ ਦੇ ਜਨਮ ਦੀ- ਤਾਰੀਖ਼ ਵੇਖੀਏ। ਸਰਬ ਪ੍ਰਵਾਨਤ ਗ੍ਰੰਥ, ਜਿਸ ਨੂੰ ਭਾਸ਼ਾ ਵਿਭਾਗ ਪੰਜਾਬ ਨੇ ਛਾਪਿਆ ਹੈ, ਮਹਾਨ ਕੋਸ਼ ਵਿਚ, ਬਾਬਾ ਸ੍ਰੀ ਚੰਦ ਦੇ **ਦਿਹਾਂਤ ਦੀ ਮਿਤੀ--੧੫ ਅੱਸੂ ਸੰਮਤ ੧੬੬੯** ਅਤੇ ਬਾਬਾ ਗੁਰਦਿੱਤਾ ਜੀ ਦਾ **ਜਨਮ ਕਤਕ ਸੁਧੀ ੧੫ ਸੰਮਤ ੧੬੭੦**, ਕਰੀਬ ੧੩ ਮਹੀਨੇ ਬਾਬਾ ਸ੍ਰੀ ਚੰਦ ਦੇ ਪਰਲੋਕ ਗਮਨ ਦੇ ਮਗਰੋਂ ? ਹਿਰਦਾ ਖ਼ੁਸ਼ੀ ਨਾਲ ਗਦ ਗਦ ਹੋ ਗਿਆ। ਦਾਸ ਦਾ ਲਿਖਆ ਲੇਖ ਗੁਰੂ ਨਾਨਕ ਦੇਵ ਯੂਨੀਵਰਸਟੀ ਅੰਮ੍ਰਿਤਸਰ ਦੇ ਡ: ਗੁਰਸ਼ਰਨ ਜੀਤ ਸਿੰਘ ਜੀ ਕੋਲ ਪੁੱਜਿਆ। ਅਸਲੀਯਤ ਨੰਗੀ ਹੋਈ ਤੋਂ ਸੁਹਿਰਦ ਨੌਜਵਾਨਾ ਵਿਚ ਖ਼ੁਸ਼ੀਆਂ ਛਲਕ ਪਈਆਂ, ਜੋ ਵਧਾਈਆਂ ਦੇ ਰੂਪ ਵਿਚ ਦਾਸ ਤੱਕ ਪੁੱਜੀਆਂ।

ਏਵੇਂ ਹੀ, ਛੇਵੇ ਸਰੂਪ ਤੋਂ-- ਕੀ, ਸਤਿਗੁਰੂ ਸਾਹਿਬਾਨ ਵੱਧ ਕਾਮੀ ਹੋ ਗਏ ਕਿ, ਕਿ, ਜਾਂ ਔਲਾਦ ਨਾ ਹੋਣ ਦਾ ਮਸਲਾ ਸੀ ? ਦੋਵੇਂ ਕਾਰਨ ਮੰਨਣ ਜੋਗ ਨਹੀਂ ਹਨ । ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਤਿੰਨ, ਗੁਰੂ ਹਰਿਰਾਇ ਸਾਹਿਬ ਜੀ ਦੇ ਅੱਠ ਅਤੇ ਦਸ਼ਮੇਸ ਜੀ ਦੇ ਵੀ ਤਿੰਨ ਵਿਆਹ ? ਅਜੇਹਾ ਇਤਿਹਾਸ ਲਿਖਣ ਵਾਲੇ ਨੂੰ ਸੁਹਿਰਦ ਅਥਵਾ ਗੁਰਸਿੱਖ ਕਿਵੇਂ ਮੰਨ ਲਵਾਂ ? ਸਤਿਗੁਰਾਂ ਦੀ ਇੱਕੋ ਇੱਕ ਸ਼ਾਦੀ ਹੋਈ ਸਿੱਧ ਕਰਨ ਵਾਲਾ ਲੇਖ ਵੀ ਕਦੇ ਪੜ੍ਹ ਲੈਣਾ। ਏਸੇ ਤਰ੍ਹਾਂ ਮੱਖਣ ਸ਼ਾਹ ਲੁਬਾਣੇ ਵਾਲੀ ਗੁਰਮਤਿ ਵਿੱਧੀ ਸੁਖਣਾ ਪੂਰੀ ਹੋਣ ਦਾ ਬ੍ਰਾਹਮਣੀ ਮਾਇਆ ਜਾਲ ? (ਮਾਤਾ) ਸੁਲੱਖਣੀ ਲਈ ਘੋੜੇ ਦੀ ਕਿਰਪਾ ਨਾਲ ਇਕ ਤੋਂ ਬਣੇ ਸਾਤੇ ਦੀ ਗੱਲ, ਬਾਬਾ ਬੁੱਢਾ ਜੀ ਦੇ ਵਰ ਨਾਲ ਛੱਟਮ ਪੀਰ ਅਵਤਾਰੀ ਹੋਏ, ਅਦਿ ਗਾਥਾਵਾਂ ਗੁਰਮਤਿ ਵਿਰੋਧੀ ਹਨ। ਦਾਸ ਦੀਆਂ ਪੁਸਤਕਾਂ ਵਿਚ ਅਜੇਹੇ ਭੁਲੇਖੇ ਨਿਤਾਰੇ ਗਏ ਹਨ। ਸੋ ਇਤਹਾਸ ਬਾਰੇ ਦਾਸ ਦਾ ਵਿਚਾਰ ਗੁਰਮਤਿ ਦੀ ਕਸੱਟੀ ਤੇ ਟਿਕਿਆ ਹੋਇਆ ਹੈ ਜੀ। ਵੈਰੀਆਂ ਦੀ ਗੱਲ ਤਾਂ ਦੂਰ ਰਹੀ, ਸਾਰਾ ਪੰਥ ਰਲ ਕੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨਾਂ ਵਿਚ ਰਲਾ ਕਦੇ ਨਹੀਂ ਸੀ ਪਾ ਸਕਦਾ। ਕੇਵਲ ਏਹੀ ਤਾਂ ਹੈ, ਇਕੋ ਇੱਕ ਭਾਗਾਂ ਵਾਲੀ ਪਰਮ ਪਵਿੱਤਰ **ਦੈਵੀ** " **ਬੁੱਕਲ-ਰੂਪ ਵਾੜ** " ਜੋ **ਪੰਥ ਬਗੀਚੇ** ਵਿਚ ਪੂਰੀ ਤਰ੍ਹਾਂ ਉਜਾੜਾ ਨਹੀਂ ਪੈਣ ਦਿੰਦੀ। ਯਕੀਨ ਬਣ ਚੁੱਕਾ ਹੈ ਕਿ, ਗੁਰੂ ਬਾਣੀ ਦੀ ਕਸਵੱਟੀ ਤੇ ਪੂਰਾ ਨਾ ਉਤਰਦਾ, **ਇਤਿਹਾਸ ਨਹੀਂ**, ਸਗੋਂ, ਸਾਡੇ ਮਨਾਂ ਅੰਦਰ ਸਤਿਗੁਰਾਂ ਦੇ ਸਿਧਾਂਤ ਤੋਂ ਲਾਪ੍ਰਾਹੀ ਪੈਦਾ ਕਰਨ ਲਈ, ਵੈਰੀਆਂ ਵਲੋਂ ਰਲਾਇਆ, ਨਿਰਾ **ਖੋਟ ਹੀ ਖੋਟ** ਹੈ।

ਕਦੇ ਤੁਸੀ ਆਪਣੀ ਲਿਖਤ ਵਲ ਵੀ ਝਾਤੀ ਮਾਰ ਲੈਣੀ ਸੀ, ਗੁਰੂ ਬਾਣੀ ਦੀ ਵਿਆਖਿਆ ਲਿਖਦਿਆਂ ਕਿਤੇ ਤੁਸਾਂ ਵੀ ਗੁਰੂ-ਇਤਿਹਾਸ ਦੇ ਕਿਸੇ ਪੱਖ ਦੇ ਸਾਹਮਣੇ ਪ੍ਰਸ਼ਨ ਚਿੰਨ੍ਹ ਤਾਂ ਨਹੀਂ ਲਾਇਆ ਹੋਇਆ ? ਤੁਹਾਡੀਆਂ ਪੁਸਤਕਾਂ ਪੜ੍ਹਨ ਦੇ ਸ਼ਰਧਾਵਾਨ, ਗੁਰਮੁਖਿ ਪਿਆਰੇ ਭਾਈ ਸਾਹਿਬ ਜਸਬੀਰ ਸਿੰਘ ਜੀ, ਜੋ ਅਕਾਲੀ ਸਿੰਘ ਗੁਰਦੁਆਰਾ ਵੈਨਕੂਵਰ ਦੇ ਨਿਵਾਸੀ ਹਨ, ਨੇ, ਕੇਵਲ ਆਪਜੀ ਦੇ ਨਿਵਾਸ ਅਸਥਾਨ ਦਾ ਪਤਾ ਹੀ ਨਹੀਂ ਸੀ ਲਿਖਵਾਇਆ, ਸਗੋਂ ਤੁਹਾਡੀਆ ਪੁਸਤਕਾਂ ਬਾਰੇ ਜਾਣਕਾਰੀ ਵੀ ਕਰਾਈ ਸੀ। ਸਵੈ ਵਿਰੋਦੀ ਵਿਚਾਰਾਂ ਵਾਲੀਆਂ. ਤੁਹਾਡੀਆਂ ਕੁਝ ਲਿਖਤਾਂ ਦੇ ਫੋਟੋ ਵੀ ਦਾਸ ਕੋਲ ਭੇਜਣ ਦਾ ਉਪਕਾਰ ਕੀਤਾ ਹੋਇਆ ਹੈ।

**੫– ਤੁਹੀਡੀ ਚਿੱਠੀ ਦਾ ਇਹ ਭਾਗ--" (ੳ)**"ਤੁਹਾਡੀ ਚਿਠੀ ਨਾਲ ਕੁਝ ਹੋਰ ਚਿਠੀਆਂ ਦੇ ਉਤਾਰੇ ਵੀ ਪੜ੍ਹੇ। ਉਨ੍ਹਾਂ ਵਲੋਂ ਉਤਰ ਨਾ ਮਿਲਣ ਤੇ ਤੁਹਾਡਾ ਗਿਲਾ ਠੀਕ ਹੈ।(ਅ)" ਪਰ ਕਿਸੇ ਵਿਦਵਾਨ ਵਲੋਂ ਤੁਹਾਨੂੰ ਉੱਤਰ ਨਾ ਦੇਣਾ ਇਸ ਗਲ ਦਾ ਸਬੂਤ ਹੈ ਕਿ, ਹਰ ਕੋਈ ਵਿਦਵਾਨ ਅਜਿਹੇ ਵਾਦ-ਵਿਵਾਦ ਵਿਚ ਪੈਣ ਤੋਂ ਸੰਕੋਚ ਕਰਦਾ ਹੈ। ਉਹ ਸਮਝਦਾ ਹੈ ਕਿ ਦਸਮ ਗ੍ਰੰਥ ਦੀ ਵਿਰੋਧਤਾ ਕਰਕੇ ਸਿਵਾਏ ਬਦਨਾਮੀ ਦੇ ਕੁਝ ਨਹੀਂ ਪ੍ਰਾਪਤ ਹੋਣਾ। " (ੲ) ਇਸ ਵਿੱਚ ਜੋ ਹਸ਼ਰ ਗਿਆਨੀ ਭਾਗ ਸਿੰਘ ਜੀ ਦਾ ਹੋਇਆ, ਉਹ ਕਿਸੇ ਤੋਂ ਲੁਕਿਆ ਛਿਪਿਆ ਨਹੀਂ ਹੈ। ਗਿਆਨੀ ਜੀ ਨੇ ਆਪਣੇ ਜੀਵਨ ਵਿਚ ਜੋ ਕੁਝ ਪਰਚਾਰ ਕੀਤਾ, ਕਥਾ ਕੀਤੀ, ਉਹ ਸਭ ਖ਼ੂਹ ਖਾਤੇ ਪੈ ਗਈ, ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਜੋ ਹੁਕਮਨਾਮਾ ਜਾਰੀ ਹੋਇਆ ਉਹ ਉਨ੍ਹਾਂ ਦੇ ਕਿਰਦਾਰ ਤੇ ਧੱਬਾ ਲਾਉਂਦਾ ਹੈ .... .. ".

**(ੳ)---ਤੁਹਾਡੀ ਸੇਵਾ ਵਿਚ ਚਿੱਠੀਆਂ ਦੇ ਉਤਾਰੇ-** ਭੇਜਣ ਤੋਂ ਦਾਸ ਦਾ ਇਸ ਤੋਂ ਅੱਡਰਾ ਹੋਰ ਮੰਤਵ ਕੀ ਹੋ ਸਕਦਾ ਸੀ, ਕਿ, ਜਿਨ੍ਹਾਂ ਸ਼ੰਕਿਆਂ ਦੀ ਨਿਵਿਰਤੀ ਕਰਨੋ, ਡੇਰਾ ਦਾਰੀਏ ਵਿਰਸਾ ਸਿੰਘ ਬਾਬਾ ਜੀ, ਅਤੇ ਕਿਤਾਬੀ ਡਿਗਰੀਆਂ ਤੋਂ ਡਾਕਟਰ ਬਣੇ ਵਿਦਵਾਨ, ਘੁਸਾਈ ਮਾਰ ਗਏ ਸਨ, ਤੁਸੀਂ ਉਨ੍ਹਾਂ (ਸ਼ੰਕਿਆਂ) ਦੀ ਕਰਮਵਾਰ ਵਿਚਾਰ ਲਿਖ ਕੇ ਦਾਸ ਨੂੰ ਗੁਰਮਤਿ ਸੇਧਾਂ ਜ਼ਰੂਰ ਬਖ਼ਸ਼ਸ਼ ਕਰੋਗੇ ? ਨਹੀਂ ਤਾਂ ਭਲਾ ਤੁਸੀਂ ਮੇਰੇ ਵਿਰੁੱਧ ਕੋਈ ਫ਼ੈਸਲਾ ਸੁਣਾ ਰਹੇ ਸਾਉ, ਜੋ ਤੁਹਾਡੀ ਕਚਿਹਰੀ ਦਾਸ ਨੇ ਆਪਣੀ ਸਫ਼ਾਈ ਪੇਸ਼ ਕਰਨੀ ਸੀ ? ਕੇਵਲ ਏਹੀ ਲਿਖ ਭੇਜਣਾ ਕਿ " ਉਨ੍ਹਾਂ ਨੂੰ ਉਤਰ ਦੇਣਾ ਚਾਹੀਦਾ ਸੀ ", ਤੁਹਾਡੀ ਆਪਣੀ ਜ਼ਮੇਵਾਰੀ ਤੋਂ ਤੁਹਾਨੂੰ ਮੁਕਤ ਕਿਵੇਂ ਕਰਦਾ ਸੀ ਜੀ ?

(ਅ)---ਜਦ ਕਿਸੇ ਵੀ ਹੋਰ ਵਿਦਵਾਨ ਨੇ ਵਾਦ-ਵਿਵਾਦ ਵਿਚ ਪੈਣਾ ਠੀਕ ਨਹੀਂ ਸਮਝਿਆ ਤਾਂ ਤੁਸਾਂ -"**ਮੂਰਖੈ ਨਾਲਿ ਨ ਲੁਝੀਐ** ॥" ਅਥਵਾ-ਜਾਂ- "**ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ** ॥" gurU icqwvxIAW ƒ nzrAMdwz iks kwrn kr id~qw jI? dws dI ic~TI ƒ qusW vI ' **swkq kw bknw** " hI smJ ky EQy hI vgwh mwrnI sI ij`Qy quhwfy hm-i^Awl icTIAW r`KI jw rhy sn[qusW ikauN bdnwmI K`tx dw rwh PV ilAw jI? kI quhwfI isiKAW quhwfy qy lwgU nhIN sI huMdI jI ? **Avr aupudysY...** ? pr quhwfy ijhw, jhWdIdw, dUrbIn, suliJAW hoieAw ivdvwn, ijhVw gurUbwxI ivcwr duAwrw hr smyN siqgurW dI sMgiq ivc rih ky--" **ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ** ॥" Awp guurU qu`l bx bYTw hY, DM|wxy hI, koeI Bu`l ikvyN kr skdw hY? quhwfy hI imQy ivDwn Anuswr (ਪਰ ਕਿਸੇ ਵਿਦਵਾਨ ਵਲੋਂ ਤੁਹਾਨੂੰ ਉੱਤਰ ਨਾ ਦੇਣਾ ਇਸ ਗਲ ਦਾ **ਸਬੂਤ ਹੈ** ਕਿ,........) Awp jI dw dws nwl vwrqwlwp ArMB kr lYx qoN ieh p`kw **sbUq** ho igAw ik, vwsqv ivc qusIN sihmq ho ik, inrol s`c drsw rhI pusqk qoN KlblI mcw ky, kyvl duKdweI kutlqw dw sbUq id`qw jw irhw huMdw hY[ qusI ies q`Q vloN vI sucyq ho ik, siqgurU gRMQ swihb dI isiKAW dI, "rUp ryKw " ivgwV ky, is~KW dI bhuigxqI leI, **mn-miq** ƒ AQvw **purwxk miq** ƒ **gurmiq** bxweI jwx vwlIAW, keI pusqkW, ibnw iksy rok tok dy bzwrW ivc ivk rhIAW hn, qW iPr dsm gRMQ dI AslIXq lokW qy zwhr krn dI syvw krn leI CwpI geI pusqk ivru`D rOlw pwauxw byiensw&I hY[suihrdqw nwl inAWkwrI inrxw kIqy ibnw, iksy leI zbwn bMdI dI AwigAw dy id~qI jwx vwlI D`kyKorI ƒ vI XkInn qusIN Srw&q nhIN mMndy hovogy ? ies scweI ƒ vI qusIN r`d nhIN kr skdy ik, nMgw ho jwx qy bdnwmI

dw BY JUTy ƒ huMdw hY[ vwd-ivvwd **sdw JUTw** DVw hI ArMB krdw Aw irhw hY[ ' s`c ' ikauN Gwbry iksy vI g`loN ?

(e)--igAwnI Bwg isMG vloN pRgt kIqy ivcwrW ƒ r`d krn vwlIAW ilKqW Cpx qy rok nhIN hY qW, JUT ƒ nMgw kr rhIAW pusqkW qy rok dw kI ArQ ? dovyN p~K Cwp ky, &Yslw guurU sMgqW rUp ivc v`sdy rb-" **ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ** ॥੧॥ gocrw ikauN nhIN C`f id`qw jWdw ? dohw iDrW dy ivcwrW qoN swry pMQ ƒ jwxU ho lYx id`qw jwvy Aqy imQy smy qy jn-miq duAwrw inrxw lY ky sdw dI GYNs GYNs smwpq ikauN nhIN krvw leI jWdI ? pMQ ivc do ivcwrW dw ByV rhy hI ikauN ? ijhVw p~K lokW ƒ dUjy p`K dI g`l suxn hI nhIN idMdw, ibnw iksy S`k dy auh pMQ vYrIAW dy eyjMtW dw gru`p hY[ies sp~St &qvy ƒ qusIN iks dlIl nwl r`d krogy jI ?

**ਇਹ ਵੀ ਧਿਅਨ ਰਹੇ ਕਿ,**੧੯੭੬ ਵਿਚ ਛਪੀ ਪੁਸਤਕ ਬਾਰੇ ਧਰਮ ਆਗੂਆਂ ਨੇ ਰਲ ਮਿਲ ਕੇ ਗਿਆਨੀ ਭਾਗ ਸਿੰਘ ਜੀ ਦੇ ਵਿਰੁੱਧ ਸਾਧੂ ਸਿੰਘ ਭੌਰਾ ਜੀ ਨੂੰ ਵਰਤ ਲਿਆ। ਪਰ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰ: ਹਰਿਭਜਨ ਸਿੰਘ ਜੀ ਨੇ " **ਦਸਮਗ੍ਰੰਥ ਬਾਰੇ ਚੋਣਵੇਂ ਲੇਖ** " ਪੁਸਤਕ ੧੯੯੬ ਵਿਚ ਛਾਪੀ ਹੈ, ਉਸ ਵਿਰੁੱਧ ਅਕਾਲ ਤਖ਼ਤ ਸਾਹਿਬ ਦੀ ਵਰਤੋਂ ਕਿਸ ਕਾਰਨ ਨਾ ਹੋਈ ਜੀ ? ਹੈਰਾਨੀ ਤਾਂ ਇਹ ਸੁਣ ਕੇ ਹੋਈ ਹੈ, ਕਿ, ਉਨ੍ਹਾਂ ਵਿਰੁੱਧ ਰੌਲਾ ਤਾਂ ਕੀ ਪੈਣਾ ਸੀ, ਸਗੋਂ, ਗੁਰਮਖਿ ਪਿਆਰੇ ਹਰਭਜਨ ਸਿੱਘ ਦੀ ਦਾ ਸਦੀਵੀ ਵਿਛੋੜਾ ਪੈਣ ਤੋ ਕੁਝ ਦਿਨ ਪਹਿਲਾਂ, ਹੋਰ ਪਤਵੰਤੇ ਗੁਰਸਿਖਾਂ ਸਮੇਤ, ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਅਤੇ, ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ, ਨੇ ਘਰ ਜਾ ਕੇ, " ਪੰਥ ਦੇ ਸੱਚੇ ਹਮਦਰਦ ਅਤੇ ਸੁਹਿਰਦ ਸੇਵਕ " ਵਜੋਂ ਪ੍ਰਿੰਸੀਪਲ ਸਾਹਿਬ ਜੀ ਨੂੰ ਸਨਮਾਨਤ ਕੀਤਾ ਸੀ।

ਸੰਸਾਰ ਵਿਚ ਧਰਮ ਆਗੂਆਂ ਨੇ ਕਈ ਮਹਾਨ ਆਤਮਾਵਾਂ ਦੇ ਵਿਰੁੱਧ, ਜਾਨ ਲੇਵਾ ਫਤਵੇ ਦਾਗੇ, ਪਰ ਆਖ਼ਰ ਹਰ ਵਾਰ ਸੰਸਾਰ ਪੱਧਰ ਤੇ " ਪੋਪ ਰੂਪ ਤੋਪਾਂ " ਨੇ ਉਸ ਭੁੱਲ ਦੀ ਖਿਮਾ ਮੰਗੀ। ਸਿਆਸੀ ਜ਼ੋਰ ਵਾਲਿਆਂ ਧਰਮ ਆਗੂਆਂ ਨੇ ਸਿੰਘ ਸਭਾ ਲਹਿਰ ਦੇ ਮੋਢੀ ਜਥੇਦਾਰ ਗੁਰਮੁਖ ਸਿੰਘ ਜੀ ਵਿਰੁੱਧ ਵੀ ਸ੍ਰੀ ਅਕਾਲ ਤਖ਼ਤ ਨੂੰ ਵਰਤ ਕੇ, ਪੰਥ ਵਿਚੋਂ ਖ਼ਾਰਜ ਕਰਨ ਦਾ ਹੁਕਮਨਾਮਾ ਜਾਰੀ ਕਰਵਾ ਲਿਆ ਸੀ। ਬੜਾ ਦੁੱਖ ਹੈ ਕਿ ਜਥੇਦਾਰ ਸਾਹਿਬ ਦੇ ਜੀਊਂਦਿਆ ਉਨ੍ਹਾਂ ਦੀ ਸਚਾਈ ਨੰਗੀ ਨਾ ਹੋ ਸਕੀ। ਪਰ ਇਹ ਗਲ ਸੁਣ ਕੇ ਅਤੀ ਪ੍ਰਸੰਨਤਾ ਹੋਈ ਕਿ, ਥੁਹੜਾ ਸਮਾ ਪਹਿਲਾਂ ਪ੍ਰੋ: ਮਨਜੀਤ ਸਿੰਘ ਜੀ (ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਨ) ਦੀ ਪ੍ਰਧਾਨਗੀ ਵਿਚ ਬਣੀ ਕਮੇਟੀ ਨੇ ਜ: ਗੁਰਮੁਖਿ ਸਿੰਘ ਜੀ ਵਰ੍ਰਿੱਧ ਜਾਰੀ ਹੋਏ ਹੁਕਮਨਾਮੇ ਨੂੰ ਰੱਦ ਕਰਦਿਆਂ ਜਥੇਦਾਰ ਸਾਹਿਬ ਨੂੰ " ਸੱਚੇ ਪੰਥ ਹਿਤੈਸੀ" ਵਜੋਂ ਸਨਮਾਨਤ ਕੀਤਾ ਸੀ।

ਅਜੇਹੀਆਂ ਭੁੱਲਾਂ ਹੋਣ ਦਾ ਕਾਰਨ ਏਹੀ ਹੈ ਕਿ ਸ੍ਰੀ ਅਕਾਲ ਤਖ਼ਤ ਤੋਂ ਹੁਕਮਨਾਮਾ, (ਤਖ਼ਤ ਚਵਰ ਦੇ ਮਾਲਕ) ਸਤਿਗੁਰੂ ਜੀ ਦੇ ਥਾਂ, ਸਿਆਸਤ-ਗ੍ਰਸੀ ਮਨਮਤਿ ਜਾਰੀ ਕਰਨ ਲਗ ਪਈ ਹੈ। ਖ਼ਾਲਸਾ ਕਿਸੇ ਮਨੁੱਖ ਦਾ ਗ਼ੁਲਾਮ ਨਹੀਂ ਹੈ। ਗੁਰੂ ਬਾਣੀ ਦੇ ਜਿਨ੍ਹਾਂ ਪਾਵਨ ਸ਼ਬਦਾਂ ਦੀ ਕੋਈ ਉਲੰਘਣਾ ਕਰੇ, ਜੇ ਉਨ੍ਹਾਂ ਗੁਰੂ ਸ਼ਬਦਾਂ ਦੇ ਹਵਾਲੇ ਨਾਲ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੋਹਰ ਵਾਲਾ ਹੁਕਮਨਾਮਾ ਜਾਰੀ ਹੋਇਆ ਹੋਵੇ ਤਾਂ ਕਦੇ ਕੋਈ ਵਿਵਾਦ ਖੜਾ ਨਹੀਂ ਹੋ ਸਕਦਾ। ਸਗੋਂ ਸਤਿਗੁਰਾਂ ਦੇ ਬਚਨਾਂ ਦੇ ਅਧਾਰ ਤੇ ਲਿਖਿਆਂ ਅਜੇਹਾ ਹੁਕਮ, ਨਿਰਸੰਦੇਹ ਸਾਡੇ ਸਾਰਿਆਂ ਲਈ ਰੱਬੀ ਹੁਕਮ ਬਣ ਜਾਵੇ, ਅਤੇ ਕਿਸੇ ਪਰਕਾਰ ਦੀ ਬੇਇਨਸਾਫੀ ਦੀ ਗੁੰਜਾਇਸ਼ ਹੀ ਨਾ ਰਹੇ। ਜੇ ਪੰਥ ਨੇ ਅਜੇਹਾ ਸਰਬਪਰਵਾਣਤ ਵਿਧਾਨ ਨਾ ਬਣਾਇਆ ਤਾਂ ਹੋਰ ਤੋਂ ਹੋਰ ਧੜਿਆਂ ਵਿਚ ਵੰਡੀਜਦਾ ਜਾਣਾ, ਪੰਥ ਦੀ ਬਦਕਿਸਮਤੀ ਬਣੀ ਰਹਿਣੀ ਹੈ। ਝੂਠ ਜਿੰਨਾਂ ਮਰਜੀ ਹੈ ਸ਼ਕਤੀ ਸ਼ਾਲੀ ਬਣ ਜਾਵੇ ਪਰ ਅੰਤ ਜਿਤ ਸਦਾ ਸੱਚ ਦੀ ਹੀ ਹੁੰਦੀ ਆਈ ਹੈ। ਆਖ਼ਰ ਉਹ ਦਿਨ ਅਵੱਸ਼ ਆਉਣਾ ਹੈ, ਜਦ ਗਿਆਨੀ ਭਾਗ ਸਿੰਘ ਜੀ ਨੂੰ ਪੰਥਕ ਤੌਰ ਤੇ ਸ਼ਰਧਾਂਜਲੀਆਂ ਮਿਲਣੀਆਂ ਹਨ ਅਤੇ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਗੁਰਮਤਿ ਵਿਰੋਧੀ ਅਸ਼ਲੀਲਤਾ ਜੋੜੀ ਰੱਖਣ ਦਾ ਜ਼ੋਰ ਲਾਉਣ ਵਾਲਿਆਂ ਦੇ ਚਿਹਰਿਆਂ ਤੇ-" **ਸਿਆਹਹੁ ਹੋਆ ਸੇਤ** " ਵਾਲੀ ਰੰਗ ਬਦਲੀ ਦੇ ਭਾਣੇ ਵਰਤਣੇ ਹਨ। **ਇਹ ਕਦੇ ਨਾ ਭੁੱਲੀਏ-" ਸਚੁ ਪੁਰਾਣਾ ਹੋਵੈ ਨਾਹੀ** " ਅਤੇ " **ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ** " ॥

**੬-** ਤੁਹਾਡੇ ਬਚਨ- (" ਤੁਸੀਂ ਆਪਣੀ ਚਿੱਠੀ ਨੂੰ ਅਰੰਭ ਕਰਨ ਤੋਂ ਪਹਿਲਾਂ ਜੋ ਪੰਕਤੀ ਲਿਖੀ, ਉਸ ਦਾ ਦਸਮ ਗ੍ਰੰਥ ਨਾਲ ਕੀ ਸਬੰਧ ? ")

ਦਾਸ ਨੇ ਨਿੱਜੀ ਆਸ਼ੇ ਦੀ ਪੁਸ਼ਟੀ ਲਈ ਬਾਣੀ ਦੀ, ਕਿਸੇ ਸ਼ਬਦ ਵਿਚੋਂ ਨਿਖੇੜ ਕੇ ਕੋਈ ਪੰਕਤੀ ਨਹੀਂ ਸੀ ਵਰਤੀ। ਸਗੋਂ ਸਲੋਕ ਵਾਰਾਂ ਤੋਂ ਵਧੀਕ ਮਹਲਾ ੩ ਵਿਚੋਂ ਪੂਰਾ ਸਲੋਕ ਲਿਖਿਆ ਸੀ। ਨਿਰੰਦੇਹ ਉਸ ਦਾ ਦਸਮ ਗ੍ਰੰਥ ਬਾਰੇ ਚਲ ਰਹੇ ਵਿਸ਼ੇ ਨਾਲ ਕੋਈ ਸੰਬੰਧ ਨਹੀਂ ਸੀ। ਪਰ ਤੁਹਾਡੀ ਚਿੱਠੀ ਨਾਲ ਨੱਥੀ ਚਿਠੀਆਂ, ਦੇ ਅਰੰਭ ਵਿਚ ਵੀ ਏਵੇਂ ਹੀ ਗੁਰੂਬਾਣੀ ਦੇ ਸਲੋਕ ਲਿਖੇ ਹੋਏ ਹਨ। ਉਨ੍ਹਾਂ ਦਾ ਵੀ ਸੰਬਧਤ ਚਿੱਠੀ ਵਿਚਲੇ ਵਿਸ਼ੇ ਨਾਲ ਕੋਈ ਸੰਬਧ ਨਹੀਂ ਹੈ। ਪਰ ਉਨ੍ਹਾਂ ਵਿਚੋਂ ਜਿਨ੍ਹਾਂ ਦੋਹਾਂ ਵਿਦਵਾਨਾ ਨੇ ਦਾਸ ਦੀ ਚਿੱਠੀ ਦਾ ਉੱਤਰ ਦਿੱਤਾ, ਉਨ੍ਹਾਂ ਨੇ ਚਿੱਠੀ ਦੇ ਅਰੰਭ ਵਿਚ ਲਿਖੇ ਗੁਰੂ ਫੁਰਮਾਨ ਬਾਰੇ, ਕੋਈ ਸ਼ੰਕਾ ਨਹੀਂ ਸੀ ਕਬੂਲਿਆ ? ਗੁਰਬਾਣੀ ਵਿਚੋਂ ਲਿਖਿਆ ਇਹ ਪੂਰਾ ਸਲੋਕ-ਰੂਪ ਮਹਾਂਵਾਕ–

**" ਨਾਨਕ ਹੁਕਮੁ ਵਰਤੈ ਖਸਮ ਕਾ ਮਤਿ ਭਵੀ ਫਿਰਹਿ ਚਲਚਿਤ ॥ ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ ॥ ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥ ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ ॥ ੬੬ ॥**

ਤੁਹਾਨੂੰ ਕੰਡਾ ਬਣ ਕੇ ਕਿਸ ਕਾਰਨ ਰੜਕਿਆ ? ਤੁਹਾਡੇ ਨਾਲ ਪਹਿਲੀ ਵਾਰੀ ਚਿੱਠੀ ਰਾਹੀਂ ਸੰਬਧ ਬਣਾਉਣ ਲੱਗਾ ਸਾਂ। ਦਾਤਾਰ ਅੱਗੇ ਫ਼ਰਿਆਦ ਰੂਪ ਤਮੱਨਾਂ ਦਾ ਇਜ਼ਹਾਰ ਸੀ ਕਿ, ਕਿਸੇ ਮਨਮੁੱਖ ਨਾਲ ਵਾਸਤਾ ਨਾ ਪਵੇ, ਸਗੋਂ ਜਿਸ ਵੱਲ ਮਿੱਤ੍ਰਤਾਈ ਦਾ ਹੱਥ ਵਧਾਇਆ ਹੈ, ਉਹ ਤੇਰੀ ਦਿਆਲਤਾ ਦਾ ਪਾਤਰ, ਸਾਡਾ ਕੁਰਾਹੀਆਂ ਦਾ ਹਲਤ ਪਲਤ ਸੁਆਰਣ ਵਾਲਾ " ਗੁਰਮੁਖ ਪਿਆਰਾ " ਹੀ ਸਿੱਧ ਹੋਵੇ। ਪਰ ਹੈਰਾਨੀ ਹੈ; ਵਿਦਵਤਾ ਇਤਨੀ ਕਿ (ਬਿਨਾ ਮੰਗਿਆਂ) ਆਪਣੀਆਂ ਲਿਖੀਆਂ ੨੮ ਪੁਸਤਕਾਂ ਦੀ ਸੂਚੀ ਲਿਖ ਭੇਜੀ ਹੈ, ਪਰ, ਹਿਰਦਾ ਕਰੂੜਤਾ ਨਾਲ ਨਕਾਨਕ..... ?

ਹਉਮੈ ਗ੍ਰਸੀ ਮਨਮੁਖਤਾਈ ਦੀਆਂ ਸਾਰੀਆਂ ਹੱਦਾਂ ਟੱਪ ਰਹੇ ਉਸ ਤੋਂ ਅਗਲੇ ਬਚਨ-ਜੇ ਇਸ ਤਰ੍ਹਾਂ ਦੀਆਂ ਪੰਕਤੀਆਂ:-- ਅਜੇਹੀ ਦੁਖਦਾਈ ਬੋਲੀ ਗੁਰੂਬਾਣੀ ਲਈ ? ਭਾਵੇ ਤੁਹਾਡੇ ਇਹ ਬਚਨ-(ਜੇ ਇਸ ਤਰ੍ਹਾਂ ਦੀਆਂ ਪੰਕਤੀਆਂ:) ਬੜੀਆਂ ਦੁਖਦਾਈ ਭਾਵਨਾਵਾਂ ਦਾ ਸੂਚਕ ਹੀ ਹਨ, ਪਰ ਦਾਸ ਹਿਰਦੇ ਦੀ ਡੂੰਘਾਈ ਤੋਂ ਆਪ ਜੀ ਦਾ ਰਿਣੀ ਹੈ। ਤੁਸਾਂ ਗੁਰਬਾਣੀ ਵਿਚੋਂ ਚੁਣੀਆਂ ਪੰਕਤੀਆਂ ਲਿਖ ਕੇ ਪੂਰੇ ਗੁਰੂ ਸ਼ਬਦਾਂ ਦੀ ਵਿਚਾਰ ਨਾਲ ਜੁੜ ਕੇ ਗੁਰੂ ਦੀ ਮਤਿ ਪ੍ਰਾਪਤ ਕਰਨ ਦਾ ਅਨੰਦਮਈ ਸਮਾਂ ਬਖ਼ਸ਼ਸ਼ ਕੀਤਾ ਹੈ। ਆਉ ਤੁਸੀਂ ਵੀ ਭਾਈਵਾਲ ਬਣੋ:--

(ੳ) " ਮਨਮੁਖ ਲੋਕ ਸਮਝਾਈਐ, **ਕਦੋਂ** ਸਮਝਾਇਅ ਜਾਇ । " (ਪੰਨਾ ੮੪) (**ਕਦੋਂ** ਨਹੀਂ **ਕਦਹੁ** ਹੈ)

ਪੰਨਾ ਉਕਾ ਹੀ ਨਾ ਦਿੱਤਾ ਹੁੰਦਾ ਤਾਂ ਸਬੰਧਤ ਸਲੋਕ ਲੱਭਣ ਵਿਚ ਏਡੀ ਔਕੜ ਨਾ ਹੁੰਦੀ, ਜਿੰਨੀ ਪੰਨਾ ਗ਼ਲਤ ਹੋਣ ਦੇ ਕਾਰਨ ਹੋਈ ?--

**ਮਃ ੩ ॥ ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ ॥ ਮਨਮੁਖੁ ਰਲਾਇਆ ਨਾ ਰਲੈ ਪਇਐ ਕਿਰਤਿ ਫਿਰਾਇ॥ ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ॥ ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ॥ ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ ॥ ਮਨੁ ਜੋ ਇਛੇ ਸੋ ਲਹੈ ਸਚੈ ਸਬਦਿ ਸੁਭਾਇ ॥ ਅੰਮ੍ਰਿਤ ਨਾਮੁ ਸਦ ਭੁੰਚੀਐ ਗੁਰਮੁਖਿ ਕਾਰ ਕਮਾਇ ॥ ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ ਜਾਸੀ ਜਨਮੁ ਗਵਾਇ ॥ ਮਨਮੁਖੀ ਮਨਹਠਿ ਹਾਰਿਆ ਕੂੜੁ ਕੁਸਤੁ ਕਮਾਇ ॥ ਗੁਰ ਪਰਸਾਦੀ ਮਨੁ ਜਿਣੈ ਹਰਿ ਸੇਤੀ ਲਿਵ ਲਾਇ ॥ ਨਾਨਕ ਗੁਰਮੁਖਿ ਸਚੁ ਕਮਾਵੈ ਮਨਮੁਖਿ ਆਵੈ ਜਾਇ ॥੨॥**

ਨਿਹਾਲ ਨਿਹਾਲ। ਆਪਾ ਪਰਖਣ ਦਾ ਸਮਾਂ ਬੱਝ ਰਿਹਾ ਹੈ, ਅੰਦਰ ਲੱਗੇ ਨਿਆਂ ਕਾਰ ਦੇ ਸਾਹਮਣੇ ਪੇਸ਼ ਹੋਣ ਵਲ ਧਿਆਨ ਦਿਵਾਇਆ ਹੈ--**ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ॥ ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ ॥ ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ ॥ ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ ॥ ਅੰਮ੍ਰਿਤ ਕਾ ਰਸੁ ਆਇਆ ਮਨਿ ਵਸਿਆ ਨਾਉ ॥੧੯॥** ਆਓ ਜੀ ! ਰਲ ਮਿਲ ਕੇ ਜੋਦੜੀਆਂ ਕਰੀਏ, ਹੇ ਸਚੇ ਪਾਤਸ਼ਾਹ ਜੀਓ ! ਸਮਰਥਾ ਬਖ਼ਸ਼ਸ਼ ਕਰੋ ਕਿ, ਤੁਹਾਡੀ ਪਰਖ ਵਿਚ ਪੂਰੇ ਉੱਤਰ ਕੇ ਖ਼ਜ਼ਾਨੇ ਪੈਣ ਜੋਗੇ ਬਣ ਸਕੀਏ--

(ਅ) ਦੂਜੀ ਪੰਕਤੀ– ਆਪਿ ਨ ਦੇਹਿ ਚੁਰੂ ਭਰਿ ਪਾਨੀ ॥ ਤਿਹ ਨਿੰਦਹਿ ਜਿਹ ਗੰਗਾ ਆਨੀ ॥੨॥ {ਪੰਨਾ ੩੩੨}

ਗੁਰੂ ਸ਼ਬਦ ਵਿਚੋਂ ਏਨੀ ਪੰਕਤੀ ਨਿਖੇੜੀ ਜਾਣ ਦੇ ਕਾਰਨ. ਬਹੁਪੱਖੀ ਗੁਰੂ ਉਪਦੇਸ਼ ਦੀ ਜ਼ਰਾ ਜਿੰਨੀ ਵੀ ਟੋਹ ਦੇਣ ਜੋਗੀ ਨਾ ਰਹੀ, ਉਪ੍ਰੋਕਿਤ ਪੰਕਤੀ- ਵਾਲਾ ਪੂਰਾ ਗੁਰੂ ਸ਼ਬਦ:--:-

**ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥ ਬਾਤਨ ਹੀ ਅਸਮਾਨੁ ਗਿਰਾਵਹਿ ॥੧॥ ਐਸੇ ਲੋਗਨ ਸਿਉ ਕਿਆ ਕਹੀਐ ॥ ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ ॥੧॥ ਰਹਾਉ ॥**

**ਆਪਿ ਨ ਦੇਹਿ ਚੁਰੂ ਭਰਿ ਪਾਨੀ ॥ ਤਿਹ ਨਿੰਦਹਿ ਜਿਹ ਗੰਗਾ ਆਨੀ ॥੨॥ ਬੈਠਤ ਉਠਤ ਕੁਟਿਲਤਾ ਚਾਲਹਿ ॥ ਆਪੁ ਗਏ ਅਉਰਨ ਹੂ ਘਾਲਹਿ ॥੩॥ ਛਾਡਿ ਕੁਚਰਚਾ ਆਨ ਨ ਜਾਨਹਿ ॥ ਬ੍ਰਹਮਾ ਹੂ ਕੋ ਕਹਿਓ ਨ ਮਾਨਹਿ ॥੪॥ ਆਪੁ ਗਏ ਅਉਰਨ ਹੂ ਖੋਵਹਿ ॥ ਆਗਿ ਲਗਾਇ ਮੰਦਰ ਮੈ ਸੋਵਹਿ ॥੫॥ ਅਵਰਨ ਹਸਤ ਆਪ ਹਹਿ ਕਾਂਨੇ ॥ ਤਿਨ ਕਉ ਦੇਖਿ ਕਬੀਰ ਲਜਾਨੇ ॥੬॥੧॥੪੪॥**

ਪਤਾ ਨਹੀਂ ਤੁਸਾਂ ਤਾਂ ਪਾਵਨ ਗੁਰੂ ਸ਼ਬਦ ਵਿਚੋਂ ਕੇਵਲ ਦੂਜੀ ਤੁਕ, ਪੰਗਤੀਆਂ ਦੇ ਰੂਪ ਵਿਚ ਕਿਸ ਮੰਤਵ ਨਾਲ ਲਿਖੀ ਹੋਵੇ, ਪਰ ਹੇ ਪਿਆਰੇ ਅਤੇ ਸਤਿਕਾਰਯੋਗ ਗਿਆਨੀ ਜੀਓ ! ਤੁਸੀਂ ਧੰਨ ਧੰਨ ਹੋ ਜਿਨ੍ਹਾਂ ਅਜੇਹੀ ਗੂੜ੍ਹ ਗੁਰਮਤਿ ਸਿਖਿਆ ਦੇ ਭੰਡਾਰ, ਪਾਵਨ ਗੁਰੂ ਸ਼ਬਦ ਦੀ ਵਿਚਾਰ ਚੇਤੇ ਕਰਾ ਕੇ, ਨਿਹਾਲ ਨਿਹਾਲ ਕਰ ਦਿੱਤਾ ਹੈ--

ੲ) ਹੰਸਾ ਸੇਤੀ ਚਿਤੁ ਉਲਾਸਹਿ, ਕੁਕੜ ਦੀ ਓਡਾਰੀ ॥ (ਪੰਨਾ- ੩੨੨}

**ਪੂਰਾ ਸਲੋਕ** :--

ਮਃ ੫ ॥ **ਚੜਿ ਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ ॥ ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ ॥2]**

ਪਰਮ ਸਤਿਕਾਰ ਜੋਗ ਗਿਆਨੀ ਜੀਓ ! ਰਸਾਲੇ ਦੇ ਘੋੜਿਆਂ ਵਾਲੇ ਪਿਤਾ ਦੇ ਘਰ ਪੈਦਾ ਹੋਇਆ ਸਾਂ ਘੋੜੇ ਦੀ ਸਵਾਰੀ ਤਾਂ ਬਾਲ ਉਮਰ ਤੋਂ ਸਿੱਖ ਲਈ ਸੀ। ਕੁੰਦਾ ਫੜਨਾ ਤਾਂ ਕਿਤੇ ਰਿਹਾ, ਕੁਦਾਈਆਂ ਵੀ ਲਗਾਮ ਛੱਡ ਕੇ ਟਪਾ ਲਿਆ ਕਰਦਾ ਸਾਂ। ਪਰ ਏਧਰ ਹੰਸ ਗੁਰਮੁਖਾਂ ਨਾਲ ਦਾਸ ਜਹੇ **ਕੀਰ** ਦਾ ਕੀ ਮੁਕਾਬਲਾ ? ਗੁਰਮੁਖ ਸਤਸੰਗੀਆਂ ਦੇ ਚਰਨਾ ਵਿਚ ਬੈਠਣਾ ਮਿਲ ਜਾਵੇ, ਉੱਤਮ ਕਰਮਾਂ ਦੀ ਨਿਸ਼ਾਨੀ ਸਮਝਦਾ ਹਾਂ ।

ਸ) ਕਾਹੇ " ਕੂਤ " ਝਗਰਤ ਹੋ ਸੰਗਿ ਬਾਪ । ਜਿਨ ਕੇ ਜਣੇ ਬਡੀਰੇ ਤੁਮ ਹਉ, ਤਿਨ ਸਿਉ ਝਗਰਤ ਪਾਪ ॥ (ਪੰਨਾ ੧੨●●)

ਪੂਰਾ ਗੁਰੂ ਸ਼ਬਦ :--

**ਸਾਰਗ ਮਹਲਾ ੪ ਘਰੁ ੩ ਦੁਪਦਾ ੴ ਸਤਿਗੁਰ ਪ੍ਰਸਾਦਿ ॥**

**ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥ ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥੧॥ ਰਹਾਉ ॥ ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥ ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ॥੧॥ ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥ ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥੨॥੧॥੭॥**

ਸਚੇ ਪਾਤਸ਼ਾਹ ਜੀ ਦਾ ਕੋਟਾਨ ਕੋਟ ਧਨਵਾਦ ਹੈ ਕਿ, ਮਾਇਆਂ ਨਾਗਨੀ ਦੇ ਪੰਜੇ ਵਿਚ ਫਸਣੋ ਬਚਾਈ ਰਖਿਆ ਅਤੇ ਆਪਣੇ ਵਡੱਕਿਆਂ ਨਾਲ ਝਗੜਾ ਕਰਨੋ ਇਸ ਦਾਸਰੇ ਨੂੰ ਸਦਾ ਲਈ ਬਚਾ ਲਿਆ। ਆਪਣੇ ਉਪਦੇਸ਼ ਅਨੁਸਾਰ ਜੀਵਨ ਬਣਾ ਲੈਣ ਦੀ ਚਿਟਕ ਲਾ ਦੇਣੀ, ਦਾਸ ਤੇ ਇਹ ਆਪ ਦੀ ਉਚੇਚੀ ਬਖ਼ਸ਼ਸ਼ ਹੈ, ਨਹੀ ਤਾਂ:--

**ਹਮਰੇ ਅਵਗੁਣ ਬਹੁਤੁ ਬਹੁਤੁ ਹੈ ਬਹੁ ਬਾਰ ਬਾਰ ਹਰਿ ਗਣਤ ਨ ਆਵੈ ॥ ਤੂੰ ਗੁਣਵੰਤਾ ਹਰਿਹਰਿ ਦਇਆਲੁ ਹਰਿ ਆਪੇ ਬਖਸਿ ਲੈਹਿ ਹਰਿ ਭਾਵੈ ॥ ਹਮ ਅਪਰਾਧੀ ਰਾਖੇ ਗੁਰ ਸੰਗਤੀ ਉਪਦੇਸੁ ਦੀਓ ਹਰਿ ਨਾਮੁ ਛਡਾਵੈ ॥੨॥ ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ ॥ ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ ॥ ਤੂੰ ਗੁਰੁ ਪਿਤਾ ਤੂੰਹੈ ਗੁਰੁ ਮਾਤਾ ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ ॥੩॥ ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥ ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥ ਧੰਨੁ ਧੰਨੁ ਗੁਰੂ ਨਾਨਕ ਜਨ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥੪॥੫॥੧੧॥੪੯॥**

ਬਿਨਾ ਪਹਿਲਾਂ ਚਲਦੇ ਗੁਰੂ ਬਾਣੀ ਪ੍ਰਤੀ ਵਿਚਾਰ ਦੇ ਕੇਵਲ " ਪੰਕਤੀ " ਪਦ ਤੋਂ ਹਿਰਦਾ ਪ੍ਰੇਸ਼ਾਨ ਸੀ ਪਰ, ਗੁਰੂ ਬਾਣੀ ਤੋਂ ਲਈਆਂ ਪਾਵਨ ਪੰਗਤੀਆਂ ਦੇ ਅਰੰਭ ਵਾਲੇ ਬਚਨ ਅੰਤਲੇ ਬਚਨਾ ਨਾਲ ਰਲਾ ਕੇ -"ਜੇ ਇਸ ਤਰ੍ਹਾਂ ਦੀਆਂ ਪੰਕਤੀਆਂ:, ਕੋਈ ਵਿਰੋਧੀ ਲਿਖੇ ਤਾਂ ਤੁਸੀਂ ਕੀ ਮਹਿਸੂਸ ਕਰੋਗੇ ? " ਪੜ੍ਹਨ ਤੋਂ ਜੋ ਦੁਖਦਾਈ ਸ਼ੰਕਾ ਹਿਰਦੇ ਨੂੰ ਘੇਰ ਖਲੋਤਾ ਪਹਿਲਾਂ ਉਹੀ ਸਾਂਝਾ ਨਾ ਕਰ ਲੈਣਾ ਜ਼ਰੂਰੀ ਬਣ ਗਿਆ ਸੀ। ਹੇ ਨਿਰਣੇ ਕਾਰ ਗਿਆਨੀ ਹਰਬੰਸ ਸਿੰਘ ਜੀਓ ! ਕੇਵਲ " ਪੰਕਤੀ " ਪਦ ਵਰਤਣ ਤੋਂ ਗੁਰੂ ਬਾਣੀ ਬਾਰੇ ਕੀ, ਆਪ ਜੀ ਦਾ ਇਹ " ਨਿਰਣਾ " ਹੈ ਕਿ, ਕੀ, ਗੁਰੂ ਗ੍ਰੰਥ ਸਾਹਿਬ ਸਾਡੇ ਉਹੀ ਗੁਰੂ ਨਹੀਂ ਹਨ, ਜਿਨ੍ਹਾਂ ਲਈ ਅਗੇ ਲਿਖੇ ਪੰਜ ਫ਼ੁਰਮਾਨਾ ਜਿਹੇ ਕਈ ਗੁਰੂ ਸ਼ਬਦ ਹਨ--**ੳ) ਗੁਰ ਕੀ ਮਹਿਮਾ ਕਿਆ ਕਹਾ ਗੁਰ ਬਿਬੇਕ**

**ਸਤਿਸਰ ॥ ਉਹ ਅਦਿ ਜੁਗਾਦੀ ਜੁਗਹੁ ਜੁਗੁ ਪੂਰਾ ਪਰਮੇਸਰ ॥ ੩ ॥ ਅ) ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ॥ ਹਮ ਮੂੜ ਮੁਗਧ ਅਸੁਧ ਮਤਿ ਹੋਤੇ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ ॥੧॥ ਰਹਾਉ ॥ ੲ) ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ ॥ ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ ॥ ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥੨॥ ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥ ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥ ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥ ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥ ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥ ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥੪॥੩॥੬੭॥ ਸ) ਗੁਰ ਹਿਵ ਸੀਤਲੁ ਅਗਨਿ ਬੁਝਾਵੈ ॥ ਸੇਵਾ ਸੁਰਤਿ ਬਿਭੂਤ ਚੜਾਵੈ ॥ ਦਰਸਨੁ ਆਪਿ ਸਹਜ ਘਰਿ ਆਵੈ ॥ ਨਿਰਮਲ ਬਾਣੀ ਨਾਦੁ ਵਜਾਵੈ ॥੪॥ ਹ) ਗਉੜੀ ਗੁਆਰੇਰੀ ਮਹਲਾ ੩ ॥ ਗੁਰ ਤੇ ਗਿਆਨੁ ਪਾਏ ਜਨੁ ਕੋਇ ॥ ਗੁਰ ਤੇ ਬੂਝੈ ਸੀਝੈ ਸੋਇ ॥ ਗੁਰ ਤੇ ਸਹਜੁ ਸਾਚੁ ਬੀਚਾਰੁ ॥ ਗੁਰ ਤੇ ਪਾਏ ਮੁਕਤਿ ਦੁਆਰੁ ॥੧॥ ਪੂਰੈ ਭਾਗਿ ਮਿਲੈ ਗੁਰੁ ਆਇ ॥ ਸਾਚੈ ਸਹਜਿ ਸਾਚਿ ਸਮਾਇ ॥੧॥ ਰਹਾਉ ॥ ਗੁਰਿ ਮਿਲਿਐ ਤ੍ਰਿਸਨਾ ਅਗਨਿ ਬੁਝਾਏ ॥ ਗੁਰ ਤੇ ਸਾਂਤਿ ਵਸੈ ਮਨਿ ਆਏ ॥ ਗੁਰ ਤੇ ਪਵਿਤ ਪਾਵਨ ਸੁਚਿ ਹੋਇ ॥ ਗੁਰ ਤੇ ਸਬਦਿ ਮਿਲਾਵਾ ਹੋਇ ॥੨॥ ਬਾਝੁ ਗੁਰੂ ਸਭ ਭਰਮਿ ਭੁਲਾਈ ॥ ਬਿਨੁ ਨਾਵੈ ਬਹੁਤਾ ਦੁਖੁ ਪਾਈ ॥ ਗੁਰਮੁਖਿ ਹੋਵੈ ਸੁ ਨਾਮੁ ਧਿਆਈ ॥ ਦਰਸਨਿ ਸਚੈ ਸਚੀ ਪਤਿ ਹੋਈ ॥੩॥ ਕਿਸ ਨੋ ਕਹੀਐ ਦਾਤਾ ਇਕੁ ਸੋਈ ॥ ਕਿਰਪਾ ਕਰੇ ਸਬਦਿ ਮਿਲਾਵਾ ਹੋਈ ॥ ਮਿਲਿ ਪ੍ਰੀਤਮ ਸਾਚੇ ਗੁਣ ਗਾਵਾ ॥ ਨਾਨਕ ਸਾਚੇ ਸਾਚਿ ਸਮਾਵਾ ॥੪॥੨॥੨੨॥ ਗਉੜੀ ਗੁਆਰੇਰੀ ਮਹਲਾ ੩ ॥ ਸੁ ਥਾਉ ਸਚੁ ਮਨੁ ਨਿਰਮਲੁ ਹੋਇ ॥ ਸਚਿ ਨਿਵਾਸੁ ਕਰੇ ਸਚੁ ਸੋਇ ॥ ਸਚੀ ਬਾਣੀ ਜੁਗ ਚਾਰੇ ਜਾਪੈ ॥ ਸਭੁ ਕਿਛੁ ਸਾਚਾ ਆਪੇ ਆਪੈ ॥੧॥ ਕਰਮੁ ਹੋਵੈ ਸਤਸੰਗਿ ਮਿਲਾਏ ॥ ਹਰਿ ਗੁਣ ਗਾਵੈ ਬੈਸਿ ਸੁ ਥਾਏ ॥੧॥ ਰਹਾਉ ॥ ਜਲਉ ਇਹ ਜਿਹਵਾ ਦੂਜੈ ਭਾਇ ॥ ਹਰਿ ਰਸੁ ਨ ਚਾਖੈ ਫੀਕਾ ਆਲਾਇ ॥ ਬਿਨੁ ਬੂਝੇ ਤਨੁ ਮਨੁ ਫੀਕਾ ਹੋਇ ॥ ਬਿਨੁ ਨਾਵੈ ਦੁਖੀਆ ਚਲਿਆ ਰੋਇ ॥੨॥ ਰਸਨਾ ਹਰਿ ਰਸੁ ਚਾਖਿਆ ਸਹਜਿ ਸੁਭਾਇ ॥ ਗੁਰ ਕਿਰਪਾ ਤੇ ਸਚਿ ਸਮਾਇ ॥ ਸਾਚੇ ਰਾਤੀ ਗੁਰ ਸਬਦੁ ਵੀਚਾਰ ॥ ਅੰਮ੍ਰਿਤੁ ਪੀਵੈ ਨਿਰਮਲ ਧਾਰ ॥੩॥ ਨਾਮਿ ਸਮਾਵੈ ਜੋ ਭਾਡਾ ਹੋਇ ॥ ਊਂਧੈ ਭਾਂਡੈ ਟਿਕੈ ਨ ਕੋਇ ॥ ਗੁਰ ਸਬਦੀ ਮਨਿ ਨਾਮਿ ਨਿਵਾਸੁ ॥ ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ ॥ ੪॥੩॥੨੩॥**

ਅੰਦਰ ਭਾਵੇਂ ਕੁਝ ਵੀ ਹੋਵੇ ਪਰ ਤੁਸੀ ਉੱਤਰ **ਵਿਚ ਨਾਂਹ ਨਹੀਂ ਲਿਖ ਸਕਦੇ** । ਭਾਵੇ, ਇਸ ਨੂੰ ਘੋਰ ਅਗਿਆਨਤਾ ਹੀ ਮੰਨੋ, ਪਰ ਦਾਸ ਲਈ, ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ " ਲਹਿਣਾ " ਕਹਿਣਾ ਜਾ ਲਿਖਣਾ, ਸ੍ਰੀ ਗੁਰੂ ਅਮਰਦਾਸ ਜੀ ਨੂੰ " ਅਮਰਦਾਸ ਜਾਂ ਅਮਰੂ ਭੱਲਾ ", ਸ੍ਰੀ ਗੁਰੂ ਰਾਮਦਾਸ ਜੀ ਚੌਥੇ ਗੁਰੂ ਨਾਨਕ ਸਾਹਿਬ ਜੀ ਨੂੰ " ਭਾਈ ਜੇਠਾ " ਕਹਿਣਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ " ਆਦਿ ਗ੍ਰੰਥ " ਕਹਿਣਾ ਜਾਂ ਲਿਖਣਾ ਓਡੇ ਹੀ ਗੁਸਤਾਖ਼ੀ ਗ੍ਰਸੇ ਅੰਹਕਾਰ ਦੀ ਪ੍ਰਦਰਸ਼ਨੀ ਹੈ ਜਿਵੇਂ " ਪਾਵਨ ਗੁਰੂ ਬਾਣੀ ਦੀ ਪੰਕਤੀ " ਕਹਿਣ ਦੇ ਥਾਂ (ਪਤਾ ਨਹੀਂ ਕਿਸ ਗ੍ਰੰਥ ਵਿੱਚੋ ?) ਕੇਵਲ " ਪੰਕਤੀ " ਕਹਿਣਾ ਜਾਂ ਲਿਖਣਾ........?

ਚਲੋ ਹੁਣ ਇਹ ਦੱਸੋ ਕਿ, ਆਮ ਤੌਰ ਤੇ ਕੋਈ ਮਨੁੱਖ ਆਪਨੇ ਵਿਰੋਧੀ ਨੂੰ, ਦੁਖ ਦੇਣ ਵਾਲੇ ਮੰਦੇ ਬਚਨ ਲਿਖਦਾ ਹੈ ਕਿ, ਜਾਂ ਉਹ ਆਪਨੇ ਵੈਰੀ ਨੂੰ ਗੁਰਬਾਣੀ ਵਿਚਾਰ ਨਾਲ ਜੋੜਦਾ ਹੈ ? ਬ੍ਰਾਹਮਣੀ ਗ੍ਰੰਥਾਂ ਤੋਂ ਇਹ ਸਮਝ ਬੈਠਾ ਸਾਂ ਕਿ, ਸੰਸਾਰ ਵਿਚ ਬ੍ਰਾਹਮਣ ਹੀ ਇਕ ਅਜੇਹਾ ਧਰਮ-ਆਗੂ ਹੈ ਜੋ ਪਰਮਾਤਮਾ ਸਮੇਤ ਆਪਣੇ ੩੩ ਕ੍ਰੋੜ ਦੇਵਤਿਆਂ ਦੀ ਵਰਤੋਂ ਆਪਣੀ ਵਿਉਂਤ ਅਨੁਸਾਰ ਕਰ ਲੈਣ ਦੇ ਨਾਲ ਬੜੇ ਘਿਣਾਵਣੇ ਦੂਸ਼ਨ ਉਨ੍ਹਾਂ ਦੇ ਨਾਮਣੇ ਨਾਲ ਮੜ੍ਹ ਸਕਦਾ ਹੋਇਆ ਵੀ ਹਜ਼ਾਰਾ ਸਾਲਾਂ ਤੋਂ " ਜਗਤ ਗੁਰੂ " ਬਣਿਆਂ ਬੈਠਾ ਹੈ। ਪਰ ਅੱਜ ਤੁਹਾਡੇ ਦਰਸ਼ਨ ਹੋਏ ਹਨ ਜੋ ਪਰਮ ਪੂਜਯ " ਨਿਰਣੈ ਕਰਤਾ " ਵੀ ਬਣੇ ਹੋਏ ਹੋ ਅਤੇ (ਆਪਨੇ ਚਿੱਤੋਂ) ਗੁਰੂ ਬਾਣੀ ਨੂੰ ਦੁਖਦਾਈ ਗੋਲਿਆਂ ਦੇ ਹੀ ਰੂਪ ਵਿਚ ਦਾਗਿਆ ਹੈ। ਦਾਸ ਲਈ ਉਪਕਾਰ ਬਣ ਗਿਆ ਇਹ ਦਾਤਾਰ ਦੀ ਦਿਆਲਤਾ ਹੈ ਅਤੇ ਆਪ ਜੀ ਦਾ ਉਪਕਾਰ ਹੈ। ਉਂਜ ਜੇ ਕੋਈ ਸਾਕਤ ਕਬੋਲ ਬੋਲਾਂ ਦੁਆਰਾ ਕਿਸੇ ਦਾ ਹਿਰਦਾ ਦੁਖੀ ਕਰਨਾ ਚਾਹੇ, ਤਾਂ ਸਤਿਗੁਰੂ ਜੀ ਦਾ ਇਹ ਫ਼ੁਰਮਾਨ--**ਸਾਕਤ ਕਾ ਬਕਨਾ ਇਉ ਜਾਨਉ ਜੈਸੇ ਪਵਨੁ ਝੁਲਾਈ** ॥੩॥ ਸੁਖਦਾਈ ਹੋ ਬਹੁੜਦਾ ਹੈ।

ਗੁਰਬਾਣੀ ਦਾ ਹਰ ਇੱਕ ਫੁਰਮਾਨ ਸੰਸਾਰ ਦੇ ਹਰ ਮਨੁੱਖ ਦੀ ਕਿਸੇ ਨ ਕਿਸੇ ਦੁਖਦੀ ਥਾਂ ਤੇ ਕਾਰੀ ਦਾਰੂ ਦਾ ਕੰਮ ਕਰ ਰਿਹਾ ਹੁੰਦਾ ਹੈ । ਗੁਰਮੁਖ ਸੱਜਣ ਨਾਲ ਮਿਲਾਪ ਦੀ ਤਾਂਗ ਹਰ ਸਮੇਂ ਬਣੀ ਰਹਿਣੀ, ਪਿਤਾ ਸਤਿਗੁਰੂ ਜੀ ਦੀ ਸਨੇਹ-ਦੇਣ

ਹੈ। ਚਿੱਠੀ ਦੁਆਰਾ, ਉਪਰੇ ਨਾਲ ਮੇਲ ਹੋਣ ਲੱਗਾ ਸੀ। ਦਾਸ ਨੇ ਚਿੱਠੀ ਦੇ ਅਰੰਭ ਵਿਚ ਗੁਰੂ ਫ਼ੁਰਮਾਨ ਵੀ ਏਸੇ ਅੰਤਰੀਵ ਭਾਵਨਾ ਦੇ ਅਧੀਨ ਹੀ ਲਿਖਿਆਂ ਸੀ, ਕਿ, ਵੇਖੀਏ ਗੁਰਮੁਖਾਂ ਵਾਲੀ ਬਿਰਤੀ ਹੈ ਕਿ ਜਾਂ.....। ਅੰਦਰੇ ਹੀ ਦਰਬਾਰ ਸਜਾਈ ਬੈਠੇ ਤਖ਼ਤ ਨਿਵਾਸੀ ਦੇ ਦੀਬਾਨ (ਜਿਥੋਂ ਨੱਸਿਆ ਜਾ ਹੀ ਨਹੀਂ ਸਕਦਾ " ਹਰਿ ਦੀਬਾਣੁ ਕੋਈ ਕਿਥੈ ਜਾਇਆ ॥ ") ਵਿਚ ਸੁਹਿਰਦਤਾ ਨਾਲ ਹਾਜ਼ਰ ਹੋ ਕੇ, ਆਪਣੇ ਆਪੇ ਅੰਦਰ ਝਾਤੀ ਮਾਰੋ ਅਤੇ ਸਚੁ ਦਾ ਲੜ ਫੜ ਕੇ ਵਿਚਾਰੋ-ਕਿ, ਤੁਸੀਂ ਕਿਤੇ ਸਰਕਾਰ ਵਲੋਂ ਪਾਲੀ ਕਾਲੀ ਬਿੱਲੀ ਤਾਂ ਨਹੀਂ ਹੋ ਜੀ ?

੭- ਚਿੱਠੀ ਦੇ ਦੂਜੇ ਸਫ਼ੇ ਦੀ ਚੌਥੀ ਪੰਗਤੀ- ਆਪ ਦੇ ਪਰਵਚਨ-" ਅਜੋਕੇ ਵਿਦਿਅਕ ਜੁਗ ਵਿਚ ਦਸਮ ਗ੍ਰੰਥ ਨੂੰ ਗੁਰੂ ਕੋਈ ਨਹੀਂ ਮੰਨਦਾ ਹੈ " ਭਾਵ, " ਸੌ ਸਿਆਣਿਆਂ ਇਕੋ ਮਤਿ "- ਤੁਹਾਡੇ ਦਰਬਾਰ ਵਿਚ ਪੁੱਜੀ ਚਿੱਠੀ ਵਿਚ, ੭ ਸਫ਼ੇ ਤੋਂ ਅਰੰਭ ਹੋਣ ਵਾਲੀ ਡਾ: ਜੋਧ ਸਿੰਘ ਦੀ ਚਿੱਠੀ ਵਿਚ ਵੀ ਏਸੇ ਮੰਤਵ ਦਾ ਹੀ ਪ੍ਰਗਟਾਵਾ ਕੀਤਾ ਗਿਆ ਸੀ। ਅੱਗੇ ੧੨ ਸਫ਼ੇ ਤੱਕ ਦਾਸ ਦਾ ਉੱਤਰ ਤੁਹਾਡੀ ਇਸੇ ਅਰਥਹੀਨ ਝੂਠ ਉਕਤੀ ਦਾ ਹੀ ਉੱਤਰ ਹੈ। ਦਸਮ ਗ੍ਰੰਥ ਵਿਚਲਿਆਂ ਹਵਾਲਿਆਂ ਨਾਲ ਲਿਖਿਆ ਉਹ ਉੱਤਰ ਪੜ੍ਹਿਆ ਹੁੰਦਾ ਤਾਂ ਤੁਸੀਂ ਇਹ ਫ਼ਜ਼ੂਲ ਪ੍ਰਸ਼ਨ ਨਾ ਕਰਦੇ ॥ ਪਰ ਤੁਸਾਂ ਤਾਂ ਉਸ ਸਭ ਕੁਝ ਨੂੰ ਪੜ੍ਹਨਾ ਸ਼ਾਇਦ ਉਸ ਟੀਸੀ ਦੀ ਹੇਠੀ ਮੰਨ ਲਈ, ਜਿਸ ਸਿਖ਼ਰ ਤੇ ਤੁਸੀ ਬਿਰਾਜੇ, ਨੀਵੀਂ ਥਾਈਂ ਰੁਲਦਿਆਂ ਤੇ ਪੱਥਰ ਵਗਾਹੁਣ ਦੀ ਅਲੋਕਾਰ ਸੇਵਾ ਨਿਭਾ ਰਹੇ ਹੋ। ਉਹੀ ਕੁਝ ਧਿਆਨ ਨਾਲ ਪੜ੍ਹ ਲਵੋ ਅਤੇ ਜੇ ਤਸੱਲੀ ਨਾ ਹੋਵੇ ਤਾਂ ਹੁਕਮ ਲਿਖ ਭੇਜਣਾ।

" **ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥** " ਕੀ, ਤੁਹਾਡੇ ਨਿਰਣੈ ਅਨੁਸਾਰ ਏਹੀ ਫ਼ੁਰਮਾਨ ਦਸਮ ਗ੍ਰੰਥ ਜੀ ਦੀ ਬਾਣੀ ਤੇ ਵੀ ਲਾਗੂ ਹੁੰਦਾ ਹੈ ? ਜੇ ਤੁਹਾਡਾ ਉਤਰ "ਨਾਹ " ਵਿਚ ਹੈ ਤਾਂ ਨਿਤ ਨੇਮ ਦੀਆਂ ਬਾਣੀਆਂ ਵਿਚ ਦਸਮ ਗ੍ਰੰਥ ਦੀ ਬਾਣੀ ਨੂੰ ਬਰਾਬਰ ਦਾ ਥਾਂ, ਅਤੇ ਸਿੱਖੀ ਦਾ ਸਭ ਤੋਂ ਵੱਧ ਜ਼ਰੂਰੀ ਅੰਗ ਮੰਨੇ ਜਾ ਰਹੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਤਿਆਰੀ ਸਮੇ, (ਤੁਹਾਡੇ ਹੀ ਫਤਵੇ ਅਨੁਸਾਰ) ਗੁਰਿਆਈ ਪ੍ਰਾਪਤ ਬਾਣੀ ਵਿਚੋ ਦੋ ਅਤੇ ਜਿਸ ਨੂੰ ਤੁਸੀਂ ਲਿਖਤੀ ਰੂਪ ਵਿਚ ਗੁਰਿਆਈ ਤੋਂ ਹੀਣਾ ਮੰਨ ਚੁੱਕੇ ਹੋ, ਉਸ ਦਸਮ ਗ੍ਰੰਥ ਦੀਆਂ ਤਿੰਨ ? ਅਜੇ ਲਿਖਦੇ ਹੋ ਕਿ, ਅਜੋਕੇ ਵਿਦਿਅਕ ਜੁਗ ਵਿਚ ਦਸਮ ਗ੍ਰਥ ਨੂੰ ਗੁਰੂ ਕੋਈ ਨਹੀਂ ਮੰਨਦਾ ਹੈ " । **ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥**.............

ਝੂਠੇ ਧਾਰਮਿਕ ਆਗੂ ਸਮੇਤ ਧਰਮ ਪੁਸਤਕਾਂ ਦੇ ਪਾਠੀ ਹੁੰਦਿਆਂ ਝੂਠ ਬੋਲਣ ਵਾਲਿਆਂ, ਅਖੌਤੀ ਗਿਆਨੀਆਂ ਲਈ:--

ੳ) **ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ**
**ਏਕੁ ਨ ਜਾਣੈਸਾਚੁ ਕਹੇ ਤੇ ਛੋਹੈ ॥ ਪਾਠੁ ਪੜੈ ਮੁਖਿ ਝੂਠੋ ਬੋਲੈ, ਨਿਗੁਰੇ ਕੀ**
**ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥**{੧●੧੩}

੮- ਇਹ ਬਚਨ ਲਿਖਣ ਉਪ੍ਰੰਤ ਕਿ ਦਸਮ ਗ੍ਰੰਥ ਨੂੰ ਗੁਰੂ ਕੋਈ ਨਹੀਂ ਮੰਨਦਾ ਹੇਠਾਂ ਨਾਲ ਹੀ ਇਹ ਲਿਖਣਾ--ਦਸਮ ਗ੍ਰੰਥ ਦੀ ਬਾਣੀ ਵਿਚ ਜੋ ਰਹੱਸ ਤੇ ਰਮਜ਼ ਹੈ, ਉਹ ਤਿੰਨ ਗੁਣੀ ਜੀਵ ਦੀ ਸਮਝ ਤੋਂ ਪਰੇ ਦੀ ਗੱਲ ਹੈ। " ਸਿੱਧਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਰੁੱਧ ਜੰਗ ਦਾ ਬਿਗ਼ਲ ? ਜੇ ਦਸਮ ਗ੍ਰੰਥ ਸਾਹਿਬ ਦੀ ਬਾਣੀ ਮਾਇਆ ਗ੍ਰਸੇ ਮਨੁੱਖ ਦੀ ਸਮਝ ਤੋ ਪਰੇ ਹੈ ਤਾਂ ਕੀ, ਗੁਰੂਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਜਣਾ-ਖਣਾ ਹੀ ਸਮਝੀ ਫਿਰਦਾ ਹੈ ਜੀ ? ਕੀ, ਸਤਿਗੁਰਾਂ ਦਾ ਇਹ ਬਚਨ ਰੱਦ ? " **ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥ ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥** " ਕੀ ਅਜੇਹਾ ਬਚਨ ਦਸਮ ਗ੍ਰੰਥ ਦੀ ਬਾਣੀ ਬਾਰੇ ਹੀ ਵਿਖਾ ਸਕਦੇ ਹੋ ਜੀ ? ਕਿ, ਜਾਂ ਸਾਰੀ ਥਾਂਈਂ ਅਪਣੇ ਹੀ ਨਿਰਣੈ ਸੁਣਾਈ ਜਾ ਰਹੇ ਹੋ ਜੀ ?

੯- ਜੇ ਤਾਂ ਸਾਰੇ ਸਿਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀਆਂ ਸਾਰੀਆਂ " ਰਹੱਸਾ ਰਮਜ਼ਾਂ " ਸਮਝ ਚੁੱਕੇ ਹਨ, ਅਤੇ ਗੁਰੂ ਗ੍ਰੰਥ ਸਾਹਿਬ ਜੀ ਤੇ ਗਿਆਨ ਤੋਂ ਤ੍ਰਿਪਤੀ ਨਾ ਹੋ ਕੇ ਸਿੱਖ ਹੋਰ ਗਿਆਨ ਦੀ ਭੁੱਖ ਕਾਰਨ ਵਿਆਕਲ ਹਨ, ਤਦ ਤਾਂ ਕਿਸੇ ਦੂਜੇ ਗ੍ਰੰਥ ਦੀ ਬਾਣੀ ਦੀ ਦੱਸ ਪਾਉ। ਜਦ, ਇਹ ਪ੍ਰਤੱਖ ਸਚਾਈ ਹੈ ਕਿ, ਗਿਆਨ ਦੇ ਅਥਾਹ ਸਾਗਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਿਸੇ ਇੱਕ ਵੀ ਸ਼ਬਦ-ਬਾਣੀ-ਹੁਕਮ ਨੂੰ ਸਮਝ ਕੇ ਖ਼ਾਲਸਾ ਪੰਥ ਉਸ ਅਨੁਸਾਰ ਆਪਣੀ ਜੀਵਨ ਮਰਯਾਦਾ ਨਹੀਂ ਬਣਾ ਸਕਿਆ ਤਾਂ, ਸਨਮਾਨਜੋਗ ਗਿਆਨੀ ਜੀਓ ! ਖ਼ਾਲਸਾ ਜੀ ਤੋਂ "**ਸਤਿਗੁਰੁ ਛੋਡਿ ਦੂਜੈ ਲਗੇ ਕਿਆ ਕਰਨਿ ਅਗੈ ਜਾਇ ॥**" ਵਾਲੀ ਭੁੱਲ, ਕਿਸ ਯੋਜਨਾ ਅਧੀਨ ਕਰਵਾ ਰਹੇ ਹੋ ਜੀ ?

ਤੁਸਾਂ ਦਸਮ ਗ੍ਰੰਥ ਵਿਚੋਂ ਚੁਣ ਕੇ ਇਹ ਚਾਰ ਟੂਕਾਂ ਲਿਖੀਆਂ ਹਨ,

(ੳ) ਕਹੂੰ ਨਿਜ ਨਾਰ ਪਰਨਾਰ ਕੇ ਨਿਕੇਤ ਹੋ। (੩-੧੩)

ਅ) ਕਹੂੰ ਜਤੀ ਕਹੰ ਕਾਮੀ ਕਹੰ ਦੇਤ ਕਹੰ ਲੇਤ ਹੋ । (੪-੧੪)

ੲ) ਕਤਹੂ ਪਯੂਖ ਹੋਇ ਕੈ ਪੀਵਤ ਪਿਵਾਵਤ ਹੋ । ਕਤਹੂ ਪਯੂਖ ਊਖ ਕਹੂੰ ਮਦ ਮਾਨ ਹੋ । (੬-੧੬)

ਸ) ਕਹੂੰ ਬਰ ਦੇਤ ਕਹੂੰ ਛਲ ਸਿਉ ਛਨਾਏ ਲੇਤ, ਸਰਬ ਕਾਲਿ ਸਰਬ ਠੋਰ ਏਕ ਸੇ ਲਗਤ ਹੋ। (੧●-੨●)

ਇਨ੍ਹਾਂ ਦੇ ਅਤੇ ਹੇਠ ਲਿਖੇ ਗੁਰੂ-ਫੁਰਮਾਨਾ ਦੇ ਅਰਥ ਲਿਖ ਭੇਜਿਓ ਜੀ। ਬ੍ਰਹਮ-ਗਿਆਨ-ਅੰਮ੍ਰਿਤ-ਰੂਪ ਝਰਨਾ ਮੁੜ ਮੁੜ ਕਿਧਰੋਂ ਵਹਿ ਤੁਰਦਾ ਹੈ ? ਸਰੋਤਿਆ ਨੂੰ ਵਿਸਮਾਦੀ ਹਾਲਤ ਪ੍ਰਾਪਤ ਕਿਧਰੋਂ ਹੋ ਰਹੀ ਹੈ ? ਨਿਰਣਾ ਸਿੱਖ ਜਗਤ ਦੇ ਨਿਰਪੱਖ ਵਿਦਵਾਨ ਕਰ ਲੈਣਗੇ:--

ੳ- ਜਨੁ ਨਾਨਕੁ ਬੋਲੈ **ਅੰਮ੍ਰਿਤ ਬਾਣੀ** ॥ ਗੁਰਸਿਖਾਂ ਕੈ ਮਨਿ ਪਿਆਰੀ ਭਾਣੀ॥
ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ ਗੁਰੁ ਸਤਿਗੁਰੁ ਪਰਉਪਕਾਰੀਆ ਜੀਉ॥ {੪੨੨}

ਅ) **DIrju Drmu** ਗੁਰਮਤਿ ਹਰਿ ਪਾਇਆ ਨਿਤ ਹਰਿ ਨਾਮੈ ਹਰਿ ਸਿਉ ਚਿਤੁ ਲਾਵੈ ॥ **ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ** ॥੨॥ ਨਿਰਮਲੁ ਨਾਮੁ ਜਿਤੁ ਮੈਲੁ ਨ ਲਾਗੈ ਗੁਰਮਤਿ ਨਾਮੁ ਜਪੈ ਲਿਵ ਲਾਵੈ ॥ ਨਾਮੁ ਪਦਾਰਥੁ ਜਿਨ ਨਰ ਨਹੀ ਪਾਇਆ ਸੇ ਭਾਗਹੀਣ ਮੁਏ ਮਰਿ ਜਾਵੈ ॥੩॥ ਆਨਦ ਮੂਲੁ ਜਗਜੀਵਨ ਦਾਤਾ ਸਭ ਜਨ ਕਉ ਅਨਦੁ ਕਰਹੁ ਹਰਿ ਧਿਆਵੈ ॥ ਤੂੰ ਦਾਤਾ ਜੀਅ ਸਭਿ ਤੇਰੇ ਜਨ ਨਾਨਕ ਗੁਰਮੁਖਿ ਬਖਸਿ ਮਿਲਾਵੈ ॥੪॥੬॥ {੪੯੪}

ੲ) ਏਕੁ ਬਗੀਚਾ ਪੇਡ ਘਨ ਕਰਿਆ ॥ ਅੰਮ੍ਰਿਤ ਨਾਮੁ ਤਹਾ ਮਹਿ ਫਲਿਆ ॥੧॥ ਐਸਾ ਕਰਹੁ ਬੀਚਾਰੁ ਗਿਆਨੀ ॥ ਜਾ ਤੇ ਪਾਈਐ ਪਦੁ ਨਿਰਬਾਨੀ ॥ ਆਸਿ ਪਾਸਿ ਬਿਖੂਆ ਕੇ ਕੁੰਟਾ ਬੀਚਿ ਅੰਮ੍ਰਿਤੁ ਹੈ ਭਾਈ ਰੇ ॥੧॥ ਰਹਾਉ ॥ ਸਿੰਚਨਹਾਰੇ ਏਕੈ ਮਾਲੀ ॥ ਖਬਰਿ ਕਰਤੁ ਹੈ ਪਾਤ ਪਤ ਡਾਲੀ ॥੨॥ ਸਗਲ ਬਨਸਪਤਿ ਆਣਿ ਜੜਾਈ ॥ ਸਗਲੀ ਫੂਲੀ ਨਿਫਲ ਨ ਕਾਈ ॥੩॥ ਅੰਮ੍ਰਿਤ ਫਲੁ ਨਾਮੁ ਜਿਨਿ ਗੁਰ ਤੇ ਪਾਇਆ ॥ ਨਾਨਕ ਦਾਸ ਤਰੀ ਤਿਨਿ ਮਾਇਆ ॥੪॥੫॥੫੬॥{੩੮੫}

ਸ) ਆਸਾ ਮਹਲਾ ੧ ॥ ਕੇਤਾ ਆਖਣੁ ਆਖੀਐ ਤਾ ਕੇ ਅੰਤ ਨ ਜਾਣਾ ॥ ਮੈ ਨਿਧਰਿਆ ਧਰ ਏਕ ਤੂੰ ਮੈ ਤਾਣੁ ਸਤਾਣਾ ॥੧॥ ਨਾਨਕ ਕੀ ਅਰਦਾਸਿ ਹੈ ਸਚ ਨਾਮਿ ਸੁਹੇਲਾ ॥ ਆਪੁ ਗਇਆ ਸੋਝੀ ਪਈ ਗੁਰ ਸਬਦੀ ਮੇਲਾ ॥੧॥ ਰਹਾਉ ॥ ਹਉਮੈ ਗਰਬੁ ਗਵਾਈਐ ਪਾਈਐ ਵੀਚਾਰੁ ॥ ਸਾਹਿਬ ਸਿਉ ਮਨੁ ਮਾਨਿਆ ਦੇ ਸਾਚੁ ਅਧਾਰੁ ॥੨॥ ਅਹਿਨਿਸਿ ਨਾਮਿ ਸੰਤੋਖੀਆ ਸੇਵਾ ਸਚੁ ਸਾਈ ॥ ਤਾ ਕਉ ਬਿਘਨੁ ਨ ਲਾਗਈ ਚਾਲੈ ਹੁਕਮਿ ਰਜਾਈ ॥੩॥ ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥ ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ ॥੪॥ ਨਿਤ ਨਿਤ ਖਰਾ ਸਮਾਲੀਐ ਸਚੁ ਸਉਦਾ ਪਾਈਐ ॥ ਖੋਟੇ ਨਦਰਿ ਨ ਆਵਨੀ ਲੇ ਅਗਨਿ ਜਲਾਈਐ ॥੫॥ ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ॥ ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ ॥੬॥ ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ ॥ ਤਿੰਨਾ ਭਰਮੁ ਨ ਭੇਦੁ ਹੈ ਹਰਿ ਰਸਨ ਰਸਾਈ ॥੭॥ ਹੁਕਮਿ ਸੰਜੋਗੀ ਆਇਆ ਚਲੁ ਸਦਾ ਰਜਾਈ ॥ ਅਉਗਣਿਆਰੇ ਕਉ ਗੁਣੁ ਨਾਨਕੈ ਸਚੁ ਮਿਲੈ ਵਡਾਈ ॥੮॥੨●॥{੪੨੧}

ਅਤੇ ਇਕ ਰਸੁ ਇਹ:--

ਹ) ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ ॥ ਬਿਸੀਅਰੁ ਮੰਤ੍ਰਿ ਵਿਸਾਹੀਐ ਬਹੁ ਦੂਧੁ ਪੀਆਇਆ ॥
ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ ॥ ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ ॥
ਨਾਨਕ ਸੰਗਤਿ ਮੇਲਿ ਹਰਿ ਸਭ ਬਿਖੁ ਲਹਿ ਜਾਇਆ ॥੧੬॥ {੧੨੪੪}

**੧●-** ਆਪ ਜੀ ਦੀ ਚਿੱਠੀ ਦੇ- " ਭਾਈ ਸਾਹਿਬ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਅਕਾਲੀ ਫੂਲਾ ਸਿਘ ਜੀ,ਖ਼ਾਲਸ ਪੰਥ ਦੇ ਥੰਮ ਮੰਨੇ ਜਾਂਦੇ ਹਨ। ਇਨ੍ਹਾਂ ਨੇ ਦਸਮ ਗ੍ਰੰਥ ਬਾਰੇ ਟੀਕਾ-ਟਿੱਪਣੀ ਨਹੀ ਕੀਤੀ।

ਕੀ, ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਜਾਂ ਅਕਾਲੀ ਫੂਲਾ ਸਿੰਘ ਜੀ ਵਿਚੋਂ ਕਿਸੇ ਮਹਾਂਪੁਰਖ ਦੇ ਹੱਥਾਂ ਦੀ ਕੋਈ ਲਿਖਤ ਤੁਹਾਨੂੰ ਕਿਤੋਂ ਮਿਲੀ ਹੈ ਜੀ ? ਤੁਸੀਂ ਏਡੇ ਯਕੀਨ ਨਾਲ ਕਿਵੇਂ ਕਹਿ ਸਕਦੇ ਹੋ ਕਿ, ਉਨ੍ਹਾਂ ਤਿੰਨ ਉੱਤਮ ਹਸਤੀਆਂ ਨੇ ਦਸਮ ਗ੍ਰੰਥ ਨੂੰ ਤੁਹਾਡੇ ਵਾਂਗ ਹੀ ਬੜਾ ਲਾਹੇਵੰਦ ਗ੍ਰੰਥ ਮੰਨ ਲਿਆ ਸੀ ? ਮਹਾਨ ਕੋਸ਼ ਦੇ ੬੧੬ ਸਫ਼ੇ ਅਨੁਸਾਰ ਭਾਈ ਮਨੀ ਸਿੰਘ ਪਹਿਲੇ ਗੁਰਸਿੱਖ ਹਨ ਜਿਨ੍ਹਾਂ ਨੇ ਲੋਕਾਂ (ਕੋਲੋਂ ਅਜੋਕੇ) ਦਸਮ ਗੰਥ ਦੀ ਸਮੱਗਰੀ ਇਕਤ੍ਰ ਕੀਤੀ ਸੀ। ਪਰ ਉਸੇ ਸਮੇਂ ਇਸ ਵਿਰੁੱਧ ਪੰਥ ਵਿਚ ਗੰਭੀਰ ਝਗੜਾ ਖੜਾ ਹੋ ਗਿਆ। ਇਸ ਤੋਂ ਪਹਿਲਾਂ ਕਿ, ਸਰਬੱਤ ਖ਼ਾਲਸਾ ਜੁੜ ਕੇ ਇਸ ਵਿਵਾਦ ਗ੍ਰਸਤ ਗ੍ਰੰਥ ਬਾਰੇ ਅੰਤਮ ਨਿਰਣਾ ਲੈ ਸਕਦਾ, ਭਾਈ ਮਨੀ ਸਿੰਘ ਜੀ ਸ਼ਹੀਦ ਕਰ ਦਿੱਤੇ ਗਏ। ਬਾਬਾ ਦੀਪ ਸਿੰਘ ਜੀ, ਦੇ ਹੁੰਦਿਆਂ ਹੀ ਇਹ ਲਾਟਰੀ ਪਈ ਕਿ, ਜੇ ਭਾਈ ਸੁੱਖਾ ਸਿੰਘ ਮਹਿਤਾਬ ਸਿੰਘ ਜੀ ਨੇ ਮੱਸੇ ਰੰਘੜ ਦਾ ਸਿਰ ਲਾਹ ਕੇ ਲੈ ਆਂਦਾ ਤਾਂ ਗ੍ਰੰਥ ਜਿਉਂ ਦਾ ਤਿਉਂ ਰਹਿਣ ਦਿੱਤਾ ਜਾਵੇ।

ਇਸ ਉਪਰੰਤ ਮਹਾਰਾਜਾ ਰਣਜੀਤ ਸਿੰਘ ਦੇ ਸਮੇ ਤੋਂ ਮਗਰੋਂ ੧੯੨੨ ਤਕ ਇਹ ਗ੍ਰੰਥ ਕੇਵਲ " ਬਚਿੱਤ੍ਰ ਨਾਟਕ " ਨਾਮ ਨਾਲ ਜਾਣਿਆਂ ਜਾਂਦਾ ਰਿਹਾ। ਜਿਹੜਾ ਵੈਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਰਲਾ ਨਹੀਂ ਸੀ ਪਾ ਸਕਿਆ

ਉਸ ਨੇ ਦਸਮ ਗ੍ਰੰਥ ਨੂੰ ਖ਼ਾਲਸਾ ਪੰਥ ਦਾ ਧਰਮ-ਗ੍ਰੰਥ ਮਨਵਾਉਣ ਲਈ, ਹੌਲੀ ਹੌਲੀ ਤੁਹਾਡੇ ਵਰਗੇ ਕਈ ਵਿਦਵਾਨ ਪੈਦਾ ਕਰ ਲਏ ? ਅਕਾਲੀ ਫੂਲਾ ਸਿੰਘ ਜੀ ਮਹਾਂ ਜਰਨੈਲ, ਪੂਰਨ ਤਿਆਗੀ ਅਤੇ ਸਚੇ ਗੁਰਸਿੱਖ ਸਨ। ਦਸਮ ਗ੍ਰੰਥ ਵਿਚਲੀ ਅਸ਼ਲੀਲਤਾ ਬਾਰੇ ਵਿਚਾਰ ਕਰਨ ਦਾ ਵੀ ਸਮਾ ਉਨ੍ਹਾਂ ਕੋਲ ਹੋਵੇ ਕਿ ਨਾਂ, ਇਹ ਤੁਸੀਂ ਜਾਣੋ।

**੧੧ –** ਸ: ਜੋਗਿੰਦਰ ਸਿੰਘ ਜੀ ਸਪੋਕਸਮੈਨ ਅਤੇ ਭਾਈ ਸਾਹਿਬ ਦੀਪ ਸਿੰਘ ਜੀ ਦੁਬਈ ਨਾਲ ਹੀ ਸਿੱਧੀ ਗਲ ਕਰ ਲਵੋ, ਦਾਸ ਤੇ ਹੀ ਸਾਰਾ ਨਸ਼ਾ ਕਿਉਂ ਖੇੜੀ ਗਏ ਹੋ ਜੀ ? ਭੰਡੀ ਪਰਚਾਰ ਗਿਆਨ ਦੇ ਹੰਕਾਰੀ ਹੀ ਕਰਨਾ ਜਾਣਦੇ ਹਨ, ਦਾਸ ਜਿਹੇ ਅਗਿਆਨੀ ਨੂੰ ਭੰਡੀ ਪਰਚਾਰ ਨਾਲ ਕੀ ਵਾਸਤਾ? ਸਚਾਈ ਲਿਖਣੀ ਜੇ ਭੰਡੀ ਪਰਚਾਰ ਹੈ ਤਾਂ ਉਸ ਤੋਂ ਦਾਸ ਪਿੱਛੇ ਕਿਵੇਂ ਹਟੇ ਜੀ ?

**੧੨–** " ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ੍ਰੀ ਦਸਮ ਗ੍ਰੰਥ ਲਿਖਣ ਦਾ ਮਨੋਰਥ ਹੇਠ ਲਿਖੀਆਂ ਪੰਕਤੀਆਂ ਤੋਂ ਪ੍ਰਗਟ ਹੁੰਦਾ ਹੈ।

ਦਸਮ ਕਥਾ ਭਾਗਵਤ ਕੀ ਭਾਖਾ ਕਰੀ ਬਨਾਇ॥ ਅਵਰ ਬਾਸਨਾ ਨਾਹਿ ਪ੍ਰਭ **ਧਰਮ ਜੁਧ** ਕੇ ਚਾਇ ॥

ਪਿਆਰਾ ਸਿੰਘ ਪਰਦਮ ਨੇ ਵੀ ਇਸ " **ਧਰਮ ਜੁਧ ਕੇ ਚਾਇ** " ਪੰਗਤੀ ਦੀ ਖ਼ੂਬ ਵਰਤੋਂ ਕੀਤੀ ਹੋਈ ਹੈ। ਪਤਾ ਨਹੀਂ ਤੁਹਾਨੂੰ ਵੀ ਗੁਰਮਤਿ ਵਿਰੋਧੀ ਇਸ ਪੰਗਤੀ ਵਿਚੋਂ ਕਿਹੜਾ ਅੰਮ੍ਰਿਤ ਰਸ ਪ੍ਰਾਪਤ ਹੋਇਆ ਹੈ? ਤੁਸਾਂ ਵੀ ਇਸ ਅਰਥਹੀਣ ਝੂਠ ਨੂੰ ਦਸ਼ਮੇਸ਼ ਜੀ ਦੇ ਨਾਮਣੇ ਨਾਲ ਜੋੜਨਾ ਕਿਸ ਕਾਰਨ ਆਪਣਾ ਧਰਮ ਬਣਾ ਲਿਆ ? ਇਸ-ਪ੍ਰਤੀ ਗੁਰਮਤਿ-ਵਿਚਾਰ ਛਪ ਚੁੱਕੇ ਹਨ, ਜਿੰਨ੍ਹਾ ਦਾ ਸੰਖੇਪ ਰੂਪ ਇਸ ਪ੍ਰਕਾਰ ਹੈ:--

" ਫਤਿਹ ਬੁਲਉਂਣ ਵਿਚ ਕਿਹੜੀ ਜੰਗ ਵਿਚ ਜਿੱਤ ਦੀ ਮੰਗ ਹੈ? ਇਸ ਪ੍ਰਸ਼ਨ ਦਾ ਉੱਤਰ ਦਾਸ ਨੂੰ ਸਮਝਾਉਂਦਿਆ, ਇੱਕ ਬੜੇ ਸੁਹਿਰਦ, ਗਿਆਨਵਾਨ ਗੁਰਮੁਖਿ ਲਿਖਾਰੀ ਸੱਜਣ ਜੀ ਨੇ ਫ਼ੁਰਮਾਨ ਕੀਤਾ ਕਿ ' ਆਪਣੇ ਪੰਥ ਨੂੰ ਇਸ " **ਵਾਹਿਗੁਰੂ ਜੀ ਕੀ** ਫ਼ਤਹਿ ' ਦੇ ਦਾਤੇ, ਦਸ਼ਮੇਸ਼ ਜੀ ਨੇ, ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਵਿਚ ਉਸ ਜੁੱਧ ਦਾ ਜ਼ਿਕਰ, ਬੜੇ ਸਪੱਸ਼ਟ ਸ਼ਬਦਾਂ ਵਿਚ ਕੀਤਾ ਹੋਇਆ ਹੈ। ਅਤੇ ਉਨ੍ਹਾਂ ਨੇ ਕ੍ਰਿਸਨਾਵਤਾਰ ਵਿਚਲੀ ਇਹੀ ਪੰਗਤੀ ਪੜ੍ਹੀ-**ਅਵਰ ਬਾਛਨਾ ਨਾਹਿ ਕਿਛੁ, ਧਰਮਜੁਧ ਕਾ ਚਾਇ** "। ਅੱਗੇ ਵਿਆਖਿਆ ਕਰਦਿਆਂ ਸਮਝਾਇਆ ਕਿ, ਦਸਮੇਸ਼ ਜੀ ਧਰਮਜੁੱਧ ਵਿਚ ਖ਼ਾਲਸਾ ਜੀ ਨੂੰ ਸਦਾ ਜੂਝਦਾ ਅਤੇ ਉਸ ਯੁੱਧ ਵਿਚ ਫ਼ਤਹਿ ਪਾਉਂਦਾ ਵੇਖਣਾ ਚਾਹੁੰਦੇ ਹੋਏ, ਅਕਾਲਪੁਰਖ ਨੂੰ ਕਹਿ ਰਹੇ ਹਨ, ਕਿ ਹੇ ਵਾਹਿਗੁਰੂ ਜੀ ਉਸ ਧਰਮ ਯੁੱਧ ਵਿਚ ਜਿੱਤ ਖ਼ਾਲਸੇ ਦੀ ਨਹੀਂ ਹੈ ਉਹ ਜਿੱਤ ਵੀ ਤੇਰੀ ਹੈ, ਇਸ ਲਈ ਆਪਣੇ ਖ਼ਾਲਸਾ ਜੀ ਨੂੰ ਸਦਾ ਬਲਵਾਨ ਬਣਾਈ ਰੱਖੀ "। ਪਰ ਕਿਸ ਪਰਕਾਰ ਦੇ ਜੰਗ ਨੂੰ **ਧਰਮ ਯੁੱਧ** ਮੰਨਿਆਂ ਜਾਵੇ ? ਹਾਲਾਤ ਅਜੇਹੇ ਬਣ ਗਏ ਕਿ ਦਾਸ, ਇਸ ਵਾਰਤਾ ਨੂੰ ਛੇਤੀ ਹੋਰ ਅਗਾਂਹ ਨਾ ਤੋਰ ਸਕਿਆ ਅਤੇ ਉਨ੍ਹਾਂ ਨੂੰ ਅਕਾਲਪੁਰਖ ਵਲੋਂ ਸੱਦਾ ਆ ਗਿਆ। ਠੀਕ ਵਿਆਖਿਆ ਦਾ ਪਤਾ ਦਾਸ ਨੇ ਹੋਰ ਕਈ ਥਾਉਂ ਕੀਤਾ ਪਰ **ਧਰਮ-ਯੁੱਧ** ਦੀ ਅਜੇਹੀ ਵਿਆਖਿਆ ਨਾ ਮਿਲ ਸਕੀ ਜਿਸ ਤੋਂ ਮਨ ਪੂਰੀ ਤਰ੍ਹਾਂ ਸੰਤੁਸ਼ਟ ਹੋ ਜਾਂਦਾ। ਤੁਸਾਂ ਵੀ " ਧਰਮ-ਯੁੱਧ " ਦਾ ਅਰਥ ਨਹੀਂ ਲਿਖਿਆ ।

ਸ੍ਰੀ ਪਿਆਰਾ ਸਿੰਘ ਪਦਮ ਦੀ ਪੁਸਤਕ " ਦਸਮ ਗ੍ਰੰਥ ਦਰਸਨ " ਦੇ ੪੨ ਸਫ਼ੇ ਤੇ ਲਿਖਿਆ ਹੈ--" ਗੁਰੂ ਜੀ ਨੇ ਮੁਸਲਮਾਨ ਤਾਕਤ ਦਾ ਮੁਕਾਬਲਾ ਕਰਕੇ **ਹਿੰਦੂਆਂ** ਨੂੰ ਬਚਾਇਆ, ਅਤੇ ਓਸੇ ਪੁਸਤਕ ਦੇ ੧੯● ਸਫ਼ੇ ਦੇ ਅਰੰਭ ਵਿਚ ਦਸਮ ਗ੍ਰੰਥ ਜੀ ਵਿਚਲੇ ਇਹ ਬਚਨ- " **ਦਸਮ ਕਥਾ ਭਗਉਤ ਕੀ ਭਾਖਾ ਕਰੀ ਬਨਾਇ । ਅਵਰ ਬਾਸਨਾ ਨਾਹਿ ਪ੍ਰਭੁ, ਧਰਮ ਜੁਧ ਕੇ ਚਾਇ** ॥ {੨੪੯●}

ਭਾਵ, ਪੁਰਣਾ ਦੇ ਦਸਵੇਂ ਸਕੰਦ ਦੀ ਕਥਾ ਦੇਸੀ ਬੋਲੀ ਵਿਚ ਲਿਖ ਦਿੱਤੀ ਹੈ, ਹੁਣ ਸਿਵਾਏ ਧਰਮ ਦੀ ਰਖਿਅ ਹੇਤ ਲੜਨ ਦੇ ਚਾਇ (= ਚਾਉ. ਉਮੰਗ, ਸੱਧਰ ) ਦੇ, ਮਨ ਵਿਚ ਹੋਰ ਕੋਈ ਵਾਸ਼ਨਾਂ (=ਕਾਮਨਾ, ਲਾਲਚ, ਹਿਰਸ) ਨਹੀ' ਰਹੀ।

**ਪਿਅਰਾ ਸਿੰਘ ਪਦਮ ਦੀ ਸਮੁੱਚੀ ਲਿਖਤ ਤੋਂ ਏਹੀ ਸਮਝ ਅਉਂਦੀ ਹੈ ਕਿ, ਹਿੰਦੂ ਧਰਮ ਦੀ ਰਖਿਅ** ਵਿਚ ਲੜਿਆ ਜੁੱਧ ਅਥਵਾ ਜੰਗ ਹੀ ਧਰਮ-ਯੁੱਧ ਸੀ ਅਤੇ ਅਗਾਂਹ ਤੋਂ ਵੀ ਹਿਰਦੇ ਵਿਚ ਸਦਾ ਅਜੇਹਾ ਯੁੱਧ ਲੜਦੇ ਰਹਿੰਣ ਦਾ ਹੀ ਚਾਉ ਰਹਿਣਾ ਚਾਹੀਦਾ ਹੈ। (ਜੇ, ਹਿੰਦਆਂ ਦਾ ਧਰਮ ਬਚਾਉਣ ਵਾਲਾ ਧਰਮ ਯੁੱਧ ਨਾ ਛਿੜੇ ਤਾਂ ਕੁਰਸੀਆਂ ਦਾ ਮਸਲਾ ਖੜਾ ਕਰ ਕੇ ਉਹੀ ਧਰਮ-ਯੁੱਧ ਮਿਥ ਲਿਆ ਅਤੇ ਆਪਸ ਵਿਚ ਲੜ ਕੇ " **ਦਰਮ ਜੁੱਧ ਕਾ ਚਾਉ** " ਪੂਰਾ ਕਰ ਲਿਆ ?}

**ਧਰਮ ਯੁੱਧ** ਲਫ਼ਜ਼ਾਂ ਦੀ ਉਪਰੋਕਿਤ ਵਿਆਖਿਆਂ ਤੋਂ **ਦਾਸ ਦੇ ਮਨ ਵਿਚਲੇ ਸ਼ੰਕੇ** ਇਨ੍ਹਾਂ ਇਤਿਹਾਸਕ ਸਚਾਈਆਂ ਤੋਂ ਵਧਦੇ ਗਏ:--

੧) ਸਤਿ ਗੁਰੂ ਜੀ ਸ੍ਰੀ ਅਨੰਦ ਪੁਰ ਵਿਖੇ ਆਪਣੀ ਵਿਉਂਤ ਨਾਲ ਬਣਾਏ ਸਰੱਖਿਅਤ ਟਿਕਾਣੇ ਤੋਂ ਦੂਰ, ਲਗ-ਪਗ ਸੈਰ ਵਜੋਂ ਹੀ **ਪਾਉਂਟੇ** (ਸਾਹਿਬ) ਆਏ ਹੋਏ ਸਨ। ਦਸ਼ਮੇਸ਼ ਜੀ ਦੀ ਫੌਜੀ ਸ਼ਕਤੀ ਪੂਰੀ ਨਹੀਂ ਸੀ ਅਤੇ ਜੰਗ ਨੀਤੀ ਤੋਂ ਉਨ੍ਹਾਂ ਦਾ ਟਿਕਾਣਾ ਇੱਕ ਤਰ੍ਹਾਂ ਨਾਲ ਰੜੇ (**Vulnerable**) ਸਮਝ ਕੇ, ਸਾਰੀਆਂ ਪਹਾੜੀ ਰਿਆਸਤਾਂ ਦੇ **ਹਿੰਦੂ ਰਾਜਿਆਂ** ਨੇ (੧੮ ਵੈਸਾਖ ੧੭੪੬) ਆਪਣੀ ਸਾਰੀ ਸੁਮਿੱਲਤ ਫੌਜੀ ਸ਼ਕਤੀ ਨਾਲ, ਅਚਨਚੇਤ ਸਤਿਗੁਰਾਂ ਤੇ ਹੱਲਾ ਬੋਲ ਦਿੱਤਾ। ਉਸ ਜੰਗ ਵਿਚ ਜੂਝ ਕੇ ਸ਼ਹੀਦ ਹੋਣ ਵਾਲੇ ਬੁਧੂ ਸ਼ਾਹ ਜੀ ਦੇ ਦੋ ਪੁਤਰ, ਦੋ ਭਰਾ, ਅਤੇ ੭੦੦ ਦੇ ਕਰੀਬ ਮੁਰੀਦ, ਹਿੰਦੂਆਂ ਨਾਲ ਵੈਰ ਕਮਾਉਂਣ ਲਈ ਨਹੀਂ ਸਨ ਲੜੇ। ਹਿੰਦੂਆਂ ਕੋਲੋਂ ਬਣਿਆਂ ਸਖ਼ਤ ਖ਼ਤਰਾ ਵੇਖ ਕੇ, ਉਹ ਸਗੋਂ ਸਤਿਗੁਰਾਂ ਦੇ ਅੰਗ-ਰਖਿਅਕ ਆ ਬਣੇ ਸਨ। ਸਾਰਾ ਸਿੱਖ ਜਗਤ ਜਾਣਦਾ ਹੈ ਕਿ ਇਹ ਜੰਗ ਵਿਅਰਥ ਦੇ ਸਿਆਸੀ ਸਾੜੇ ਦੀ ਅੱਗ ਬੁਝਾਉਣ ਲਈ, ਹਿੰਦੂ ਰਾਜਿਆਂ ਨੇ ਆਪ ਛੇੜੀ ਸੀ। ਕੀ ਇਹ ਦਸ਼ਮੇਸ਼ ਜੀ ਦਾ ਪਹਿਲਾ **ਧਰਮ ਯੁੱਧ** ਸੀ ? ਕਿ, ਜਾਂ ਬਿਨਾ ਕਾਰਨ ਗਲ ਆ ਪਏ ਹਿੰਦੂ-ਵੈਰੀਆਂ ਦਾ ਬੁਥਾੜ ਭੰਨਣਾ ਪਿਆ ਸੀ?

੨) ਦਸ਼ਮੇਸ਼ ਜੀ ਦੀ ਜੀਵਨ ਕਥਾ ਵਿਚੋਂ ਅਜੇਹੀ ਇੱਕ ਵੀ ਜੰਗ ਨਹੀਂ ਮਿਲਦੀ ਜਿਹੜੀ ਉਨ੍ਹਾਂ ਨੇ ਹਿੰਦੂ ਧਰਮ ਦੀ ਰਖਿਆ ਲਈ ਆਪ ਸਹੇੜੀ ਹੋਵੇ? ਸਗੋਂ ਜ਼ਫ਼ਰਨਾਮੇ ਵਿਚ ਦਸ਼ਮੇਸ਼ ਜੀ ਨੇ ਇਉਂ ਫ਼ੁਰਮਾਨ ਕੀਤਾ ਹੋਇਆ ਹੈ:--

**ਮਨਮ ਕੁਸ਼ਨਮ ਕੋਹੀਆਂ ਪੁਰ-ਫਿਤਨ । ਕਿ ਓ ਬੁਤ ਪ੍ਰਸਤੰਦ ਮਨ ਬੁਤ ਸ਼ਿਕਨ ।** ॥ ੯੫ ॥

ਭਾਵ, ਫ਼ਸਾਦ ਜੀ ਜੜ੍ਹ (ਹਿੰਦੂ) ਪਾਹਾੜੀਆਂ ਨੂੰ ਤਾਂ ਸਗੋਂ ਮਾਰਨਾ ਪੈ ਰਿਹਾ ਹੈ। (ਮੇਰੇ ਨਾਲ ਵੈਰ ਉਨ੍ਹਾਂ ਦਾ ਇਹ ਹੈ) ਕਿਉਂਕਿ ਉਹ ਬੁੱਤਾਂ ਦੀ ਪੂਜਾ ਕਰਦੇ ਹਨ ਤੇ ਅਸੀਂ ਅਜੇਹੇ ਬੁੱਤਾਂ ਨੂੰ ਭੰਨਣੋ ਫ਼ਰਕ ਨਹੀਂ ਕਰਦੇ। ਗੁਰੂ ਬਾਣੀ ਦਾ ਫ਼ੁਰਮਾਨ–

**ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥ ਅੰਧੇ ਗੁੰਗੇ ਅੰਧ ਅੰਧਾਰੁ ॥**
**ਪਾਥਰੁ ਲੇ ਪੂਜਹਿ ਮੁਗਧ ਗਵਾਰ ॥ ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥੨॥** {੫੫੬}

ਕਿਸੇ ਖ਼ਾਸ ਧਰਮ ਨਾਲ ਗੁਰੂ ਨਾਨਕ ਜੀ ਦੇ ਘਰ ਦਾ ਵਾਸਤਾ ਕੋਈ ਨਹੀਂ ਹੈ। (੧) **ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ ॥**{੪੭੭} (੨) **ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥ ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥੩॥੭॥੨੯॥** {੪੮੩} (੩) **ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥ ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ ॥ ੧॥**{੬੫੪} (੪) **ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥ ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥੪॥੩॥੭॥**{੮੭੫} (੫) **ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥੪॥** {੧੧੩੬} ਕਿਸੇ ਦੇ ਕਰਮਕਾਂਡੀ ਧਰਮ ਨਾਲ ਖ਼ਾਲਸਾ ਜੀ ਦਾ ਕੋਈ ਵਾਸਤਾ ਨਹੀਂ ਹੈ। ਖ਼ਾਲਸਾ ਜੀ ਸਦਾ ਤੋਂ ਮਜ਼ਲੂਮ ਦੀ ਰਖਿਅ ਕਰਦਾ ਰਿਹਾ ਹੈ ਅਤੇ ਦੁਖਿਅਰਿਆਂ ਦਾ ਦਰਦੀ ਸਦਾ ਬਣੇ ਰਹਿਣਾ ਹੀ ਸਿੰਘ ਜੀ ਦਾ ਧਰਮ ਹੈ। ਦੀਨ ਦੁਖੀ ਵਾਸਤੇ ਪੁਰਜਾ ਪੁਰਜਾ ਹੋ ਜਾਣਾ ਖ਼ਾਲਸਾ ਜੀ ਦੀ ਜੀਵਨ ਮਰਯਾਦਾ ਥਾਪੀ ਗਈ ਸੀ। ਅਸਾਂ ਸਦਾ ਜ਼ੁਲਮ ਦੇ ਵਿਰੁਲ਼ਾ ਜੂਝਣਾ ਹੁੰਦਾ ਹੈ, ਇਹ ਪੁੱਛਣਾ ਹੀ ਨਹੀਂ ਕਿ ਕਿਸੇ ਦਾ ਕਿਸਾ ਦਰਮ ਨਾਲ ਸੰਬੰਧ ਹੈ। " **ਸਭਨਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ** ॥ ਅਸਾਂ ਸਭਨਾ ਵਿਚ ਉਸ ਇਕ ਸਾਹਿਬ ਦੇ ਹੀ ਦੀਦਾਰੇ ਕਰਨੇ ਹਨ।

ਧਰਮਾ ਪ੍ਰਤੀ ਅਕਾਲ ਉਸਤਤਿ :--

ਕੋਊ ਭਯੋ ਮੁੰਡੀਆ ਸੰਨਿਆਸੀ ਕੋਊ ਜੋਗੀ ਭਯੋ, ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫ਼ਸੀ ਇਮਾਮਸ਼ਾਫ਼ੀ, ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ, ਰਾਜ਼ਿਕ ਰਹੀਮ ਓਈ, ਦੂਸਰੋ ਨਾ ਭੇਦ ਕੋਈ, ਭੂਲਿ ਭ੍ਰਮ ਮਾਨਬੋ ॥
ਏਕੁ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ, ਏਕ ਹੀ ਸਰੂਪ ਸਬੈ ਏਕੈ ਜੋਤਿ ਮਾਨਬੋ ॥ ੮੫ ॥

ਕਿਸੇ ਵੀ ਦੂਜੇ ਧਰਮ ਨਾਲ ਦਸ਼ਮੇਸ਼ ਜੀ ਦਾ ਕੋਈ ਵਾਸਤਾ ਨਹੀਂ ਸੀ। ਉਨ੍ਹਾਂ ਨੇ ਸਦਾ ਮਜ਼ਲੂਮ ਦੀ ਹੀ ਰਖਿਆ ਕੀਤੀ। ਅਤੇ ਜਾਂ ਸਵੈ ਰਖਿਆ ਲਈ ਜੂਝੇ। ਗੁਰੂ ਘਰ ਨਾਲ ਅਥਵਾ ਖ਼ਾਲਸਾ ਪੰਥ ਨਾਲ, ਜਿੰਨਾ ਵਿਸ਼ਵਾਸ਼ਘਾਤ ਬ੍ਰਾਹਮਣਾ ਅਤੇ ਹਿੰਦੂਆਂ ਨੇ ਕੀਤਾ ਹੈ, ਹੋਰ ਕਿਸੇ ਧਰਮ ਵਾਲੇ ਨੇ ਨਹੀ' ਕੀਤਾ।

੩) ਸੰਸਾਰ ਦੇ ਇਤਿਹਾਸ ਵਿਚ ਬੇਅੰਤ ਜੰਗਾ ਦਾ ਜ਼ਿਕਰ ਹੈ ਪਰ ਕਿਸੇ ਇੱਕ ਵੀ ਜੰਗ ਨੂੰ " ਧਰਮ ਬਚਾਉਣ ਵਾਲੀ ਜੰਗ " ਅਥਵਾ " ਧਰਮ ਯੁੱਧ " ਕਰਕੇ ਲਿਖਿਆ ਨਹੀਂ ਮਿਲਦਾ। ਸਿਵਏ ਹਿੰਦੂ ਗ੍ਰੰਥਾਂ ਵਿਲੇ ਝੂਠ–ਜੰਗਾਂ ਦੇ ਜਾਂ ਕੁਫ਼ਰ–ਮਹਾਂ ਯੁੱਧਾ ਦੇ।

੪) ਭਗਵਾਨ ਕ੍ਰਿਸ਼ਨ ਜਿਸ ਦੀ ਲੀਲ੍ਹਾ ਵਰਣਨ ਕਰਨ ਵਾਲੇ ਕ੍ਰਿਸ਼ਨਾਵਤਾਰ ਗ੍ਰੰਥ ਵਿਚੋਂ ਉਪ੍ਰੋਕਤ ਪੰਗਤੀਆਂ ਵਰਤੀਆਂ ਜਾ ਕੇ " **ਧਰਮਯੁੱਧ ਕਾ ਚਾਇ** " ਦੀ ਗੱਲ ਕੀਤੀ ਜਾ ਰਹੀ ਹੈ, ਉਸ ਸ੍ਰੀ ਕ੍ਰਿਸ਼ਨ ਜੀ ਨੇ ਆਪ ਕਿਹੜਾ **ਧਰਮ ਯੁੱਧ** ਕੀਤਾ ਸੀ? (੧) ਪਹਿਲਾਂ ਘਰੋਗੀ

ਝਗੜੇ ਕਾਰਨ ਕੰਸ ਨੂੰ ਮਾਰਿਆ, (੧) ਫਿਰ ਭਗਵਾਨ ਜੀ ਬੀਬੀ ਰੁਕਮਣੀ ਨੂੰ ਚੁੱਕ ਲਿਆਏ ਤਾਂ ਜੰਗ ਵਿਚ ਕਈ ਮਰੇ, (੩) ਆਪਣੇ ਮਾਮੇ ਕੰਸ ਦੇ ਸਹੁਰੇ ਜਰਾਸਿੰਧ ਨਾਲ ਘਰੋਗੀ ਵਿਰੋਧ ਕਾਰਨ ਹੋਈਆਂ ਜੰਗਾਂ, (੪) ਧਰਤੀ ਦੀ ਕੁਖੋਂ ਜਨਮੇ ਵਿਸ਼ਨੂੰ ਜੀ ਦੇ ਪੁੱਤਰ ' ਨਰਕਾਸੁਰ ' ਨਾਲ ਘੋਰ ਯੁੱਧ ਕਰਕੇ ਉਸ ਕੋਲੋਂ ੧੬੧੦੦ ਰਾਣੀਆਂ ਖੋਹ ਕੇ ਭਗਵਾਨ ਕ੍ਰਿਸ਼ਨ ਜੀ ਨੇ ਆਪਣੇ ਘਰ ਪਾ ਲਈਆਂ, (੫) ਮਹਾਂਭਾਰਤ ਗਾਥਾ ਦੀਆਂ ਕਥਿਤ ਜੰਗਾ ਵਿਚੋਂ **ਧਰਮ ਜੁੱਧ** ਕਿਹੜਾ ਸੀ ? ਆਖ਼ਰੀ ਕਥਿਤ ਮਹਾਂਯੁੱਧ, ਜੋ ਦਰੋਪਦੀ ਨੂੰ ਹੋਏ ਰਾਜ–ਮਦ ਅਤੇ ਹੁਸਨ ਦੀ ਹੈਂਕੜ ਭਰੀ ਮੂਰਖਤਾਈ ਤੋਂ ਭੜਕੇ ਬਦਲਾ-ਲਊ ਕ੍ਰੋਧ ਅਗਨੀ ਦੇ ਭਾਂਬੜ ਦੇ ਕਾਰਨ, ਅਤੇ ਫਿਰ ਈਰਖਾ ਤੋਂ ਪੈਦਾ ਹੋਏ ਰਾਜ ਦੀ ਵੰਡ ਅਤੇ ਤਖ਼ਤ ਤੇ ਜੱਫਾ ਮਾਰ ਲੈਣ ਦੀ ਹਿਰਸ ਦੇ ਕਾਰਨ ਛਿੜਿਆ ਸੀ, ਉਸ ਵਿਚ ਕੌਰੋ ਕਹਿੰਦੇ ਸਨ ਕਿ ਉਹ **ਧਰਮ ਯੁੱਧ** ਕਰ ਰਹੇ ਹਨ ਅਤੇ ਪਾਂਡੋ ਆਪਣੇ ਥਾਂ **ਧਰਮ ਯੁਧ** ਲੜਨ ਦੀ ਗੱਲ ਬਾਰ ਬਾਰ ਕਹਿ ਰਹੇ ਸਨ। ਹੈ ਇਹ ਯੁੱਧ ਵੀ ਮਾਇਆ ਦਾ ਹੀ ਇੱਕ ਭਿਆਨਕ ਰੂਪ ਸੀ। ਧਰਮ ਯੁਧ ਦੀ ਵਿਆਖਿਆ ਕੌਰੋ ਪਾਂਡੋਆਂ ਦੇ ਗੁਰੂ ਪ੍ਰੋਹਿਤ ਦ੍ਰੋਣਚਾਰਯਾ ਜੀ ਨੇ ਪਿਤਾਮਾ ਬ੍ਰਹਮਾ ਜੀ ਨੂੰ ਕੋਰੋਖਸ਼ੇਤਰ ਦੇ ਜੰਗ ਦੇ ਮੈਦਾਨ ਵਿਚ ਉਸ ਵੇਲੇ ਸਮਝਾਈ ਸੀ, ਜਦੋਂ ਭਗਵਾਨ ਬ੍ਰਹਮਾਂ ਜੀ ਨੇ ਪ੍ਰਗਟ ਹੋ ਕੇ ਦ੍ਰੋਣ ਨੂੰ ਬ੍ਰਹਮ ਅਸਤਰ ਚਲਾਉਣ ਤੋਂ ਵਰਜਦਿਆਂ ਕਿਹਾ ਸੀ,--" ਅਜੇਹਾ ਸਰਬਨਾਸਕ ਅਸਤਰ ਕੇਵਲ ਧਰਮ ਦੀ ਰਖਿਆ ਲਈ ਹੀ ਚਲਾਉਣਾ ਚਾਹੀਦਾ ਹੈ, ਕਿਉਂਕਿ ਪਾਂਡੋ **ਧਰਮ ਯੁੱਧ** ਕਰ ਰਹੇ ਹਨ ਅਤੇ ਕੌਰੋਆਂ ਦਾ ਪੱਖ ਅਧਰਮ ਵਾਲਾ ਹੈ, ਇਸ ਲਈ ਪਾਂਡੋਆਂ ਵਲਨੂੰ ਬ੍ਰਹਮਅਸਤਰ ਚਲਾਉਣਾ ਅਧਰਮ ਹੈ " । ਅਗੋਂ ਦਰੋਣ ਨੇ ਇਉਂ ਕਿਹਾ ਸੀ --ਮੈਂ ਧਰਮ ਦਾ ਅਰਥ ਚੰਗੀ ਤਰ੍ਹਾਂ ਜਾਣਦਾ ਹਾਂ, ਮੇਰਾ ਧਰਮ ਹੈ ਕਿ ਮੈ ਆਪਣੇ ਅੰਨ-ਦਾਤਾ ਕੌਰੋਆਂ ਦੇ ਪੱਖ ਵਿਚ ਲੜਾਂ, ਪਾਂਡੋਆਂ ਦਾ ਧਰਮ ਆਪਣੇ ਹੱਕ ਲਈ ਲੜਨ ਦਾ ਹੈ। ਅਸੀਂ ਦੋਵੇ ਧਿਰਾਂ ਹੀ **ਧਰਮ-ਯੱਧ** ਲੜ ਰਹੇ ਹਾਂ ' । ਅਸਲ ਵਿਚ **ਯਰਮ-ਯੁੱਧ** ਸ਼ਬਦ ਹੈ ਹੀ ਪ੍ਰੋਹਤਾਂ ਦਾ। ਮਹਾਨ ਕੋਸ਼ ਵਿਚ ਧਰਮਯੁਧ ਲਫ਼ਜ਼ ਹੈ ਹੀ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਵੀ **ਧਰਮ-ਯੁੱਧ** ਸ਼ਬਦ ਵਰਤਿਆ ਕਿਤੇ ਨਹੀਂ ਮਿਲਦਾ। ਇਸ ਬ੍ਰਾਹਮਣੀ ਸ਼ਬਦ ਨੂੰ ਗੁਰਮਤਿ ਵਿਚ ਕੋਈ ਥਾਂ ਨਹੀਂ ਹੋਣਾ ਚਾਹੀਦਾ ।

੫) ਦਿੱਲੀ ਦਾ ਮੁਗ਼ਲ-ਤਾਜਦਾਰ ਵੀ **ਸਿੱਖੀ** ਦਾ ਦੁਸ਼ਮਨ ਨਹੀਂ ਸੀ ਬਣਿਆਂ। ਮਾਇਆ ਗ੍ਰਸੇ ਮੁਸਲਮਾਨ ਧਾਰਮਿਕ ਆਗੂਆਂ ਦੀ ਅਤੇ ਬਿੱਪ੍ਰ ਦੇ ਚੇਲੇ ਹਿੰਦੂ ਅਹਿਲਕਾਰਾਂ ਦੀ ਚੁੱਕ ਵਿਚ ਆ ਕੇ ਮੁਗ਼ਲ ਸਮਰਾਟ ਸਿੰਘਾਂ ਦੀ ਜਾਨ ਦਾ ਵੈਰੀ ਜ਼ਰੂਰ ਬਣ ਖਲੋਤਾ ਸੀ। ਦਸ਼ਮੇਸ਼ ਜੀ ਔਰੰਗ ਜ਼ੇਬ ਦੇ ਪੁੱਤਰ ਬਹਾਦਰਸ਼ਾਹ ਦੇ ਪੱਖ ਵਿਚ ਜੂਝੇ ਅਤੇ ਉਸ ਨੂੰ ਦਿੱਲੀ ਦੇ ਤਖ਼ਤ ਤੇ ਆਪ ਬਿਠਾਇਆ ਸੀ। ਜਯ ਮੁਗ਼ਲ ਹਕੂਮਤ ਸਿੱਖੀ ਦੀ ਦੁਸ਼ਮਣ ਹੁੰਦੀ ਤਾਂ ਸਿੱਖਾਂ ਦੇ ਧਰਮ ਅਸਥਾਨ, ਅਤੇ ਧਰਮ ਅਸਥਾਨਾਂ ਵਿਚ ਬੈਠੇ ਉਦਾਸੀ, ਨਿਰਮਲੇ ਮਹੰਤ ਆਦਿ ਸਾਰਾ ਕੁਝ ਖ਼ਤਮ ਕਰ ਦਿੱਤਾ ਜਾਣਾ ਸੀ। ਇਤਿਹਾਸ ਵਿਚੋਂ ਸਗੋਂ ਏਥੋਂ ਤੱਕ ਲਿਖਿਆ ਵੀ ਮਿਲਦਾ ਹੈ ਕਿ ਜਦ ਸਿੰਘ ਨੂੰ ਜੰਗਲਾਂ ਅਤੇ ਮਰੂ-ਥਲਾਂ ਵਿਚ ਰਹਿਣਾ ਪੈ ਗਿਆ ਹੋਇਆ ਸੀ ਤਾਂ ਮਿਲਵਰਤਨੀਏ ਸਿਖ, ਪਿੰਡਾਂ ਵਿਚ ਹੀ ਰਹਿੰਦੇ ਵੇਖੇ ਜਾ ਸਕਦੇ ਸਨ। ਅਜੇਹੇ ਮਿਲਵਰਤਨੀਏ ਸਿੱਖ ਹੀ ਜੰਗਲਾਂ ਵਿਚ ਰਹਿੰਦੇ ਜਥਿਆਂ ਨੂੰ ਲੋੜੀਦੀਆਂ ਖ਼ਬਰਾਂ ਦੇ ਨਾਲ ਹੋਰ ਕਈ ਤਰ੍ਹਾਂ ਦੀ ਵਡਮੁੱਲੀ ਸਹਾਇਤਾ ਪੁਚਾਉਂਦੇ ਰਹੇ ਸਨ। ਉਸ ਰਾਜਸੀ ਕਹਿਰ ਵਿਚ ਹੋਈਆਂ ਸਾਰੀਆਂ ਲੜਾਈਆਂ ਅਤੇ ਕੁਰਬਾਨੀਆਂ, ਧਰਮ ਨੂੰ ਬਚਾਉਣ ਵਾਲੇ ਧਰਮ-ਯੁੱਧ ਨਹੀਂ ਸਨ। ਖ਼ਲਸਾ ਅਖਵਾਉਣ ਵਾਲੇ ਸਿੰਘ ਜੀ ਆਪਣੀਆਂ ਜਾਨਾਂ ਨੂੰ ਬਚਾਉਣ ਦੇ ਨਾਲ ਅਨਾਥਾਂ ਯਤੀਮਾਂ ਅਤੇ ਬੇਆਸਰਿਆਂ ਤੇ ਜ਼ੁਲਮ ਕਰਨ ਵਾਲੀ ਜ਼ਾਲਮ ਸਰਕਾਰ ਦਾ ਤਖ਼ਤਾ ਮੂਧਾ ਕਰਕੇ ਖ਼ਾਲਸਈ ਰਾਜ ਸਥਾਪਤ ਕਰਨ ਲਈ ਜੂਝ ਰਿਹੇ ਸਨ। ਏਹੀ ਕਾਰਨ ਹੈ ਕਿ ਸਰਕਾਰ ਵਲੋਂ ਆਈਆਂ ਸੁਲਾਹ ਦੀਆਂ ਪੇਸ਼ਕਸ਼ਾਂ ਨੂੰ ਪੰਥ ਠੁਕਰਾਉਂਦਾ ਰਿਹਾ ਸੀ। ਇਤਿਹਾਸ ਦੀ ਇਹ ਘਟਨਾ ਵੀ ਭੁੱਲਣ ਜੋਗ ਨਹੀਂ ਹੈ ਕਿ ੧੭੯੭ ਵਿਚ ਸੂਬਾ ਲਾਹੋਰ ਨੇ ਸ: ਸੁਬੇਗ ਸਿੰਘ ਵਕੀਲ ਦੀ ਰਾਹੀਂ ਨਵਾਬੀ ਖ਼ਿਤਾਬ ਅਤੇ ਇੱਕ ਲੱਖ ਦੀ ਜਾਗੀਰ ਅਤੇ ਵਡਮੁੱਲਾ ਖ਼ਿਲਅਤ ਚਾਂਦੀ ਦੀ ਥਾਲੀ ਵਿਚ ਰੱਖ ਕੇ ਅੰਮ੍ਰਿਤਸਰ ਖ਼ਾਲਸਾ ਜੀ ਨੂੰ ਭੇਟਾ ਕੀਤਾ ਸੀ, ਜੋ ਕਿਨ੍ਹਾਂ ਚਿਰ ਦਰਬਾਰ ਵਿਚ ਠੋਕਰਾਂ ਖਾਂਦਾ ਰਿਹਾ ਸੀ। ਆਖ਼ਰ ਪੰਥ ਦੇ ਫੈਸਲੇ ਅਨੁਸਾਰ ਨਵਾਬੀ ਸ: ਕਪੂਰ ਸਿੰਘ ਜੀ ਨੂੰ ਕਬੂਲ ਕਰਨੀ ਪਈ ਸੀ।

੬- ਹਥਿਆਰਾਂ ਦੀ ਜੰਗ, ਕਿਸੇ ਵੀ ਦਲੀਲ ਨਾਲ " ਧਰਮ ਯੁੱਧ " ਨਹੀਂ ਕਹੀ ਜਾ ਸਕਦੀ। ਪੁਰਾਤਨ ਸਿਆਣਿਆਂ ਨੇ **ਜ਼ਰ, ਜੰਨ, ਜ਼ਮੀਨ,** ਤਿੰਨਾ ਨੂੰ ਹੀ ਲੜਾਈ ਦਾ ਕਾਰਨ ਮੰਨਿਆਂ ਹੈ। ਧਰਮ ਨੇ ਕਦੇ ਜੰਗ ਨਹੀਂ ਛੇੜੀ। ਧਰਮ ਤਾਂ ਸਰਬੱਤ ਦੇ ਭਲੇ ਦੀ ਮੰਗ ਕਰਦਾ ਹੈ। ਪਦਾਰਥਾਂ ਦੀ ਲਾਲਸਾ ਹੀ ਸਦਾ ਜੰਗਾਂ ਜੁਧਾਂ ਦਾ ਕਾਰਨ ਬਣਿਆਂ ਕਰਦੀ ਹੈ। ਆਪਣੀ ਨਿੱਜੀ ਹਵਸ ਮਿਟਾਉਣ ਲਈ ਧਰਮ ਦਾ ਨਾ ਵਰਤ ਕੇ ਜੰਗਾਂ ਵਿਚ ਭਿਆਣਕ ਜ਼ੁਲਮ ਜ਼ਰੂਰ ਕੀਤੇ ਜਾਂਦੇ ਹਨ, ਮੁਸਲਮਾਨਾ ਨੇ ਸਦਾ " ਜਹਾਦ " (ਧਰਮ–ਯੁੱਧ) ਦਾ ਨਾਰਾ ਲਾ ਕੇ ਮੁਲਖਈਆ ਇਕੱਠਾ ਕੀਤਾ ਅਤੇ ਭਾਰਤੀਆਂ ਤੇ ਅਕਹਿ ਜ਼ੁਲਮਾਂ ਦੀ ਹਨੇਰੀ ਸੈਕੜੇ ਵਾਰ ਝੁੱਲੀ , ਇਸਲਾਮੀ ਦੇਸ਼ਾਂ ਦੀਆਂ ਮੰਡੀਆਂ ਵਿਚ ਟਕੇ ਟਕੇ ਤੇ ਹਿੰਦ ਦੀਆਂ ਧੀਆਂ ਏਸੇ ਜਹਾਦ (–ਧਰਮ–ਯੁੱਧ) ਕੇ ਚਾਇ ਦੀ ਹੀ ਲਲਕਾਰ ਨੇ ਵਿਕਾਈਆਂ ਪਰ ਅੱਜ ਤੱਕ ਕਿਸੇ ਇੱਕ ਵੀ ਜੰਗ ਨੇ ਸੰਸਾਰ ਵਿਚੋਂ ਕੋਈ ਸਿਰਕੱਢ ਧਰਮ ਕਦੇ ਖ਼ਤਮ ਨਹੀਂ ਕੀਤਾ ।

੭- **ਸਿੱਖੀ** ਦਾ ਅਸਲ ਦੁਸ਼ਮਣ ਤਾਂ ਹੈ ਹੀ ਹਿੰਦੂ ਸਮਾਜ, ਜੋ ਅੱਜ ਤੱਕ ਖ਼ਾਲਸਾ ਜੀ ਨੂੰ ਅੱਡਰੀ ਕੌਮ ਮੰਨਣ ਤੋਂ ਇਨਕਾਰੀ ਹੈ। ਸਿੱਖੀ ਨੂੰ ਹਰੀਜਨਾ ਜਿਹੀ ਹਿੰਦੂਆਂ ਦੀ ਹੀ ਇੱਕ ਸ਼ਾਖ ਕਹਿੰਦੇ ਹਨ। ਮੁਸਲਮਾਨ ਹਕੂਮਤ ਨੇ ਸਿੱਖਾਂ ਦੇ ਸਿਰਾਂ ਦਾ ਮੁੱਲ ਪਾਇਆ, ਖਾਲਸਾ ਜੀ ਨੂੰ ਚਰਖੜੀਆਂ ਦੇ ਚਾੜ੍ਹਿਆ, ਬੰਦ ਬੰਦ ਕੱਟੇ, ਉਬਲਦੀਆਂ ਦੇਗਾਂ ਵਿਚ ਬਿਠਾਇਆ, ਆਰਿਆਂ ਨਾਲ ਚੀਰਿਆ, ਸਿੱਖ ਬੀਬੀਆਂ ਨੂੰ ਕਈ ਮਹੀਨੇ ਬੰਦੀ ਵਿਚ ਰੱਖ ਕੇ ਸਵਾ ਸਵਾ ਮਣ ਦਾਣੇ ਪਿਸਵਾਏ, ਬੱਚਿਆਂ ਦੇ ਟੋਟਿਆਂ ਦੇ ਹਾਰ ਸਿੰਘ ਮਾਤਾਵਾਂ ਦੇ ਗਲਾਂ ਵਿਚ ਪਾਏ, ਘੱਲੂ ਘਾਰਿਆਂ ਵਿੱਚ ਸਿੰਘਾਂ ਨੂੰ ਵਹੀਰਾਂ ਸਮੇਤ ਮਾਰ ਮੁਕਾਇਆ, ਕਈ ਤਰ੍ਹਾਂ ਦੇ ਅਕਹਿ ਅਤੇ ਅਸਹਿ ਜ਼ੁਲਮ ਕੀਤੇ, ਪਰ **ਮੁਸਲਮਾਨਾਂ ਨੇ ਅੱਜ ਤੱਕ ਇਹ ਨਹੀਂ ਕਿਹਾ ਕਿ ਸਿੱਖ ਮੁਸਲਮਾਨਾਂ ਵਿਚੋ ਹੀ ਹਨ ਅਤੇ ਸਿੱਖ ਇੱਕ ਅੱਡਰੀ ਕੌਮ ਨਹੀਂ ਹੈ।** ਸੰਨ ੧੯੪੭ ਵਿਚ ਮਾਸਟਰ ਤਾਰਾ ਸਿੰਘ ਜੀ ਦਾ ਇਹ ਬਿਆਨ ਜਦ ਅਖ਼ਬਾਰਾਂ ਵਿਚ ਛਪਿਆ ਕਿ ਮੁਸਲਮਾਨ **ਸਿੱਖਾਂ** ਦਾ ਦੁਸ਼ਮਣ ਹੈ ਪਰ ਹਿੰਦੂ **ਸਿੱਖੀ** ਦਾ ਦੁਸ਼ਮਣ ਹੈ, ਤਾਂ ਹਿੰਦੂ ਪਿੱਟ ਉੱਠੇ ਸਨ।

੮- ਧਰਮ ਲਈ ਖ਼ਤਰਾ ਸਦਾ ਉਹੀ ਬਣਿਆਂ ਹੁੰਦਾ ਹੈ ਜੋ ਉਸ (ਧਰਮ) ਦੀ ਮੁਢਲੀ ਮਰਯਾਦਾ ਨੂੰ ਵਿਗਾੜ ਰਿਹਾ ਹੋਵੇ। ਸਿੱਖ ਧਰਮ ਵਿਚ ਬਿੱਪ੍ਰਨ ਕੀ ਰੀਤ ਵਾੜਨ ਵਾਲੇ ਮਾਨੋਂ ਸਿੱਖ ਧਰਮ ਉੱਤੇ ਮਸ਼ੀਨ ਗਨਾਂ ਦਾ ਫਾਇਰ ਕਰਦੇ ਆ ਰਹੇ ਹਨ। ਸਾਡਾ ਧਰਮ ਯੁੱਧ ਉਹ ਹੈ। ਅਸਾਂ ਆਪਣੇ ਧਰਮ ਨੂੰ ਉਸ ਖ਼ਤਰੇ ਤੋਂ ਬਚਾਉਣਾ ਸੀ। ਪਰ ਉਸ ਜੰਗ ਨੂੰ ਨਿਰਾ ਅਸੀਂ ਪੂਰੀ ਤਰ੍ਹਾਂ ਹਾਰਿਆ ਹੀ ਨਹੀਂ, ਸਗੋਂ ਸਾਡੇ ਵਿਚੋਂ ਬਹੁਗਿਣਤੀ ਉਨ੍ਹਾਂ ਕੌਮ-ਘਾਤਕ ਵੀਰਾਂ ਦੀ ਹੈ ਜਿਹੜੇ ਇਸ ਧਰਮ-ਯੁੱਧ ਵਿਚ ਵੈਰੀਆਂ ਦੇ ਸਾਥੀ ਬਣ ਖਲੋਤੇ ਹੋਏ ਹਨ। ਆਪਣੇ ਧਰਮ ਉਤੇ ਅਸੀਂ ਆਪ ਹੀ ਗੋਲਾਬਾਰੀ ਕਰਨੀ ਅਰੰਭ ਕੀਤੀ ਹੋਈ ਹੈ। ਉਦਾਹਰਣ ਵਜੋਂ--ਸੱਚ ਦੇ ਦਰਬਾਰ ਵਿਚ ਬੇਰੀ ਰੂਪ ਝੂਠ ਦੀ ਪੂਜਾ ਜੋ ਮਹੰਤਾਂ ਨੇ ਅਰੰਭ ਕਰਵਾਈ ਸੀ, ਮਰਦਾਂ ਦੇ (ਇਸਤ੍ਰੀਆਂ ਦੀਆਂ ਸਭ ਔਕੜਾਂ ਪੋਣੇ ਦੇ ਅੰਦਰ ਵਾਲੀ ਬੇਰੀ ਦੂਰ ਕਰ ਰਹੀ ਹੈ) ਦੁੱਖਾਂ ਨੂੰ ਦੂਰ ਕਰਨ ਦਾ ਉਪਕਾਰ ਕਰਨ ਵਾਲੀ ਉਹ ਬੇਰੀ ੧੯੭੩ ਵਿਚ ਸੁੱਕ ਗਈ, ਤਾਂ ਆਪਣੇ ਆਪ ਨੂੰ ਸਿੱਖੀ ਦੇ ਅਸਲ ਰਾਖੇ ਕਹਿਣ ਵਾਲੇ, ਲੇਖਕ ਅਤੇ ਪਰਚਾਰਕ ਗਿਆਨੀ ਧਿਆਨੀ ਜੀ ਨੇ ਸੁੱਕ ਸੜ ਗਈ ਬੇਰੀ ਦੇ ਥਾਂ ਨਵ ਜਨਮਿਆਂ ਬੇਰੀ ਦਾ ਬੂਟਾ, ਆਪਣੀ ਹੱਥੀ ਲਿਆ ਗੱਡਿਆ ਸੀ। ਅੱਜ ਕੱਲ ਉਹ ਬੇਰੀ ਮਰਦ ਸ਼ਰਧਾਲੂਆਂ ਦੇ ਦੁੱਖਾਂ ਦਾ ਨਾਸ ਕਰ ਰਹੀ ਹੈ? ਧਰਮ ਯੁੱਧ ਦਾ ਰੌਲਾ ਪਾਉਣ ਵਾਲਿਆਂ ਮਹਾਂਪੁਰਖਾਂ ਨੇ ਆਪਣੇ ਧਰਮ ਤੇ ਆਪਣੇ ਹੱਥੀ ਬੇਰੀ-ਰੂਪ ਭਿਆਨਕ **Time Bomb** ਲਿਆ ਬੀੜਿਆ ਹੋਇਆ ਹੈ। ਏਕਤਾ ਦੀ ਥਾਂ ਲੋਕ ਮੁੜ ਅਨੇਕਤਾ ਦੇ ਪੁਜਾਰੀ ਬਣ ਰਹੇ ਹਨ। ਥਾਂ ਥਾਂ, ਪਿੰਡ ਪਿੰਡ, ਜਠੇਰਿਆਂ ਦੀ, ਰੁੱਖਾਂ ਦੀ, ਕਬਰਾਂ ਅਦਿ ਦੀ ਪੂਜਾ ਕਈ ਢੰਗਾਂ ਨਾਲ ਹੋ ਰਹੀ ਹੈ। ਦੇਵੀਆਂ ਦੀ ਪੂਜਾ ਸਭ ਤੋਂ ਵੱਧ ਦੁਖਦਾਈ ਭਾਣਾ ? ਦਰਬਾਰ ਸਾਹਿਬ ਵਿਚ ਲੱਗਾ ਇਹ ਬੇਰੀ-ਰੂਪ ਮਹੁਰੇ ਦਾ ਰੁੱਖ, ਗੁਰੂ ਬਾਬਾ ਜੀ ਦੀ ਅਪਾਰ ਘਾਲਣਾ ਤੇ ਦੁਖਦਾਈ ਚੋਟਾਂ ਕਰੀ ਜਾ ਰਿਹਾ ਹੈ। ਤੁਸੀਂ ਸਭ ਹੱਛਾ, ਸਭ ਹੱਛਾ ਹੈ, ਹੋਕਾ ਦੇਈ ਜਾ ਕੇ ਪੰਥ ਨੂੰ ਏਸੇ ਡੂੰਘੀ ਨੀਂਦੇ ਸੁਆਈ ਰੱਖੋ। ਦਾਸ ਨੇ ਟੋਹੜਾ ਸਾਹਿਬ ਨੂੰ ਚਿੱਠੀ ਵਿਚ ਉਦਾਹਰਣਾ ਦੇ ਕੇ ਲਿਖਿਆ ਸੀ ਕਿ ਭਾਵੇਂ ਅਹਿਮਦ ਸ਼ਾਹ ਅਬਦਾਲੀ ਨੇ ਸ੍ਰੀ ਦਾਰਬਾਰ ਸਾਹਿਬ, ਹਰਿਮੰਦਰ ਸਾਹਿਬ ਦੀਆਂ ਪਾਵਨ ਇਮਾਰਤਾਂ ਨੂੰ ਬਰੂਦ ਨਾਲ ਢਾ ਢੇਰੀ ਕੀਤਾ ਸੀ, ਬੀਬੀ ਇੰਦਰਾ ਨੇ ਵੀ ਕੋਈ ਕਸਰ ਨਹੀਂ ਸੀ ਛੱਡੀ, ਪਰ ਉਹ ਜਰਵਾਣੇ, ਸ੍ਰੀ ਦਾਰਬਾਰ ਸਾਹਿਬ ਦੀ ਪਾਵਨਤਾ ਦੇ ਮਹਿਲ ਦਾ ਇੱਕ ਕਿੰਗਰਾ ਵੀ ਨਹੀਂ ਸਨ ਭੋਰ ਸਕੇ। ਪਰ ਗੁਰਮਤਿ ਮਰਯਾਦਾ ਨੂੰ ਵਿਗਾੜੀ ਜਾ ਕੇ ਪ੍ਰੋਹਿਤਵਾਦੀ ਰੀਤਾਂ ਚਾਲੂ ਕਰੀ ਜਾ ਰਹੇ ਹੁਣ ਦੇ ਪ੍ਰਬੰਧਕ, ਸਹੀ ਅਰਥਾਂ ਵਿਚ ਇਸ ਪਾਵਨ ਪਵਿਤ੍ਰ ਧਰਮ ਅਸਥਾਨ ਨੂੰ ਜੜ੍ਹਾਂ ਤੋਂ ਗਿਰਾਈ ਜਾ ਰਹੇ ਹਨ। ਦਸ਼ਮੇਸ਼ ਜੀ ਦੀ ਸਿੱਖੀ ਲਈ ਖ਼ਤਰੇ ਵਾਲਾ **ਧਰਮ ਯੁਧ** ਇਨ੍ਹਾਂ ਆਪਣਿਆਂ: ਨੇ ਅਰੰਭ ਕੀਤਾ ਹੋਇਆ ਹੈ। ਲਿਖਤਾਂ ਸਿੱਧ ਕਰ ਰਹੀਆਂ ਹਨ ਕਿ ' ਦਸਮ ਗ੍ਰੰਥ ਦਰਸ਼ਨ ' ਪੁਸਤਕ ਲਿਖਣ ਵਾਲੇ ਵਿਦਵਾਨ ਜੀ ਨੂੰ ਵੀ ਕੱਖ ਪਤਾ ਨਹੀ ਹੈ ਕਿ " ਧਰਮ ਯੁੱਧ " ਕਿਸ ਬਲਾ ਦਾ ਨਾਮ ਹੈ।

ਪ੍ਰੋਹਿਤ-ਵਾਦ ਅਥਵਾ ਡੇਰਾ-ਵਾਦ ਸਿੱਖੀ ਦੀ ਨਿਆਰੀ ਨੁਹਾਰ ਨਿਰੰਤਰ ਵਿਗਾੜੀ ਤੁਰਿਆ ਜਾ ਰਿਹਾ ਹੈ। ਅੱਜ ਸਾਡੇ ਲਈ ਭਿਆਨਕ ਖ਼ਤਰਾ ਕੇਵਲ ਅਤੇ ਕੇਵਲ ਉਹ ਹਨ (੧) ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਯਾਦਾ ਨੂੰ ਬੇਲੋੜੀ ਸਿੱਧ ਕਰਨ ਲਈ ਅਜੇਹੀ ਬਾਣੀ ਨੂੰ ਧਰਮ ਦਾ ਅੰਗ ਬਣਾਈ ਜਾ ਰਹੇ ਹਨ ਜਿਸ ਬਾਣੀ ਨੂੰ ਦਸ਼ਮੇਸ਼ ਜੀ ਨੇ ਗੁਰਿਆਈ ਯੋਗ ਨਹੀਂ ਸੀ ਸਮਝਿਆ। (੨) ਅਜੇਹੇ ਲੋਕ ਜੋ ਪ੍ਰੋਹਿਤਵਾਦੀ ਮਰਯਾਦਾ ਖ਼ਾਲਸਾ ਪੰਥ ਵਿਚ ਵਾੜ ਕੇ ਇਸ ਦੇ ਨਿਰਮਲ ਸਰੋਵਰ ਦੇ ਅੰਮ੍ਰਿਤ ਜਲ ਨੂੰ ਗਦਲਾ ਕਰ ਰਹੇ ਹਨ, ਉਹ ਹਨ ਸਿੱਖੀ ਦੇ ਅਸਲ ਵੈਰੀ। ਧਰਮ ਸਦਾ ਉਹੀ ਕਮਜ਼ੋਰ ਹੁੰਦਾ ਆਇਆ ਹੈ ਜਿਹੜਾ ਆਪਣੀ ਮੁਢਲੀ ਮਰਯਾਦਾ ਨੂੰ ਭੁੱਲ ਕੇ ਦੂਜੇ ਧਰਮ ਦੀ ਮਰਯਾਦਾ ਦਾ ਧਾਰਨੀ ਬਣ ਜਾਂਦਾ ਹੈ। ਯਾਦ ਰੱਖੋ ਕਿ ਅਸੀਂ ' ਧਰਮ ਯੁੱਧ ਕਾ ਚਾਇ " ਕੱਚੀ ਬਾਣੀ ਨੂੰ ਸਤਿਗੁਰਾਂ ਦਾ ਸੰਦੇਸ਼ ਮੰਨ ਕੇ ਆਪਣੇ ਵਲੋਂ ਬੜੇ ਸੁਚੇਤ ਬਣੇ ਹੋਏ ਹਾਂ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਚਿਤਾਵਣੀ ਦੇ ਰਹੇ ਹਨ--' ਹੇ ਭਾਈ ਹੋਸ਼ ਕਰ, ਜਾਗਦਾ ਹੀ ਲੁਟਿਆ ਜਾ ਰਿਹਾ ਹੈਂ--" ਦੁਨੀਆ, ਬੇਦਾਰ, ਜਾਗਅਤ ਮੁਸੀਅਤ ਹਉ ਰੇ ਭਾਈ ॥ **ਨਿਗਮ ਹੁਸੀਆਰ ਪਹਰੂਆ ਦੇਖਤ ਜਮੁ ਲੇ ਜਾਈ ॥ ੧ ॥ ਰਹਾਉ ॥** [੬੭੨] ਆਪਣੀ ਚਤੁਰਾਈ ਛੱਡ ਕੇ ਆਉ, ਹਰ ਪੱਖੋਂ ਸੰਪੂਰਨ ਸਤਿਗੁਰੂ ਗ੍ਰੰਥ ਸਾਹਿਬ ਦੇ ਦਰਬਾਰ ਹਾਜ਼ਰ ਹੋ ਕੇ ਪਤਾ ਕਰੀਏ ਕਿ, ਗੁਰਮਤਿ ਅਨੁਸਾਰ ਕਿਸ ਪ੍ਰਕਾਰ ਦੀ ਜੰਗ ਵਿਚ ਕਿਹੜੇ ਯਤਨਾ ਨਾਲ ਫ਼ਤਹਿਯਾਬ ਹੋਣਾ ਹੈ ? ਸਾਡੇ-

**ਸਤਿਗੁਰ ਜੇਵਡੁ ਅਵਰੁ ਨ ਕੋਇ ॥ ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ ॥**
**ਜਨਮ ਮਰਣ ਦੂਖ ਤੇ ਰਾਖੈ ॥ ਮਾਇਆ ਬਿਖੁ ਫਿਰਿ ਬਹੁੜਿ ਨ ਚਾਖੈ ॥੨॥{੧੨੭੧॥**

**ਸਦੀਵੀ ਜੰਗ-?**

੧- **ਮੇਰੈ ਮਨਿ ਚੀਤਿ ਆਏ ਪ੍ਰਿਅ ਰੰਗਾ ॥**
**ਬਿਸਰਿਓ ਧੰਧੁ ਬੰਧੁ ਮਾਇਆ ਕੋ ਰਜਨਿ ਸਬਾਈ ਜੰਗਾ ॥੧॥ ਰਹਾਉ ॥ {੧੨੧●}**

**ਸ਼ਸਤਰ-**

੬- **ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥ ਇਸੁ ਆਗੈ ਕੋ ਨ ਟਿਕੈ ਵੇਕਾਰੀ ॥**
**ਗੁਰ ਪੂਰੇ ਏਹ ਗਲ ਸਾਰੀ ॥੧॥ {੬੨੮}**

7- ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ ॥ ਆਵਧਹ ਗੁਣ ਗੋਬਿੰਦ ਰਮਣੰ ਓਟ ਗੁਰ ਸਬਦ ਕਰ ਚਰਮਣਹ ॥ ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ ॥ ਬਿਚਰਤੇ ਨਿਰਭਯੰ ਸਤ੍ਰੁ ਸੈਨਾ ਧਾਯੰਤੇ ਗੁੋਪਾਲ ਕੀਰਤਨਹ ॥ ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸੰ੍ ਕਰੋਤਿ ਪੰਚ ਤਸਕਰਹ ॥੨੯॥{੧੩੫੬}

## ਬਲੀ, ਸੂਰਮਾ-

੮- ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ ॥ ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ ॥੧॥ ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥ ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥੧॥ ਰਹਾਉ ॥ ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ ॥ ਕਹੁ ੯੮ ਨਾਨਕ ਤਿਨਿ ਜਨਿ ਨਿਰਦਲਿਆ ਸਾਧਸੰਗਤਿ ਕੈ ਝਲੀ ਰੇ ॥੨॥੩॥੧੩੨॥ {੪●੪}

੯- ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ **ਸੂਰਮਾ** ਅਬ ਜੂਝਨ ਕੋ ਦਾਉ ॥੧॥ **ਸੂਰਾ ਸੋ** ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥ {੧੧●੫}

ਸਤਿਕਾਰ ਜੋਗ ਗਿਆਨੀ ਜੀਓ ! ਦੁਰਗਾ, ਚੰਡਕਾ, ਕਾਲਕਾ, ਗਿਰਜਾ, ਪਾਰਬਤੀ, ਭਵਾਨੀ, ਭਗਉਤੀ, ਜਿਸ ਦਾ ਪਾਠ ਪੰਥ ਵਿਚ ਲਿਆ ਵਾੜਿਆਂ ਜੇ. ਉਸ ਭੂਤ-ਦੇਵੀ ਦੀ ਲੜਾਈ, ਕ੍ਰੋਧ ਅਤੇ ਅਹੰਕਾਰ ਦੀ ਪ੍ਰਦਰਸ਼ਨੀ ਤੋਂ ਵੱਧ ਹੋਰ ਕੀ ਹੈ ? ਉਨ੍ਹਾਂ ਬਾਣੀਆਂ ਵਿਚੋਂ ਕਿਸੇ ਇਨਕਲਾਬ ਲਈ ਸੂਝ-ਬੂਝ ਪ੍ਰਾਪਤ ਹੁੰਦੀ ਅਤੇ ਜੋਸ਼ ਭਰਨ ਦਾ ਗਿਆਨ ਅਤੇ ਉਤਸ਼ਾਹ ਮਿਲਦਾ ਵਿਖਾ ਦਿਉ, ਤਾਂ ਦਾਸ ਦਸਮ ਗ੍ਰੰਥ ਦਾ ਸਮਰਥਕ ਬਣਨ ਨੂੰ ਤਿਆਰ ਹੈ॥ **ਆਉ ਏਧਰੋਂ ਹੋ ਰਹੀ ਜਿੱਤ ਦੇ ਵੀ ਦਰਸ਼ਨ ਕਰ ਲਉ:--**

## ਜਿੱਤ ਕਿਹੋ ਜਿਹੀ ?-

੧- ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ ॥ ਹਰਿ ਸੇਤੀ ਸਦਾ ਮਿਲਿ ਰਹੇ ਜਿਨੀ ਆਪੁ ਪਛਾਨਾ ॥ ਗਿਆਨੀਆ ਕਾ ਇਹੁ ਮਹਤੁ ਹੈ ਮਨ ਮਾਹਿ ਸਮਾਨਾ ॥ ਹਰਿ ਜੀਉ ਕਾ ਮਹਲੁ ਪਾਇਆ ਸਚੁ ਲਾਇ ਧਿਆਨਾ ॥ ਜਿਨ ਗੁਰ ਪਰਸਾਦੀ **ਮਨੁ ਜੀਤਿਆ ਜਗੁ** ਤਿਨਹਿ ਜਿਤਾਨਾ ॥੮॥ {੧●੮੯}

੨- ਸਰਸਿਅੜੇ ਸਰਸਿਅੜੇ ਮੇਰੇ ਭਾਈ ਸਭ ਮੀਤਾ ਰਾਮ ॥ ਬਿਖਮੋ ਬਿਖਮੁ ਅਖਾੜਾ ਮੈ ਗੁਰ **ਮਿਲਿ ਜੀਤਾ** ਰਾਮ ॥ ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ ਭੀਤਾ ਭਰਮ ਗੜਾ ॥ ਪਾਇਆ ਖਜਾਨਾ ਬਹੁਤੁ ਨਿਧਾਨਾ ਸਾਣਥ ਮੇਰੀ ਆਪਿ ਖੜਾ ॥ ਸੋਈ ਸੁਗਿਆਨਾ ਸੋ ਪਰਧਾਨਾ ਜੋ ਪ੍ਰਭਿ ਅਪਨਾ ਕੀਤਾ ॥ ਕਹੁ ਨਾਨਕ ਜਾਂ ਵਲਿ ਸੁਆਮੀ ਤਾ ਸਰਸੇ ਭਾਈ ਮੀਤਾ ॥੪॥੧ ॥ {੪੫੩}

## ਮਨਮੁਖ ਦੀ ਜਿਤ ? ਪਰ --

੧- ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ ॥ ਜਬ ਆਣੈ ਵਲਵੰਚ ਕਰਿ ਝੂਠੁ ਤਬ ਜਾਣੈ ਜਗੁ **ਜਿਤੀਆ** ॥੧॥ ਐਸਾ ਬਾਜੀ ਸੈਸਾਰੁ ਨ ਚੇਤੈ ਹਰਿ ਨਾਮਾ ॥ ਖਿਨ ਮਹਿ ਬਿਨਸੈ ਸਭੁ ਝੂਠੁ ਮੇਰੇ ਮਨ ਧਿਆਇ ਰਾਮਾ ॥ ਰਹਾਉ ॥ ਸਾ ਵੇਲਾ ਚਿਤਿ ਨ ਆਵੈ ਜਿਤੁ ਆਇ ਕੰਟਕੁ ਕਾਲੁ ਗ੍ਰਸੈ ॥ ਤਿਸੁ ਨਾਨਕ ਲਏ ਛਡਾਇ ਜਿਸੁ ਕਿਰਪਾ ਕਰਿ ਹਿਰਦੈ ਵਸੈ ॥੨॥੨॥ {੭੨੩}

ਗਿਆਨੀ ਜੀਓ ! ਕੇਵਲ ਜੁੱਧ ਦੇ ਚਾ ਵਾਲਾ ਖਰੜ ਗਿਆਨ- "ਅਵਰ ਬਾਛਨਾ ਨਾਹਿ ਕਿਛੁ, ਧਰਮਜੁਧ ਕਾ ਚਾਇ "। ਦਸਮ ਸਤਿਗੁਰੂ ਜੀ ਦੇ ਪਾਵਨ ਨਾਮਣੇ ਨਾਲ ਨਾ ਮੜ੍ਹੀ ਜਾਉ। " **ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ** ॥ " ਹਾਜ਼ਰਾ ਹਜ਼ੂਰ-" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਿਹਾ ਹਰ ਪੱਖੋ ਪੂਰੇ ਅਤੇ ਸਦੀਵੀ ਸਚੁ ਨਾਲ ਜੋੜਨ ਵਾਲੇ, ਉਪ੍ਰੋਕਤ ਗਿਆਨ ਦੀ ਤੁੱਲਣਾ ਵਾਲਾ ਗਿਆਨ ਦਸਮ ਗ੍ਰੰਥ ਵਿਚੋਂ ਦਾਸ ਨੂੰ ਕਿਸੇ ਥਾਉਂ ਨਹੀਂ ਮਿਲਿਆ। ਤੁਸੀਂ ਵਿਖਾ ਦਿਉ । ਐਵੇਂ ਬੇਦਲੀਲੀ ਫੋਕੀ ਟੈਂ ਟੈਂ ਤੁਹਾਡੇ ਜਿਹੇ ਵਿਦਵਾਨ ਨੂੰ ਨਹੀਂ ਸੋਭਦੀ। ਤੁਸੀਂ ਦਾਸ ਨੂੰ ਗੁਰਮਤਿ ਨਾਲ ਜੋੜੀ ਰੱਖ ਕੇ ਕੁਝ ਵੀ ਕਰਾ ਸਕਦੇ ਹੋ ਪਰ ਗੁਰਮਤਿ ਤੋਂ ਲਾਂਭੇ ਜਾਂਦਿਆ ਹੀ ਮੈ ਕੋਈ ਤੇ ਤੁਸੀਂ ਕੋਈ।

**੧੩-** ਤੁਹਾਡਾ ਬਚਨ- " ਭਾਈ ਕੇਸਰ ਸਿੰਘ ਛਿੱਬਰ ਨ " ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ " ਵਿਚ ਲਿਖਿਆ ਹੈ:-

ਗ੍ਰੰਥ ਸਾਹਿਬ ਦੋਵੇਂ ਹਨ ਸਕੇ ਭਾਈ। ਇਕ ਹੈ ਵਡਾ ਰਿਕ ਛੋਟਾ ਕਹਾਈ ।

ਦੋਹਾਂ ਗ੍ਰੰਥਾਂ ਦੀ ਸਾਂਝ ਪੁਰਾਤਨ ਕਾਲ ਤੋਂ ਚਲੀ ਆ ਰਹੀ ਹੈ। ਬੇਨਤੀ ਇਹ ਹੈ ਕਿ ਦਸਮਗ੍ਰੰਥ ਦਾ ਦਰਸ਼ਨ ਕਰਨ ਵਾਲੇ ਸਿੱਖਾਂ ਦੀ ਕਿਤਨੀ ਗਿਣਤੀ ਹੈ ? ਕਿਤਨੇ ਕੁ ਧਰਮ ਅਸਥਾਨਾਂ ਤੇ ਦਸਮ ਗ੍ਰੰਥ ਦਾ ਪ੍ਰਕਾਸ਼ ਹੁੰਦਾ ਹੈ ? " ਅਦਿ ਬੇਤਾਲੀਆਂ...

ਝੂਠ ਅਤੇ ਅਸ਼ਲੀਲਤਾ ਦੀ ਸੜ੍ਹਾਂਦ ਮਾਰਦੇ ਸਾਹਿਤ ਦੇ ਰਲੇ ਵਾਲੇ ਗ੍ਰੰਥ ਨੂੰ, ਜਿਸ ਵਿਚੋ ਨਾਮ ਅੰਮ੍ਰਿਤ ਦਾ ਅਥਵਾ ਬਾਣੀ ਅੰਮ੍ਰਿਤ ਦਾ **ਕਿਤੇ ਸੰਕੇਤ ਤਕ ਨਾ ਮਿਲਦਾ ਹੋਵੇ**, ਸੁਗੰਧੀਆਂ ਵੰਡਦੇ ਨਿਰੋਲ ਸੱਚ-ਅੰਮ੍ਰਿਤ ਦੇ ਅਮੁੱਕ ਭੰਡਾਰੇ, ਤਖ਼ਤ ਚਵਰ ਦੇ ਸਦੀਵੀ ਮਾਲਕ, **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭਾਈ** ਕਹਿਣ ਵਾਲੀ ਸਾਕਤ-ਬੋਲੀ ਬੋਲਣ ਵਾਲੇ ਇਸ ਕੇਸਰ ਸਿੰਘ ਛਿੱਬਰ ਦੀ ਗੁਰਮਤਿ ਵਿਰੋਧੀ ਬਕੜਵਾਹ ਨਾਲ ਦਾਸ ਦਾ ਵਾਸਤਾ ਕੀ ? ਬਹੁਤੀਆਂ ਦੀ ਲੋੜ ਨਹੀਂ ਹੁੰਦੀ. ਇਕੋ ਗੰਦੀ ਮੱਛੀ ਸਾਰੇ ਤਲਾਬ ਨੂੰ ਗੰਦਾ ਕਰ ਦਿੰਦੀ ਹੈ। ਦਸਮਗ੍ਰੰਥ ਜੀ ਦੀ ਬਾਨੀ ਦੇ ਤਾਂ ਸਗੋਂ ਦੂਣੀ ਚੌਣੀ ਸ਼ਰਧਾ ਨਾਲ ਅਖੰਡ ਪਾਠ ਹੁੰਦੇ ਹਨ, ਹਜ਼ੂਰ ਸਾਹਿਬ, ਸਰਬ ਸਤਿਕਾਰਤ ਬਣ ਰਹੀ ਭਿੰਡਰਾਂ ਵਾਲਿਆਂ ਦੀ ਟਕਸਾਲ, ਉਨ੍ਹਾਂ ਵਲੋਂ ਲਿਖੀ " ਗੁਰਮਤਿ ਰਹਿਤ ਮਰਯਾਦਾ " ਨਿਹੰਗਾਂ ਦੇ ਸਮੂਹ ਡੇਰੇ, ਰਣਧੀਰ ਸਿੰਘੀਏ ਆਦਿ ਅਸਥਾਨ, ਸਿੱਖੀ ਦਾ ਬੇੜਾ ਜਰਜਰਾ ਕਰ ਦੇਣ ਲਈ ਕੀ, ਇਹ ਥੁਹੜੇ ਹਨ ਜੀ ? ਕੀ ਤੁਸੀਂ ਇਸ ਅਨਰਥ ਦਾ ਘਰ ਘਰ ਪ੍ਰਕਾਸ਼ ਕਰਨਾ ਚਾਹੁੰਦੇ ਹੋ ?

**੧੪- ਤੁਸਾਂ ਦਾ ਲਿਖਿਆ** - (ੳ) "ਬੇਨਤੀ ਇਹ ਹੈ ਕਿ ਦਸਮ ਗ੍ਰੰਥ ਦਾ ਦਰਸ਼ਨ ਕਰਨ ਵਾਲੇ ਸਿੱਖਾਂ ਦੀ ਕਿਤਨੀ ਗਿਣਤੀ ਹੈ ? ਕਿਤਨੇ ਕੁ ਅਸਥਾਨਾਂ ਤੇ ਦਸਮ ਗ੍ਰੰਥ ਦਾ ਪ੍ਰਕਾਸ਼ ਹੈ। ਐਵੇਂ ਇਕ ਗ੍ਰੰਥ ਬਾਰੇ ਵਾਵੇਲਾ ਪਾਈ ਜਾਣਾ ਕੋਈ ਸਿਅਣਪ ਵਾਲੀ ਗਲ ਨਹੀ। "

ਦਾਸ ਵਲੋਂ ਉੱਤਰ--ਕੇਵਲ ਦਰਸ਼ਨਾਂ ਦੀ ਗੱਲ ਨਹੀਂ, ਦਸਮ ਗ੍ਰੰਥ ਦੇ ਕਿਤਨੇ ਥਾਵਾਂ ਤੇ ਸ਼ਰਧਾ ਨਾਲ ਅਖੰਡ-ਪਾਠ ਹੁੰਦੇ ਹਨ ? ਜਾਗਦਾ ਹੀ ਸੁੱਤਾ ਬੰਦਾ ਤੁਸਾਂ ਕਦੇ ਨਹੀਂ ਵੇਖਿਆ ? ਜਾਗਦੇ ਹੀ ਘੁਰਾੜੇ ਮਾਰਨ ਦਾ ਕੀ ਸ਼ੌਕ ਹੀ ਪੂਰਾ ਕਰ ਰਹੇ ਹੋ ? ਪੂਰਾ ਵੇਰਵਾ ਉਨ੍ਹਾਂ ਚਿਠੀਆਂ ਵਿਚ ਨਹੀਂ ਪੜ੍ਹਿਆ ਜੀ, ਜੋ ਤੁਹਾਡੇ ਵਲ ਲਿਖੀ ਚਿੱਠੀ ਨਾਲ ਜੁੜ ਕੇ ਆਪ ਜੀ ਦੀ ਸੇਵਾ ਵਿਚ ਪੁਜੀਆਂ ਹੋਈਆਂ ਹਨ ? ਡਾ: ਜੋਧ ਸਿੰਘ ਨੂੰ ਲਿਖੀ ਚਿੱਠੀ ਧਿਆਨ ਨਾਲ ਇਕ ਵਾਰੀ ਫਿਰ ਪੜ੍ਹ ਲਉ। ਤਸੱਲੀ ਨਾ ਹੋਵੇ ਤਾਂ ਦਾਸ ਦੋਬਾਰਾ ਲਿਖ ਭੇਜੇਗਾ ਜੀ। ਗੁੜ੍ਹ-ਗਿਆਨ ਲੁਕਾਈ ਬੈਠੀ ਇਸ ਕਹਾਵਤ ਨੂੰ ਵਿਸਾਰ ਕੇ ਗ਼ਲਤ ਬਿਆਨੀ ਕਰ ਰਹੇ ਹੋ--" ਗੰਦੀ ਮੱਛੀ ਭਾਵੇਂ ਇਕ ਹੀ ਹੋਵੇ ਹੌਲੀ ਹੌਲੀ ਸਾਰੇ ਸਰੋਵਰ ਨੂੰ ਗੰਦਾ ਕਰ ਦਿੰਦੀ ਹੈ "॥ ਗੁਰੂ ਪੰਥ ਵਿਚ ਤਾਂ ਬੇਅੰਤ ਗੰਦੇ ਮੱਛ ਆ ਵੜੇ ਹੋਏ ਹਨ। ਤੁਸਾਂ ਆਪ ਹੀ ਧਿਆਨ ਨਾਲ ਦਰਬਣ ਵੇਖ ਲੈਣਾ, ਸ਼ਾਇਦ ਗੰਦੀ ਮੱਛੀ ਨਜ਼ਰੀਂ ਪੈ ਜਾਵੇ ?

**ਤੁਸੀ ਬੋਲੇ**:-" ਵਾਵੇਲਾ ਪਾਈ ਜਾਣਾ ਕੋਈ ਸਿਅਣਪ ਵਾਲੀ ਗਲ ਨਹੀ-ਤੁਹਾਡੀ ਇਸ ਪੰਕਤੀ ਵਿਚਲੇ ਅਸਤਿ ਦਾ ਭਾਂਡਾ ਕੀ, ਚੁਰਾਹੇ ਵਿਚ ਆਪਣੇ ਆਪ ਹੀ ਨਹੀਂ ਟੁਕੜੇ ਟੁਕੜੇ ਹੋ ਰਿਹਾ ? ਦਾਸ ਦੀ ਪੁਸਤਕ ਅਜੇ ਛਪੀ ਵੀ ਨਹੀਂ ਸੀ, ਤੇ ਤੁਹਾਨੂੰ ਕੰਬਣੀ ਪਹਿਲਾਂ ਹੀ ਛਿੜ ਗਈ ? " ਦੀਗਰਾਂ ਰਾ ਨਸੀਹਤ ਖ਼ੁਦ ਮੀਆਂ ਫ਼ਸੀਹਤ "। ਪਦਮ ਸਾਹਿਬ, ਨਿਰਨਾਕਾਰ ਸਾਹਿਬ ਜਿਹੇ ਹੋਰ ਕਈ " ਭੰਡ-ਅਚਾਰੀਆ " ਮਹਾਂ ਪੁਰਖਾਂ ਦੇ ਹੁੰਦਿਆਂ ਦਾਸ ਦੀ ਪੁਸਤਕ ਦਾ ਮੁੱਲ ਹੀ ਕੀ ਹੈ ? ਤੁਸੀ ਆਪਣਾ ਧਰਮ ਨਿਭਾਉ ਦਾਸ ਲਈ ਦਾਸ ਦਾ ਆਪਣਾ ਧਰਮ ਬਣਿਆ ਰਹਿਣਾ ਹੈ--ਏਹੀ ਤਾਂ ਹੈ ਸਾਡਾ ਧਰਮਯੁੱਧ ---ਵੇਖੀਏ **ਵਹਿਗੁਰੂ ਜੀ ਦੀ ਫ਼ਤਹਿ** ਕਿੱਧਰੋਂ ਗੜਗੱਜਾਂ ਪਾਉਂਦੀ ਹੈ ? ਆਓ ! ਹਾਲੀ ਇਸ ਪਾਵਨ ਸਲੋਕ ਤੋ ਆਪਣਾ ਆਪਾ ਫਰੋਲੀਏ:--

**ਸਲੋਕ ਮਃ ੨ ॥ ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥ ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥**
**ਅੰਧੇ ਏਹਿ ਨਆਖੀਅਨਿ ਜਿਨ ਮੁਖਿ ਲੋਇਣ ਨਾਹਿ ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥੧॥**

**੧੫-** ਇਸ ਤੋਂ ਅਗਲੇ ਤੁਹਾਡੇ ਬਚਨਾਂ ਦਾ ਕਰਮ ਵਾਰ ਵੇਰਵਾ :--

(ੳ) ਜਿਹੜੀਆਂ ਰਚਨਾਵਾਂ ਨਹੀ ਸੁਖਉਂਦੀਆਂ ਉਹ ਛੱਡ ਦਿਉ। ਜਿਹੜੀਆਂ ਚੰਗੀਆਂ ਹਨ, ਉਹ ਗ੍ਰਹਣ ਕਰ ਲਓ।
(ਅ) ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਦਸਮ ਗ੍ਰੰਥ ਦੀ ਬਾਣੀ, ਰਚਨਾ ਭਾਈ ਗੁਰਦਾਸ ਅਤੇ ਗ਼ਜ਼ਲਾਂ ਭਾਈ ਨੰਦ ਲਾਲ ਜੀ, ਕੀਰਤਨ ਕਰਨ ਦਾ ਵਿਧਾਨ ਹੈ। ਕੀ ਤੁਸੀਂ ਇਨ੍ਹਾਂ ਨੂੰ ਰੋਕ ਸਕੋਗੇ ?

ਉੱਤਰ ਦਾ ਵੇਰਵਾ:--

(ੳ) ਕਿਸੇ ਖ਼ਾਸ ਥਾਂ ਦੇ ਬਾਹਰ, ਰਾਹਾਂ ਰਸਤਿਆਂ ਆਦਿ ਤ ਅਜੇਹੀ ਚਿਤਾਵਣੀ--" ਖ਼ਬਰਦਾਰ ! ਗੰਦ ਤੋਂ ਬਚ ਕੇ ਲੰਘਣਾ, ਕਿਤੇ ਗੰਦ ਦੇ ਖੋਭੇ ਵਿਚ ਫਸ ਕੇ ਜੀਵਨ ਨਾ ਗੁਆ ਬਹਿਣਾ "-ਲਿਖ ਦੇਣੀ ਜ਼ਰੂਰ ਲਾਹੇਵੰਦ ਸਿੱਧ ਹੁੰਦੀ ਹੈ। ਪਰ ਗ੍ਰੰਥ ਜਾਂ ਪੁਸਤਕ ਤਾਂ ਖ਼ਰੀਦ ਕੇ ਘਰ ਲੈ ਜਾਣੀ ਹੁੰਦੀ ਹੈ। ਖ਼ਰੀਦਣ ਵਾਲਾ ਉਸ ਵਿਚਲੀ ਕਿਹੜੀ ਰਚਨਾ ਨਾਲ ਜਾ ਜੁੜਦਾ ਹੈ ? ਇਹ ਉਸ ਦੀ ਆਪਣੀ ਮਰਜ਼ੀ ਹੁੰਦੀ ਹੈ। ਪੁਲਿਸ ਵਿਚ ਰਹੇ ਹੋ, ਸਮਾਜ ਲਈ ਹਾਨੀ ਕਾਰਕ ਸਾਹਿਤ ਨੂੰ ਉਂਜ ਹੀ ਬੰਦ ਕਰਨ ਦਾ ਸਮਾਜਕ ਵਿਧਾਨ ਤੁਹਾਥੋਂ ਲੁਕਿਆ ਹੋਇਆ ਨਹੀਂ ਹੈ । ਕੀ, ਸੰਸਾਰ ਦਾ ਅਜੇਹਾ ਕੋਈ ਹੋਰ ਗ੍ਰੰਥ ਅਥਵਾ ਧਰਮ-ਗ੍ਰੰਥ ਵੀ ਕਿਤੋਂ ਸੁਣਿਆਂ ਹੈ, ਜਿਸ ਬਾਰੇ ਅਜੇਹੀਆਂ ਨਸੀਹਤਾਂ ਲਿਖਣੀਆਂ ਪਈਆਂ ਹੋਣ--" ਇਸ ਵਿਚੋਂ ਜਿਹੜੀ ਰਚਨਾ ਨਾ ਸੁਖਾਉਂਦੀ ਹੋਵੇ ਉਹ ਬੇਸ਼ਕ ਨਾ ਪੜ੍ਹਨਾ ਜੀ "? ਕੀ ਚਾਰਾ ਹੋਵੇ, ਜਦ ਭਾਣਾ ਇਹ ਵਰਤ ਜਾਏ ਕਿ-**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ**

**॥ ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥ ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ ॥ ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ ॥ ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ ॥ ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ ॥੬॥** {੭੬੭}-੨-੫

(ਅ) ਸ੍ਰੀ ਦਰਬਾਰ ਸਾਹਿਬ ਵਲ ਨੂੰ ਵਿਅਰਥ ਹੀ ਮੋੜਾ ਖਾ ਲੈਣ ਦਾ ਕੀ ਅਰਥ ? ਤੁਸੀਂ ਤਾਂ ਸਾਰੇ ਜਣੇ ਖੁਲ੍ਹੇ ਤੌਰ ਤੇ ਕਈ ਪੁਸਤਕਾਂ ਲਿਖੀ ਜਾ ਰਹੇ ਹੋ। ਗਿਆਨੀ ਭਾਗ ਸਿੰਘ ਜੀ, ਪ੍ਰਿੰਸੀਪਲ ਹਰਭਜਨ ਸਿੰਘ ਜੀ ਦੇ ਸੇਵਕਾਂ ਦੀਆਂ ਲਿਖੀਆਂ ਪੁਸਤਕਾਂ ਵੀ ਸਾਰੇ ਸਿੱਖ ਜਗਤ ਨੂੰ ਪੜ੍ਹ ਲੈਣ ਦਿਓ। ਆਪੇ ਪੰਥਕ ਤੌਰ ਤੇ ਸੁਧਾਰ ਹੋ ਜਾਵੇਗਾ। ਪੰਥ ਦਾ ਕੰਮ ਮੇਰੇ ਵਲ ਮੁੜ ਮੁੜ ਕਿਉਂ ਰੇੜ੍ਹੀ ਜਾ ਰਹੇ ਹੋ ਜੀ ? ਤੁਹਾਡੀ ਇਸ ਗਲ-ਬਦਲੀ ਵਾਲੀ ਮੁਹਾਰਤ ਤੋਂ, ਇਕ ਪੇਂਡੂ ਲਘੁ-ਗਾਥਾ ਯਾਦ ਆ ਗਈ- " ਕਿਸੇ ਜੱਟ ਨੇ ਆਪਣੇ ਪਿਛਲੇ ਹਲ ਵਾਹਕ ਦੀਨੂੰ ਕਾਮੇ ਨੂੰ ਪੁਛ ਲਿਆ-" ਦੀਨਿਆਂ ਆਹ ਪਾੜਾ ਕਿਉ ਛੱਡਿਆ ਈ ? " ਸਰਦਾਰਾ ਤੂੰ ਵੀ ਤਾਂ ਕੁੜੀ ਦਾ ਵਿਆਹ ਕੀਤਾ ਹੀ ਸੀ "। ਉਏ ਕਿੱਥੇ ਕੁੜੀ ਦਾ ਵਿਆਹ ਤੇ ਕਿੱਥੇ ਪਾੜਾ? " ਏਦਾਂ ਗੱਲਾਂ ਚੋ ਗੱਲਾਂ ਨਿਕਲ ਈ ਆਉਂਦੀਆਂ ਹਨ ਕਿ, ਸਰਦਾਰ ਜੀ ....

**੧੯-** ਤੁਹਾਡੇ ਬਚਨ:--(ੳ) " ਤ੍ਰਿਅ ਚਰਿਤ੍ਰ " " ....... ਕਿਸੇ ਔਰਤ ਦੀ ਮੱਕਰ-ਫ਼ਰੇਬੀ ਨੂੰ ਪ੍ਰਗਟ ਕਰਨਾ **ਕਿਹੜਾ ਗੁਨਾਹ** ਹੈ " ।

ਉੱਤਰ:--ਪਰਮ ਪੂਜਯ ਸਚੁ ਦੇ ਅਵਤਾਰ ਸੱਚੇ ਪਾਤਿਸ਼ਾਹ ਸਤਿਗੁਰ ਜੀ ਪ੍ਰਤੀ" ਗੁਨਾਹ " ਸ਼ਬਦ ਵਰਤਣਾ ਹੀ ਆਪਣੇ ਆਪ ਵਿਚ ਸਿੱਧ ਕਰ ਰਿਹਾ ਹੈ ਕਿ ਗਿਆਨੀ ਹਰਬੰਸ ਸਿੰਘ ਜੀ ਪੂਰੀ ਤਰ੍ਹਾਂ ਉਖੜੇ ਹੋਏ ਹਨ। ਪਰ, ਇਹ ਕਿਉਂ ਭੁੱਲ ਗਏ ਹੋ ਕਿ ਜਿੰਨਾ ਚਿਰ " ਆਦਿ ਸਚੁ ਜੁਗਾਦਿ ਸਚੁ " ਦੇ ਪੁਜਾਰੀ ਨਿਰਮਲ ਪੰਥੀਏ ਖ਼ਾਲਸਾ ਜੀ ਦੀ ਨਿਆਰੀ ਜੀਵਨ ਮਰਯਾਦਾ ਤੇ ਸਿਆਸੀ ਇਤਿਹਾਸਕਾਰੀ ਕੁਟਲਤਾ ਦਾ ਪਰਛਾਵਾਂ ਨਹੀਂ ਸੀ ਪਿਆ, ਜਿੰਨਾ ਚਿਰ ਖ਼ਾਲਸਾ ਜੀ ਪੂਰਨ ਤੌਰ ਤੇ " ਸ੍ਰੀ ਗੁਰੂ ਗ੍ਰੰਥ ਸਾਹਿਬ-ਰੂਪ ਅੰਮ੍ਰਿਤ ਮਹਾਂਸਾਗਰ " ਦੇ ਨਿਰਮਲ ਜਲ ਦੇ ਇਸ਼ਨਾਨੀ ਰਹੇ, ਉਤਨਾ ਚਿਰ ਇਹ ਪੰਥ ਵੈਰੀਆਂ ਦੀ ਨਜ਼ਰਾਂ ਵਿਚ ਵੀ (ਪੰਥਕ ਤੌਰ ਤੇ) ਦੁਰਾਚਾਰ ਤੋਂ ਬਚਿਆ ਹੋਇਆ ਨਜ਼ਰ ਆਇਆ। ਇਹ ਧਾਕ ਬੈਠੀ ਹੋਈ ਸੀ ਕਿ ਸਿੱਖਾਂ ਦੀ ਤੀਵੀਂ ਕਦੇ ਦੁਰਾਚਾਰ ਦੇ ਅੱਡੇ ਦਾ ਸਿੰਗਾਰ ਨਹੀਂ ਬਣ ਸਕਦੀ। ਸਿੱਖ ਬੱਚੀ ਦੀ ਗਲ ਤਾਂ ਛੱਡੀ ਦਾਸ ਦੀ ਜਵਾਨੀ ਤਕ, ਕੰਜਰਾਂ ਦੇ ਮੁਹੱਲੇ ਦੀ ਗੱਲ ਤਾਂ ਦੂਰ ਰਹੀ, ਕੇਸ ਦਾਹੜੀ ਵਾਲਾ ਕੋਈ ਮੁੰਡਾ ਰਾਸਧਾਰੀਆਂ ਵਿਚ ਵੀ ਕਦੇ ਨਹੀਂ ਸੀ ਵੇਖਿਆ ਗਿਆ। ਗੁਰਬਾਣੀ ਦੇ ਅਧਾਰ ਤੇ ਬਣੇ ਰਹਿਤ ਨਾਮੇ ਵੀ ਗਵਾਹ ਹਨ ਕਿ, ਖ਼ਾਲਸਾ ਸਰੂਪ ਉਸ ਅਖਾੜੇ ਵਿਚ ਹਾਜ਼ਰ ਕਦੇ ਕਿਸੇ ਨੇ ਨਹੀਂ ਸੀ ਵੇਖਿਆ ਜਿੱਥੇ ਇਸਤ੍ਰੀ ਦਾ ਨਾਚ ਗਾਣਾ ਹੋ ਰਿਹਾ ਹੁੰਦਾ ਸੀ। ੧੯੫੫ ਤੋ ਪਹਿਲਾਂ ਫ਼ਿਲਮ ਵਿਚ ਕਿਸੇ ਸਿੱਖ ਬੱਚੇ ਬੱਚੀ ਦਾ ਐਕਟਰ ਬਣਨਾ ਤਾਂ ਦੂਰ ਰਿਹਾ ਨੀਲੀ ਪਗੜੀ ਵਾਲਾ ਕੋਈ ਸਿੱਖ ਫ਼ਿਲਮ ਵੇਖਦਾ ਕਦੇ ਨਹੀ ਸੀ ਵੇਖਿਆ ਜਾਂਦਾ। ੧੯੪੭ ਤੋਂ ਪਹਿਲਾਂ ਲਗ-ਪਗ ਸਾਰੇ ਵਡੇ ਸ਼ਹਿਰਾਂ ਵਿਚ ਕੰਜਰਾਂ ਦੇ ਬਜ਼ਾਰ ਹੁੰਦੇ ਸਨ। ਕਿਸੇ ਵੀ ਦੁਰਾਚਾਰ ਦੇ ਅੱਡੇ ਤੇ ਸਿੱਖ ਲੜਕੀ ਨਾਲ ਮੌਜ ਮੇਲੇ ਦੇ ਮੰਗ ਕਰਨ ਦਾ ਕੋਈ ਹੌਸਲਾ ਹੀ ਨਹੀਂ ਸੀ ਕਰਦਾ। ਧਾਂਕ ਬੈਠੀ ਹੋਈ ਸੀ ਸਿੱਖ ਟੁਕੜੇ ਟੁਕੜੇ ਹੋ ਜਾਵੇਗਾ ਪਰ ਦੁਰਾਚਾਰ ਦੇ ਅੱਡੇ ਤੇ ਕਦੇ ਨਹੀਂ ਜਾਵੇਗਾ।

ਜਿਉ ਜਿਉਂ ਦਸਮ-ਗ੍ਰੰਥ-ਰੂਪ ਅਸ਼ਲੀਲਤਾ ਦਾ ਪਰਚਾਰ ਵਧਿਆ, ਗੁਰਮਤਿ ਰਹਿਣੀ ਵਿਚ ਰਲੇ ਪੈਣੇ ਅਰੰਭ ਹੋ ਗਏ। ਖ਼ਾਲਸਾ ਜੀ ਦੀ ਜਵਾਨੀ ਫ਼ਿਲਮਾਂ ਵਿਚ ਸ਼ਾਮਲ ਹੋਣ ਲਈ ਉਤਾਵਲੀ ਪੈਣ ਲੱਗ ਪਈ। ਮਾਸਟਰ ਤਾਰਾ ਸਿੰਘ ਜੀ ਦੀ ਅਗਵਾਈ ਵਿਚ ਪੰਥ ਵਿਰੋਧੀ ਹਿੰਦੂ ਫ਼ਿਲਮ-ਨਿਰਮਾਤਾ ਦਾ ਦਾਅ ਨਾ ਫੱਬਿਆ। ਪਰ ਜਿਉਂ ਹੀ ਡੇਰੇਦਾਰ ਸੰਤ ਬਾਬਿਆਂ (ਬਾਬਾ ਫ਼ਤਹਿ ਸਿੰਘ ਤੇ ਬਾਬਾ ਚੰਨਣ ਸਿੰਘ) ਦਾ ਪੰਥ ਤੇ ਕਬਜ਼ਾ ਹੋਇਆ, ਦੁਰਾਚਾਰ ਗੁਰਦੁਆਰਿਆਂ ਦੇ ਦਰਵਾਜ਼ੇ ਵੀ ਖੜਕਾਉਣ ਲੱਗ ਪਿਆ। ਮਿਲ ਜਾਵੇ ਤਾਂ **Dated-Feb:20,1996** ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਲ ਲਿਖੀ ਚਿੱਠੀ ਪੜ੍ਹ ਲੈਣੀ ਜੀ।

੧੯੬੯ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ੫●● ਸਾਲਾ ਆਗਮਨ ਦਿਵਸ ਮਨਾਇਆ ਜਾਣ ਦੀਆਂ ਤਿਅਰੀਆਂ ਹੋ ਰਹੀਆਂ ਸਨ। ਖ਼ਾਲਸਾ ਪੰਥ ਦਾ **ਮੁਢਲਾ ਵੈਰੀ**, (ਆਪਣੀ ਕੌਮ ਦੇ ਮੁੰਡੇ ਕੁੜੀਆਂ ਵਾਂਗ, ਜਿਹੜਾ ਖ਼ਾਲਸਾ ਜੀ ਦੀ ਜਵਾਨੀ ਨੂੰ ਵੀ, ਰੰਗ ਮੰਚ ਤੇ ਨੱਚਦੀ ਟੱਪਦੀ, ਇਸ਼ਕੀਆ ਗੀਤ ਗਾਉਂਦੀ, ਸ਼ਰਾਬੀ, ਮਸਤਾਨੀ, ਪਰਾਏ ਮਰਦਾਂ ਇਸਤ੍ਰੀਆਂ ਦੀਆਂ ਬਾਹਾਂ ਵਿਚ ਡਿੱਗਦੀ, ਵੇਖਣਾ ਲੋਚਦਾ ਸੀ, ਜਿਹੜਾ ਉਸ ਦਿਨ ਦੀ ਉਡੀਕ ਵਿਚ ਸੀ ਜਦੋਂ, ਨਿਆਰੇ ਬਣੇ ਬੈਠੇ ਸਿੰਘ ਜੀ ਦੀਆਂ ਬਹੂ ਬੇਟੀਆਂ ਵੀ-' (ਤੁਹਾਡੇ ਬਚਨਾਂ ਵਿਚਲੇ) ਮੁਸਲਮਾਨਾਂ, ਹਿੰਦੂਆਂ, ਈਸਾਈਆਂ ਆਦਿ ਸਾਰੇ ਧਰਮਾਂ " ਦੀਆਂ ਦੁਰਾਚਾਰੀ ਇਸਤ੍ਰੀਆਂ ਵਾਂਗ ਹੀ, ਸਿੱਖ ਬੀਬੀਆਂ ਵੀ ਕਦੋਂ ਦੁਰਾਚਾਰ ਦੇ ਅਡਿਆਂ ਤੇ ਸਿਗਰਟਾਂ ਪੀਂਦੇ ਸ਼ਰਾਬੀਆਂ ਦਾ ਮਨ ਪਰਚਾਵਾ ਕਰਨਾ ਗਿੱਝਣਗੀਆਂ ? ਉਹ ਕੁਟਲ ਵੈਰੀ), **ਸੰਤ ਬਾਬਾ ਫ਼ਤਹਿ ਸਿੰਘ ਜੀ ਦੇ ਦਰਬਾਰ ਜਾ ਹਾਜ਼ਰ ਹੋਇਆ।** ਡੇਰਾਵਾਦੀਏ ਸੰਤ ਤਾਂ ਦੇਣ ਹੀ ਪੰਥ ਵਿਰੋਧੀਆਂ ਦੀ ਹਨ। ਸਕੀਮਾ ਬਣਨ ਲਗ ਪਈਆਂ। **ਜੇ ਸਾਰੀ ਖ਼ਾਲਸਾ ਕੌਮ ਨੂੰ,** ਇਕੋ ਝਟਕੇ ਨਾਲ ਫ਼ਿਲਮੀ ਦੁਨੀਆਂ ਦੀ ਝੋਲੀ ਵਿਚ ਪੈਣ ਲਈ ਤਿਆਰ ਕਰ ਲੈਣਾ ਹੈ, ਤਾਂ ਹੁਣ ਵਰਗਾ ਸੁਨਿਹਰੀ ਮੌਕਾ ਕਦੇ

ਨਹੀਂ ਮਿਲਣਾ। ਆਤਮਕ ਮੌਤੇ ਮਰੇ ਹੋਏ ਮਨੁੱਖ ਨੂੰ ਸੰਤ-ਸੂਰਮਾ ਬਣਾਉਣ ਦਾ ਸੰਕਲਪ ਲੈ ਕੇ ਸੰਸਾਰ ਵਿਚ ਆਏ, ਪੂਰਨ ਸਚੁ ਦੇ ਅਵਤਾਰ, ਸਤਿਗੁਰੂ ਨਾਨਕ ਸਾਹਿਬ ਦੇ ਜਨਮ ਦਿਵਸ ਵਾਲੇ ਜਲੂਸ ਨੂੰ (ਗੁਰਮਤਿ ਵਿਰੋਧੀ ਝੂਠ-ਕਹਾਣੀ) " ਨਾਨਕ ਨਾਮ ਜਹਾਜ਼ " ਫ਼ਿਲਮ ਦਾ ਅਰੰਭਕ ਸੀਨ ਬਣਾ ਲੈਣ ਦੀ ਯੋਜਣਾ ਬਣ ਗਈ। ਜਿੱਥੇ ਕੋਈ ਕੇਸ ਦਾਹੜੀ ਵਾਲਾ, ਭੁੱਖ ਤੋ ਆਤੁਰ ਗ਼ਰੀਬੜਾ ਸਿੱਖ ਵੀ ਕਦੇ ਸ਼ਾਮਲ ਨਹੀਂ ਸੀ ਹੋਇਆ--ਸੰਤ ਫ਼ਤਹਿ ਸਿੰਘ, ਉਸ ਸਮੇ ਦੇ ਰਾਸ਼ਟਰ ਪਤੀ ਮਿਸਟਰ ਗਿਰੀ ਨਾਲ ਗਰਾਂਡੀਲ ਹਾਥੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸਸ਼ੋਭਤ, ਸ਼ਬਦ ਗਾਇਨ ਕਰ ਰਹੇ ਫ਼ਿਲਮਾਏ ਗਏ। ਏਥੇ ਹੀ ਬਸ ਨਹੀਂ ਸਗੋਂ ਇਸ ਕਾਰਜ ਨੂੰ ਖ਼ਾਲਸਾ ਜੀ ਦੇ ਧਰਮ ਦਾ ਅੰਗ ਬਣਾਉਂਣ ਦੀ ਯੋਜਨਾ ਅਧੀਨ, ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਵਿਚ, ਦੁਖਭੰਜਨੀ ਬੇਰੀ ਕੋਲ ਬਣੇ ਥੜੇ ਤੇ ਬੈਠ ਕੇ, ਉਸ ਸਮੇ ਦੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਨਮਾਨਜੋਗ ਸਕੱਤਰ ਗਿਆਨੀ ਮੁਹਿੰਦਰ ਸਿੰਘ ਜੀ ਨੇ, ਆਪ ਆਪਣੀ ਸ਼ਮੂਲੀਯਤ ਨਾਲ, ਹਰਿਮੰਦਰ ਸਾਹਿਬ ਜੀ ਦੇ ਐਨ ਅੰਦਰੋ (ਗੁਰੁਬਾਣੀ ਦੇ ਆਸ਼ੇ ਦੀ ਖੰਡਣਾ ਵਾਲਾ) ਗੁਰਮਤਿ ਵਿਰੋਧੀ ਸੀਨ (**Scene**) ਫ਼ਿਲਮਾਉਣ ਵਾਲਾ ਦੁਸ਼ਕਰਮ-ਰੂਪ ਭਾਣਾ ਵਰਤਾਇਆ। **"ਨਤੀਜਾ"**?:--

ਨਿਰਣੇਕਾਰ ਗਿਆਨੀ ਹਰਬੰਸ ਸਿੰਘ ਜੀਓ ! " ਪੁਰਾਤਨ, ਮੁਸਲਮਾਨਾਂ, ਹਿੰਦੂਆਂ, ਈਸਾਈਆਂ ਆਦਿ ਸਾਰੇ ਧਰਮਾ " ਦੀ ਗਲ ਕਿਹੜੀ ਸ਼ੇਖ਼ੀ ਨਾਲ ਲਿਖ ਰਹੇ ਹੋ ? ਇਕ ਵਾਗੀ ਵਗਦੀ ਕਲਮ ਨੂੰ ਕਾਂਬਾ ਕਿਉਂ ਨਹੀਂ ਛਿੜਿਆ ? ਅੱਜ ਕਿਹੜਾ ਰੰਗ ਮੰਚ ਹੈ ਜਿਥੇ ਦਸ਼ਮੇਸ਼ ਜੀ ਦੇ ਖ਼ਾਲਸਾ ਜੀ ਦੀ, ਜਵਾਨੀ ਨਾਚ ਦੇ ਨਾਲ ਗੰਦੇ ਇਸ਼ਕੀਆ ਗਾਣੇ ਨਹੀਂ ਗਾ ਰਹੀ। ਖ਼ਾਲਸਾ ਜੀ ਦੀ ਅਣਖ ਅੱਜ " ਬਾਹਾਂ ਖੜਿਆਂ ਕਰਕੇ " ਹਾਏ ਸੋਹਣੀਏ " ਹਾਏ ਹੀਰਿਆ ". ਕੀ, ਵਿਰਲਾਪ ਨਹੀਂ ਕਰ ਰਹੀ ਹੁੰਦੀ ? ਤੁਸੀਂ ਕਿਹੜੇ ਭੁੱਲੇ ਹੋਏ ਹੋ, ਕਿ, ਸਿੱਖ ਘਰਾਣੇ ਦੀ ਬੱਚੀ ਅੱਜ ਦੁਰਾਚਾਰ ਦੀਆਂ ਹੱਦਾਂ ਵੀ ਟੱਪਦੀ ਤੁਰੀ ਜਾ ਰਹੀ ਹੈ। ਦਾਸ ਸੁਣ ਕੇ ਅਵਾਕ ਰਹਿ ਗਿਆ ਕਿ, ਗੋਰੀਆਂ **Cal Gils** ਵਿਚ ਰਲ ਕੇ ਖੜੀ, ਸਿੱਖ ਬਚੀ ਵੀ ਕਿਵੇ " **Cal Girl** " ਬਣੀ ਗਾਹਕ ਦੀ ਉਡੀਕ ਕਰ ਰਹੀ ਹੁੰਦੀ ਹੈ। ਪਰ ਤੁਹਾਨੂੰ ਕੀ ਤੁਸੀ ਤਾਂ ਕਹਿੰਦੇ ਹੋ ਕਿ, ਜਦ ਡਾਕਟਰ ਬਣੀਆਂ ਕੁੜੀਆਂ ਦਾ ਕੁਝ ਨਹੀਂ ਵਿਗੜਦਾ ਤਾਂ ਭੰਗ. ਅਫ਼ੀਮ ਪੋਸਤ ਸ਼ਰਾਬ ਦੇ ਰਲਵੇ ਨਸ਼ੇ ਨਾਲ ਬੜਾ ਲੰਮਾ ਸਮਾ ਕਾਮ ਕ੍ਰੀੜਾ ਕਰਨ ਦੀ ਜਾਚ ਸਿਖਾ ਰਿਹਾ, ਚਪਟੀ ਦੁਆਰਾ ਆਪਣੀ ਅਰੋਗ ਜੀਵਨੀ ਦਾ ਨਾਸ ਪੁਟਣ ਦਾ ਭੁੱਸ ਪਾ ਰਿਹਾ, **ਸ੍ਰੀ ਦਸਮ ਗ੍ਰੰਥ** ਪੜ੍ਹਨ ਨਾਲ ਸਾਡੀ ਸਨਤਾਨ ਦਾ ਕੀ ਘਸਦਾ ਹੈ ?

(ਅ) ਤੁਹਾਡੀ ਗਿਆਨ-ਪੱਤ੍ਰਕਾ ਵਿਚ ("ਤ੍ਰਿਅ ਚਰਿਤ੍ਰਾਂ ".....ਕਿਸੇ ਔਰਤ ਦੀ ਮੱਕਰ-ਫ਼ਰੇਬੀ..ਗੁਨਾਹ ਹੈ " ਤੋਂ ) ਇਸ ਗ੍ਰੰਥ ਵਿਚ ਕੁਝ **ਵਿਰਲੀਆਂ ਵਾਂਜੀਆਂ ਦੁਰਾਚਾਰੀ**- ਔਰਤਾਂ ਦੀ ਮੱਕਰ-ਫ਼ਰੇਬੀ ਦੇ ਹੀ ਜ਼ਿਕਰ ਨਾਲ ਉਨ੍ਹਾਂ ਤੋਂ ਸੁਚੇਤ ਕਰਨ ਦੇ ਉਪਦੇਸ਼ ਦਾ ਪ੍ਰਭਾਵ ਦੇਣਾ ", **ਜਾਣ ਬੁੱਝ ਕੇ ਲਿਖਿਆ ਕੋਰਾ ਝੂਠ ਹੈ**। ਅਸਲੀਅਤ ਇਹ ਹੈ ਕਿ, ਉਸ ਗ੍ਰੰਥ ਵਿਚਲਾ ਪਹਿਲਾ ਹੀ ਚਰਿਤ੍ਰ " ਦੇਵੀ ਮਾਂ " ਦਾ ਹੈ। ਫਿਰ ਤੁਹਾਡੇ ਸ਼ਹਿਰ ਦੇ ਹੀ ਵਾਸੀ ਪਿਆਰਾ ਸਿੰਘ ਪਦਮ ਜੀ ਨੇ ਆਪਣੀ ਪੁਸਤਕ " ਦਸਮ ਗ੍ਰੰਥ ਦਰਸ਼ਨ " ਦੇ ੧੨੫ ਸਫ਼ੇ ਤੇ ਇਉਂ ਲਿਖਿਆ ਹੈ " ਗੁਰੂ ਸਾਹਿਬ ਨੇ ਕੁਝ ਆਪ-ਬੀਤੀਆਂ ਵੀ ਲਿਖੀਆਂ ਹਨ- ਜਿਵੇਂ ੧੬,੨੧,੨੨, ੨੩ ਆਦ ੧੫ ਨੰਬਰ ਕੀਰਤਪੁਰ ਦਾ ਹੈ " ਭਾਵ ਚਾਰ ਚਲਿੱਤਰ ਦਸ਼ਮਮੇਸ਼ ਜੀ ਦੇ ਆਪਣੇ ਹਨ ? ਕਈ ਚਰਿਤ੍ਰ ਪੁਰਸ਼ਾਂ ਦੇ ਤੁਸੀ ਆਪ ਹੀ ਮੰਨੇ ਹਨ, ਅੰਤਲਾ ੪●੪ਥਾ (੪●੫ਵਾਂ ਲਿਖਣਾ ਭੁੱਲ ਹੈ ਕਿ ਜਾਂ ਝੂਠ ?) ਰੰਗਾ-ਰੰਗ ਭਿਆਨਕ ਕੁਫ਼ਰ ਨਾਲ ਗੜੁੱਚ, ( ਮਨੁੱਖ ਦੀ ਜੀਵਨੀ ਵਿਚੋ ਸਚਿਆਰ ਰਹਿਣ ਵਾਲੇ ਮਾੜੇ ਮੋਟੇ ਪੱਖ ਨੂੰ ਵੀ ਮਲੀਆ ਮੇਟ ਕਰ ਰਿਹਾ), ਬੜਾ ਲੰਮਾ ਚਰਿਤ੍ਰ " **ਸ੍ਰੀ ਅਸੱਧੁਜ** ਜੀ " ਦਾ ਹੀ ਹੈ। ਚੌਪਈ ਸਾਹਿਬ ਉਸੇ ਹੀ ਕੁਫ਼ਰ-ਸ਼ਾਹਕਾਰ ਦਾ ਭਾਗ ਹੈ । ੪●੫ ਚਰਿਤਰਾਂ ਵਿਚੋਂ ਕਿਸ ਇੱਕ ਕਹਾਣੀ ਦੀ ਹੀ ਦੱਸ ਪਾਉ ਜੋ ਅੱਲ੍ਹੜ ਜਵਾਨੀ ਲਈ ਸਿਖਿਆ ਦਾਤੀ ਬਣ ਰਹੀ ਹੋਵੇ ?

ਬੜੀ ਵਿਸ਼ਾਲ ਵਿਦਵਤਾ ਦੇ ਮਾਲਕ ਹੋਣ ਦੇ ਕਾਰਨ ਤੁਸੀਂ ਤਾਂ ਦਾਸ ਲਈ ਸਤਿਕਾਰ ਜੋਗ ਹੋ, ਪਰ ਸਤਿਗੁਰੂ ਜੀ ਨੇ ਇਕ ਵਿਦਵਾਨ ਪਾਂਡੇ ਨੂੰ ਹੀ ਇਉਂ ਖ਼ਬਰਦਾਰ ਕਰਨਾ ਬੜਾ ਜ਼ਰੂਰੀ ਜਾਤਾ ਸੀ:- **ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥੧॥ ਰਹਾਉ** ॥ ਤੁਹਾਡੇ " ਤ੍ਰਿਅ ਚਰਿਤ੍ਰ " ਵਿਚਲੀ ਹੇਠ ਲਿਖੀ (ਤੁਹਾਡੀ ਮਨਮਤਿ ਅਨੁਸਾਰ ਸਤਿਗੁਰਾਂ ਦੀ ਉਚਾਰੀ) " ਗੁਰਬਾਣੀ " ਤੋਂ ਤੁਹਾਡੇ ਬਚਨਾਂ ਨੇ, ਹੋਰ ਵੀ ਗੰਭੀਰ ਝੂਠ ਦਾ ਰੂਪ ਧਾਰ ਲਿਆ ਹੈ ਜੀ। ਗੱਲ " ਕਿਸੇ ਵਿਰਲੀ ਔਰਤ ਦੇ ਮਕਰ-ਫ਼ਰੇਬ " ਦੀ ਨਹੀਂ ਹੈ। ਧਿਆਨ ਨਾਲ ਪੜ੍ਹ ਕੇ ਵਿਚਾਰੋ ਕਿ, ਕੀ ਹੇਠ ਲਿਖੀ ਭਾਸ਼ਾ, **ਸਮੁੱਚੀ ਇਸਤ੍ਰੀ ਜ਼ਾਤੀ ਦੀ ਫੱਟੀ ਤਾਂ ਨਹੀਂ ਪੋਚ ਰਹੀ ਜੀ ?**

੧) **ਸਕਲ ਜਗਤ ਮੈਂ ਜੇ ਪੁਰਖੁ ਤ੍ਰਿਯਾ ਕੋ ਕਰਤ ਬਿਸਵਾਸ ॥ ਸਾਤਿ ਦਿਵਸ ਭੀਤਰ ਤੁਰਤੁ ਹੋਤ ਤਵਨ ਕੋ ਨਾਸ ॥ ੧੧ ॥**

੨) **ਜੋ ਨਰ ਕਾਹੂ ਤ੍ਰਿਯਾ ਕੋ ਦੇਤ ਆਪਨੋ ਚਿੱਤ ॥ ਤਾ ਨਰ ਕੌ ਇਹ ਜਗਤ ਮੈਂ ਹੋਤ ਖੁਆਰੀ ਨਿੱਤ ॥ ੧੨ ॥**[ਚਰਿ:੧੫]

੩) **ਤ੍ਰਿਯਹਿ ਨ ਅੰਤਰ ਦੀਜਿਯੈ ਤਾ ਕੋ ਲੀਜੈ ਭੇਦ ॥ ਬਹੁ ਪੁਰਖਨ ਕੇ ਕਰਤ ਹੈ ਹ੍ਰਿਦੈ ਚੰਚਲਾ ਛੇਦ ॥੧੧॥**
**ਚਿਤ ਤ੍ਰਿਯ ਕੋ ਹਰਿ ਲੀਜਿਯੈ ਤਾਹਿ ਨ ਦੀਜੈ ਚਿੱਤ ॥ ਨਿਤਪ੍ਰਤਿ ਤਾਹਿ ਰਿਝਾਇਯੈ ਦੈ ਦੈ ਅਗਨਿਤ ਬਿੱਤ ॥੧੨॥**
**ਗੰਧ੍ਰਬ ਜੱਛ ਭੁਜੰਗ ਗਨ ਨਰ ਬਪੁਰੇ ਕਿਨਮਾਂਹਿ ॥ ਦੇਵ ਅਦੇਵ ਤ੍ਰਿਯਨ ਕੇ ਭੇਦ ਪਛਾਨਤ ਨਾਹਿ ॥੧੩॥**[ਚਲਿ-੧੦]

ਕੀ ਇਹ ਸੱਚ ਨਹੀਂ ਕਿ ਇਨ੍ਹਾਂ ਚੌਪਈਆਂ ਵਿਚ ਮਨੁੱਖ ਨੂੰ ਧੋਖੇ ਬਾਜ਼ ਅਤੇ ਵਿਸ਼ਵਾਸ਼ਘਾਤ ਬਣਨ ਦੀ ਸਿਖਿਆ ਵੀ ਦਿੱਤੀ ਹੋਈ ਹੈ? ਏਸੇ ਤਰ੍ਹਾਂ ਦੀ ਸਿਖਿਆ ਹੀ ਅਗਲੀ ਚੌਪਈ ਵਿਚ ਹੈ:--

(੪) **ਅੜਿੱਲ ॥ਨਿਜੁ ਮਨ ਕੀ ਕਛੁ ਬਾਤ ਨ ਤ੍ਰਿਯ ਕੋ ਦੀਜਿਯੈ ॥ ਤਾਕੋ ਚਿੱਤ ਚੁਰਾਇ ਸਦਾ ਹੀ ਲੀਜਿਯੈ ॥**
**ਨਿਜੁ ਮਨ ਕੀ ਤਾਸੋ ਜੋ ਬਾਤ ਸੁਨਾਇਯੈ ॥ ਹੋ ਬਾਹਰ ਪ੍ਰਗਟ ਜਾਇ ਆਪੁ ਪਛੁਤਾਇਯੈ ॥੨੦॥**[ਚਰਿ: ੧੧]
**ਸੋਰਠਾ ॥ ਜੋ ਨਿਜੁ ਤਿਯ ਕੋਂ ਦੇਤ ਪੁਰਖ ਭੇਦ ਕਛੁ ਆਪਨੋ ॥**
**ਤਾ ਕੋ ਬਿਧਨਾ ਲੇਤ ਪ੍ਰਾਨ ਹਰਨ ਕਰਿ ਪਲਕ ਮੈਂ ॥ ੩੦ ॥**[ਚਰਿ-੧੨]

ਏਧਰ– ਸਚੁ ਦੇ ਅਵਤਾਰ. ਸਤਿਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ ਸਦੀਵੀ ਮਾਲਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਂ ਇਉ ਤਾਕੀਦਾਂ ਕਰ ਰਹੇ ਹਨ ਜੀ:---

**ਧਨ ਪਿਰੁ ਏਹਿ ਨ ਆਖੀਅਨਿ੍ ਬਹਨਿ ਇਕਠੇ ਹੋਇ ॥**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥ ੩ ॥** [੭੮੮]-ਵਾ-੯

ਜੇ ਇਹ ਗ੍ਰੰਥ ਦਸ਼ਮੇਸ਼ ਜੀ ਨੇ ਹੀ ਲਿਖਿਆ ਹੈ ਤਾਂ ਫਿਰ ਹੇਠ ਲਿਖੇ ਬਚਨ ਕਿਸ ਦੇ ਜ਼ਿੰਮੇ ਮੜ੍ਹੀਏ ਜੀ ?

(੫) **ਜੋ ਨਰ ਅਪੁਨੇ ਚਿੱਤ ਕੌ ਤਿਯ ਕਰ ਦੇਤ ਬਨਾਇ ॥**
**ਜਰਾ ਤਾਂਹਿ ਜੋਬਨ ਹਰੈ ਪ੍ਰਾਨ ਰਹਤ ਜਮ ਜਾਇ ॥ ੯ ॥**
**ਸੋਰਠਾ ॥ ਤ੍ਰਿਯਹਿ ਨ ਦੀਜੈ ਭੇਦ ਤਾਹਿ ਭੇਦ ਲੀਜੈ ਸਦਾ ॥**
**ਕਹਤ ਸਿੰਮ੍ਰਿਤਿ ਅਰੁ ਬੇਦ ਕੋਕ ਸਾਰਊ ਸੌ ਕਹਤ ॥ ੧੦ ॥**[ਚ੍ਰਿ:੧੩]

ਵੇਦ ਬਾਣੀ ਦਾ ਪੱਖ ਪੂਰ ਰਹੇ, ਹੇ ਮਹਾਂ ਗਿਆਨੀ ਹਰਬੰਸ ਸਿੰਘ ਜੀਓ ! ਸਿੰਮ੍ਰਿਤੀਆਂ ਅਤੇ ਵੇਦਾਂ ਨੂੰ ਅਜੇਹੇ ਘਟੀਆਂ ਉਪਦੇਸ਼ ਦੇਣ ਵਾਲੇ ਕੀ, ਦਸ਼ਮੇਸ਼ ਜੀ ਨੇ ਹੀ ਲਿਖਿਆ ਹੈ ਜੀ ?

**(੬) ਪਰੈ ਆਪਦਾ ਕੈਸਿਯੈ ਕੋਟ ਕਸ਼ਟ ਸਹਿ ਲੇਤ ॥**
**ਤਉ ਸੁਘਰ ਨਰ ਇਸਤ੍ਰਿਯਨ ਭੇਦ ਨ ਅਪਨੋ ਦੇਤ ॥ ੧੩ ॥[ਚਰਿ:੧੯]**

ਕਿਸੇ ਇੱਕ ਦੀ ਗੱਲ ਨਹੀਂ ਹੈ ਹਰ ਬਾਰ ਸਮੁੱਚੀ ਇਸਤ੍ਰੀ ਜ਼ਾਤ ਨੂੰ ਹੀ ਬੇਇਤਬਾਰੀ ਕਿਹਾ ਗਿਆ ਹੈ। ਇਸਤ੍ਰੀ ਨੂੰ ਮੰਦਾ ਕਹਿਣ ਤੋਂ ਰੋਕਣ ਵਾਲੇ ਦਸਮ ਗੁਰੂ ਨਾਨਕ ਸਾਹਿਬ ਜੀ ਨੂੰ ਕਿਹੋ ਜਹੀਆਂ ਗੁਰਮਤਿ ਵਿਰੋਧੀ ਗੱਲਾਂ ਨਾਲ ਜੋੜਿਆ ਜਾ ਰਿਹਾ ਹੈ **?** ਬੇਇਤਬਾਰੀ ਕਹਿ ਲੈਣ ਤੇ ਹੀ ਬਸ ਨਹੀਂ, ਹੁਣ ਇਸਤ੍ਰੀ ਨੂੰ ਖ਼ਤਰਨਾਕ ਹੱਦ ਤਕ ਗੁੰਝਲਦਾਰ ਵੀ ਬਣਾਇਆ ਜਾ ਰਿਹਾ ਹੈ ?

**(੭) ਚੰਚਲਾਨ ਕ ਚਰਿਤ੍ਰ ਕੋ ਸਕਤ ਨ ਕੋਊ ਪਾਇ ॥ ਚੰਦ੍ਰ ਸੂਰ ਅਸੁਰ ਸਭ ਬ੍ਰਹਮ ਬਿਸ਼ਨ ਸੁਰ ਰਾਇ ॥੪੯॥**[ਚਰਿ:੨੪]
**(੮) ਦੋਹਰਾ॥ ਅਤਿਭੁਤ ਗਤਿ ਬਨਿਤਾਨ ਕੀ ਜਿਹ ਨ ਸਕਤ ਕੋਊ ਪਾਇ ॥**
**ਭੇਦ ਹਾਥ ਆਵੈ ਨਹੀ ਕੋਟਨਿ ਕਿਯੇ ਉਪਾਇ ॥ ੨੮ ॥ [ਚ੍ਰਿ: ੬੬]**
**(੯) ਕਿੰਨਰ ਜੱਛ ਭੁਜੰਗ ਗਨ ਨਰ ਮੁਨਿ ਦੇਵ ਅਦੇਵ ॥ ਤ੍ਰਿਯ ਚਰਿਤ੍ਰ ਕੋਂ ਚਿਤ ਮੈ ਰੰਚ ਨ ਚੀਨਤ ਭੇਵ ॥੧੫॥[ਚ੍ਰਿ:-੬੭]**
**(੧੦) ਚੌਪਈ ॥ ਬਨਿਤਾ ਚਰਿਤ ਹਾਥ ਨ ਆਯੋ ॥ ਦੇਵ ਦੇਤ ਕਿਨਹੂੰ ਨਹਿ ਪਾਯੋ ॥**
**ਤ੍ਰਿਯਾ ਚਰਿਤ੍ਰ ਨ ਕਿਸਹੂ ਕਹਿਯੈ ॥ ਚਿਤ ਮੈਂ ਸਮਝਿ ਮੋਨਿ ਹ੍ਵੈ ਰਹਿਯੈ ॥ ੨੧ ॥[ਚਰਿ: ੮੪]**
**(੧੧) ਬ੍ਰਹਮਾ ਬਿਸ਼ਨ ਸਰ ਅਸੁਰ ਸਭ ਰੈਨਾਧਿਪ ਦਿਨਰਾਇ ॥**
**ਬੇਦ ਬਯਾਸ ਅਰੁ ਬੇਦ, ਤ੍ਰਿਯ ਭੇਦ ਸਕੇ ਨਹਿ ਪਾਇ ॥ ੧੫ ॥** [ਚਰਿ: ੧੨੪]
**(੧੨) ਭੂਤ ਭਵਿੱਖ ਭਵਾਨ ਮੈ ਸੁਨਿ ਯਤ ਸਦਾ ਬਨਾਇ ॥**
**ਚਤੁਰਿ ਚਰਿਤ੍ਰ ਕੋ ਸਦਾ ਭੇਵ ਨ ਪਾਯੋ ਜਾਇ ॥ ੪੦ ॥** [ਚਰਿ:੧੨੯]
**(੧੩) ਤਰੁਨਿਨ ਕਰ ਹਿਯਾਰੋ ਨਹਿ ਦੀਜੈ ॥ ਤਿਨ ਕੋ ਚੋਰਿ ਸਦਾ ਚਿਤ ਲੀਜੈ ॥**
**ਤ੍ਰਿਯ ਕੋ ਕਛੁ ਬਿਸਵ:ਸ ਨ ਕਰਿਯੈ ॥ ਤ੍ਰਿਯ ਚਰਿਤ੍ਰ ਤੇ ਜਿਯ ਅਤਿ ਡਰਿਯੈ ॥ ੨੦॥[ਚਰਿ:੨੧੪]**

**ਅਰਥ:**--ਇਸਤ੍ਰੀ ਨੂੰ ਕਦੇ ਵੀ ਦਿਲ ਨਹੀਂ ਦੇਣਾ ਚਾਹੀਦਾ, ਪਰ ਉਸਦਾ ਦਿਲ ਚੁਰਾ ਲੈਣਾ ਚਾਹੀਦਾ ਹੈ। ਇਸਤ੍ਰੀ ਉਤੇ ਕਦੇ ਵਿਸ਼ਵਾਸ਼ ਨਾ ਕਰੋ ਅਤੇ ਉਸਦੇ ਚਲਿੱਤਰਾਂ ਤੋਂ ਹਮੇਸ਼ਾਂ ਡਰਦੇ ਰਹੋ।੨੧।

**(੧੪) ਇਨ ਕੀ ਅਗਮ ਅਗਾਧਿ ਕਹਾਨੀ ॥ ਦਾਨਵ ਦੇਵ ਨ ਕਿਨਹੂੰ ਜਾਨੀ ॥ ੨੨ ॥[**ਚਰਿ: ੧੬੭**]**

**ਅਰਥ:**--ਇਨ੍ਹਾਂ ਇਸਤ੍ਰੀਆਂ ਦੀ ਕਹਾਣੀ ਅਗੰਮ ਅਤੇ ਅਗਾਧ ਹੈ ਜਿਸ ਨੂੰ ਦੇਵ-ਦਾਨਵ ਹੀ ਨਹੀਂ ਜਾਣ ਸਕੇ । ੨੨ ।

**(੧੫) ਇਨ ਅਬਲਨ ਕੀ ਰੀਤਿ ਅਪਾਰਾ ॥ ਜਿਨ ਕੋ ਆਵਤ ਵਾਰ ਨਾ ਪਾਰਾ ॥ ੧੧ ॥ [ਚਰਿ:੨੭੩]**

**ਅਰਥ:**--ਇਨ੍ਹਾਂ ਇਸਤ੍ਰੀਆਂ ਦੀ ਲੀਲ੍ਹਾ ਅਪਰਮ-ਪਾਰ ਹੈ ਜਿਸ ਦਾ ਕੋਈ ਆਦਿ ਜਾਂ ਅੰਤ ਨਹੀਂ ਹੈ।

**(੧੬) ਦੋਹਰਾ ॥ ਚੰਚਲਾਨ ਕੇ ਚਰਿਤ ਕੋ ਸਕਤ ਨ ਕੋਈ ਬਿਚਾਰ ॥**
**ਬ੍ਰਹਮ ਬਿਸ਼ਨ ਸ਼ਿਵ ਖਟ ਬਦਨ ਜਿਨ ਸਿਰਜੀ ਕਰਤਾਰ ॥ ੧੨ ॥ [**ਚਰਿ:੩੩੬**]**

(੧੭) **ਚੌਪਈ ॥ ਤ੍ਰਿਯਾ ਚਰਿੱਤ੍ਰ ਕਿਨਹੂੰ ਨਹਿ ਜਾਨਾ ॥ ਬਿਧਨਾ ਸਿਰਜਿ ਬਹੁਰਿ ਪਛਾਤਾ ॥**
**ਸ਼ਿਵ ਘਰ ਤਜ ਕਾਨਨਹਿ ਸਿਧਾਯੋ ॥ ਤਉ ਤਰੁਨਿ ਕੋ ਅੰਤੁ ਨ ਪਾਯੋ ॥ ੧੬ ॥**

**ਅਰਥ**:--ਇਸਤ੍ਰੀ ਦੇ ਚਲਿੱਤ੍ਰ ਨੂੰ ਕੋਈ ਵੀ ਨਹੀਂ ਸਮਝ ਸਕਿਆ ਹੈ। ਪਰਮਾਤਮਾ ਵੀ ਇਸਤ੍ਰੀ ਨੂੰ ਪੈਦਾ ਕਰਕੇ ਪਛਤਾਉਂਣ ਲੱਗ ਗਿਆ ਸੀ। ਸ਼ਿਵਜੀ ਘਰ ਛੱਡ ਕੇ ਫਿਰ ਜੰਗਲ ਵਿਚ ਚਲੇ ਗਿਆ ਸੀ ਪਰ ਫਿਰ ਵੀ ਇਸਤ੍ਰੀ ਦਾ ਭੇਦ ਨਹੀਂ ਪਾ ਸਕਿਆ ਸੀ । ੧੬ ।

(੧੮) **ਅੰਤ ਤ੍ਰਿਯਨ ਕੇ ਕਿਨੂੰ ਨ ਪਾਯੋ ॥ ਬਿਧਨਾ ਸਿਰਜਿ ਬਹੁਰਿ ਪਛਤਾਯੋ ॥**
**ਜਿਨ ਇਹ ਕਿਯੋ ਸਕਲ ਸੰਸਾਰੋ ॥ ਵਹੈ ਪਛਾਨਿ ਭੇਦ ਤ੍ਰਿਯ ਹਾਰੋ ॥ ੧੩ ॥**[ਚਰਿ:੩੧੨]

**ਅਰਥ**:--ਇਸਤ੍ਰੀ ਦੇ ਰਹਿਸ ਨੂੰ ਕੋਈ ਵੀ ਨਹੀਂ ਸਮਝ ਸਕਿਆ ਹੈ। ਇਨ੍ਹਾਂ ਨੂੰ ਬਣਾ ਕੇ ਤਾਂ ਵਿਧਾਤਾ ਵੀ ਪਛਤਾਉਂਦਾ ਸੀ। ਜਿਸ ਪ੍ਰਭੂ ਨੇ ਇਹ ਸਾਰਾ ਸੰਸਾਰ ਬਣਾਇਆ ਹੈ ਉਹ ਵੀ ਇਸ ਦੇ ਰਹਿਸ (ਭੇਦਾਂ ਭਰੀ ਜੀਵਨੀ) ਦੇ ਸਾਹਮਣੇ ਹਾਰ ਗਿਆ ਹੈ। ੧੩ ॥ **{ਗਯਾਨੀ ਨਰੈਣ ਸਿੰਘ ਜੀ ਦੇ ਟੀਕੇ ਵਿਚੋਂ ਵਣਗੀ ਮਾਤ੍ਰ}**

ਨਿਰਣੈਕਾਰ ਭਾਈ ਸਾਹਿਬ ਜੀਓ ! ਨਿਰਣਾ ਕਰਕੇ ਲਿਖਣ ਦੀ ਕਿਰਪਾਲਤਾ ਕਰ ਭੇਜਣੀ, ਕਿ, ਕੀ ਉਸ ਇੱਕ ਅਗਮ ਅਗਾਧ ਅਤੇ ਅਪਰੰਪਾਰ ਸਿਰਜਣਹਾਰ ਦੀ ਕਿਰਤ ਹੋਣ ਦੇ ਕਾਰਨ " ਸਮੁੱਚੀ ਇਸਤ੍ਰੀ ਜ਼ਾਤੀ " ਹੀ ਤੁਹਾਡੇ ਲਿਖਾਰੀ ਜੀ ਲਈ (ਆਪਣੀ ਦੀ ਭੈਣ ਮਾਤਾ ਅਤੇ ਨਾਲ ਹੀ ਸਤੀ ਹੋ ਜਾਣ ਵਾਲੀ ਇਸਤੀ ਸਭ ਦੀਆਂ ਸਭ) ਬੇਇਤਬਾਰੀ ਬਣ ਖਲੋਤੀ ਸੀ ਕਿ, ਜਾਂ ਕੋਈ ਭਾਣਾ ਹੋਰ ਵਰਤਿਆ ਹੈ ਜੀ ? ਇਹ ਵੀ ਸਪੱਸ਼ਟ ਕਰ ਦੇਣਾ ਕਿ, ਕਿਤੇ ਇਹ ਭਾਣਾ ਹੀ ਤਾਂ ਨਹੀਂ ਵਰਤਿਆ ਹੋਇਆਂ ਕਿ, ਤੁਸੀ ਲੋਕ, ਭੋਲੇ ਭਾਲੇ ਸਿਵ ਜੀ ਦੀ ਭੋਲੀ ਭਾਲੀ ਪਤਨੀ, ਦੁਰਗਾ-ਚੰਡਕਾ-**ਸ਼ਿਵਾ** ਅਥਵਾ **ਭਗਉਤੀ** ਦੀ ਕਿਰਤ ਹੋਣ ਦੇ ਕਾਰਨ ਦੇਵੀ ਮਾਤਾ ਦੇ ਭੋਲੇ ਭਾਲੇ ਲਾਡਲੇ ਪੂਤ ਹੋ, ਜੋ ਤੁਹਾਡੇ ਵਰਗੇ ਤੁਹਾਡੇ ਲਿਖਾਰੀ ਜੀ ਲਈ. ਅਬਲਾ ਅਗਾਧ ਬੋਧ ਬਣ ਗਈ ? ਸ਼ੁਕਰ ਹੈ, ਏਧਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ-ਗਿਆਨ ਤੋਂ ਹਿਰਦੇ ਵਿਚ ਉਪਜੇ ਸਦੀਵੀ ਪਿਆਰ ਤੋਂ ਸਤਿਗੁਰੂ ਨਾਨਕ ਜੀ ਦੀ ਮਿਹਰ ਦੇ ਪਾਤਰ ਬਣ ਚੁੱਕੇ, ਤੱਤ ਗਿਆਨੀ ਗੁਰਮੁਖ-ਪਿਆਰੇ, ਸਰਬੱਤ ਜੀਵਾਂ ਵਿਚ ਉਸੇ ਇੱਕ ਦਾ ਹੀ ਜਲਵਾ ਵੇਖ ਵੇਖ ਕੇ ਸਦਾ " **ਵਿਗਾਸ ਵਿਚ** " ਰਹਿੰਦੇ ਹਨ--

" **ਆਪਣਾ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਤਾ ਪਿਰੁ ਮਿਲਿਆ ਹਦੂਰੇ ॥ ਦੇਖਿ ਪਿਰੁ ਵਿਗਸੀ ਅੰਦਰਹੁ ਸਰਸੀ ਸਚੈ ਸਬਦਿ ਸੁਭਾਏ ॥ ਨਾਨਕ ਵਿਣੁ ਨਾਵੈ ਕਾਮਣਿ ਭਰਮਿ ਭੁਲਾਣੀ ਮਿਲਿ ਪ੍ਰੀਤਮ ਸੁਖੁ ਪਾਏ ॥੨॥ ਪਿਰੁ ਸੰਗਿ ਕਾਮਣਿ ਜਾਣਿਆ ਗੁਰਿ ਮੇਲਿ ਮਿਲਾਈ ਰਾਮ ॥ ਅੰਤਰਿ ਸਬਦਿ ਮਿਲੀ ਸਹਜੇ ਤਪਤਿ ਬੁਝਾਈ ਰਾਮ ॥ ਸਬਦਿ ਤਪਤਿ ਬੁਝਾਈ ਅੰਤਰਿ ਸਾਂਤਿ ਆਈ ਸਹਜੇ ਹਰਿ ਰਸੁ ਚਾਖਿਆ ॥ ਮਿਲਿ ਪ੍ਰੀਤਮ ਅਪਣੇ ਸਦਾ ਰੰਗੁ ਮਾਣੇ ਸਚੈ ਸਬਦਿ ਸੁਭਾਖਿਆ ॥ ਪੜਿ ਪੜਿ ਪੰਡਿਤ ਮੋਨੀ ਥਾਕੇ ਭੇਖੀ ਮੁਕਤਿ ਨ ਪਾਈ ॥ ਨਾਨਕ ਬਿਨੁ ਭਗਤੀ ਜਗੁ ਬਉਰਾਨਾ ਸਚੈ ਸਬਦਿ ਮਿਲਾਈ ॥੩॥ ਸਾ ਧਨ ਮਨਿ ਅਨਦੁ ਭਇਆ ਹਰਿ ਜੀਉ ਮੇਲਿ ਪਿਆਰੇ ਰਾਮ ॥ ਸਾ ਧਨ ਹਰਿ ਕੈ ਰਸਿ ਰਸੀ ਗੁਰ ਕੈ ਸਬਦਿ ਅਪਾਰੇ ਰਾਮ ॥ ਸਬਦਿ ਅਪਾਰੇ ਮਿਲੇ ਪਿਆਰੇ ਸਦਾ ਗੁਣ ਸਾਰੇ ਮਨਿ ਵਸੇ ॥ ਸੇਜ ਸੁਹਾਵੀ ਜਾ ਪਿਰਿ ਰਾਵੀ ਮਿਲਿ ਪ੍ਰੀਤਮ ਅਵਗਣ ਨਸੇ ॥ ਜਿਤੁ ਘਰਿ ਨਾਮੁ ਹਰਿ ਸਦਾ ਧਿਆਈਐ ਸੋਹਿਲੜਾ ਜੁਗ ਚਾਰੇ ॥ ਨਾਨਕ ਨਾਮਿ ਰਤੇ ਸਦਾ ਅਨਦੁ ਹੈ ਹਰਿ ਮਿਲਿਆ ਕਾਰਜ ਸਾਰੇ ॥੪॥੧॥੬॥** {੩੯੯}

ਸਮਦਰਸੀ ਹੋਣ ਦਾ ਉਪਦੇਸ਼ ਦੂਜਿਆਂ ਲਈ ਹੀ ਜ਼ਰੂਰੀ ਸਮਝਣ ਵਾਲੇ ਵਿਦਵਾਨ ਵੀਰਨ ਜੀਓ ! ਤੁਸੀਂ ਗੁਰੂ ਬਾਣੀ ਦੇ ਇਨ੍ਹਾਂ ਬਚਨਾਂ ਤੋਂ ਸੁਚੇਤ ਰਹਿ ਕੇ- "**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥** " ਦੱਸੋ ਕਿ, ਕੀ ਕਲਗ਼ੀਧਰ ਜੀ ਦਸਵੇਂ ਗੁਰੂ ਨਾਨਕ ਜੀ ਨਹੀਂ ਸਨ ? ਕੀ. ਉਨ੍ਹਾਂ ਤੇ ਉਪ੍ਰੋਕਤ ਗੁਰੂਬਾਣੀ-ਬਚਨ ਲਾਗੂ ਨਹੀਂ ਸਨ ? ਕੀ, ਪਹਿਲੇ ਸਰੂਪ ਵਿਚਲੇ ਇਹ ਬਚਨ-**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥ <u>ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ</u> ॥ ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥ ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥ ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥** ਉਨ੍ਹਾਂ ਦੇ ਆਪਣੇ ਨਹੀਂ ਹਨ ? ਜੇ ਤਾਂ ਸਿਖੀ ਵਿਸ਼ਵਾਸ਼ ਵਾਲੇ ਹੋਣ ਦੇ ਕਾਰਨ ਉਪਰੋਕਤ ਪ੍ਰਸ਼ਨਾ ਦਾ ਤੁਹਾਡਾ ਉੱਤਰ ਹਾਂ ਵਿਚ ਹੈ ਤਾਂ- **ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ** ॥ ਬਚਨਾਂ ਦੇ ਹੁੰਦਿਆ ਕੀ ਸਤਿਗੁਰਾਂ ਨੂੰ ਪਹਿਲੇ ਸਰੂਪ ਵਿਚ ਪਤਾ ਸੀ ਕਿ ਦਸਵੇ ਸਰੂਪ ਵਿਚ ਇਨ੍ਹਾਂ ਹੀ ਇਸਤ੍ਰੀਆਂ ਦੇ ਚਰਿਤ੍ਰ ਵੀ ਲਿਖਣੇ ਪੈਣੇ ਹਨ ? ਅਤੇ ਕੀ-" **ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ** ॥ ਕੀ ਅੰਤਰਜਾਮੀ ਸਤਿਗੁਰੂ ਨਾਨਕ ਦਸਵੇਂ ਸਰੂਪ ਵਿਚ ਆ ਕੇ ਆਪਣੇ ਇਨ੍ਹਾਂ ਗੁਰੂ ਫ਼ੁਰਮਾਨਾ ਦਾ ਵੀ ਚੇਤਾ ਵਿੱਸਾਰ ਬੈਠੇ ਸਨ ਜੀ ?-(੧) **ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥੪॥** (੨) **ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥ ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥੨॥** (੩) **ਆਪਿ ਉਪਾਏ ਨਾਨਕਾ ਆਪੇ ਰਖੈ ਵੇਕ ॥ ਮੰਦਾ ਕਿਸ ਨੋ ਆਖੀਐ ਜਾਂ**

**ਸਭਨਾ ਸਾਹਿਬੁ ਏਕੁ ॥ (੪) ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥ ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥ (੫) ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ ॥ ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ ॥੪॥ (੬) ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ ॥ ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ ॥੬॥ (੭) ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥ ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੭੮॥ (੮) ਦੁਰਮਤਿ ਝੂਠੀ ਬੁਰੀ ਬੁਰਿਆਰਿ ॥ ਅਉਗਣਿਆਰੀ ਅਉਗਣਿਆਰਿ ॥ ਕਚੀ ਮਤਿ ਫੀਕਾ ਮੁਖਿ ਬੋਲੈ ਦੁਰਮਤਿ ਨਾਮੁ ਨ ਪਾਈ ਹੇ ॥੫॥ (੯) ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥ (੧●) ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ** ॥੧੨੯॥ ਤੁਸੀਂ ਕਿਹੜੇ ਭੁੱਲੇ ਹੋਏ ਹੋ ਕਿ, ਗੁਰੂ ਗ੍ਰਥ ਸਾਹਿਬ ਜੀ ਦੇ ਸਰੂਪ ਵਿਚ ਅਜੇਹੀ ਸਿਖਿਆ ਹੋਰ ਵੀ ਬੇਅੰਤ ਹੈ। ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਮੰਦਾ ਬੋਲ ਬੋਲਣਾ ਜਾਂ ਲਿਖਣਾ ਭਲਿਆਂ ਦਾ ਕਰਮ ਨਹੀਂ ਹੈ। " ਜਿਸ ਮਾਤਾ ਨੇ ਮਨੁੱਖ ਨੂੰ ਜਨਮ ਦਿੱਤਾ ਜਿਸ ਨੇ ਇਸ ਲਈ ਲਾਲ ਪੈਦਾ ਕੀਤੇ, ਜਿਸ ਨੂੰ ਸਤਗਿਰੂ ਜੀ ਧੰਨ ਧੰਨ ਕਹਿੰਦੇ ਥੱਕਦੇ ਹੀ ਨਹੀਂ-, (੧) **ਨਾਨਕ ਜਨਨੀ ਧੰਨੀ ਮਾਇ** ॥੪॥{੧੨੫੭} (੨)- **ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ** ॥{੩੨} (੩)- **ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ** ॥{੧੩੮} (੪)-**ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ** ॥{੧੧੩੬} (੫)- **ਸਬਦਿ ਮਰੈ ਮਨੁ ਮਾਰਿ ਧੰਨੁ ਜਣੇਦੀ ਮਾਇਆ** ॥ {੧੨੮੬} ਬਚਨਾ ਦੇ ਪੂਰੇ ਸਤਿਗੁਰਾਂ ਜੀ ਨੇ, ਉਸ ਨੂੰ ਘਟੀਆ ਕਿਸਮ ਦੀ ਬੇਇਤਬਾਰੀ ਤੇ ਆਚਰਨ- ਹੀਣ ਕਾਮੀ ਵੀ, ਕੀ, ਆਪ ਹੀ ਕਹਿਣਾ ਸੀ ਜੀ ? ਜਿਸ ਇਸਤ੍ਰੀ (-ਜ਼ਾਤੀ) ਨੂੰ ਮੰਦਾ ਕਹਿਣ ਤੋਂ ਸਤਿਗੁਰੂ ਜੀ ਨੇ ਪਹਿਲੇ ਸਰੂਪ ਵਿਚ ਹੀ ਵਰਜ ਦਿੱਤਾ ਸੀ, ਇਸ ਸਾਰੇ ਪਿਛੋਕੜ ਨੂੰ ਭੁੱਲ ਭੁਲਾ ਕੇ, ਸਤਿਗੁਰੂ ਜੀ ਨੂੰ ਬਦਨਾਮ ਕਰਨ ਵਾਲੀ ਲਿਖਤ ਉਨ੍ਹਾਂ ਦੀ ਪਾਵਨ ਨਾਮਣੇ ਨਾਲ ਜੋੜਨ ਵਾਲੇ ਕੀ, ਅਸੀਂ ਉਸੇ ਗੁਰੂ ਨਾਨਕ ਸਾਹਿਬ ਜੀ ਦੇ ਹੀ ਸਿੱਖ ਹਾਂ ? ਚੰਗੀ ਜਹੀ ਚੱਪਣੀ ਨਹੀਂ ਮਿਲ ਰਹੀ ? ਸਤਿਕਾਰਤ ਗਿਆਨੀ ਸਾਹਿਬ ਜੀਓ?

ਲਾਚਾਰ ਬੇਸਹਾਰਾ ਗ਼ਰੀਬਣੀ, ਸ਼ਰਣ-ਜਾਚਿਕ ਨੂੰ ਜਿਸ ਮਰਦ ਨੇ ਕੋਠੇ ਤੇ ਬਿਠਾਇਆ, ਜਿਸ ਮਰਦ ਨੇ ਇਸ ਨੂੰ ਪੱਥਰਾਂ ਨਾਲ ਵਿਆਹ ਕੇ ਸੈਂਕੜੇ ਪ੍ਰੋਹਿਤਾਂ ਦੀ ਕਾਮ ਅਗਨੀ ਸ਼ਾਂਤ ਕਰਨ ਦਾ ਸਾਧਨ, ਰਾਮਜਣੀ ਬਣਾਇਆ, ਫਿਰ ਵੀ ਜਿਹੜੀ ਇਸਤ੍ਰੀ ਇਸ ਨੀਚ ਪਾਪੀ ਮਰਦ ਦੇ ਨਾਲ ਹੀ ਸਤੀ ਹੋ ਸੜਮਰਦੀ ਰਹੀ, ਅੱਜ ਉਹੀ ਮਨੁੱਖ-ਰੂਪ ਸਿੱਖ, ਜਨਮ ਦਾਤੀ, ਆਪਣੀ ਸਕੀ ਮਾਤਾ ਦਾ ਨੰਗੇਜ (ਅਸ਼ਲੀਲ ਚਲਿੱਤਰਾਂ ਵਿਚਦੀ) ਬੜੇ ਬੇਸ਼ਰਮਾਂ ਵਾਂਗ ਵੇਖਣ ਵਿਖਾਲਣ ਦੀ ਵਕਾਲਤ ਕਰ ਰਿਹਾ ਹੈ। ਇਹ ਕੁਝ ਉਹੀ ਗੁਰੂਸਿੱਖ ਕਰ ਰਿਹਾ ਹੈ ਜਿਹੜਾ ਕਦੇ ਸਮੁੱਚੀ ਭਾਰਤੀ ਨਾਰੀ ਦੀ ਪੱਤ ਦਾ ਰਾਖਾ ਮੰਨਿਆਂ ਜਾਂਦਾ ਸੀ ? " **ਛਈ ਰਨ ਗਈ ਬਸਰੇ ਨੂੰ ਮੋੜੀਂ- ਮੋੜੀਂ ਭਾਈ ਡਾਂਗ ਵਾਲਿਆ ਸਰਦਾਰਾ।** ਕੀ ਇਹ ਬਚਨ ਏਸੇ ਸਿੰਘ ਜੀ ਪ੍ਰਤੀ ਅਥਾਹ ਭਰੋਸੇ ਦੇ ਪ੍ਰਤੀਕ ਨਹੀਂ ਸਨ ਬਣੇ ਹੋਏ ਜੀ ? ਪਰਮ ਸਤਿਕਾਰਤ ਗਿਆਨੀ ਜੀਓ ! ਕਿੱਧਰ ਤੋਰ ਰਹੇ ਹੋ ਪੰਥ ਦੀ ਜਵਾਨੀ ਨੂੰ ?

ਭਾਈ ਗੁਰਦਾਸ ਜੀ ਦਾ ਇਹ ਫੁਰਮਾਨ-**ਜੇ ਮਾਂ ਹੋਵੇ ਯਾਰਨੀ ਪੁਤ ਨਾ ਪਤਾਰੇ**- ਪਰ, ਕੀ ਹੋ ਸਕਦਾ ਹੈ ਜਦ ਇਹ ਧੜਾ ਉਸ ਕਾਲ-ਰੂਪ ਸ਼ੰਭੂ ਨਾਥ ਨੂੰ ਆਪਣਾ ਪਿਤਾ ਮੰਨਦਾ ਹੈ ਜਿਹੜਾ ਕਈ ਤਰ੍ਹਾਂ ਦੇ ਨਸ਼ੇ ਕਰਦਾ ਫਿਲਮਾਂ ਵਿਚ ਦਰਸਾਇਆ ਜਾਂਦਾ ਹੈ ਅਤੇ ਕਈ ਕਿਸਮਾਂ ਦੀ ਸ਼ਰਾਬ ਘੜਿਆਂ ਦੀ ਮਿਣਤੀ ਨਾਲ ਪੀਣ ਵਾਲੀ **ਸ਼ਿਵਾ** ਨੂੰ ਆਪਣੀ ਮਾਤਾ ? ਨਸ਼ਈ ਮਾਂ ਪਿਉ ਦੇ ਬੇਟੇ, ਭਲਾ ਸੁੱਚ ਆਚਾਰ ਸਿਖਾ ਰਹੀ ਗੁਰਮਤਿ ਦੀ ਪਰਵਾਹ ਕਿਉਂ ਕਰਨ ?

**੧੭-** ਤੁਹਾਡੀ ਚਿੱਠੀ ਦੇ ਤੀਜੇ ਸਫ਼ੇ ਦੀ ੧੨ਵੀ ਸਤਰ ਤੋਂ- (ੳ) " ਬਿਪ੍ਰਨ ਕੀ ਰੀਤ ਤੋਂ ਸਚ ਦੇ ਮਾਰਗ ਤੱਕ " ਤੁਹਾਡੀ ਲਿਖੀ ਪੁਸਤਕ ਸੁਚੱਜੀ ਹੈ, (ਅ) ਪਰ " ਬਿਪ੍ਰਨ ਕੀ ਰੀਤ " ਦੀ ਰਟ ਲਾਈ ਰੱਖਣੀ ਵਧੀਆਂ ਗੱਲ ਨਹੀਂ। "

(ੳ) " ਬਿਪ੍ਰਨ ਕੀ ਰਤਿ ਤੋਂ ਸੱਚੁ ਦਾ ਮਾਰਗ " ਪੂਰੀ ਪੁਸਤਕ ਤਾਂ ਅਜੇ ਛਪੀ ਹੀ ਨਹੀ ਜੀ, ਤੁਸਾਂ, ਸਚ ਦੇ ਮਾਰਗ ਤੱਕ ਦਾ ਨਿਰਣਾ ਕਿਵੇਂ ਕਰ ਲਿਆ ?

(ਅ) ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਅਰੰਭ ਹੀ ਤ੍ਰੈਮੂਰਤੀ-ਰੂਪ (ਬ੍ਰਹਮਾ, ਬਿਸ਼ਨ ਮਹੇਸ਼) ਰੱਬ ਦਾ ਸਦਾ ਲਈ ਭੋਗ ਪਾ ਰਿਹੇ **੧** ਤੋਂ ਹੁੰਦਾ ਹੈ। ਫਿਰ ਜਪੁ ਸਾਹਿਬ ਦੀ ਪਹਿਲੀ ਪੰਕਤੀ " **ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ** ॥ ਬ੍ਰਾਹਮਣੀ ਮਾਇਆ ਜਾਲ ਤੋਂ ਖ਼ਲਾਸੀ ਪਾਉਣ ਦਾ ਉਪਦੇਸ਼। ਬਾਕੀਆਂ ਵਿਚੋਂ ਵੀ ਕੋਈ ਵਿਰਲੀ ਪਉੜੀ ਹੈ ਜੋ ਬ੍ਰਾਹਮਣੀ ਰੀਤ ਤੋਂ ਖ਼ਬਰਦਾਰ ਕਰਨ ਦੇ ਉਪਦੇਸ਼ ਤੋਂ ਬਿਨਾ ਹੋਵੇਗੀ। ਇਸ ਤੋਂ ਅਗਾਂਹ **ਅਜੇਹੀ** ਕੋਈ (ਅੱਡਰੇ ਸਿਰਲੇਖ ਵਾਲੀ ਸਮੁੱਚੀ) **ਬਾਣੀ** ਜਿਸ ਵਿਚ ਬ੍ਰਾਹਮਣੀ ਰੀਤ ਤੋਂ ਬਚਨ ਦੀ ਚਿਤਾਵਣੀ ਦਾ ਸੰਕੇਤ ਤੱਕ ਨਾ ਹੋਵੇ, ਤੁਸਾਂ ਲਿਖ ਭੇਜਣੀ, ਵੱਡਾ ਉਪਕਾਰ ਮੰਨਾਗਾ ਜੀ। ਬਾਲ

ਉਮਰਾ ਵਿਚ ਹੀ ਸਤਿਗੁਰਾਂ ਨੇ ਮਨੁੱਖ ਮਾਤ੍ਰ ਨੂੰ ਬ੍ਰਾਹਮਣੀ ਰੀਤ ਤੋਂ ਬਚੇ ਰਹਿਣ ਦਾ ਉਪਦੇਸ਼ ਦੇਣਾ ਅਰੰਭਿਆ ਅਤੇ ੧੭●੮ ਤਕ ਗੁਰਮਤਿ ਉਪਦੇਸ਼ ਵਿਚ ਬ੍ਰਾਹਮਣੀ ਰੀਤ ਤੋਂ ਬਚੇ ਰਹਿਣਾ ਦੀ ਤਾਕੀਦ ਨਿਰੰਤਰ ਹੁੰਦੀ ਰਹੀ। ਇਹ ਚਿਤਾਵਣੀ ਵੀ ਦਾਸ ਦੀ ਆਪਣੀ ਕਾਢ ਨਹੀਂ ਹੈ-" jb lg ^wlsw rhy inAwrw.... ...ien kI prqIq "[ igAwnI jI Asl ivc " ib`pRn kI rIq " dI AxhoNd dw nwm hI gurU nwnk swihb jI dI Asl " is`KI " hY[ iPr " ib~pRn kI rIq dI rt lweI r~KxI, dws leI " eyfI vDIAw g`l " quhwf iks kwrn nhIN l`gI jI ? kI qusIN cwhuMdy ho ik AsIN swry muV aunHW hI rIqW dy DwrnI bx jweIey ijnHW qoN siqgurW ny s^qI nwl vrijAW hY? iks g~l ivc quhwf isAwxp nzr Aw rhI hY jI ?

**੧੮-ਤੁਸੀਂ ਬੋਲਦੇ ਗਏ:--**(ੳ) ਗੁਰਬਾਣੀ ਤੋਂ ਸਮਦਰਸੀ ਵੀਚਾਰ ਪ੍ਰਾਪਤ ਕਰਨ ਵਾਲਾ ਜਿਗਿਆਸੂ ਆਲੋਚਨਾ ਵਿਚ ਨਹੀ ਪੈਂਦਾ **ਕਿਉਂਕਿ ਉਹ " ਘਟਿ ਘਟਿ ਮਹਿ ਹਰਿ ਜੂ ਬਸੇ " ਦਾ ਅਨਿਆਈ ਹੁੰਦਾ ਹੈ। ਜਿਹੜਾ ਪ੍ਰੇਮੀ ਸ੍ਰੀ ਗੁਰੂ ਅਮਰਦਾਸ ਜੀ ਦੇ ਪਾਵਨ ਬਚਨ-**

**ਸਪਤ ਦੀਪ ਸਪਤ ਸਾਗਰਾ, ਨਵਖੰਡ ਚਾਰਿ ਵੇਦ ਦਸ ਅਸਟ ਪੁਰਾਣਾ ॥**
**ਹਰਿ ਸਭਨਾ ਵਿਚਿ ਤੂੰ ਵਰਤਦਾ, ਹਰਿ ਸਭਨਾ ਭਾਣਾ ॥ (ਪੰਨਾ ੪੫) "**

ਉਚਾਰਦਾ ਹੈ ਤਾਂ ਉਸ ਦੀ ਸੁਰਤਿ " ਬਿਪ੍ਰਨ ਕੀ ਰੀਤ ਵਾਲੀ ਭੰਡੀ ਪਾਉਣ ਵਲ ਜਾਂਦੀ ਹੀ ਨਹੀ। ਇਹ ਦਸੋ ਕਿ ਦਸਮ ਗ੍ਰੰਥ ਨੇ ਕਿਹੜੀ ਬਿਪ੍ਰਨ ਕੀ ਰੀਤ ਪੰਥ ਵਿਚ ਵਾੜੀ ਹੈ ?

**(ੳ)** ਤੁਹਾਡੀ ਚਿੱਠੀ ਦੇ ਇਸ ਭਾਗ ਦਾ ਮੁੱਖ ਮੰਤਵ ਦਾਸ ਨੂੰ ਸਮਦਰਸੀ ਬਣਾਉਣ ਦਾ ਹੈ। ਪਰ ਤੁਹਾਡੀਆਂ ਵਰਤੀਆਂ ਉਪਰੋਕਿਤ ਦੋਹਾਂ ਹੀ ਪੰਗਤੀਆਂ ਤੋਂ ਦਾਸ ਨੂੰ ਸਿਰਜਣਹਾਰ ਦੀ ਸਰਬਵਿਆਪਕਤਾ ਦਾ ਗਿਆਨ ਤਾਂ ਮਿਲਦਾ ਹੈ ਪਰ ਉਚੇਚੇ ਤੌਰ ਤੇ ਸਮਾਨਤਾ ਦਾ ਗਿਆਨ ਨਹੀਂ ਮਿਲਦਾ, ਜਿਵੇਂ--(੧) **ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ ॥** (੨੭੨) (੨) **ਮਿਤ੍ਰ ਸਤ੍ਰੁ ਸਭ ਏਕ ਸਮਾਨੇ ਜੋਗ ਜੁਗਤਿ ਨੀਸਾਨੀ ॥੨॥** {੪੯੬} (੩) **ਬੁਰਾ ਭਲਾ ਕਹੁ ਕਿਸ ਨੋ ਕਹੀਐ ॥ ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ ॥** {੩੫੩} (੪) **ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਾਰੇ ॥੧॥ ਰਹਾਉ ॥** {੩੮੩} ਅਤੇ (੫-ਵਾਂ) **ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥** {੩੮੬} ਇਨ੍ਹਾਂ ਗੁਰੂ ਫ਼ੁਰਮਾਨਾ ਵਿਚ ਦਾਸ ਜਿਹੇ ਅਗਿਆਨੀਆਂ ਨੂੰ ਨਿਖੇੜ ਕੇ ਸਮਾਨਤਾ ਦਾ ਸਿਧਾਂਤ ਸਮਝਾਇਆ ਹੋਇਆ ਹੈ। ਕਿਸੇ ਗੁਰਮਤਿ ਉਦਾਹਰਣ ਦੁਆਰਾ ਤੁਸੀਂ ਵੀ ਗੁਰੂ ਬਾਣੀ ਦੀਆਂ ਉਪਰੋਕਿਤ ਪੰਕਤੀਆਂ ਦੇ ਗੁਝੇ ਸਮਾਨਤਾ-ਉਪਦੇਸ਼ ਨੂੰ ਸਰਲ ਕਰਕੇ ਲਿਖ ਦਿੱਤਾ ਹੁੰਦਾ ਤਾਂ ਉਪਕਾਰ ਹੁੰਦਾ। ਹੁਣ ਤੇ ਏਹੋ ਚਾਰਾ ਹੈ ਕਿ ਉਪਰੋਕਤ ਪੰਗਤੀਆਂ ਵਾਲੇ ਪੂਰੇ ਗੁਰੂ ਸ਼ਬਦ-ਰੂਪ ਦੀ ਵਿਚਾਰ ਸਟੀਕਾਂ ਤੋਂ ਕਰ ਵੇਖਦਾ ਹਾਂ । ਏਥੇ ਵੀ ਪੰਨਾ ਗ਼ਲਤ ਹੋਣ ਦੇ ਕਾਰਨ ਪੂਰੀ ਪਉੜੀ ਲੱਭਣ ਵਿਚ ਔਕੜ ਆਈ:--

**ਸਪਤ ਦੀਪ ਸਪਤ ਸਾਗਰਾ ਨਵ ਖੰਡ ਚਾਰਿ ਵੇਦ ਦਸ ਅਸਟ ਪੁਰਾਣਾ ॥**
**ਹਰਿ ਸਭਨਾ ਵਿਚਿ ਤੂੰ ਵਰਤਦਾ ਹਰਿ ਸਭਨਾ ਭਾਣਾ ॥**
**ਸਭਿ ਤੁਝੈ ਧਿਆਵਹਿ ਜੀਅ ਜੰਤ ਹਰਿ ਸਾਰਗ ਪਾਣਾ ॥**
**ਜੋ ਗੁਰਮੁਖਿ ਹਰਿ ਆਰਾਧਦੇ ਤਿਨ ਹਉ ਕੁਰਬਾਣਾ ॥**
**ਤੂੰ ਆਪੇ ਆਪਿ ਵਰਤਦਾ ਕਰਿ ਚੋਜ ਵਿਡਾਣਾ ॥ ੪॥** {ਪੰਨਾ ੮੫}

**ਅਰਥ:**-ਸਤ ਦੀਪ, ਸਤ ਸਾਗਰ, ਨੌ ਖੰਡ (ਭਾਵ, ਸਾਰੀ ਕੁਦਰਤ ਵਿਚ, ਫੇਰ) ਚਾਰ ਵੇਦ, ਅਠਾਰਾਂ ਪੁਰਾਣ, (ਭਾਵ ਧਰਮ ਦੇ ਸਾਰੇ ਸਾਹਿਤ ਵਿਚ, ਫੇਰ) ਹੇ ਹਰੀ ! ਤੂੰ (ਇਨ੍ਹਾਂ) ਸਭਨਾਂ ਵਿਚ ਵਰਤ ਰਿਹਾ ਹੈ ਤੇ ਹੇ ਹਰੀ ! ਤੂੰ ਸਭਨਾਂ ਨੂੰ ਭਾ ਰਿਹਾ ਹੈਂ। ਹੇ ਹਰੀ ਹੋਰ ਸਾਰੇ ਜੀਵ ਤੈਨੂੰ ਧਿਆ ਰਹੇ ਹਨ, ਹੇ ਸਾਰੰਗਪਾਨ ਜੀਉ ! ਜੋ (ਤੈਨੂੰ ) ਹੇ ਹਰੀ ! ਗੁਰੂ ਦੁਆਰਾ ਅਰਾਧ ਰਹੇ ਹਨ ਮੈਂ ਉਨ੍ਹਾਂ ਤੋਂ ਸਦਕੇ ਜਾਂਦਾ ਹਾਂ। (ਮੈਂ ਤੇਥੋਂ ਸਦਕੇ ਹਾਂ ਤੂੰ ਜੋ) ਅਚਰਜ ਕਉਤਕ ਕਰਦਾ ਹੋਇਆ ਸਾਰੇ ਵਰਤ ਰਿਹਾ ਹੈ ॥ ੪ ॥ { " ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ " ਕਿਰਤ ਭਾਈ ਵੀਰ ਸਿੰਘ ਜੀ .ਦੂਜੀ ਸੂੰਚੀ ਸਢਾ ੭੧੯}

ਸੱਤ ਦੀਪ, ਸੱਤ ਸਮੁੰਦਰ, ਨੌ ਖੰਡ, ਚਾਰ ਵੇਦ, ਅਠਾਰਾਂ ਪੁਰਾਣ, ਇਹਨਾਂ ਸਭਨਾਂ ਵਿਚ ਤੂੰ ਹੀ ਵੱਸ ਰਿਹਾ ਹੈ, ਤੇ ਸਭ ਨੂੰ ਪਿਆਰਾ ਲਗਦਾ ਹੈ। ਹੇ ਧਨੁਖ-ਧਾਰੀ ਪ੍ਰਭੂ ! ਸਾਰੇ ਜੀਆ ਜੰਤ ਤੇਰਾ ਹੀ ਸਿਮਰਨ ਕਰਦੇ ਹਨ। ਮੈਂ ਸਦਕੇ ਹਾਂ ਉਹਨਾਂ ਗੁਰਮੁਖਾਂ ਤੋਂ, ਜੋ ਗੁਰੂ ਦੇ ਸਨਮੁਖ ਹੋ ਕੇ ਤੈਨੂੰ ਜਪਦੇ ਹਨ (ਭਾਵੇਂ) ਤੂੰ ਅਸਚਰਜ ਲੀਲ੍ਹਾ ਰਚ ਕੇ ਆਪਿ ਹੀ ਸਭਨਾਂ ਵਿਚ ਵਿਆਪਕ ਹੈ।੪। (" ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ "-ਪਲਿੀ ਪੋਥੀ ਸਫ਼ਾ ਪ੪● ਸਾਹਿਬ ਸਿੰਘ ਜੀ}

ਸਰਬਗਤਾ ਦਾ ਅਥਵਾ ਸਰਬ-ਵਿਅਪਕਤਾ ਦਾ ਗਿਆਨ ਤਾਂ ਮਿਲਦਾ ਹੈ ਪਰ ਉਪਰੋਕਿਤ ਦੋ ਵਿਦਵਾਨਾ ਦੇ ਲਿਖੇ ਅਰਥਾਂ ਤੋ ਸਮਾਨਤਾ ਦਾ ਉਪਦੇਸ਼ ਨਜ਼ਰ ਨਹੀਂ ਆਇਆ। ਜੇ ਆਪ ਜੀ ਦਾ ਵਿਚਾਰ ਵੇਦ ਪੁਰਾਣ ਆਦਿ ਸਾਰੇ ਗ੍ਰੰਥਾਂ ਨੂੰ ਇਕ ਨਜ਼ਰ ਨਾਲ ਵਿਚਾਰਨ ਦਾ ਉਪਦੇਸ਼ ਹੈ ਤਾਂ ਫਿਰ:--

੧- ਤ੍ਰੈ ਗੁਣ ਬਾਣੀ ਬੇਦ ਬੀਚਾਰੁ ॥ ਬਿਖਿਆ ਮੈਲੁ ਬਿਖਿਆ ਵਾਪਾਰੁ ॥ ਮਰਿ ਜਨਮਹਿ ਫਿਰਿ ਹੋਹਿ ਖੁਆਰੁ ॥ ਗੁਰਮੁਖਿ ਤੁਰੀਆ ਗੁਣੁ ਉਰਿ ਧਾਰੁ ॥੪॥ ਗੁਰੁ ਮਾਨੈ ਮਾਨੈ ਸਭੁ ਕੋਇ ॥ ਗੁਰ ਬਚਨੀ ਮਨੁ ਸੀਤਲੁ ਹੋਇ ॥ ਚਹੁ ਜੁਗਿ ਸੋਭਾ ਨਿਰਮਲ ਜਨੁ ਸੋਇ ॥ ਨਾਨਕ ਗੁਰਮੁਖਿ ਵਿਰਲਾ ਕੋਇ ॥੫॥੪॥੧੩॥੯॥੧੩॥੨੨॥ {੧੨੬੨}

੨- ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥ ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ ॥ ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ ॥ ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ ॥ ਸਤਿਗੁਰਿ ਸੇਵਿਐ ਸੁਖੁ ਪਾਇਆ ਸਚੈ ਸਬਦਿ ਵੀਚਾਰਿ ॥ ਅੰਦਰਹੁ ਤ੍ਰਿਸਨਾ ਭੁਖ ਗਈ ਸਚੈ ਨਾਇ ਪਿਆਰਿ ॥ ਨਾਨਕ ਨਾਮਿ ਰਤੇ ਸਹਜੇ ਰਜੇ ਜਿਨਾ ਹਰਿ ਰਖਿਆ ਉਰਿ ਧਾਰਿ ॥੧॥ {੬੪੭}-ਵਾ-੧੩-

੩- ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ ॥ ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ ॥੧੩੭॥{੧੩੭੧

੪- ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥ ਸਾਂਕਲ ਜੇਵਰੀ ਲੈ ਹੈ ਆਈ ॥੧॥ ।੩੨੯॥--੩-੩●

੫- ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ ॥
ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥੧●੪॥ {੧੩੬੯}

ਹਿੰਦੂਆਂ ਦੀਆਂ ਧਰਮ ਪੁਸਤਕਾਂ ਨੂੰ ਮਨੁੱਖਤਾ ਲਈ ਪੂਰੀ ਤਰ੍ਹਾਂ ਲਾਹੇਵੰਦ ਤਾਂ ਕੀ ਮੰਨਣਾ ਸੀ ਸਗੋਂ ਉਨ੍ਹਾਂ ਵਿਚਲੇ ਅਉਗੁਣਾ ਤੋਂ ਸਤਿਗੁਰਾਂ ਨੇ ਸਾਨੂੰ ਸੁਚੇਤ ਕੀਤਾ ਹੈ॥ ਹੇ ਮਹਾਨ ਨਿਰਣੈਕਾਰ ਜੀਓ ! ਉਪ੍ਰੋਕਤ ਸ਼ਬਦ ਮਾਲਾ ਤੋਂ ਸਤਿਗੁਰੂ ਬਾਰੇ ਆਪ ਜੀ ਦਾ ਨਿਰਣਾ ਕੀ ਉਹੀ ਹੈ ਜੋ ਦਾਸ ਨੂੰ ਸਮਝਾ ਰਹੇ ਸੀ ? ਕੀ, ਹੁਣ ਕਿਤੇ ਸਤਿਗੁਰਾਂ ਦੇ ਇਸ ਪਾਵਨ ਫ਼ੁਰਮਾਨ ਦੇ ਸਾਹਮਣੇ ਡੰਡੌਤਾਂ ਕਰਨ ਦੀ ਲੋੜ ਤਾਂ ਨਹੀਂ ਪੈ ਰਹੀ ਜੀ ? **ਮੂਰਖੁ ਹੋਇ ਨ ਆਖੀ ਸੂਝੈ ॥ ਜਿਹਵਾ ਰਸੁ ਨਹੀ ਕਹਿਆ ਬੂਝੈ ॥ ਬਿਖੁ ਕਾ ਮਾਤਾ ਜਗ ਸਿਉ ਲੂਝੈ ॥੬॥{੪੧}**

ਤੁਸਾਂ ਪਉੜੀ ਦੀਆਂ ਕੇਵਲ ਤਿੰਨ ਹੀ ਤੁਕਾਂ ਵਰਤੀਆਂ ਸਨ। ਉਸ ਅਨਸਾਰ ਏਧਰੋਂ ਵੀ ਇੱਕ ਹੀ ਗੁਰੂ ਫ਼ੁਰਮਾਨ ਠੀਕ ਸੀ। ਸਬੱਬ ਨਾਲ ਤੁਸੀ ਕਿੰਤੂ ਕਰਨਾ ਤਾਂ ਉਂਜ ਹੀ ਬੁਰਾ ਮੰਨਦੇ ਹੋ ? ਸੋ ਤੁਹਾਡੇ ਵਲੋਂ ਵਾਧੂ ਝੰਜਟ ਪੈਣ ਦਾ ਕੋਈ ਡਰ ਹੀ ਨਹੀਂ ਸੀ। ਫਿਰ ਵੀ ਕਿਉਂਕਿ ਗੁਰੂ ਬਾਣੀ ਦੇ ਹਰ ਸਿਧਾਂਤ ਨੂੰ ਸਪੱਸ਼ਟ ਕਰਨ ਲਈ ਦਾਸ ਨੇ ਕਿਉਕਿ **ਘੱਟੋ ਘੱਟ ਪੰਜ** ਗੁਰੂ ਫ਼ੁਰਮਾਨ ਲਿਖਣ ਦਾ ਟੀਚਾ ਮਿਥਿਆ ਹੋਇਆ ਹੈ। ਸੋ ਉਸ ਅਨਸਾਰ ਪੰਜ ਗੁਰੂ ਫ਼ੁਰਮਾਨ ਲਿਖੇ ਹਨ। ਪੂਰੇ ਦਸਮ ਗ੍ਰੰਥ ਦੇ ਦਰਸ਼ਨ ਕਰਾਉਂਣ ਵਾਲੇ ਜਾਂ ਚੁਣ ਚੁਣ ਕੇ ਬਾਣੀ ਲਿਖਣ ਵਾਲੇ ਤੁਹਾਡੇ ਲਈ ਸਭ ਸਮਾਨ ਹੀ ਹੋਣੇ ਚਾਹੀਦੇ ਸਨ। ਪਰ ਵਾਪਰ ਇਸ ਤੋਂ ਉਲਟ ਰਿਹਾ ਹੈ। ਸਪੱਸ਼ਟ ਹੈ ਕਿ ਤੁਸੀਂ ਸਾਰੀ ਗੁਰੂ ਬਾਣੀ ਦਾ ਨਿਰਣਾ ਲਿਖਣ ਤੇ ਵੀ ਸਮਦਰਸੀ ਨਹੀਂ ਹੋ ਸਕੇ। **ਅਵਰ ਉਪਦੇਸੈ ਆਪਿ ਨ ਬੂਝੈ ॥ ਐਸਾ ਬ੍ਰਾਹਮਣੁ ਕਹੀ ਨ ਸੀਝੈ ॥੩॥**

**ਅ)** ਤੁਹਾਡੇ ਬਚਨ ਦਾ ਇਕ ਭਾਗ ਇਹ:-" ਜਿਗਿਆਸੂ ਆਲੋਚਨਾ ਵਿਚ ਨਹੀ ਪੈਂਦਾ" ਪਿਆਰੇ ਵੀਰਨ ਗਿਆਨੀ ਹਰਬੰਸ ਸਿੰਘ ਜੀਓ ! ਕੀ, ਨਿਰਣਾ, ਆਲੋਚਨਾ ਤੋਂ ਬਿਨਾ ਹੀ ਜਨਮ ਲੈ ਲੈਂਦਾ ਹੈ ? ਕੀ, ਤੁਸੀਂ ਗੁਰਮੁਖਿ ਵਿਦਵਾਨ ਪ੍ਰਿੰ: ਸਾਹਿਬ ਸਾਹਿਬ ਜੀ ਵਰਗਿਆਂ ਸਰਬ ਸਤਿਕਾਰਤ ਵਿਦਵਾਨਾ ਦੇ ਟੀਕੇ ਤੇ ਕਿੰਤੂ ਨਹੀਂ ਲਿਖਿਆ ? ਆਪਣੀ ਛੱਡੋ, ਕੀ ਸਤਿਗੁਰੂ ਨਾਨਕ ਸਾਹਿਬ ਜੀ ਨੇ, (ਪੂਰਾ ਸਾਕਾ ਲਿਖਣ ਦੀ ਲੋੜ ਨਹੀਂ ਪਰ ਤੁਸੀਂ ਹੀ ਦੱਸੋ ਕਿ) ਜਨੇਊ ਪਾਉਣ ਸਮੇ**ਕੀ, ਸਤਗੁਰੂ ਜੀ ਨੇ " ਕਿੰਤੂ ਅਥਵਾ ਆਲੋਚਨਾ "** ਕੀਤੀ ਸੀ ਕਿ, ਜਾਂ ਸਤਿਬਚਨ ਆਖ ਕੇ ਬ੍ਰਹਮਣੀ ਜਨੇਓ-ਰੂਪ ਮਾਇਆ ਜਾਲ ਗਲ ਵਿਚ ਪਾ ਕੇ ਬੀਬੇ ਰਾਣੇ ਜਗਿਆਸੂ ਬਣ ਗਏ ਸਨ ? ਫਿਰ ਜੋਗੀਆਂ ਦੇ ਮੱਠ, ਸਾਧਾਂ ਦੇ ਡੇਰੇ, ਸਿਧ-ਮਤੇ, ਪੀਰਾਂ ਦੇ ਜਿਰਗੇ, ਕਿਹੜਾ ਥਾਂ ਸੀ, ਜਿਥੇ ਸਤਿਗੁਰੂ ਜੀ ਨਾਲ " ਕਿੰਤੂ ਪ੍ਰੰਤੂ" ਨੇ ਸਿੰਗ ਨਹੀਂ ਸਨ ਆ ਫ਼ਸਾਏ ? ਕਾਬੇ ਜਾ ਕੇ ਰੱਬ ਦੇ ਕਥਿਤ ਘਰ ਕਾਬੇ ਵਲ ਪੈਰ ਪਸਾਰ ਲੇਟਣ ਵਰਗਾ **ਕਿੰਤੂ** ਤਾਂ ਕਦੇ ਕੋਈ ਕਰ ਹੀ ਨਹੀਂ ਸੀ ਸਕਿਆ। ਭਾਵੇਂ ਗੁਰਮਤਿ ਮਰਯਾਦਾ ਦੀ ਰਾਖੀ ਵਿਚ ਪ੍ਰਪੱਕਤਾ ਲਿਆਉਣ ਵਾਸਤੇ ਸਤਿਗੁਰਾਂ ਦਾ ਕੌਤਕ ਹੀ ਸੀ, ਪਰ ਦਾਦੂ ਜੀ ਦੇ ਕਬਰ ਤੇ ਤਾਂ ਸਿੱਖਾਂ ਦਾ ਕਿੰਤੂ ਦਸ਼ਮੇਸ਼ ਜੀ ਤਕ ਜਾ ਪ੍ਰਗਟ ਹੋਇਆ ਸੀ। ਨਾਲ ਹੀ ਆਪਣੇ ਲਿਖੇ ਬਚਨ ਹੁਣ ਫਿਰ ਪੜ੍ਹ ਲਵੋ-ਗੁਰਬਾਣੀ ਤੋਂ ਸਮਦਰਸੀ ਵੀਚਾਰ ਪ੍ਰਾਪਤ ਕਰਨ ਵਾਲਾ ਜਿਗਿਆਸੂ ਆਲੋਚਨਾ ਵਿਚ ਨਹੀ ਪੈਂਦਾ **ਕਿਉਂਕਿ ਉਹ " ਘਟਿ ਘਟਿ ਮਹਿ ਹਰਿ ਜੂ ਬਸੇ " ਦਾ ਅਨਿਆਈ ਹੁੰਦਾ ਹੈ।** " ਹੁਣ ਇਹ ਨਿਰਣਾ ਕਰੋ ਕਿ ਜਿਸ ਵੀ ਲਿਖਾਰੀ ਨੇ, ਇਸਤ੍ਰੀਆਂ ਦੇ ਝੂਠ-ਚਰਿਤ੍ਰ ਲਿਖ ਕੇ ਸਮੁੱਚੀ ਇਸਤ੍ਰੀ ਜ਼ਾਤੀ ਨੂੰ ਬਦਨਾਮੀ ਦਾ ਟਿੱਕਾ ਲਾਉਣ ਵਾਲਾ ਦੁਸ਼ਕਰਮ ਕੀਤਾ ਹੈ, ਕੀ ਉਸ ਨੂੰ ਇਹ ਤਸੱਲੀ ਹੋ ਚੁੱਕੀ ਸੀ ਕਿ ਉਨ੍ਹਾਂ ਇਸਤਰੀਆਂ ਦੇ ਹਿਰਦਿਆਂ ਤੱਕ ਉਸ " ਹਰਿ ਜੂ " ਦੀ ਪਹੁੰਚ ਨਹੀਂ ਸੀ ਹੋ ਸਕੀ ਜਿਨ੍ਹਾਂ ਦੀ ਲਿਖਾਰੀ ਜੀ ਨੇ...... ? **ਜਾਂ ਤੁਹਾਡਾ ਲਿਖਾਰੀ ਗੁਰਬਾਣੀ ਦੇ ਇਨ੍ਹਾਂ ਬਚਨਾ--ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥ ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ**

**ਪਾਰਿ ॥੧੨॥** {੧੪੨੭} ਤੋਂ ਜਾਣੂ ਹੀ ਨਹੀਂ ਸੀ ? ਕਿ, ਜਾਂ ਇਸਤ੍ਰੀਆਂ ਵਿਚ ਤੁਹਾਡੇ ਵਾਲਾ " ਕਾਲ ਹਰਿ ਜੂ " ਹੁੰਦਾ ਹੀ ਨਹੀਂ ਜੀ ? ਖਿਮਾ ਕਰਨਾ, ਉਂਜ ਲਿਖਣ ਵਿਚ ਤਾਂ ਬੇਸ਼ੁਮਾਰ ਗ਼ਲਤੀਆਂ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਤੁਹਾਡੇ ਜਿਹਾ ਨਿਰਣੈ ਕਾਰ ਗੁਰਬਾਣੀ ਲਿਖਣ ਵਿਚ ਬਾਰ ਬਾਰ ਗ਼ਲਤੀ ਕਿਉਂ ਕਰੇ ਜੀ ? ਕਦਹੁ ਦੇ ਥਾ ਕਦੋ, ਫਿਰ ਪੂਤ ਦੇ ਕੂਤ ਅਤੇ ਹੁਣ ਮੇ ਦੇ ਥਾਂ ਮਹਿ ? ਕੱਚੀ ਤੇ ਬ੍ਰਾਹਮਣੀ ਬੋਲੀ ਗੁਰਸਿੱਖ ਵਿਦਵਾਨ ਲਈ ਕੀ ਸਭ ਠੀਕ ਹੀ ਠੀਕ ਹੈ ਜੀ ?

**੧੯**---(ੳ) ਤੀਜੇ ਸਫੇ ਤੇ ਹੀ ਆਪ ਜੀ ਦੇ ਇਹ ਬਚਨ- ੧ੴ ਸਤਿਗੁਰ ਪ੍ਰਸਾਦਿ " ਦੀ ਥਾਂ ੧ੴ ਵਾਹਿਗੁਰੂ ਜੀ ਕੀ ਫਤਹਿ " ਕਿਸ ਨੇ ਕਿਸ ਅਧਿਕਾਰ ਅਧੀਨ ਲਿਖੀ ਗਈ, ਵਰਗਾ **ਤਰਕਵਾਦੀ** ਪ੍ਰਸ਼ਨ ਕੋਈ ਸਿੱਖ ਪਸੰਦ ਨਹੀਂ ਕਰਦਾ "।

ਇਸ ਲਿਖਣ ਢੰਗ ਵਿਰੁੱਧ ਪ੍ਰਥਮ ਜ਼ੋਰਦਾਰ ਰੋਸ-ਸਤਿਗੁਰਾਂ ਪ੍ਰਤੀ ਦਾਸ ਵਲੋਂ ਵਰਤੇ ਕਿਸੇ ਵੀ ਸ਼ਬਦ ਨੂੰ " ਤਰਕਵਾਦੀ " ਕਹਿਣਾ " ਸੋਕੇ ਵਿਚ ਅੰਨ੍ਹੇ ਹੋਏ " ਮੰਦਭਾਗੇ ਮਨੁੱਖ ਵਾਲੀ ਗੱਲ ਹੈ । ਇਹ ਯਕੀਨ ਕਰ ਲੈਣਾ ਅਸੰਭਵ ਬਣਿਆ ਹੋਇਆ ਹੈ, ਕਿ- " **ਜੋਤਿ ਓਹਾ ਜੁਗਤਿ ਸਾਇ** " ਫ਼ੁਰਮਾਨ ਤੋਂ ਸੁਚੇਤ, ਸਰਬ ਕਲਾ ਸਮਰੱਥ ਅਤੇ ਅਭੁੱਲ ਦਸਮ ਸਤਿਗੁਰੂ ਨਾਨਕ ਸਾਹਿਬ. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੂਲ ਮੰਤਰ ਦੀ ਸੂਰਤ-ਮੂਰਤ ਬਦਲੀ ਹੋਵੇ ਅਤੇ ਉਸ ਨੂੰ ਸਦੀਵੀ ਗੁਰਿਆਈ ਦੀ ਮਾਲਕ ਬਣਨ ਵਾਲੀ ਗੁਰੂਬਾਣੀ ਦਾ ਹਿੱਸਾ ਨਾ ਬਣਾਇਆ ? ਸੋ ਦਾਸ ਦਾ ਇਹ ਕਹਿਣਾ ਕਿ, " ਇਹ ਅਨਰਥ ਕਿਸ ਨੇ ਕੀਤਾ "-ਸੁਹਿਰਦ ਗੁਰਸਿੱਖ ਦੇ ਹਿਰਦੇ ਦੀ ਪੁਕਾਰ ਹੈ। ਦਰਦਾਂ ਭਰੀ ਅਜੇਹੀ ਪੁਕਾਰ, ਕਿਸੇ ਹੰਕਾਰੀ ਅਤੇ ਹਰ ਥਾਂ ਨੂੰ " ਸੋਕੇ ਮਾਰਿਆ " ਹੀ ਸਮਝਣ ਵਾਲੇ ਨੂੰ ਤਾਂ ਬੇਸ਼ਕ " ਤਰਕਮਈ " ਹੋ ਦਿੱਸਦੇ, ਪਰ ਤੁਹਾਡੇ ਵਰਗੇ " ਨਿਰਣੈਕਾਰ ਗਿਆਨੀ ਮਹਾਂ ਪੁਰਖ ਵੀ ਜਦ, ਅੰਤਰੀਵ ਆਤਮੇ ਤੋਂ ਨਿਕਲੀ ਲੁੱਛਣੀ ਭਰੀ ਇਸ ਪੁੱਛ ਲਈ " ਤਰਕਵਾਦੀ" ਸ਼ਬਦ ਵਰਤੇ ਤਾਂ, ਮਨਸੂਰ ਨੂੰ ਫੁੱਲ ਵੱਜਣ ਜੇਹੀ ਪੀੜ ਹੋਣੀ ਹੀ ਸੀ---।

" ਮੁਸਲਮਾਨ " ਦੇ ਥਾਂ " ਬੇਈਮਾਨ " ਕਹਿਣ ਵਾਲੇ ਸਾਹਿਬਜ਼ਾਦਾ " ਰਾਮ ਰਾਏ ਜੀ " ਨੂੰ ਦੁਰਕਾਰਿਆ ਜਾਣ ਵਾਲਾ ਸਾਕਾ, ਆਪਣੇ ਹੀ ਪਰਵਾਰ ਵਿਚ ਵਰਤਿਆ ਹੋਣ ਦੇ, ਉਪਰੰਤ ਦਸ਼ਮੇਸ਼ ਜੀ ਉਹੀ ਭੁੱਲ ਦੋਬਾਰਾ ਵਾਪਰਦੀ ਝੱਲ ਲੈਣ ? ਅਜੇਹੀ ਨੀਵੀਂ ਵਿਚਾਰ ਮਨ ਵਿਚ ਕਦੇ ਨਹੀਂ ਆਉਣ ਦੇਣੀ ਚਾਹੀਦੀ। ਦਾਸ ਲਈ ਨਸੀਹਤ-ਨਾਮਾ ਲਿਖਦੇ ਹੋਏ ਵੀ ਤੁਸੀ, ਗੁਰਮਤਿ ਦਲੀਲਾਂ ਨਾਲ ਸ਼ੰਕੇ ਦੂਰ ਕਰਨ ਦੇ ਥਾਂ (ਅਗਿਆਨੀ ਸਿੱਖਾਂ ਦੇ ਮਨ ਵਿਚ) ਭੜਕਾਹਟ ਪੈਦਾ ਕਰਨ ਵਾਲਾ " ਭੰਡੀ ਪਰਚਾਰ" ਆਪ ਹੀ ਕਰੀ ਜਾ ਰਹੇ ਹੋ ਜੀ ? ਗਿਆਨੀ ਜੀਓ! ਜਿਹੜੇ ਸਿੱਖ ੧੯੭੬ ਤੋਂ ਅਜੇਹੀ ਪੁਸਤਕ ਦੇ ਵਿਰੁੱਧ ਨਹੀਂ ਬੋਲ ਸਕੇ, ਜਿਸ ਵਿਚ ਇਹ ਲਿਖਿਆ ਹੈ (੧) " ਜਿਹੜਾ ਸਿੱਖ ਸ੍ਰੀ ਕਿਰਸ਼ਨ ਜੀ ਨੂੰ ਵਾਹਿਗੁਰੂ ਨਹੀਂ ਮੰਨਦਾ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੱਖ ਨਹੀਂ ਹੈ "(੨) ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਪੰਚਮ ਪਾਤਸ਼ਾਹ ਜੀ ਦੀ ਬਿੰਦੀ ਔਲਾਦ ਹੋਣ ਦੇ ਥਾਂ, ਮੰਤਰ ਦੇ ਜ਼ੋਰ ਨਾਲ ਵਿਸ਼ਨੂੰ ਜੀ ਪ੍ਰਗਟ ਹੋਏ, (੩) ਬਾਲ ਉਮਰਾ ਤੋਂ ਜਨੇਊਧਾਰੀ ਬਣ ਚੁੱਕੇ-- (੪) ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨਹੀਂ ਸਗੋਂ ਕੈਦ ਦੇ ਦੁਖਾਂ ਤੋ ਛੁਟਕਾਰਾ ਪਾਉਣ ਲਈ ਆਤਮ ਹਤਿਆ ਕੀਤੀ ਲਿਖੀ ਹੈ. (੫) ਆਪਣੇ ਪਿਤਾ ਦੇ ਮਹਲਿ ਵਿਚ ਬੈਠੀ (ਬੀਬੀ) ਕੋਲਾਂ (ਜੀ) ਦਾ ਹੁਸਨ ਵੇਖ ਕੇ ਗੁਰੂ ਸਾਹਿਬ ਚੁੱਕ ਲਿਆਏ ਅਦਿ। ਅਥਵਾ ਹੋਰ ਬੇਅੰਤ ਕੁਝ ਸਿੱਖੀ ਨੂੰ ਢਾ ਲਾਈ ਜਾਣ ਵਾਲੀਆਂ ਗੱਲਾਂ ਲਿਖੀਆਂ ਹਨ। ਜਿਹੜਾ ਸਿੱਖ ਇਕ ਸੁਹਿਰਦ ਪੰਥ ਦਰਦੀ ਦੇ ਸ਼ੰਕੇ ਨੂੰ ਦੂਰ ਕਰਨ ਦੇ ਥਾਂ ਆਪ ਹੀ ਕ੍ਰੋਧੀ ਹੋਇਆ ਭੜਕਾਹਟ ਵਿਚ ਆਉਂਦਾ ਹੈ, ਉਸ ਬਾਰੇ ਤੁਹਾਡਾ ਕੀ ਨਿਰਣਾ ਹੈ ਜੀ ? " **ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥ ਰਤਨੁ ਗਿਆਨੁ ਸਭ ਕੋ ਹਰਿ ਲੀਨਾ ਤਾ ਸਿਉ ਕਛੁ ਨ ਬਸਾਈ ॥੧॥**

**(ਅ)----**ਦਾਸ ਨੇ ਇਹ ਕਦੋਂ ਕਿਹਾ ਹੈ ਕਿ. ਭਾਈ ਦਇਆ ਸਿੰਘ ਜੀ ਨੇ ਮੁਗ਼ਲ ਸਮਰਾਟ ਦੇ ਦਰਬਾਰ ਵਿਚ ਗੱਜ ਤੇ ਫ਼ਤਹਿ ਗੁਜਾਉਣ ਤੋਂ ਝਿਜਕ ਮੰਨੀ ਸੀ? ਸ਼ਾਇਦ ਤੁਸੀ ਏਥੇ ਫੇਰ ਚਕਰੀ ਖਾ ਗਏ ਲੱਗਦੇ ਹੋ-ਗਲ ਫ਼ਤਹਿ ਬੁਲਾਉਣ ਦੀ ਨਹੀਂ ਗਲ ਤਾਂ ਮੂਲ ਮੰਤ੍ਰ ਦੀ ਖੰਡਣਾ ਦੀ ਹੈ।

**(ੲ)** ਨਿੰਦਿਆ ਅਤੇ ਭੰਡੀ ਪਰਚਾਰ ਇਕੋ ਗੱਲ ਹੈ- ਚੰਗੇ ਭਲੇ ਸੁਹਿਰਦ ਮਨੁੱਖ ਨੂੰ ਬਦਨਾਮ ਕਰਨਾ ਹੀ ਨਿੰਦਿਆ, ਜਾਂ ਭੰਡੀ ਪਰਚਾਰ ਹੈ। ਕੀ, ਤੁਸੀਂ ਦਾਸ ਦਾ ਇਹ ਲਿਖਿਆ ਕਿਸੇ ਥਾਉਂ ਵਿਖਾ ਸਕਦੇ ਹੋ-" ਮੈ ਗੁਰੂ ਗ੍ਰੰਥ ਜੀ ਦੀ ਬਾਣੀ ਤੋਂ ਬਿਨਾ ਹੋਰ ਕਿਸੇ ਰਚਨਾ ਨੂੰ ਸਵੀਕਾਰ ਨਹੀਂ ਕਰਦਾ ? ਦਾਸ ਤਾਂ ਬਾਰ ਬਾਰ ਇਹ ਦੁਹਾਈ ਦੇ ਰਿਹਾ ਹੈ ਕਿ, ਜਿਹੜੀ, ਲਿਖਤ ਸਤਿਗੁਰੂ ਜੀ ਦੀ ਬਾਣੀ ਦੇ ਅਨਕੂਲ ਨਹੀਂ ਹੈ, ਅਤੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਕਿਸੇ ਵੀ ਸਿਧਾਂਤ ਦੀ ਖੰਡਣਾ ਕਰਦੀ ਹੈ, ਉਹ ਲਿਖਤ ਦਾਸ ਲਈ ਰੱਦੀ ਦਾ ਢੇਰ ਹੈ। ਗੁਰਬਾਣੀ ਤੋਂ ਬਾਹਰ ਦੇ ਇਹ ਬਚਨ--" **ਜਬ ਲਗ ਖਾਲਸਾ ਰਹੇ ਨਿਆਰਾ । ਤਬ ਲਗ ਤੇਜ ਦੀਆ ਮੈ' ਸਾਰਾ । ਜਬ ਇਹ ਗਹੇ ਬਿਪ੍ਰਨ ਕੀ ਰੀਤ । ਮੈਂ ਨਾ ਕਰੂੰ ਇਨਕੀ ਪਰਤੀਤ ।**" ਸਿੱਖੀ ਦੀ ਨੁਹਾਰ ਕਾਇਮ ਰੱਖਣ ਲਈ ਹੋਰ ਸਾਰੀਆਂ ਲਿਖਤਾ ਨਾਲੋਂ, ਦਾਸ ਨੂੰ ਵੱਧ, ਗੁਣਕਾਰੀ ਦਿੱਸ ਆਏ ਹਨ। ਜਦ (ਪੈਰਾ ਨੰਬਰ ੪ ਤੇ ਵਿਚਾਰੀ ਗਲ)

ਪਹਿਲਾਂ ਹੀ ਲਿਖ ਚੁੱਕੇ ਸੀ ਤਾਂ, ਮੁੜ ਮੁੜ ਉਹੀ ਨਿੰਦਤ ਭਾਸ਼ਾ ਲਿਖਣ ਵਚਿ ਤੁਸੀਂ ਕੀ ਰਸ ਮਾਣ ਰਹੇ ਹੋ ? ਸਪੱਸ਼ਟ ਹੋ ਰਿਹਾ ਹੈ ਕਿ, ਆਪ ਜੀ ਭੰਡੀ ਪਰਚਾਰ ਕਰਨ ਸਮੇਂ ਗੁਰਬਾਣੀ ਦੀ ਕਿਸੇ ਵੀ ਸਿਖਿਆ ਦਾ ਧਿਆਨ ਰੱਖਣਾ ਆਪਣੇ ਲਈ ਝੰਜਟ ਮੰਨਦੇ ਹੋ। ਤੁਹਾਡਾ ਇਹ **ਧੱਕਾ-ਉਪਕਾਰ** ਦਾਸ ਨੂੰ ਤਾਂ ਸਗੋਂ ਪ੍ਰਭੂ ਚਰਨਾ ਵਿਚ ਲੈ ਅਪੜਿਆ-

www.radiovirsanz.com Radio Virsa New Zealand 107 FM

**ਸ੍ਰੀ ਅਕਾਲ ਜੀ ਸਹਾਇ**

੨●---ਤੁਹਾਡਾ ਲਿਖਤੀ ਉਪਦੇਸ਼:--(ੳ) ਸ੍ਰੀ ਦਸਮ ਗ੍ਰੰਥ ਵਿੱਚ ਜਾਪ ਸਾਹਿਬ, ਚੰਡੀ ਦੀ ਵਾਰ, ਚੰਡੀ ਚਰਿਤ੍ਰ, ਸ਼ਸਤ੍ਰਨਾਮ ਮਾਲਾ, ਚਉਬੀਸ ਅਵਤਾਰ, ਪਾਖਯਾਨ ਚਰਿਤ੍ਰ ਆਦਿ (ਅ) ਰਚਨਾਵਾਂ ਦਾ ਅਧਿਐਨ ਪੁਰਾਤਨ ਸਮੇਂ ਦੀਆਂ ਪ੍ਰਸਥਿਤੀਆਂ ਨੂੰ ਸਾਮਹਣੇ ਰੱਖ ਕੇ ਕਰੋ, ਵਰਤਮਾਨ ਸਮੇਂ ਦੀਆਂ ਪ੍ਰਸਥਿਤੀਆਂ ਨਾਲ ਉਸ ਰਚਨਾ ਨੂੰ ਮਾਪਣ-ਤੋਲਣ ਦਾ ਮੁਖ ਮੰਤਵ ਦਸਮ ਗ੍ਰੰਥ ਦੀ ਬੇ-ਲੋੜੀ ਵਿਰੋਧਤਾ ਕਰਨ ਤੋਂ ਸਿਵਾਏ ਹੋਰ ਕੁਝ ਨਹੀਂ ?

ਉੱਤਰ:-- " ਦਸਮ ਗ੍ਰੰਥ ਦੀਆਂ (ਜਾਪ ਸਾਹਿਬ ਤੋਂ ਪਾਖਯਾਨ ਚਰਿਤ੍ਰ ਤੱਕ) ਛੇ ਬਾਣੀਆਂ ਦਾ ਅਧਿਐਨ ਪੁਰਾਤਨ ਸਮੇਂ ਦੀਆਂ ਪ੍ਰਸਥਿਤੀਆਂ ਨੂੰ ਸਾਹਮਣੇ ਰੱਖ ਕੇ ਕੀਤਾ ਜਾਵੇ " ਪਿਆਰਾ ਸਿੰਘ ਪਦਮ ਜੀ ਵਾਲੀ ਇਸ ਬੋਲੀ ਤੋਂ ਸਾਫ਼ ਜ਼ਾਹਰ ਹੈ, ਕਿ, ਤੁਸੀਂ ਵੀ ਇਹੀ ਕਹਿ ਰਹੇ ਕਿ, ਉਨ੍ਹਾਂ ਸਮਿਆਂ ਵਿਚ, (ਭਾਵੇਂ ਗੁਰੂ ਗ੍ਰੰਥ ਸਾਹਿਬ ਦੇ ਆਸ਼ੇ ਦੀ ਖੰਡਣਾ ਹੀ ਕਰ ਰਹੀ ਹੈ--ਇਸ ਝੂਠ-) ਬਾਣੀ ਨੇ ਹੀ ਕੌਮ ਵਿਚ ਉਚੇਚਾ ਜੋਸ਼ ਭਰਿਆ ਸੀ। ਅਸਲੀਅਤ ਕੀ ਹੈ ? ਇਸ ਦਾ ਜ਼ਿਕਰ-ਜਾਗਦੇ ਨੂੰ ਜਗਾਉਣ ਵਾਲੀ ਵਿਅਰਥ ਦੀ ਕਾਂਵਾ ਰੌਲੀ ਹੀ ਹੈ। ਪਰ ਕਿਉਂਕਿ ਆਖ਼ਰ ਸਾਡੇ ਇਸ ਪੱਤਰ ਵਿਹਾਰ ਨੇ ਇਤਿਹਾਸ ਦੇ ਪੰਨਿਆਂ ਦਾ ਭਾਈਵਾਲ ਬਣਨਾ ਹੈ ਇਸ ਲਈ, ਕਿਤੇ ਆਉਣ ਵਾਲੀਆਂ ਪੀੜ੍ਹੀਆਂ ਵੀ ਤੁਹਾਡੇ ਲਿਖੇ ਦਾ ਅਸਰ ਨਾ ਕਬੂਲ ਕਰ ਬਓਠਣ. ਗੁਰੂ ਬਾਣੀ ਦੀ ਛਤਰ ਛਾਇਆ ਹੇਠ ਅਸਲੀਅਤ ਲਿਖਣੀ ਜ਼ਰੂਰੀ ਫ਼ਰਜ਼ ਬਣ ਗਿਆ ਹੈ।

------ਕੱਟੜਵਾਦੀ ਇਸਲਾਮੀ ਰਾਜ ਦੀਆਂ ਸਖ਼ਤੀਆਂ ਅਤੇ ਭਿਆਨਕ ਜ਼ੁਲਮ ਦਾ ਚੱਕਰ ਸੈਂਕੜੇ ਸਾਲ ਚਲਦਾ ਰਹਿਣ ਦੇ ਕਾਰਨ, ਭਾਰਤੀ ਮਨੁੱਖ ਏਨਾ ਡਰਪੋਕ ਅਤੇ ਅਣਖਹੀਨ ਹੋ ਚੁੱਕਾ ਸੀ, ਕਿ ਮੁਸਲਮਾਨ ਦੇ ਥੁੱਕਣ ਲਈ ਆਪਣਾ ਮੂੰਹ ਖੁਹਲ ਦੇਣਾ ਅਤੇ ਆਪਣੀ ਧੀ ਭੈਣ (ਅਥਵਾ ਖ਼ੂਬਸੂਰਤ ਪਤਨੀ ਤੱਕ ਵੀ) ਜਰਵਾਣੇ ਦੇ ਨਾਲ ਆਪ ਹੀ ਤੋਰ ਦੇਣੀ, ਇਸ ਦਾ ਭਾਗ ਬਣ ਚੁੱਕਾ ਸੀ। ਅਤਮਕ ਤੌਰ ਤੇ ਪਿੰਗਲਾ ਅਤੇ ਸਰੀਰਕ ਬਲ ਦੀ ਵਰਤੋਂ ਕਰਨ ਦੇ ਅਸਮਰਥ ਹੋ ਚੁੱਕੇ ਮਾਨੋ ਭੇਡਾਂ ਦੇ ਵੱਗ ਵਿਚੋਂ " ਸਤਿਗੁਰੂ ਨਾਨਕ ਸਾਹਿਬ ਜੀ ਨੇ, ਪੂਰਨ ਸੰਤ ਅਤੇ ਸਿੰਘ-ਸੂਰਮਾ ਪੈਦਾ ਕਰਨ ਵਾਲਾ (ਸਾਰੇ ਕਥਿਤ ਦੇਵੀ ਦੇਵਤਿਆਂ, ਸਮਾਜ ਸੁਦਾਰਕਾਂ ਲਈ ਅਸੰਭਵ ਬਣ ਚੁਕਿਆ) ਕਠਨ ਕਾਰਜ ਨੇਪਰੇ ਚਾੜ੍ਹ ਕੇ ਸੰਸਾਰ ਨੂੰ ਨਵੀਂ ਜ਼ਿੰਗਦੀ ਦੀ ਸੂਝ ਬਖ਼ਸ਼ਸ਼ ਕਰਨੀ ਸੀ। ਹਜ਼ਾਰਾਂ ਵਰ੍ਹੇ ਅਨੇਕਤਾ ਦੀ ਪੂਜਾ ਨਾਲ ਜੁੜਿਆ ਰਹਿਣ ਦੇ ਕਾਰਨ ਆਪਸੀ ਫੁੱਟ ਅਥਵਾ ਪਾਟੋਧਾੜ ਜਿਹੇ ਗੰਭੀਰ ਰੋਗ ਦਾ ਸ਼ਿਕਾਰ ਹੋ ਚੁੱਕੇ ਮਨੁੱਖ ਨੂੰ ਨਵਾਂ ਨਰੋਆ ਕਰਨਾ ਸੀ। ਅਸਾਧ ਰੋਗਾਂ ਦਾ ਦਾਰੂ ਧੁਰੋਂ ਹੀ ਲੈ ਕੇ ਆਏ, ਸਤਿਗੁਰੂ ਨਾਨਕ ਸਾਹਿਬ ਜੀ ਨੇ ਪਹਿਲਾਂ ਅਨੇਕਤਾ ਤੋਂ ਏਕਤਾ ਦਾ ਪੁਜਾਰੀ, ਭਾਵ ੩੩ ਕ੍ਰੋੜ ਦੇਵੀ ਦੇਵਤਿਆਂ ਦੀ ਪੂਜਾ ਦੇ ਥਾਂ ' ਇਕ " ਦਾ ਪੁਜਾਰੀ ਬਣਾ ਕੇ-**ਏਕੁ ਪਿਤਾ ਏਕਸ ਕੇ ਹਮ ਬਾਰਿਕ** " ਦੇ ਸਿਧਾਂਤ ਤੋਂ ਸਹੋਦਰਤਾ ਵਾਲਾ ਪਿਆਰ ਬਣਾਉਣਾ ਸੀ॥ ਸੋ---- " **ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥** " ਦਾ ਇਹਸਾਸ ਉਜਾਗਰ ਕਰਨ ਲਈ, ਲੋਕਾਂ ਨੂੰ " **ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥** " ਦੀ ਸੋਝੀ ਕਰਾਉਣ ਲਈ, ਭਰਮ-ਰੋਗ ਵਿਚ ਫਸੇ, ਸੰਸਾਰ ਦੇ ਰੋਗੀਆਂ ਕੋਲ ਪੁੱਜਣਾ ਸੀ। ਜਾਨ ਲੇਵਾ ਖ਼ਤਰਿਆਂ ਨਾਲ ਭਰੇ ਰਸਤਿਆਂ ਤੇ ਕਰੀਬ ੩੫ ਹਜ਼ਾਰ ਮੀਲ ਸਫ਼ਰ ਕੀਤਾ। ਖ਼ੁਦਾਈ ਹਕੂਮਤ ਦੇ ਨੁਮਾਇੰਦੇ, ਸਤਿਗੁਰੂ ਨਾਨਕ ਪਾਤਸ਼ਾਹ ਜੀ ਜਾਣਦੇ ਸਨ ਕਿ, ਪਿਆਰੇ ਦੇ ਗੁਣ ਪ੍ਰੇਮੀ ਵਿਚ ਆ ਵੱਸਦੇ ਹਨ। ਜਿਸ ਅਕਾਲ ਨਾਲ ਮਨੁੱਖ ਦਾ ਪਿਆਰ ਬਣਾਇਆ ਜਾ ਰਿਹਾ ਸੀ, ਉਸ ਦੇ ਉਹ ਰੱਬੀ ਗੁਣ ਮਨੁੱਖ ਨੂੰ ਦ੍ਰਿੜ੍ਹ ਕਰਵਾਏ ਜਿਹੜੇ ਰੱਬੀ ਗੁਣ ਸਤਿਗੁਰੂ ਜੀ ਮਨੁੱਖ ਦੇ ਆਚਰਨ ਵਿਚ ਭਰਨਾ ਚਹੁੰਦੇ ਸਨ। ਇਸ ਰੱਬੀ ਨਿਯੱਮ ਨੂੰ ਸਪੱਸ਼ਟ ਕਰ ਰਹੀ ਗੁਰੂ ਬਾਣੀ-- ੧) " **ਜਿਸੁ ਸਿਉ ਰਾਤਾ ਤੈਸੋ ਹੋਵੈ ਸਚੇ ਸਚਿ ਸਮਾਇਆ ॥੫]**(੨) **ਸਤਿਗੁਰੁ ਸੇਵੇ ਸੋ ਜੋਗੀ ਹੋਇ ॥ ਭੈ ਰਚਿ ਰਹੈ ਸੁ ਨਿਰਭਉ ਹੋਇ ॥ ਜੈਸਾ ਸੇਵੈ ਤੈਸੋ ਹੋਇ ॥ ੪॥**" (੩) **ਜਿਨ ਨਿਰਭਉ ਨਾਮੁ ਧਿਆਇਆ ਤਿਨ ਕਉ ਭਉ ਕੋਈ ਨਾਹਿ ॥**(੪) **ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥ ਹਉਮੈ ਮੈਲੁ ਗੁਰ ਸਬਦੇ ਧੋਵੈ ॥ ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥੪॥ (੫) ਸੋ ਜੀਵਤ ਜਿਹ ਜੀਵਤ ਜਪਿਆ ॥ ਪ੍ਰਗਟ ਭਏ ਨਾਨਕ ਨਹ ਛਪਿਆ ॥੨੧॥** ਗਿਆਨੀ ਜੀਓ ! ਤੁਹਾਡਾ ਬੜਾ ਉਪਕਾਰ ਹੋਵੇ ਜੇ, ਦਸਮ ਗ੍ਰੰਥ ਦੀ ਬਾਣੀ ਵਿਚੋਂ ਅਜੇਹੇ ਬਚਨ ਤੁਸੀਂ ਕਢ ਵਿਖਾਉ, ਜਿਨ੍ਹਾਂ ਤੋਂ ਕਾਦਰ ਦੇ ਇਸ ਨਿਯਮ ਦਾ ਗਿਆਨ ਦ੍ਰਿੜ ਹੋਣ ਦਾ ਭਰੋਸਾ ਬਣਦਾ ਹੋਵੇ।

ਜਿਉਂ ਜਿਉਂ ਗੁਰੂ ਬਾਣੀ ਦ੍ਰਿੜ ਹੁੰਦੀ ਗਈ ਤਿਉਂ ਤਿਉਂ--" **ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥** Aqy--**ਤੂੰ ਨਿਰਵੈਰੁ ਸੰਤ ਤੇਰੇ ਨਿਰਮਲ ॥** ਗੁਣ ਕਹਿ ਗੁਣੀ ਸਮਾਉਣ ਵਾਲਾ ਚਮਤਕਾਰ ਪ੍ਰਗਟ ਹੋਣਾ ਸ਼ੁਰੂ ਹੋ ਗਿਆ ਅਤੇ ਏਹੋ ਜਿਹੇ ਉੱਤਮ ਪੁਰਖ ਬਣਨੇ ਅਰੰਭ ਹੋ ਗਏ--

**ਅਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥ ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥੧॥**
**ਮਨ ਮੇਰੇ ਰਾਮ ਰਉ ਨਿਤ ਨੀਤਿ ॥ ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥੧॥ ਰਹਾਉ ॥**
**ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ ॥ ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ**

**॥੨॥ ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ ॥ ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ ॥੩॥**
**ਊਚ ਨੀਚ ਬਿਕਾਰ ਸੁക੍ਰਿਤ ਸੰਲਗਨ ਸਭ ਸੁਖ ਛਤ੍ਰ ॥ ਮਿਤ੍ਰ ਸਤ੍ਰੁ ਨ ਕਛੂ ਜਾਨੈ ਸਰਬ ਜੀਅ ਸਮਤ ॥੪॥**
**ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ ॥ ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ ॥੫॥**
**ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ ॥ ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ ॥੬॥**
**ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ ॥ ਆਪ ਪਰ ਕਾ ਕਛੁ ਨ ਜਾਣੈ ਸਦਾ ਸਹਜਿ ਸੁਭਾਇ ॥੭॥**
**ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ॥ ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ ॥੮॥੩॥**

{੧●੧੭-੧੮}

{ਤੁਹਾਨੂੰ ਤਾਂ ਸ਼ਾਇਦ ਇਹ ਅਰਥ ਪਸੰਦ ਹੀ ਨਾ ਆਉਣ ਪਰ ਆਮ ਪਾਠਕਾਂ ਦੀ ਸਹੂਲਤ ਲਈ ਅਰਥ ਲਿਖਣੇ ਜ਼ਰੂਰੀ ਸਮਝੇ ਹਨ }

ਅਰਥ:--**ਅਰਥ** :- ਰਹਾਉ ਦੀ ਤੁਕ ਵਿੱਚ ਗੁਰਦੇਵ ਜੀ ਦਾ ਫੁਰਮਾਨ ਹੈ, ਹੇ ਮੇਰੇ ਮਨ ! ਦਇਆਲ, ਪ੍ਰਕਾਸ਼-ਰੂਪ (ਦੇਵ) ਕਿਰਪਾਲ ਗੋਬਿੰਦ ਦੇ (ਸੰਤ ਜਨਾਂ ਦੀ ਸੰਗਤ ਵਿੱਚ ਰਹਿ ਕੇ) ਸਦਾ ਹੀ ਪਰਮਾਤਮਾ ਦਾ ਸਿਮਰਨ ਕਰਦਾ ਰਹੁ (ਉਹ ਸੰਤ ਜਨ ਹੁੰਦੇ ਕਿਹੋ ਜਿਹੇ ਹਨ ? ਉਨ੍ਹਾਂ) ਸੰਤ ਜਨਾਂ ਦੀ ਜੀਵਨ ਮਰਯਾਦਾ ਸੁਨ ।੧।

ਜਿਸ ਮਨੁੱਖ ਨੇ ਕਿਸੇ ਰੁੱਖ ਨੂੰ ਕਿਸੇ ਤੀਖਣਿ ਭਾਵ ਤੇਜ਼ ਹਥਿਆਰ ਨਾਲ ਕੱਟ ਸੁਟਿਆ, ਰੁੱਖ ਨੇ ਆਪਣੇ ਮਨ ਵਿੱਚ ਉਸ ਉਤੇ ਰੋਸੁ ਭਾਵ ਗੁੱਸਾ ਨਹੀਂ ਕੀਤਾ ਸਗੋਂ ਰੁਖ ਦੀ ਲੱਕੜੀ ਨੇ ਉਸ ਦਾ ਕੰਮ ਸਵਾ ਦਿੱਤਾ, ਤੇ ਕੱਟਣ ਵਾਲੇ ਨੂੰ ਰਤਾ ਭਰ ਕੋਈ ਦੋਸ਼ ਨਾਂ ਦਿੱਤਾ ।੧।

ਜਿਹੜਾ ਮਨੁੱਖ ਬੇੜੀ ਨੂੰ ਆਪਣੇ ਪੈਰਾਂ ਹੇਠ (ਉਗਾਹਿ) ਬੈਸਿਓ ਭਾਵ ਆਪਣੇ ਪੈਰਾਂ ਹੇਠ ਲਿਤੜ ਕੇ, ਨੱਪ ਕੇ ਉਸ ਵਿੱਚ ਬੈਹ ਗਿਆ ਉਸ ਮਨੁੱਖ ਦੇ ਸਰੀਰ ਵਿੱਚ ਪੈਂਡੇ ਦਾ ਸ੍ਰਮ ਭਾਵ ਥਕੇਵਾਂ ਨਾ ਰਿਹਾ । ਭਿਆਨਕ ਸਮੁੰਦਰ (ਦਰਿਆ ਆਦਿ) ਉਸ ਨੂੰ ਨਹੀਂ ਵਿਆਪ ਸਕਦਾ ਭਾਵ, ਪਾਣੀ ਉਸ ਉਤੇ ਆਪਣਾ ਕੋਈ ਅਸਰ ਨਹੀਂ ਪਾ ਸਕਦਾ, ਬੇੜੀ ਵਿੱਚ ਬੈਠ ਕੇ ਝੱਟ ਪਾਰ ਜਾ ਉਤਰਿਆ ਬੇੜੀ ਨੇ ਆਪਣੀ ਹੋਈ ਕਿਸੇ ਬੇਅਦਬੀ ਵੱਲ ਕੋਈ ਧਿਆਨ ਨਹੀਂ ਦਿੱਤਾ ਸਗੋਂ ਉਸ ਨਾਲ ਨੇਕੀ ਹੀ ਕੀਤੀ । **੨** । ਜਿਹੜਾ ਮਨੁਖ ਧਰਤੀ ਉੱਤੇ ਚੰਦਨ ਅਗਰ ਕਪੂਰ ਨਾਲ ਲੇਪਨ ਕਰਦਾ ਹੈ ਉਸ ਮਨੁੱਖ ਨਾਲ ਧਰਤੀ ਕੋਈ ਖ਼ਾਸ ਪਿਆਰ ਨਹੀਂ ਕਰਦੀ, ਤੇ ਜਿਹੜਾ ਮਨੁੱਖ ਧਰਤੀ ਉੱਤੇ ਗੂੰਹ ਮੂਤਰ ਸੁਟਦਾ ਹੈ, ਧਰਤੀ ਨੂੰ ਪੁੱਟਦਾ ਹੈ ਉਸ ਮਨੁੱਖ ਵਿਰੁਧ ਧਰਤੀ ਕੋਈ ਰੋਸ ਨਹੀਂ ਕਰਦੀ । **੩** । ਕੋਈ ਉੱਚਾ ਹੋਵੇ ਕੋਈ ਨੀਵਾਂ ਹੋਵੇ, ਕੋਈ ਬੁਰਾਈ ਕਰੇ ਕੋਈ ਭਲਾਈ ਕਰੇ ਆਕਾਸ਼ ਦੇ ਵਤੀਰੇ ਵਿੱਚ ਕੋਈ ਫਰਕ ਨਹੀਂ ਪੈਂਦਾ ਅਤੇ ਸਭਨਾਂ ਵਾਸਤੇ ਸੁਖਾਂ ਦਾ ਛਤਰ ਬਣਿਆ ਰਹਿੰਦਾ ਹੈ । ਅਕਾਸ਼ ਨਾ ਕਿਸੇ ਨੂੰ ਮਿੱਤਰ ਸਮਝਦਾ ਹੈ ਅਤੇ ਨਾ ਕਿਸੇ ਨੂੰ ਵੈਰੀ, ਸਾਰੇ ਜੀਵਾਂ ਨਾਲ ਇੱਕ-ਸਮਾਨ ਹੈ ।੪।

ਸੂਰਜ ਆਪਣੀ ਪ੍ਰਚੰਡ ਭਾਵ ਤੇਜ਼ ਰੌਸ਼ਨੀ ਨਾਲ ਪ੍ਰਗਟ ਹੋ ਕੇ ਹਨੇਰੇ ਦਾ ਨਾਸ ਕਰਦਾ ਹੈ । ਚੰਗੇ ਮੰਦੇ ਸਭ ਜੀਵਾਂ ਨੂੰ ਉਸ ਦੀਆਂ ਕਿਰਣਾਂ ਲੱਗਦੀਆਂ ਹਨ, ਕਿਸੇ ਨਾਲ ਕੋਈ ਬਿਖਾਦੁ ਭਾਵ ਦੁੱਖ, ਵਿਤਕਰਾ ਨਹੀਂ ਕਰਦਾ । **੫** । ਠੰਡੀ, ਮਿੱਠੀ ਅਤੇ ਸੁਗੰਧੀ-ਭਰੀ ਹਵਾ ਸਭਨਾ ਥਾਂਵਾਂ ਤੇ ਇੱਕੋ ਜਿਹੀ ਚਲਦੀ ਹੈ, ਚੰਗੀਆਂ ਮੰਦੀਆਂ ਸੱਭ ਚੀਜ਼ਾਂ ਨੂੰ ਬਿਨਾ ਸੰਕੇ ਦੇ ਭਾਵ ਬਿਨਾ ਝਿਜਕ ਦੇ ਲੱਗਦੀ ਹੈ ।੬।

ਜਿਹੜਾ ਵੀ ਮਨੁੱਖ ਚੰਗੀ ਜਾਂ ਮੰਦੀ ਭਾਵਨਾ ਨਾਲ ਅੱਗ ਦੇ ਨੇੜੇ ਜਾਂਦਾ ਹੈ, ਅੱਗ ਉਸ ਦਾ ਪਾਲਾ ਦੂਰ ਕਰ ਦਿੰਦੀ ਹੈ । ਅੱਗ ਨੂੰ ਕਿਸੇ ਆਪਣੇ ਜਾਂ ਪਰਾਏ ਨਾਲ ਕੋਈ ਵਾਸਤਾ ਨਹੀਂ ਉਹ ਆਪਣੇ ਸੁਭਾ ਵਿੱਚ ਅਡੋਲ ਰਿੰਹਿੰਦੀ ਹੈ । **੭** । (ਹੇ ਮੇਰੇ ਮਨ ! ਇਸੇ ਤਰ੍ਹਾਂ ਪਰਮਾਤਮਾ ਦੇ ਸੰਤ ਜਨ) ਪਰਮਾਤਮਾ ਦੇ ਚਰਨਾਂ ਦੀ ਸਰਨ ਵਿਚ ਰਹਿ ਕੇ ਖ਼ਸਮ ਵਾਲੇ ਬਣ ਜਾਂਦੇ ਹਨ, ਉਹ ਸੋਹਣੇ ਪ੍ਰਭੂ ਦੇ ਪ੍ਰੇਮ-ਰੰਗ ਵਿਚ ਰਤੇ ਰਹਿੰਦੇ ਹਨ । ਹੇ ਮੇਰੇ ਮਨ ਤੂੰ ਵੀ ਗੋਪਾਲ ਪ੍ਰਭੂ ਦੇ ਗੁਣ ਗਾਉਂਦਾ ਰਿਹਾ ਕਰ ਤਾਂ ਜੋ ਤੇਰੇ ਤੇ ਵੀ ਪ੍ਰਭੂ ਦੀ ਮਿਹਰ ਹੋ ਜਾਏ ।੮।

**ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥ ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥ ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥ ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥ ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥ ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਿਾਗਿ ਸਗਲ ਰੇਣੁਕਹ ॥ ਖਟ ਲਖੵਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥੪●॥**

## ਇਸ ਗੁਰੂ ਫ਼ੁਰਮਾਨ ਤੋਂ ਮਿਲਦੇ ਗਿਆਨ ਦਾ ਵੇਰਵਾ:--

੧= ਪਰਮਾਤਮਾ ਦਾ ਨਾਮ  ਜਪਣਾ ਅਤੇ ਉਸ ਨੂੰ ਸਰਬ ਵਿਆਪਕ ਜਾਣ ਕੇ ਉਸ ਵਿੱਚ ਸੁਰਤਿ ਜੋੜਨੀ ।

੨= ਸੁਖਾਂ ਦੁਖਾਂ ਨੂੰ ਇੱਕੋ ਜਿਹਾ ਸਮਝਣਾ , ਅਤੇ ਪਵਿਤ੍ਰ ਤੇ ਵੈਰ-ਰਹਿਤ ਜੀਵਨ ਜੀਊਣਾ ।

੩= ਸਾਰੇ ਜੀਵਾਂ ਨਾਲ ਪਿਆਰ-ਹਮਦਰਦੀ ਰੱਖਣੀ ਅਤੇ ਕਾਂਮਾਦਿਕ ਪੰਜੇ ਵਿਕਾਰਾਂ ਤੋਂ ਬਚੇ ਰਹਿਣਾ ।

੪= ਪਰਮਾਤਮਾ ਦੀ ਸਿਫ਼ਤਿ-ਸਾਲਾਹ ਨੂੰ ਜਿੰਦਗੀ ਦਾ ਆਸਰਾ ਬਣਾਣਾ ਅਤੇ ਮਾਇਆ ਤੋਂ ਇਉਂ ਨਿਰਲੇਪ ਰਹਿਨਾ ਜਿਵੇਂ ਕਉਲ ਫੁੱਲ ਪਾਣੀ ਤੋਂ ਅਭਿਜ ਰਹੰਦਾ ਹੈ ।

੫= ਸੱਜਣ ਅਤੇ ਵੈਰੀ ਨਾਲ ਇੱਕੋ ਜਿਹਾ ਪ੍ਰੇਮ-ਭਾਵ ਰੱਖਣਾ ਅਤੇ ਪਰਮਾਤਮਾਂ ਦੀ ਭਗਤੀ ਵਿੱਚ ਪਿਆਰ ਬਣਾਣਾ ।

੬= ਪਰਾਈ ਨਿੰਦਿਆ ਆਪਣੇ ਕੰਨਾ ਨਾਲ ਨਾ ਸੁਣਨੀ ਅਤੇ ਆਪਾ-ਭਾਵ ਤਿਆਗ ਕੇ ਸੱਭ ਦੇ ਚਰਣਾਂ ਦੀ ਧੂੜ ਬਣਨਾ - - ਹੇ ਨਾਨਕ ! **ਪੂਰਨ ਪੁਰਖਾਂ** ਵਿੱਚ ਇਹ ਛੇ ਲੱਛਣ ਹੁੰਦੇ ਹਨ , ਉਨ੍ਹਾਂ ਨੂੰ ਹੀ **ਸਾਧ** ਆਖੀਦਾ ਹੈ ।੪੦।

**ਮਨੁੱਖ ਸੰਤ ਅਤੇ ਸੂਰਮਾ ਬਣਦਾ ਗਿਆ।** ਤੁਸੀਂ ਇਹ ਵੀ ਚੰਗੀ ਤਰ੍ਹਾਂ ਜਾਣਦੇ ਹੋ ਕਿ, ਆਤਮਕ ਉੱਚਤਾ ਵਾਲੀ ਜੀਵਨ ਜੁਗਤ ਬਣਾ ਰਹੀ ਸਿਖਿਆ ਦੇ ਅਥਾਹ ਸਾਗਰ, ਸਤਿਗੁਰੂ ਗ੍ਰੰਥ ਸਾਹਿਬ ਦੇ ਗਿਆਨ ਦੇ ਇਸ ਪੱਖ ਦੇ ਇਹ, ਕੇਵਲ ਵਨਗੀ ਮਾਤ੍ਰ ਹੀ ਦਰਸ਼ਨ ਹਨ।

ਇਸ ਤੱਥ ਤੋਂ ਵੀ, ਗਿਆਨੀ ਹਰਬੰਸ ਸਿੰਘ ਜੀ ਤੁਸੀ ਭਲੀ ਭਾਂਤੀ ਜਾਣੂ ਹੋ ਕਿ, ਅਜੇਹੇ ਗਿਆਨ ਤੋਂ ਮਿਲਦੀ ਸਿਖਿਆ ਦੀ ਕਮਾਈ ਵਾਲੇ ਨੇ ਹੀ, ਮੁਗ਼ਲ-ਸ਼ਾਹੀ ਦੇ ਕਰੜੇ ਕੋਟਿ ਵਿਚੋਂ ਘੋੜੇ ਲੈ ਆਂਦੇ ਸਨ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਕਮਾਨ ਹੇਠ ਮੁਗ਼ਲੀਆਂ ਫੌਜਾਂ ਨੂੰ ਚਾਰ ਵਾਰੀ ਬੁਥਾੜ ਭੰਨਵੀ ਹਾਰ ਦਾ ਸੁਆਦ ਚਖਾਇਆ। ਗੁਰੂ ਨਾਨਕ-ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ-ਗਿਆਨ ਅਨੁਸਾਰ ਜੀਵਨ ਢਾਲ ਲੈਣ ਦੀ ਕਮਾਈ ਨੇ ਹੀ, ਸੰਸਾਰ ਨੂੰ ਅਜੇਹੇ ਅਦੁਤੀ ਨਿਰਭੈ ਸੰਤ-ਸੂਰਮਿਆਂ ਦੇ ਦਰਸ਼ਨ ਦੀਦਾਰੇ ਕਰਾਏ ਜਿਨ੍ਹਾਂ ਨੇ, ਦੇਗਾਂ ਵਿਚ ਉਬਾਲੇ ਖਦਿਆਂ, ਅਥਵਾ ਆਰਿਆਂ ਨਾਲ ਚੀਰੇ ਜਾਂਦਿਆਂ ਵੀ, ਪਰਮ ਅਨੰਦ ਮਾਣਿਆ। ਭੰਗਾਣੀ ਦੇ ਯੁੱਧ ਸਮੇਤ, ੧੬੯੯ ਤੋਂ ਪਹਿਲਾਂ ਕਈ ਭਿਆਨਕ ਯੁੱਧ ਲੜਦਿਆਂ ਵੀ ਸਤਿਗੁਰਾਂ ਦੇ ਇਨ੍ਹਾਂ ਬਚਨਾਂ ਦੀ-" **ਸਭੁ ਕੋ ਆਸੈ ਤੇਰੀ ਬੈਠਾ ॥ ਘਟ ਘਟ ਅੰਤਰਿ ਤੂੰਹੈ ਵੁਠਾ ॥ ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥** " ਕਮਾਈ ਤੋਂ ਨਾ ਉੱਕੇ ਨਾ ਥੱਕੇ। ਪਿਆਸੇ ਅਤੇ ਘਾਇਲ ਵੈਰੀਆਂ ਦੀ ਸੇਵਾ ਕੇਵਲ ਠੰਡੇ ਜਲ ਨਾਲ ਹੀ ਨਹੀਂ ਕੀਤੀ, ਸਗੋਂ ਉਨ੍ਹਾਂ ਦੇ ਜ਼ਖ਼ਮਾਂ ਦੀ ਪੀੜ ਝਟ ਹੀ ਹਰ ਲੈਣ ਵਾਲੀ ਕਾਰੀ ਮਲ੍ਹਮ ਵੀ ਲਾਈ। ਕੋਈ ਵਿਖਾਉ ਦਸਮ ਗ੍ਰੰਥ ਦੇ ਵਿਵਾਦ ਗ੍ਰਸਤ ਭਾਗ ਵਿਚੋਂ ਅਜੇਹੇ ਚਮਤਕਾਰੀ ਮਹਾਂਪੁਰਖ-ਸੂਰਮੇ ਬਣਾਉਣ ਦਾ ਗਿਆਨ ਪ੍ਰਦਾਨ ਕਰ ਰਹੀ ਕੋਈ ਬਾਣੀ।

**ਦਸਮ ਗ੍ਰੰਥ ਦੀ ਬਾਣੀ ਵਿਚਲੇ**-ਨਿਰਜਿੰਦ ਸ਼ਸਤਰਾਂ ਦਾ ਪੁਜਾਰੀ ਆਤਮਕ ਮੌਤੇ ਮਰਿਆ ਰਹਿ ਕੇ, ਸਦਾ ਦੂਜਿਆਂ ਦੇ ਨਾਸ ਦੀ ਵਿਚਾਰ ਹੀ ਕਰਦਾ ਰਹਣ ਵਾਲਾ ਬਣਦਾ ਹੈ। ਆਪਣੇ ਪਰਾਏ ਸਭ ਦਾ ਝਟਕਾ ਕਰਨ ਹਾਰੇ ਸ਼ਸਤਰਾਂ ਦੀ ਬਾਣੀ ਦਾ ਪਾਠੀ, ਉਪੱਦਰ ਕਰਨ ਸਮੇਂ ਆਪਣੇ ਪਰਾਏ ਦੀ ਪਛਾਣ ਕਦੋਂ ਕਰਨ ਲੱਗਾ ਹੈ ? ਤੁਸੀਂ ਸਭ ਜਾਣਤ ਹੀ ਹੋ ਕਿ, ਸਰਬੱਤ ਦਾ ਭਲਾ ਮੰਗਣ ਗਿੱਝਾ ਖ਼ਾਲਸਾ ਜੀ ਇਕ ਦੂਜੇ ਦਾ ਵਿਰੋਧੀ ਕਈ ਧੜਿਆਂ ਵਿਚ ਕਿਸ ਕਾਰਨ ਵੰਡੀਜਦਾ ਜਾ ਰਿਹਾ ਹੈ ? ਸਦਾ ਆਪਸ ਵਿਚ ਲੜਦੇ ਰਹਿਣ ਦਾ ਉਪਦੇਸ਼ ਸਿਖਾ ਰਹੀ ਦੇਵੀ ਦੇਵਤਿਆਂ ਦੀਆਂ ਝੂਠ ਗਾਥਾਵਾਂ ਵਾਲੀ ਬਾਣੀ ਦਾ ਪਾਠੀ, ਕੁ਼ਲ ਘਾਤਕ, ਝੂਠਾ ਅਤੇ ਕਰੋਧੀ ਕਿਵੇਂ ਨਾ ਬਣਦਾ ? ਸੂਰਮਾ ਬਣਾ ਰਹੀ ਗੁਰੂਬਾਣੀ ਤੁਲ ਕੋਈ ਬਚਨ ਏਡੇ ਵਡੇ ਦਸਮ ਗ੍ਰੰਥ ਵਿਚੋਂ, ਤੁਸਾਂ ਵੀ ਲਿਖ ਭੇਜਣ ਦਾ ਉਪਕਾਰ ਕਰ ਦੇਣਾ ਜੀ। ਦਸਮ ਗ੍ਰੰਥ ਦੀ ਕਿਸ ਬਾਣੀਦੇ ਕਿਹੋ ਜਿਹੀ ਸਿਖਿਆ ਨੇ ਕਿਵੇਂ ਮਨੁੱਖ ਦੀ ਕਾਇਆਂ ਕਲਪ ਕੀਤੀ ? ਕੋਈ ਤੁਸੀਂ ਵੀ ਵਨਗੀ ਲਿਖ ਭੇਜੋ। ਤੁਸੀਂ ਤਾਂ ਸਗੋਂ ਇਹ ਲਿਖ ਰਹੇ ਹੋ ਕਿ, ਦਸਮ ਗ੍ਰਥ ਦੀ ਬਾਣੀ ਵਿਚੋਂ ਤੈਗੁਣ ਗੁਣੀ ਜੀਵ ਦੇ ਪੱਲੇ ਹੀ ਕੁਝ ਨਹੀਂ ਪੈਂਦਾ ?

**(ਅ)**--" ਰਚਨਾਵਾਂ ਦਾ ਅਧਿਐਨ ਪੁਰਾਤਨ ਸਮੇਂ ਦੀਆਂ ਨੂੰ ਸਾਮਹਣੇ ਰੱਖ ਕੇ ਕਰੋ, ਵਰਤਮਾਨ ਸਮੇਂ ਦੀਆਂ ਨਾਲ ਉਸ ਰਚਨਾ ਨੂੰ ਮਾਪਣ-ਤੋਲਣ ਦਾ ਮੁਖ ਮੰਤਵ ਦਸਮ ਗ੍ਰੰਥ ਦੀ ਬੇ-ਲੋੜੀ ਵਿਰੋਧਤਾ ਕਰਨ ਤੋਂ ਸਿਵਾਏ ਹੋਰ ਕੁਝ ਨਹੀਂ ?

ਬੁੱਧ, ਹਿੰਦੂ, ਈਸਾਈ, ਮੁਸਲਮਾਨ ਧਰਮਾਂ ਦੇ ਹਜਾਂਰ ਸਾਲ ਪੁਰਾਣੇ ਧਰਮ ਗ੍ਰੰਥ ਅੱਜ ਵੀ ਉਵੇਂ ਹੀ ਸਤਕਾਰੇ ਤੇ ਪੜ੍ਹੇ ਜਾਂਦੇ ਹਨ, ਅੱਜ ਵੀ ਹਰ ਧਰਮ ਉਨ੍ਹਾਂ ਹੀ ਧਰਮ-ਗ੍ਰੰਥਾਂ ਦੀ ਸਿਖਿਆ ਤੇ ਚਲਣਾ ਫ਼ਖ਼ਰ ਮੰਨਦਾ ਹੈ, ਦਸਮ ਗ੍ਰੰਥ ਕਿਹੋ ਜਿਹੇ ਗਿਆਨ ਵਾਲਾ ਹੈ ਜਿਸ ਨੂੰ ਅਜੋਕੀ ਪ੍ਰਸਥਿਤੀਆਂ ਵਿਚ ਵਿਚਾਰਿਆਂ, ਉਸ ਦੀ ਵਿਰੋਧਤਾ ਸਮਝੀ ਜਾ ਰਹੀ ਹੈ ? ਦੂਜਿਆਂ ਨੂੰ ਸਮਦਰਸੀ ਹੋਣ ਦਾ ਉਪਦੇਸ਼ ਦੇ ਰਹੇ ਗਿਆਨੀ ਜੀਓ ! ਏਧਰ ਵੀ ਧਿਆਨ ਕਰ ਲਵੋ। ਜਦ ਤੁਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਸਮ ਗ੍ਰੰਥ ਦਾ ਸਕਾ ਭਾਈ ਕਹਿ ਰਹੇ ਹੋ ਤਾਂ ਫਿਰ ਦੋਹਾਂ ਭਾਈਆਂ ਦੀ ਬਾਣੀ ਦੀ ਵਿਚਾਰ ਕਰਨ ਦੀ ਪਾਬੰਦੀ ਵੀ ਇਕੋ ਜਿਹੀ ਕਿਸ ਕਾਰਨ ਨਹੀਂ ? ਜਿਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਰਬ ਕਾਲੀ ਹੈ, ਦਸਮ ਗ੍ਰੰਥ ਦੀ ਬਾਣੀ ਨੂੰ ਕਿਹੜਾ ਸੱਪ ਸੁੰਘ ਗਿਆ ਜੋ ਵਰਤਮਾਨ ਸਮੇ ਲਈ ਨਿਕੰਮੀ ਹੋ ਗਈ ? ਜਦ ਤੁਸੀ ਦਸਮ ਗ੍ਰੰਥ ਦੀ ਬਾਣੀ ਨੂੰ ਅਜੋਕੇ ਸਮੇਂ ਲਈ ਬੇਲੋੜੀ ਮੰਨ ਰਹੇ ਹੋ, ਤਾਂ, ਅਜੇਹੀ ਝੂਠ ਬਾਣੀ ਦਾ ਸਚੁ ਸਰੂਪ ਦਸਮ ਗੁਰੂ ਨਾਨਕ ਜੀ ਨਾਲ ਕੀ ਵਾਸਤਾ ? ਮਾਰੋ ਵਗਾਹ ਕੇ ਪਰ੍ਹਾਂ ਵਿਅਰਥ ਦੇ ਕੂੜੇ ਨੂੰ ।" **ਜੋ ਬਾਤ ਕੀ ਖ਼ੁਦਾ ਕੀ ਕਸਮ, ਲਾ ਜਵਾਬ ਕੀ** "...ਵਾਹ ਮਹਾਂਪੁਰਖੋ ਵਾਹ।

**੨੧---**ਤੁਸੀਂ ਦਸਮ ਗ੍ਰੰਥ ਦੇ ਵਿਰੋਧ ਵਿੱਚ ਜੋ ਮੈਟਰ ਇਕੱਤਰ ਕੀਤਾ ਹੈ, ਉਸ ਦੀ ਇਕ ਕਾਪੀ ਦਾਸਰੇ ਨੂੰ ਜ਼ਰੂਰ ਭੇਜੋ, ਨਿਰਪੱਖ ਹੋ ਕੇ ਵੀਚਾਰ ਕਰਨ ਦਾ ਜਤਨ ਕੀਤਾ ਜਾਵੇਗਾ, ਤਾਂ ਜੋ ਆਉਣ ਵਾਲੀ ਪਨੀਰੀ ਦੇ ਕੰਮ ਆ ਸਕੇ

ਅਜੇਹਾ ਭਰਮ ਮਨ ਵਿਚੋਂ ਕੱਢ ਦਿਉ ਗਿਆਨੀ ਜੀ, ਦਸਮ ਗ੍ਰੰਥ ਦੇ ਵਿਰੋਧ ਵਿਚ, ਸਿਵਾਏ" **ਖ਼ਸਮ ਦੀ ਬਾਣੀ** " ਦੇ ਦਾਸ

ਨੇ ਹੋਰ ਕੋਈ " ਮੈਟਰ " ਇਕੱਤਰ ਨਹੀਂ ਕੀਤਾ ਹੋਇਆ, ਜੋ ਆਪ ਜੀ ਨੂੰ ਭੇਜ ਸਕਾਂ।

**੨੨- ਆਪ ਜੀ ਦਾ ਫੁਰਮਾਨ-** " ਇਕ ਬੇਨਤੀ ਹੈ ਆਪ ਹੇਠ ਲਿਖੀਆਂ ਪੁਛਾਂ ਦਾ ਉਤਰ ਦੇ ਕੇ ਦਾਸਰੇ ਨੂੰ ਧਨਵਾਦੀ ਬਣਾਉਣਾ ਜੀ:"--

**ਨਿਰਣੈ ਭਵਨ** ਦੇ ਵਾਸੀ, **ਮੇਰੇ ਹਮ-ਪੇਸ਼ਾ ਰਹਿ ਚੁੱਕੇ ਵੀਰਨ, ਅੱਜ ਨਿਰਣੈਕਾਰ ਬਣ ਚੁਕੇ ਗਿਆਨੀ ਹਰਬੰਸ ਸਿੰਘ ਜੀਉ** ! ਸਤਿਗੁਰਾਂ ਦੇ ਥਾਪੜੇ ਦੀ ਬਰਕਤ ਨਾਲ, ਇਸ ਦਾਸਰੇ ਨੇ ਆਪ ਜੀ ਦੀਆਂ ਪੁੱਛਾਂ ਦੇ ਉਤਰ ਤਾਂ ਜ਼ਰੂਰ ਦੇਣੇ ਹਨ ਪਰ, ਉਨ੍ਹਾਂ ਉੱਤਰਾ ਵਿਚ ਪੈਦਾ ਹੋ ਰਹੇ ਦਾਸ ਦੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਖਿਸਕਣ ਦਾ ਰਾਹ, ਕਿਤੇ ਤੁਸੀਂ ਨਾ ਪੈਦਾ ਕਰ ਲਇਓ ਜੀ:-

**1-**----ਤੁਹਾਡੀ ਲੇਖਣੀ ਤੋਂ ਪ੍ਰਤੀਤ ਹੁੰਦਾ ਹੈ ਕਿ ਆਪ ਗੁਰਮਤਿ ਦੀ ਚੰਗੀ ਜਾਣਕਾਰੀ ਰਖਦੇ ਹੋ। ਆਪ ਜੀ ਨੇ ਕਿਹੜੇ ਸਾਲ ਕਿਸ ਥਾਂ ਤੇ ਅੰਮ੍ਰਿਤ ਛਕਿਆ ਸੀ ?

**ਖੰਡੇ ਬਾਟੇ ਦਾ ਅੰਮ੍ਰਿਤ**--ਦਾਸ ਨੇ ਅੰਮ੍ਰਿਤ ਛਕਿਆ ਸੀ, ਕਿ ਨਾ ? ਇਸ ਬਾਰੇ ਪੁੱਛਣ ਦੀ ਤੁਹਾਨੂੰ ਲੋੜ ਪਤਾ ਨਹੀਂ ਕਿਸ ਕਾਰਨ ਪਈ ? ਕੀ, ਅੱਜ ਕਲ੍ਹ ਤੁਸਾਂ ਪੰਜਾਂ ਕਕਾਰਾਂ ਵਿਚ ਫੱਬਿਆਂ ਹੋਇਆ ਲੋਕਾਂ ਦੀਆਂ ਨਜ਼ਰਾਂ ਵਿਚ ਪੱਕਾ "ਅੰਮ੍ਰਿਤਧਾਰੀ ਸਿੰਘ "-ਵਾਸਤਵ ਵਿਚ, ਚੋਰ. ਠੱਗ, ਬਲਾਤਕਾਰੀਆ, ਕਾਤਲ ਆਦ ਅਪਰਾਧ ਕਰਦਾ ਪੁਲਸਿ ਵਿਚ ਹੁੰਦਿਆ ਤੁਸਾਂ ਆਪ ਫੜਿਆ ਜਾਂ ਵੇਖਿਆ ਕਦੇ ਨਹੀਂ ? ਕੀ, ਜਥੇਦਾਰ, ਸਿੰਘ ਸਾਹਿਬ ਉਪਾਧੀ ਨਾਲ ਨਿਵਾਜਿਆ ਅੰਮ੍ਰਿਤਧਾਰੀ, ਝੂਠਾ, ਬਚਨਾ ਦਾ ਕੱਚਾ, ਗੁਰੂ ਦੀ ਗੋਲਕ ਦਾ ਚੋਰ, ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋਇਆ, ਬਾਣੀਆਂ ਦਾ ਪੱਕਾ ਨਿਤਨੇਮੀ ਅੰਮ੍ਰਿਤ ਧਾਰੀ ਕਦੇ ਨਹੀਂ ਵੇਖਿਆ-ਸੁਣਿਆ ? ਦਾਸ ਕੋਲ ਜੀਊਂਦੀਆਂ ਜਾਗਦੀਆਂ ਅਥਵਾ ਪੁਲਸ ਦੀ ਰੀਕਾਰਡ ਵਿਚ ਸੁਰੱਖਿਅਤ, ਅਜੇਹੀਆਂ ਸਚੀਆਂ ਸਾਖੀਆਂ ਕਈ ਹਨ। ਸੁਣ ਲਵੋ ਤਾਂ ਅਵਾਕ ਰਹਿ ਜਾਉ। ਉਂਜ, ਤੁਸੀਂ ਜਾਣ ਕੇ ਭਾਂਵੇਂ ਘੇਸਲ ਮਾਰੀ ਰੱਖੋ, ਜਾਣਦੇ ਸਭ ਕੁਝ ਹੋ---

ਸਨਮਾਨ ਜੋਗ ਗਿਆਨੀ ਜੀਓ ! ਖੰਡੇ-ਬਾਟੇ ਦਾ ਅੰਮ੍ਰਿਤ ਛਕਣ ਦੀ ਗੱਲ ਪੁੱਛਣ ਨਾਲੋਂ, ਤੁਸੀਂ ਇਹ ਕਿਉਂ ਨਹੀਂ ਪੁੱਛਦੇ-" ਹੇ ਭਾਈ ! ਕੀ ਤੂੰ ਸਤਿਗੁਰਾਂ ਦੀ ਮਤਿ ਅਨੁਸਾਰ ਜੀਵਨ ਢਾਲ ਕੇ ਬਿਖੁ (ਮਾਇਆ ਨਾਗਨੀ ਦੇ ਮੋਹ ਕਾਰਨ ਬਣੇ ਵਿਕਾਰੀ ਭੁਇਅੰਗ) ਤੋਂ, **ਅੰਮ੍ਰਿਤ** ਅਤੇ ਗੁਰਮਤਿ ਗਿਆਨ ਦੀ ਸੁਗੰਧੀ ਨਾਲ ਅਕਹੁ **ਚੰਦਨ** ਅਜੇ ਤੱਕ ਬਣਿਆਂ ਹੈਂ ਕਿ ਨਹੀਂ ?" " **ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ ॥ ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ ॥੫॥** ਤਥਾ- **ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥ ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥ ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥ ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ॥ ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ ॥ ਸਤਿਗੁਰੂ ਚਰਨ ਜਿਨ੍ਹ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ** ॥੨॥੬॥ ਅੰਦਰੇ ਲੱਗੇ ਦਰਬਾਰ (**ਅੰਦਰਿ ਰਾਜਾ ਤਖਤੁ ਹੈ**) ਵਿਚ ਹਾਜ਼ਰ ਹੋ ਕੇ, ਸਚੁ ਦੱਸੋ ਕਿ, ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਜ਼ਰੂਰੀ ਹੈ ਕਿ ਜਾਂ ਗੁਰੂ ਦੀ ਮਤਿ ਅਨੁਸਾਰ ਪਹਿਲਾਂ ਸੁਥਰਾ ਜੀਵਨ ਬਣਾ ਲੈਣਾ ਜ਼ਰੂਰੀ ਹੈ ?

ਗੁਰਬਾਣੀ ਅਥਵਾ ਗੁਰਮਤਿ ਅਨੁਸਾਰ ਜੀਵਨ ਢਾਲ ਲੈਣ ਦੀ ਕਮਾਈ ਤੇ ਲਗ-ਪਗ ੨●● ਸਾਲ ਲੱਗੇ ਤਾਂ ਖ਼ਾਲਸਾ ਜੀ ਦਸ਼ਮੇਸ਼ ਜੀ ਦੀ ਪਰਖ ਵਿਚ ਪੂਰੇ ਉਤਰੇ ਸਨ। ਸਿੱਖ ਨੂੰ " **ਸਗ** " ਲਿਖਣ ਵਾਲੇ ਕਾਜ਼ੀ ਨੂਰ ਮੁਹੰਮਦ ਨੇ ਵੀ ਆਖ਼ਰ ਸਮੁੱਚੀ ਕੌਮ ਦੇ ਸੋਹਿਲੇ ਗਾਉਂਦਿਆਂ -" ਈਂ ਸਗਾਂ ਰਾ ਮਗੋ ਸਗ ਕਿ ਈਂ ਸ਼ੇਰ ਅੰਦ-" ਅੱਗੇ ਜੋ ਲਿਖਿਆਂ ਉਸ ਦਾ ਸਾਰੰਸ਼---ਗੁਰੂ ਦੇ ਇਹ ਸਿੱਖ ਝੂਠ ਬੋਲਣਾ ਨਹੀਂ ਜਾਣਦੇ, ਔਰਤਾਂ ਨੂੰ " ਬੁੜ੍ਹੀਆਂ " ਕਹਿੰਦੇ ਹਨ, ਇਨ੍ਹਾਂ ਦੀ ਨਜ਼ਰ ਵਿਚ ਜਵਾਨ ਇਸਤ੍ਰੀ ਹੈ ਹੀ ਕੋਈ ਨਹੀਂ। ਜੰਗਲ ਵਿਚ ਇਕੱਲੀ ਇਸਤ੍ਰੀ ਨੂੰ, ਨੌਜਵਾਨ ਸਿੰਘ ਮਿਲ ਜਾਏ ਤਾਂ, ਸਮਝਦੀ ਹੈ ਉਸ ਦੀ ਜਾਨ ਅਤੇ ਇੱਜ਼ਤ-ਆਬਰੂ ਦਾ ਰਾਖਾ ਮਿਲ ਪਿਆ ਹੈ. ਚੋਰੀ ਕਰਨੀ ਗੁਨਾਹ ਮਨਦੇ ਹਨ, ਪਰਾਏ ਹੱਕ ਨੂੰ ਮੁਰਦਾਰ ਕਹਿੰਦੇ ਹਨ, ਲੜਾਈ ਸਹੇੜਨ ਵਿਚ ਪਹਿਲ ਕਦੇ ਨਹੀਂ ਕਰਦੇ, ਗਲ ਆ ਪਈ ਜੰਗ ਸਮੇ ਪਿੱਠ ਤੇ ਵਾਰ ਨਾ ਕਰਦੇ ਹਨ ਅਤੇ ਆਪ ਪਿੱਠ ਤੇ ਵਾਰ ਖਾਣ ਨਾਲੋਂ ਸਨਮੁਖ ਜੂਝ ਕੇ ਸ਼ਹਾਦਤ ਪਾ ਲੈਣੀ ਵਡਭਾਗ ਮੰਨਦੇ ਹਨ। ਪਿਆਦਿਆਂ ਤੇ ਵਾਰ ਕਰਨ ਨਾਲੋਂ ਫੌਜਾਂ ਦੇ ਮੋਹਰੀ ਦੀ ਭਾਲ ਕਰਕੇ ਉਸ ਨਾਲ ਹਿਸਾਬ ਨਿਬੇੜਦੇ ਹਨ, ਗ਼ਰੀਬ ਨਿਤਾਣੇ ਦੇ ਰੱਖਿਅਕ ਬਣੇ ਰਹਿਣਾ ਅਤੇ ਦੁਖਿਅਰੇ ਦਾ ਦਰਦ ਵੰਡਾਉਣਾ, ਆਪਣੇ ਮੁਰਸ਼ਦ ਦੀ ਸੇਵਾ ਮੰਨਦੇ ਹਨ। ਪਰ. ਦਸਮ ਗ੍ਰੰਥ ਦੀ ਸਿਖਿਆ ਦਾ ਸਦਕਾ ਨਿਰਜਨ ਜੰਗਲ ਦੀ ਗਲ ਤਾਂ ਕੀ ਕਰਨੀ ਹੈ, ਅੱਜ, ਸਿੱਖ ਕੋਲ ਲਾਰੀ ਵਿਚ ਬੈਠੀ ਬੀਬੀ ਚੈਨ ਨਾਲ ਸਫ਼ਰ ਨਹੀਂ ਕਰ ਸਕਦੀ। ਵੈਰੀਆਂ ਤੋਂ ਕੌਮੀ ਤੌਰ ਤੇ ਆਪਣੀ ਸੋਭਾ ਕਰਾਉਣ ਵਾਲਾ ਖ਼ਾਲਸਾ ਪੰਥ, ਅਜੇਹਾ ਨਿੱਘਰ ਗਿਆ ਹੋਇਆ ਹੈ ਕਿ, ਕਿਹੜੇ ਸਿੱਖ ਤੇ ਇਤਬਾਰ ਕਰੀਏ- ਅਜੇਹਾ ਦੁਖਦਾਤਈ ਪ੍ਰਸ਼ਨ ਚਿੰਨ੍ਹ ਲੱਗ ਚੁੱਕਾ ਹੈ ਕਿ, ਉੱਤਰ ਲੱਭਣਾ ਕਠਨ ਹੋ ਗਿਆ ਹੈ। ਇਕ ਗੋਰੇ ਵਿਦਵਾਨ ਦਾ ਭਾਸ਼ਨ (ਟੇਪ ਵਿਚ ਰੀਕਾਰਡ ਹੈ) ਸੁਣਿਆਂ ਆਪਣੇ ਆਪੇ ਦੇ ਅਜੇਹੇ ਦਰਸ਼ਨ ਹੁੰਦੇ ਹਨ ਕਿ ਸ਼ਰਮ ਨਾਲ ਡੁੱਬ ਮਰਨ ਲਈ "

ਚੁਲੂ ਭਰ ਪਾਣੀ " ਲੱਭਣਾ ਆਉਖਾ ਬਣ ਜਾਂਦਾ ਹੈ। ਬਚਨਾਂ ਦਾ ਪੱਕਾ, ਕਰਣੀ ਦਾ ਸੂਰਾ ਅੰਦਰੋਂ ਬਾਹਰੋਂ ਇਕ, ਸੁਚ ਆਚਾਰੀ, ਪਰਉਪਕਾਰੀ, ਤਿਆਗੀ ਵੈਰਾਗੀ, ਗ੍ਰਿਹਸਤੀ ਸਿੰਘ ਲਭਣਾ ਵਡੀ ਕਠਨ ਬਾਤ ਹੈ ਕਿ ਨਹੀਂ ? ਏਹੀ ਕਾਰਨ ਹੈ ਜੋ ਦਾਸ ਨੇ ਤੁਹਾਨੂੰ ਲਿਖੀ ਚਿੱਠੀ ਤੇ ਗੁਰੂਬਾਣੀ ਦਾ ਸਲੋਕ ਲਿਖਿਆ ਜੋ ਤੁਹਾਨੂੰ ਸੂਲ ਬਣ ਕੇ ਚੁੱਭਾ। ਸਮਝ ਆ ਗਈ ਕਿ, ਗੁਰਮੁਖ ਨਹੀਂ ਮਿਲਿਆ।

-------ਇਹ ਬਚਨ--" ਬਿਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ ਤੱਕ " ਤੁਹਾਡੀ ਲਿਖੀ ਪੁਸਤਕ ਸੁਚੱਜੀ ਹੈ-ਸ਼ਾਇਦ ਤੁਸਾਂ ਕਿਤੋਂ ਸੁਣੇ ਸੁਣਾਏ ਲਿਖੇ ਹਨ, ਕਿਉਂਕਿ ਜੇ ਤੁਸਾਂ ਪੁਸਤਕ ਪੜ੍ਹੀ ਹੁੰਦੀ ਤਾਂ ਉਸ ਦੀ ਭੂਮਕਾ ਵਿਚ ਹੀ ਦਾਸ ਨੇ ਖੰਡੇ ਬਾਟੇ ਦੀ ਪਾਹੁਲ ਛਕਣ ਬਾਰੇ ਅਤੇ ਫਿਰ ਤੀਸਰੀ ਪੁਸਤਕ ਵਿਚ ਪਾਹੁਲ ਛਕਣ ਦਾ ਪੂਰਾ ਦ੍ਰਿਸ਼ਯ ਚਿਤਿਰਿਆ ਹੋਇਆ ਹੈ। ਪੰਜ ਕਕਾਰ ਤਾਂ ਇਸ ਸਮੇ ਵੀ ਸਰੀਰ ਦਾ ਸ਼ਿੰਗਰ ਬਣ ਰਹੇ ਹਨ। ਪਰ, ਕੇਵਲ ਮਨਮੁਖ ਦੇ ਵਿਖਾਵਾ ਮਾਤ੍ਰ ਅਜੇਹੇ ਧਾਰਮਿਕ ਸ਼ੰਗਾਰ ਬਾਰੇ ਸਤਿਗੁਰੂ ਜੀ ਦਾ ਫ਼ੁਰਮਾਨ--**ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥ ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥੨॥**

------ਤੁਸਾਂ ਕਿਉਂਕਿ ਕੇਵਲ " ਅੰਮ੍ਰਿਤ  ਛਕਿਆ " ਲਿਖਿਆ ਹੈ, ਕਿਹੜਾ ਅੰਮ੍ਰਿਤ ਛਕਣ ਦੀ ਗੱਲ ਹੈ ? ਹੁਣ ਦਾਸ ਨੂੰ ਇਹ ਕੋਣ ਦੱਸੇ ? ਕਿਉਂਕਿ, ਕੇਵਲ ਛਕਣ ਜਾਂ ਖਾਣ ਸ਼ਬਦ ਖੰਟੇ ਬਾਟੇ ਦੇ " ਅੰਮ੍ਰਿਤ " ਨਾਲ ਹੀ ਜੁੜੀ ਹੋਈ ਨਹੀਂ ਹੈ, ਗੁਰੂ ਗ੍ਰੰਥ ਸਾਹਿਬ ਜੀ ਦਾ ਅੰਮ੍ਰਿਤ, ਚੱਖਣ ਛਕਣ, ਪੀਣ ਨੂੰ ਸੁਆਦ ਮਿੱਠਾ ਅਤੇ ਸਗੋਂ ਹੰਡਾਉਂਣ ਜੋਗ ਵੀ ਹੈ--- ?

(ੳ)--- **ਆਦਿ ਮਧਿ ਅਰੁ ਅੰਤਿ ਪਰਮੇਸਰਿ ਰਖਿਆ ॥ ਸਤਿਗੁਰਿ ਦਿਤਾ ਹਰਿ ਨਾਮੁ ਅੰਮ੍ਰਿਤੁ ਚਖਿਆ ॥**
**ਸਾਧਾ ਸੰਗੁ ਅਪਾਰੁ ਅਨਦਿਨੁ ਹਰਿ ਗੁਣ ਰਵੈ ॥ ਪਾਏ ਮਨੋਰਥ ਸਭਿ ਜੋਨੀ ਨਹ ਭਵੈ ॥ ਸਭੁ ਕਿਛੁ**
**ਕਰਤੇ ਹਥਿ ਕਾਰਣੁ ਜੋ ਕਰੈ ॥ ਨਾਨਕੁ ਮੰਗੈ ਦਾਨੁ ਸੰਤਾ ਧੂਰਿ ਤਰੈ ॥੧॥**

(ਅ)---**ਸਭੁ ਕਿਹੁ ਤੇਰੈ ਵਸਿ ਹੈ ਤੂ ਸਚਾ ਸਾਹੁ ॥ ਭਗਤ ਰਤੇ ਰੰਗਿ ਏਕ ਕੈ ਪੂਰਾ ਵੇਸਾਹੁ ॥ ਅੰਮ੍ਰਿਤੁ ਭੋਜਨੁ ਨਾਮੁ**
**ਹਰਿ ਰਜਿ ਰਜਿ ਜਨ ਖਾਹੁ ॥ ਸਭਿ ਪਦਾਰਥ ਪਾਈਅਨਿ ਸਿਮਰਣੁ ਸਚੁ ਲਾਹੁ ॥ ਸੰਤ ਪਿਆਰੇ ਪਾਰਬ੍ਰਹਮ**
**ਨਾਨਕ ਹਰਿ ਅਗਮ ਅਗਾਹੁ ॥੨੦॥**

(ੲ)---**ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥ ਅਵਰੁ ਨ ਜਾਣਾ ਦੂਆ ਤੀਆ ॥**
**ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ ॥੧੨॥**

(ਸ)---**ਪੂਰੈ ਭਾਗਿ ਸਤਿਗੁਰੁ ਪਾਈਐ ਜੇ ਹਰਿ ਪ੍ਰਭੁ ਬਖਸ ਕਰੇਇ ॥ ਓਪਾਵਾ ਸਿਰਿ ਓਪਾਉ ਹੈ ਨਾਉ ਪਰਾਪਤਿ ਹੋਇ ॥**
**ਅੰਦਰੁ ਸੀਤਲੁ ਸਾਂਤਿ ਹੈ ਹਿਰਦੈ ਸਦਾ ਸੁਖੁ ਹੋਇ ॥ ਅੰਮ੍ਰਿਤੁ ਖਾਣਾ ਪੈਨ੍ਣਾ ਨਾਨਕ ਨਾਇ ਵਡਿਆਈ ਹੋਇ ॥੧॥**

(ਹ)---ਗਿਆਨੀ ਜੀ ! ਕੀ ਤੁਹਾਡੇ ਲਈ ਵੀ ਸਤਿਗੁਰਾਂ ਦੇ ਇਹ ਬਚਨ, ਅਰਥਹੀਣ ਹੀ ਹਨ ਜੀ:-
ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥ **ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥**
ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥ ਤਿਨ੍ਹੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ ॥੧॥

ਕਦੇ ਇਸ ਅੰਮ੍ਰਿਤ ਦੀ ਵੀ ਗਲ ਲਿਖ ਭੇਜਿਉ, ਜਿਹੜਾ ਅਦ੍ਰਿਸ਼ਟ ਸਰੀਰ ਦੀਆਂ ਉਂਗਲਾਂ ਢਿੱਲੀਆਂ ਕਰਕੇ ਅਸਾਂ ਵਿਅਰਥ ਗੁਆ ਦਿੱਤਾ-" **ਕਰ ਮਹਿ ਅੰਮ੍ਰਿਤੁ ਆਨਿ ਨਿਸਾਰਿਓ ॥ ਖਿਸਰਿ ਗਇਓ ਭੂਮ ਪਰਿ ਡਾਰਿਓ ॥੨॥**

ਗੁਰੂ ਗ੍ਰੰਥ ਸਾਹਿਬ ਜੀ ਦੇ ਸੈਕੜੇ ਗੁਰੂ ਸ਼ਬਦਾਂ ਵਿਚੋਂ ਵਣਗੀ ਮਾਤ੍ਰ ਅੰਮ੍ਰਿਤ ਚੱਖਣ, ਖਾਣ, ਪੀਣ ਅਥਵਾ ਪਹਿਣਨ ਆਦ ਬਾਰੇ ਇਹ ਗੁਰੂ ਸ਼ਬਦ ਲਿਖੇ ਹਨ। ਖੰਡੇ ਬਾਟੇ ਦੇ ਅੰਮ੍ਰਿਤ ਦੇ ਦਾਤੇ, ਸ਼੍ਰੀ ਦਸ਼ਮੇਸ਼ ਜੀ ਨੇ **ਜੇ** ਵਾਕਿਆਂ ਹੀ. ਦਸਮ ਗ੍ਰੰਥ ਆਪਣੇ ਕਰ ਕੰਵਲਾਂ ਨਾਲ ਹੀ ਲਿਖਿਆ ਸੀ, ਉਸ ਵਿਚ ਤਾਂ ਅੰਮ੍ਰਿਤ ਬਾਰੇ ਬੜੇ ਵਿਸਥਾਰ ਨਾਲ ਲਿਖਿਆ ਮਿਲ ਜਾਣਾ ਚਾਹੀਦਾ ਹੈ । ਕੀ, ਆਪ ਜੀ, ਅੰਮ੍ਰਿਤ ਦੀ ਤਿਆਰੀ ਬਾਰੇ, ਸੀਸ ਭੇਟ ਬਾਰੇ. ਅੰਮ੍ਰਿਤ ਛਕਣ ਬਾਰੇ, ਕਕਾਰਾਂ ਦੀ ਰਹਿਤ ਆਦਿ ਬਾਰੇ ਲਿਖੇ ਉਪਦੇਸ਼ ਦੀ ਕੋਈ ਉਦਾਹਰਣ ਦੇ ਸਕਦੇ ਹੋ। ਹੋਰ ਤਾਂ ਛਡਿਆ, ਉਸ ਗ੍ਰੰਥ ਵਿਚੋਂ " ਅੰਮ੍ਰਿਤ " ਲਫਜ਼ ਮਾਤਰ ਹੀ ਵਿਖਾ ਦਿਉ। ਜਿਸ ਗ੍ਰੰਥ ਵਿਚ ਹੋਰ ਦੇਵੀ ਦੇਵਤਿਆ ਦੇ, ਕ੍ਰਿਸ਼ਨ ਅਤੇ ਉਸ ਦੀ ਰਖੇਲ ਰਾਧਾ ਦੇ ਮਾਤਾ ਪਿਤਾ ਅਦਿ ਪਰਵਾਰ ਦਾ ਸਾਰਾ ਅਤਾ ਪਤਾ ਅਤੇ ਹੋਰ ਕਈ ਕੁਝ ਲਿਖਿਆ ਹੈ, ਕੀ ਏਸੇ ਤਰ੍ਹਾਂ ਦਸ਼ਮੇਸ਼ ਜੀ ਨੇ ਆਪਣੇ ਗ੍ਰਿਹਸਤੀ ਜੀਵਨ ਬਾਰੇ ਅਥਵਾ ਆਪਣੇ ਸੂਰਬੀਰ ਬੇਟਿਆਂ ਬਾਰੇ ਵੀ ਕੁਝ ਲਿਖਿਆ ਹੈ ਜੀ ? ਕੀ ਆਪਣੀ ਜਨਮ ਦਾਤੇ ਮਾਤਾ ਗੁਜਰੀ ਜੀ ਦਾ ਨਾਮ ਤਕ ਵੀ

ਕਿਤੇ ਲਿਖਿਆ ? ਏਥੇ ਇਹ ਢੁੱਚਰ--ਜੀ ਉਨ੍ਹਾਂ ਦੀਆਂ ਉਹ ਜਾਣਨ। ਅਸੀਂ ਕੌਣ ਹੋਏ ਕਿੰਤੂ ਕਰਨ ਵਾਲੇ ? ਭਾਵ, ਸਚ ਨਾ ਬੋਲਣਾ. ਨਾ ਸੁਣਨਾ, ਅਤੇ ਨਾ ਹੀ ਮੰਨਣਾ ? ਤੁਹਾਡੀ ਨਿਰਣੇਕਾਰੀ ਪੜ੍ਹ ਕੇ ਨਿਹਾਲ ਨਿਹਾਲ ?

**2-**---ਜਦੋਂ ਅੰਮ੍ਰਿਤ ਸਿੰਚਾਰ ਹੋਇਆ ਸੀ, ਕਿਹੜੀਆਂ ਪੰਜ ਬਾਣੀਆਂ ਦਾ ਉਚਾਰਨ ਕੀਤਾ ਗਿਆ ਸੀ? ਕੀ, ਆਪ ਇਨ੍ਹਾਂ ਬਾਣੀਆਂ ਦੇ ਨਿਤਨੇਮੀ ਹੋ?

ਅੰਮ੍ਰਿਤ ਤਿਆਰ ਕਰਨ ਸਮੇ ਉਹ ਬਾਣੀ ਤਿੰਨ ਸਨ ਜਿਨ੍ਹਾਂ ਨੂੰ ਦਸ਼ਮੇਸ਼ ਜੀ ਨੇ ਗੁਰਿਆਈ ਦੇ ਕਾਬਲ ਨਾ ਸਮਝਿਆ>

(ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਨ ਦੇ ਏਡੇ ਜ਼ਰੂਰੀ ਕਾਰਜ ਸਮੇ ਜੇ, ਕਥਿਤ ਤੌਰ ਤੇ ਜਾਪ-ਚੌਪਈ, ਸਵਯੇ ਸਤਿਗੁਰਾਂ ਨੇ ਪੜ੍ਹੇ ਸਨ ਤਾਂ, ਤੁਹਾਡਾ ਕੀ ਵਿਚਾਰ ਹੈ ਕਿ, ਉਨ੍ਹਾਂ ਬਾਣੀਆਂ ਨੂੰ " **ਨਾਨਕ** " ਨਾਮ ਦੀ ਮੋਹਰ ਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗ ਬਣਾ ਕੇ ਉਨ੍ਹਾਂ ਨੂੰ ਗੁਰਿਆਈ ਦੇਣੀ ਅਭੁੱਲ ਸਤਿਗੁਰੂ ਜੀ, ਕੀ ਭੁੱਲ ਗਏ ਸਨ ? ਕਿ, ਜਾਂ ਅਜੇਹਾ ਕਰਨਾ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਹੈ ਹੀ ਨਹੀਂ ਸੀ ? ਕਿ ਜਾਂ ਇਨ੍ਹਾਂ ਬਾਣੀਆਂ ਦਾ ਉਸ ਸਮੇ ਕੋਈ ਵਜੂਦ ਹੀ ਕੋਈ ਨਹੀਂ ਸੀ ? ਕਿ, ਜਾਂ ਉਨ੍ਹਾਂ ਜਾਣ ਬੁੱਝ ਕੇ ਰੋਲ ਘਚੋਲਾ ਰਹਿਣ ਦਿੱਤਾ ਕਿ, ਆਪਸ ਵਿਚ ਝਗੜਦਾ, ਪੰਥ ਫੁੱਟ ਦਾ ਸ਼ਿਕਾਰ ਹੋ ਕੇ ਕਮਜ਼ੋਰ ਹੁੰਦਾ ਰਹੇਗਾ ?) **<** ਤਖ਼ਤ ਚਵਰ ਦੇ ਸਦੀਵੀ ਮਾਲਕ ਗੁਰਪਰਮੇਸ਼ਰ ਸਤਿਗੁਰੂ ਗ੍ਰੰਥ ਸਾਹਿਬ ਦੀਆਂ ਕੇਵਲ **ਦੋ** (ਜਪੁ ਸਾਹਿਬ ਅਤੇ ਅਨੰਦ ਸਾਹਿਬ) ਬਾਣੀਆਂ ਪੜ੍ਹੀਆਂ ? ਕੀ, ਇਸ ਤਰ੍ਹਾਂ ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਤੁਸਾਂ ਅੱਗੇ ਨਹੀਂ ਲੰਘਾ ਲਿਆ ਹੋਇਆ ਜੀ ? ਅਜੇ ਕਹਿੰਦੇ ਹੋ ਇਸ ਗ੍ਰੰਥ ਨੂੰ ਗੁਰੂ ਕੌਣ ਮੰਨਦਾ ਹੈ। ਗੁਰੂ ਨਾਨਕ ਸਾਹਿਬ ਜੀ ਤੋਂ ਬਣੇ ਗੁਰਿਆਈ ਸੌਂਪੀ ਜਾਣ ਦੇ ਵਿਧਾਨ ਤੋਂ ਬਿਨਾ ਜੇ ਕੋਈ ਬਾਣੀ ਸਗੋਂ ਵਡਾ ਗੁਰੂ ਬਣ ਸਕਦੀ ਹੈ ਤਾਂ ਏਵੇਂ ਹੀ ਕੋਈ ਨਿਰੰਕਾਰਿਆ, ਨਾਮਧਾਰੀਆ, ਰਾਧਾ ਸੁਆਮੀ ਅਦਿ ਗੁਰੂ ਬਣ ਬੈਠੇ ਤਾਂ ਰੋਸ ਕਿਸ ਦਲੀਲ ਨਾਲ ? ਮਾਈ ਸੀਤਾ ਨੇ ਜਦ ਲਛਮਣ ਰੇਖਾ ਟੱਪ ਹੀ ਲਈ , ਤਾਂ ਹੁਣ ਜਿਹੜਾ ਰਾਵਨ ਮਰਜ਼ੀ ਹੈ ਧੂਈ ਫਿਰੇ ?

**ਨਿਤਨੇਮ:-** ਪਹਿਲਾਂ ਨਿਤਨੇਮ ਸਿੱਖ ਰਹਿਤ ਮਰਯਾਦਾ ਅਨੁਸਾਰ ਹੀ ਸੀ ਪਰ, ੧੯੯੯ ਤੋਂ ਤੜਕੇ ੪ ਵਜੇ ਤੋਂ ੯ ਵਜੇ ਤੱਕ ਅਤੇ ਫਿਰ ੧੧ ਵਜੇ ਤੋ ੪ ਵਜੇ ਸ਼ਾਮ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਵਿਚਾਰ ਨਾਲ ਜੁੜੇ ਰਹਿਣਾ ਦਾਸ ਦਾ ਨਿਤਨੇਮ ਹੈ। ਗਿਆਨੀ ਜੀਓ! ਕੀ ਤੁਸੀਂ ਦਾਸ ਨੂੰ ਕੋਈ ਸੇਧ ਦੇ ਸਕੋਗੇ ਕਿ, ਮੌਲਵੀ ਅਤੇ ਨਵਾਬ ਨਾਲ ਰਲ ਕੇ ਨਮਾਜ਼ ਪੜ੍ਹਨ ਦਾ ਬਚਨ ਕਰਕੇ ਸਤਿਗੁਰੂ ਨਾਨਕ ਸਾਹਿਬ ਜੀ ਨੇ, ਸੁਲਤਾਨ ਪੁਰ ਲੋਧੀ ਵਿਖੇ, ਮਸੀਤ ਵਿਚ ਨਮਾਜ਼ ਨਾ ਪੜ੍ਹ ਕੇ, ਸੰਸਾਰ ਨੂੰ ਕੀ ਉਪਦੇਸ਼ ਦਿੱਤਾ ਸੀ ? ਕੀ, ਉਹ ਉਪਦੇਸ਼ ਸਾਡੇ ਤੇ ਲਾਗੂ ਨਹੀਂ ਹੁੰਦਾ ਜੀ ? "**ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥ ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ ॥੨॥**" ਕੀ, ਤੁਹਾਡੇ ਸਮੇਤ ਕੋਈ ਵੀ ਮਨੁੱਖ ਮੁੜ ਮੁੜ ਉਹੀ (ਮੂੰਹ ਚੜ੍ਹਿਆਂ ਅਥਵਾ ਕੰਠ ਹੋ ਚੁੱਕਾ ਬਾਣੀਆਂ ਪੜ੍ਹਦਿਆਂ) ਨਿਤਨੇਮ ਕਰਨ ਸਮੇ ਆਪਣੇ ਮਨ ਨੂੰ ਪਾਠ ਵਿਚ ਬੰਨ੍ਹੀ ਰੱਖ ਸਕਦਾ ਹੈ ? ਕੀ, ਇਸ਼ਨਾਨ ਕਰਕੇ ਕਛਿਹਰਾ ਪਾਉਂਣ ਤੋਂ ਅਰੰਭ ਹੋ ਕੇ ਪੂਰੇ ਬਸਤਰ ਸਜਾਉਣ ਤੱਕ ਕਈ ਗੁਰਸਿਖ ਨਿਤਨੇਮ (ਵਾਲਾ ਟੰਟਾ) ਮੁਕਾ ਨਹੀਂ ਲੈਂਦੇ। **ਤ੍ਰੈ ਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ ॥ ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ ॥੨॥** ਕੀ, ਨਿਤਨੇਮ ਲਈ ਮਿਥੀਆਂ ਹੋਈਆਂ ਬਾਣੀਆਂ ਪੜ੍ਹ ਲੈਣੀਆਂ ਹੀ ਧਰਮ ਬਣ ਜਾਣ ਦੇ ਕਾਰਨ ਲਗ-ਪਗ ਸਾਰਾ ਪੰਥ ਗੁਰੂ ਗ੍ਰੰਥ ਸਾਹਿਬ ਦੇ ਨਾਸਵੰਤ ਅਥਵਾ ਦ੍ਰਿਸ਼ਮਾਨ ਸਰੂਪ ਤੋਂ ਅਗਾਂਹ ਲੰਙਣਾ ਵਿਸਾਰ ਕੇ, ਗੁਰੂ ਬਾਣੀ ਦੇ ਰਤਨ ਜਵਾਹਰ ਮਾਣਕ ਉਪਦੇਸ਼ ਤੋਂ ਵਾਂਜਿਆ ਨਹੀਂ ਰਹਿ ਗਿਆ ? ਕੀ, ਰਹਿਤ ਮਰਯਾਦਾ ਵਿਚ, " ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਬਣਾ ਲੈਣਾ ਸਿੱਖੀ ਦੀ ਜ਼ਰੂਰੀ ਸ਼ਰਤ "- ਵੀ ਲਿਖ ਦੇਣੇ ਬੜੇ ਜ਼ਰੂਰੀ ਨਹੀਂ ਸਨ ਜੀ ? ਪੰਥ ਵਲੋਂ ਬਣੀ ਰਹਿਤ ਮਰਯਾਦਾ ਵਿਚ " ਸੁਚ ਆਚਾਰ " ਦੀ ਗੱਲ ਨਾ ਹੋਣੀ ਕੀ, ਪੰਥਕ ਬਦ-ਕਿਸਮਤੀ ਸਿੱਧ ਨਹੀਂ ਹੋ ਰਹੀ ਹੈ ਜੀ ?

ਆਪਣੀ ਤਰਕ-ਤੋਪ ਦਾ ਮੁਹਾਣਾ ਦਾਸ ਵਲ ਮੋੜ ਕੇ ਹੁਣ ਇਹ ਦੋਸ਼ ਨਾ ਲਾਉਣ ਲੱਗ ਪੈਣਾ ਕਿ, ਦਾਸ ਪੰਥ ਦੇ ਨਿਰਣਿਆਂ ਦਾ ਵਿਰੋਧੀ ਬਣ ਚੁੱਕਾ ਹੈ। **ਸੰਤੁ ਮਿਲੈ ਕਿਛੁ ਸੁਨੀਐ ਕਹੀਐ॥ ਮਿਲੈ ਅਸੰਤੁ ਮਸਟਿ ਕਰਿ ਰਹੀਐ ॥੧॥** ਏਸੇ ਲੋਚਣਾ ਨਾਲ ਹੀ, ਕਿ ਹੇ ਦਾਤਾਰ ਜੀ! ਮਨਮੁਖ ਦੀ ਸੰਗਤਿ ਤੋਂ ਬਚਾ ਕੇ ਕਿਸੇ ਗੁਰਮੁਖ ਪਿਆਰੇ ਨਾਲ ਮਿਲਾਪ ਹੋਵੇ--ਚਿੱਠੀ ਦੇ ਅਰੰਭ ਵਾਲੇ ਗੁਰੂ ਬਚਨ ਦਾ ਜਿਵੇ ਤੁਸਾਂ ਪੁੱਠਾ ਅਸਰ ਕਬੂਲ ਕਰ ਲਿਆ ਏਥੇ ਵੀ ਕਿਤੇ ਉਹੀ ਲੋਹੜਾ ਨਾ ਵਜ ਜਾਏ ? ਵਾਹਿਗੁਰੂ ਜੀ ਮਿਹਰ ਕਰਨ ਦਾਸ ਦਾ ਇਹ ਸ਼ੰਕਾ ਨਿਰਮੂਲ ਸਿੱਧ ਹੋਵੇ ਅਤੇ ਤੁਸੀਂ ਦਾਸ ਦੇ ਅੰਤਰੀਵ ਭਾਵ ਨੂੰ ਸਮਝ ਕੇ ਸੁਹਿਰਦਤਾ ਨਾਲ ਗੁਰਮਤਿ ਸੇਧਾਂ ਬਖ਼ਸ਼ਸ਼ ਕਰਦੇ ਰਹਿਣ ਵਾਲੇ ਮਿੱਤਰ ਪਿਆਰੇ ਬਣੋ।

**3-**੧ਓ-ਗੁਰਪ੍ਰਸਾਦਿ ਦੀ ਥਾਂ ਵਾਹਿਗੁਰੂ ਜੀ ਕੀ ਫ਼ਤਹਿ" ਕਿਸ ਨੇ ਲਿਆਂਦੀ ? ਅਜਿਹੀ ਤਰਕ ਮੰਦਭਾਗੀ ਹੈ, ਆਪ ਵਰਗੇ ਸੂਝਵਾਨ ਪੁਰਸ਼ਾਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ।(ਅ) ਜਿਹੜਾ ਪਾਤਸ਼ਾਹ ਤਖ਼ਤ ਉਤੇ ਸ਼ੁਸੋਭਿਤ ਹੁੰਦਾ ਹੈ, ਉਸ ਨੂੰ ਤਬਦੀਲੀ ਕਰਨ ਦਾ ਸਭ ਅਧਿਕਾਰ ਹੁੰਦਾ ਹੈ

**----**ਲਿਖਣ ਵਿਧੀ ਤੋਂ ਲੱਗਦਾ ਹੈ ਕਿ, ਭੁਲ ਨਹੀਂ ਹੋਈ, ਸਗੋਂ ਤੁਸਾਂ ਜਾਣ ਬੁੱਝ ਕੇ ਇਉਂ ਲਿਖਿਆ ਹੈ। ਦਾਸ ਨੇ, " **ੴ ਗੁਰਪ੍ਰਸਾਦਿ ਦੀ ਗਲ ਨਹੀਂ ਸਗੋਂ " ੴ ਸਤਿਗੁਰ ਪ੍ਰਸਾਦਿ**" ਦੀ ਅਤੇ ਕੇਵਲ " ਵਾਹਿਗੁਰੂ ਜੀ ਕੀ ਫ਼ਤਹਿ " ਨਹੀ ਸਗੋਂ ੴ ਵਾਹਿਗੁਰੂ ਜੀ ਕੀ ਫ਼ਤਹਿ ਦੀ ਗਲ ਕੀਤੀ ਹੈ। ਇਸ ਪ੍ਰਸ਼ਨ ਵਿਚ " **ਤਰਕ** " ਪਦ ਪੜ੍ਹ ਕੇ ਹੋਰ ਵੀ ਵੱਧ ਹੈਰਾਨੀ ਹੋਈ ਹੈ । ਦਾਸ ਤਾਂ ਮੰਨਦਾ ਹੀ ਨਹੀਂ ਕਿ, " ੴ ਵਾਹਿਗੁਰੂ ਜੀ ਕੀ ਫ਼ਤਹਿ " ਦਸ਼ਮੇਸ਼ ਜੀ ਦੀ ਆਪਣੀ ਲਿਖਤ ਹੈ। ਦਸ਼ਮੇਸ਼ ਜੀ ਦੇ ਆਪਣੇ ਪਿਤਾ ਗੁਰਦੇਵ ਤੱਕ-**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥** ਗੁਰਬਾਣੀ ਵਾਕ ਦੀ jd, ਪਾਲਣਾ ਹੁੰਦੀ ਰਹੀ ਹੈ, ਫਿਰ ਦਸ਼ਮੇਸ਼ ਜੀ ਨੇ ਗੁਰਬਾਣੀ ਨੂੰ ਕਿਸ ਮਜਬੂਰੀ ਕਾਰਨ ਉਲਟਾਉਣੀ ਸੀ ? ਪਰ, ਮੁੜ ਮੁੜ ਏਹੀ ਗਲ ਪੁਛੀ ਜਾਣ ਦਾ ਕੀ ਅਰਥ ?

------"ਤੁਹਾਡੇ ਇਹ ਬਚਨ-" ਜਿਹੜਾ ਪਾਤਸ਼ਾਹ ਤਖ਼ਤ ਉੱਤੇ ਸ਼ੁਸ਼ੋਭਿਤ ਹੁੰਦਾ ਹੈ, ਉਸ ਨੂੰ ਤਬਦੀਲੀ ਕਰਨ ਦਾ ਸਭ ਅਧਿਕਾਰ ਹੁੰਦਾ ਹੈ " ਅਰਥਹੀਣ ਇਸ ਕਾਰਨ ਹਨ, ਕਿਉਂਕਿ, ਸੰਸਾਰੀ ਪਾਤਸ਼ਾਹੀ ਤੋਂ, ਸਤਿਗੁਰੂ ਨਾਨਕ ਸਾਹਿਬ ਜੀ ਦੀ ਅਬਿਚਲ ਅਟਲ ਪਾਤਸ਼ਾਹੀ ਦੀ ਮਰਯਾਦਾ ਅਲੱਗ ਹੈ- '**ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥੭॥**" ਇਹ ਤਾਂ ਹੋ ਹੀ ਨਹੀਂ ਸਕਦਾ ਕਿ, ਝੂਠ ਨੂੰ ਸੱਚ ਮੰਨ ਬੈਠਣ ਦਾ ਭੁੱਸ ਪੈ ਜਾਣ ਤੋਂ ਗਿਆਨੀ ਹਰਬੰਸ ਸਿੰਘ ਜੀ ਵਰਗਾ ਗੁਰਮਤਿ ਦਾ ਗਿਆਤਾ ਸੱਚ ਦੀ ਪਛਾਣ ਹੀ ਭੁੱਲ ਬੈਠਾ ਹੋਵੇ ? ਭਾਈ ਗੁਰਦਾਸ ਜੀ ਦੇ ਇਸ ਕਥਨ ਦੀ ਮਹਿੱਤਤਾ ਤੁਹਾਥੋਂ ਕਿਹੜੀ ਭੁੱਲੀ ਹੋਈ ਹੈ ਜੀ :--

------ ਦੁਨੀਆਵਾ ਪਾਤਿਸਾਹੁ ਹੋਇ ਦੇਇ ਮਰੇ ਪੁਤੈ ਪਾਤਿਸਾਹੀ । **ਦੋਹੀ ਫ਼ੇਰੈ ਆਪਣੀ ਹੁਕਮੀ ਬੰਦੇ ਸਭ ਸਿਪਾਹੀ ।**



www.radiovirsanz.com Radio Virsa New Zealand 107 FM

-------------ਕੁਤਬਾ ਜਾਇ ਪੜਾਇਦਾ ਕਾਜੀ ਮੁੱਲਾਂ ਕਰੈ ਉਗਾਹੀ। ਟਕਸਾਲੈ ਸਿਕਾ ਪਵੈ ਹੁਕਮੈ ਵਿਚਿ ਸਪੇਦੀ ਸਿਅਹੀ।
-------------ਮਾਲੁ ਮੁਲਕੁ ਅਪਣਾਇਦਾ ਤਖ਼ਤ ਬਖ਼ਤਿ ਚੜਿ ਬੇਪਰਬਾਹੀ। **ਬਾਬਾਣੈ ਘਰਿ ਚਾਲੇ ਗੁਰਮੁਖਿ ਗਾਡੀ ਰਾਹੁ ਨਿਬਾਹੀ।**
------------**ਇਕ ਦੇਹੀ ਟਕਸਾਲ ਇਕ ਕੁਤਬਾ ਤਖ਼ਤੁ ਸਚਾ ਦਰਗਾਹੀ। ਗੁਰਮੁਖਿ ਸੁਖ ਫਲੁ ਦਾਦਿ ਇਲਾਹੀ ॥੩੧॥**

ਤੁਹਾਥੋਂ ਚੰਗੇ ਅਰਥ ਕੌਣ ਕਰ ਸਕਦਾ ਹੋਵੇਗਾ, ਪਰ ਦਾਸ ਨੇ ਭਾਈ ਵੀਰ ਸਿੰਘ ਜੀ ਦੀ ਸੰਪਾਦਨਾ ਵਾਲੀ ਜਿਸ ਦਾ, ਟੀਕਾ-ਕਾਰ ਗਿਆਨੀ ਹਜ਼ਾਰਾ ਸਿੰਘ ਜੀ ਪੰਡਿਤ ਹਨ, ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਪੁਸਤਕ ਵਿਚੋਂ ਅਰਥਾਂ ਸਮੇਤ ਉਪਰੋਕਤ ਪਉੜੀ ਪੜ੍ਹੀ ਹੈ।

ਦਸ਼ਮੇਸ਼ ਜੀ ਦੇ ਪਿਤਾਮਾ ਸਤਿਗੁਰੂ ਅਰਜਨ ਦੇਵ ਜੀ ਨੇ **ਸਵਯੇ ਸ੍ਰੀ ਮੁਖਬਾਕ੍ ਮਹਲਾ ੫-** ਦੇ ਪਹਿਲੇ ਚਾਰ ਸਵਯਾਂ **ਵਿਚ**, ਚਾਰ ਬਾਰ-" **ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ ॥ ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥੧॥** ਮੁੜ ਮੁੜ ਏਹੀ ਬਚਨ ਲਿਖ ਕੇ ਫਿਰ ਇਸ ਤੋਂ ਅਗਲੇ ਸਵੇਯਾਂ ਦੀਆਂ ਅੰਤਲੀਆਂ ਪੰਗਤੀਆਂ ਵਿਚ ਸਤਿਗੁਰੂ ਨਾਨਕ ਸਾਹਿਬ ਜੀ ਦੀ ਸੰਗਤ ਕਰਨ ਵਾਲੇ ਵਡਭਾਗੀਆਂ ਬਾਰੇ ਇਉਂ ਲਿਖਣਾ ਅਰੰਭ ਕਰ ਦਿੱਤਾ-(੧) " **ਧੰਨਿ ਧੰਨਿ ਤੇ ਧੰਨਿ ਜਨ ਜਿਹ ਕ੍ਰਿਪਾਲੁ ਹਰਿ ਹਰਿ ਭਯਉ ॥ ਹਰਿ ਗੁਰੁ ਨਾਨਕੁ ਜਿਨ ਪਰਸਿਅਉ ਸਿ ਜਨਮ ਮਰਣ ਦੁਹ ਥੇ ਰਹਿਓ ॥੫॥** " (੨) " **ਜਿਹ ਠਾਕੁਰੁ ਸੁਪ੍ਰਸੰਨੁ ਭਯੋ ਸਤਸੰਗਤਿ ਤਿਹ ਪਿਆਰੁ ॥ ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤਿਨ੍ ਸਭ ਕੁਲ ਕੀਓ ਉਧਾਰੁ ॥੬॥** " (੩) " **ਜਿਹ ਕ੍ਰਿਪਾਲੁ ਹੋਯਉ ਗੋੁਬਿੰਦੁ ਸਰਬ ਸੁਖ ਤਿਨਹੂ ਪਾਏ ॥ ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਬਹੁੜਿ ਫਿਰਿ ਜੋਨਿ ਨ ਆਏ ॥੭॥** " (੪) " **ਜਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ ਲਗੇ ਭਗਤੇ ॥ ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਇਤ ਉਤ ਸਦਾ ਮੁਕਤੇ ॥੮॥" ਧੁਰੋਂ ਹੀ ਗੁਰਿਆਈ ਦੀ ਬਖ਼ਸ਼ਸ਼ ਲੈ ਕੇ ਆਏ ਸਤਿਗੁਰੂ ਨਾਨਕ ਸਾਹਿਬ ਜੀ ਲਈ, ਪੰਚਮ ਸਤਿਗੁਰੂ ਜੀ ਨੇ ਅੰਤਲੇ ਸਵਯੇ ਵਿਚ, ਇਉਂ ਫੁਰਮਾਨ ਕੀਤਾ-** (੫) " **ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥ ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥੯॥ ਪੰਚਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ (ਬਾਕੀ ਨੌਆਂ ਹੀ ਪਤਸ਼ਾਹੀਆਂ ਦੇ)** ਗਿਆਨ-ਦਾਤਾ-ਗੁਰੂ ਮੰਨਿਆਂ ਹੈ। ਏਥੋਂ ਤੱਕ ਕਿ, ਪ੍ਰਿੰ: ਸਾਹਿਬ ਜੀ ਦੇ ਕੀਤੇ ਅਰਥਾਂ ਅਨੁਸਾਰ ਸਪੱਸ਼ਟ ਹੈ ਕਿ, ਗੁਰੂ ਪਰਮੇਸ਼ਵਰ ਨਾਨਕ ਸਾਹਿਬ ਜੀ ਦੀ ਪਾਤਸ਼ਾਹੀ ਦੇ ਸਿਧਾਂਤ ਦੀ **ਉਲੰਙਣਾ** ਉਨ੍ਹਾਂ ਦੇ ਉਤਰ ਅਧਿਕਾਰੀਆਂ ਨੇ ਜ਼ਰਾਜਿੰਨੀ ਵੀ ਕਦੇ ਨਹੀਂ ਸੀ ਕਰਨੀ। ਸਤਿਗੁਰੂ ਨਾਨਕ ਸਾਹਿਬ ਜੀ ਦੀ ਪਾਤਸ਼ਾਹੀ ਵਿਚ ਕੇਵਲ " **ਨਾਨਕ** ਮੋਹਰ " ਹੀ ਪਰਵਾਨ ਰਹੀ ਹੈ। " ਨਾਨਕ " ਮੋਹਰ ਤੋਂ ਬਿਨਾਂ ਕੋਈ ਵੀ ਬਾਣੀ ਪਰਵਾਨ ਨਹੀਂ ਸੀ ਹੋ ਸਕਦੀ ਜੀ। ਪਤਾ ਨਹੀਂ ਤੁਹਾਡੇ ਵਰਗੇ ਗਿਆਨੀ ਸਾਹਿਬ ਜੀ ਵੀ ਦਸ਼ਮੇਸ਼ ਜੀ ਦੇ ਮੱਥੇ ਕਈ ਤਰ੍ਹਾਂ ਦੀਆਂ ਭੁੱਲਾਂ, ਕਿਸ ਯੋਜਨਾਂ ਅਧੀਨ ਮੜ੍ਹ ਰਹੇ ਹਨ ?

**4**---"ਠੀਕਰ ਫੋਰ ਦਿਲੀਸ ਸਿਰਿ ਪ੍ਰਭ ਪੁਰ ਕੀਉ ਪਯਾਨ। ਤੇਗ ਬਹਾਦਰ ਸ੍ਰਿ ਕਿਰਿਆ ਕਰੀ ਨ ਕਿਨਹੂੰ ਆਨ " ਆਦਿ ਦੋਹਰੇ ਜੋ ਦਿਲੀ ਦੇ ਹਰੇਕ ਗੁਰਦੁਆਰੇ ਵਿਚ ਪੜ੍ਹੇ ਜਾਂਦੇ ਹਨ, ਕੀ, ਇਹ ਬੰਦ ਕਰਵਾ ਸਕੋਗੇ ?

**ਹਦ ਹੋ ਗਈ ਗਿਆਨੀ ਜੀ**--ਕਿਤੇ ਹਾਸੇ ਨਾਲ ਤੁਸਾਂ ਉਰਦੂ ਜ਼ਬਾਨ ਦੇ ਇਸ ਮੁਹਾਵਰੇ ਦਾ ਚੇਤਾ ਤਾਂ ਨਹੀਂ ਕਰਾ ਰਹੇ--" ਅੰਧੇ ਕੋ ਅੰਧੇਰੇ ਮੇਂ ਬੜੀ ਦੂਰ ਕੀ ਸੂਝੀ "॥ ਦਾਸ ਕੌਣ ਹੈ ਜੀ, ਆਪਣੇ ਫ਼ੈਸਲੇ ਕਿਸੇ ਤੇ ਠੋਸਣ ਵਾਲਾ ? ਦਾਸ ਨੇ ਗੁਰੂ ਬਾਣੀ ਅਨੁਸਾਰ ਵਿਚਾਰ ਲਿਖੇ ਹਨ, ਪਾਠਕਾਂ ਦਾ ਸਮੂਹ, ਅਥਵਾ ਸਿੱਖ ਪੰਥ ਫ਼ੈਸਲਾ ਕੀ ਕਰਦਾ ਹੈ ? ਇਹ ਉਹ ਜਾਣਨ ? ਦਾਸ ਦੇ ਲਿਖੇ ਦੀ ਮਹੱਤਤਾ ਹੀ ਕੀ ਹੈ ਜੀ ? ਮਾਹੀ ਦੀ ਇਸ ਅਪਾਰ ਸਿਰਜਣਾ ਵਿਚ ਕਈ ਪੰਛੀ ਰੰਗਾ ਰੰਗ ਬੋਲੀਆਂ ਬੋਲ ਕੇ ਤੁਰੇ ਜਾ ਰਹੇ ਹਨ। ਸੰਸਾਰ ਉਸੇ ਚਾਲੇ ਚਲਦਾ ਜਾ ਰਿਹਾ ਹੈ, ਜਿਸ ਚਾਲੇ ਇਸ ਨੂੰ (ਆਪਣੇ ਵਜੂਦ ਵਿਚ ਨੱਥੀ ਬੈਠਾ) ਉਹ **ਪਰਮ-ਨਾਥ**, ਚਲਾ ਰਿਹਾ ਹੈ--

**ਬਿਰਖੈ ਹੇਠਿ ਸਭਿ ਜੰਤ ਇਕਠੇ ॥ ਇਕਿ ਤਤੇ ਇਕਿ ਬੋਲਨਿ ਮਿਠੇ ॥**
**ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ ॥੧॥**

ਗਿਅਨੀ ਭਾਗ ਸਿੰਘ ਉਪ੍ਰੰਤ ਹੁਣ ਇਸ ਗ਼ਰੀਬ ਦਾਸਰੇ ਪਿੱਛੇ ਤੁਸਾਂ ਕਿਸ ਕਾਰਨ ਡਾਂਗਾਂ ਖਿਚ ਲਈਆਂ ਹਨ ਜੀ?

**5-** ਨਿਹੰਗ ਸਿੰਘਾ ਵਿਚ ਦਸਮ ਗ੍ਰੰਥ ਦੀ ਬਾਣੀ ਦਾ ਬਹੁਤ ਸਤਿਕਾਰ ਤੇ ਪ੍ਰਚਾਰ ਕੀਤਾ ਜਾਂਦਾ ਹੈ, ਕੀ ਇਹਨਾਂ ਨੂੰ ਕੋਈ ਰੋਕ ਸਕਦਾਹੈ ?

**ਨਿਹੰਗਾਂ ਦੀ ਚਿੰਤਾ-** ਇਸ ਬੇ-ਪੀਰੇ ਲਾਣੇ ਬਾਰੇ ਦਾਸ ਕੋਲੋਂ ਕੀ ਪੁੱਛਦੇ ਹੋ ਜੀ ? ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ, ਛੋਟੇ ਵੱਡੇ ਸਾਰੇ ਨਿਹੰਗ ਸਿੰਘਾਂ ਵਿਚ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਤੋਂ ਬਿਨਾ ਕੋਈ ਵਿਰਲਾ ਹੀ ਹੁੰਦਾ ਹੈ। ਬੱਜਰ ਕੁਰਿਹਤਾਂ ਦੀ ਪਾਬੰਦੀ ਤੋਂ ਲਾਪ੍ਰਵਾਹ, ਇਨ੍ਹਾਂ ਨਿਹੰਗਾਂ ਨੇ, ਸਰੀਰ ਤੇ ਜਿੰਨੇ ਸ਼ਸਤਰ ਸਜਾਏ ਹੁੰਦੇ ਹਨ, ਉਸ ਤੋਂ ਦੂਣੇ ਅਪਰਾਧ ਕਰ ਲੈਣੇ

ਇਨ੍ਹਾਂ ਨੇ ਆਪਣਾ ਹਕ ਸਮਝਿਆ ਹੋਇਆ ਹੈ। ਭਾਵੇਂ ਲੋੜ ਤਾਂ ਨਹੀਂ ਹੈ, ਪਰ ਇਸ ਬੇਮੁਹਾਰੀ ਫ਼ੌਜ ਦਾ ਲੋਕਾਂ ਵਿਚ ਕੀ ਸਤਿਕਾਰ ਹੈ ? ਇਸ ਦਾ ਝਲਕਾਰਾ ਮਾਤ੍ਰ.... ਜੇ ਪੜ੍ਹਨ ਦੀ ਵਾਧੂ ਖੇਚਲ ਦੀ ਖਿਮਾ ਦੇ ਸਕੋ ਤਾਂ ਦਾਸਰਾ ਹਡ-ਬੀਤੀ ਲਿਖਦਾ ਹਾਂ- " ਜੇ ਤੁਸੀਂ ਵਾਕਿਆ ਹੀ ਸੁਚੇਤ ਪੁਲੀਸ ਅਫ਼ਸਰ ਸਾਉ ਤਾਂ, ਤੁਹਾਨੂੰ ਪਤਾ ਹੀ ਹੋਣਾ ਹੈ ਕਿ, ਪਰਾਈ ਕਮਾਈ ਤੇ ਮੌਜਾਂ ਮਾਣਨੀਆਂ-ਗੁਰਮਤਿ ਵਿਰੋਧੀ ਕਾਰਿਆਂ-ਰੋਗ ਦੇ ਪੱਕੇ ਰੋਗੀ ਇਹ " ਨਿਹੰਗ ਸਿੰਘ-ਰੂਪ ਹਰਾਮ-ਖ਼ੋਰ ਵਿਹਲੜ ਲਾਣਾ" ਕੇਵਲ ਝੂਠ ਬਾਣੀਆਂ ਦਾ ਹੀ ਪਾਠ ਨਹੀਂ ਕਰਦਾ, ਸਗੋਂ ਇਨ੍ਹਾਂ ਦੇ ਇਹ **ਨਿਹੰਗ ਡੇਰੇ**, ਸਮਾਜ ਨੂੰ ਗੰਦਾ ਕਰਨ ਵਾਲੇ ਰੰਗਾਂ ਰੰਗ ਦੇ ਨਸ਼ੇ ਕਰਨ ਵਾਲਿਆਂ ਲਈ, ਅਤੇ ਲਗਪਗ ਹਰ ਕਿਸਮ ਦੇ ਅਪਰਾਧੀਆਂ ਵਾਸਤੇ ਝੱਲ ਅਥਵਾ ਪੱਕੇ ਸ਼ਰਨ ਦਾਤੇ ਹਨ। ਆਸ ਹੈ ਜਿਸ ਸੁਹਿਰਦਤਾ ਨਾਲ ਦਾਸ ਆਪਣੀ ਹੱਡ-ਬੀਤੀ ਲਿਖਣ ਲੱਗਾ ਹੈ, ਪੜ੍ਹਨ ਵਿਚ ਤੁਸੀਂ ਵੀ ਵੈਸੀ ਹੀ ਸੁਹਿਰਦ ਅੱਖ ਵਰਤੋਗੇ:-" ੧੯ ੮ ੧੯੬੬ ਨੂੰ ਬਾਬੇ ਬਕਾਲੇ ਦੇ ਮਸ਼ਹੂਰ ਨਿਹੰਗ ਡੇਰੇ ਤੇ ਹੱਲਾ ਬੋਲਣ ਲਈ (SHO ਥਾਣਾ ਬਿਆਸ, ਦਾਸ ਨੂੰ) ਮਜਬੂਰ ਹੋਣਾ ਪਿਆ ਸੀ। ਦਿਨ ਦੇ ੪ ਵਜੇ ਸਨ। ਸਾਰਾ ਬਜ਼ਾਰ ਬੰਦ ਸੀ, ਲੋਕ ਕੋਠਿਆਂ ਤੇ ਚੜ੍ਹੇ ਹੋਏ ਸਨ। ਗੁਰੂ ਹਰਿਗੋਬਿੰਦ ਸਾਹਿਬ ਦੇ ਖੂਹ ਤੇ ਬਣੇ ਨਿਹੰਗਾਂ ਦੇ ਕਬਜ਼ੇ ਵਾਲੇ ਗੁਰੂ ਦੁਆਰੇ ਦੇ ਅੰਦਰ ਗੋਲੀਆਂ ਦਾ ਵਟਾਂਦਰਾ ਹੋਇਆ। ਫਿਰ ਬਰਛੀਆਂ ਦੇ ਹਮਲੇ ਵਿਚ ਦਾਸ ਦਾ ਸਾਥੀ ਹਵਾਲਦਾਰ ਕਿਸ਼ੋਰੀ ਲਾਲ ਅਤੇ ਦਾਸ ਜ਼ਖ਼ਮੀ ਹੋ ਗਏ। ਉਧਰੋਂ ਦੋ ਕਤਲਾਂ ਵਿਚ ਮੁਜਰਮ ਇਸ਼ਤਿਹਾਰੀ ਅੰਮ੍ਰਿਤਧਾਰੀ ਨਿਹੰਗ ਮਾਰਿਆ ਗਿਆ, ਚੋਰੀਆਂ ਵਿਚ ਭਗੋੜੇ ਨਿਹੰਗ ਸਿੰਘ ਜੀ ਦੀ ਲੱਤ ਜ਼ਖ਼ਮੀ ਹੋ ਗਈ। ਕਾਤਲ ਦੇ ਬਾਪ, ਨਿਹੰਗ ਦੇ ਵੀ ਗੋਲੀ ਵੱਜੀ। ੮ ਵਜੇ ਸ਼ਾਮ ਤੱਕ ਸ: ਸੁਖਜਿੰਦਰ ਸਿੰਘ ਖਹਿਰਾ (ਜੋ ਪੰਜਾਬ ਵਜ਼ਾਰਤ ਵਿਚ ਵਜ਼ੀਰ ਵੀ ਰਹੇ ਸਨ) ਰੀਜ਼ਰਵਾਂ ਅਤੇ ਹੋਰ ਸਹਾਇਤਾ ਲੈ ਕੇ ਅੰਮ੍ਰਿਤਸਰੋਂ ਬਾਬੇ ਬਕਾਲੇ ਆ ਪੁੱਜੇ । ਸ: ਸੁਖਜਿੰਦਰ ਸਿੰਘ ਜੀ ਦੇ ਨਾਲ, ਬਲਾਕ ਸਮਤੀ ਦੀ ਮੈਂਬਰ ਬੀਬੀ ਬੰਨਤੀ ਵੀ ਸ਼ਨਾਖ਼ਤ ਲਈ ਮੌਕੇ ਤੇ ਪੁੱਜੀ। ਮਰੇ ਹੋਏ ਨਿਹੰਗ ਨੂੰ ਵੇਖਦਿਆਂ ਹੀ ਜੋ ਸ਼ਬਦ ਬੀਬੀ ਜੀ ਬੋਲੇ ਦਾਸ ਦੇ ਕੰਨਾ ਵਿਚ ਅੱਜ ਵੀ ਓਵੇਂ ਹੀ ਗੂੰਜ ਰਹੇ ਹਨ--" ਹਾਏ ! ਇਸ ਲੌਂਠੇ ਨੇ ਤਾਂ ਕੱਲ੍ਹ ਮੇਰੀ ਧੀ ਫੜ ਲਈ ਸੀ " । ਡੀ ਐਸ ਪੀ ਸਾਹਿਬ ਨੇ ਪੁਛਿਆ " ਥਾਣੇ ਇਤਲਾਹ ਦਿੱਤੀ ਸੀ ? " ਤਾਂ ਰੋ ਕੇ ਬੀਬੀ ਨੇ ਅਖਿਆ ਕਿ, ਕਿੰਨਿਆਂ ਦੇ ਨਾਮ ਸੁਣ ਸਕਦਾ ਹੈਂ ਸਰਦਾਰਾ ! ਇਨ੍ਹਾਂ ਬੁਰਛਿਆਂ ਤੋ ਡਰਦੇ ਆਪਣੀ ਇੱਜ਼ਤ ਦੇ ਨਾਲ ਕਈ ਕੁਝ (ਇੱਜ਼ਤ ਅਤੇ ਮਾਲ ਅਸਬਾਬ) ਲੁਟਿਆ ਜਾਣ ਤੇ ਵੀ ਕਈ ਸਾਲਾਂ ਤੋਂ ਦੁਖਿਆਰੇ ਕਦੇ ਠਾਣੇ ਨਹੀਂ ਸਨ ਜਾਂਦੇ।" ਪਰ ਕਿਉਂ ? " ਤੇਰੀ ਪੁਲਸ ਤਾਂ ਨਿਹੰਗਾ ਦੇ ਵਿਰੁੱਧ ਗਲ ਵੀ ਨਹੀਂ ਸੀ ਸੁਣਦੀ- ਅੱਜ ਤਾਂ ਕਲਗੀਆਂ ਵਾਲੇ ਨੇ ਅਨੋਖਾ ਹੀ ਕੌਤਕ ਵਰਤਾਇਆ ਹੈ ਜੋ ਮੇਰੀ ਧੀ ਦਾ ਸਤਿ ਲੁੱਟਣ ਵਾਲਾ ਅਗਲੇ ਦਿਨ ਹੀ ਮਿੱਟੀ ਵਿਚ ਰੁਲਦਾ ਵੇਖ ਰਹੀ ਹਾਂ " ।

ਅਗਲੇ ਦਿਨ SSP ਸ: ਗੁਰਭਗਤ ਸਿੰਘ ਗਿੱਲ, ਅੰਮ੍ਰਿਤਸਰ ਦੇ **D.C**. ਪੂਨੀ ਸਾਹਿਬ, ਸ: ਸ਼ਿਵ ਸਿੰਘ ਮੈਜਿਸਟਰੇਟ ਅਤੇ ਸਿੱਖ ਤਸੀਲਦਾਰ (ਨਾਮ ਭੁੱਲ ਗਿਆ) ਆਦਿ ਅਫ਼ਸਰਾਂ ਨੇ ਆਉਣਾ ਸੀ. ਹਾਈ ਸਕੂਲ ਵਿਚ ਬੈਠਣ ਦਾ ਪ੍ਰਬੰਧ ਸੀ। ਘੱਟੋ ਘੱਟ ੧●/੧੫ ਹਜ਼ਾਰ ਦਾ ਹਜੂਮ ਸਕੂਲ ਦੇ ਖੇਡ-ਮੈਦਾਨ ਵਿਚ ਜੁੜ ਚੁੱਕਾ ਸੀ। ਹਰ ਪਾਸੇ ਚੁੱਪ ਵਰਤ ਰਹੀ ਸੀ। ਡਰ ਸੀ ਕਿ, ਪਤਾ ਨਹੀਂ ਲੋਕਾਂ ਨੇ ਕੀ, ਬੋਲਣਾ ਹੈ ? ਸ਼ਾਇਦ ਕੀ ਵਰਤੇ ? ਜਿਉਂ ਹੀ ਅਫ਼ਸਰਾਂ ਦੀਆਂ ਕਾਰਾਂ ਆਈਆਂ ਲੋਕਾਂ ਵਿਚ ਅਜੀਬ ਹਿਲਜੁਲ ਹੋਈ। ਅਜੇ D.C, ਸਾਹਿਬ ਕੁਰਸੀਆਂ ਵਾਲਾ ਥੜ੍ਹਾ ਚੜੇ ਹੀ ਸਨ ਕਿ, ਇਕ ਗਭਰੂ ਨੇ ਸੌ ਸੌ ਦੇ ਨੋਟਾਂ ਦਾ ਹਾਰ ਦਾਸ ਦੇ ਗਲ ਵਿਚ ਪਾ ਕੇ ਮੋਢੇ ਤੇ ਚੁੱਕ ਲਿਆ। " ਪੰਜਾਬ ਪੁਲੀਸ ਜ਼ਿੰਦਾ ਬਾਦ " ਬੋਲੇ ਸੋ ਨਿਹਾਲ ਜੈਕਾਰੇ ਗੂੰਜ ਪਏ। ਜੋਗਿੰਦਰ ਸਿੰਘ ਨਾਰਾ ਨਾਮੀ ਨੀਲੀ ਦਸਤਾਰ ਵਾਲੇ ਅੰਮ੍ਰਿਤਧਾਰੀ ਸਿੰਘ ਨੇ ਕਵਿਤਾ ਪੜ੍ਹੀ ਕਿ, " ਸ਼ੁਕਰ ਹੈ ਨਿਹੰਗਾਂ ਦੇ ਜਬਰ ਨੂੰ ਪਲਿਸ ਨੇ ਵੀ ਲਲਕਾਰਿਆ "। ਨਿਹੰਗਾਂ ਦੀਆਂ ਕਰਤੂਤਾਂ ਦਾ ਕੱਚਾ ਚਿੱਠਾ ਸਣਿਆਂ ਨਹੀਂ ਸੀ ਜਾ ਰਿਹਾ। ਪੁਲੀਸ ਦੇ ਇਤਿਹਾਸ ਵਿਚ ਪਹਿਲਾਂ ਸਾਕਾ ਸੀ ਜਦ ਬਾਵਰਦੀ ਪੁਲੀਸ ਨੇ ਗੁਰਦੁਆਰੇ ਵਿਚ ਦਾਖ਼ਲ ਹੋ ਕੇ ਨਿਹੰਗ ਅਪਰਾਧੀਆਂ ਨੂੰ ਹੱਥ ਪਾਇਆ ਸੀ।

ਉਸ ਸਮੇ ਪੰਜਾਬ ਵਿਚ ਕਾਂਗਰਸ ਦੀ ਵਜ਼ਾਰਤ ਦਾ ਚੀਫ਼ ਮਨਿਸਟਰ ਚੌਧਰੀ ਰਾਮ ਲਾਲ ਸੀ। ਬਾਬਾ ਫ਼ਤਹਿ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ (੧) ਜੀਵਨ ਸਿੰਘ ਉਮਰਾ ਨੰਗਲ, (੨) ਸ਼: ਆਤਮਾ ਸਿੰਘ ਕੰਬੋ,(੩) ਜਥੇਦਾਰ ਮੋਹਨ ਸਿੰਥ ਤੁੜ ਦੀ ਕਮੇਟੀ ਬਣਾ ਦਿੱਤੀ। ਕਿ, ਪੁਲਸ ਗੁਰੂ ਦੁਆਰੇ ਕਿਉਂ ਵੜੀ ਸੀ ? ਅਤੇ ਵਧੀਕੀ ਕਿਸ ਧਿਰੋਂ ਹੋਈ ?

ਛੇਤੀ ਹੀ ਜਸਟਿਸ ਗੁਰਨਾਮ ਸਿੰਘ ਦੀ ਲੀਡਰੀ ਵਿਚ ਅਕਾਲੀ ਸਰਕਾਰ ਬਣ ਗਈ। ਚਰਚਾ ਚਲ ਪਈ ਕਿ ਸ਼ਾਇਦ ਹੁਣ ਪੁਲਸ ਦਾ ਬਿਸਤਰਾ ਗੋਲ ਹੋ ਜਾਵੇ ? ਇਕ ਦਿਨ ਉਮਰਾਨੰਗਲੋਂ ਚੌਕੀਦਾਰ ਦਾਸ ਨੂੰ ਬੁਲਾਉਣ ਅਇਆ। ਸੰਤ ਫ਼ਤਹਿ ਸਿੰਘ ਜੀ ਆਏ ਹੋਏ ਸਨ। ਦਾਸ ਨੇ ਵਰਦੀ ਲਾਹੀ ਤੇ ਸਰਕਾਰ ਦੀ ਮਾਲਕ ਬਣ ਚੁੱਕੀ ਅਕਾਲੀਆਂ ਦੀ ਕਮੇਟੀ ਦੀ ਕਚਹਿਰੀ ਵਿਚ ਜਾ ਹਾਜ਼ਰ ਹੋਇਆ। ਸੰਤ ਜੀ ਨੇ ਉਠ ਕੇ ਗਲ ਨਾਲ ਲਾਇਆ-ਬੜੀ ਪ੍ਰਸੰਤਾ ਦਰਸਾਉਂਦਿਆਂ ਬੋਲੇ- " ਤੁਸਾਂ ਇਲਾਕੇ ਦੇ ਲੋਕਾਂ ਤੇ ਸੱਚੇ ਸਿੰਘਾਂ ਵਾਲਾ ਉਪਕਾਰ ਕੀਤਾ ਹੈ।" ਇਹ ਸਾਰੀ ਵਿਥਿਆ ਦਾਸ ਦੀ ਬਹਾਦਰੀ ਦੀ ਨਹੀਂ ਸਗੋਂ ਲੋਕਾਂ ਦੇ ਮਨਾ ਅੰਦਰ, ਨਿਹੰਗਾ ਦਾ ਅਸਲੀ ਰੂਪ ਦਰਸਾਇਆ ਹੈ।

ਕਰਤਾਰ ਪੁਰ ਦੇ ਡੇਰੇ ਦਾ ਜਥੇਦਾਰ ਬਾਬਾ ਕਾਨ੍ਹ ਸਿੰਘ ਮਾਰਿਆ ਜਾ ਚੁਕਿਆ ਹੈ, ਕਤਲ ਦੇ ਇਲਜ਼ਾਮ ਵਿਚ ਦਾਸ ਕੋਲ ਉਹ ਵੀ ਜ਼ੇਰ ਤਫ਼ਤੀਸ਼ ਰਿਹਾ ਹੈ, ਅਤੇ ਬੜੀਆਂ ਘਿਣਾਵਣੀਆਂ ਕਰਤੂਤਾਂ ਦੇ ਭੇਤ ਖੁਲ੍ਹੇ ਸਨ। ਬੜੀ ਲੰਮੀ ਗਾਥਾ ਬਿਆਸ ਠਾਣੇ ਦਾ ਰੀਕਾਰਡ ਸਾਂਭੀ ਬੈਠਾ ਹੈ। ਹਰੀਆਂ ਵੇਲਾਂ ਵਾਲੇ ਬਾਬੇ ਨਿਹਾਲ ਸਿੰਘ ਨੇ ਹੋਰ ਕਈ ਉਪੱਦਰਾਂ ਦੇ ਨਾਲ ਹੁਣ ਏਥੇ ਵੈਨਕੂਵਰ, ਡੈਲਟਾ ਬੀ ਸੀ (ਕੈਨੇਡਾ) ਵਿੱਚ ਵੀ ਆਪਣੀ ਹਵਸ ਪੂਰਤੀ ਲਈ ਅਜੇਹੀਆਂ ਠਾਹਰਾਂ ਬਣਾਈਆਂ ਹਨ ਕਿ, ਕਮੀਨਗੀ ਅਤੇ ਦੁਰਾਚਾਰ ਦੇ ਕਿੱਸੇ ਸੁਣੇ ਨਹੀਂ ਜਾ ਸਕਦੇ। ਚੁੱਪ ਹੀ ਭਲੀ ਹੈ। ਸ਼: ਹਰਦੇਵ ਸਿੰਘ ਜੀ ਸ਼ੇਰਗਿਲ ਦੀ ਲਿਖੀ, ਸੰਤ ਅਮਰ ਸਿੰਘ ਦੀਆਂ ਕਰਤੂਤਾਂ ਦੀ ਪੁਸਤਕ ਹੀ ਦਾਸ ਕੋਲ ਪੁੱਜੀ ਹੋਈ ਹੈ। ਇਨ੍ਹਾਂ ਭੱਦਰ ਪੁਰਸ਼ਾਂ ਨੇ ਖੰਡੇ ਬਾਟੇ ਦਾ ਅੰਮ੍ਰਿਤ ਕੇਵਲ ਛਕਿਆਂ ਹੋਇਆ ਹੀ ਨਹੀਂ ਸਗੋਂ ਅੰਮ੍ਰਿਤ ਸੰਚਾਰ ਦੀ ਸੇਵਾ ਤੋਂ ਵਡਾ ਨਾਮਣਾ ਵੀ ਖੱਟ ਰਹੇ ਹਨ। ਪੁਸਤਕ ਦੇ ਤੀਜੇ ਅਤੇ ਪੰਜਵੇਂ ਭਾਗ ਵਿਚ ਅਜੇਹੇ ਮਹਾਂ ਪੁਰਖਾਂ ਦੇ ਕੱਚੇ ਚਿੱਠੇ ਵਿਸਥਾਰ ਨਾਲ ਲਿਖੇ ਹੋਏ ਹਨ। ਅੰਮ੍ਰਿਤ ਛਕਣ ਦੀ ਏਡੀ ਚਿੰਤਾ ਨਹੀਂ ਅੰਮ੍ਰਿਤ ਬਣਨ ਦੀ ਲੋੜ ਹੈ।

**ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥**

**ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥੧੫੮॥**

**ਰਾਮ ਨਾਮ ਕੀਰਤਨ ਰਤਨ ਵਥੁ ਹਰਿ ਸਾਧੂ ਪਾਸਿ ਰਖੀਜੈ ॥ ਜੋ ਬਚਨੁ ਗੁਰ ਸਤਿ ਸਤਿ ਕਰਿ**

**ਮਾਨੈ ਤਿਸੁ ਆਗੈ ਕਾਢਿ ਧਰੀਜੈ ॥੪॥ ਸੰਤਹੁ ਸੁਨਹੁ ਸੁਨਹੁ ਜਨ ਭਾਈ ਗੁਰਿ ਕਾਢੀ ਬਾਹ ਕੁਕੀਜੈ ॥**
**ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ ਪਵੀਜੈ ॥੫॥**

ਜੇ ਭਲਾ ਇਹ ਪਤਾ ਲੱਗ ਜਾਵੇ ਕਿ, ਸੱਚ ਦਾ ਬੇੜਾ ਅੱਗੇ ਤੁਰਿਆ ਰਹਿਣ ਦੀ ਥਾਂ. ਪਿੱਛੇ ਨੂੰ ਇਸ ਲਈ ਖਿਸਕ ਤੁਰਿਆ ਹੈ, ਕਿਉਂਕਿ, ਬੜੇ ਤਕੜੇ ਰੱਸਿਆਂ ਨਾਲ ਭਿਆਨਕ ਝੂਠ ਪਿਛਾਹ ਨੂੰ ਖਿੱਚ ਰਿਹਾ ਹੈ। ਤਾਂ ਉਨ੍ਹਾਂ ਝੂਠ-ਰਸਿੱਆਂ ਨੂੰ ਵਢ ਕੇ ਪਰ੍ਹਾਂ ਵਗਾਹ ਮਾਰਨ ਵਿਚ ਸ਼ਰਮ ਕਰਨ ਦਾ ਅਰਥ ਕੀ, ਵਿਚਕਾਰ ਡੁੱਬ ਮਰਨ ਦੀ ਮੂਰਖਤਾਈ ਸਿੱਧ ਨਹੀਂ ਹੋਵੇਗੀ ਜੀ ?

**ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ ॥**
**ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ ॥੧੩੮॥**

**6-** ਦਸਮ ਗ੍ਰੰਥ ਦੇ ਵਿਰੋਧੀ ਗਿਆਨੀ ਭਾਗ ਸਿੰਘ ਜੀ ਹਰ ਥਾਂ ਸਾਕਤ ਕਵੀ ਦਾ ਜ਼ਿਕਰ ਕਰਦੇ ਰਹੇ, ਪਰ ਉਹ ਉਸ ਦਾ ਨਾਮ ਨਹੀ ਲਿਖ ਸਕੇ ਕਿ ਉਹ ਕਿਹੜਾ ਸਾਕਤ ਕਵੀ ਸੀ. ਜਿਸ ਨੇ ਇਤਨਾ ਵਡਾ ਗ੍ਰੰਥ ਰਚਿਆ ? ਅਜਿਹੀ ਸ਼ਬਦਾਵਲੀ ਵਰਤਣ ਦੇ ਫਲਸਰੂਪ ਹੀ ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋਇਆ।

ਗੁਰਮੁਖ ਪਿਆਰਿਓ ! ਚਿੰਤਾ ਨਾ ਕਰੋ ਦਾਸ ਨੇ ਅਜੇਹੀ ਸ਼ਬਦਾਵਲੀ ਨਹੀਂ ਵਰਤੀ ਜਿਸ ਤੋਂ ਦਾਸ ਨਾਲ ਵੀ ਉਹੀ ਕੁਝ ਕੀਤਾ ਜਾ ਸਕੇ ਜੋ ਇਨ੍ਹਾਂ ਧਰਮ ਦੇ ਠੇਕੇਦਾਰਾਂ ਨੇ ਗਿਆਨੀ ਜੀ ਨਾਲ ਕੀਤਾ ਸੀ। ਪਰ ਜੇ ਗਿਆਨੀ ਭਗਤ ਸਿੰਘ ਜੀ " ਸਾਕਤ ਕਵੀ" ਦਾ ਅਤਾ-ਪਤਾ ਨਹੀਂ ਲਿਖ ਸਕੇ ਤਾਂ ਉਸ ਦਾ ਭੰਡੀ ਪਰਚਾਰ ਕਰਨ ਵਾਲੇ ਕਥਿਤ ਵਿਦਵਾਨਾ (ਭਾਵ, ਸੰਤ ਸਿੰਘ ਮਸਕੀਨ, ਪਿਆਰਾ ਸਿੰਘ ਪਦਮ ਆਦਿ, ਸਰਕਾਰੀ ਗਵਾਹਾਂ, ਡੇਰਾਦਾਰ ਭੇਖੀ ਸਾਧ, ਅਥਵਾ ਨਿਹੰਗ ਟੋਲਾ ) ਕੋਲ ਕਿਹੜਾ ਅਕੱਟ ਸਬੂਤ ਹੈ ਕਿ, ਦਸਮਗ੍ਰੰਥ ਦਸ਼ਮੇਸ਼ ਜੀ ਨੇ ਹੀ ਲਿਖਿਆ ਸੀ ? ਕੀ, ਤੁਸਾਂ ਵੀ ਐਵੇਂ, ਟਿੰਡ ਵਿਚ ਹੀ ਕਾਨਾ ਨਹੀਂ ਪਾਇਆ ਹੋਇਆ ਜੀ ? ਆਪ ਜੀ ਨੇ ਜਿਨ੍ਹਾਂ ਪ੍ਰਸ਼ਨਾ ਦਾ ਉੱਤਰ ਮੰਗਿਆ ਸੀ, ਦਾਸ ਨੇ ਹਾਜ਼ਰ ਕਰ ਦਿੱਤਾ ਹੈ। ਪ੍ਰਸ਼ਨਾ ਵਿਚ ਉਠਾਏ ਦਾਸ ਦੇ ਪ੍ਰਸ਼ਨਾ ਦਾ ਉੱਤਰ ਦੇਣਾ ਹੁਣ ਤੁਹਾਡੇ ਅੰਦਰਲੇ ਦੇ ਵੱਸ ਹੈ।

**੨੩-** ਤੁਹਾਡੇ ਬਚਨ-ਦਾਸਰੇ ਨੇ ਐਡੀਟਰ ਸ ਜਗਜੀਤ ਸਿੰਘ " ਸਪੋਕਸਮੈਨ" ਨੂੰ ਆਪਣੀ ਚਿੱਠੀ ਪ੍ਰਕਾਸ਼ਤ ਕਰਨ ਲਈ ਕੋਈ ਬੇਨਤੀ ਨਹੀਂ ਸੀ ਕੀਤੀ। ਮੇਰਾ ਮੰਤਵ ਤਾਂ ਤੁਹਾਡੇ ਵਿਚਾਰਾਂ ਨਾਲ ਸਾਂਝ ਕਰਨਾ ਸੀ। ਕਿਤਨੇ ਅਫ਼ਸੋਸ ਦੀ ਗੱਲ ਹੈ ਕਿ ਮੇਰੀ ਚਿੱਠੀ ਤਾਂ ਸਪੋਕਸਮੈਨ ਨੇ ਛਾਪ ਦਿੱਤੀ ਪਰ ਦਸਮ ਗ੍ਰੰਥ ਦੇ ਸੰਬੰਧ ਵਿਚ ਗਿ: ਭਾਗ ਸਿੰਘ ਜੀ ਨੂੰ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਇਆ ਹੁਕਮਨਾਮਾ ਨਹੀਂ ਛਾਪਿਆਂ, ਕਿਉਂਕਿ ਹੁਕਮਨਾਮਾ ਸ੍ਰੀ ਦਸਮ ਗ੍ਰੰਥ ਦੇ ਹੱਕ ਵਿੱਚ ਜਾਂਦਾ ਸੀ। ਅਜਿਹੀ ਇਕ ਪਾਸੜ ਸੋਚ ਅਜਿਹੇ ਵਾਦ-ਵਿਵਾਦ ਤੋਂ ਕਿਵੇਂ ਛੁਟਕਾਰਾ ਦਿਵਾ ਸਕਦੀ ਹੈ ?

ਸਪੋਕਸ ਮੈਨ ਨਾਲ ਕਰਨ ਵਾਲੀ ਗੱਲ ਦਾਸ ਵਲ ਲਿਖਣ ਦਾ ਕੀ ਅਰਥ ?

**ਹੁਕਨਾਮਾ ਨਾ ਛਾਪਣ ਦੀ ਗੱਲ**--ਕਬਰ ਵਲ ਤੀਰ ਝੁਕਾਉਨ ਵਾਲੇ ਦਸ਼ਮੇਸ਼ ਜੀ ਦੇ ਬੜੇ ਅਰਥ ਭਰਪੂਰ ਸਾਕੇ ਨੂੰ ਯਾਦ ਕਰੀਏ। ਪਾਤਸ਼ਾਹ ਦਰਵੇਸ਼, ਸ਼ਾਹਾਂਨੇ ਸ਼ਾਹਨਸ਼ਾਹ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਉਸ ਨਿਆਰੇ ਸਾਕੇ ਤੋਂ ਸਾਨੂੰ ਨਿਆਰੇ ਬਣੇ ਰਹਿਣ ਲਈ ਅਤੇ ਪੰਥ ਦੀ ਇਕਮੁੱਠਤਾ ਲਈ ਬੜੇ ਲਾਹੇਵੰਦ ਅਧਿਕਾਰਾਂ ਦੀ ਬਖ਼ਸ਼ਸ਼ ਕੀਤੀ ਸੀ ਕਿ, ਗੁਰੂ ਮਰਯਾਦਾ ਤੋਂ ਬਾਹਰ ਭਾਵੇਂ ਗੁਰੂ ਵੀ ਜਾਂਦਾ ਹੋਵੇ, ਉਹ ਵੀ ਤਨਖਾਹੀਆ ਹੈ।

ਸਤਿਗੁਰਾਂ ਦੀ ਕਿਰਪਾ ਦੁਆਰਾ ਅਤੇ ਪਰਮਾਤਮਾ ਦੀ ਮੌਜ ਨਾਲ, ਪ੍ਰਗਟ ਹੋਇਆ ਖ਼ਾਲਸਾ, ਕੇਵਲ ਅਤੇ ਕੇਵਲ ਗੁਰੂ ਪਰਮੇਸ਼ਰ ਜੀ ਦਾ ਹੀ ਬਰਦਾ ਹੈ। ਇਸ ਲਈ ਕਿਸੇ ਗਰਸਿੱਖ ਦੇ ਨਾਮ ਅਥਵਾ ਕਿਸੇ ਸਿੰਘ ਵਲ, ਸੁਝਾ, ਗੁਰਮਤੇ ਦਾ ਉਤਾਰਾ ਜਾਂ ਸੇਧ ਪੱਤਰ ਤਾਂ ਕੋਈ ਜਥੇਦਾਰ, ਗ੍ਰੰਥੀ. ਅਥਵਾ ਗੁਰੂ-ਭਾਈ ਵੀ ਲਿਖ ਕੇ ਭੇਜ ਸਕਦਾ ਹੈ ਪਰ, (ਸਤਿਗੁਰੂ ਨਾਨਕ ਦੀ ਪਾਤਸ਼ਾਹੀ ਵਾਲੀਂ ਧਾਰਮਕ ਦੁਨੀਆਂ ਵਿੱਚ) **ਹੁਕਮਨਾਮਾ** ਕੇਵਲ ਅਤੇ ਕੇਵਲ ਸਤਿਗੁਰੂ ਜੀ ਹੀ ਜਾਰੀ ਕਰ ਸਕਦੇ ਹਨ। ਅਕਾਲ ਤਖ਼ਤ ਸਾਹਿਬ ਦੀ ਮੋਹਰ ਕੇਵਲ ਗੁਰੂ ਸ਼ਬਦਾਂ ਦੇ ਅਧਾਰ ਤੇ ਲਿਖੇ **ਹੁਕਮਨਾਮੇ** ਤੇ ਹੀ ਲੱਗ ਸਕਦੀ ਹੈ। ਗੁਰੂ ਸ਼ਬਦਾਂ ਤੋਂ ਬਿਨਾ ਲਿਖੇ ਨੂੰ ਹੁਕਮਨਾਮਾ ਮੰਨਣਾ, ਮਨੁੱਖ ਦੀ ਗ਼ੁਲਾਮੀ ਹੈ. ਅਥਵਾ ਗੁਰਮਤਿ ਦੀ ਖੰਡਣਾ ਹੈ। ਗੁਰੂ ਸ਼ਬਦਾਂ ਤੋਂ ਬਿਨਾਂ ਜਾਰੀ ਕੀਤਾ ਹੁਕਮਨਾਮਾ ਗੁਰਮਤਿ ਦੇ ਉਲਟ ਹੋਣ ਦੇ ਕਾਰਨ ਰੱਦੀ ਦਾ ਟੁਕੜਾ ਜਾਣ ਕੇ ਨਾ ਛਾਪਣਾ ਦਸ਼ਮੇਸ਼ ਜੀ ਤੋਂ ਮਿਲੇ ਅਧਿਕਾਰ ਦੇ ਅਨਕੂਲ ਹੈ ਜੀ। ਤੁਸੀਂ ਸਰਦਾਰ ਜੋਗਿੰਦਰ ਸਿੰਘ ਜੀ ਦੇ ਧਨਵਾਦੀ ਹੋਵੋ ਜਿਨ੍ਹਾਂ ਨੇ ਤੁਹਾਨੂੰ ਸਮਝਾਇਆ ਹੈ, ਕਿ ਜਿਸ ਨੂੰ ਤੁਸੀਂ ਹੁਕਮਨਾਮਾ ਦੱਸ ਕੇ ਛਾਪਣ ਦੀ ਗੱਲ ਕਰ ਰਹੇ ਹੋ, ਉਹ ਰੱਦੀ ਦਾ ਮਾਮੂਲੀ ਟੁਕੜਾ ਹੈ।

**੨੪-** ਸੋ **ਸਾਰਗ੍ਰਾਹੀ** ਬਣ ਕੇ ਚੰਗੀਆਂ ਗੱਲਾਂ ਨੂੰ ਅਪਨਾਉਣਾ ਹਰੇਕ ਲਈ ਲਾਭਦਾਇਕ ਹੋਵੇਗਾ। **ਨਿਰੀ ਨੁਕਤਾਚੀਨੀ ਘਰ ਤਬਾਹ ਕਰ ਦਿੰਦੀ ਹੈ।** " ਤ੍ਰਿਅ ਚਰਿਤ੍ਰ ਦਾ ਵਿਰੋਧ ਕਰਨ ਵਾਲੇ ਵਿਦਵਾਨਾਂ ਪਾਸੋਂ ਪੁਛੋ ਕਿ ਘਰ ਟੀ ਵੀ ਤੇ ਜੋ ਕੁਝ ਰੰਗ-ਮੰਚ ਵੇਖਦੇ ਹਨ ਉਹ ਤ੍ਰਿਆ ਚਰਿਤ੍ਰਾਂ ਨਾਲੋਂ ਕਿਤੇ ਘੱਟ ਹੁੰਦਾ ਹੈ ?

(ੳ) " ਸਾਰਗ੍ਰਾਹੀ " ਲਫ਼ਜ਼ ਗੁਰੂ ਬਾਣੀ ਵਿਚ ਤਾਂ ਕਿਤੇ ਪੜਿਆ ਨਹੀਂ ਸੀ। ਦਾਸ ਜਿਹੇ ਵਿਦਿਆ ਹੀਣ ਵਲ ਅਜੇਹਾ ਲਫ਼ਜ ਲਿਖਣਾ, ਜੋ ਮਹਾਨ ਕੋਸ਼ ਵਿਚੋ ਵੀ ਨਾ ਮਿਲੇ, ਨਿਮਾਣੇ ਦਾ ਮੌਜੂ ਉਡਾਉਣ ਤੁੱਲ ਹੈ। ਸਿਧ ਗੋਸਟ ਵਿਚ " ਸਾਰ " ਪਦ ਆਇਆ ਹੈ ਉਹ ਇਸ ਪ੍ਰਕਾਰ ਹੈ:--

**ਕਿਤੁ ਬਿਧਿ ਪੁਰਖਾ ਜਨਮੁ ਵਟਾਇਆ ॥ ਕਾਹੇ ਕਉ ਤੁਝੁ ਇਹੁ ਮਨੁ ਲਾਇਆ ॥**
**ਕਿਤੁ ਬਿਧਿ ਆਸਾ ਮਨਸਾ ਖਾਈ ॥ ਕਿਤੁ ਬਿਧਿ ਜੋਤਿ ਨਿਰੰਤਰਿ ਪਾਈ ॥**
**ਬਿਨੁ ਦੰਤਾ ਕਿਉ ਖਾਈਐ ਸਾਰੁ ॥ ਨਾਨਕ ਸਾਚਾ ਕਰਹੁ ਬੀਚਾਰੁ ॥੧੯॥**

ਇਸ ਮਹਾਂਵਾਕ ਦੇ ਅਰਥ ਤੁਸਾਂ ਕੀ ਲਿਖੇ ਹਨ ? ਇਹ ਤਾਂ ਤੁਸੀਂ ਜਾਣੋਂ ਪਰ, ਪ੍ਰੋ: ਸਾਹਿਬ ਸਿੰਘ ਜੀ ਨੇ " ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ " ਦੀ ਸਤਵੀ ਪੋਥੀ ਦੇ ੪੩ ਸਫੇ ਤੇ " ਸਾਰ " ਦਾ ਅਰਥ "**ਲੋਹਾ** ਲਿਖਿਆ ਹੈ। ' ਗ੍ਰਾਹੀ ' ਦਾ ਅਰਥ ' **ਬੁਰਕੀ** ' ਲਗ-ਪਗ ਸਾਰੇ ਜਾਣਦੇ ਹਨ। ਫਿਰ, ਕੀ, ਸਾਰਗ੍ਰਾਹੀ ਦਾ ਅਰਥ ਲੋਹੇ ਦੀ ਬੁਰਕੀ ਬਣਿਆ ਜੀ ? ਰੋਟੀ ਚਿੱਥ ਸਕਣੀ ਜਿਸ ਲਈ ਔਖੀ ਬਣ ਰਹੀ ਹੋਵੇ ਉਹ ਭਲਾ ਲੋਹਾ ਖਾਣ ਦੀ ਗੱਲ ਕਿਵੇ ਸੋਚ ਸਕਦਾ ਹੈ ਜੀ ? ਸਤਿਗੁਰਾਂ ਨੇ ਤਾਂ- **ਤ੍ਰੈ ਗੁਣ ਮੇਟੇ ਖਾਈਐ ਸਾਰੁ ॥** ਲਿਖਿਆ ਹੈ। ਜੇ ਤਾਂ ਤੁਸਾਂ ਵੀ, ਦਾਸ ਨੂੰ ਮਾਇਆ ਦਾ ਮੋਹ ਮਿਟਾਉਣ ਦਾ ਉਪਦੇਸ਼ ਹੀ ਲਿਖਿਆ ਹੈ, ਤਾਂ ਦਾਸ ਇਸ ਹਮਦਰਦੀ ਲਈ ਆਪ ਜੀ ਦਾ ਧੰਨਵਾਦੀ ਹੈ?

(ਅ) ਛੋਟੀ ਉਮਰਾ ਵਿਚ ਹੀ, ਜਨੇਊ ਪਾਉਣ ਵਾਲੀ ਹਜ਼ਾਰਾਂ ਸਾਲਾਂ ਦੀ ਧਾਰਮਿਕ ਰਸਮ ਤੇ ਕਿੰਤੂ, ਤੀਰਥ ਇਸ਼ਨਾਨ, ਦਇਆ, ਦਤ, ਦਾਨ, ਤਪ, ਵਿਖਾਵੇ ਦੇ ਸਾਰੇ ਧਰਮ ਕਰਮ ਜੋ ਜਗਤ-ਗੁਰੂ ਬਾਮਨ (ਬਾਮਨੁ ਗੁਰੂ ਹੈ ਜਗਤ ਕਾ) ਨੇ ਆਪਣੇ ਲਿਖੇ ਧਰਮ ਗ੍ਰੰਥਾਂ ਦੇ ਅਧਾਰ ਲੋਕਾਂ ਵਿਚ ਅਜੇਹੀ ਸਫ਼ਲਤਾ ਨਾਲ ਰਾਇਜ ਕੀਤੇ ਹੋਏ ਸਨ ਕਿ, ਕਈ ਪੀੜ੍ਹੀਆਂ ਤੋ ਉਨ੍ਹਾਂ ਦੇ ਲਹੂ ਵਿਚ ਰਲ ਕੇ ਸੰਸਕਾਰਾਂ ਦਾ ਹਿੱਸਾ ਬਣ ਚੁੱਕੇ ਸਨ। ਸਤਿਗੁਰੂ ਸੂਰਮੇ ਨੇ ਉਨ੍ਹਾਂ ਸਭ ਤੇ ਭਰਪੂਰ ਕਿੰਤੂ ਕੇਵਲ ਜ਼ਬਾਨੀ ਹੀ ਨਹੀਂ ਸੀ ਕੀਤਾ, ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖ ਕੇ ਉਸ ਨੂੰ ਸਾਡੇ ਲਈ ਪੂਜਨੀਕ ਬਣਾ ਦਿੱਤਾ। ਸਾਡਾ ਤਾਂ ਧਰਮ ਹੀ ਕਿੰਤੂਆਂ ਤੋਂ ਪੈਦਾ ਹੋਇਆ ਹੈ ਜੀ । ਪੰਥ ਨੂੰ ਮੁੜ ਉਨ੍ਹਾਂ ਹੀ "ਗੁਰਮਤਿ" ਕਿੰਤੂਆਂ ਨਾਲ ਜੋੜਨ ਲਈ ਤਰਲੇ ਦਾਸ, ਲੈ ਰਿਹਾ ਹੈ ਜਿਨ੍ਹਾਂ ਕਿੰਤੂਆਂ ਅਨੁਸਾਰ ਜੀਵਨ ਬਣਾ ਕੇ ਖ਼ਾਲਸਾ ਸਾਰੇ ਸੰਸਾਰ ਵਿਚ ਪ੍ਰਗਟ ਹੋ ਕੇ ਨਿਆਰੇ ਤੇਜ ਪ੍ਰਤਾਪ ਦਾ ਮਾਲਕ ਬਣਿਆ ਸੀ। ਦਾਦੂ ਦੀ ਕਬਰ ਤੇ ਵੀ ਕਿੰਤੂ ਕਰਨ ਦੀ ਖੁਲ੍ਹ ਦੀ ਹੀ ਬਖ਼ਸ਼ਸ਼ ਹੋਈ ਸੀ। ਤੁਸੀਂ ਪਤਾ ਨਹੀ " ਗੁਰਮਤਿ-ਕਿੰਤੂਆਂ ਤੋਂ ਕਿਉਂ ਘਾਬਰਦੇ ਹੋ ਜੀ ? ਗੁਰੂ ਬਾਣੀ ਅਥਵਾ ਗੁਰਮਤਿ ਦੇ ਹਵਾਲੇ ਨਾਲ ਖੋਹਲ ਕੇ ਸਮਝਾਉ, ਮਹਾਂ ਪੁਰਖੋ ! ਕਿਹੋ ਜਿਹੇ ਕਿੰਤੂ ਦੀ ਤੁਸਾਂ ਗੱਲ ਕੀਤੀ ਹੈ ?

(ੲ) ਤੁਹਾਡੀ ਇਹ ਗਲ ਸਿੱਧ ਕਰਦੀ ਹੈ ਕਿ ਤੁਸੀਂ ਆਪਣੇ ਪਰਵਾਰ ਵਿਚ ਬੈਠ ਕੇ ਉਹ ਕੁਝ ਬੜੀ ਖ਼ੁਸ਼ੀ ਨਾਲ ਵੇਖ ਸਕਦੇ ਹੋ ਜਿਸ ਤਰ੍ਹਾਂ ਦੀ ਕਾਮ ਕ੍ਰੀੜਾ ਹੁੰਦੀ ਚਰਿਤ੍ਰੋ ਪਾਖਯਾਨ ਵਿਚ ਦਰਸਾਈ ਹੋਈ ਹੈ ? ਕੀ ਟੀ ਵੀ ਤੇ ਉਸ ਅਸ਼ਲੀਲਤਾ ਦਾ ਹਜ਼ਾਰਵਾਂ ਹਿੱਸਾ ਵੀ ਦਰਸਾਇਆ ਜਾਂਦਾ ਹੈ ਜੋ ਕੁਝ ਤੁਸੀਂ ਦਸ਼ਮੇਸ਼ ਜੀ ਦੇ ਮੁਖਾਰਬਿੰਦ ਵਿਚ ਪਾ ਰਹੇ ਹੋ ? ਪੜ੍ਹ ਲਉ ਡ: ਜੋਧ ਸਿੰਘ ਜੀ ਦੀ ਅੰਗ੍ਰੇਜ਼ੀ ਵਿਚ ਲਿਖੀ ਚਿੱਠੀ ਦੇ ਉਤਰ ਵਿਚ ਲਿਖੇ ਪੱਤਰ ਵਿਚੋਂ। ਜਾਣ ਬੁੱਝ ਕੇ ਅਖੀਆਂ ਬੰਦ ਕਰੀ ਜਾਣੀਆਂ ਕੀ ਤੁਹਾਡੇ ਜਹੇ ਵਿਦਵਾਨ ਲਈ ਸੋਭਨੀਕ ਹੈ ਜੀ ?

**੨੫-** ਪੁਸਤਕਾਂ ਦੀ ਸੂਚੀ ਤੋਂ ਆਪ ਜੀ ਦੀ ਵਿਦਵਤਾ ਉਛਾਲੇ ਮਾਰ ਰਹੀ ਹੈ। ਪਰ, ਏਥੇ ਵੀ ਦਾਸ ਕੁਝ ਬੇਨਤੀਆਂ ਕਰਨਾ ਚਾਹੁੰਦਾ ਹੈ। ਹੰਦੂ ਧਰਮ ਦੇ ਗ੍ਰੰਥਾਂ ਬਾਰੇ ਦਾਸ ਨੇ ੧੯੯੫ ਤੋਂ ਹੀ ਇਹ ਇਤਰਾਜ਼ ਕਈ ਵਾਰੀ ਲਿਖਿਆ ਹੈ ਕਿ, ਉਨ੍ਹਾਂ ਵਿਚ ਲੇਖਕ ਨੇ ਆਪਣੇ ਲਿਖੇ ਦੀ ਵਿਰੋਧਤਾ ਆਪ ਹੀ ਕਈ ਥਾਂਈ ਲਿਖੀ ਹੋਈ ਹੈ। ਬਚਿੱਤ੍ਰ ਨਾਟਕ, ਚਰਿਤ੍ਰੋ ਪਾਖਯਾਨ. ਚੰਡੀ ਚਰਿਤ੍ਰ ਆਦਿ ਗ੍ਰੰਥ ਵਿਚ ਵੀ ਸਵੈ-ਵਿਰੋਧੀ ਗੱਲਾਂ ਕਈ ਥਾਈਂ ਆਈਆਂ ਦਾਸ ਨੇ ਨਿਖੇੜ ਕੇ ਲਿਖੀਆਂ ਹੋਈਆਂ ਹਨ। ਦਾਸ ਦੇ ਮਨ ਵਿਚ ਇਹ ਸਚਾਈ ਘਰ ਕਰ ਚੁੱਕੀ ਹੈ ਕਿ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸੰਸਾਰ ਦੇ ਸਾਰੇ ਧਰਮ-ਗ੍ਰੰਥਾਂ ਨਾਲੋਂ ਸ੍ਰੇਸ਼ਟ ਹਨ । ਜਿਹੜਾ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਆਪਣੇ ਇਸ਼ਟ ਦੀ ਬਾਣੀ ਨੂੰ ਸਵੈ ਵਿਰੋਧੀ ਹੋਣਾ ਮੰਨ ਲਵੇ ਉਹ ਸਤਿਗੁਰੂ ਜੀ ਦਾ ਸ਼ਰਧਾਲੂ ਭਗਤ, ਮੁਰੀਦ, ਅਥਵਾ ਆਪਣੇ ਗਿਆਨ ਦਾਤਾ ਦਾ ਸਿੱਖ ਕਿਵੇਂ ਰਿਹਾ ? ਖਿਮਾ ਕਰਨਾ ਜੀ, ਜਿਸ ਗੁਰਮੁਖ ਨੇ ਤੁਹਾਡੀਆਂ ਪੁਸਤਕਾਂ ਪੜ੍ਹੀਆਂ ਹਨ ਉਸ ਨੂੰ ਸਭ ਤੋਂ ਵਡਾ ਇਤਰਾਜ਼ ਇਹ ਹੈ ਕਿ ਗਿਆਨੀ ਹਰਬੰਸ ਸਿੰਘ ਜੀ ਨੇ, ਆਪਣੇ

ਲਿਖੇ ਨੂੰ ਆਪ ਹੀ ਕਈ ਥਾਈ ਕਟ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਦੀ ਅਟੱਲਤਾ ਸ਼ੱਕੀ ਬਣਾਈ ਹੈ। ਕਈਆਂ ਸਵੈ ਵਿਰੋਦੀ ਲਿਖਤਾਂ ਦੀਆਂ ਫੋਟੋ ਕਾਪੀਆਂ ਵੀ ਦਾਸ ਕੋਲੋ ਭੇਜੀਆਂ ਹੋਈਆਂ ਹਨ। ਭੁਲੇਖੇ ਨਾਲ, ਜਾਂ ਅਗਿਆਨਤਾ ਗ੍ਰਸੀ ਸ਼ਰਧਾ ਵੱਸ ਹੋ ਕੇ, ਕੋਈ ਭੁੱਲ ਹੋ ਜਾਣੀ ਹੋਰ ਗੱਲ ਹੈ ਪਰ-ਗੁਰਮਤਿ ਨਿਰਣੈ ਭਵਨ" ਦਾ ਵਾਸੀ ਅਜੇਹੀਆਂ ਭੁੱਲਾਂ ਕਰੇ ਤਾਂ, ਮਸਲਾ ਕਿਵੇਂ ਗੰਭੀਰ ਨਾ ਸਮਝਿਆ ਜਾਵੇ ਜੀ ?

**੨੬-** ਤੁਹਾਡੀ ਚਿੱਠੀ ਦੇ ਪੰਜਵੇਂ ਸਫ਼ੇ ਦੇ ਅਰੰਭਕ ਬਚਨ-"(ੳ) ਸਿਖ ਜਨਤਾ ਨੂੰ ਦਸਮ ਗ੍ਰੰਥ ਦੀ ਵਿਰੋਧ ਕਰਨ ਹਿਤ ਉਕਸਾਉਣ ਵਾਸਤੇ ਤ੍ਰਿਅ ਚਰਿਤਰਾਂ ਚੋਂ ਅਸ਼ਲੀਲ ਸ਼ਬਦਾਵਲੀ ਦੇ ਪ੍ਰਮਾਣ ਅੰਕਿਤ ਕਰਕੇ ਉਨ੍ਹਾਂ ਨੂੰ ਅਸਲੀਅਤ ਤੋਂ ਗਮਰਾਹ ਕਰਨਾ ਹੈ। (ਅ) ਇਸ ਦੇ ਫਲਸਰੂਪ ਹੀ ਗਿ ਭਾਗ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋਇਆ ਜਿਸ ਦੀ ਕਾਪੀ ਨਿਮਲ ਲਿਖਤ ਹੈ:--

੭ ਜੁਲਾਈ ਨੂੰ ਭੇਜੀ ਚਿੱਠੀ ਵਿਚ ਲਿਖੇ ਦਾਸ ਦੇ ਇਹ ਬਚਨ ਕੀ, ਤੁਸਾਂ ਅਰਥਹੀਣ ਹੀ ਮੰਨ ਲਏ ਸਨ ਜੀ-- "ਕੇਵਲ ਅਤੇ ਕੇਵਲ " **ਆਦਿ ਸਚੁ** ਦੀ ਸੋਝੀ ਕਰਾ ਰਹੇ, ਸ਼ੁੱਧ, ਨਿਰਮਲ, ਹਰ ਪੱਖੋਂ ਸੰਪੂਰਨ ਅਤੇ ਇੱਕ ਅਟੱਲ ਸਿਧਾਂਤ ਵਾਲੇ ਗਿਆਨ ਦੇ ਅਥਾਹ ਸਾਗਰ, ਸਤਿਗੁਰੂ ਜੀ ਦੀ ਸਿੱਖੀ ਵੀ ਇੱਕ ਵਿਚਾਰ ਨਾਲ ਕਿਵੇਂ ਨਾ ਜੁੜੀ ਰਹੇ? ਸਤਿਗੁਰੂ ਨਾਨਕ ਸਾਹਿਬ ਜੀ ਦੇ ਪੰਥ ਵਿਚ ਧੜੇ-ਬੰਦੀ ਅਤੇ ਆਪਸੀ ਫੁੱਟ, ਕੁਟਲ-ਬੁੱਧੀ ਸ਼ਰਾਰਤੀ ਪੰਥ ਵੈਰੀ ਅਕਿਰਤਘਣਾਂ ਦੀਆਂ ਕਰਤੂਤਾਂ ਦੀ ਦੇਣ ਹੈ। ਧਮਕੀਆਂ ਦੇਣੀਆਂ ਜਾਂ ਧਮਕੀਆਂ ਤੋਂ ਡਰਨਾਂ, ਸਚੁ ਤੋਂ ਟੁੱਟੇ ਹੋਏ, ਵਡੇ ਡਰਪੋਕ, ਸੁਹਦੇ ਅਗਿਆਨੀ ਮਨਮੁਖਾਂ ਦਾ ਘਟੀਆ ਹਥਕੰਡਾ ਹੁੰਦਾ ਹੈ। ਆਪ ਜੀ ਤਾਂ ਦਾਤਾਰ ਜੀ ਦੀ ਮਿਹਰ ਦਾ ਸਦਕਾ, ਸਤਿਗੁਰਾਂ ਦੇ ਸੱਚ ਵਿਚ ਗੜੁੱਚ ਹੋ। **ਜੇ ਹੁਕਮ ਕਰੋ ਤਾਂ ਦਾਸ ਉਹ ਖਰੜਾ ਆਪਿ ਜੀ ਦੀ ਸੇਵਾ ਵਿਚ ਭੇਜ ਦਿੰਦਾ ਹੈ। ਤੁਸੀਂ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਸਰਪਰੱਸਤੀ ਹੇਠ ਰਹਿੰਦਿਆਂ ਕੇਵਲ ਉਨ੍ਹਾਂ ਦੀ ਵਿਚੋਲਗੀ ਕਬੂਲਦਿਆਂ ਦਾਸ ਦੀ ਤਸੱਲੀ ਕਰਾ ਦਿਉ, ਦਾਸ ਪੁਸਤਕ ਨਹੀਂ ਛਾਪੇਗਾ** " ਜੋ ਤੁਹਾਨੂੰ ਕਈ ਬੇਲੋੜੀਆਂ ਗੱਲਾ ਲਿਖਣੀਆਂ ਪੈ ਗਈਆਂ ? ਖ਼ੈਰ ਛਡੋ--ਤੁਹਾਡੀ ਚਿੱਠੀ ਦੇ ਪੰਜਵੇਂ ਸਫ਼ੇ ਦੇ ਅਰੰਭਕ ਪੈਰਾ- ੨੬ ਦੇ ਬਚਨਾਂ ਦੀ ੳ ਅ ਦੋ ਭਾਗਾਂ ਵਿਚ ਵੰਡ ਕਰਕੇ ਆਪਣੇ ਵਿਚਾਰ ਇਸ ਪਰਕਾਰ ਲਿਖ ਰਿਹਾ ਹਾਂ ਜੀ--

(ੳ) ੧੧੯੫ ਵਿਚ ਛਪੀ ਪੁਸਤਕ ਦੀ ਭੂਮਕਾ ਤੋਂ ਅਰੰਭ ਹੋ ਕੇ ਦਾਸ ਦੀ ਕਲਮ ਤੋਂ ਲਿਖੀਆਂ ਅੱਜ ਤੱਕ ਛਪੀਆਂ ਸਾਰੀਆਂ ਪੁਸਤਕਾਂ ਦਾਸ ਦੇ ਇਸ ਅਟੱਲ ਵਿਸ਼ਵਾਸ਼ ਦੀਆਂ ਸਾਖ਼ੀ ਹਨ ਕਿ, " ਕਿਸੇ ਪੁਸਤਕ ਵਿਚੋਂ ਇਕਪਸੜ ਵਿਚਾਰਾਂ ਵਾਲੇ ਬਚਨ ਚੁਣ ਚੁਣ ਕੇ ਪਾਠਕਾਂ ਦੇ ਮਨਾ ਵਿਚ ਕਿਸੇ ਗ੍ਰੰਥ ਦੇ ਸਮੁਚੇ ਅਸਲ ਵਿਚਾਰਾਂ ਤੋਂ ਵਿਪ੍ਰੀਤ ਅਥਵਾ ਗ਼ਲਤ ਭਰਮ ਪਾਉਣ ਜਿਹਾ ਨੀਚ ਕਰਮ ਹੋਰ ਕੋਈ ਨਹੀਂ ਹੈ "।

(ਉਪ੍ਰੋਕਤ ਲਿਖੇ ਤੁਹਾਡੇ ਇਹ ਬਚਨ ਆਪਣੇ ਆਪ ਵਿਚ ਤੁਹਾਡੀ ਸੁਹਿਰਦਤਾ ਨੂੰ ਸ਼ੱਕੀ ਬਣਾ ਰਹੇ ਹਨ। ਜੇ ਕੇਵਲ " ਅਸ਼ਲੀਲ ਸ਼ਬਦਾਵਲੀ ਦੇ ਪ੍ਰਮਾਣ ਅੰਕਿਤ " ਕਰਨ ਵਾਲਾ ਗੁਨਾਹਗਾਰ ਹੈ ਤਾਂ ਗ੍ਰੰਥ ਵਿਚਲੀਆਂ ਕੇਵਲ ਚੰਗੀਆਂ ਗੱਲਾਂ ਵੀ, (ਗ੍ਰੰਥ ਵਿਚ ਲ਼ਖੇ ਅਨੁਸਾਰ) ਜਿਉ ਦੀਆਂ ਤਿਉਂ ਪਾਠਕਾਂ ਦੇ ਸਾਹਮਣੇ ਪੇਸ਼ ਨਾ ਕਰਨੀਆਂ ਸਗੋਂ ਉਸ ਤੋਂ ਵੀ ਵੱਧ ਕੁਟਲਤਾ ਭਰਪੂਰ ਅਪਰਾਧ ਕਿਸ ਦਲੀਲ ਨਾਲ ਨਹੀਂ ਬਣਦਾ ਜੀ ? ਕੀ ਅਜੇਹਾ ਕਰਨ ਵਾਲਿਆਂ ਨੇ ਪੰਥ ਨੂੰ ਭਰਮੀ ਬਣਾ ਕੇ, ਗੁਰਬਾਣੀ ਦੇ ਨਿਰਮਲ ਸਿਧਾਂਤ ਨੂੰ ਗਦਲਾ ਨਹੀਂ ਕੀਤਾ ? ਬਚਿੱਤਰ ਨਾਟਕ ਬਾਰੇ ਲਿਖੀ ਦਾਸ ਦੀ ਪੁਸਤਕ ਇਸ ਸਚਾਈ ਦਾ ਉਜਾਗਰ ਸਬੂਤ ਹੈ ਕਿ ਦਾਸ ਨੇ ਦੋਵੇਂ ਪੱਖ ਪਾਠਕਾਂ ਦੇ ਪੇਸ਼ ਕੀਤੇ ਹਨ। ਬਿਨਾਂ ਪੜ੍ਹਿਉਂ ਹੀ ਵਾਵੇਲਾ ਅਰੰਭ ਕਰ ਦੇਣਾ ਕੀ ਨਿਰਮਲ ਸੁਹਿਰਦਤਾ ਦਾ ਸੂਚਕ ਹੈ ਜੀ ?

(ਅ) ਹੁਕਮਨਾਮੇ ਦਾ ਇਹ ਭਾਗ-**A**" ਸਿਖ ਧਰਮ ਦੇ ਕੁਝ ਬੁਨਿਆਦੀ ਅਸੂਲ ਹਨ ਜਿਨ੍ਹਾਂ ਵਿਚ ਅਰਦਾਸ ਅਤੇ ਚੌਪਈ (ਹਮਰੀ ਕਰੋ ਹਾਥ ਦੇ ਰੱਛਾ) ਭੀ ਹਨ, ਜੋ ਸਿੱਖ ਧਰਮ ਦੇ ਥੰਮ ਰੂਪ ਹਨ " **A** ਗੁਰਮਤਿ ਵਿਰੋਧੀ ਅਤੇ ਅਸਲੀਯਤ ਦੇ ਉਲਟ ਹੈ। ਜਿਹੜਾ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਥਾਂ, ਕਿਸੇ ਅਜੇਹੀ ਬਾਣੀ ਨੂੰ " ਸਿੱਖੀ ਧਰਮ ਦਾ ਥੰਮ " ਮੰਨਦਾ ਹੈ ਜਿਸ ਨੂੰ ਦਸਮ ਸਤਿਗੁਰੂ ਨਾਨਕ ਸਾਹਿਬ ਸ੍ਰੀ ਦਸ਼ਮੇਸ਼ ਜੀ ਨੇ ਗੁਰਿਆਈ ਦੇ ਕਾਬਲ ਨਾ ਸਮਝਿਆਂ, ਉਸ ਮਨਮਤੀਏ ਨੂੰ ਕਲਗੀਧਰ ਜੀ ਦਾ ਸਿੱਖ ਕਿਸ ਦਲੀਲ ਨਾਲ ਮੰਨਿਆਂ ਜਾ ਸਕਦਾ ਹੈ ? ਕੀ, ਅਜੇਹਾ ਲਿਖ ਕੇ ਸਾਧੂ ਸਿੰਘ ਭੌਰਾ ਜੀ ਨੇ ਇਹ ਸਿੱਧ ਕੀਤਾ ਹੈ ਕਿ ਉਹ ਦਸ਼ਮੇਸ਼ ਨੀ ਨਾਲੋਂ ਸਿਆਣੇ ਸਨ ? ਕੀ , ਅਭੁੱਲ ਸਤਿਗੁਰੂ ਦਸ਼ਮੇਸ਼ ਜੀ ਨੇ ਦਸਮ ਗ੍ਰੰਥ ਦੀ ਕਿਸੇ ਵੀ ਬਾਣੀ ਨੂੰ ਗੁਰਿਆਈ ਨਾ ਦੇਣ ਵਿਚ ਭੁੱਲ ਕੀਤੀ ਸੀ ਜੋ ਸਾਧੂ ਸਿੰਘ ਨੇ ਜਾਂ ਉਸ ਦੇ ਸਮਕਾਲੀ ਅਨਿਆਈ ਸਲਾਹ ਕਾਰਾਂ ਨੇ ਸੁਧਾਰ ਲਈ ਹੈ ?

**੨੭-** (ੳ) ਆਪ ਜੀ ਨੇ ਅੰਤ ਵਿਚ " ਤੱਤ ' ਰੂਪ ਵਿਚ ਸਿਖ਼ਸ਼ਾ ਦੀਖਿਆ " ਕਿ ਅਸੀਂ ਵਾਦ-ਵਿਵਾਦ ਤੋਂ ਆਪਣਾ-ਆਪ ਬਚਾਈਏ ਅਤੇ ਨਾਮ-ਸਿਮਰਨ ਦੁਆਰਾ ਆਪਣਾ ਲੋਕ-ਪਰਲੋਕ ਸੁਹੇਲਾ ਕਰੀਏ। " ਇਹ ਸੁਝਾ ਹੈ ਤਾਂ ਬੜਾ ਨੇਕ ਪਰ ਕੀ ਤੁਸੀਂ ਆਪ ਇਨ੍ਹਾਂ-**ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ।--AQvw-- ਬਾਹਰਿ ਭੇਖ ਕਰਹਿ ਘਨੇਰੇ ॥ ਅੰਤਰਿ ਬਿਖਿਆ ਉਤਰੀ ਘੇਰੇ ॥ ਅਵਰ ਉਪਦੇਸੈ ਆਪਿ ਨ ਬੂਝੈ ॥ ਐਸਾ ਬ੍ਰਾਹਮਣੁ ਕਹੀ ਨ ਸੀਝੈ ॥੩॥**
" ਇਨ੍ਹਾਂ ਪਾਵਨ

**ਹੁਕਮਨਾਮਿਆਂ** ਤੋਂ ਸੁਚੇਤ ਰਹਿ ਕੇ ਸਿਖਿਆਂ ਪ੍ਰਦਾਨ ਕਰ ਰਹੇ ਹੋ ਜੀ ? ਸਾਰੇ ਵਿਵਾਦਾਂ ਨੂੰ ਤਲਾਂਜਲੀ ਦੇ ਕੇ, ਕੀ ਤੁਸੀਂ ਆਪ ਹੁਣ, ਨਾਮ ਸਿਮਰਨ ਦੁਆਰਾ ਆਪਣਾ ਲੋਕ ਪਰਲੋਕ ਹੀ ਸੁਆਰਨ ਦੀ ਆਹਰੇ ਜੁੱਟੇ ਹੋਏ ਹੋ ਜੀ ?

**ਆਪਣਾ ਮਨੁ ਪਰਬੋਧਹੁ ਬੂਝਹੁ ਸੋਈ॥ ਲੋਕ ਸਮਝਾਵਹੁ ਸੁਣੇ ਨ ਕੋਈ॥ ਗੁਰਮੁਖਿ ਸਮਝਹੁ ਸਦਾ ਸੁਖੁ ਹੋਈ॥੪॥**
**ਮਨਮੁਖਿ ਡੰਫੁ ਬਹੁਤੁ ਚਤੁਰਾਈ ॥ ਜੋ ਕਿਛੁ ਕਮਾਵੈ ਸੁ ਥਾਇ ਨ ਪਾਈ ॥ ਆਵੈ ਜਾਵੈ ਠਉਰ ਨ ਕਾਈ ॥੫॥**

(ਅ) " ਨਾਮ " ਅਤੇ " ਸਿਮਰਨ " ਦੀ ਗੁਰਮਤਿ ਵਿਆਖਿਆ ਵੀ ਲਿਖ ਭੇਜਦੇ ਤਾਂ ਵਡਾ ਉਪਕਾਰ ਹੁੰਦਾ ? ਜਾਪ ਸਾਹਿਬ ਦੀ ਤੁਸਾਂ ਵੀ ਮਹਿਮਾ ਲਿਖੀ ਹੈ, ਉਸ ਵਿਚ ਪਰਮਾਤਮਾ ਨੂੰ "**ਅਨਾਮ " ਹੈਂ ਅਠਾਮ ਹੈਂ**-ਲਿਖਿਆ ਹੈ। ਇਸ ਦਾ ਕੀ ਭਾਵ ਹੈ ਜੀ। ਕੀ ਵਾਕਿਆ ਹੀ, ਸੰਸਾਰ ਦੀਆਂ ਬੋਲੀਆਂ ਵਿਚੋਂ ਲਏ ਕਿਸੇ ਵੀ ਗਿਣਤੀ ਦੇ " ਅੱਖਰਾਂ " ਦੇ ਜੋੜ ਨਾਲ ਪਰਮਾਤਮਾ ਦਾ ਪੂਰਾ ਨਾਮ ਨਹੀਂ ਲਿਖਿਆ ਜਾ ਸਕਦਾ ? **ਜਾਪ** (-ਸਿਮਰਣ) ਤੋਂ ਬਿਨਾ ਉਸ " ਆਦਿ ਸਚੁ " ਦੇ ਦਰਸ਼ਨ ਹਿਰਦੇ ਦੇ ਅੰਦਰੋਂ ਹੀ ਹੋ ਸਕਦੇ ਹਨ ਕਿ ਨਹੀਂ ਜੀ ?-- **(੧) ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ ॥ ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ ॥੧॥(੨) ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ ॥ ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ ॥ ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ ॥ ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥੨॥ (੩) ਸਰਨਿ ਸੁਹਾਗਨਿ ਚਰਨ ਸੀਸੁ ਧਰਿ ॥ ਲਾਲਨੁ ਮੋਹਿ ਮਿਲਾਵਹੁ ॥ ਕਬ ਘਰਿ ਆਵੈ ਰੀ ॥੧॥ ਸੁਨਹੁ ਸਹੇਰੀ ਮਿਲਨ ਬਾਤ ਕਹਉ ਸਗਰੋ ਅਹੰ ਮਿਟਾਵਹੁ ਤਉ ਘਰ ਹੀ ਲਾਲਨੁ ਪਾਵਹੁ ॥ ਤਬ ਰਸ ਮੰਗਲ ਗੁਨ ਗਾਵਹੁ ॥ ਆਨਦ ਰੂਪ ਧਿਆਵਹੁ ॥ ਨਾਨਕੁ ਦੁਆਰੈ ਆਇਓ ॥ ਤਉ ਮੈ ਲਾਲਨੁ ਪਾਇਓ ਰੀ ॥੨॥ ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥ ਜੇਤਾ ਬੋਲਣੁ ਤੇਤਾ ਗਿਆਨੈ ॥ ਜੇਤਾ ਸੁਨਣਾ ਤੇਤਾ ਨਾਮੁ ॥ ਜੇਤਾ ਪੇਖਨੁ ਤੇਤਾ ਧਿਆਨੁ ॥੨॥ (੪) ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ ॥ ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ ॥੧॥ ਰਹਾਉ ॥ (੫) ਨਾ ਮੈ ਕੁਲੁ ਨਾ ਸੋਭਾਵੰਤ ॥ ਕਿਆ ਜਾਨਾ ਕਿਉ ਭਾਨੀ ਕੰਤ ॥ ਮੋਹਿ ਅਨਾਥ ਗਰੀਬ ਨਿਮਾਨੀ ॥ ਕੰਤ ਪਕਰਿ ਹਮ ਕੀਨੀ ਰਾਨੀ ॥੩॥ ਜਬ ਮੁਖਿ ਪ੍ਰੀਤਮੁ ਸਾਜਨੁ ਲਾਗਾ ॥ ਸੂਖ ਸਹਜ ਮੇਰਾ ਧਨੁ ਸੋਹਾਗਾ ॥ ਕਹੁ ਨਾਨਕ ਮੋਰੀ ਪੂਰਨ ਆਸਾ ॥ ਸਤਿਗੁਰ ਮੇਲੀ ਪ੍ਰਭ ਗੁਣਤਾਸਾ ॥੪॥੧॥੯੫॥** ਸਤਿਕਾਰ ਜੋਗ, ਪਿਆਰੇ ਮਿੱਤਰ ਗਿਆਨੀ ਹਰਬੰਸ ਸਿਘ ਜੀਓ ! ਦੁਹਾਈ ਜੇ ਗੁਰੂ ਨਾਨਕ ਸਾਹਿਬ ਦੀ ਜੋਤਿ ਜੁਗਤਿ ਦੇ ਸਦੀਵੀ ਮਾਲਕ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਨਾਮ ਦੀ, ਕਿਤੇ ਇਹ ਵਿਚਾਰ ਮਨ ਵਿਚ ਨਾ ਆਉਣ ਦੇਣਾ ਕਿ, ਪਾਵਨ ਗੁਰੂ ਬਾਣੀ ਦੇ ਸ਼ਬਦ ਆਪਣੀ ਜਾਣਕਾਰੀ ਦਰਸਾਉਣ ਲਈ ਲਿਖ ਰਿਹਾ ਹਾਂ, ਅਸਲ ਭਾਵ ਏਹੀ ਹੈ, ਕਿ ਦਸੋ ਕੋਈ ਅਜੇਹੇ ਗਿਆਨ ਵਾਲਾ ਇੱਕ ਵੀ ਸ਼ਬਦ ਦਸਮ ਗ੍ਰੰਥ ਵਿਚੋਂ ? ਕਿਉਂ ਨਹੀਂ ਪੰਥ ਨੂੰ ਜੋੜਦੇ ਏਸੇ ਪਰਮ ਸਚੁ ਨਾਲ ਜਿਸ ਦੀ ਸਿਖਿਆ ਤੋਂ ਮਤਿ ਵਿਚ ਰਤਨ ਜਵਾਹਰ ਮਾਣਕਾਂ ਦਾ ਭੰਡਾਰ ਭਰ ਜਾਣਾ ਹੈ। ਹਾਏ ਕਿਤੇ ਖ਼ਾਲਸਾ ਪੰਥ ਮੁੜ ਆਪਣੀ ਪਹਿਲਾਂ ਵਾਲੀ **ਆਭਾ** ਦਾ ਮਾਲਕ ਬਣ ਜਾਵੇ ?

**ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥ ਜੇਤਾ ਬੋਲਣੁ ਤੇਤਾ ਗਿਆਨੈ ॥ ਜੇਤਾ ਸੁਨਣਾ ਤੇਤਾ ਨਾਮੁ ॥ ਜੇਤਾ ਪੇਖਨੁ ਤੇਤਾ ਧਿਆਨੁ ॥੨॥ ਸਹਜੇ ਜਾਗਣੁ ਸਹਜੇ ਸੋਇ ॥ ਸਹਜੇ ਹੋਤਾ ਜਾਇ ਸੁ ਹੋਇ ॥ ਸਹਜਿ ਬੈਰਾਗੁ ਸਹਜੇ ਹੀ ਹਸਨਾ ॥ ਸਹਜੇ ਚੂਪ ਸਹਜੇ ਹੀ ਜਪਨਾ ॥੩॥ ਸਹਜੇ ਭੋਜਨੁ ਸਹਜੇ ਭਾਉ ॥ ਸਹਜੇ ਮਿਟਿਓ ਸਗਲ ਦੁਰਾਉ ॥ ਸਹਜੇ ਹੋਆ ਸਾਧੂ ਸੰਗੁ ॥ ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ ॥੪॥**{੨੩੬}

(ੲ) ਮੁੜ ਮੁੜ ਹੁਕਨਾਮੇ ਦਾ ਭੈ ਕਿਸ ਖ਼ਿਆਲ ਨਾਲ ਪਾ ਰਹੇ ਹੋ ? ਸ਼ਾਇਦ ਦਾਸ ਦੀ ਲਿਖੀ ਚਿੱਠੀ ਤੁਸਾਂ ਧਿਆਨ ਨਾਲ ਨਹੀਂ ਪੜ੍ਹੀ। ਜਿਸ ਸੇਵਕ ਦਾ, ਆਪਣੇ ਸਤਿਗੁਰੂ ਜੀ ਦੇ ਇਨ੍ਹਾਂ ਪਾਵਨ ਉਪਦੇਸ਼ਾਂ ਤੇ ਦ੍ਰਿੜ ਵਿਸ਼ਵਸ਼ ਬਣ ਚੁੱਕਾ ਹੈ ਕਿ--

(੧) **ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥**
(੨) **ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀਉ ਤਿਨ ਕਾ ਭਉ ਸਭੁ ਗਵਾਸੀ** " ॥ (੩) " **ਨਿਰਭਉ ਜਪੈ ਸਗਲ ਭਉ ਮਿਟੈ** ॥ " (੪) **ਕਿਆ ਡਰੀਐ ਡਰੁ ਡਰਹਿ ਸਮਾਨਾ ॥ ਪੂਰੇ ਗੁਰ ਕੈ ਸਬਦਿ ਪਛਾਨਾ ॥੧॥ ਰਹਾਉ ॥**
(੫) **ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ** ॥ ਪਿਅਰੇ ਸੱਜਣ ਜੀਓ! ਸ਼ੁੱਧ ਹਿਰਦਾ, ਨਿਰਭਉ ਅਕਾਲ ਤੋਂ ਬਿਨਾ, ਕਿਸੇ ਨਾਸਵੰਤ ਮਨੁੱਖ ਦਾ ਡਰ ਕਿਉਂ ਮੰਨੇ। ਅਤੇ ਦਾਸ ਨੇ ਤਾਂ ੧੯੯੯ ਤੋ ਹੀ-

**ਆਪ ਹਾਥ ਦੈ ਮੁਝੈ ਉਬਰਿਯੈ ॥ ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥**
ਹੂਜੋ ਸਦਾ ਹਮਾਰੇ ਪੱਛਾ ॥ **ਸ੍ਰੀ** ਅਸਧੁਜ ਜੂ ਕਰਿਯਹੁ ਰੱਛਾ ॥ ੩੯੧ ॥

**ਅਰਥ:**--ਕਿਰਪਾ ਸਹਿਤ ਆਪਣਾ ਹੱਥ ਦੇ ਕੇ ਮੇਰਾ ਉਧਾਰ ਕਰੋ, ਅਤੇ ਮੌਤ ਦੇ ਸਮੇਂ ਦੇ ਭੈ ਦਾ ਨਿਵਾਰਣ ਕਰੋ । ਆਪ ਸਦਾ ਸਾਡੇ ਪੱਖ ਵਿਚ ਰਹੋ ਅਤੇ ਸ੍ਰੀ ਅਸਿਧੁਜ ਜੀ ! ਆਪ ਸਾਡੀ ਰਖਿਆ ਕਰੋ । ੩੮੧। (-ਗਿਆਨੀ ਨਰੈਣ ਸਿੰਘ ਜੀ)

**ਮੌਤ ਦੇ ਸਮੇ ਦੇ ਚੇਤੇ ਤੋਂ ਭੈਭੀਤ ਕਰ ਰਹੀ ਬਾਣੀ ਦਾ ਪਾਠ ਕਰਨਾ ਤਿਆਗ ਦਿੱਤਾ ਹੋਇਆ ਹੈ। ਗਿਆਨੀ ਜੀਓ ! ਜਿਸ ਸਤਿਗੁਰ ਜੀ ਦਾ ਉਪਦੇਸ਼ ਇਹ ਹੋਵੇ :--**

(੧) **ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥ ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ**
**ਪੰਥੁ ਸੁਹੇਲਾ ਆਗੈ ਹੋਇ ॥ ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ ॥**
**ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥ ਮਹਲੀ ਜਾਇ ਪਾਵਹੁ ਖਸਮੈ**
**ਭਾਵਹੁ ਰੰਗ ਸਿਉ ਰਲੀਆ ਮਾਣੈ ॥ ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥੨॥{੫੭੯}**

} (੨) **ਕੰਟਕੁ ਕਾਲੁ ਏਕੁ ਹੈ, ਹੋਰੁ ਕੰਟਕੁ ਨ ਸੁਝੈ ॥ ਅਫਰਿਓ ਜਗ ਮਹਿ ਵਰਤਦਾ ਪਾਪੀ ਸਿਉ ਲੁਝੈ ॥**
**ਗੁਰ ਸਬਦੀ ਹਰਿ ਭੇਦੀਐ ਹਰਿ ਜਪਿ ਹਰਿ ਬੁਝੈ ॥ ਸੋ ਹਰਿ ਸਰਣਾਈ ਛੁਟੀਐ ਜੋ ਮਨ ਸਿਉ ਜੂਝੈ ॥**
**ਮਨਿ ਵੀਚਾਰਿ ਹਰਿ ਜਪੁ ਕਰੇ ਹਰਿ ਦਰਗਹ ਸੀਝੈ ॥੧੧॥** {੧●੮੯}

**ਅਰਥ**:-(ਮਨੁੱਖ ਲਈ) ਮੌਤ (ਦਾ ਡਰ ਹੀ) ਇਕ (ਐਸਾ) ਕੰਡਾ ਹੈ (ਜੋ ਹਰ ਵੇਲੇ ਦਿਲ ਵਿਚ ਚੁੱਭਦਾ ਰਹਿੰਦਾ ਹੈ) ਕੋਈ ਹੋਰ ਕੰਡਾ (ਭਾਵ, ਸਹਮ) ਇਸ ਵਰਗਾ ਨਹੀ' ਹੈ, (ਇਹ ਮੌਤ) ਸਾਰੇ ਜਗਤ ਵਿਚ ਵਰਤ ਰਹੀ ਹੈ, ਕੋਈ ਇਸ ਨੂੰ ਰੋਕ ਨਹੀ' ਸਕਦਾ। **ਮੌਤ ਦਾ ਸਹਿਮ ਵਿਕਾਰੀ ਬੰਦਿਆਂ ਨੂੰ (ਖ਼ਾਸ ਤੌਰ ਤੇ) ਬਣਦਾ ਹੈ ।ਪਰ, ਜੋ ਮਨੁੱਖ ਸਤਿਗੁਰੂ ਦੇ ਸ਼ਬਦ ਦੇ ਰਾਹੀਂ ਪ੍ਰਭੂ-ਨਾਮ ਵਿਚ ਪ੍ਰੋਤਾ ਜਾਂਦਾ ਹੈ, ਜੋ ਮਨ ਨਾਲ ਟਾਕਰਾ ਲਾਉਂਦਾ ਹੈ (ਭਾਵ, ਮਨ ਦੇ ਪਿੱਛੇ ਨਹੀਂ ਲੱਗਦਾ) ਉਹ ਸਿਮਰਨ ਕਰ ਕੇ (ਅਸਲੀਅਤ) ਸਮਝ ਲੈਂਦਾ ਹੈ, ਤੇ ਉਹ ਪ੍ਰਭੂ ਦੀ ਸਰਨ ਪੈ ਕੇ, (ਮੌਤ ਦੇ ਸਹਮ ਤੋਂ) ਬਚ ਜਾਂਦਾ ਹੈ । ਜੋ ਮਨੁੱਖ ਆਪਣੇ ਮਨ ਵਿਚ (ਪ੍ਰਭੂ ਦੇ ਗੁਣਾਂ ਦੀ) ਵਿਚਾਰ ਕਰ ਕੇ ਬੰਦਗੀ ਕਰਦਾ ਹੈ ਉਹ ਪ੍ਰਭੂ ਦੀ ਹਜ਼ੂਰੀ ਵਿਚ ਪਰਵਾਨ ਹੁੰਦਾ ਹੈ।੧੧।**

**ਹੋਰ ਵੀ ਅਜੇਹੇ ਬੇਅੰਤ ਗੁਰੂ ਸ਼ਬਦ ਆਪ ਜੀ ਤੋਂ ਭੁੱਲੇ ਨਹੀਂ ਹਨ। ਜੋ ਕਰ ਰਹੇ ਹੋ ਉਹ ਵੀ ਤੁਸੀਂ ਭੁਲੇਖੇ ਤਹਿਤ ਨਹੀਂ ਜਾਣ ਬੁੱਝ ਕੇ ਬਿੱਪ੍ਰ ਦੀ ਏਜੰਟਾ ਵਾਲੀ ਸੇਵਾ ਨਿਭਾ ਰਹੇ ਹੈ।**

ਮੌਤ ਤੋਂ ਪਾਪੀ ਬੰਦੇ ਡਰਨ, ਸਤਿਗੁਰੂ ਜੀ ਤਾਂ ਮੌਤ ਦਾ ਭੈ ਸਗੋਂ ਮੁਕਾਉਂਦੇ ਹਨ-**ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ** ॥ ਹੇ ਚਤੁਰ ਗਿਆਨੀ ਜੀਓ ! ਉਲਟੀ ਗੰਗਾ ਵਗਾਉਣ ਤੇ ਕਿਉਂ ਜ਼ੋਰ ਪਾ ਰਹੇ ਹੋ ? ਮੌਤ ਵਰਗੀ ਅਟੱਲ ਸਚਾਈ ਕੋਲੋਂ ਦਸ਼ਮੇਸ਼ ਜੀ ਵਰਗੇ ਧਰਮੀ ਪਰਮ-ਪੁਰਖ ਕਿਓਂ ਡਰਦੇ ? ਮੈਤ ਦੇ ਸਮੇ ਦਾ ਤਰਾਂਸ ਪਾ ਰਹੀ ਚੌਪਈ ਪੰਥ ਦੀ ਥੰਮ ? ਹੱਥ ਕੋਹੜੇ ਕਿਉ ਨਾ ਹੋ ਗਏ ਅਜੇਹਾ ਹੁਕਮਨਾਮਾ ਲਿਖਣ ਵਾਲੇ ਦੇ ? ਗੁਰਬਾਣੀ ਦੇ ਆਸੇ ਦੇ ਉਲਟ ਅਜੇਹੀ ਚੌਪਈ, ਜਿਸ ਪਰਮਸੂਰਬੀਰ, ਦਸ਼ਮੇਸ਼ ਜੀ ਦਾ ਪਾਣੀ ਭਰਦੀ ਰਹੀ, ਉਸ " ਨਕਾਰੀ ਮੌਤ " ਦੇ ਸਮੇਂ ਦਾ ਤ੍ਰਾਸ ? ਉਹ ਵੀ, ਦਸ਼ਮੇਸ਼ ਜੀ ਨੇ ਆਪ ਹੀ ਦਰਸਾਇਆ ਹੋਵੇ ? ਕੀ ਤੁਸੀ ਉਸੇ ਮਹਾਂਬਲੀ ਦੇ ਹੀ ਸਿੱਖ ਹੋ ਜੀ ? ਵੈਰੀ ਵੀ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਅਜੇਹੇ ਉਪੱਦਰ ਨਹੀਂ ਜੋੜ ਸਕਦੇ ਜੋ ਕੁਝ ਅਸੀਂ ਮੜ੍ਹੀ ਜਾ ਰਹੇ ਹਾਂ। ਸੁਹਿਰਦਤਾ ਨਾਲ ਆਪਨੜੇ ਅੰਦਰਲੇ ਦੇ ਪੇਸ਼ ਹੋ ਕੇ ਵਿਚਾਰੀਏ ਤਾਂ, ਸ਼ਰਮ ਨਾਲ ਡੁੱਬ ਮਰਨ ਵਾਲੀ ਗੱਲ ਹੈ ਕਿ ਨਾ ਜੀ ?

**ਕਬੀਰ ਐਸੀ ਹੋਇ ਪਰੀ ਮਨ ਕੋ ਭਾਵਤੁ ਕੀਨੁ ॥**
**ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ ॥੭੧॥**

ਤੁਸੀ ਅਪਣੇ ਮਤਿ ਅਨੁਸਾਰ " ਤਤ" ਸਮਝਾਇਆ ਦਾਸ ਨੇ ਸਤਿਗੁਰਾਂ ਦੇ ਫ਼ੁਰਮਾਨਾ ਤੋਂ ਤਤ ਲਭਣ ਦੀ ਜੋਦੜੀ ਕੀਤੀ-

**੨੮-** ਆਪ ਜੀ ਨੂੰ ਸੰਬੋਧਨ ਕੀਤੀ ੭ ਜੁਲਾਈ ਨੂੰ ਲਿਖੀ ਚਿੱਠੀ ਦੀ ਅੰਤਲੀ ਸਤਰ-ਪੰਜਾਬੀ ਹਿੰਦਸੇ ਵਰਤ ਕੇ ਅਤੇ ਫਿਰ ਬਾਕੀ ਚਿੱਠੀਆਂ ਦੇ ਅੰਤ ਵਿਚ ਅੰਗ੍ਰੇਜ਼ੀ ਹਿੰਦਸਿਆਂ ਵਿਚ, ਦੋ ਵਾਰੀ ਆਪਣਾ ਟੈਲੀਫੋਨ ਨੰਬਰ ਲਿਖ ਕੇ ਗੁਜ਼ਾਰਸ਼ ਲਿਖੀ, ਕਿ, ਜੇ ਜ਼ਰਾ ਅਟਕ ਕੇ ਜਵਾਬ ਲਿਖਣਾ ਹੋਇਆ ਤਾਂ ਫੋਨ ਕਰ ਦੇਣਾ, ਦਾਸ ਪੁਸਤਕ ਦੀ ਛਪਾਈ ਰੋਕ ਦੇਵੇਗਾ। ਪਰ ਤੁਸਾਂ ਉਸ ਪਾਸੇ ਧਿਆਨ ਹੀ ਨਾ ਦਿੱਤਾ। ਬਚਿਤ੍ਰ ਨਾਟਕ ਗੁਰੂ ਬਾਣੀ ਦੀ ਕਸਵੱਟੀ ਤੇ- ਪੁਸਤਕ ਛਪ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜ ਚੁੱਕੀ ਹੈ। ਤੁਸੀਂ ਵੀ ਚਿੱਠੀ ਲਿਖ ਕੇ ਚੰਡੀ ਗੜ੍ਹੋਂ ਮੰਗਵਾ ਹੀ ਲਈ ਹੋਣੀ ਹੈ । ਵੇਖ ਲਵੋ ਕਿ ਦਾਸ ਨੇ ਲਿਖਣ ਵਿਚ ਸਮਦਰਸਤਾ ਤਾਂ ਨਹੀਂ ਗੁਆਈ ? ਕੀ ਦਾਸ ਨੇ ਵੀ ਚੁਣ ਚੁਣ ਕੇ ਹੀ ਲਿਖਿਆ ਕਿ ਜਾਂ ਸਾਰੇ ਨਾਟਕ ਨੂੰ ਇਕ ਸਾਰ ਗੁਰਮਤਿ ਦੇ ਝਰੋਖੇ ਵਿਚੋਂ ਵੇਖਿਆ ਹੈ ? ਅੰਤ ਵਿਚ ਚੰਗੀ ਤਰ੍ਹਾਂ ਫਿਰ ਸਮਝਾ ਦਿਆਂ ਕਿ ਗੁਰਬਾਣੀ ਦੇ ਅਨਕੂਲ ਹਰ ਗਲ ਗੁਰੂ ਦਾ ਹੀ ਹੁਕਮ ਮੰਨਦਾ ਹਾਂ, ਉਹ ਭਾਵੇ ਇਤਿਹਾਸ ਹੈ ਭਾਵੇ ਬਾਈਬਲ ਹੈ, ਭਾਵੇਂ ਕੁਰਾਨ ਸ਼ਰੀਫ਼ ਤੇ ਭਾਂਵੇਂ ਵੇਦ ਬਾਣੀ ਹੈ॥ ਜੇ ਕੋਈ ਗੱਲ ਗੁਰੂ ਇਤਿਹਾਸ ਦੀ ਵੀ ਗੁਰਬਾਣੀ ਤੇ ਪੂਰੀ ਨਹੀਂ ਤਾਂ ਉਹ ਵੀ ਵੈਰੀਆਂ ਵਲੋਂ ਰਲਾਇਆ ਖੋਟ ਮੰਨਣ ਵਿਚ ਹੀ ਸਾਡਾ ਭਲਾ ਹੈ। ਬਸ ਇਹੀ ਹੈ, ਸਿਧਾਂਤ ਦਾਸ ਨਾਲ ਗਲ ਬਾਤ ਦਾ ਬਾਕੀ ਐਵੇਂ--

**ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥ ਝਗੜਾ ਕਰਦਿਆ ਅਨਦਿਨੁ ਗੁਦਰੈ**

**ਸਬਦਿ ਨ ਕਰਹਿ ਵੀਚਾਰੁ ॥ ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ ॥**
**ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ ॥ ਨਾਨਕ ਮਨਮੁਖਾ**
**ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥੧॥** {ਪੰਨਾ ੩੧੯}

ਗੁਰਮਤਿ ਅਨੁਸਾਰ ਜੋ ਵੀ ਸੁਝਾ ਭੇਜੋਗੇ ਦਾਸ ਮੰਨ ਲੈਣ ਦਾ ਪਾਬੰਦ ਹੈ। ਦਾਸ ਜਿਹੇ "**ਭੂਡੜੈ ਨਾਮੁ ਵਿਸਾਰਿਆ ਬੂਡੜੈ ਕਿਆ ਤਿਸੁ ਚਾਰੋ ॥ ਗੁਣ ਛੋਡਿ ਬਿਖੁ ਲਦਿਆ ਅਵਗੁਣ ਕਾ ਵਣਜਾਰੋ ॥੩॥** ਅਗਿਆਨੀ ਮਨੁੱਖ ਨੂੰ ਗੁਰਮਤਿ ਸੇਧਾਂ ਬਖ਼ਸ਼ਸ਼ ਕਰਨ ਤੋਂ ਦਾਸ ਆਪ ਜੀ ਦਾ ਸਦਾ ਰਿਣੀ ਰਹੇਗਾ । ਗੁਰਮਤਿ ਤੋਂ ਬਾਹਰੋਂ ਹਵਾਲੇ, ਜਾਂ ਮਨ ਦੀ ਮਤਿ ਦੇ ਛਲ-ਚਮਤਕਾਰ ਵਿਖਾਉਣੇ, ਸੱਚੇ ਗੁਰਸਿੱਖ ਨੂੰ ਨਹੀਂ ਸੋਭਦੇ। । ਚੰਡੀ, ਦੁਰਗਾ, ਭਗਉਤੀ, ਭਵਾਨੀ, ਸ਼ਿਵਾ ਆਦਿ ਕਈ ਨਾਵਾਂ ਵਾਲੀ ਦੇਵੀ ਦੇ ਤਿੰਨਾਂ ਹੀ ਰੂਪਾਂ ਨੂੰ ਵੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰ ਵਿਚ ਘਸੀਟ ਖੜਿਆ ਹੈ, ਖਰੜਾ ਤਿਆਰ ਹੈ। ਛਪਾਈ ਲਈ ਉਹ ਸਪੋਕਸਮੈਨ ਕੋਲ ਜਾ ਚੁੱਕੇ ਹਨ, ਪਰ, ਇਸ ਚਿੱਠੀ ਬਾਰੇ. ਬਚਿੱਤਰ ਨਾਟਕ ਬਾਰੇ, ਤੁਹਾਡਾ ਉੱਤਰ ਉਡੀਕਣ ਲਈ ਦੋ ਮਹੀਨੇ ਛਪਾਈ ਨਹੀਂ ਹੋਵੇਗੀ। ਸਤਿਗੁਰਾਂ ਦੇ ਪੰਥ ਨੂੰ ਚੜ੍ਹਦੀ ਕਲਾ ਮਾਣਦਾ ਵੇਖਣ ਦੀ ਲਗਣ ਵਿਚ ਭੁਲੱਕੜ ਹੋ ਗਿਆ ਹਾਂ, ਸ਼ਾਇਦ ਅਣਜਾਣੇ ਵਿਚ ਕੋਈ ਗੁਸਤਾਖ਼ੀ ਹੋ ਗਈ ਹੋਵੇ ਤਾਂ ਖਿਮਾਂ ਦਾ ਜਾਚਕ ਹਾਂ। ਗੁਰਮਤਿ ਗਿਆਨ ਵਿਚ ਸੁਧਾਈ ਹੋ ਜਾਣ ਦੀ ਖ਼ੁਸ਼ੀ ਵਿਚ, ਗੁਰਮਤਿ ਸੇਧਾਂ ਆਉਣ ਦੀ ਤੀਬਰ ਉਡੀਕ ਲਾਈ ਬੈਠਾ, ਗੁਰਮਤਿ ਅਨੁਸਾਰ ਜੀਵਨ ਜੀਊਂ ਰਹੇ ਗੁਰਮੁਖਾਂ ਦੀ ਚਰਨਧੂੜ--

ਦਾਸਰਾ ਗੁਰਬਖ਼ਸ਼ ਸਿੰਘ

ਅਕਤੂਬਰ-੯ ੧੯੯੯

ਨੋਟ:-ਅੱਜ ਪੰਜਵੇਂ ਦਿਨ ਆਪ ਜੀ ਦੀ ਗਿਆਨ-ਪੱਤ੍ਰਕਾ ਦਾ ਉਤਰ ਲਿਖਣਾ ਸਮਾਪਤ ਹੋਇਆ। ਆਪਣੀ ਲਿਖੀ ਪੱਤ੍ਰਕਾ ਕੋਲ ਰੱਖ ਕੇ ਧਿਆਨ ਨਾਲ ਵਾਚ ਲੈਣੀ। ਜੇ ਕੋਈ ਗੱਲ ਲਿਖਣੀ ਭੁੱਲ ਗਿਆ ਹੋਵਾਂ ਤਾਂ ਦੋਬਾਰਾ ਲਿਖਭੇਜਣ ਦੀ ਖੇਚਲ ਕਰ ਲੈਣੀ। ਇਸ ਚਿੱਠੀ ਨੂੰ ਪੜ੍ਹਨ ਉਪਰੰਤ ਜੇ ਹੁਕਮ ਕਰੋਗੇ ਤਾਂ ਸ੍ਰੀ ਚਰਿਤ੍ਰੋ ਪਾਖਿਯਾਨ ਗ੍ਰੰਥ ਦੀ, ਸਚੁ ਦੇ ਦਰਬਾਰ ਵਿਚ ਦੁਰਦਸ਼ਾ ਹੁੰਦੀ ਦਰਸਾ ਰਹੇ ਖਰੜੇ ਦੀ ਨਕਲ ਭੇਜ ਦਿਆਂਗਾ ਜੀ। ਜੇ ਸੁਹਿਰਦਤਾ ਨਾਲ ਗੁਰਮੁਖਾਂ ਵਾਲੀ ਮਿਤਰਤਾਈ ਦਾ ਹੱਥ ਵਧਾਉ ਤਾਂ ਨਿਹਾਲ ਨਿਹਾਲ। ਜੋ ਚਾਹੋ ਉਵੇਂ ਹੋਵੇ। ਸਾਡਾ ਇਹ ਚਿੱਠੀ ਪੱਤਰ ਵੀ ਸਦੀਵੀ ਰਿਕਾਰਡ ਬਣਨ ਲਈ ਪੁਸਤਕ ਦਾ ਹਿੱਸਾ ਬਣ ਜਾਵੇ, ਕਿ ਜਾਂ ਆਪ ਜੀ ਵਿਚਾਰ ਕੁਝ ਹੋਰ ਹੈ ?

**ਬਾਹਾਂ ਖੜੀਆਂ ਕਰਕੇ ਵਾਸਤੇ ਪਾ ਰਿਹਾ ਹਾਂ-ਕਿ, ਸਚੁ ਦੇ ਅਵਤਾਰ ਸ੍ਰੀ ਗੁਰੂ ਨਾਨਕ ਸਾਹਿਬ ਦੀ ਸਿੱਖੀ " ਸਚੁ " ਨਾਲ ਜੁੜ ਕੇ ਹੀ ਅਸਮਾਨੀ ਜਾ ਚੜ੍ਹੀ ਸੀ. ਰਸਾਤਲ ਵਲ ਨੂੰ ਧੂਈ ਜਾ ਰਹੇ ਝੂਠ ਦੇ ਪੈ ਚੁੱਕੇ ਰਲੇ ਤੋਂ ਇਸ ਨੂੰ ਪਾਕ ਸਾਫ਼ ਕਰਨ ਵਿਚ ਸਗੋਂ ਸਹਾਇਤਾ ਕਰੋ। ਕਿਉਂਕਿ- " ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥** JUT dw AMq ivnwS hY[ ipAwry im`qr igAwnI hrbMs isNG jIE ! ਤੁਸੀਂ ਤਾਂ ਗੁਰਮੁਖ ਹੋ, ਤੁਹਾਡਾ ਝੂਠ ਨਾਲ ਕੀ ਵਾਸਤਾ? ਤੁਹਾਨੂੰ ਸਚੁ ਕੌੜਾ ਕਿਉਂ ਲੱਗੇ ? ਲੋਕਾਂ ਦੀਆਂ ਨਜ਼ਰਾਂ ਵਿਚ ਤਾਂ ਤੁਸੀਂ ਸਚੁ ਮੁਚ, **ਸਚੁ ਰਤੇ** ਹੀ ਹੋ। ਝੂਠ ਦੀ ਵਿਕਾਲਤ ਦਾ ਕੀ ਅਰਥ ਜੀ ? ਸਤਿਗੁਰੂ ਜੀ ਦਾ ਬਚਨ--

**ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥ ਸਾਕਤ ਸਚੁ ਨ ਭਾਵਈ**
**ਕੂੜੈ ਕੂੜੀ ਪਾਂਇ ॥ ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥**

**ਤੁਸੀਂ ਜਾਣਦੇ ਹੀ ਹੋ ਕਿ--**

**ਗੁਰ ਕਾ ਬਚਨੁ ਸਦਾ ਅਬਿਨਾਸੀ ॥ ਗੁਰ ਕੈ ਬਚਨਿ ਕਟੀ ਜਮ ਫਾਸੀ ॥ ਗੁਰ ਕਾ ਬਚਨੁ ਜੀਅ ਕੈ ਸੰਗਿ ॥ ਗੁਰ ਕੈ ਬਚਨਿ ਰਚੈ ਰਾਮ ਕੈ ਰੰਗਿ ॥੧॥ ਜੋ ਗੁਰਿ ਦੀਆ ਸੁ ਮਨ ਕੈ ਕਾਮਿ ॥ ਸੰਤ ਕਾ ਕੀਆ ਸਤਿ ਕਰਿ ਮਾਨਿ ॥੧॥ ਰਹਾਉ ॥ ਗੁਰ ਕਾ ਬਚਨੁ ਅਟਲ ਅਛੇਦ ॥ ਗੁਰ ਕੈ ਬਚਨਿ ਕਟੇ ਭ੍ਰਮ ਭੇਦ ॥ ਗੁਰ ਕਾ ਬਚਨੁ ਕਤਹੁ ਨ ਜਾਇ ॥ ਗੁਰ ਕੈ ਬਚਨਿ ਹਰਿ ਕੇ ਗੁਣ ਗਾਇ ॥੨॥ ਗੁਰ ਕਾ ਬਚਨੁ ਜੀਅ ਕੈ ਸਾਥ ॥ ਗੁਰ ਕਾ ਬਚਨੁ ਅਨਾਥ ਕੋ ਨਾਥ ॥ ਗੁਰ ਕੈ ਬਚਨਿ ਨਰਕਿ ਨ ਪਵੈ ॥ ਗੁਰ ਕੈ ਬਚਨਿ ਰਸਨਾ ਅੰਮ੍ਰਿਤੁ ਰਵੈ ॥੩॥ ਗੁਰ ਕਾ ਬਚਨੁ ਪਰਗਟੁ ਸੰਸਾਰਿ ॥ ਗੁਰ ਕੈ ਬਚਨਿ ਨ ਆਵੈ ਹਾਰਿ ॥ ਜਿਸੁ ਜਨ ਹੋਏ ਆਪਿ ਕ੍ਰਿਪਾਲ ॥ ਨਾਨਕ ਸਤਿਗੁਰ ਸਦਾ ਦਇਆਲ ॥੪॥੫॥੭੪॥**{ਪੰਨਾ ੧੭੭}

**ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥**
**ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥੭॥**

ਇਸ ਚਿੱਠੀ ਦਾ ਹੇਠ ਲਿਖਿਆ ਉੱਤਰ ਅੱਜ ਦਸੰਬਰ- ੧ ੧੯੯੯ ਨੂੰ ਮਿਲਿਆ-

ੴ

ਗੁਰਮਤਿ ਨਿਰਣੈ ਭਵਨ ੧੭-ਏ,

**ਸ੍ਰੀ ਅਕਾਲ ਜੀ ਸਹਾਇ**

ਡੋਗਰਾਂ ਸਟਰੀਟ ਸਰਹਿੰਦੀ ਗੇਟ,
ਪਟਿਆਲਾ- ੧੩-●੯-੧੯੯੯

**ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ ॥**
**ਕਹੁ ਨਾਨਕ ਗੁਰਿ ਅਮਿਉ ਪੀਆਇਆ ਰਸਕਿ ਰਸਕਿ ਬਿਗਸਾਨਾ ਰੇ ॥** (ਪੰਨਾ ੩੮੨)

ਸ੍ਰੀ ਦਸਮ ਗ੍ਰੰਥ ਦੇ ਵਿਰੋਧੀ ਵੀਰ ਗੁਰਬਖ਼ਸ਼ ਸਿੰਘ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ ਵਹਿਗੁਰੂ ਜੀ ਕੀ ਫ਼ਤਿਹ ।

ਤੁਹਾਡੀ ਪਤ੍ਰਕਾ ਪ੍ਰਾਪਤ ਹੋਈ। ਧੰਨਵਾਦ। ਤੁਹਾਨੂੰ ਏਥੇ ਆਉਣ ਦਾ ਸੱਦਾ ਦਿੱਤਾ ਸੀ ਪਰ ਤੁਸਾਂ ਹੁੰਗਾਰਾ ਕੀ ਭਰਨਾ, ਕੋਈ ਸੰਕੇਤ ਹੀ ਨਹੀਂ ਦਿੱਤਾ। ਇਥੇ ਆਉਂਦੇ ਤਾ ਤੁਹਾਨੂੰ ਉਸ ਰੂਹ ਨਾਲ ਮਿਲਾਂਦੇ ਜਿਸ ਨੂੰ ਦਸਮ ਗ੍ਰੰਥ ਦੀ ਬਹੁਤ ਬਾਣੀ ਕੰਠਾਗਰ ਹੈ, ਉਹ ਤੁਹਾਡੇ ਨਾਲ ਦਸਮ ਗ੍ਰੰਥ ਦੇ ਸਮੂਹ ਵਿਸ਼ਿਆਂ ਤੇ ਆਹਮੇ-ਸਾਹਮਣੇ ਹੋ ਕੇ ਪ੍ਰਸਨੋਤਰੀ ਕਰਨਾ ਚਾਹੁੰਦਾ ਹੈ।

ਸੁਜਾਨ ਪੁਰਸ ਹਮੇਸਾਂ ਸੰਖੇਪ ਰੂਪ ਵਿਚ ਉੱਤਰ ਦਿੰਦੇ ਹਨ, ਉਹ ਐਨਾ ਵੱਡਾ ਚਿੱਠਾ (ਕਿਤਾਬਚਾ) ਨਹੀ ਲਿਖ ਮਾਰਦੇ ਜਿਵੇਂ ਕਿ ਤੁਸਾਂ ੨੨ ਸਫ਼ੇ ਲਿਖੇ ਹਨ। ਅਜੋਕੇ ਯੁੱਗ ਵਿੱਚ ਇਤਨਾ ਸਮਾ ਕਿਸੇ ਕੋਲ ਨਹੀ, ਵਾਦ-ਵਿਵਾਦ ਵਿੱਚ ਪੈ ਕੇ ਆਪਣਾ ਸਮਾ ਗਵਾਏ। ਨਿੰਮਰਤਾ ਸਹਿਤ ਬੇਨਤੀ ਹੈ ਕਿ "ਅੱਗਾ ਨੇੜੇ ਆਇਆ ਪਿੱਛਾ ਰਹਿਆ ਦੂਰਿ ' ਨੂੰ ਮੁਖ ਰਖਦੇ ਹੋਏ ਨਾਮ-ਸਿਮਰਨ ਵਿੱਚ ਪਰਵਿਰਤ ਹੋਣਾ ਚਾਹੀਦਾ ਹੈ।

ਪ੍ਰਿ ਹਰਭਜਨ ਸਿੰਘ ਜੀ ਦਾ ਤੁਸਾ ਹਵਾਲਾ ਦਿੱਤਾ ਹੈ, ਮੇਰੇ ਚੰਗੇ ਮਿੱਤਰ ਸਨ। ਜਿਹੜੀਆਂ ਗੱਲਾਂ ਤੁਸੀ ਲਿਖ ਰਹੇ ਹੋ, ਉਨ੍ਹਾਂ ਕਦੇ ਨਹੀਂ ਸਨ ਕੀਤੀਆਂ। ਉਨ੍ਹਾਂ ਦਸਮ ਗ੍ਰੰਥ ਦਾ ਆਪ ਅਧਿਐਨ ਨਹੀ ਕੀਤਾ, ਗਿ: ਭਾਗ ਸਿੰਘ ਦੇ ਅਧਾਰ ਤੇ ਹੀ ਲਿਖਦੇ ਰਹੇ, ਜਿਵੇਂ ਕਿ ਸਿੱਖ ਮਿਸ਼ਨਰੀ ਦੇ ਪਿੱਠ-ਠੋਕੂ ਦੋ ਚਾਰ ਪ੍ਰੋਫ਼ੈਸਰ ਆਪਣੇ ਵਿਚਾਰਾਂ ਦਾ ਅਦਾਨ-ਪਰਦਾਨ ਕਰਦੇ ਰਹਿੰਦੇ ਹਨ।

ਤੁਸਾਂ ਪ੍ਰੋ: ਮਨਜੀਤ ਸਿੰਘ ਕਾਰਜਕਾਰੀ ਜਥੇਦਾਰ ਦਾ ਹਵਾਲਾ ਦੇ ਕੇ ਗਿ: ਗੁਰਮੁਖ ਸਿੰਘ ਦੇ ਵਿਰੁੱਧ ਅਕਾਲ ਤਖ਼ਤ ਤੋਂ ਇਕ ਸਦੀ ਮਗਰੋਂ ਹੁਕਮਨਾਮਾ ਰਦ ਕਰਨ ਦੀ ਗੱਲ ਲਿਖੀ ਹੈ, ਉਸਦਾ ਹੁਣ ਕੀ ਲਾਭ ? ਜੇ ਰੱਦ ਕਰਾਉਣਾ ਸੀ ਤਾ ਗਿ: ਭਾਗ ਸਿੰਘ ਜੋ ਮਿਸ਼ਨਰੀਆਂ ਦਾ ਆਗੂ ਸੀ, ਉਸ ਵਿਰੁੱਧ ਜਾਰੀ ਹੋਇਆ ਹੁਕਮਨਾਮਾ ਰੱਦ ਕਰਾਉਂਦੇ। ਤੁਹਾਡੀ ਚਿੱਠੀ ਦੇ ਪੰਨਾ ੨੨ ਉਤੇ ਲਿਖੇ ਅਖਰ ਅਖਰ " ਆਖਰ ਉਹ... ਸਕੇਗਾ ਜੀ ?।

ਭਾਈ ਸਾਹਿਬ ਜੀ ! ਤੁਹਾਡੀ ਉਪਰੋਕਤ ਲਿਖਤ ਪੜ੍ਹਨ ਤੋਂ ਇਉ ਜਾਪਦਾ ਹੈ ਜਿਵੇਂ ਭ੍ਰਿਗੂ ਰਿਸ਼ੀ ਵਾਙੂ ਤੁਹਾਨੂੰ ਭਵਿਖ ਬਾਣੀ ਦਾ ਇਲਹਾਮ ਹੁੰਦਾ ਹੈ। ਕੀ ਲਿਖਾਂ ? ਗ਼ਾਲਬ ਦਿਲ ਕੇ ਬਹਿਲਾਨੇ ਕੋ ਯੇਹ ਖ਼ਿਆਲ ਅੱਛਾ ਹੈ।

ਤੁਸੀ ਦੋ ਮਹੀਨੇ ਉਤਰ ਉਡੀਕਣ ਦੀ ਖੇਚਲ ਨਾ ਕਰੋ ਜੀ, ਆਪਣੀ ਪੁਸਤਕ ਛੇਤੀ ਛਪਵਾ ਲਵੋ ਕਿਉਂਕਿ ਸੁਆਸਾ ਦਾ ਕੋਈ ਭਰੋਸਾ ਨਹੀ, ਕਿਤੇ ਅੰਤ ਕਾਲ, " ਐਸੀ ਚਿੰਤਾ ਮਹਿ ਜੇ ਮਰੈ " ਵਾਲੀ ਬਿਵਸਥਾ ਸਮੇ ਅਉਖ ਨਾ ਵਾਪਰੇ ।

ਅੰਤ ਵਿੱਚ ਮੈ ਇਹ ਲਿਖਣਾ ਉਚਿੱਤ ਸਮਝਦਾ ਹਾ, ਕਿ ਗੁਰੂ ਪਾਤਸ਼ਾਹ ਜੀ ਨੇ ਦਾਸਰੇ ਨੂੰ ਸਰੀਰਕ ਅਰੋਗਤਾ, ਬਲ-ਬੁੱਧੀ ਬਖ਼ਸ਼ੀ ਤਾ ਖੁਲਦਿਲੀ ਨਾਲ ਆਪ ਜੀ ਵਲੋ ਉਠਾਏ ਪ੍ਰਸ਼ਨਾ ਦਾ ਉਤਰ ਗੁਰਮਤਿ ਕਸਵੱਟੀ ਦੇ ਅਧਾਰ ਤੇ ਦੇਣ ਦਾ ਉੱਦਮ ਕੀਤਾ ਜਾਵੇਗਾ, ਜਿਵੇਂ ਕਿ, ਗਿ ਭਾਗ ਸਿੰਘ ਦੀ ਰਚਿਤ ਪੁਸਤਕ " ਸਦਮਗ੍ਰੰਥ ਨਿਰਣੈ " ਦਾ ਉੱਤਰ " ਸ੍ਰੀ ਦਸਮ ਗ੍ਰੰਥ ਦਰਪਣ " ਦੇ ਰੂਪ ਵਿੱਚ ਦਿੱਤਾ ਗਿਆ ਸੀ। ਤੁਹਾਡੀ ਲਿਖਤ ਪੜ੍ਹ ਕੇ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਤੁਹਾਡਾ ਮੈਟਰ ਮਾਂਗਵਾਂ ਹੋਵੇ, ਕੋਈ ਨਵੀਨਤਾ ਸਾਹਮਣੇ ਨਹੀਂ ਆਈ। ਤੁਹਾਡੇ ਵੀਚਾਰ ਤੁਹਾਨੂੰ ਮੁਬਾਰਕ। ਜ਼ਰਾ ਸੰਜੀਦਾ ਹੋ ਕੇ ਸੋਚੋ, ਤੁਸੀ ਕੌਮ ਸੁਧਾਰ ਵਾਸਤੇ ਪੁਸਤਕ ਨਹੀਂ ਲਿਖ ਰਹੇ, ਤੁਸੀ ਦਸਮ ਗ੍ਰੰਥ ਦੇ ਵਿਰੁੱਧ ਵਾਵੇਲਾ ਖੜਾ ਕਰਨ ਲਈ ਸਾਰਾ ਜ਼ੋਰ ਲਗਾ ਰਹੇ ਹੋ। ਜਿਵੇਂ ਤੁਹਾਨੂੰ ਚੰਗਾ ਲਗੇ ਉਲ-ਜਲੂਲ ਲਿਖੀ ਚਲੋ। ਸੁਖੀ ਵੱਸੋ।

ਗੁਰ ਪੰਥ ਦਾ ਦਾਸਰਾ
(ਹਰਬੰਸ ਸਿੰਘ)
ਨਿਰਣੈਕਾਰ

ਇਸ ਚਿੱਠੀ ਦਾ ਹੇਠ ਲਿਖਿਆ ਉੱਤਰ ਲਿਖ ਭੇਜਿਆ ਹੈ ਅਤੇ ਲਗ-ਪਗ ਤਿਆਰ ਹੋ ਚੁੱਕਾ ਖਰੜਾ ਇਕ ਦੋ ਦਿਨਾ ਵਿੱਚ ਚੰਡੀ ਗੜ੍ਹ ਨੂੰ ਪੋਸਟ ਕਰ ਦਿੱਤਾ ਜਾਵੇਗਾ:-

**<> siqgur pRswid ]**

ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ ॥ ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ ॥੨॥

ਨਿਰਣਾ ਕਾਰ ਗਿਆਨੀ ਹਰਬੰਸ ਸਿੰਘ ਜੀਓ, December 1 1999.

ਵਾਹਿਗੁਰੂ ਜੀ ਕਾ ਖ਼ਾਲਸਾ . ਵਾਹਿਗੁਰੂ ਜੀ ਕੀ ਫ਼ਤਿਹ।

੧) ੯ ਅਕਤੂਬਰ ਦੀ ਭੇਜੀ ਚਿੱਠੀ (ਦਾ ਉੱਤਰ ਕਹਿਣਾ ਗਲਤ ਹੈ, ਉਸ) ਤੋਂ ਚਿੜ ਕੇ ਲਿਖੀਆਂ ਬੇ-ਤੁਕੀਆਂ ਅੱਜ ਪਹਿਲੀ ਦਸੰਬਰ ੧੯੯੯ ਨੂੰ ਆ ਮਿਲੀਆਂ ਹਨ। ਹੱਦ ਹੋ ਗਈ, ਅਰੰਭ ਹੀ ਝੂਠ ਤੋਂ ? ਪਾਠਕਾਂ ਨੇ ਵੀ ਮਿੱਤੀ ੧੩ ਨਵੰਬਰ ਵਾਲੀ ਤੁਹਾਡੀ ਚਿੱਠੀ ਪੜ੍ਹ ਹੀ ਲੈਣੀ ਹੈ। ਚਿੱਠੀ ਵਿਚ ਪਟਿਆਲੇ ਆਉਣ ਦਾ ਸੱਦਾ ਤੁਸਾਂ ਕਿਥੇ ਲਿਖਿਆ ਹੈ ? ਸਤਿਗੁਰਾਂ ਦਾ ਫ਼ੁਰਮਾਨ- " **ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥ ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥੧॥** ਵਾਹ, ਗੁਰਬਾਣੀ ਦੇ ਨਿਰਣੇ ਕਾਰ ਜੀਓ ? ਕੀ, ਤੁਹਾਡੇ ਆਚਰਨ ਵਿਚ ਕੁਫ਼ਰ-ਝੂਠ-ਕੂੜ ਦਾ ਪ੍ਰਭਾਵ ਏਡਾ ਵਧ ਚੁੱਕਾ ਹੈ ਕਿ, ਬੋਲਣਾ ਤਾਂ ਕਿਤੇ ਰਿਹਾ, ਧਙਾਣੇ ਦਾ ਕੂੜ, ਲਿਖਣ ਵਿਚ ਵੀ ਕੋਈ ਸੰਗ ਨਹੀਂ ਮੰਨ ਰਹੇ? ਕੀ, ਨਿਰਣੈ ਕਾਰੀ ਨੇ ਤੁਹਾਨੂੰ ਨਿਹ-ਕਲੰਕ ਬਣਾ ਦਿੱਤਾ ਹੈ, ਜੋ ਗੁਰੂ-ਹੁਕਮਾਂ ਦੀ ਪਰਵਾਹ ਵੀ ਗੁਆ ਬੈਠੇ ਹੋ ?-(੧) " **ਸੋ ਝੂਠਾ ਜੋ ਝੂਠੇ ਲਾਗੈ ਝੂਠੇ ਕਰਮ ਕਮਾਈ** ॥{੪੧੮} (੨) **ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥ ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥ ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥ ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥**"{੪੮੮} (੩)-**ਪਰ ਹਰਨਾ ਲੋਭੁ ਝੂਠ ਨਿੰਦ ਇਵ ਹੀ ਕਰਤ ਗੁਦਾਰੀ** ॥{੬੮੧} ) (੪) **ਉਲਟੀ ਰੇ ਮਨ ਉਲਟੀ ਰੇ ॥ ਸਾਕਤ**

**ਸਿਉ ਕਰਿ ਉਲਟੀ ਰੇ ॥ ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ ਸਾਕਤ ਸੰਗਿ ਨ ਛੁਟਕੀ ਰੇ ॥੧॥ ਰਹਾਉ ॥** { ੫੩੫} (੫)-**ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥** " ਜਦ ਸਤਿਗੁਰੂ ਜੀ ਦਾ ਡਰ ਨਹੀਂ, ਤਾਂ ਰਬ ਨੂੰ ਤੁਸੀ ਕੀ ਜਣੋ ? " **ਜਿਨਾ ਅੰਦਰਿ ਸਚੇ ਕਾ ਭਉ ਨਾਹੀ ਨਾਮਿ ਨ ਕਰਹਿ ਪਿਆਰੁ ॥ ਨਾਨਕ ਤਿਨ ਸਿਉ ਕਿਆ ਕੀਚੈ ਦੋਸਤੀ ਜਿ ਆਪਿ ਭੁਲਾਏ ਕਰਤਾਰਿ ॥੧॥-** ਝੂਠੇ ਨਿਗੁਰੇ ਮਨੁੱਖ ਨਾਲ ਵਾਸਤਾ ਰੱਖਣਾ ਗੁਰਮਤਿ ਦੇ ਪ੍ਰਤਿਕੂਲ ਹੈ।

੨) ਲਗ-ਪਗ ਇਕ ਸਫ਼ੇ ਦੀ ਚਿੱਠੀ ਦੇ ਟਾਕਰੇ ਤੇ, (ਦਾਸ ਵਲੋਂ ਲਿਖੇ ਬਚਨਾਂ ਦੇ ਹਵਾਲੇ ਤੋ ਬਿਨਾ ), ਪੰਜ ਸਫ਼ੇ ਭਾਸ਼ਨ ਲਿਖ ਭੇਜਣ ਵਾਲੇ, ਤੁਸੀਂ ਆਪ ਸੁਜਾਨ ਕਿਵੇ ਰਹਿ ਗੇਏ ਜੀ ? ਕੀ, ਤੁਹਾਡੇ ਬਚਨ ਤੁਹਾਡੀ ਕਰਤੂਤ ਤੇ ਕੁੰਡਾ ਨਹੀਂ ਬਣਦੇ ? ਦਾਸ ਨੇ ਤੁਹਾਡੇ ਉਸ ਪੱਤਰ ਵਿਚਲੇ ਕੁ-ਬਚਨਾਂ ਦਾ ਹਵਾਲਾ ਲਿਖ ਲਿਖ ਕੇ ਪਾਵਨ ਗੁਰੂ ਬਾਣੀ ਦੇ, ਕਰੀਬ ੭● ਗੁਰੂਸ਼ਬਦਾਂ ਦੀ ਪਵਿੱਤਰ ਛਾਂ ਹੇਠ, ਉੱਤਰ ਲਿਖਿਆ। ਕੋਈ ਅਜੇਹਾ ਪੈਰਾ ਲਿਖ ਭੇਜਣਾ ਸੀ ਜੋ ਤੁਹਾਡੀ ਪੁੱਛ ਨਾਲ ਸੰਬੰਧਤ ਨਾ ਹੋਵੇ ? ਉਂਜ ਵੀ ਜੇ ਇਕ ਦੇ ਠਾਕਰੇ ਤੁਸਾਂ ਪੰਜ ਸਫੇ ਲਿਖੇ ਸਨ ਤਾਂ ਪੰਜਾਂ ਦੇ ਠਾਕਰੇ ਤੇ ਕਿੰਨੇ ਹੋਣੇ ਚਾਹੀਦੇ **ਹਨ-ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥** {੨੬੯}**ਅਵਰ ਉਪਦੇਸੈ ਆਪਿ ਨ ਬੂਝੈ ॥ ਐਸਾ ਬ੍ਰਾਹਮਣੁ ਕਹੀ ਨ ਸੀਝੈ ॥੩॥**{੩੭੨} ਪਰ ਗੁਰੂ ਸ਼ਬਦਾਂ ਦੀ ਤੁਹਾਨੂੰ ਪਰਵਾਹ ਕੀ ? ਸਿਖਿਆਂ ਲੈਣ ਦੇ ੭● ਗੁਰੂ ਸ਼ਬਦ ਤੁਹਾਨੂਕ ਸਗੋਂ ਪਯੁਨੇ ਔਖੇ ਹੋ, ਗਏ, ਸੋ ਨਿਰਸੰਦੇਹ ਏਧਰੋਂ ਤੁਸੀ **Immune** ਹੋ ਚੁੱਕੇ।

੩) ਆਪਣੇ ਪਰਵਾਰ ਦੀ ਜਾਣਕਾਰੀ ਤਾਂ ਕੀ ਦੇਣੀ ਸੀ, ਪੁਲਸ ਦੇ ਮਹਿਕਮੇ ਵਿਚ ਕੀ ਤੇਗ਼ਾਂ ਮਾਰੀਆਂ ਸਨ? ਉਹ ਵੀ ਨਾ ਲਿਖ ਸਕੇ। ਹਰ ਵਾਰੀ ਗੁਰਮਤਿ-ਸੇਧਾਂ ਦੀ ਮੰਗ ਕਰਦਾ ਰਿਹਾ ਪਰ ਬੇਦਲੀਲੇ ਯੱਕੜ ਮਾਰੀ ਜਾਣੇ? ਅਗਲੇ ਦੀ ਗਲ ਨਾ ਸਮਝਣੀ, ਕੀ ਸੁਜਾਨਤਾ ਹੈ ਕਿ ਜਾਂ ਅਜੇਹੀ ਮੂਰਖਤਾਈ ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਇਉਂ ਕੀਤਾ ਹੈ? :--

**ਮੂਰਖ ਤਿਸਨੋ ਆਖੀਐ ਬੋਲਿ ਨ ਸਮਝੇ ਬੋਲਿ ਨ ਜਾਣੈ । ਹੋਰੋ ਕਿਹੁਕਰਿ ਪੁਛੀਐ ਹੋਰੋ ਕਿਉ ਕਰਿ ਆਖਿ ਵਖਾਣੇ ।**
**ਸਿਖ ਦੇਇ ਸਮਝਾਈਐ ਅਰਥੁ ਅਨਰਥੁ ਮਨੈ ਵਿਚਿ ਆਣੈ । ਵਡਾ ਅਸਮਝੁ ਨ ਸਮਝਈ ਸੁਰਤਿ ਵਿਹੂਣਾ ਹੋਇ ਹੈਰਾਣੈ ।**
**ਗੁਰਮਤਿ ਚਿਤਿ ਨ ਆਵਈ ਦੁਰਮਤਿ ਮਿਤ੍ਰੁ ਸਤ੍ਰੂ ਪਰਵਾਣੈ । ਅਗਨੀ ਸਪਹੁ ਵਰਜੀਐ ਗੁਣ ਵਿਚਿ ਅਵਗੁਨ ਕਰੇ ਧਿਙਾਣੈ ।**
**ਮੂਤੈ ਰੋਵੈ ਮਾਂ ਨ ਸਿਞਾਣੈ ॥ ੧੪ ॥** {ਭਾ:ਗੁ: ਵਾਰ ੩੨}

੪) ਗੁਰਮਤਿ ਵਿਰੋਧੀ "**ਕਾਂਇ ਰੇ ਬਕਬਾਦੁ ਲਾਇਓ ॥**" ਬਕੜਵਾਹ ਸੁਣਨ ਲਈ ਕੈਨੇਡਾ ਤੋਂ ਪਟਿਆਲੇ ਆਉਣ ਲਈ ੩●●● ਡਾਲਰ ਖਰਚ ਕਰਨ ਨੂੰ ਕੀ, ਤੁਸੀਂ ਸਿਆਣਪ ਮੰਨ ਰਹੇ ਹੋ ? ਤੁਹਾਡੀਆਂ ਚਿੱਠੀਆਂ ਸਮੇਤ, ਦਸਮ ਗ੍ਰੰਥ ਬਾਰੇ ਪੁਸਤਕ ਦੇ ਦੋ ਭਾਗ ਹੋਰ ਛਪਣ ਲਈ ਅੱਜ ਹੀ ਤੋਰੇ ਹਨ। ਪਹਿਲਾਂ ਹਿੱਸਾ ਜੋ ਛਪ ਚੁੱਕਾ ਹੈ, ਚੰਡੀ ਗੜ੍ਹੋਂ ਮਿਲਦਾ ਹੈ, ਪੜ੍ਹ ਕੇ ਤੁਹਾਡੇ ਲਾਣੇ ਵਿਚੋਂ ਜਿਸ ਨੇ ਜੋ ਲਿਖਣਾ ਹੈ ਲਿਖੀ ਜਾਉ। ਦਾਸ ਨੂੰ ਅਕਾਲ ਤੱਖ਼ਤ ਤੇ ਬੁਲਾਉਣ ਦਾ ਬੇਦਲੀਲਾ ਰੌਲਾ ਤਾਂ ਤੁਸੀਂ ਪਾ ਹੀ ਰਹੇ ਹੋ। ਗੁਰਮਤਿ ਵਿਰੋਦੀ ਯੱਕੜ ਲਿਖਣ ਤੋਂ ਤੁਹਾਨੂੰ ਕੌਣ ਰੋਕਦਾ ਹੈ ? ਤੁਹਾਡੀ ਜੁੰਡਲੀ ਦੀਆਂ ਪੁਸਤਕਾਂ ਛਪ ਕੇ ਲੋਕਾਂ ਕੋਲ ਕਈ ਸਾਲਾਂ ਦੀਆਂ ਪੁੱਜ ਚੱਕੀਆਂ ਹਨ, ਇਹ ਤਿੰਨ ਕਿਤਾਬਚੇ ਵੀ ਪੰਥ ਦੀ ਕਚਿਹਰੀ ਵਿਚ ਪੇਸ਼ ਹੋ ਰਹੇ ਹਨ। ਨਿਰਣਾ ਹੋ ਜਵੇਗਾ ਕਿ, ਪੰਥ ਨਾਲ ਵੈਰ ਕਮਾਉਣ ਵਾਲੀਆਂ ਕਾਲੀਆਂ ਬਿੱਲੀਆਂ ਕੌਣ ਬਣ ਰਹੀਆਂ ਹਨ, ਅਤੇ ਗੁਰੂ ਪੰਥ ਨੂੰ ਸਚੁ ਨਾਲ ਜੋੜ ਕੇ ਚੜ੍ਹਦੀ ਕਲਾ ਵਲ ਨੂੰ ਮੋੜਾ ਪੈਂਦਾ ਵੇਖਣ ਦੀ ਸੱਧਰਾਂ ਭਰਪੂਰ ਸੱਚੀ ਸੇਵਾ ਕਿਸ ਧਿਰੋਂ ਕੀਤੀ ਜਾ ਰਹੀ ਹੈ। ਗੁਰਮੁਖਿ ਮਰਹਿ ਸੁ ਹਹਿ ਪਰਵਾਣੁ ॥ ਆਵਣ ਜਾਣਾ ਸਬਦੁ ਪਛਾਣੁ ॥ ਮਰੈ ਨ ਜੰਮੈ ਨਾ ਦੁਖੁ ਪਾਏ ਮਨ ਹੀ ਮਨਹਿ ਸਮਾਇਦਾ ॥੧੩॥" {੧●੫੮} ਮੌਤ ਦਾ ਡਰਾਵਾ ਦੇਣ ਦਾ ਕੀ ਅਰਥ ? ਕੀ, ਇਹ ਸ਼ਰੀਫ਼ਾਂ ਦਾ ਚਲਨ ਹੈ ?। ਤੁਹਾਡੇ ਵਲੋਂ ਦੋ ਮਹੀਨੇ ਵਿਚ ਮੌਤ ਹੋ ਜਾਣ ਦਾ ਭੈ ਪਾਉਣ ਬਾਰੇ ਪੜਤਾਲ ਕਰਵਾ ਲੈਂਦਾ ਹਾਂ, ਕਿ, ਤੁਹਾਡਾ ਸੰਬੰਧ ਕਿਹੜੀ ਸ਼ਿਵ-ਸੈਨਾ ਨਾਲ ਹੈ ? ਗੁਰਮਤਿ ਅਨੁਸਾਰ ਜੀਵਨ ਜੀਉਂ ਰਹੇ ਗੁਰ ਪਿਆਰਿਆਂ ਦੇ ਚਰਨਾ ਦੀ ਧੂੜ--

**ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥** ਗੁਰਬਖ਼ਸ਼ ਸਿੰਘ

**ਨੋਠ:--ਗੁਰਮੁਖ ਪਿਆਰੇ ਸ: ਸਤਨਾਮ ਸਿੰਘ ਜੀ ਚੰਡੀ ਗੜ੍ਹ ਵਲ ਤੁਹਡੀ ਇਹ ਚਿੱਠੀ ਭੇਜੀ ਜਾ ਰਹੀ ਹੈ, ਗੁਰਮਖਿ ਪਿਆਰੇ ਪ੍ਰਿ ਹਰਭਜਨ ਸਿੰਘ ਸਾਹਿਬ ਜੀ ਨਾਲ ਤੁਹਾਡੀ ਮਿਤਰਤਾਈ ਬਾਰੇ ਅਸਲੀਯਤ ਦਾ ਪਤਾ ਲਗ ਜਾਵੇਗਾ --**

www.radiovirsanz.com
Radio
Virsa
New Zealand
107 FM